# ਨਾਵਲ / ਗੀਤ / ਹਰਜੀਤ ਅਟਵਾਲ

## ਇਕ

ਇਹ ਵਰਦਿੰਗ ਸ਼ਹਿਰ ਹੈ। ਇੰਗਲੈਂਡ ਦੇ ਧੁਰ ਦੱਖਣ ਵਿਚ ਸਮੁੰਦਰ ਕਿਨਾਰੇ ਵਸਿਆ ਖ਼ੂਬਸੂਰਤ ਸ਼ਹਿਰ। ਦੂਰ ਤਕ ਖਿਲਰਿਆ ਰੇਤਲਾ ਬੀਚ। ਦੁਕਾਨਾਂ, ਕੈਫੇਆਂ, ਹੋਟਲਾਂ, ਸ਼ੋਅ ਰੂਮਾਂ ਨਾਲ ਸਜਿਆ ਸੀ-ਫਰੰਟ। ਰਾਤ ਦੇ ਗਿਆਰਾਂ ਵਜੇ ਦਾ ਸਮਾਂ। ਤੇਜ਼ ਹਵਾ ਹੈ ਕਿ ਬੰਦੇ ਦੇ ਵਿਚ ਦੀ ਨਿਕਲ ਜਾਵੇ। ਮੀਂਹ ਵੀ ਆਪਣੇ ਜਲੌਅ 'ਤੇ ਹੈ। ਮਾਰਚ ਦਾ ਮਹੀਨਾ ਹੈ ਪਰ ਇਸ ਵਕਤ ਠੰਡ ਦਾ ਪੂਰਾ ਜ਼ੋਰ ਹੈ।

ਵਿਜੈ ਮੰਮੀ-ਜੈਕਟ ਪਾਈ ਸਮੁੰਦਰ ਦੇ ਕਿਨਾਰੇ ਖੜਾ ਹੈ। ਮੰਮੀ-ਜੈਕਟ; ਜਿਹੜੀ ਤੁਹਾਨੂੰ ਕਈ ਬਲਾਵਾਂ ਤੋਂ ਬਚਾਈ ਰਖਦੀ ਹੈ ਖਾਸ ਤੌਰ ਤੇ ਸਮੁੰਦਰੀ ਤਟਾਂ ਦੀ ਠੰਡ ਤੋਂ। ਫਿਰ ਉਹ ਬੀਚ ਦੀ ਕੰਧ ਤੇ ਬੈਠ ਸਮੁੰਦਰ ਵਲ ਦੇਖਣ ਲਗਦਾ ਹੈ। ਸਮੁੰਦਰ ਨੂੰ ਹਨੇਰੇ ਨੇ ਪੂਰੀ ਤਰ੍ਹਾਂ ਕਾਬੂ ਕਰ ਰਖਿਆ ਹੈ। ਕੁਝ ਵੀ ਨਹੀਂ ਦਿਸ ਰਿਹਾ। ਦੂਰ ਕਿਧਰੇ ਇਕ ਰੌਸ਼ਨੀ ਟਿਮ ਟਿਮਾ ਰਹੀ ਹੈ। ਕੋਈ ਜਹਾਜ਼ ਜਾ ਰਿਹਾ ਹੋਵੇਗਾ। ਕੋਈ ਕੋਈ ਕਾਰ ਸੜਕ ਉਪਰੋਂ ਦੀ ਲੰਘਦੀ ਪਾਣੀ ਦੇ ਛਿੱਟੇ ਇਧਰ ਓਧਰ ਮਾਰ ਰਹੀ ਹੈ। ਸਮੁੰਦਰ ਦੇ ਕੰਢਲੇ ਹੋਟਲਾਂ ਤੇ ਦੁਕਾਨਾਂ ਦੀਆਂ ਲਾਈਟਾਂ ਜਗ ਰਹੀਆਂ ਹਨ। ਦੁਕਾਨਾਂ ਤਾਂ ਲਗਭਗ ਬੰਦ ਹਨ। ਰਮੇਸ਼ ਦੁੱਗਲ ਤਾਂ ਕਦੋਂ ਦਾ ਦੁਕਾਨ ਬੰਦ ਕਰ ਚੁੱਕਾ ਹੋਵੇਗਾ। ਹੁਣ ਤਾਂ ਉਹ ਸੌਂ ਵੀ ਚੁੱਕਾ ਹੋਵੇਗਾ। ਹੁਸ਼ਿਆਰ ਵੀ ਹੁਣ ਸੌਂ ਗਿਆ ਹੋਵੇਗਾ। ਕਿਥੇ ਜਾਵੇ ਉਹ ਇਸ ਵੇਲੇ? ਭਾਗੀ ਵਲ ਜਾ ਸਕਦਾ ਹੈ ਪਰ ਉਹ ਇੰਡੀਆ ਗਈ ਹੋਈ ਹੈ। ਵਿਜੈ ਸੋਚ ਰਿਹਾ ਹੈ ਕਿ ਹੁਣ ਉਹ ਕੀ ਕਰੇ। ਕਿਧਰ ਜਾਵੇ। ਕਿਥੇ ਰਾਤ ਗੁਜ਼ਾਰੇ। ਸੌਣਾ ਵੀ ਜ਼ਰੂਰੀ ਹੈ। ਸਵੇਰੇ ਕੰਮ ਤੇ ਵੀ ਜਾਣਾ ਹੋਇਆ। ਡਰਾਈਵਿੰਗ ਦਾ ਕੰਮ ਹੈ। ਬਹੁਤ ਧਿਆਨ ਮੰਗਦਾ ਹੈ। ਕੋਈ ਬੈੱਡ ਐਂਡ ਬਰੇਕਫਾਸਟ ਦੇਖੇ ਜਾਂ ਫਿਰ ਹੋਟਲ। ਵੈਸੇ ਤਾਂ ਸ਼ਹਿਰ ਵਿਚ ਗੁਰਦਵਾਰਾ ਵੀ ਹੈ ਤੇ ਮੰਦਿਰ ਵੀ ਜਿਥੇ ਰਾਤ ਕੱਟੀ ਜਾ ਸਕਦੀ ਹੈ ਪਰ ਇਸ ਸ਼ਹਿਰ ਵਿਚ ਬਹੁਤੇ ਲੋਕ ਉਸ ਦੇ ਜਾਂ ਉਸ ਦੇ ਤਾਏ ਦੇ ਵਾਕਫ ਹਨ, ਉਹ ਕੀ ਕਹਿਣਗੇ ਕਿ ਘਰ ਦੇ ਹੁੰਦਿਆਂ-ਸੁੰਦਿਆਂ ਉਹ ਰਾਤ ਕੱਟਣ ਗੁਰਦਵਾਰੇ ਆਇਆ ਹੈ। ਉਸ ਨੂੰ ਆਪਣੇ ਨਾਲੋਂ ਤਾਏ ਦੀ ਇਜ਼ਤ ਦਾ ਬਹੁਤਾ ਖਿਆਲ ਹੈ। ਤਾਇਆ ਇਸ ਸ਼ਹਿਰ ਦਾ ਪੁਰਾਣਾ ਬਸ਼ਿੰਦਾ ਹੈ ਤੇ ਸਾਰੇ ਉਸ ਦਾ ਆਦਰ ਕਰਦੇ ਹਨ। ਉਹ ਇਕ ਵਾਰ ਫਿਰ ਸੋਚਦਾ ਹੈ ਕਿ ਜਾਵੇ ਤਾਂ ਜਾਵੇ ਕਿਥੇ। ਤੇ ਫਿਰ ਉਹ ਅਚਾਨਕ ਗੁਣਗਣਾਉਣ ਲਗਦਾ ਹੈ;

'ਲਿਖੇ ਜੋ ਖਤ ਤੁਝੇ, ਵੋ ਤੇਰੀ ਯਾਦ ਮੇਂ, ਹਜ਼ਾਰੋਂ ਰੰਗ ਕੇ ਨਜ਼ਾਰੇ ਬਣ ਗਏ',.....

ਕੋਲੋਂ ਦੀ ਲੰਘ ਰਹੇ ਇਕ ਜੋੜੇ ਵਿਚੋਂ ਇਕ ਜਾਣਾ ਹੈਰਾਨੀ ਭਰੀ ਅਵਾਜ਼ ਵਿਚ ਬੋਲਦਾ ਹੈ,

"ਲੁੱਕ, ਹੀ'ਜ਼ ਸਿੰਗਿੰਗ ਇਨ ਦਿਸ ਵੈਦਰ!"

ਉਹਨਾਂ ਦੀ ਗੱਲ ਸੁਣ ਕੇ ਵਿਜੈ ਹੱਸਦਾ ਹੈ ਤੇ ਗੀਤ ਦੀ ਇਕੋ ਪੰਕਤੀ ਨੂੰ ਕੁਝ ਵਾਰ ਦੁਹਰਾ ਕੇ ਚੁੱਪ ਕਰ ਜਾਂਦਾ ਹੈ।

ਭਾਵੇਂ ਉਸ ਨੇ ਇੰਨੀ ਭਾਰੀ ਜੈਕਟ ਪਾਈ ਹੋਈ ਹੈ ਪਰ ਉਸ ਨੂੰ ਹਾਲੇ ਵੀ ਕਾਫੀ ਠੰਡ ਮਹਿਸੂਸ ਹੋ ਰਹੀ ਹੈ। ਇਹ ਵਕਤ ਘਰੋਂ ਨਿਕਲਣ ਦਾ ਨਹੀਂ ਹੈ। ਇਹ ਤਾਂ ਤਾਈ ਦੇ ਬੋਲ ਉਸ ਦਾ ਅਜਿਹਾ ਸੀਨਾ ਵਿੰਨ ਦਿੰਦੇ ਹਨ ਕਿ ਉਹ ਤੁਰ ਪੈਂਦਾ ਹੈ।

ਤਾਈ ਨੂੰ ਪਤਾ ਨਹੀਂ ਸੀ ਕਿ ਉਹ ਹਾਲੇ ਜਾਗਦਾ ਪਿਆ ਹੈ ਤੇ ਉਸ ਦੀਆਂ ਸਾਰੀਆਂ ਗੱਲਾਂ ਉਸ ਤਕ ਪੁੱਜ ਰਹੀਆਂ ਹਨ। ਤਾਈ ਤਾਂ ਉਸ ਨਾਲ ਘਰ ਵੜਦੇ ਨਾਲ ਹੀ ਔਖੀ ਹੈ। ਉਸ ਦਾ ਰੁਖ ਦੇਖ ਹੀ ਸਮਝ ਜਾਂਦਾ ਹੈ ਕਿ ਤਾਈ ਲੜਨ ਦੇ ਮੂਡ ਵਿਚ ਹੈ,

"ਵਿਜੇ, ਤੈਨੂੰ ਪਤੈ ਕਿ ਮੈਂ ਸ਼ਰਾਬ ਦੇ ਕਿੰਨੀ ਖਿਲਾਫ਼ ਆਂ ਤੇ ਤੂੰ ਸ਼ਰਾਬ ਪੀ ਕੇ ਘਰ ਆ ਜਾਨਾਂ।"

"ਤਾਈ, ਮੈਂ ਸ਼ਰਾਬ ਨਹੀਂ ਪੀਤੀ।"

"ਮੈਨੂੰ ਤਾਂ ਆਹ ਗਵਾਂਢਣ ਦਸਦੀ ਸੀ ਕਿ ਤੂੰ ਮੀਟ ਵਾਲੀ ਦੁਕਾਨ ਤੇ ਖੜਾ ਸੀ।"

"ਹਾਂ ਤਾਈ, ਮੈਂ ਖੜਾ ਸੀ ਪਰ ਮੈਂ ਸ਼ਰਾਬ ਨਹੀਂ ਪੀਤੀ।"

"ਹੋਰ ਤੂੰ ਉਥੇ ਕੀ ਕਰਨ ਲਈ ਖੜਾ ਸੀ। ਤੂੰ ਪਹਿਲਾਂ ਵੀ ਉਹਨਾਂ ਜਟਵੈੜਾਂ ਨਾਲ ਰਲ਼ ਕੇ ਸ਼ਰਾਬ ਪੀਨਾਂ ਨਾਲੇ ਮੀਟ ਖਾਨਾਂ, ਫੇਰ ਪੀ ਖਾ ਕੇ ਘਰ ਆਉਨਾਂ, ਫਿਰ ਤੂੰ ਆਪਣੇ ਤਾਏ ਨੂੰ ਚੁੱਕਦਾਂ ਤੇ ਦੀਪਕ ਨਾਲ ਲੜਾਈ ਪੁਆਉਨੈ।"

"ਤਾਈ, ਮੈਨੂੰ ਕਸਮ ਐ ਮੈਂ ਇੱਦਾਂ ਦਾ ਕੋਈ ਕੰਮ ਨਹੀਂ ਕਰਦਾ।"

ਤਾਈ ਉਸ ਦੀ ਗੱਲ ਸੁਣੇ ਬਿਨਾਂ ਰਸੋਈ ਵਿਚ ਜਾ ਵੜਦੀ ਹੈ। ਤਾਈ ਦਾ ਇਹ ਰੂਪ ਉਸ ਨੇ ਬਹੁਤ ਘੱਟ ਦੇਖਿਆ ਹੈ। ਉਸ ਨੂੰ ਭੁੱਖ ਲਗੀ ਹੋਈ ਹੈ ਪਰ ਉਹ ਉਪਰ ਆਪਣੇ ਕਮਰੇ ਵਿਚ ਸੌਣ ਚਲੇ ਜਾਂਦਾ ਹੈ। ਕੁਝ ਦੇਰ ਉਹ ਪਾਸੇ ਮਾਰਦਾ ਰਹਿੰਦਾ ਹੈ ਪਰ ਨੀਂਦ ਕਿਥੋਂ! ਕੁਝ ਦੇਰ ਬਾਅਦ ਤਾਏ ਤਾਈ ਦੇ ਲੜਨ ਦੀਆਂ ਅਵਾਜ਼ਾ ਆਉਣ ਲਗਦੀਆਂ ਹਨ। ਤਾਈ ਕਹਿੰਦੀ ਹੈ,

"ਤੁਸੀਂ ਵਿਜੇ ਦਾ ਬਹੁਤਾ ਕਰਦੇ ਓ, ਬਹੁਤਾ ਚਾਹੁੰਦੇ ਓ ਤੇ ਮੇਰੇ ਮੁੰਡੇ ਨੂੰ ਪਿੱਛੇ ਸੁਟਿਆ ਹੋਇਆ। ਏਸ ਘਰ ਦਾ ਮਾਲਕ ਦੀਪਕ ਐ ਨਾ ਕਿ ਵਿਜੇ।"

"ਨਿਰਮਲਾ, ਤੂੰ ਕਮਲ਼ੀ ਹੋਈ ਫਿਰਦੀ ਐਂ, ਮੈਂ ਦੀਪਕ ਦਾ ਕਿਸੇ ਨਾਲੋਂ ਘੱਟ ਨਹੀਂ ਕਰਦਾ। ਮੇਰਾ ਇਕੋ ਇਕ ਤਾਂ ਪੁੱਤ ਐ ਉਹ।"

"ਮੈਂ ਦੇਖੀ ਜਾਨੀ ਆਂ ਤੁਸੀਂ ਵਿਜੇ ਨਾਲ ਪੈਰ ਪੈਰ ਤੇ ਸਲਾਹਾਂ ਕਰਦੇ ਓ, ਹਰ ਵੇਲੇ ਓਹਦਾ ਈ ਨਾਂ ਜਪੀ ਜਾਂਦੇ ਓ, ਕਦੇ ਦੀਪਕ ਨਾਲ ਵੀ ਏਨੀਆਂ ਗੱਲਾਂ ਕੀਤੀਆਂ!"

"ਦੀਪਕ ਨਾਲ ਮੈਂ ਕਿਹੜੇ ਗੁਰਮਤੇ ਕਰਾਂ? ਗਾਲ਼ ਤੋਂ ਬਿਨਾਂ ਉਹ ਗੱਲ ਨਹੀਂ ਕਰਦਾ, ਹਰ ਵੇਲੇ ਖਾਊਂ-ਵੱਢੂੰ ਕਰਦਾ ਫਿਰਦਾ। ਘਰ ਦੇ ਕਿਸੇ ਕੰਮ ਨੂੰ ਹੱਥ ਨਹੀਂ ਲਾਉਂਦਾ। ਕਿੰਨੀ ਵਾਰ ਕਿਹਾ ਜਾ ਕੇ ਕਿਰਾਇਆ ਲੈ ਆ, ਕਦੇ ਗਿਆ?... ਕਿੰਨੀ ਵਾਰ ਕਿਹਾ ਕਿ ਘਾਹ ਕੱਟ ਦੇ, ਫੈਂਸ ਠੀਕ ਕਰ ਦੇ, ਪਲੱਮਰ ਨੂੰ ਫੋਨ ਕਰ ਦੇ, ਇਲੈਕਟਰੀਸ਼ਨ ਬੁਲਾ ਪਰ ਉਹ ਤਾਂ ਮੋਢੇ ਮਾਰ ਕੇ ਤੁਰਦਾ ਬਣਦਾ, ਜ਼ਿਆਦਾ ਕਹੋਂ ਤਾਂ ਖਾਣ ਨੂੰ ਪੈਂਦਾ ਤੇ ਵਿਜੇ ਜਿੱਦਾਂ ਮੇਰੇ ਹੁਕਮ ਦੀ ਉਡੀਕ ਕਰ ਰਿਹਾ ਹੋਵੇ। ਉਸ ਨੂੰ ਕੁਸ਼ ਵੀ ਕਹਾਂ ਭੱਜ ਕੇ ਕਰਦਾ। ਮੈਨੂੰ ਤਾਂ ਆਪੇ ਵਿਜੇ ਪਿਆਰਾ ਲਗਣਾ ਹੋਇਆ।"

"ਵਿਜੇ ਤਾਂ ਤੁਹਾਨੂੰ ਪਿਆਰਾ ਲਗਣਾ ਹੋਇਆ, ਉਹ ਤੁਹਾਡੀ ਔਲਾਦ ਜਿਉਂ ਐ, ਮੈਂਨੂੰ ਤਾਂ ਪਿੰਡ ਦੀਆਂ ਔਰਤਾਂ ਪਹਿਲਾਂ ਈ ਕਹਿੰਦੀਆਂ ਸੀ ਕਿ ਤੇਰੀ ਦਰਾਣੀ ਦਾ ਬੜਾ ਮੁੰਡਾ ਤੇਰੇ ਆਦਮੀ ਦਾ ਈ ਐ।"

"ਚੁੱਪ ਕਰ ਜਾ ਬੇਵਕੂਫ ਔਰਤ! ਵਿਜੇ ਸੁਣ ਲਊ ਤਾਂ ਕੀ ਸੋਚੂ! ...ਪਤਾ ਨਹੀਂ ਕੀ ਬਕਵਾਸ ਕਰੀ ਜਾ ਰਹੀ ਐਂ!"

ਕਹਿੰਦਿਆਂ ਤਾਇਆ ਦਰਵਾਜ਼ਾ ਬੰਦ ਕਰ ਦਿੰਦਾ ਹੈ ਤੇ ਅਗੇ ਕੀ ਗੱਲਬਾਤ ਹੋਈ ਵਿਜੈ ਸੁਣ ਨਹੀਂ ਸਕਦਾ। ਜੋ ਕੁਝ ਸੁਣ ਚੁੱਕਾ ਹੈ ਉਹੀ ਬਹੁਤ ਹੈ। ਉਹ ਸਿਰ ਫੜ ਕੇ ਬੈਠ ਜਾਂਦਾ ਹੈ। ਤਾਈ ਇਹ ਕਿਹੜਾ ਫਿਲਮੀ ਜਿਹਾ ਭੇਦ ਖੋਹਲ ਰਹੀ ਹੈ। ਉਸ ਨੂੰ ਪਤਾ ਹੈ ਕਿ ਤਾਈ ਕੁਝ ਕੁ ਬੜਬੋਲੀ ਔਰਤ ਹੈ ਪਰ ਇਹ ਗੱਲ ਕਹਿਣ ਜਿੰਨੀ ਬੜਬੋਲੀ ਵੀ ਨਹੀਂ। ਉਹ ਇਹ ਕੀ ਕਹਿ ਰਹੀ ਹੈ ਕਿ ਉਹ ਤਾਏ ਦੀ ਔਲਾਦ ਹੈ! ਨਹੀਂ, ਨਹੀਂ, ...ਇਹ ਨਹੀਂ ਹੋ ਸਕਦਾ। ਤਾਇਆ ਤਾਂ ਉਸ ਦੇ ਜਨਮ ਤੋਂ ਪਹਿਲਾਂ ਦਾ ਇੰਗਲੈਂਡ ਆਇਆ ਹੋਇਆ ਹੈ। ਤਾਈ ਦੀ ਇਹ ਗੱਲ ਸੱਚ ਨਹੀਂ ਹੈ। ਉਹ ਇਹ ਗੱਲ ਕਿਸੇ ਗੁੱਸੇ ਅਧੀਨ ਕਹਿ ਗਈ ਹੈ ਨਹੀਂ ਤਾਂ ਇਹ ਸੱਚ ਨਹੀਂ ਹੋ ਸਕਦਾ। ਉਹ ਤਾਏ ਦੀ ਔਲਾਦ ਕਿਵੇਂ ਹੋ ਸਕਦਾ ਹੈ। ਉਸ ਨੂੰ ਇਸ ਗੱਲ ਦਾ ਤਾਂ ਪਤਾ ਹੈ ਕਿ ਉਸ ਦੀ ਮਾਂ ਪਹਿਲਾਂ ਤਾਏ ਨਾਲ ਮੰਗੀ ਰਹੀ ਹੈ ਪਰ ਤਾਇਆ ਵੋਚਰ ਆ ਜਾਣ ਕਰਕੇ ਇੰਗਲੈਂਡ ਲਈ ਚੜ੍ਹ ਆਇਆ। ਮਾਂ ਦੇ ਪਿਓ ਨੇ ਭਾਵ ਉਸ ਦੇ ਨਾਨੇ ਨੇ ਉਸ ਦੇ ਬਾਬੇ ਨੂੰ ਆ ਕੇ ਕਿਹਾ ਸੀ ਕਿ ਵੱਡਾ ਮੁੰਡਾ ਤਾਂ ਪਤਾ ਨਹੀਂ ਕਦੋਂ ਵਾਪਸ ਪਰਤੇ ਕਿਉਂਕਿ ਓਹਨਾਂ ਦਿਨਾਂ ਵਿਚ ਇੰਗਲੈਂਡ ਤੋਂ ਲੋਕ ਦਸ-ਪੰਦਰਾਂ ਸਾਲ ਬਾਅਦ ਪਰਤਦੇ ਸਨ ਇਸ ਲਈ ਉਹਨਾ ਦੀ ਕੁੜੀ ਨੂੰ ਛੋਟੇ ਮੁੰਡੇ ਨਾਲ ਵਿਆਹ ਲੈਣ ਨਹੀਂ ਤਾਂ ਉਹ ਇਹ ਰਿਸ਼ਤਾ ਕਿਧਰੇ ਹੋਰ ਕਰ ਦੇਣਗੇ ਸੋ ਮਾਂ ਦਾ ਵਿਆਹ ਭਾਪੇ ਨਾਲ ਹੋ ਗਿਆ ਸੀ। ਉਸ ਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦ ਤਾਇਆ ਪਹਿਲੀ ਵਾਰ ਇੰਗਲੈਂਡ ਤੋਂ ਪਰਤਿਆ ਸੀ। ਉਹ ਤਾਏ ਦੀ ਬਰਾਤੇ ਵੀ ਗਿਆ ਸੀ ਫਿਰ ਉਹ ਤਾਏ ਦੀ ਔਲਾਦ ਕਿਵੇਂ ਹੋ ਸਕਦਾ ਹੈ? ਬਹੁਤ ਕੁਝ ਸੋਚਦਿਆਂ ਉਸ ਦੇ ਮਨ ਨੂੰ ਤਸੱਲੀ ਆਉਣ ਲਗਦੀ ਹੈ ਕਿ ਤਾਈ ਸਿਰਫ ਗੁੱਸੇ ਵਿਚ ਇਹ ਗੱਲ ਕਹਿ ਰਹੀ ਹੈ। ਦੀਪਕ ਅਜ ਵੀ ਘਰ ਨਹੀਂ ਆਇਆ ਇਸ ਕਰਕੇ ਤਾਈ ਖਿਝੀ ਹੋਈ ਹੋਵੇਗੀ। ਉਹ ਤਾਈ ਦੇ ਇਹਨਾਂ ਬੋਲਾਂ ਨੂੰ ਭੁੱਲਣ ਦੀ ਕੋਸ਼ਿਸ਼ ਕਰਦਾ ਆਪਣੀ ਭੁੱਖ ਬਾਰੇ ਸੋਚਣ ਲਗਦਾ ਹੈ ਕਿ ਤਾਈ ਉਪਰ ਸੌਣ ਆਵੇ ਤਾਂ ਉਸ ਰਸੋਈ ਵਿਚ ਜਾ ਕੇ ਕੁਝ ਖਾਵੇ। ਕੁਝ ਦੇਰ ਬਾਅਦ ਉਸ ਨੂੰ ਪੌੜੀ ਚੜਦੇ ਕਦਮਾਂ ਦੀ ਅਵਾਜ਼ ਸੁਣਦੀ ਹੈ। ਉਹ ਕੁਝ ਦੇਰ ਹੋਰ ਉਡੀਕਦਾ ਹੈ। ਉਸ ਨੂੰ ਲਗਦਾ ਹੈ ਕਿ ਸਾਰੇ ਉਪਰ ਆ ਕੇ ਸੌਂ ਚੁੱਕੇ ਹਨ। ਉਹ ਮਲਕੜੇ ਜਿਹੇ ਹੇਠਾਂ ਉਤਰ ਆਉਂਦਾ ਹੈ। ਰਸੋਈ ਵਿਚ ਵੜਦਾ ਹੀ ਹੈ ਕਿ ਤਾਈ ਸਾਹਮਣੇ ਖੜੀ ਹੈ। ਉਹ ਹਾਲੇ ਵੀ ਓਨੇ ਗੁੱਸੇ ਵਿਚ ਹੀ ਹੈ। ਉਹ ਬੋਲਦੀ ਹੈ,

"ਤੇਰਾ ਪਿਓ ਤਾਂ ਜਾ ਕੇ ਸੌਂ ਗਿਆ ਤੂੰ ਵੀ ਕਿਤੇ ਜਾ ਕੇ ਸੌਂ ਜਾਹ, ...ਮੈਨੂੰ ਤੇ ਮੇਰੇ ਮੁੰਡੇ ਨੂੰ ਇਕੱਲਿਆਂ ਛੱਡ ਜਾਹ, ਪਤਾ ਨਹੀਂ ਉਹ ਕਿਥੇ ਹੋਏਗਾ, ਸੁੱਤਾ ਵੀ ਹੋਏਗਾ ਕਿ ਨਹੀਂ।"

ਆਖਦੀ ਤਾਈ ਰੋਣ ਲਗਦੀ ਹੈ ਫਿਰ ਅੱਖਾਂ ਤੇ ਨੱਕ ਪੂੰਝਦੀ ਬੋਲਦੀ ਹੈ,

"ਜਿੰਨਾ ਚਿਰ ਤੂੰ ਇਹਨਾਂ ਵਿਚ ਐਂ ਪਿਓ-ਪੁੱਤ ਦੀ ਨਹੀਂ ਬਣਨੀ। ਬਥੇਰਾ ਕਰ ਦਿਤਾ ਤੁਹਾਡਾ, ਹੁਣ ਤਾਂ ਸਾਡਾ ਪਿੱਛਾ ਛੱਡ ਦਿਓ!"

ਹੁਣ ਵਿਜੈ ਨੂੰ ਵੀ ਗੁੱਸਾ ਚੜ੍ਹਨ ਲਗਦਾ ਹੈ। ਦੀਪਕ ਦੇ ਘਰ ਨਾ ਆਉਣ ਦੀ ਸਜ਼ਾ ਉਸ ਨੂੰ ਕਿਉਂ ਦਿਤੀ ਜਾ ਰਹੀ ਹੈ। ਉਹ ਕਹਿੰਦਾ ਹੈ,

"ਤਾਈ, ਤੂੰ ਚਾਹੁੰਨੀ ਐਂ ਕਿ ਘਰੋਂ ਚਲੇ ਜਾਵਾਂ?"

"ਚਲੇ ਜਾਹ, ਸੁੱਖ ਦਾ ਸਾਹ ਤਾਂ ਆਵੇ।"

"ਤਾਈ, ਮੈਂ ਚਲਿਆਂ ਫਿਰ!"

"ਤੈਨੂੰ ਰੋਕਿਆ ਕਿਹਨੇ ਆਂ?"

ਉਹ ਪੋਰਚ ਵਿਚੋਂ ਆਪਣੀ ਜੈਕਟ ਚੁੱਕਦਾ ਹੈ ਤੇ ਬਾਹਰ ਨਿਕਲ ਆਉਂਦਾ ਹੈ। ਬਾਹਰ ਮੀਂਹ ਪੈ ਰਿਹਾ ਹੈ। ਉਹ ਜੈਕਟ ਦਾ ਟੋਪਾ ਸਿਰ ਉਪਰ ਲੈ ਲੈਂਦਾ ਹੈ ਤੇ ਤੁਰਦਾ ਜਾਂਦਾ ਹੈ। ਲੈਂਡਸਡਾਉਨ ਰੋਡ ਤੋਂ ਵੌਲਸ ਰੋਡ। ਵੌਲਸ ਰੋਡ ਸਿੱਧੀ ਸਮੁੰਦਰ ਵਲ ਜਾਂਦੀ ਹੈ। ਸੀ-ਫਰੰਟ ਦਾ ਸਫਰ ਦਸ ਕੁ ਮਿੰਟ ਤੁਰਨ ਦੀ ਦੂਰੀ ਤੇ ਹੀ ਹੈ। ਉਹ ਸਮੁੰਦਰ ਕੰਢੇ ਪਹੁੰਚ ਜਾਂਦਾ ਹੈ। ਜਦ ਵੀ ਉਹ ਉਦਾਸ ਹੁੰਦਾ ਤਾਂ ਸਮੁੰਦਰ ਕੋਲ ਹੀ ਆ ਜਾਂਦਾ ਹੈ। ਸਮੁੰਦਰ ਉਸ ਨੂੰ ਕੁਝ ਕਹਿੰਦਾ ਜਾਪਦਾ ਹੈ। ਸ਼ਾਇਦ ਉਸ ਨੂੰ ਚੁੱਪ ਰਹਿਣ ਲਈ ਹੀ ਕਹਿ ਰਿਹਾ ਹੋਵੇ। ਪਤਾ ਨਹੀਂ ਸਮੁੰਦਰ ਦੀ ਛਾਤੀ ਵਿਚ ਕੀ ਕੁਝ ਪਿਆ ਹੋਵੇ ਪਰ ਉਹ ਆਮ ਤੌਰ ਤੇ ਸ਼ਾਂਤ ਰਹਿੰਦਾ ਹੈ। ਦਿਨ ਵਿਚ ਦੋ ਤਿੰਨ ਵਾਰ ਕੰਢੇ ਵਲ ਆਉਣ ਤੇ ਵਾਪਸ ਪਰਤਣ ਦਾ ਸਫਰ ਹੌਲੇ ਹੌਲੇ ਤਹਿ ਕਰਦਾ ਰਹਿੰਦਾ ਹੈ।

ਉਸ ਨੂੰ ਗੁੱਸਾ ਹੈ ਪਰ ਕਿਸ ਤੇ ਗੁੱਸਾ ਹੈ ਇਹ ਤੈਅ ਨਹੀਂ ਕਰ ਪਾ ਰਿਹਾ। ਤਾਈ ਉਪਰ ਜਾਂ ਤਾਏ ਉਪਰ ਜਾਂ ਫਿਰ ਆਪਣੇ ਆਪ ਉਪਰ। ਇਹ ਤਾਂ ਉਸ ਨੂੰ ਪਤਾ ਹੈ ਕਿ ਤਾਈ ਨੂੰ ਇਹ ਤਕਲੀਫ ਸਦਾ ਹੀ ਰਹੀ ਹੈ ਕਿ ਤਾਇਆ ਉਹਨਾਂ ਦੀ ਮੱਦਦ ਕਿਉਂ ਕਰਦਾ ਹੈ। ਤਾਏ ਨੇ ਮੱਦਦ ਵੀ ਬਹੁਤ ਕੀਤੀ ਹੈ ਪਰ ਉਨਾ ਚਿਰ ਹੀ ਜਿੰਨਾ ਚਿਰ ਉਹ ਇਥੇ ਨਹੀਂ ਆ ਗਿਆ। ਹੁਣ ਤਾਂ ਆਪਣੇ ਭਰਾ ਦੀ ਉਹ ਆਪ ਹੀ ਸਹਾਇਤਾ ਕਰਦਾ ਹੈ। ਤਾਈ ਐਵੇਂ ਹੀ ਵਹਿਮ ਕਰੀ ਜਾ ਰਹੀ ਹੈ। ਪਹਿਲੀਆਂ ਵਿਚ ਤਾਏ ਨੇ ਉਹਨਾਂ ਕਾਫੀ ਪੈਸੇ ਭੇਜੇ। ਉਸ ਦਾ ਪਿਓ ਸ਼ਾਮ ਲਾਲ ਤਾਂ ਐਡਾ ਕਮਾਊ ਨਹੀਂ ਸੀ। ਕਦੇ ਟਿਕ ਕੇ ਕੰਮ ਨਹੀਂ ਸੀ ਕਰਦਾ। ਕਿਸੇ ਵੇਲੇ ਪਿੰਡ ਦੇ ਇਕ ਜ਼ੀਮੀਦਾਰ ਨੇ ਪੰਜ ਏਕੜ ਜਮੀਨ ਉਹਨਾਂ ਨੂੰ ਦਾਨ ਕੀਤੀ ਸੀ। ਪਹਿਲਾਂ ਸ਼ਾਮ ਲਾਲ ਨੇ ਉਸ ਜ਼ਮੀਨ ਵਿਚ ਖੇਤੀ ਸ਼ੁਰੂ ਕਰ ਲਈ ਪਰ ਕਾਮਯਾਬੀ ਨਾ ਮਿਲੀ। ਫਿਰ ਘਰ ਦੀ ਬੈਠਕ ਵਿਚ ਹੀ ਦੁਕਾਨ ਖੋਹਲ ਲਈ। ਭੀੜੀ ਜਿਹੀ ਗਲ਼ੀ ਵਿਚ ਘਰ ਸੀ ਗਾਹਕ ਕਿਥੋਂ ਆਉਣੇ ਸਨ। ਤਾਇਆ ਇੰਡੀਆ ਗਿਆ ਤੇ ਉਸ ਨੂੰ ਮੁਖ ਬਜ਼ਾਰ ਵਿਚ ਦੁਕਾਨ ਲੈ ਕੇ ਦੇ ਆਇਆ। ਦੁਕਾਨ ਤਾਂ ਉਥੇ ਚਲ ਸਕਦੀ ਸੀ ਪਰ ਸ਼ਾਮ ਲਾਲ ਮਨ ਮਾਰ ਕੇ ਕੰਮ ਕਰਨ ਵਾਲਾ ਨਹੀਂ ਸੀ। ਉਹ ਪਿੰਡ ਵਿਚ ਕੋਈ ਨਾ ਕੋਈ ਪੰਗਾ ਪਾਈ ਰੱਖਦਾ। ਅਲਸਰ ਦਾ ਮਰੀਜ਼ ਸੀ, ਹਰ ਵੇਲੇ ਖਿਝਿਆ ਰਹਿੰਦਾ। ਲੜਾਈ ਲਈ ਤਾਂ ਜਿਵੇਂ ਉਹ ਤਿਆਰ ਹੀ ਹੋਵੇ। ਜਦ ਵੀ ਪਿੰਡ ਵਿਚ ਕੋਈ ਇਲੈਕਸ਼ਨ ਹੁੰਦੀ ਤਾਂ ਉਹ ਵਿਰੋਧੀ ਪਾਰਟੀ ਵਲ ਹੁੰਦਾ। ਕਾਂਗਰਸ ਦਾ ਪਲੜਾ ਭਾਰੀ ਹੁੰਦਾ ਤਾਂ ਉਹ ਜਨਸੰਘ ਵਲ ਹੁੰਦਾ। ਜੇ ਜਨਸੰਘ ਜਿੱਤਣ ਦੇ ਮੌਕੇ ਹੁੰਦੇ ਤਾਂ ਉਹ ਕਾਂਗਰਸੀਆ ਬਣ ਜਾਂਦਾ, ਨਹੀਂ ਤਾਂ ਕਾਮਰੇਡਾਂ ਨਾਲ ਰਲ਼ ਕੇ ਨਾਹਰੇ ਲਾਉਣ ਲਗਦਾ। ਜੇ ਤਾਏ ਦਾ ਹੱਥ ਉਹਨਾਂ ਦੇ ਸਿਰ ਤੇ ਨਾ ਹੁੰਦਾ ਤਾਂ ਵਿਜੈ ਕਦੇ ਵੀ ਨਾ ਪੜ੍ਹ ਸਕਦਾ। ਉਸ ਨੇ ਬੀ. ਏ. ਬੰਗਿਆਂ ਦੇ ਕਾਲਜ ਤੋਂ ਕੀਤੀ ਤੇ ਫਿਰ ਐਮ. ਏ. ਕਰਨ ਜਲੰਧਰ ਚਲੇ ਗਿਆ, ਸਭ ਤਾਏ ਕਾਰਨ। ਅਸ਼ੋਕ ਪੜਨ ਨੂੰ ਠੀਕ ਨਹੀਂ ਸੀ ਇਸ ਲਈ ਉਹ ਦੁਕਾਨ ਤੇ ਬੈਠ ਗਿਆ ਸੀ। ਫਿਰ ਸ਼ਾਮ ਲਾਲ ਨੂੰ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਆ ਚੁੰਬੜੀ ਜੋ ਉਸ ਦੀ ਜਾਨ ਲੈ ਕੇ ਹਟੀ। ਇਸ ਬਿਮਾਰੀ ਦੇ ਇਲਾਜ 'ਤੇ ਲੋਹੜੇ ਦੇ ਪੈਸੇ ਲਗੇ ਤੇ ਸਾਰੇ ਤਾਏ ਨੇ ਹੀ ਖਰਚੇ। ਫਿਰ ਉਸ ਨੂੰ ਇੰਗਲੈਂਡ ਬੁਲਾਉਣ ਵਿਚ ਵੀ ਤਾਏ ਦੀ ਹੀ ਹਿੰਮਤ ਹੈ ਪਰ ਹੁਣ ਤਾਂ ਇਹ ਸਭ ਬਹੁਤ ਪਿੱਛੇ ਰਹਿ ਗਿਆ ਹੈ।...

ਦੀਪਕ ਠੀਕ ਨਹੀਂ ਨਿਕਲਿਆ, ਕਿਸੇ ਦਾ ਕਹਿਣਾ ਨਹੀਂ ਮੰਨਦਾ, ਕਦੇ ਘਰ ਆਉਂਦਾ ਹੈ ਕਦੇ ਨਹੀਂ। ਇਸੇ ਕਰਕੇ ਤਾਈ ਬਹੁਤੀ ਦੁਖੀ ਹੈ ਪਰ ਇਸ ਵਿਚ ਉਸ ਦਾ ਤਾਂ ਕੋਈ ਕਸੂਰ ਨਹੀਂ। ਉਸ ਨੇ ਦੀਪਕ ਨੂੰ ਕਦੇ ਕੁਝ ਨਹੀਂ ਕਿਹਾ। ਹਾਂ, ਜਦ ਕਦੇ ਦੀਪਕ ਤਾਏ ਨੂੰ ਕੁਝ ਗਲਤ ਕਹੇ ਜਾਂ ਉਸ ਬਾਰੇ ਗਲਤ ਬੋਲੇ ਤਾਂ ਉਹ ਤਾਏ ਨਾਲ ਖੜ ਜਾਂਦਾ ਹੈ। ਦੀਪਕ ਨੇ ਡਰੱਗ ਤਾਂ ਸਕੂਲ ਤੋਂ ਹੀ ਲੈਣੇ ਸ਼ੁਰੂ ਕੀਤੇ ਹੋਏ ਹਨ। ਨਸ਼ੇ ਦੀ ਲੋਰ ਹੇਠ ਉਸ ਨੂੰ ਪਤਾ ਨਹੀਂ ਚਲਦਾ ਕਿ ਉਹ ਕੀ ਕਰ ਰਿਹਾ ਹੈ। ਤਾਇਆ ਉਸ ਨੂੰ ਦਬਕਦਾ ਹੈ ਤਾਂ ਦੀਪਕ ਮੁਹਰਿਓਂ ਉਸ ਨੂੰ ਕੁੱਟਣ ਲੈ ਜਾਂਦਾ ਹੈ, ਅਜਿਹੀ ਹਾਲਤ ਵਿਚ ਵਿਜੈ ਨੇ ਤਾਂ ਤਾਏ ਨਾਲ ਖੜਨਾ ਹੀ ਹੋਇਆ। ਦੀਪਕ ਨੂੰ ਗਾਲ਼ ਕੱਢਣ ਦੀ ਆਦਤ ਹੈ ਤੇ ਤਾਇਆ ਗਾਲ਼ ਦੇ ਸਖਤ ਖਿਲਾਫ ਹੈ। ਇਸ ਲਈ ਤਾਇਆ ਦੀਪਕ ਨੂੰ ਬਹੁਤਾ ਬੁਲਾਉਂਦਾ ਹੀ ਨਹੀਂ, ਕਦੇ ਕਦਾਈ ਹੀ ਜਦ ਕੋਈ ਖਾਸ ਗੱਲ ਹੋਵੇ। ਵੈਸੇ ਵੀ ਤਾਇਆ ਥੋੜਾ ਅੜ੍ਹਬ ਸੁਭਾਅ ਦਾ ਮਾਲਕ ਹੈ, ਕਿਸੇ ਤੋਂ ਓਏ ਤਕ ਨਹੀਂ ਕਹਿਲਵਾ ਸਕਦਾ, ਗਾਲ਼ ਤਾਂ ਦੂਰ ਦੀ ਗੱਲ ਹੈ।

ਵਿਜੈ ਦੇ ਦੀਪਕ ਨਾਲ ਸਬੰਧ ਠੀਕ ਹਨ। ਜੇ ਦੀਪਕ ਨਾ ਬੁਲਾਵੇ ਤਾਂ ਉਹ ਆਪ ਉਸ ਨੂੰ ਬੁਲਾ ਲਿਆ ਕਰਦਾ ਹੈ। ਜਿਹੜੀ ਤਾਈ ਉਸ ਦੇ ਸ਼ਰਾਬ ਪੀਣ ਦੀ ਗੱਲ ਕਰਦੀ ਹੈ ਇਹ ਵੀ ਸ਼ਾਇਦ ਐਡੀ ਵੱਡੀ ਨਾ ਹੋਵੇ ਕਿਉਂਕਿ ਤਾਇਆ ਵੀ ਬਰਾਂਡੀ ਦੀ ਬੋਤਲ ਹਰ ਵੇਲੇ ਘਰ ਵਿਚ ਰੱਖਦਾ ਹੈ। ਮੀਟ ਘਰ ਨਹੀਂ ਬਣਦਾ ਪਰ ਕਦੇ ਕਦਾਈਂ ਤਾਇਆ ਖਾ ਲੈਂਦਾ ਹੈ ਭਾਵੇਂ ਬਾਹਰ ਹੀ ਖਾਵੇ। ਦੀਪਕ ਵੀ ਮੀਟ ਖਾਂਦਾ ਹੀ ਖਾਂਦਾ ਹੈ ਫਿਰ ਇਕੱਲੇ ਉਸ ਬਾਰੇ ਹੀ ਤਾਈ ਉਜਰ ਕਿਉਂ ਕਰ ਰਹੀ ਹੈ। ਅਸਲ ਵਿਚ ਤਾਈ ਦਾ ਸਾਰਾ ਗੁੱਸਾ ਦੀਪਕ ਕਰਕੇ ਹੀ ਹੈ ਪਰ ਇਸ ਬਾਰੇ ਉਹ ਕੁਝ ਨਹੀਂ ਕਰ ਸਕਦਾ। ਤਾਈ ਨੂੰ ਇਹ ਦੁੱਖ ਵੀ ਹੈ ਕਿ ਤਾਇਆ ਉਸ ਦਾ ਇੰਨਾ ਮੋਹ ਕਿਉਂ ਕਰਦਾ ਹੈ ਪਰ ਉਹ ਵੀ ਤਾਂ ਤਾਏ ਦਾ ਕਰਦਾ ਹੀ ਹੈ। ਉਸ ਨੇ ਸਦਾ ਹੀ ਤਾਏ ਵਿਚੋਂ ਪਿਓ ਦੀ ਤਸਵੀਰ ਦੇਖੀ ਹੈ। ਉਸ ਦਾ ਆਪਣਾ ਪਿਓ ਤਾਂ ਉਸ ਦੇ ਮਨ ਤੇ ਕੋਈ ਛਾਪ ਛੱਡ ਹੀ ਨਹੀਂ ਸਕਿਆ। ਉਸ ਨੂੰ ਯਾਦ ਆਉਂਦਾ ਹੈ ਕਿ ਇੰਗਲੈਂਡ ਤੋਂ ਵਿਆਹ ਕਰਾਉਣ ਗਿਆ ਤਾਇਆ ਉਸ ਨੂੰ ਹਰ ਵੇਲੇ ਆਪਣੇ ਨਾਲ ਹੀ ਰੱਖਿਆ ਕਰਦਾ ਸੀ। ਤਾਇਆ ਕਹਿੰਦਾ ਕਿ ਵਿਜੈ ਸਾਡੇ ਘਰ ਦਾ ਜੇਠਾ ਪੁੱਤ ਹੈ। ਤਾਏ ਦਾ ਵਿਆਹ ਵੀ ਕਾਫੀ ਲੇਟ ਹੋਇਆ ਹੈ। ਉਹ ਤਾਏ ਦੀ ਬਰਾਤੇ ਵੀ ਗਿਆ। ਤਾਈ ਦਾ ਇਹ ਕਹਿਣਾ ਕਿ ਉਹ ਤਾਏ ਦੀ ਔਲਾਦ ਹੈ ਨਿਰਾ ਝੂਠ ਹੈ। ਇਵੇਂ ਹੋ ਹੀ ਨਹੀਂ ਸਕਦਾ। ਪਰ ਫਿਰ ਮਨ ਡਾਵਾਂ ਡੋਲੋ ਹੋਣ ਲਗਦਾ ਹੈ, ਉਹ ਸੋਚਣ ਲਗਦਾ ਹੈ ਕਿ ਹੋ ਵੀ ਸਕਦਾ ਹੈ। ਹੋ ਸਕਦਾ ਹੈ ਕਿ ਤਾਇਆ ਉਸ ਦੀ ਮਾਂ ਨੂੰ ਪਹਿਲਾਂ ਮਿਲਦਾ ਹੋਵੇ ਜਿਵੇਂ ਕਈ

ਮੁੰਡੇ ਮਿਲਣ ਦੀ ਕੋਸ਼ਿਸ਼ ਕਰਿਆ ਹੀ ਕਰਦੇ ਹਨ ਤੇ ਹੋ ਸਕਦਾ ਹੈ ਕਿ ਦੋਵਾਂ ਵਿਚ ਸਬੰਧ ਸਥਾਪਤ ਹੋ ਗਏ ਹੋਣ ਤੇ ਗੜਬੜ ਹੋ ਗਈ ਹੋਵੇ, ਸ਼ਾਇਦ ਇਸੇ ਲਈ ਹੀ ਮਾਂ ਦਾ ਵਿਆਹ ਉਸ ਦੇ ਪਿਓ ਨਾਲ ਕਾਹਲੀ ਵਿਚ ਕਰ ਦਿਤਾ ਗਿਆ ਹੋਵੇ। ਜੇ ਇਹ ਸੱਚ ਹੋਇਆ ਤਾਂ ਉਹ ਹਰਾਮਦਾ ਹੈ। ਉਹ ਅਗਲੇ ਹੀ ਪਲ ਸੋਚਣ ਲਗਦਾ ਹੈ ਕਿ ਨਹੀਂ ਇਵੇਂ ਨਹੀਂ ਹੋ ਸਕਦਾ। ਇਹ ਉਸ ਦੀ ਸਿਰਫ ਕਲਪਣਾ ਹੈ। ਜੇਕਰ ਅਜਿਹੀ ਕੋਈ ਗੱਲ ਹੁੰਦੀ ਤਾਂ ਪੂਰੇ ਮੁਕੰਦ ਪੁਰ ਨੂੰ ਪਤਾ ਹੋਣਾ ਸੀ ਤੇ ਲੋਕਾਂ ਨੇ ਉਸ ਨੂੰ ਛੇੜਨੋਂ ਨਹੀਂ ਸੀ ਹਟਣਾ। ਪਿੰਡਾਂ ਵਿਚ ਤਾਂ ਕਿਸੇ ਦੀ ਛੇੜ ਪਾਉਣ ਲਈ ਕੋਈ ਬਹਾਨਾ ਚਾਹੀਦਾ ਹੈ। ਨਹੀਂ, ਕੋਈ ਐਸੀ ਗੱਲ ਨਹੀਂ ਹੈ। ਤਾਈ ਨੇ ਤਾਏ ਦਾ ਉਸ ਪ੍ਰਤੀ ਮੋਹ ਦੇਖ ਕੇ ਹੀ ਇਹ ਗੱਲ ਘੜੀ ਹੈ। ਜ਼ਿਆਦਾ ਸੋਚਣ ਨਾਲ ਉਸ ਦਾ ਸਿਰ ਫਟਣ ਲਗਦਾ ਹੈ। ਉਹ ਘੜੀ ਦੇਖਦਾ ਹੈ। ਬਾਰਾਂ ਵੱਜ ਰਹੇ ਹਨ। ਉਸ ਨੂੰ ਫਿਕਰ ਹੋਣ ਲਗਦਾ ਹੈ ਕਿ ਹੁਣ ਜਾਵੇ ਕਿਥੇ। ਉਹ ਫਿਰ ਗਾਉਣ ਲਗਦਾ ਹੈ;

'ਓ ਹਮਦਮ  ਮੇਰੇ ਮਾਨ ਵੀ ਜਾਓ, ਕਹਿਨਾ ਮੇਰੇ ਪਿਆਰ ਕਾ',...

ਅਚਾਨਕ ਇਕ ਹੱਥ ਉਸ ਦੇ ਮੋਢੇ ਤੇ ਆ ਕੇ ਟਿਕਦਾ ਹੈ। ਉਹ ਪਰਤ ਕੇ ਦੇਖਦਾ ਹੈ। ਸਾਹਮਣੇ ਤਾਇਆ ਖੜਾ ਹੈ।

## ਦੋ

ਵਰਦਿੰਗ ਭਾਵੇਂ ਬਹੁਤਾ ਵੱਡਾ ਸ਼ਹਿਰ ਨਹੀਂ ਹੈ ਪਰ ਨਿਸਤਬਨ ਦੇਸੀ ਅਬਾਦੀ ਇਥੇ ਕਾਫੀ ਹੈ। ਪੂਰੀ ਵਸੋਂ ਦੇ ਹਿਸਾਬ ਨਾਲ ਇਹ ਅਨੁਪਾਤ ਹੋਰਨਾਂ ਸ਼ਹਿਰਾ ਨਾਲੋਂ ਕਾਫੀ ਵੱਧ ਹੋਵੇਗੀ। ਇਕ ਤਾਂ ਇਸ ਸ਼ਹਿਰ ਵਿਚ ਪਹਿਲੀਆਂ ਵਿਚ ਘਰ ਬਹੁਤ ਸਸਤੇ ਹੋਇਆ ਕਰਦੇ ਸਨ ਤੇ ਫਿਰ ਇਹ ਲੰਡਨ ਤੋਂ ਬਹੁਤੀ ਦੂਰ ਵੀ ਨਹੀਂ ਹੈ। ਸਿਰਫ ਘੰਟੇ ਸਵਾ ਘੰਟੇ ਦਾ ਰਾਹ। ਦੂਜੇ ਇਸ ਸ਼ਹਿਰ ਦੇ ਨੇੜੇ ਕੁਝ ਅਜਿਹੀਆਂ ਫੈਕਟਰੀਆਂ ਹੁੰਦੀਆਂ ਸਨ ਕਿ ਸਾਡੇ ਲੋਕ ਇਸ ਸ਼ਹਿਰ ਵਿਚ ਵਸਣੇ ਸ਼ੁਰੂ ਹੋ ਗਏ ਤੇ ਫਿਰ ਇਹ ਸ਼ਹਿਰ ਖੂਬਸੂਰਤ ਵੀ ਤਾਂ ਬਹੁਤ ਹੈ, ਸਮੁੰਦਰ ਦਾ ਕੰਢਾ। ਇੰਗਲੈਂਡ ਦੇ ਸੁੰਦਰ ਬੀਚਾਂ ਵਿਚੋਂ ਇਕ ਬੀਚ। ਹੁਣ ਸਾਡੀ ਇੰਨੀ ਅਬਾਦੀ ਹੈ ਕਿ ਸ਼ਹਿਰ ਵਿਚ ਗੁਰਦਵਾਰਾ ਤੇ ਮੰਦਿਰ ਹਨ। ਇਕ ਗੁਰਦਵਾਰਾ ਹੋਰ ਖੁਲ੍ਹਣ ਨੂੰ ਫਿਰਦਾ ਹੈ। ਰਾਮ ਲਾਲ ਇਸ ਸ਼ਹਿਰ ਵਿਚ ਪਹਿਲੇ ਭਾਰਤੀ ਵਾਸੀਆਂ ਵਿਚੋਂ ਹੈ। ਇਕ ਵਾਰ ਉਹ ਸਮੁੰਦਰ ਦੇਖਣ ਆਇਆ ਤਾਂ ਇਥੋਂ ਦਾ ਹੋ ਕੇ ਹੀ ਰਹਿ ਗਿਆ। ਉਸ ਦਾ ਇਕ ਪੁਰਾਣਾ ਜਮਾਤੀ ਮੱਖਣ ਸਿੰਘ ਜੋ ਇਥੇ ਰਹਿੰਦਾ ਸੀ ਮਿਲ ਪਿਆ ਸੀ ਤੇ ਉਸ ਨੇ ਉਸ ਨੂੰ ਆਪਣੇ ਨਾਲ ਹੀ ਹੋਰਸ਼ੈਮ ਵਾਲੀ ਡਿਊਰਾ ਟਿਊਬ ਫੈਕਟਰੀ ਵਿਚ ਕੰਮ ਦਵਾ ਦਿਤਾ ਸੀ। ਹੁਣ ਤਕ ਰਾਮ ਲਾਲ ਉਥੇ ਹੀ ਕੰਮ ਕਰਦਾ ਆ ਰਿਹਾ ਹੈ। ਹੁਣ ਤਾਂ ਉਹ ਰਿਟਾਇਰ ਹੋਣ ਵਾਲਾ ਹੈ। ਰਿਟਾਇਰ ਲੋਕਾਂ ਲਈ ਤਾਂ ਇਸ ਸ਼ਹਿਰ ਨੂੰ ਸਵਰਗ ਕਿਹਾ ਜਾਂਦਾ ਹੈ। ਬਹੁਤ ਸਾਰੇ ਲੋਕ ਰਿਟਾਇਰ ਹੋਣ ਤੋਂ ਬਾਅਦ ਇਸ ਸ਼ਹਿਰ ਵਿਚ ਆ ਕੇ ਘਰ ਖਰੀਦ ਲੈਂਦੇ ਹਨ। ਰਿਟਾਇਰ ਲੋਕਾਂ ਲਈ ਵਿਸ਼ੇਸ਼ ਬੰਗਲੇ ਬਣੇ ਹੋਏ ਹਨ। ਬਿਮਾਰ ਬੁੱਢਿਆਂ ਦੀ ਸੰਭਾਲ ਲਈ ਇਥੇ ਨਰਸਿੰਗ ਹੋਮ ਵੀ ਕਾਫੀ ਗਿਣਤੀ ਵਿਚ ਹਨ। ਜਦ ਨਿਰਮਲਾ ਇੰਡੀਆ ਤੋਂ ਆਈ ਤਾਂ ਉਸ ਨੂੰ ਵੀ ਅਜਿਹੇ ਇਕ ਨਰਸਿੰਗ ਹੋਮ ਵਿਚ ਕੰਮ ਮਿਲ ਗਿਆ ਸੀ। ਫਿਰ ਦੀਪਕ ਦੇ ਜਨਮ ਸਮੇਂ ਉਸ ਨੇ ਕੰਮ ਛੱਡ ਦਿਤਾ ਤੇ ਫਿਰ ਜਦ ਦੀਪਕ ਸਕੂਲ ਜਾਣ ਲਗਿਆ ਤਾ ਉਸ ਨੇ ਮੁੜ ਕੰਮ ਅਰੰਭ ਲਿਆ ਤੇ ਪਿਛਲੇ ਸਾਲ ਹੀ ਰਿਟਾਇਰਮਿੰਟ ਲਈ ਹੈ।

ਤਾਇਆ ਵਰਦਿੰਗ ਵਿਚ ਰਹਿੰਦਾ ਹੈ ਤਾਂ ਵਿਜੈ ਨੇ ਵੀ ਇਥੇ ਹੀ ਵਸਣਾ ਹੋਇਆ। ਵੈਸੇ ਉਸ ਨੇ ਲੰਡਨ ਵੀ ਘੁੰਮ ਕੇ ਦੇਖਿਆ, ਹੋਰ ਵੀ ਬਹੁਤ ਸਾਰੇ ਸ਼ਹਿਰਾਂ ਵਿਚ ਗਿਆ ਪਰ ਉਸ ਨੂੰ ਵਰਦਿੰਗ ਹੀ ਪਸੰਦ ਹੈ। ਹੁਣ ਤਕ ਵਰਦਿੰਗ ਵਿਚ ਉਸ ਦੀ ਇਕ ਖਾਸ ਪੱਛਾਣ ਬਣ ਚੁੱਕੀ ਹੈ। ਉਹ ਹਰ ਸ਼ਨਿਚਰਵਾਰ ਦੀ ਦੁਪਿਹਰ ਨੂੰ ਮੰਦਿਰ ਵਿਚ ਜਾ ਕੇ ਲੋਕਾਂ ਦੇ ਕੰਮ ਕਰਿਆ ਕਰਦਾ ਹੈ। ਕਿਸੇ ਦਾ ਫਾਰਮ ਭਰਨਾ ਹੋਵੇ, ਕਿਸੇ ਦੀ ਸਰਕਾਰੀ ਚਿੱਠੀ ਪੜਨੀ ਹੋਵੇ ਜਾਂ ਉਸ ਦਾ ਜਵਾਬ ਦੇਣਾ ਹੋਵੇ ਜਾਂ ਫਿਰ ਕਿਸੇ ਨੇ ਪੈਨਸ਼ਨ ਜਾਂ ਕੋਈ ਹੋਰ ਸਰਕਾਰੀ ਭੱਤਾ ਲੈਣਾ ਹੋਵੇ ਉਹ ਸਾਰੇ ਹੀ ਮੰਦਿਰ ਵਿਚ ਪੁੱਜ ਜਾਂਦੇ  ਤੇ ਵਿਜੈ ਉਹਨਾਂ ਸਭ ਦੇ ਕੰਮ ਕਰਦਾ ਜਾਂਦਾ ਹੈ। ਮੰਦਿਰ ਵਿਚ ਇਕ ਅਲੱਗ ਕਮਰਾ ਹੈ ਜਿਥੇ ਉਸ ਨੂੰ ਮਿਲਣ ਵਾਲੇ ਲੋਕ ਸਵੇਰੇ ਹੀ ਜਮ੍ਹਾਂ ਹੋਣੇ ਸ਼ੁਰੂ ਹੋ ਜਾਂਦੇ ਹਨ। ਉਸ ਨੇ ਭਾਵੇਂ ਬੈਠਣਾ ਦੋ ਕੁ ਘੰਟੇ ਲਈ ਹੀ ਹੁੰਦਾ ਹੈ ਪਰ ਕਈ ਵਾਰ ਚਾਰ ਚਾਰ ਘੰਟੇ ਵੀ ਲਗ ਜਾਂਦੇ ਹਨ। ਉਸ ਤੋਂ ਇਹ ਸਹਾਇਤਾ ਸਿਰਫ ਹਿੰਦੂ ਲੋਕ ਹੀ ਨਹੀਂ ਲੈਂਦੇ ਸਗੋਂ ਸਾਰੇ ਧਰਮਾਂ ਦੇ ਲੋਕ ਹੀ ਆ ਜਾਂਦੇ ਹਨ। ਉਸ ਦੇ ਇਸ ਕੰਮ ਨੇ ਰਾਮ ਲਾਲ ਦੀ ਇਜ਼ਤ ਬਹੁਤ ਵਧਾਈ ਹੈ, ਇਥੇ ਤਕ ਕਿ ਕਈ ਵਾਰ ਲੋਕਾਂ ਨੇ ਉਸ ਨੂੰ ਮੰਦਿਰ ਦੀ ਪਰਧਾਨਗੀ ਦੀ ਪੇਸ਼ਕਸ਼ ਕੀਤੀ ਹੈ ਪਰ ਰਾਮ ਲਾਲ ਕਿਸੇ ਕਿਸਮ ਦੀ ਸਿਆਸਤ ਵਿਚ ਨਹੀਂ ਪੈਣਾ ਚਾਹੁੰਦਾ। ਫਿਰ ਉਹ ਮੀਟ ਵੀ ਖਾ ਲੈਂਦਾ ਹੈ ਤੇ ਸ਼ਰਾਬ ਵੀ ਪੀ ਲੈਂਦਾ ਹੈ ਇਸ ਲਈ ਵੀ ਆਪਣੇ ਆਪ ਨੂੰ ਮੰਦਿਰ ਦੀ ਕਿਸੇ ਸੇਵਾ ਯੋਗ ਨਹੀਂ ਸਮਝਦਾ।

ਤਾਏ ਦੇ ਬਹੁਤ ਸਾਰੇ ਘਰ ਦੇ ਕੰਮ ਵੀ ਵਿਜੈ ਨੇ ਸੰਭਾਲੇ ਹੋਏ ਹਨ। ਕਿਰਾਏ 'ਤੇ ਦਿਤੇ ਘਰ ਦਾ ਕਿਰਾਇਆ ਉਹੀ ਇਕੱਠਾ ਕਰਦਾ ਹੈ। ਕਿਰਾਏਦਾਰਾਂ ਨਾਲ ਉਹੀ ਨਿਬੜਦਾ ਹੈ। ਕਿਰਾਏਦਾਰਾਂ ਦੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਸੁਣਦਾ ਹੈ। ਉਸ ਦਾ ਕੰਮ ਕਰਨ ਦਾ ਆਪਣਾ ਤਰੀਕਾ ਹੈ। ਉਹ ਹੁਸ਼ਿਆਰ ਨੂੰ ਨਾਲ ਲੈ ਕੇ ਹੀ ਕਿਰਾਏਦਾਰਾਂ ਨੂੰ ਮਿਲਣ ਜਾਂਦਾ ਹੈ ਤਾਂ ਕਿ ਉਹਨਾਂ ਉਪਰ ਉਸ ਦੀ ਤਾਕਤ ਦਾ ਰੋਅਬ ਪੈ ਸਕੇ। ਕ੍ਰਿਸਮਸ ਦੇ ਮੌਕੇ ਤੇ ਕਿਰਾਏਦਾਰਾਂ ਨੂੰ ਵਾਈਨ ਆਦਿ ਵੀ ਦਿੰਦਾ ਹੈ ਕਿ ਉਸ ਦੀ

ਦਰਿਆ ਦਿਲੀ ਦਾ ਪ੍ਰਭਾਵ ਪੈ ਸਕੇ। ਕਿਰਾਏਦਾਰਾਂ ਵਿਚ ਬਹੁਤੇ ਵਿਦਿਆਰਥੀ ਲੋਕ ਹੁੰਦੇ ਹਨ। ਯੂਨੀਵਰਸਟੀ ਜਿਉਂ ਨੇੜੇ ਪੈਂਦੀ ਹੈ। ਕਈ ਵਾਰ ਵਿਦਿਆਰਥੀ ਕਿਰਾਇਆ ਮਾਰ ਕੇ ਭੱਜਣ ਦੀ ਕੋਸ਼ਿਸ਼ ਕਰਦੇ ਹਨ ਪਰ ਉਸ ਨੇ ਇਕ ਮਹੀਨੇ ਦਾ ਕਿਰਾਇਆ ਡਿਪੋਜ਼ਟ ਦੇ ਤੌਰ ਤੇ ਰੱਖਣਾ ਸ਼ੁਰੂ ਕਰ ਦਿਤਾ ਹੈ। ਕਈ ਕਿਰਾਏਦਾਰ ਰਾਮ ਲਾਲ ਨੂੰ ਤੰਗ ਵੀ ਕਰਦੇ ਪਰ ਜਦੋਂ ਦਾ ਵਿਜੈ ਆਇਆ ਹੈ ਕਿਰਾਏਦਾਰ ਠੀਕ ਵਰਤਾਵ ਕਰਦੇ ਹਨ। ਪਹਿਲੀਆਂ ਵਿਚ ਘਰ ਸਸਤੇ ਸਨ ਭਾਵੇਂ ਉਹ ਇਕ ਦੋ ਘਰ ਹੋਰ ਖਰੀਦ ਕੇ ਕਿਰਾਏ ਤੇ ਚਾੜ ਦਿੰਦਾ ਪਰ ਕਿਰਾਏਦਾਰਾਂ ਵਲੋਂ ਖੜੇ ਕੀਤੇ ਜਾਂਦੇ ਮਸਿਲਆਂ ਕਾਰਨ ਹੀ ਅਜਿਹਾ ਨਹੀਂ ਕੀਤਾ। ਹੁਣ ਵਿਜੈ ਦੇ ਆਏ ਤੇ ਸੋਚਦਾ ਹੈ ਕਿ ਇਕ ਹੋਰ ਘਰ ਫਸਾ ਲਵੇ ਪਰ ਹੁਣ ਘਰ ਮਹਿੰਗੇ ਹੋ ਗਏ ਹਨ। ਕਿਰਾਏ 'ਤੇ ਪਾਇਆ ਇਹ ਘਰ, ਘਰ ਨਹੀਂ ਬਲਕਿ ਮੈਂਸ਼ਨ ਹੈ। ਪੰਦਰਾਂ ਕਮਰੇ ਹਨ। ਕਿਸੇ ਵੇਲੇ ਰਾਮ ਲਾਲ ਸੋਚਦਾ ਕਿ ਇਸ ਦਾ ਨਰਸਿੰਗ ਹੋਮ ਬਣਾ ਲਵੇਗਾ ਪਰ ਦੀਪਕ ਦੇ ਔਝੜੇ ਰਾਹ ਪੈ ਜਾਣ ਕਾਰਨ ਸਭ ਬਦਲ ਗਿਆ। ਦੀਪਕ ਨੇ ਕਦੇ ਵੀ ਘਰ ਦੀ ਕੋਈ ਜ਼ਿੰਮੇਵਾਰੀ ਨਹੀਂ ਸੰਭਾਲੀ। ਇਹ ਤਾਂ ਜਦੋਂ ਦਾ ਵਿਜੈ ਆਇਆ ਹੈ ਤਾਂ ਉਸ ਨੂੰ ਮਹਿਸੂਸ ਹੋਣ ਲਗਿਆ ਹੈ ਕਿ ਘਰ ਵਿਚ ਜਵਾਨ ਪੁੱਤ ਹੋਵੇ ਤਾਂ ਜ਼ਿੰਦਗੀ ਕਿੰਨੀ ਸੌਖੀ ਹੋ ਜਾਂਦੀ ਹੈ। ਘਰ ਦੇ ਗਾਰਡਨ ਦਾ ਘਾਹ ਵਿਜੈ ਨੇ ਕਟਣਾ ਹੈ। ਕਿਸੇ ਕਮਰੇ ਨੂੰ ਰੰਗ-ਰੋਗਨ ਕਰਨ ਵਾਲਾ ਹੋਵੇ ਤਾਂ ਉਸ ਨੇ ਕਰਨਾ ਹੈ। ਇਥੋਂ ਤਕ ਕਿ ਤਾਏ-ਤਾਈ ਦੀ ਦਵਾ ਦਾ ਧਿਆਨ ਉਸ ਨੇ ਰੱਖਣਾ ਹੈ ਕਿ ਮੁੱਕੀ ਤਾਂ ਨਹੀਂ। ਉਹਨਾਂ ਨੇ ਖਾਧੀ ਵੀ ਹੈ ਜਾਂ ਨਹੀਂ।

ਤਾਏ ਨਾਲ ਉਸ ਦੀਆਂ ਕਈ ਸੁਰਾਂ ਮਿਲਦੀਆਂ ਹਨ। ਇਕ ਸੁਰ ਹੈ ਕਿ ਤਾਏ ਨੂੰ ਵੀ ਫਿਲਮੀ ਗੀਤਾਂ ਦਾ ਸ਼ੌਂਕ ਹੈ ਤੇ ਵਿਜੈ ਨੂੰ ਵੀ। ਤਾਇਆ ਆਪਣੀ ਜਵਾਨੀ ਸਮੇਂ ਦੇ ਗੀਤ ਹੀ ਪਸੰਦ ਕਰਦਾ ਹੈ ਤੇ ਵਿਜੈ ਨੂੰ ਵੀ ਸੱਠਵਿਆਂ ਤੇ ਸੱਤਵਿਆਂ ਦੇ ਗੀਤ ਜ਼ਿਆਦਾ ਪਸੰਦ ਹਨ। ਉਹ ਲੰਡਨ ਗਿਆ ਕਿੰਨੀਆਂ ਸਾਰੀਆਂ ਕੈਸਟਾਂ ਤਾਏ ਲਈ ਖਰੀਦ ਲਿਆਉਂਦਾ ਹੈ ਜਦ ਕਿ ਹੁੰਦੀਆਂ ਉਸ ਦੇ ਆਪਣੇ ਲਈ ਹੀ ਹਨ। ਇਕ ਵਾਰੀ ਉਹ ਮੁਹੰਮਦ ਰਫੀ ਤੇ ਲਤਾ ਮੰਗੇਸ਼ਕਰ ਦੀ ਦੋਗਾਣਿਆਂ ਦੀ ਟੇਪ ਲੈ ਆਉਂਦਾ ਹੈ ਤਾਂ ਤਾਇਆ ਕਹਿਣ ਲਗਦਾ ਹੈ ਕਿ ਤੂੰ ਤੇ ਮੇਰੀ ਥਕਾਵਟ ਦਾ ਇੰਤਜ਼ਾਮ ਕਰ ਆਇਆਂ। ਵਿਜੈ ਨੂੰ ਗੁਣਗਣਾਉਣ ਦਾ ਸ਼ੌਂਕ ਵੀ ਹੈ ਜਿਵੇਂ ਕਈਆਂ ਨੂੰ ਨਹਾਉਣ ਸਮੇਂ ਗਾਉਣ ਦੀ ਆਦਤ ਹੁੰਦੀ ਹੈ। ਖਾਸ ਮੂਡ ਹੋਵੇਗਾ ਤਾਂ ਗੁਣਗੁਣਾਉਣ ਲਗੇਗਾ ਪਰ ਗਾਵੇਗਾ ਸਿਰਫ ਇਕ ਲਾਈਨ ਹੀ ਤੇ ਇਹ ਇਕ ਲਾਈਨ ਵੀ ਕਿਸੇ ਰੁਮਾਂਟਿਕ ਗਾਣੇ ਦੀ ਹੀ ਹੋਵੇਗੀ। ਤਾਏ ਦੇ ਘਰ ਵਿਚ ਟੈਲੀ ਨਾਲੋਂ ਟੇਪ ਜ਼ਿਆਦਾ ਚਲਦੀ ਹੈ ਖਾਸ ਤੌਰ ਤੇ ਜਦ ਤਾਇਆ ਘਰ ਹੋਵੇ। ਤਾਇਆ ਮੁਹੰਮਦ ਰਫੀ ਦਾ ਜ਼ਿਆਦਾ ਪਰਸੰਸਕ ਹੈ ਤੇ ਦੂਜੇ ਨੰਬਰ ਤੇ ਮੁਕੇਸ਼ ਤੇ ਮਹਿੰਦਰ ਕਪੂਰ ਨੂੰ ਰੱਖਦਾ ਹੈ ਪਰ ਵਿਜੈ ਕਿਸ਼ੋਰ ਕੁਮਾਰ ਨੂੰ ਵੀ ਮਹੱਤਤਾ ਦਿੰਦਾ ਹੈ। ਕਈ ਵਾਰ ਉਹ ਇਹਨਾਂ ਗਾਇਕਾਂ ਬਾਰੇ ਗੱਲਾਂ ਕਰਦੇ ਬਹਿਸਣ ਵੀ ਲਗਦੇ ਹਨ।

ਦੀਪਕ ਨੇ ਸਕੂਲ ਤਾਂ ਕਦੋਂ ਦਾ ਛੱਡਿਆ ਹੋਇਆ ਹੈ। ਰਾਮ ਲਾਲ ਨੂੰ ਉਸ ਦੇ ਨਾ ਪੜ੍ਹਨ ਦਾ ਦੁੱਖ ਤਾਂ ਹੈ ਪਰ ਇਹ ਦੁੱਖ ਵੱਡਾ ਹੈ ਕਿ ਉਹ ਕਿਧਰੇ ਟਿਕ ਕੇ ਕੰਮ ਨਹੀਂ ਕਰ ਰਿਹਾ। ਮਹੀਨਾ ਕੰਮ ਕੀਤਾ ਤੇ ਮਹੀਨਾ ਬੈਠ ਕੇ ਖਾ ਲਿਆ। ਰਾਤ ਨੂੰ ਘਰ ਆਇਆ ਜਾਂ ਨਾ ਆਇਆ ਇਕ ਬਰਾਬਰ। ਜੋ ਕਦੇ ਕੁਝ ਕਮਾਉਂਦਾ ਹੈ ਕੁੜੀਆਂ ਉਪਰ ਖਰਚ ਕਰ ਦਿੰਦਾ ਹੈ। ਵਿਆਹ ਕਰਾਉਣ ਲਈ ਉਹ ਮੰਨ ਨਹੀਂ ਰਿਹਾ। ਜੇ ਕਦੇ ਨਿਰਮਲਾ ਨੇ ਜ਼ਿਆਦਾ ਜ਼ੋਰ ਪਾਉਂਦੀ ਹੈ ਤਾਂ ਉਹ ਘਰੋਂ ਚਲੇ ਜਾਂਦਾ ਹੈ ਤੇ ਕਈ ਮਹੀਨੇ ਘਰ ਨਹੀਂ ਵੜਦਾ। ਇਹ ਵੀ ਇਕ ਕਾਰਣ ਹੈ ਕਿ ਰਾਮ ਲਾਲ ਦਾ ਝੁਕਾਅ ਵਿਜੈ ਵਲ ਨੂੰ ਹੈ। ਰਾਮ ਲਾਲ ਕਈ ਵਾਰ ਆਪਣੇ ਇੰਗਲੈਂਡ ਆਉਣ ਨੂੰ ਕੋਸਣ ਲਗਦਾ ਹੈ ਕਿ ਇਥੇ ਆ ਕੇ ਔਲਾਦ ਗਵਾ ਲਈ ਹੈ।

ਰਾਮ ਲਾਲ ਆਪਣੇ ਭਰਾ ਨੂੰ ਪੈਸੇ ਭੇਜਦਾ ਤਾਂ ਸੋਚਣ ਲਗਦਾ ਕਿ ਕਿਉਂ ਨਾ ਉਸ ਦੇ ਇਕ ਮੁੰਡੇ ਨੂੰ ਇਧਰ ਕੱਢ ਲਵੇ ਜੋ ਕਿ ਆਪੇ ਹੀ ਆਪਣਾ ਭਾਰ ਚੁੱਕੇ। ਮੁੰਡੇ ਨੂੰ ਲੰਘਾਉਣ ਲਈ ਉਸ ਨੂੰ ਕੋਈ ਤਰੀਕਾ ਨਹੀਂ ਲਭਦਾ। ਇਸ ਦਾ ਇਕੋ ਇਕ ਤਰੀਕਾ ਵਿਆਹ ਹੈ। ਵਿਆਹ ਲਈ ਕੋਈ ਕੁੜੀ ਚਾਹੀਦੀ ਹੈ। ਕੁੜੀ ਕੋਈ ਮਿਲ ਨਹੀਂ ਸੀ ਰਹੀ। ਅੰਤ ਉਸ ਨੇ ਕਿਸੇ ਦੋਸਤ ਰਾਹੀਂ ਨਕਲੀ ਜਿਹੇ ਵਿਆਹ ਲਈ ਇਕ ਕੁੜੀ ਲੱਭ ਕੇ ਵਿਜੈ ਨੂੰ ਸੱਦ ਲੈਂਦਾ ਹੈ। ਹੁਣ ਵਿਜੈ ਪੱਕਾ ਹੋ ਚੁੱਕਾ ਹੈ ਤੇ ਜਲਦੀ ਹੀ ਤਲਾਕ ਲੈ ਕੇ ਦੁਬਾਰਾ ਵਿਆਹ ਦੇ ਕਾਬਲ ਹੋ ਜਾਵੇਗਾ। ਰਾਮ ਲਾਲ ਅਕਸਰ ਸੋਚਣ ਲਗਦਾ ਹੈ ਕਿ ਦੀਪਕ ਦਾ ਵਿਆਹ ਤਾਂ ਪਤਾ ਨਹੀਂ ਕਦ ਹੋਵੇ, ਉਹ ਆਪਣੇ ਸਾਰੇ ਚਾਅ ਵਿਜੈ ਨੂੰ ਵਿਆਹੁਣ ਵਿਚੋਂ ਹੀ ਪੂਰੇ ਕਰੇਗਾ। ਉਸ ਨੇ ਆਪਣੇ ਦੋਸਤ ਭਾਰਦਵਾਜ ਨਾਲ ਗੱਲ ਕੀਤੀ ਵੀ ਹੋਈ ਹੈ। ਭਾਰਦਵਾਜ ਦੀ ਭਤੀਜੀ ਪਿਛੇ ਇੰਡੀਆ ਵਿਚ ਲੁਧਿਆਣੇ ਰਹਿੰਦੀ ਹੈ। ਕੁੜੀ ਵਾਲੇ ਮੋਟੀ ਪਾਰਟੀ ਹਨ ਤੇ ਦਾਜ ਦੀ ਵੀ ਵਾਹਵਾ ਆਸ ਹੈ। ਭਾਰਦਵਾਜ ਤਾਂ ਦੀਪਕ ਨੂੰ ਵੀ ਰਿਸ਼ਤਾ ਕਰਵਾਉਂਦਾ ਹੈ ਪਰ ਦੀਪਕ ਹੁਣ ਲੀਹੋਂ ਉਤਰ ਚੁੱਕਾ ਹੈ। ਫਿਰ ਦੀਪਕ ਕੋਲ ਹਾਲੇ ਵਕਤ ਵੀ ਹੈ। ਵਿਜੈ ਦੀ ਵਿਆਹ ਦੀ ਉਮਰ ਹੋ ਚੁੱਕੀ ਹੈ। ਉਸ ਤੋਂ ਛੋਟੇ ਅਸ਼ੋਕ ਦੇ ਤਾਂ ਦੋ ਬੱਚੇ ਵੀ ਹਨ। ਕਈ ਵਾਰ ਤਾਇਆ ਵਿਜੈ ਦਾ ਬਹੁਤਾ ਫਿਕਰ ਕਰਨ ਲਗ ਪੈਂਦਾ ਹੈ।

ਵਿਜੈ ਇੰਗਲੈਂਡ ਪੁਜਦਾ ਹੀ ਕੰਮ ਕਰਨ ਲਗ ਹੈ ਤੇ ਇਕ ਦਿਨ ਵੀ ਵਿਹਲਾ ਨਹੀਂ ਬੈਠਦਾ। ਉਸ ਨੇ ਆਉਂਦਿਆ ਹੀ ਘਰ ਨੂੰ ਪੈਸੇ ਭੇਜਣੇ ਸ਼ੁਰੂ ਕਰ ਦਿਤੇ ਹਨ। ਪਹਿਲਾਂ ਤਾਂ ਉਹ ਅਸ਼ੋਕ ਨੂੰ ਪਿੰਡ ਵਿਚ ਹੀ ਨਵਾਂ ਘਰ ਛੱਤਵਾ ਦਿੰਦਾ ਹੈ ਫਿਰ ਦੁਕਾਨ ਵੱਡੀ ਬਣਾ ਦਿੰਦਾ ਹੈ। ਫਿਰ ਜਦ ਖਾਲਿਸਤਾਨੀ ਲਹਿਰ ਨਾਲ ਜੁੜੇ ਲੋਕ ਫਿਰੌਤੀ ਮੰਗਦੇ ਹਨ ਤਾਂ ਉਸ ਨੂੰ ਆਪਣੇ ਮਾਮਿਆਂ ਕੋਲ ਦਿੱਲੀ ਭੇਜ ਦਿੰਦਾ ਤੇ ਉਥੇ ਉਸ ਨੂੰ ਨਵਾਂ ਕੰਮ ਸ਼ੁਰੂ ਕਰਵਾ ਦਿੰਦਾ ਹੈ। ਹੁਣ ਅਸ਼ੋਕ ਸੈੱਟ ਹੈ ਪਰ ਵਿਜੈ ਦਾ ਹਾਲੇ ਕੁਝ ਨਹੀਂ ਸੀ

ਬਣਿਆਂ। ਆਪਣਾ ਇਹੋ ਫਿਕਰ ਰਾਮ ਲਾਲ ਘਰਵਾਲੀ ਨਾਲ ਸਾਂਝਾ ਕਰਨ ਲਗਦਾ ਹੈ ਕਿ ਘਰ ਵਿਚ ਲੜਾਈ ਪੈ ਜਾਂਦੀ ਹੈ। ਇਕ ਪਾਸੇ ਦੀਪਕ ਅਜ ਘਰ ਨਹੀਂ ਆਇਆ ਜਿਸ ਦਾ ਉਸ ਨੂੰ ਕੋਈ ਫਿਕਰ ਨਹੀਂ ਤੇ ਦੂਜੇ ਪਾਸੇ ਵਿਜੈ ਦਾ ਫਿਕਰ ਉਹ ਖਾਹਮ ਖਾਹ ਕਿਉਂ ਕਰੀ ਜਾ ਰਿਹਾ ਹੈ। ਤਾਏ ਨੂੰ ਯਕੀਨ ਹੈ ਕਿ ਵਿਜੈ ਨੇ ਬਹੁਤਾ ਕੁਝ ਨਹੀਂ ਸੁਣਿਆ ਹੋਵੇਗਾ। ਉਸ ਦੇ ਹਿਸਾਬ ਨਾਲ ਵਿਜੈ ਸੌਂ ਚੁੱਕਾ ਹੈ ਇਹ ਤਾਂ ਜਦ ਨਿਰਮਲਾ ਸੌਣ ਜਾਂਦੀ ਹੈ ਤਾਂ ਦਸਦੀ ਹੈ ਕਿ ਵਿਜੈ ਕਿਧਰੇ ਚਲੇ ਗਿਆ ਹੈ। ਤਾਏ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਉਹ ਉਠ ਕੇ ਭਜਦਾ ਹੈ। ਉਸ ਨੂੰ ਪਤਾ ਹੈ ਕਿ ਉਹ ਸਮੁੰਦਰ ਵਲ ਨੂੰ ਹੀ ਆਇਆ ਹੋਵੇਗਾ।...

ਵਿਜੈ ਪਿੱਛੇ ਨੂੰ ਘੁੰਮ ਕੇ ਦੇਖਦਾ ਹੈ ਤਾਂ ਤਾਇਆ ਖੜਾ ਦਿਸਦਾ ਹੈ। ਉਹ ਇਕ ਦਮ ਕਹਿ ਉਠਦਾ ਹੈ,

“ਤਾਇਆ ਤੂੰ!”

“ਤੇ ਤੂੰ ਇਥੇ ਕੀ ਕਰਦਾਂ? ਤਾਈ ਨੇ ਮਾੜੀ ਜਿਹੀ ਗੱਲ ਕਹਿ ਦਿਤੀ ਤੇ ਤੂੰ ਰੁੱਸ ਬੈਠਾ, ਤੈਨੂੰ ਤਾਂ ਉਸ ਦੇ ਸੁਭਾਅ ਦਾ ਪਤਾ ਤੇ ਤੈਨੂੰ ਉਹਦੇ ਇਸ ਵਤੀਰੇ ਦਾ ਕਾਰਣ ਵੀ ਪਤੈ।”

“ਸੌਰੀ ਤਾਇਆ, ਮੈਨੂੰ ਪਤਾ ਕਿ ਤਾਈ ਨਹੀਂ ਚਾਹੁੰਦੀ ਕਿ ਮੈਂ ਘਰ ਰਹਾਂ।”

“ਓਹ ਇਹ ਗੱਲ ਨਹੀਂ ਪੁੱਤਰਾ, ਉਹ ਮੱਲੋ ਮੱਲੀ ਦੀਪਕ ਨੂੰ ਤੇਰੇ ਨਾਲ਼ ਮਿਲ਼ਾ ਕੇ ਦੇਖਣ ਲਗ ਪੈਂਦੀ ਐ, ਚੱਲ ਆ ਘਰ ਨੂੰ ਚਲੀਏ ਤੇ ਰਾਹ ਵਿਚ ਗੱਲਾਂ ਕਰਦੇ ਆਂ।”

ਵਿਜੈ ਇਨਕਾਰ ਨਹੀਂ ਕਰ ਸਕਦਾ ਤੇ ਤਾਏ ਦੇ ਨਾਲ ਤੁਰ ਪੈਂਦਾ ਹੈ। ਤਾਇਆ ਕਹਿੰਦਾ ਹੈ,

“ਤੇਰੀ ਤਾਈ ਨੂੰ ਵੀ ਤਾਂ ਤੇਰੀ ਓਨੀ ਈ ਲੋੜ ਐ ਜਿੰਨੀ ਮੈਨੂੰ, ਅਸਲ ਵਿਚ ਉਹ ਵੀ ਦੀਪਕ ਵਲੋਂ ਦੁਖੀ ਐ, ਤੂੰ ਸਮਝਦਾ ਈ ਐਂ।”

“ਹਾਂ ਸਮਝਦਾਂ ਪਰ ਤਾਇਆ ਹੁਣ ਵਕਤ ਆ ਗਿਆ ਕਿ ਮੈਂ ਕਿਤੇ ਹੁਣ ਹੋਰ ਰਹਾਂ।”

“ਐਡਾ ਵੱਡਾ ਘਰ ਛੱਡ ਕੇ ਕਿਤੇ ਹੋਰ ਕਿਥੇ ਰਹੇਂਗਾ? ਲੋਕ ਕੀ ਕਹਿਣਗੇ ਕਿ ਸ਼ਰਮੇ ਤੋਂ ਭਤੀਜਾ ਘਰ ਨਹੀਂ ਰੱਖ ਹੋਇਆ, ਫੇਰ ਹੁਣ ਤੇਰੀ ਵੀ ਤਾਂ ਕਿੰਨੀ ਵਾਕਫੀ ਐ, ਕੀ ਜਵਾਬ ਦੇਵੇਂਗਾ ਜਦ ਕੋਈ ਪੁੱਛੇਗਾ ਤਾਂ?”

“ਤਾਇਆ, ਤੂੰ ਆਪੇ ਤਾਂ ਕਹਿੰਨਾ ਹੁੰਨਾ ਕਿ ਲੋਕਾਂ ਦੀ ਬਹੁਤੀ ਪਰਵਾਹ ਨਹੀਂ ਕਰੀਦੀ।”

“ਪਰ ਲੋਕ ਤਾਂ ਤੁਹਾਡੀ ਪਰਵਾਹ ਕਰਦੇ ਆ ਨਾ, ਤੁਹਾਡੇ ਬਾਰੇ ਸੋਚਦੇ ਆ ਤੇ ਗਲਤ ਸਹੀ ਨਤੀਜੇ ਕੱਢਦੇ ਆ।”

“ਪਰ ਤਾਇਆ, ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਤਾਈ ਦਾ ਦਿਲ ਦੁਖੇ ਜਾਂ ਘਰ ਵਿਚ ਲੜਾਈ ਪਵੇ।”

“ਤੂੰ ਐਵੇਂ ਨਾ ਫਿਕਰ ਕਰ, ਤਾਈ ਤੇਰੀ ਦਿਲ ਦੀ ਬੁਰੀ ਨਹੀਂ। ਮੈਂ ਸਾਰੀ ਉਮਰ ਐਵੇਂ ਨਹੀਂ ਕੱਢ ਲਈ!”

“ਤਾਇਆ, ਮੈਂ ਵੌਲਸ ਰੋਡ ਤੇ ਮੂਵ ਕਰ ਜਾਂਨਾ, ਮੇਰਾ ਖਿਆਲ ਐ ਤਾਈ ਵੀ ਇਹਦੇ ਵਿਚ ਖੁਸ਼ ਹੋਵੇਗੀ। ਇਕ ਕਮਰਾ ਅਗਲੇ ਹਫਤੇ ਖਾਲੀ ਹੋ ਰਿਹੈ।”

ਵਿਜੈ ਦੀ ਅਵਾਜ਼ ਵਿਚ ਦ੍ਰਿੜਤਾ ਹੈ। ਰਾਮ ਲਾਲ ਸੋਚਣ ਲਗਦਾ ਹੈ ਕਿ ਇਹ ਠੀਕ ਰਹੇਗਾ। ਨਿਰਮਲਾ ਕਈ ਵਾਰ ਚੁਰ ਚੁਰ ਕਰ ਚੁੱਕੀ ਹੈ। ਅਜ ਵਾਲੀ ਗੱਲ ਕਦੇ ਵਿਜੈ ਦੇ ਸਾਹਮਣੇ ਵੀ ਕਹਿ ਸਕਦੀ ਹੈ ਇਸ ਲਈ ਵਿਜੈ ਦੂਰ ਹੀ ਠੀਕ ਹੈ। ਉਹ ਆਖਦਾ ਹੈ,

“ਠੀਕ ਆ ਤੇ ਫਿਰ ਤੂੰ ਏਦਾਂ ਕਰ ਕਿ ਆਪਣਾ ਘਰ ਲੈ ਲੈ, ਕੁਸ਼ ਤੇਰੇ ਕੋਲ਼ ਹੋਣੇ ਈ ਆਂ ਤੇ ਕੁਸ਼ ਮੈਂ ਦੇ ਦਿੰਨਾਂ। ਮੌਰਟਗੇਜ ਤਾਂ ਤੈਨੂੰ ਮਿਲ਼ ਈ ਜਾਣੀ ਆਂ।”

“ਅਸ਼ੋਕ ਦਿੱਲੀ ਵਿਚ ਫਲੈਟ ਲੈਣ ਦੀ ਕੋਈ ਗੱਲ ਕਰਦਾ ਸੀ, ਮੈਂ ਕਹਿੰਨਾਂ ਪਹਿਲਾਂ ਉਹ ਲੈ ਲਵੇ।”

“ਨਹੀਂ, ਪਹਿਲਾਂ ਤੂੰ ਘਰ ਲੈ, ਉਹਦੇ ਬਾਰੇ ਬਾਅਦ ਵਿਚ ਸੋਚਦੇ ਆਂ, ਉਹ ਜਿਥੇ ਰਹਿੰਦਾ ਠੀਕ ਐ, ਮੈਂ ਦੇਖ ਆਇਆਂ, ਜੇ ਬਹੁਤਾ ਈ ਹੋਏਗਾ ਤਾਂ ਕਹਾਂਗੇ ਕਿ ਪਿੰਡੋਂ ਕੁਸ਼ ਵੇਚ ਲੈ; ਘਰ, ਦੁਕਾਨ ਜਾਂ ਜ਼ਮੀਨ। ਹੁਣ ਤਾਂ ਹਲਾਤ ਬੇਹਤਰ ਆ, ਤੂੰ ਘਰ ਲੈ ਤੇ ਫੇਰ ਤੇਰਾ ਵਿਆਹ ਕਰੀਏ।”

ਵਿਜੈ ਕੁਝ ਨਹੀਂ ਬੋਲਦਾ। ਉਹ ਚੁੱਪ ਚਾਪ ਤੁਰਦਾ ਰਹਿੰਦਾ ਹੈ। ਘਰ ਪੁੱਜ ਕੇ ਉਹ ਆਖਦਾ ਹੈ,

“ਤਾਇਆ, ਤੂੰ ਸੌਂ ਜਾਹ, ਮੈਂ ਚਾਹ ਪੀ ਲਵਾਂ।”

“ਲੈ ਬਈ ਚਾਹ ਬਣਾ, ਚਾਹ ਤਾਂ ਮੈਂ ਵੀ ਪੀਵਾਂਗਾ, ...ਤਾਈ ਦੀ ਚਿੰਤਾ ਨਾ ਕਰ, ਸਵੇਰੇ ਦੇਖੀਂ ਓਹਨੇ ਏਦਾਂ ਹੋ ਜਾਣਾ ਜਿੱਦਾਂ ਕੁਸ਼ ਹੋਇਆ ਈ ਨਾ ਹੋਵੇ।”

## ਤਿੰਨ

ਵਰਦਿੰਗ ਦੀ ਹਾਈ ਸਟਰੀਟ ਉਪਰ ਬਸ ਸਟੌਪ ਦੇ ਇਕ ਦਮ ਸਾਹਮਣੇ ਰਮੇਸ਼ ਦੁੱਗਲ ਦੀ ਦੁਕਾਨ ਹੈ-ਦੁੱਗਲ ਇਲੈਕਟਰੌਨਕ ਗੁਡਜ਼। ਉਹ ਟੈਲੀਵੀਯਨ, ਵੀਡੀਓ, ਟੇਪਾਂ, ਰੇਡੀਓ ਤੇ ਅਜਿਹਾ ਹੀ ਬਿਜਲੀ ਦਾ ਹੋਰ ਸਮਾਨ ਵੇਚਦਾ ਹੈ। ਪਹਿਲਾਂ ਤਾਂ ਇਹ ਦੁਕਾਨ ਛੋਟੀ ਹੀ ਸੀ ਪਰ ਫਿਰ ਇਕ ਜਪਾਨੀ ਕੰਪਨੀ ਨੇ ਇਸ ਨੂੰ ਵੱਡੀ ਬਣਾਉਣ ਵਿਚ ਉਸ ਦੀ ਸਹਾਇਤਾ ਕਰ ਦਿੰਦੀ ਹੈ। ਕੰਪਨੀ ਨੂੰ ਆਪਣੇ ਸ਼ੋਅ ਰੂਮ ਬਣਾਉਣ ਲਈ ਜਗਾਹ ਵੀ ਚਾਹੀਦੀ ਹੈ ਤੇ ਏਜੰਟ ਵੀ। ਰਮੇਸ਼ ਦੁੱਗਲ ਦੀ ਦੁਕਾਨ ਟਿਕਾਣੇ ਸਿਰ ਹੈ ਤੇ ਚਲਦੀ ਵੀ ਠੀਕ ਹੈ ਇਸ ਲਈ ਕੰਪਨੀ ਆਪਣਾ ਮਾਲ ਵੇਚਣ ਲਈ ਇਹ ਜਗਾਹ ਢੁਕਵੀਂ ਸਮਝਦੀ ਹੋਈ ਰਮੇਸ਼ ਨੂੰ ਆਪਣਾ ਏਜੰਟ ਬਣਾ ਲੈਂਦੀ ਹੈ। ਇਸ ਦਾ ਰਮੇਸ਼ ਨੂੰ ਬਹੁਤ ਫਾਇਦਾ ਹੁੰਦਾ ਹੈ। ਕੰਪਨੀ ਆਪਣੀ ਮਸ਼ਹੂਰੀ ਉਪਰ ਕਾਫੀ ਪੈਸੇ ਖਰਚ ਕਰਦੀ ਹੈ ਇਸ ਨਾਲ ਰਮੇਸ਼ ਦੀ ਗਾਹਕੀ ਤਾਂ ਵਧਣੀ ਹੀ ਹੁੰਦੀ ਹੈ। ਰਮੇਸ਼ ਸਵੇਰੇ ਦੁਕਾਨ ਖੋਹਲਦਾ ਹੈ ਤੇ ਉਸ ਦੀ ਪਤਨੀ ਅੰਮਰਤੀ ਬੱਚਿਆਂ ਨੂੰ ਸਕੂਲ ਛੱਡ ਕੇ ਉਸ ਦੀ ਮਦਦ ਲਈ ਆ ਜਾਂਦੀ ਹੈ। ਸ਼ਾਮ ਨੂੰ ਅੰਮਰਤੀ ਬੱਚਿਆਂ ਨੂੰ ਸਕੂਲੋਂ ਲੈਣ ਵੇਲੇ ਘਰ ਚਲੇ ਜਾਂਦੀ ਹੈ। ਹੁਣ ਕੰਮ ਹੋਰ ਵੀ ਵਧ ਜਾਂਦਾ ਹੈ ਕਿਉਂਕਿ ਕਰਜ਼ਾ ਦੇਣ ਵਾਲੀ ਇਕ ਫਿਨਾਂਸ ਕੰਪਨੀ ਨੇ ਸਮਾਨ ਕਿਸ਼ਤਾਂ ਉਪਰ ਦੇਣ ਦੀ ਸਹੂਲਤ ਵੀ ਦੇ ਦਿਤੀ ਹੈ। ਕੰਮ ਜ਼ਿਆਦਾ ਹੋਣ ਕਾਰਨ ਉਸ ਨੂੰ ਇਕ ਵਿਅਕਤੀ ਕੰਮ ਲਈ ਹੋਰ ਰੱਖਣਾ ਪੈ ਜਾਂਦਾ ਹੈ। ਭਾਰਾ ਸਮਾਨ ਲੱਦਣ ਲਾਹੁਣ ਲਈ ਪਹਿਲਾਂ ਹੀ ਜੌਹਨ ਹੈ ਹੀ। ਦੁੱਗਲ ਤੇਜ਼ ਆਦਮੀ ਹੈ। ਕਾਰੋਬਾਰ ਨੇ ਉਸ ਨੂੰ ਚੰਗੇ ਬੁਰੇ ਦੀ ਪੱਛਾਣ ਕਰਨੀ ਸਿਖਾ ਦਿਤੀ ਹੈ ਪਰ ਉਸ ਤੋਂ ਵੀ ਤੇਜ਼ ਹੈ ਅੰਮਰਤੀ। ਅੰਮਰਤੀ ਘਰ ਦੇ ਬਾਹਰਦੇ ਸਾਰੇ ਕੰਮਾਂ ਨੂੰ ਤੇਜ਼ ਹੈ। ਉਸ ਨੂੰ ਅਗਲੇ ਤੋਂ ਕੰਮ ਲੈਣਾ ਆਉਂਦਾ ਹੈ। ਜਿਸ ਨਾਲ ਗੱਲ ਕਰਦੀ ਹੈ ਉਸ ਨੂੰ ਆਪਣਾ ਬਣਾ ਲੈਂਦੀ ਹੈ। ਇਸ ਲਈ ਉਹਨਾਂ ਦੀ ਵਾਕਫੀ ਦਾ ਘੇਰਾ ਕਾਫੀ ਵੱਡਾ ਹੈ ਜੋ ਕਿ ਉਹਨਾਂ ਦੇ ਕਾਰੋਬਾਰ ਵਿਚ ਬਹੁਤ ਸਹਾਈ ਹੋ ਰਿਹਾ ਹੈ। ਵਰਦਿੰਗ ਦੇ ਏਸ਼ੀਅਨ ਲੋਕ ਤਾਂ ਉਸ ਦੀ ਦੁਕਾਨ ਤੇ ਹੀ ਆਉਂਦੇ ਹਨ ਪਰ ਲਿਟਲਹੈਂਪਟਨ ਦੇ ਲੋਕ ਵੀ ਇਥੇ ਹੀ ਆਉਂਦੇ ਹਨ ਕਿਉਂਕਿ ਉਹਨਾਂ ਦੀ ਰਿਹਾਇਸ਼ ਦਸ ਕੁ ਮੀਲ ਦੂਰ ਸਥਿਤ ਸ਼ਹਿਰ ਲਿਟਲਹੈਂਪਟਨ ਵਿਖੇ ਹੈ। ਉਥੇ ਵੀ ਇਸ ਜੋੜੀ ਨੇ ਆਪਣੀ ਵਾਕਫੀ ਕਾਫੀ ਵਧਾਈ ਹੋਈ ਹੈ।

'ਦੁੱਗਲ ਇਲੈਕਟਰੌਨਕ ਗੁਡਜ਼' ਦੇ ਸਾਹਮਣੇ ਜੋ ਬੱਸ ਸਟੌਪ ਹੈ ਅਸਲ ਵਿਚ ਉਹ ਬੱਸ ਸਟੇਸ਼ਨ ਹੈ। ਵਰਦਿੰਗ ਟਰਾਂਸਪੋਰਟ ਦੀਆਂ ਬੱਸਾਂ ਇਥੇ ਆ ਕੇ ਰੁਕਦੀਆਂ ਤਾਂ ਹੈਨ ਹੀ ਪਰ ਕੁਝ ਕੁ ਰੂਟ ਇਥੇ ਆ ਕੇ ਖਤਮ ਹੁੰਦੇ ਹਨ ਜਾਂ ਸ਼ੁਰੂ ਹੁੰਦੇ ਹਨ। ਡਰਾਈਵਰ ਵੀ ਬਦਲਦੇ ਹਨ। ਵਰਦਿੰਗ ਟਰਾਂਸਪੋਰਟ ਦਾ ਇਕ ਇਨਸਪੈਕਟਰ ਵੀ ਇਥੇ ਹੁੰਦਾ ਹੈ ਜੋ ਇਹਨਾਂ ਬੱਸਾਂ ਦੇ ਆਉਣ ਜਾਣ ਦੇ ਵਕਤ ਦਾ ਧਿਆਨ ਰੱਖਦਾ ਹੈ। ਵਿਜੈ ਵਰਦਿੰਗ ਟਰਾਂਸਪਰੋਟ ਵਿਚ ਹੀ ਡਰਾਈਵਰ ਹੈ। ਉਸ ਦੀ ਸ਼ਿਫਟ ਅਕਸਰ ਇਥੋਂ ਹੀ ਸ਼ੁਰੂ ਹੁੰਦੀ ਹੈ ਤੇ ਖਤਮ ਵੀ ਇਥੇ ਹੁੰਦੀ ਹੈ। ਵਿਜੈ ਦਾ ਰਮੇਸ਼ ਦੁਗਲ ਨਾਲ ਮੇਲ਼ ਜੋਲ਼ ਹੋਣਾ ਕੁਦਰਤੀ ਹੈ ਪਰ ਇਹ ਮੇਲ਼ ਜੋਲ਼ ਹੁਣ ਤਕ ਬਹੁਤ ਵਧ ਚੁੱਕਾ ਹੈ। ਇਕ ਖਾਸੀ ਚੰਗੀ ਦੋਸਤੀ ਵਿਚ ਬਦਲ ਚੁੱਕਾ ਹੈ। ਬਲਕਿ ਦੋਸਤੀ ਤੋਂ ਵੀ ਕੁਝ ਉਪਰ ਹੈ। ਕਦੇ ਕਦੇ ਵਿਜੈ ਇਥੇ ਆਪਣੀ ਸ਼ਿਫਟ ਖਤਮ ਕਰਦਾ ਹੈ ਤੇ ਕਦੇ ਆਪਣੀ ਲੰਚ ਬ੍ਰੇਕ ਇਥੇ ਆ ਕੇ ਲੈਂਦਾ ਹੈ। ਜੋ ਵੀ ਹੋਵੇ ਉਹ ਸਿਧਾ ਰਮੇਸ਼ ਦੀ ਦੁਕਾਨ ਵਿਚ ਜਾਂਦਾ ਹੈ ਤੇ ਪੁੱਛਦਾ ਹੈ,

"ਹਾਂ ਬਈ, ਕੀ ਸਮਾਚਾਰ ਐ?"

"ਅੰਮਰਤੀ ਨੇ ਬਣਾਏ ਆ ਚਿਕਨ ਵਿੰਗਜ਼ ਤੇ ਨਾਲ ਤਵੇ ਦੀ ਰੋਟੀ, ਜੇ ਕੁਝ ਹੋਰ ਖਾਣਾ ਤਾਂ ਬਾਹਰੋਂ ਫੜ ਲੈਨੇ ਆਂ।"

"ਭਰਜਾਈ ਤੋਂ ਵਧੀਆ ਕੋਈ ਕੁਕਿੰਗ ਕਰ ਸਕਦੈ! ਜੋ ਹੈ ਚਲੇਗਾ।"

ਅੰਮਰਤੀ ਖੁਸ਼ ਹੁੰਦੀ ਪਿਛਲੇ ਕਮਰੇ ਵਿਚ ਜਾਵੇਗੀ ਤੇ ਸਭ ਕੁਝ ਤਿਆਰ ਕਰਕੇ ਮੇਜ਼ ਤੇ ਰੱਖ ਆਵੇਗੀ ਤੇ ਰਮੇਸ਼ ਨੂੰ ਇਸ਼ਾਰਾ ਕਰੇਗੀ ਕਿ ਜਾ ਕੇ ਖਾ ਲਓ।

ਹੁਣ ਅੰਮਰਤੀ ਵਿਜੈ ਨਾਲ ਸਿਧਾ ਮਜ਼ਾਕ ਕਰਨ ਲਗ ਪੈਂਦੀ ਹੈ। ਪਹਿਲਾਂ ਮਜ਼ਾਕ ਉਹ ਉਸ ਦੀ ਦਹੀਂ ਖਾਣ ਦੀ ਆਦਤ 'ਤੇ ਕਰਦੀ ਹੈ ਕਿ ਪੇਂਡੂ ਲੋਕ ਹੋਰ ਕੀ ਖਾਣਗੇ। ਦੂਜਾ ਮਜ਼ਾਕ ਉਹ ਵਿਜੈ ਦਾ ਸਵੇਰੇ ਉਠ ਕੇ ਜਾਂ ਰੋਟੀ ਤੋਂ ਬਾਅਦ ਗਲ਼ਾ ਸਾਫ ਕਰਨ ਦੇ ਅੰਦਾਜ਼ ਤੋਂ ਕਰਦੀ ਹੈ। ਤੀਜਾ ਮਜ਼ਾਕ ਉਹ ਵਿਜੈ ਦੇ ਕਪੜੇ ਪਰੈੱਸ ਨਾ ਕੀਤੇ ਹੋਣ ਤੋਂ ਕਰਦੀ ਹੈ। ਵਿਜੈ ਵੀ ਭਰਜਾਈ ਭਰਜਾਈ ਕਹਿੰਦਾ ਉਸ ਨਾਲ ਕਈ ਕਿਸਮ ਦੀਆਂ ਝੇਡਾਂ ਕਰਨ ਲਗਦਾ ਹੈ। ਉਹਨਾਂ ਦਾ ਵਧੀਆ ਵਕਤ ਲੰਘ ਰਿਹਾ ਹੈ ਪਰ ਜਦੋਂ ਦਾ ਵਿਜੈ ਨੇ ਘਰ ਲਿਆ ਹੈ ਹਾਲਾਤ ਤੇ ਉਹਨਾਂ ਦੇ ਰਿਸ਼ਤੇ ਬਦਲਣ ਲਗੇ ਹਨ। ਪਹਿਲਾਂ ਵਿਜੈ ਘਰ ਨੂੰ ਜਾਣ ਲਈ ਕਾਹਲਾ ਹੋਇਆ ਕਰਦਾ ਕਿਉਂ ਕਿ ਘਰ ਵਿਚ ਤਾਇਆ ਜਾਂ ਤਾਈ ਹੁੰਦੇ ਪਰ ਹੁਣ ਉਸ ਦੇ ਇਸ ਘਰ ਵਿਚ ਕੋਈ ਉਸ ਦਾ ਇੰਤਜ਼ਾਰ ਨਹੀਂ ਕਰ ਰਿਹਾ ਹੁੰਦਾ। ਹੁਣ ਉਸ ਕੋਲ ਵਕਤ ਹੋਵੇ ਸਹੀ ਤਾਂ ਉਹ ਖੜਾ ਰਹੇਗਾ। ਜੇ ਕਦੇ ਰਮੇਸ਼ ਨੂੰ ਕੰਮ ਵੀ ਹੋਵੇ ਤਾਂ ਉਸ ਦੀ ਮਦਦ ਕਰ ਦੇਵੇਗਾ। ਆਪਣੇ ਵਿਹਲੇ ਵਕਤ ਵਿਚ ਉਹ ਸਭ ਤੋਂ ਪਹਿਲਾਂ ਤਾਂ ਤਾਏ ਦੇ ਕੰਮ ਕਰਦਾ ਹੈ ਜਿਵੇਂ ਕਿ ਗਾਰਡਨ ਦਾ ਘਾਹ ਕਟਣਾ, ਕਿਰਾਏਦਾਰਾਂ ਨੂੰ ਮਿਲਣਾ ਜਾਂ ਘਰ ਦੇ ਹੋਰ ਨਿਕੇ ਮੋਟੇ ਕੰਮ ਫਿਰ ਉਹ ਰਮੇਸ਼ ਦੀ ਦੁਕਾਨ ਤੇ ਆ ਜਾਂਦਾ ਹੈ ਤੇ ਕੁਝ ਕਰਨ ਵਾਲਾ ਹੋਵੇ ਤਾਂ ਕਰਵਾ ਦਿੰਦਾ ਹੈ। ਸ਼ਨਿਚਰਵਾਰ ਦਾ ਦਿਨ ਉਸ ਦਾ ਮੰਦਿਰ ਜਾਣਾ ਤਹਿ ਹੁੰਦਾ ਹੈ। ਸਾਰੇ ਕੰਮ ਛਡ ਕੇ ਉਹ ਉਥੇ ਪੁਜਦਾ ਹੈ। ਕਿਸੇ ਦੀ ਸਹਾਇਤਾ ਕਰਨੀ ਹੋਵੇ ਤਾਂ ਮੰਦਿਰ ਤੋਂ ਬਾਅਦ ਦੇ ਵਕਤ ਵਿਚ ਵੀ ਕਰ ਦਿੰਦਾ ਹੈ।

ਵਿਜੈ ਨੇ ਵਿਕਟੋਰੀਆ ਰੋਡ 'ਤੇ ਘਰ ਲਿਆ ਹੈ, ਤਾਏ ਦੇ ਘਰ ਤੋਂ ਦਸ ਕੁ ਮਿੰਟ ਦੀ ਦੂਰੀ ਤੇ। ਸੀ-ਫਰੰਟ ਤਕ ਤੁਰਨ ਨੂੰ ਬਾਰਾਂ ਕੁ ਮਿੰਟ ਹੀ ਲਗਦੇ ਹਨ। ਉਸ ਨੇ ਉਪਰਲੇ ਤਿੰਨਾਂ ਕਮਰਿਆਂ ਵਿਚ ਕਿਰਾਏਦਾਰ ਰੱਖ ਲੈਂਦਾ ਹੈ ਤੇ ਹੇਠਲੇ ਦੋ ਕਮਰੇ ਉਸ

ਕੋਲ ਹਨ। ਇਕ ਕਮਰਾ ਉਸ ਦੇ ਸੌਣ ਲਈ ਹੈ ਤੇ ਇਕ ਬੈਠਣ-ਉਠਣ ਲਈ। ਕਦੇ ਹੁਸ਼ਿਆਰ ਆ ਜਾਂਦਾ ਹੈ ਤੇ ਕਦੇ ਕੋਈ ਹੋਰ ਦੋਸਤ। ਇਕ ਦਿਨ ਰਮੇਸ਼ ਤੇ ਅੰਮਰਤੀ ਉਹਦੇ ਘਰ ਅਚਾਨਕ ਆ ਜਾਂਦੇ ਹਨ। ਰਮੇਸ਼ ਨੂੰ ਉਹ ਵਿਸਕੀ ਪੇਸ਼ ਕਰਦਾ ਹੈ ਤੇ ਆਪਣੇ ਲਈ ਬੀਅਰ। ਅੰਮਰਤੀ ਉਸ ਦੀ ਰਸੋਈ ਸਾਫ ਕਰਨ ਜਾ ਲਗਦੀ ਹੈ। ਫਿਰ ਉਸ ਦੇ ਸਾਰੇ ਕਪੜੇ ਮਸ਼ੀਨ ਵਿਚ ਪਾਉਂਦੀ ਹੈ। ਹੂਵਰ ਕਰਦੀ ਹੋਈ ਉਸ ਦਾ ਘਰ ਚਮਕਾ ਦਿੰਦੀ ਹੈ। ਉਸ ਦੇ ਸਾਰੇ ਕਪੜੇ ਪਰੈੱਸ ਕਰਕੇ ਅਲਮਾਰੀ ਵਿਚ ਟੰਗ ਦਿੰਦੀ ਹੈ। ਵਿਜੈ ਨੂੰ ਇਹ ਸਭ ਬਹੁਤ ਚੰਗਾ ਲਗਦਾ ਹੈ। ਆਪਣੀ ਤਾਈ ਤੋਂ ਬਾਅਦ ਇਵੇਂ ਕੰਮ ਕਰਦੀ ਕਿਸੇ ਔਰਤ ਨੂੰ ਉਸ ਨੇ ਪਹਿਲੀ ਵਾਰ ਦੇਖਦਾ ਹੈ। ਤਾਈ ਤੋਂ ਇੰਨੀ ਕਾਹਲੀ ਕੰਮ ਨਹੀਂ ਕਰ ਹੁੰਦਾ। ਕਦੇ ਕਦੇ ਉਹ ਆਪ ਤਾਈ ਦੀ ਮਦਦ ਕਰਨ ਲਗਦਾ ਪਰ ਘਰ ਦਾ ਕੰਮ ਕਰਨਾ ਉਸ ਨੂੰ ਬਹੁਤਾ ਚੰਗਾ ਨਹੀਂ। ਭਾਵੇਂ ਤਾਈ ਉਸ ਨਾਲ ਲੜਾਈ ਪਾ ਰੱਖਦੀ ਸੀ ਪਰ ਉਹ ਤਾਈ ਨੂੰ ਅਕਸਰ ਚੇਤੇ ਕਰਦਾ ਰਹਿੰਦਾ ਹੈ। ਭਾਵੇਂ ਤਾਏ-ਤਾਈ ਦੇ ਘਰੋਂ ਬਾਹਰ ਰਹਿ ਕੇ ਉਹ ਖੁਸ਼ ਹੈ ਪਰ ਉਹਨਾਂ ਨੂੰ ਹਰ ਵੇਲੇ ਮਿੱਸ ਕਰਦਾ ਹੈ। ਉਸ ਦਿਨ ਤੋਂ ਬਾਅਦ ਅੰਮਰਤੀ ਅਕਸਰ ਉਸ ਦੇ ਘਰ ਆਉਣ ਲਗਦੀ ਹੈ ਤੇ ਉਸ ਦੇ ਛੋਟੇ ਵੱਡੇ ਕੰਮ ਕਰ ਜਾਂਦੀ ਹੈ। ਉਹ ਜਿਵੇਂ ਅਹਿਸਾਨ ਵਿਚ ਦਬਿਆ ਜਾ ਰਿਹਾ ਹੋਵੇ। ਰੱਖੜੀਆਂ ਆਉਂਦੀਆਂ ਹਨ ਤਾਂ ਅੰਮਰਤੀ ਉਸ ਦੇ ਰੱਖੜੀ ਬੰਨ ਕੇ ਉਸ ਨੂੰ ਭਰਾ ਬਣਾ ਲੈਂਦੀ ਹੈ। ਉਹ ਅੰਮਰਤੀ ਨੂੰ ਸੁਹਣਾ ਜਿਹਾ ਤੋਹਫਾ ਦਿੰਦਾ ਹੈ। ਹੁਣ ਉਹ ਉਸ ਨੂੰ ਭਰਜਾਈ ਦੀ ਥਾਵੇਂ ਦੀਦੀ ਕਹਿ ਕੇ ਬਲਾਉਣ ਲਗਦਾ ਹੈ। ਉਸ ਤੋਂ ਬਾਅਦ ਰਮੇਸ਼ ਉਸ ਨੂੰ ਸਾਲਾ ਸਾਲਾ ਕਹਿ ਕੇ ਛੇੜਨ ਲਗਦਾ ਹੈ ਪਰ ਉਸ ਨੂੰ ਚੰਗਾ ਲਗਦਾ ਹੈ।

ਇਕ ਦਿਨ ਅੰਮਰਤੀ ਉਸ ਨੂੰ ਆਖਦੀ ਹੈ,

"ਵਿਜੇ, ਹੁਣ ਤੂੰ ਵਿਆਹ ਕਰਾ ਲੈ।"

"ਹਾਂ ਦੀਦੀ, ਹੁਣ ਕਰਵਾ ਈ ਲੈਣਾਂ, ਇਧਰੋਂ ਵਿਹਲਾ ਹੋ ਚਲਿਆਂ, ਨਕਲੀ ਵਿਆਹ ਵਾਲੀ ਤੀਵੀਂ ਨਾਲ ਤਲਾਕ ਹੋਣ ਵਾਲੈ ਤੇ ਫਿਰ ਇਹੋ ਕੰਮ ਈ ਕਰਨਾ।"

"ਵਿਜੇ, ਤੈਨੂੰ ਹੁਣ ਇਕ ਏਦਾਂ ਦੀ ਕੁੜੀ ਚਾਹੀਦੀ ਐ ਜਿਹੜੀ ਤੇਰੇ ਘਰ ਨੂੰ ਸੰਭਾਲ ਸਕੇ ਤੇ ਨਾਲੇ ਤੈਨੂੰ ਵੀ।"

ਵਿਜੈ ਸ਼ਰਮਾ ਜਾਂਦਾ ਹੈ ਤੇ ਕੁਝ ਨਹੀਂ ਬੋਲਦਾ। ਹਾਲੇ ਕੱਲ ਹੀ ਤਾਏ ਨੇ ਕਿਸੇ ਭਾਰਦਵਾਜ ਦੀ ਗੱਲ ਕੀਤੀ ਹੈ ਜੋ ਕਿ ਆਪਣੀ ਕਿਸੇ ਰਿਸ਼ਤੇਦਾਰ ਕੁੜੀ ਦਾ ਰਿਸ਼ਤਾ ਉਸ ਨੂੰ ਕਰਨਾ ਚਾਹੁੰਦਾ ਹੈ। ਰਮੇਸ਼ ਪੁੱਛਦਾ ਹੈ,

"ਕਿਹੋ ਜਿਹੀ ਕੁੜੀ ਦਾ ਸੁਫਨਾ ਲਈ ਬੈਠਾ ਐਂ?"

"ਕੁੜੀ ਹੋਵੇ ਬਰਫੀ ਜਿਹੀ।"

"ਬਹੁਤੀ ਮਿੱਠੀ ਚੀਜ਼ ਨਹੀਂ ਖਾਈਦੀ, ਸ਼ੂਗਰ ਹੋ ਜਾਂਦੀ ਐ।"

ਕਹਿ ਕੇ ਰਮੇਸ਼ ਹੱਸਦਾ ਹੈ ਤੇ ਫਿਰ ਕਹਿੰਦਾ ਹੈ,

"ਬਰਫੀ ਤੋਂ ਤੇਰਾ ਕੀ ਭਾਵ? ਜ਼ਰਾ ਡਿਫਾਈਨ ਕਰ।"

"ਪਤਲੀ ਜਿਹੀ, ਲੰਮੀ, ਮਿੱਠੀ, ਮੁਲਾਇਮ ਜਿਹੀ ਜਿਹੜੀ ਆਸਾਨੀ ਨਾਲ ਹਜ਼ਮ ਹੋ ਜਾਵੇ।"

"ਇਹ ਤਾਂ ਫਿਰ ਕਈ ਕੁੜੀਆਂ ਨਾਲ ਵਿਆਹ ਕਰਾਉਣਾ ਪਵੇਗਾ, ਇਕ ਵਿਚ ਤਾਂ ਇਹ ਸਾਰੇ ਗੁਣ ਨਹੀਂ ਲੱਭਣੇ।"

ਬਰਫੀ ਵਰਗੀ ਕੁੜੀ ਦੀ ਧਾਰਨਾ ਪਤਾ ਨਹੀਂ ਉਸ ਦੇ ਮਨ ਵਿਚ ਕਿਥੋਂ ਆਈ ਪਰ ਹੈ ਇਹ ਗੱਲ ਉਸ ਦੇ ਬਚਪਨ ਤੋਂ ਹੀ। ਉਹਨਾਂ ਦੇ ਪਿੰਡ ਦੀ ਝੀਰਾਂ ਦੀ ਕੁੜੀ ਭਾਗੀ ਵੀ ਇਸੇ ਸ਼ਹਿਰ ਵਿਚ ਰਹਿੰਦੀ ਹੈ। ਭਾਗੀ ਉਸ ਦੇ ਨਾਲ ਹੀ ਪੜਦੀ ਰਹੀ ਹੈ। ਭਾਗੀ ਜਦ ਵੀ ਮਿਲੇ ਤਾਂ ਪੁੱਛਦੀ ਹੈ,

"ਵੇ ਵਿਜੇ, ਬਰਫੀ ਮਿਲੀ ਕਿ ਨਹੀਂ ਕਿਧਰੇ?"

ਪਿੰਡ ਦੀ ਕੁੜੀ ਹੋਣ ਕਰਕੇ ਭਾਗੀ ਤਾਏ ਦੇ ਘਰ ਆਉਂਦੀ ਰਹਿੰਦੀ ਹੈ। ਵਿਜੈ ਨੂੰ ਵੀ ਮਿਲਦੀ ਰਹਿੰਦੀ ਹੈ। ਭਾਗੀ ਦਾ ਤਲਾਕ ਹੋ ਚੁੱਕਿਆ ਹੈ। ਵਿਜੈ ਨੇ ਭਾਗੀ ਦੀ ਬਹੁਤ ਮੱਦਦ ਕੀਤੀ ਹੈ। ਸਾਰੇ ਚਲਦੇ ਕੇਸ ਵਿਚ ਤੇ ਫਿਰ ਉਸ ਨੂੰ ਕੌਂਸਲ ਦਾ ਘਰ ਦਵਾਉਣ ਵਿਚ। ਉਸ ਨੂੰ ਤੇ ਉਸ ਦੀਆਂ ਬੱਚੀਆਂ ਨੂੰ ਪਤੀ ਤੋਂ ਪੂਰਾ ਖਰਚ ਵੀ ਵਿਜੈ ਨੇ ਹੀ ਵਿਚ ਪੈ ਕੇ ਦਵਾਇਆ। ਕਦੇ ਕਦੇ ਭਾਗੀ ਪੁਰਾਣੇ ਦਿਨ ਚੇਤੇ ਕਰਦੀ ਠੰਡਾ ਸਾਹ ਭਰਦੀ ਉਸ ਨੂੰ ਕਹਿਣ ਲਗਦੀ ਹੈ,

"ਬਰਫੀ ਤਾਂ ਸੀ; ਜੱਟਾਂ ਦੀ ਗੁਰੋ ਪਰ ਉਹਦੇ ਭਰਾ ਬਹੁਤ ਅੱਥਰੇ ਸਨ।"

ਭਾਗੀ ਉਸ ਦੀ ਦੁਖਦੀ ਰਗ ਨੂੰ ਛੋਹ ਜਾਂਦੀ ਹੈ। ਜਮਾਤਣ ਗੁਰੋ ਉਸ ਨੂੰ ਬਹੁਤ ਚੰਗੀ ਲਗਦੀ। ਸਾਰੀ ਜਮਾਤ ਨੂੰ ਪਤਾ ਸੀ ਪਰ ਦੋਵੇਂ ਚੁੱਪ ਸਨ ਤੇ ਚੁੱਪ ਹੀ ਰਹੇ। ਭਾਗੀ ਥੋੜੀ ਬਹੁਤ ਉਹਨਾਂ ਦੀ ਵਿਚੋਲਗਿਰੀ ਕਰਦੀ ਪਰ ਗੁਰੋ ਦੇ ਭਰਾਵਾਂ ਤੋਂ ਸਾਰੇ ਡਰਦੇ ਸਨ।...

ਹੁਣ ਵਿਜੈ ਦੇ ਘਰ ਦੀ ਇਕ ਚਾਬੀ ਅੰਮਰਤੀ ਕੋਲ ਵੀ ਹੈ। ਉਹ ਜਦ ਚਾਹੇ ਆ ਜਾ ਸਕਦੀ ਹੈ। ਕਈ ਵਾਰ ਵਿਜੈ ਘਰ ਨਾ ਵੀ ਹੋਵੇ ਤਾਂ ਉਸ ਦੇ ਕਪੜੇ ਧੋ ਕੇ ਪਰੈੱਸ ਕਰ ਜਾਂਦੀ ਹੈ। ਤਾਏ ਦੇ ਘਰ ਤਾਈ ਕਪੜੇ ਪਰੈੱਸ ਕਰ ਦਿੰਦੀ ਪਰ ਉਹ ਆਮ ਤੌਰ ਤੇ ਅਜਿਹੇ ਕਪੜੇ ਹੀ ਪਾਉਂਦਾ ਹੈ ਜਿਹਨਾਂ ਨੂੰ ਪਰੈੱਸ ਕਰਨ ਦੀ ਬਹੁਤੀ ਲੋੜ ਨਾ ਹੋਵੇ ਜਿਵੇਂ ਕਿ ਜੀਨ ਜਾਂ ਕਟਰਾਈ ਦੀਆਂ

ਟਰਾਊਜ਼ਰਾਂ ਤੇ ਅਜਿਹੇ ਹੀ ਟੌਪ ਜਾਂ ਫਿਰ ਜੌਗਿੰਗ ਸੂਟ। ਸਿਰਫ ਕੰਮ ਵਾਲੀ ਯੂਨੀਫਾਰਮ ਹੀ ਹੈ ਜਿਹੜੀ ਉਸ ਨੂੰ ਪਰੈੱਸ ਕਰਨੀ ਪੈਂਦੀ ਪਰ ਹੁਣ ਅੰਮਰਤੀ ਉਸ ਦੇ ਹਫਤੇ ਭਰ ਦੇ ਕਪੜੇ ਹੀ ਤਿਆਰ ਕਰਕੇ ਅਲਮਾਰੀ ਭਰ ਦਿੰਦੀ ਹੈ।

ਰਮੇਸ਼ ਅਕਸਰ ਉਸ ਨਾਲ ਆਪਣੇ ਸੁਹਰਿਆਂ ਬਾਰੇ ਗੱਲਾਂ ਕਰਨ ਲਗਦਾ ਹੈ। ਉਸ ਦਾ ਸੁਹਰਾ ਫਗਵਾੜੇ ਦਾ ਮੰਨਿਆਂ ਹੋਇਆ ਡਾਕਟਰ ਹੈ। ਉਸ ਬੱਚਿਆਂ ਦੇ ਇਲਾਜ ਵਿਚ ਮਸ਼ਹੂਰ ਹੈ। ਵਿਜੈ ਨੂੰ ਯਾਦ ਹੈ ਕਿ ਇਲਾਕੇ ਵਿਚ ਕੰਧਾਂ ਉਪਰ ਇਸ਼ਤਿਹਾਰ ਲਗੇ ਹੋਇਆ ਕਰਦੇ ਸਨ ਜਿਹਨਾਂ ਵਿਚ ਇਕ ਸੁਕੜੇ ਜਿਹੇ ਬੱਚੇ ਦੀ ਫੋਟੋ ਬਣਾ ਕੇ ਨਾਲ ਲਿਖਿਆ ਹੁੰਦਾ ਸੀ ਕਿ ਸੋਕੇ ਤੇ ਮਰੋੜਾਂ ਦਾ ਸ਼ਰਤੀਆ ਇਲਾਜ: ਵੈਦ ਰਾਜ ਕੁਮਾਰ ਅਨੰਦ। ਕਈ ਜਗਾਹ ਤੇ ਵੈਦ ਰਾਜ ਕੁਮਾਰ ਅਨੰਦ ਦੀ ਫੋਟੋ ਵੀ ਲਗੀ ਹੁੰਦੀ, ਵੱਡੀਆਂ ਵੱਡੀਆਂ ਮੁੱਛਾਂ ਵਾਲਾ ਰੋਅਬਦਾਰ ਵੈਦ। ਜੀ. ਟੀ. ਰੋਡ ਉਪਰ ਹੀ ਵੱਡੀ ਸਾਰੀ ਕੋਠੀ ਹੈ ਜਿਸ ਦੇ ਥੱਲੇ ਹਸਪਤਾਲ ਤੇ ਉਪਰ ਰਿਹਾਇਸ਼ ਹੈ। ਰਮੇਸ਼ ਅਨੁਸਾਰ ਉਸ ਦਾ ਵਿਆਹ ਉਹਨਾਂ ਬਹੁਤ ਗੱਜ ਵੱਜ ਕੇ ਕੀਤਾ ਹੈ। ਦਾਜ ਵਿਚ ਕਾਰ ਦਿਤੀ ਹੈ। ਕਦੇ ਕਦੇ ਅੰਮਰਤੀ ਦਸਣ ਲਗਦੀ ਹੈ,

“ਮੇਰੇ ਨਾਲ ਮੇਰੇ ਘਰਦਿਆਂ ਨੇ ਬਹੁਤ ਧਰੋ ਕਮਾਇਆ, ਮੈਨੂੰ ਵਿਆਹੁਣ ਦੀ ਕੀਤੀ, ...ਕਹਿੰਦੇ ਮੁੰਡਾ ਇੰਗਲੈਂਡੋਂ ਆਇਆ ਤੇ ਮੁੜ ਕੇ ਏਦਾਂ ਦਾ ਰਿਸ਼ਤਾ ਨਹੀਂ ਮਿਲਣਾ, ਨਹੀਂ ਤਾਂ ਮੈਂ ਵੀ ਅਜ ਆਪਣੇ ਭਰਾ ਤੇ ਭੈਣ ਵਾਂਗ ਡਾਕਟਰ ਹੁੰਦੀ।”

“ਡਾਕਟਰਾਂ ਦੀ ਲਾਈਫ ਬਹੁਤ ਮਕੈਨੀਕਲ ਹੋ ਜਾਂਦੀ ਐ, ਉਹਨਾਂ ਦੀਆਂ ਫੀਲਿੰਗਜ਼ ਇਕ ਦਾਇਰੇ ਵਿਚ ਈ ਘੁੰਮੀ ਜਾਂਦੀਆਂ। ਕਿਸੇ ਦੇ ਦੁਖ ਨੂੰ ਆਪਣਾ ਦੁੱਖ ਨਹੀਂ ਸਮਝ ਸਕਦੇ ਨਾਲ਼ੇ ਜੇ ਤੂੰ ਵੀ ਡਾਕਟਰ ਬਣ ਜਾਂਦੀ ਤਾਂ ਐਸ ਮਰੀਜ਼ ਨੂੰ ਕੌਣ ਦੇਖਦਾ, ਆਹ ਦੋ ਬੱਚਿਆਂ ਦਾ ਪਿਓ ਮੈਨੂੰ ਕੌਣ ਬਣਾਉਂਦਾ?”

ਰਮੇਸ਼ ਹੱਸਦਾ ਹੋਇਆ ਆਖੇਗਾ। ਅੰਮਰਤੀ ਅਗੇ ਕਹਿਣ ਲਗੇਗੀ,

“ਮੇਰਾ ਭਰਾ, ਮੇਰੇ ਪਿਤਾ ਜੀ ਵਾਂਗ ਆਪਣਾ ਨਾਂ ਓਨਾ ਨਹੀਂ ਬਣਾ ਸਕਿਆ ਪਰ ਮੇਰੀ ਭੈਣ ਸੁਸ਼ਮਾ ਤਾਂ ਪਿਤਾ ਜੀ ਤੋਂ ਵੀ ਅਗੇ ਨਿਕਲ ਗਈ। ਲੋਕ ਕਹਿੰਦੇ ਆ ਕਿ ਉਸ ਦੇ ਹੱਥ ਵਿਚ ਤਾਂ ਸ਼ੁਫਾ ਹੈ, ਉਹ ਔਰਤਾਂ ਦੀਆਂ ਬਿਮਾਰੀਆਂ ਦੀ ਮਾਹਰ ਐ, ਡਾਕਟਰ ਸੁਸ਼ਮਾ ਅਨੰਦ ਕੋਲ ਲੋਕ ਸੈਂਕੜੇ ਮੀਲਾਂ ਤੋਂ ਆਉਂਦੇ ਆ।”

ਵਿਜੈ ਥੋੜਾ ਕੁ ਹੈਰਾਨ ਹੁੰਦਾ ਸੁਣਦਾ ਰਹਿੰਦਾ ਹੈ।

ਇਕ ਦਿਨ ਰਮੇਸ਼ ਉਸ ਨੂੰ ਕਹਿੰਦਾ ਹੈ,

“ਆਹ ਜਿਹੜਾ ਤੂੰ ਬਰਫੀ ਦਾ ਕੰਨਸੈਪਟ ਲਈ ਫਿਰਦਾਂ ਇਹਦੇ ਬਾਰੇ ਬਹੁਤਾ ਸੀਰੀਅਸ ਨਾ ਹੋਈਂ, ਕਈ ਵਾਰ ਆਪਾਂ ਬਰਫੀ ਸਮਝ ਕੇ ਕੋਈ ਚੀਜ਼ ਮੂੰਹ ਵਿਚ ਪਾਉਂਦੇ ਆਂ ਤੇ ਨਿਕਲਦੀ ਕੁਸ਼ ਹੋਰ ਐ।”

“ਯਾਰ ਇਹ ਕੰਨਸੈਪਟ ਤਾਂ ਇਕ ਸੁਫਨਾ ਜਿਹਾ ਈ ਐ, ਸੁਫਨੇ ਵੀ ਕਦੇ ਸੱਚੇ ਹੁੰਦੇ ਆ ਪਰ ਜੇ ਇਹ ਸੁਫਨਾ ਸੱਚਾ ਹੋ ਜਾਵੇ ਤਾਂ ਜ਼ਿੰਦਗੀ ਬਣ ਜਾਵੇ!”

“ਮੈਂ ਤਾਂ ਤੇਰੇ ਲਈ ਭਗਵਾਨ ਕੋਲ਼ ਪ੍ਰਾਰਥਨਾ ਈ ਕਰ ਸਕਦਾਂ, ਅੱਛਾ ਦਸ ਕਿ ਅੰਮਰਤੀ ਬਰਫੀ ਹੋਣ ਦੇ ਕਿੰਨੀ ਕੁ ਨੇੜੇ ਆ?”

“ਅਕਲ ਕਰ ਕੁਸ਼! ...ਤੂੰ ਮੇਰੀ ਭੈਣ ਬਾਰੇ ਮੈਨੂੰ ਕਿਹੋ ਜਿਹੀ ਗੱਲ ਪੁੱਛਦਾਂ? ...ਜੇ ਇਹ ਕਿਸੇ ਹੋਰ ਨੇ ਕਿਹਾ ਹੁੰਦਾ ਤਾਂ ਮੈਂ ਗਲ਼ੋ ਫੜ ਲੈਣਾ ਸੀ!”

“ਸੌਰੀ ਯਾਰ, ਮੇਰਾ ਇਹ ਮਤਲਵ ਨਹੀਂ, ਤੂੰ ਏਦਾਂ ਦੀ ਕੁੜੀ ਬਾਰੇ ਇਮੈਜਨ ਕਰ ਕੇ ਦੇਖ, ਜਸਟ ਇਮੈਜਨ।”

ਵਿਜੈ ਨੇ ਇਕ ਪਲ ਲਈ ਸੋਚ ਕੇ ਦੇਖਦਾ ਹੈ। ਅੰਮਰਤੀ ਦਾ ਕਦ ਕੁਝ ਮਧਰਾ ਹੈ ਤੇ ਫਸਵੀਂ ਜੀਨ ਕਾਰਨ ਹੋਰ ਵੀ ਮਧਰਾ ਲਗ ਰਿਹਾ ਹੈ। ਦੋ ਬੱਚਿਆਂ ਦੀ ਮਾਂ ਹੋਣ ਕਰਕੇ ਕੁਝ ਮੋਟੀ ਵੀ ਹੈ। ਉਸ ਬਰਫੀ ਬਣਨ ਦੇ ਨੇੜੇ ਤੇੜੇ ਵੀ ਨਹੀਂ ਪਰ ਵਿਜੈ ਨੇ ਕੋਈ ਜਵਾਬ ਨਹੀਂ ਦਿੰਦਾ। ਰਮੇਸ਼ ਫਿਰ ਆਖਦਾ ਹੈ,

“ਤੂੰ ਆਪਣੀ ਦੀਦੀ ਤੋਂ ਜ਼ਰਾ ਕੁ ਲੰਮੀ ਤੇ ਪਤਲੀ ਕੁੜੀ ਨੂੰ ਇਮੈਜਨ ਕਰਕੇ ਦੇਖ, ਸੁਭਾਅ ਤੇ ਆਦਤਾਂ ਇਹੋ।”

ਵਿਜੈ ਹਾਲੇ ਵੀ ਦੁਬਿਧਾ ਵਿਚ ਹੈ ਕਿ ਕੀ ਕਹੇ। ਰਮੇਸ਼ ਕਹਿੰਦਾ ਹੈ,

“ਅੰਮਰਤੀ ਦੀ ਭੈਣ ਐ, ਡਾਕਟਰ ਸੁਸ਼ਮਾ, ਸੋਚ ਕੇ ਦੇਖ ਲੈ, ਮੇਰਾ ਕਹਿਣਾ ਉਹ ਨਹੀਂ ਮੋੜ ਸਕਦੇ।”

ਵਿਜੈ ਜ਼ਰਾ ਕੁ ਹੈਰਾਨ ਹੈ ਪਰ ਹਾਲੇ ਵੀ ਚੁੱਪ ਹੈ। ਰਮੇਸ਼ ਫਿਰ ਬੋਲਦਾ ਹੈ,

“ਤੂੰ ਏਦਾਂ ਕਰ ਇੰਡੀਆ ਜਾ ਕੇ ਆ ਤੇ ਦੇਖ ਲੈ, ਤੈਨੂੰ ਕੁੜੀ ਪਸੰਦ ਹੋਈ, ਜੇ ਤੇਰਾ ਦਿਲ ਕਰਦਾ ਹੋਇਆ ਤਾਂ ਕਰ ਲਈਂ”

“ਇੰਡੀਆ ਜਾਣ ਲਈ ਮੇਰੇ ਕੋਲ ਪੈਸੇ ਹੈ ਨਹੀਂ।”

“ਪੈਸੇ ਮੈਂ ਖਰਚ ਦਿੰਨਾਂ।”

“ਆਹੋ, ਹੁਣ ਤਾਏ ਦਾ ਉਧਾਰ ਲਾਹੁੰਨਾ ਤੇ ਫਿਰ ਤੇਰਾ ਲਾਹੀ ਜਾਊਂ!”

“ਤੂੰ ਜਦੋਂ ਕੋਲ਼ ਹੋਏ ਤਾਂ ਮੋੜੀਂ, ਨਾ ਵੀ ਮੋੜੀਂ ਕੋਈ ਫਰਕ ਨਹੀਂ ਪੈਣ ਲਗਾ, ਤੂੰ ਇਕ ਵਾਰੀ ਕੁੜੀ ਦੇਖ ਆ, ਇਕ ਦੋ ਦਿਨ ਵਿਚ ਫੋਟੋ ਵੀ ਆ ਜਾਣਗੀਆਂ, ਦੇਖੀਂ ਜੇ ਭੁੱਖ ਨਾ ਲਹਿੰਦੀ ਹੋਵੇ।”

“ਰਮੇਸ਼, ਤਾਏ ਦੀ ਸਲਾਹ ਬਿਨਾਂ ਮੈਂ ਕੁਸ਼ ਨਹੀਂ ਕਰ ਸਕਦਾ।”

"ਅਸੀਂ ਕਦੋਂ ਕਹਿੰਨੇ ਆਂ ਕਿ ਤਾਏ ਦੀ ਸਲਾਹ ਬਿਨਾਂ ਕੁਸ਼ ਕਰ।"

ਕੁਝ ਦਿਨਾਂ ਬਾਅਦ ਸੁਸ਼ਮਾ ਦੀਆਂ ਲਿਫਾਫਾ ਭਰ ਤਸਵੀਰਾਂ ਆ ਜਾਂਦੀਆਂ ਹਨ। ਕਿਤੇ ਉਹ ਆਪਣੇ ਕਲਿਨਿਕ ਵਿਚ ਮਰੀਜ਼ਾਂ ਨਾਲ ਖੜੀ ਹੈ, ਕਿਤੇ ਪਰਿਵਾਰ ਦੇ ਹੋਰ ਜੀਆਂ ਨਾਲ, ਕਿਤੇ ਸਹੇਲੀਆਂ ਨਾਲ ਸ਼ਿਮਲੇ ਛੁੱਟੀਆਂ ਕੱਟਣ ਗਈ ਹੋਈ ਹੈ। ਦੇਖਣ ਨੂੰ ਸੁਸ਼ਮਾ ਠੀਕ ਹੈ ਬਹੁਤੀ ਸੁਹਣੀ ਤਾਂ ਨਹੀਂ ਪਰ ਮੂੰਹ ਤੂੰਹ ਲਗਦੀ ਹੈ। ਰਮੇਸ਼ ਆਖਦਾ ਹੈ,

"ਇਸ ਸਾਰੀਆਂ ਫੋਟੋ ਕੋਲ਼ ਈ ਰੱਖ, ਤਾਏ ਤਾਈ ਨੂੰ ਵੀ ਦਿਖਾ ਦੇ ਤੇ ਮਨ ਬਣਾ ਲੈ। ਇੰਡੀਆ ਜਾਣਾ ਤਾਂ ਟਿਕਟ ਮੈਂ ਰੱਖ ਦਿੰਨਾ ਨਹੀਂ ਤਾਂ ਆਪਣੀ ਮਦਰ ਤੇ ਭਰਜਾਈ ਨੂੰ ਕਹਿ ਦੇ ਕੇ ਕੁੜੀ ਦੇਖ ਆਉਣ।"

ਵਿਜੇ ਲਿਫਾਫਾ ਫੜ ਲੈਂਦਾ ਹੈ ਤੇ ਲਿਆ ਕੇ ਆਪਣੀ ਕਾਰ ਦੇ ਗਲੱਵ ਬੌਕਸ ਵਿਚ ਰੱਖ ਦਿੰਦਾ ਹੈ ਤੇ ਹੌਲੀ ਹੌਲੀ ਗਾਉਣ ਲਗਦਾ ਹੈ;

'ਧੀਰੇ ਧੀਰੇ ਚਲ ਚਾਂਦ ਗਗਨ ਮੇਂ, ਖੋ ਨਾ ਜਾਏ ਰਾਤ'....

## ਚਾਰ

ਭਾਗੀ ਦੇ ਦੋ ਕੁੜੀਆਂ ਹਨ। ਵਡੀ ਮਾਗਾਂ ਪੰਜ ਕੁ ਸਾਲ ਦੀ ਤੇ ਦੂਜੀ ਰਾਜਾਂ ਚਾਰ ਸਾਲ ਦੀ। ਪਤੀ ਉਸ ਦਾ ਨਿਕੰਮਾ ਜਿਹਾ ਹੀ ਹੈ। ਕੋਈ ਕੰਮ ਨਹੀ ਸੀ ਕਰਦਾ। ਜਿੰਨੇ ਕੁ ਪੈਸੇ ਹੱਥ ਲਗਦੇ ਉਹਨਾਂ ਦਾ ਜੂਆ ਖੇਡ ਛੱਡਦਾ ਹੈ। ਭਾਗੀ ਦਿਨ ਰਾਤ ਕੰਮ ਕਰਦੀ ਹੈ। ਉਸ ਦਾ ਘਰ ਵੀ ਚਲਾਉਂਦੀ ਹੈ ਤੇ ਪਿੱਛੇ ਆਪਣੇ ਗਰੀਬ ਮਾਂਪਿਓ ਦੀ ਮਦਦ ਵੀ ਕਰਦੀ ਹੈ। ਭਾਗੀ ਆਪਣੇ ਪਤੀ ਨੂੰ ਬਹੁਤ ਸਮਝਾਉਂਦੀ ਹੈ ਪਰ ਨਹੀਂ ਮੰਨਦਾ। ਇਕ ਦਿਨ ਛੱਡ-ਛੱਡਾਈ ਹੋ ਜਾਂਦੀ ਹੈ। ਭਾਗੀ ਦੇ ਸੁਹਰੇ ਵੀ ਭਾਗੀ ਦਾ ਬਹੁਤਾ ਪਿੱਛਾ ਨਹੀਂ ਕਰਦੇ ਸ਼ਾਇਦ ਇਸ ਕਰਕੇ ਕਿ ਉਸ ਦੇ ਦੋ ਕੁੜੀਆਂ ਹੀ ਹਨ ਜੇ ਕੋਈ ਮੁੰਡਾ ਹੁੰਦਾ ਤਾਂ ਹੀ ਰੋਕਦੇ ਜਾਂ ਉਸ ਤਕ ਪਹੁੰਚ ਕਰਦੇ।

ਭਾਗੀ ਆਪਣੀਆਂ ਦੋਨਾਂ ਧੀਆਂ ਨਾਲ ਕੌਂਸਲ ਦੇ ਘਰ ਵਿਚ ਰਹਿੰਦੀ ਹੈ। ਕੁੜੀਆਂ ਨੂੰ ਸਕੂਲ ਛੱਡ ਕੇ ਇਕ ਹੋਟਲ ਵਿਚ ਪਾਰਟ ਟਾਈਮ ਕੰਮ ਕਰਦੀ ਹੈ। ਵਿਜੈ ਉਸ ਨੂੰ ਮਿਲਦਾ ਹੀ ਰਹਿੰਦਾ ਹੈ। ਅਕਸਰ ਉਸ ਦੇ ਘਰ ਚਲੇ ਜਾਂਦਾ ਹੈ। ਉਸ ਨੂੰ ਭਾਗੀ ਨਾਲ ਗੱਲਾਂ ਕਰਨੀਆਂ ਚੰਗੀਆਂ ਲਗਦੀਆਂ ਹਨ। ਭਾਗੀ ਵੀ ਆਪਣਾ ਦੁੱਖ-ਸੁੱਖ ਉਸ ਨਾਲ ਸਾਂਝਾ ਕਰ ਲੈਂਦੀ ਹੈ। ਵਿਜੈ ਸੁਸ਼ਮਾ ਦੀਆਂ ਤਸਵੀਰਾਂ ਲੈ ਕੇ ਭਾਗੀ ਕੋਲ ਆਉਂਦਾ ਹੈ। ਤਸਵੀਰਾਂ ਉਸ ਨੂੰ ਫੜਾਉਂਦਾ ਕਹਿੰਦਾ ਹੈ,

"ਭਾਗੀ, ਦੇਖ ਜ਼ਰਾ ਬਰਫੀ ਦੇ ਨੇੜੇ ਤੇੜੇ ਦੀ ਕੋਈ ਚੀਜ਼ ਹੈ ਕਿ ਨਹੀਂ।"

ਭਾਗੀ ਇਕੱਲੀ ਇਕੱਲੀ ਫੋਟੋ ਨੂੰ ਧਿਆਨ ਨਾਲ ਦੇਖਦੀ ਹੈ ਤੇ ਆਖਦੀ ਹੈ,

"ਇਹ ਤਾਂ ਕੁੜੀ ਡਾਕਟਰ ਲਗਦੀ ਐ, ਆਹ ਗਲ਼ ਵਿਚ ਟੂਟੀਆਂ ਪਾਈਆਂ ਹੋਈਆਂ!"

"ਠੀਕ ਪੱਛਾਣਿਆਂ ਤੂੰ, ਇਹ ਡਾਕਟਰ ਈ ਐ, ਫਗਵਾੜੇ ਦੇ ਮਸ਼ਹੂਰ ਡਾਕਟਰ ਰਾਜ ਕੁਮਾਰ ਅਨੰਦ ਦੀ ਕੁੜੀ ਐ।"

"ਓਹ ਜਿਹੜਾ ਬੱਚਿਆਂ ਦਾ ਡਾਕਟਰ ਐ?"

"ਤੂੰ ਜਾਣਦੀ ਐਂ?"

"ਮੇਰੇ ਭਰਾ ਦਾ ਮੁੰਡਾ ਉਹਦੇ ਕੋਲ਼ੋਂ ਈ ਠੀਕ ਹੋਇਆ ਸੀ, ਬੜੀਆਂ ਬੜੀਆਂ ਮੁੱਛਾਂ ਵਾਲਾ ਡਾਕਟਰ, ਮੈਂ ਇਹਦੇ ਹਸਪਤਾਲ ਗਈ ਹੋਈ ਆਂ, ਜੀ. ਟੀ. ਰੋਡ ਤੇ ਈ ਐ।"

"ਭਾਗੀ, ਤੂੰ ਇਹ ਦੱਸ ਕੁੜੀ ਕਿੱਦਾਂ ਦੀ ਲੱਗੀ?"

"ਅੱਧੇ ਨੰਬਰ ਤਾਂ ਇਹਦੇ ਡਾਕਟਰ ਹੋਣ ਦੇ ਈ ਬਣਦੇ ਆ। ਬਾਕੀ ਦੇ ਪਾ ਕੇ ਆਪੇ ਪੂਰੇ ਬਣ ਈ ਜਾਣੇ ਆਂ।"

"ਭਾਗੀ, ਡਾਕਟਰ ਹੋਣ ਦੀ ਪਰੌਬਲਮ ਇਹ ਐ ਕਿ ਕੀ ਇਕ ਐਮ. ਬੀ. ਬੀ. ਐਸ. ਕੁੜੀ ਮੇਰੇ ਵਰਗੇ ਬੰਦੇ ਨਾਲ ਗੁਜ਼ਾਰਾ ਕਰ ਸਕਦੀ ਐ?"

"ਵਿਜੇ, ਤੂੰ ਵੀ ਕਿਸੇ ਤੋਂ ਘੱਟ ਨਹੀਂ! ਮੈਨੂੰ ਓਹਦੇ ਐਮ. ਬੀ. ਬੀ. ਐਸ. ਹੋਣ ਦੀ ਚਿੰਤਾ ਨਹੀਂ, ਤੂੰ ਇਹ ਦੱਸ ਕਿ ਕੁੜੀ ਤੈਨੂੰ ਸੁਹਣੀ ਵੀ ਲਗਦੀ ਐ ਕਿ ਨਹੀਂ?"

"ਭਾਗੀ, ਇਹ ਤੂੰ ਦੱਸ, ਇਸੇ ਕਰਕੇ ਤਾਂ ਮੈਂ ਤੇਰੇ ਕੋਲ਼ ਆਇਆਂ।"

"ਬੁਰੀ ਨਹੀਂ, ਜਿੱਦਾਂ ਤੂੰ ਕਹਿੰਨਾਂ ਕਿ ਬਰਫੀ ਚਾਹੀਦੀ ਐ, ਇਹ ਬਰਫੀ ਤਾਂ ਨਹੀਂ ਪਰ ਮਾੜੀ ਵੀ ਨਹੀਂ, ਸੋਚ ਲੈ ਪਰ ਵਿਜੇ ਹੁਣ ਵਿਆਹ ਕਰਾ ਲੈ, ਤੂੰ ਅਠਾਈਆਂ ਦਾ ਹੋ ਗਿਆਂ।"

"ਤੈਨੂੰ ਮੇਰੀ ਉਮਰ ਦਾ ਬਹੁਤ ਚੇਤਾ ਐ!"

"ਮੈਨੂੰ ਤੇਰੀ ਦਾ ਨਹੀਂ ਆਪਣੀ ਦਾ ਚੇਤਾ ਐ। ਯਾਦ ਨਹੀਂ ਆਪਾਂ ਕਲਾਸਫੈਲੋ ਰਹੇ ਆਂ।"

ਵਿਜੈ ਭਾਗੀ ਦੀ ਗੱਲ ਤੇ ਹੱਸਦਾ ਹੈ ਤੇ ਸੁਸ਼ਮਾ ਬਾਰੇ ਸੋਚਣ ਲਗਦਾ ਹੈ। ਕੁੜੀ ਤਾਂ ਵਿਜੈ ਦੇ ਮਨ ਨੂੰ ਬਹੁਤੀ ਨਹੀਂ ਲਗੀ ਰਹੀ ਪਰ ਡਾਕਟਰ ਹੋਣ ਵਾਲਾ ਗੁਣ ਉਸ ਨੂੰ ਬਹੁਤ ਟੁੰਬ ਰਿਹਾ ਹੈ। ਓਹ ਸੋਚਦਾ ਹੈ ਕਿ ਤਾਏ ਨਾਲ ਸਲਾਹ ਕਰੇਗਾ। ਤਾਇਆ ਸ਼ਾਇਦ ਜ਼ਾਤ ਤੋਂ ਬਾਹਰ ਵਿਆਹ ਲਈ ਨਾ ਮੰਨੇ ਪਰ ਉਹ ਮਨਾ ਲਵੇਗਾ। ਸ਼ਾਇਦ ਮਾਂ ਤੇ ਅਸ਼ੋਕ ਨਾ ਮੰਨਣ ਪਰ ਡਾਕਟਰ ਦੇ ਨਾਂ ਤੇ ਮੰਨ ਜਾਣਗੇ। ਉਹ ਉਸੇ ਸ਼ਾਮ ਤਾਏ ਵਲ ਜਾਂਦਾ ਹੈ। ਤਾਏ ਦੇ ਘਰ ਭਾਰਦਵਾਜ ਆਇਆ ਬੈਠਾ ਹੈ। ਉਹ ਸਮਝ ਜਾਂਦਾ ਹੈ ਕਿ ਉਹ ਰਿਸ਼ਤੇ ਦੀ ਗੱਲ ਕਰਨ ਹੀ ਆਇਆ ਹੋਵੇਗਾ। ਸਰਸਰੀ ਗੱਲਾਂ ਤੋਂ ਬਾਅਦ ਤਾਇਆ ਗੱਲ ਸ਼ੁਰੂ ਕਰਦਾ ਹੈ,

“ਵਿਜੇ, ਤੈਨੂੰ ਦਸਿਆ ਸੀ ਭਾਰਦਵਾਜ ਹੋਰੀਂ ਤੇਰੇ ਰਿਸ਼ਤੇ ਦੀ ਗੱਲ ਕਰਦੇ ਸੀ, ਇਹ ਕਹਿੰਦੇ ਕਿ ਤੂੰ ਇੰਡੀਆ ਜਾ ਕੇ ਕੁੜੀ ਦੇਖ ਆ।”

“ਤਾਇਆ, ਮੈਂ ਹੁਣੇ ਤਾਂ ਘਰ ਲਿਆ, ਇਸ ਵੇਲੇ ਮੇਰੇ ਕੋਲ਼ ਇੰਡੀਆ ਜਾਣ ਦੀ ਹਿੰਮਤ ਨਹੀਂ।”

ਉਸ ਦੀ ਗੱਲ ਸੁਣ ਕੇ ਭਾਰਦਵਾਜ ਬੋਲਦਾ ਹੈ,

“ਤੁਸੀਂ ਆਪਣੇ ਭਰਾ ਤੇ ਮਾਂ ਨੂੰ ਭੇਜ ਕੇ ਇਕ ਨਜ਼ਰ ਕੁੜੀ ਦੇਖ ਲਵੋ।”

“ਅੰਕਲ ਜੀ, ਕੁੜੀ ਤਾਂ ਮੈਂ ਆਪ ਈ ਦੇਖਣੀ ਚਾਹੂੰਗਾ।”

“ਇਹ ਗੱਲ ਤਾਂ ਮੈਂ ਅੰਡਰਸਟੈਂਡ ਕਰਦਾਂ ਪਰ ਜੇ ਉਹ ਜਾਣਗੇ ਤਾਂ ਉਹਨਾਂ ਨੂੰ ਕੋਈ ਆਈਡੀਆ ਹੋ ਜਾਵੇਗਾ ਤੇ ਤੈਨੂੰ ਸਾਲਾਹ ਦੇ ਸਕਣਗੇ ਤੇ ਆਪਾਂ ਗੱਲ ਨੂੰ ਅਗੇ ਤੋਰ ਸਕਾਂਗੇ।”

“ਚਲੋ ਅੰਕਲ ਜੀ, ਕੁਸ਼ ਸੋਚਦੇ ਆਂ, ਸਲਾਹ ਕਰਦੇ ਆਂ।”

“ਗੱਲ ਇਵੇਂ ਐ ਕਾਕਾ ਕਿ ਜਲਦੀ ਸਲਾਹ ਕਰੋ ਇਵੇਂ ਨਾ ਹੋਵੇ ਕਿ ਉਹ ਕੁੜੀ ਕਿਸੇ ਹੋਰ ਪਾਸੇ ਵਿਆਹ ਦੇਣ, ਮੋਟੀ ਪਾਰਟੀ ਐ ਤੇ ਤੁਸੀਂ ਫਿਰ ਪਛਤਾਓਂਗੇ!”

ਭਾਰਦਵਾਜ ਜ਼ਰਾ ਕੁ ਰੋਅਬ ਨਾਲ ਆਖਦਾ ਹੈ। ਵਿਜੈ ਨੂੰ ਉਸ ਦਾ ਇਹ ਅੰਦਾਜ਼ ਚੰਗਾ ਨਹੀਂ ਲਗਦਾ। ਉਸ ਦੇ ਜਾਣ ਮਗਰੋਂ ਉਹ ਤਾਏ ਨਾਲ ਹਿਰਖ ਸਾਂਝਾ ਕਰਦਾ ਆਖਦਾ ਹੈ,

“ਭਾਰਦਵਾਜ ਤਾਂ ਜਿੱਦਾਂ ਕੋਈ ਅਹਿਸਾਨ ਕਰ ਰਿਹਾ ਹੋਵੇ।”

“ਨਹੀਂ, ਇਹਦਾ ਗੱਲ ਕਰਨ ਦਾ ਤਰੀਕਾ ਈ ਇਹੋ ਜਿਹਾ ਐ, ਜਿੱਦਾਂ ਇਹ ਦਸਦਾ ਇਹ ਰਿਸ਼ਤਾ ਮਾੜਾ ਨਹੀਂ, ਤੂੰ ਜਾਏਆ ਇੰਡੀਆ, ਕੰਮ ਤੋਂ ਛੁੱਟੀ ਦਾ ਪਤਾ ਕਰ ਲੈ।”

“ਤਾਇਆ, ਹੁਣ ਤਾਂ ਘਰ ਲਿਆ, ਤੇਰੇ ਪੈਸੇ ਵੀ ਮੋੜਨੇ ਆਂ ਹਾਲੇ, ਹੋਰ ਵੀ ਕਿੰਨੇ ਖਰਚੇ ਆ।”

“ਮੇਰੇ ਪੈਸੇ ਤੂੰ ਠਹਿਰ ਕੇ ਦੇ ਦੇਈਂ, ਕੋਈ ਕਾਹਲ਼ ਨਹੀਂ।”

“ਪਰ ਤਾਇਆ ਇੰਡੀਆ ਜਾਣ ਦਾ ਖਰਚ ਸਿਰਫ ਟਿਕਟ ਈ ਨਹੀਂ, ਸਾਰਿਆਂ ਨੇ ਕੋਈ ਨਾ ਕੋਈ ਆਸ ਰੱਖਣੀ ਆਂ।”

“ਜਿੱਦਾਂ ਮਰਜ਼ੀ ਕਰ ਲੈ ਪਰ ਇਕ ਗੱਲ ਦਾ ਧਿਆਨ ਰੱਖੀਂ ਕਿ ਵਿਆਹ ਜ਼ਿੰਦਗੀ ਦਾ ਇਕ ਟਰਨਿੰਗ ਪੁਆਇੰਟ ਹੁੰਦੈ, ਇਹਦੇ ਨਾਲ ਜ਼ਿੰਦਗੀ ਬਦਲ ਜਾਂਦੀ ਐ, ਚੰਗੇ ਵਲ ਨੂੰ ਬਦਲੇ ਜਾਂ ਬੁਰੇ ਵਲ ਨੂੰ, ਇਸ ਲਈ ਵਿਆਹ ਸੋਚ ਸਮਝ ਕੇ ਕਰਾਉਣਾ ਚਾਹੀਦਾ ਤੇ ਜੇ ਕੋਈ ਵਧੀਆ ਮੌਕਾ ਹੱਥ ਲਗੇ ਤਾਂ ਗਵਾਉਣਾ ਨਹੀਂ ਚਾਹੀਦਾ।”

“ਤਾਇਆ, ਕੁੜੀ ਤਾਂ ਇਕ ਦੁੱਗਲ ਵੀ ਦਸਦੈ, ਕੁੜੀ ਡਾਕਟਰ ਐ।”

“ਕਿਥੇ ਐ? ਇਥੇ ਕਿ ਇੰਡੀਆ?”

“ਇੰਡੀਆ।”

“ਉਹ ਵੀ ਦੇਖ ਲੈ ਪਰ ਇੰਡੀਆ ਤਾਂ ਜਾਣਾ ਈ ਪਊ। ਕੁੜੀ ਦੁੱਗਲ ਦੀ ਕਿੱਦਾਂ ਵਾਕਫ ਐ?”

“ਦੁੱਗਲ ਦੀ ਸਾਲ਼ੀ ਈ ਐ।”

“ਪਰ ਦੁੱਗਲ ਤਾਂ ਖਤਰੀ ਐ, ਆਪਾਂ ਕਿੱਦਾਂ ਰਿਸ਼ਤਾ ਕਰ ਸਕਦੇ ਆਂ, ਅਸੀਂ ਉੱਚ ਕੁੱਲ ਦੇ ਬਰਾਹਮਣ ਆਂ, ਪਤਾ ਤੈਨੂੰ!”

“ਪਰ ਤਾਇਆ, ਤੂੰ ਆਪੇ ਤਾਂ ਕਹਿੰਨਾ ਹੁੰਨਾ ਕਿ ਜ਼ਾਤਾਂ ਪਾਤਾਂ ਪਿੱਛੇ ਰਹਿ ਗਈਆਂ।”

“ਇੰਨੀਆਂ ਵੀ ਪਿੱਛੇ ਨਹੀਂ ਰਹੀਆਂ ਕਿ ਸਾਨੂੰ ਦਿਸਣ ਹੀ ਨਾ।”

“ਤਾਇਆ, ਜਿੱਦਾਂ ਤੂੰ ਕਹਿੰਨਾਂ ਇਹ ਮੌਕਾ ਵੀ ਗਵਾਉਣ ਵਾਲ਼ਾ ਨਹੀਂ, ਕੁੜੀ ਵਾਲੇ ਮੋਟੀ ਸਾਮੀ ਐ, ਕੁੜੀ ਫਗਵਾੜੇ ਡਾਕਟਰੀ ਕਰਦੀ ਆ, ਪਿਓ ਮਸ਼ਹੂਰ ਡਾਕਟਰ ਐ, ਡਾਕਟਰ ਰਾਜ ਕੁਮਾਰ ਅਨੰਦ।”

“ਮੈਂ ਜਾਣਦਾਂ ਉਹਨੂੰ, ਬੱਚਿਆਂ ਦੇ ਮਰੋੜਾਂ ਦੀ ਦਵਾਈ ਦਿੰਦਾ ਪਰ ਜ਼ਾਤ ਤਾਂ ਖਤਰੀ ਐ। ਜੇ ਕੋਈ ਮਜਬੂਰੀ ਹੋਵੇ ਤਾਂ ਕਰ ਵੀ ਲਈਏ, ਤੇਰੇ ਵਿਚ ਕੋਈ ਕੱਜ ਹੋਵੇ ਤਾਂ ਕਰ ਲਈਏ, ਤੂੰ ਇਸ਼ਕ ਕਰ ਬੈਠੇਂ ਤਾਂ ਵੀ ਕਰ ਲਈਏ ਪਰ ਏਦਾਂ ਖਤਰੀਆਂ ਦਾ ਰਿਸ਼ਤਾ ਕਿੱਦਾਂ ਮਨਜ਼ੂਰ ਕਰੀਏ? ਇਕ ਗੱਲ ਦਸਾਂ ਵਿਜੇ, ਇਹ ਦੁੱਗਲ ਦੋਸਤ ਤਾਂ ਤੇਰਾ ਐ ਪਰ ਬਹੁਤ ਚਾਲੂ ਚੀਜ਼ ਐ, ਓਹਨੇ ਦੇਖਿਆ ਕਿ ਤੂੰ ਗੁਣਵਾਨ ਮੁੰਡਾ ਐਂ, ਤੇਰੇ ਵਰਗਾ ਮੁੰਡਾ ਕਿਸੇ ਨੂੰ ਬੈਠੇ ਬੈਠਾਇਆਂ ਮਿਲ ਜਾਵੇ ਤਾਂ ਹੋਰ ਕੀ ਚਾਹੀਦੈ!”

ਤਾਏ ਦੀ ਗੱਲ ਸੁਣਦੀ ਤਾਈ ਵੀ ਕੋਲ ਆ ਜਾਂਦੀ ਹੈ। ਉਹ ਵੀ ਤਾਏ ਨਾਲ ਸਹਿਮਤ ਹੈ। ਜਦੋਂ ਦਾ ਵਿਜੈ ਆਪਣੇ ਘਰ ਗਿਆ ਹੈ ਤਾਂ ਤਾਈ ਉਸ ਦਾ ਬਹੁਤ ਮੋਹ ਕਰਨ ਲਗੀ ਹੈ। ਉਹ ਕਹਿੰਦੀ ਹੈ,

"ਪੁਤ, ਤੇਰਾ ਵਿਆਹ ਤਾਂ ਅਸੀਂ ਆਪਣੀ ਜ਼ਾਤ ਵਿਚ ਈ ਕਰਾਂਗੇ, ਤੈਨੂੰ ਪਤਾ ਤੇਰੇ ਬਾਬੇ ਪੜਦਾਦੇ ਦੀ ਕਿੰਨੀ ਮਾਨਤਾ ਸੀ!"

ਵਿਜੈ ਨੂੰ ਲਗਦਾ ਹੈ ਕਿ ਉਹ ਠੀਕ ਕਹਿ ਰਹੇ ਹਨ। ਉਹ ਤਾਏ ਦੀ ਮਰਜ਼ੀ ਦੇ ਖਿਲਾਫ ਬਿਲਕੁਲ ਨਹੀਂ ਜਾਣਾ ਚਾਹੁੰਦਾ। ਕਦੇ ਕਦੇ ਉਸ ਨੂੰ ਲਗਣ ਲਗਦਾ ਹੈ ਕਿ ਉਸ ਸਚ ਮੁੱਚ ਹੀ ਤਾਏ ਦਾ ਪੁੱਤਰ ਹੈ ਤੇ ਪੁੱਤਰ ਵਾਲੇ ਫਰਜ਼ ਨਿਭਾਉਂਦਾ ਤਾਏ ਦੀ ਹਰ ਗੱਲ ਮੰਨੇਗਾ। ਉਸ ਨੂੰ ਆਪਣੇ ਆਪ ਤੇ ਗੁੱਸਾ ਆਉਂਦਾ ਹੈ ਕਿ ਤਾਏ ਬਾਰੇ ਸੋਚੇ ਬਿਨਾਂ ਹੀ ਦੁੱਗਲ ਦੀਆਂ ਗੱਲਾਂ ਵਿਚ ਆ ਚਲਿਆ ਹੈ। ਫਿਰ ਉਸ ਨੂੰ ਲਗਦਾ ਹੈ ਕਿ ਦੁੱਗਲ ਵੀ ਹਵਾ ਵਿਚ ਲਾਠੀਆਂ ਚਲਾ ਰਿਹਾ ਹੈ। ਇਕ ਡਾਕਟਰ ਕੁੜੀ ਉਸ ਨਾਲ ਵਿਆਹ ਕਰਾਉਣ ਲਈ ਕਿਵੇਂ ਮੰਨ ਜਾਵੇਗੀ। ਉਹ ਕਾਰ ਵਿਚੋਂ ਇਕ ਵਾਰ ਫਿਰ ਸੁਸ਼ਮਾ ਦੀਆਂ ਤਸਵੀਰਾਂ ਕੱਢ ਕੇ ਦੇਖਦਾ ਹੈ। ਸੁਸ਼ਮਾ ਵਿਚ ਉਸ ਨੂੰ ਕੋਈ ਖਾਸ ਖਿਚ ਨਹੀਂ ਦਿਸਦੀ।

ਉਹ ਕੁਝ ਦਿਨ ਦੁੱਗਲ ਦੀ ਦੁਕਾਨ ਤੇ ਨਹੀਂ ਜਾਂਦਾ। ਤਾਏ ਦੇ ਘਰ ਵੀ ਦੋ ਦਿਨ ਨਹੀਂ ਜਾ ਹੁੰਦਾ। ਸ਼ਨਿਚਰਵਾਰ ਮੰਦਿਰ ਗਿਆ ਦੋ ਘੰਟੇ ਦੀ ਜਗਾਹ ਛੇ ਘੰਟੇ ਬੈਠਾ ਰਹਿੰਦਾ ਹੈ। ਇਕ ਸ਼ਾਮ ਭਾਗੀ ਵਲ ਰਹਿ ਕੇ ਗੁਜ਼ਾਰ ਦਿੰਦਾ ਹੈ। ਜਦ ਉਸ ਦੀਆਂ ਕੁੜੀਆਂ ਉਸ ਨੂੰ ਮਾਮਾ ਜੀ-ਮਾਮਾ ਜੀ ਕਹਿੰਦੀਆਂ ਹਨ ਤਾਂ ਉਸ ਨੂੰ ਚੰਗੀਆਂ ਲਗਦੀਆਂ ਹਨ। ਇਕ ਦਿਨ ਤਾਏ ਦਾ ਫੋਨ ਆਉਂਦਾ ਹੈ। ਤਾਇਆ ਪੁੱਛਦਾ ਹੈ,

"ਤੂੰ ਠੀਕ ਤਾਂ ਐਂ?"

"ਹਾਂ ਤਾਇਆ, ਓਵਰ ਟਾਈਮ ਲਗਦਾ ਸੀ।"

"ਦੁੱਗਲ ਤੈਨੂੰ ਭਿੱਜੀ ਬਿਲੀ ਵਾਂਗੂੰ ਲੱਭਦਾ ਫਿਰਦੈ।"

"ਮੈਂ ਅੱਜ ਮਿਲੂੰ ਓਹਨੂੰ।"

"ਧਿਆਨ ਨਾਲ ਮਿਲੀਂ, ਓਹਦੀ ਚਾਲ ਤੈਨੂੰ ਫੰਦੇ ਵਿਚ ਫਸਾ ਕੇ ਆਪਣੀ ਸਾਲ਼ੀ ਨੂੰ ਇਧਰ ਸੱਦਣ ਦੀ ਐ।"

"ਤੂੰ ਫਿਕਰ ਨਾ ਕਰ ਤਾਇਆ।"

ਤਾਇਆ ਦੁੱਗਲ ਨਾਲ ਹੋਈ ਅਸਲੀ ਗੱਲ ਨਹੀਂ ਦਸਦਾ। ਦੁੱਗਲ ਵਿਜੈ ਨੂੰ ਫੋਨ ਕਰਦਾ ਰਿਹਾ ਹੈ ਤੇ ਫਿਰ ਉਸ ਦੇ ਘਰ ਵੀ ਜਾਂਦਾ ਹੈ ਤੇ ਫਿਰ ਉਸ ਨੂੰ ਦੇਖਣ ਤਾਏ ਦੇ ਘਰ ਜਾਂਦਾ ਹੈ ਤਾਂ ਤਾਇਆ ਉਸ ਦੀ ਇਹ ਕਹਿੰਦਾ ਲਾਹ ਪਾਹ ਕਰ ਦਿੰਦਾ ਹੈ ਕਿ ਉਹ ਵਿਜੈ ਨੂੰ ਆਪਣੇ ਜਾਲ਼ ਵਿਚ ਫਸਾਉਣਾ ਚਾਹੁੰਦਾ ਹੈ ਤੇ ਹੋਰ ਵੀ ਬੁਰਾ ਭਲਾ ਬੋਲਦਾ ਹੈ। ਅਗਲੇ ਦਿਨ ਜਦ ਵਿਜੈ ਦੁੱਗਲ ਦੀ ਦੁਕਾਨ ਤੇ ਜਾਂਦਾ ਹੈ ਤਾਂ ਉਹ ਮੂੰਹ ਫੁਲਾਈ ਬੈਠਾ ਹੈ। ਵਿਜੈ ਪੁੱਛਦਾ ਹੈ,

"ਕਿਹੜੀ ਬਿੱਲੀ ਛਿੱਕ ਗਈ?"

"ਬਿੱਲੀ ਨਹੀਂ ਬਿੱਲਾ, ਤੇਰੇ ਤਾਏ ਨੇ ਮੇਰੀ ਬੜੀ ਬੇਜ਼ਤੀ ਕੀਤੀ ਅਖੇ ਤੂੰ ਸਾਡੇ ਮੁੰਡੇ ਨੂੰ ਉਲਟੇ ਪਾਸੇ ਤੋਰ ਰਿਹਾਂ, ਉਹਨੂੰ ਪੱਟ ਰਿਹਾਂ, ਉਹਨੂੰ ਵਰਤਣਾ ਚਾਹੁਨਾਂ।"

"ਤੈਨੂੰ ਪਤਾ ਈ ਐ ਮੇਰੇ ਤਾਏ ਦਾ ਕਿ ਉਹ ਮੇਰਾ ਕਿੰਨਾ ਧਿਆਨ ਰੱਖਦੈ, ਮੇਰੇ ਬਾਰੇ ਕਿੰਨਾ ਫਿਕਰਵੰਦ ਹੋ ਜਾਂਦੈ।"

"ਪਰ ਯਾਰ, ਅਸੀਂ ਤੈਨੂੰ ਕੀ ਕਹਿਤਾ, ਡਾਕਟਰ ਕੁੜੀ ਦੀ ਦੱਸ ਪਾਈ ਐ, ਹੋਰ ਕੀ ਗੁਨਾਹ ਕੀਤੈ?"

"ਚੱਲ ਯਾਰ, ਥੁੱਕ ਗੁੱਸਾ, ਤੈਨੂੰ ਪਤੈ ਤਾਏ ਦੇ ਮੇਰੇ ਤੇ ਕਿੰਨੇ ਅਹਿਸਾਨ ਐ, ਮੇਰੇ ਬਾਪ ਦੀ ਥਾਵੇਂ ਆ ਉਹ।"

"ਮੈਂ ਤਾਂ ਗੁੱਸਾ ਥੁੱਕ ਦੇਊਂ ਪਰ ਤੇਰੀ ਦੀਦੀ ਅੱਗ ਬਬੂਲਾ ਬਣੀ ਬੈਠੀ ਐ, ਅਜ ਸ਼ੌਪ ਵਿਚ ਵੀ ਨਹੀਂ ਆਈ। ਜਾਹ ਉਹਨੂੰ ਜਾ ਕੇ ਮਿਲ ਆ।"

ਉਹ ਅਜੀਬ ਜਿਹੇ ਦਬਾਅ ਹੇਠ ਹੈ। ਕਾਰ ਨੂੰ ਲਿਟਲਹੈਂਪਨ ਰੋਡ ਤੇ ਪਾ ਲੈਂਦਾ ਹੈ ਜੋ ਕਿ ਲਿਟਲਹੈਂਪਟਨ ਨੂੰ ਹੀ ਜਾ ਰਹੀ ਹੈ। ਉਹ ਅਚਾਨਕ ਗਾਉਣ ਲਗਦਾ ਹੈ,

'ਕੌਨ ਹੈ ਜੋ ਸਪਨੋਂ ਮੇਂ ਆਇਆ, ਕੌਨ ਹੈ ਜੋ ਦਿਲ ਮੇਂ ਸਮਾਇਆ'....

ਉਹ ਇਸੇ ਪੰਕਤੀ ਨੂੰ ਦੁਹਰਾਈ ਜਾ ਰਿਹਾ ਹੈ। ਕੁਝ ਵਾਰ ਦੁਹਰਾ ਕੇ ਚੁੱਪ ਕਰ ਜਾਂਦਾ ਹੈ। ਕੁਝ ਦੇਰ ਚੁੱਪ ਰਹਿ ਕੇ ਉਹ ਸੋਚਦਾ ਹੈ ਕਿ ਕੁਦਰਤ ਦੇ ਦਿਤੇ ਰਿਸ਼ਤੇ ਤਾਂ ਤੰਗ ਕਰਦੇ ਹੀ ਹਨ ਇਹ ਅਪਣਾਏ ਹੋਏ ਰਿਸ਼ਤੇ ਵੀ ਨਹੀਂ ਬਖਸ਼ਦੇ ਤੁਹਾਨੂੰ। ਅੰਮਰਤੀ ਦਰਵਾਜ਼ਾ ਖੋਹਲਦੀ ਹੀ ਗਲੇਡੂ ਜਿਹੇ ਭਰਦੀ ਦੂਜੇ ਪਾਸੇ ਨੂੰ ਮੂੰਹ ਕਰ ਲੈਂਦੀ ਹੈ। ਵਿਜੈ ਪੁੱਛਦਾ ਹੈ,

"ਐਡੀ ਵੀ ਬੇਰੁਖੀ ਕੀ ਕਹਿ?"

"ਅਸੀਂ ਤੇਰਾ ਕੀ ਬੁਰਾ ਕਰ ਦਿਤਾ ਕਿ ਅੰਕਲ ਜੀ ਨੂੰ ਇੰਨੀਆਂ ਗੱਲਾਂ ਕਹਿਣ ਦੀ ਲੋੜ ਪੈ ਗਈ?"

"ਅਸਲ ਵਿਚ ਤਾਏ ਨੂੰ ਗਲਤ ਫਹਿਮੀ ਹੋ ਗਈ ਕਿ ਤੁਸੀਂ ਮੇਰਾ ਰਿਸ਼ਤਾ ਕਰਨ ਜਾ ਰਹੇ ਓ।"

"ਅਸੀਂ ਤਾਂ ਤੈਨੂੰ ਡਾਕਟਰ ਕੁੜੀ ਦੀ ਦਸ ਪਾਈ ਐ, ...ਜੇ ਅੰਕਲ ਜੀ ਕਹਿੰਦੇ ਆ ਕਿ ਤੂੰ ਸੈਟ ਐਂ ਤੇ ਕੁੜੀ ਵੀ ਅਨਸੈਟ ਨਹੀਂ, ਕੁੜੀ ਡਾਕਟਰ ਐ, ਤੈਨੂੰ ਕਿਸੇ ਕੁੜੀ ਦਾ ਰਿਸ਼ਤਾ ਨਹੀਂ ਕਰਾ ਰਹੇ ਡਾਕਟਰ ਸੁਸ਼ਮਾ ਅਨੰਦ ਦਾ ਰਿਸ਼ਤਾ ਕਰਾ ਰਹੇ ਆਂ, ਡਾਕਟਰ

ਸੁਸ਼ਮਾ ਅਨੰਦ ਦਾ! ਤੈਨੂੰ ਇਕ ਬਹੁਤ ਇੱਜ਼ਤਦਾਰ ਫੈਮਲੀ ਨਾਲ ਜੋੜ ਰਹੇ ਆਂ ਸਿਰਫ ਇਸ ਕਰਕੇ ਕਿ ਤੂੰ ਸਾਡੇ ਪਰਿਵਾਰ ਦਾ ਹਿੱਸਾ ਬਣ ਚੁੱਕੈਂ ਨਹੀਂ ਤਾਂ ਸੁਸ਼ਮਾ ਅਨੰਦ ਦੇ ਰਿਸ਼ਤੇ ਲਈ ਲਾਈਨਾਂ ਲਗੀਆਂ ਹੋਈਆਂ ਤੇ ਇਕ ਹੋਰ ਗੱਲ ਸੁਣ ਲੈ ਜੇ ਤੁਸੀਂ ਪੰਡਤ ਓ ਤਾਂ ਅਸੀਂ ਵੀ ਖਤਰੀ ਆਂ ਤੁਹਾਡੇ ਨਾਲੋਂ ਕਿਸੇ ਗੱਲੋਂ ਘੱਟ ਨਹੀਂ!"

"ਦੀਦੀ, ਮੈਂ ਤਾ ਕਦੇ ਜ਼ਾਤ ਪਾਤ ਨੂੰ ਕਦੇ ਅਹਿਮੀਅਤ ਦਿਤੀ ਹੀ ਨਹੀਂ।"

"ਜੇ ਨਹੀਂ ਦਿਤੀ ਤਾ ਆਪਣੇ ਬੋਲ ਪੁਗਾ, ਰਿਸ਼ਤੇ ਨੂੰ 'ਹਾਂ' ਕਰ।"

"ਕਿਹੜੇ ਬੋਲ ਦੀਦੀ? ਕਿਹੜੀ 'ਹਾਂ'? ਮੈਂ ਕਦੇ ਕੋਈ 'ਹਾਂ' ਨਹੀਂ ਕੀਤੀ।"

"ਮਹੀਨਾ ਹੋ ਗਿਆ ਆਪਾਂ ਨੂੰ ਗੱਲਾਂ ਕਰਦਿਆਂ ਤੇ ਜਦ ਵੀ ਗੱਲ ਹੁੰਦੀ ਐ ਤੂੰ 'ਹਾਂ' ਵਿਚ ਸਿਰ ਮਾਰੀ ਜਾਨੈ, ਤੂੰ ਏਨਾ ਤਾਂ ਡੱਮ ਨਹੀਂ! ਮੈਂ ਸਾਰੀ ਪਿਕਚਰ ਤੇਰੇ ਸਾਹਮਣੇ ਰੱਖੀ ਤੂੰ ਹਜ਼ਮ ਕੀਤੀ ਤੇ ਇਕ ਕਿਸਮ ਦੀ ਇਸ 'ਤੇ ਸਹੀ ਵੀ ਪਾਈ ਤੇ ਇਸੇ ਖਾਤਰ ਮੈਂ ਦੂਜੇ ਪਾਸੇ 'ਹਾਂ' ਕਰ ਦਿਤੀ ਐ।"

"ਦੀਦੀ, ਮੈਂ ਤਾਂ ਏਨਾ ਡੱਮ ਨਾ ਹੋਵਾਂ ਪਰ ਤੁਸੀ ਵੀ ਏਨੇ ਡੱਮ ਨਹੀਂ ਕਿ ਰਿਸ਼ਤੇ ਵਰਗੀ ਗੱਲ ਨੂੰ ਏਨੀ ਆਪੇ ਘੜੀ 'ਹਾਂ' ਉਪਰ ਆਪੇ ਸਹੀ ਪਾ ਲਈ ਹੋਵੇ।"

"ਮੇਰਾ ਤੇਰੇ ਤੇ ਕੋਈ ਹੱਕ ਹੈ ਕਿ ਨਹੀਂ?"

"ਮੇਰੇ ਤਾਏ ਤੋਂ ਜ਼ਿਆਦਾ ਨਹੀਂ, ਆਪਣਾ ਰਿਸ਼ਤਾ ਤਾਜ਼ਾ ਐ ਤੇ ਤਾਏ ਨਾਲ ਮੇਰਾ ਜਨਮਾਂ ਦਾ ਵਾਹ ਐ।"

"ਦੇਖ ਵਿਜੇ, ਜਿੰਨਾ ਅਸੀਂ ਤੈਨੂੰ ਲਵ ਕੀਤਾ ਤੇ ਬਦਲੇ ਵਿਚ ਜਿੰਨਾ ਲਵ ਤੂੰ ਵੀ ਸਾਨੂੰ ਦਿਤਾ ਉਹਨੂੰ ਦੇਖ ਕੇ ਤਾਂ ਲਗਦਾ ਕਿ ਆਪਣਾ ਵੀ ਜਨਮਾਂ ਦਾ ਰਿਸ਼ਤਾ ਐ ਇਸੇ ਕਰਕੇ ਮੈਂ ਆਪਣੇ ਪਿਤਾ ਜੀ ਨੂੰ ਹਾਂ ਕਰ ਬੈਠੀ ਆਂ।"

"ਦੀਦੀ, 'ਹਾਂ' ਤੂੰ ਕਰ ਬੈਠੀ ਐਂ ਪਰ ਵਿਆਹ ਮੈਂ ਕਰਾਉਣਾ, ਏਦਾਂ ਦੇ ਤਾਂ ਮੈਨੂੰ ਪੰਜਾਹ ਰਿਸ਼ਤੇ ਆਉਂਦੇ ਆ ਪਰ ਕੁੜੀ ਦੇਖੇ ਬਿਨਾਂ ਮੈਂ ਵਿਆਹ ਨਹੀਂ ਕਰਾਉਣਾ।"

"ਤੈਨੂੰ ਮੇਰੇ ਤੇ ਯਕੀਨ ਨਹੀਂ!"

"ਦੀਦੀ, ਤੇਰੇ ਤੋਂ ਪਹਿਲਾਂ ਮੇਰੇ ਹੋਰੇ ਰਿਸ਼ਤੇ ਵੀ ਹੈਗੇ ਆ, ਮੈਂ ਉਹਨਾਂ ਨੂੰ ਪਿੱਛੇ ਨਹੀਂ ਛੱਡ ਸਕਦਾ।"

"ਮੈਂ ਕਦੋਂ ਕਹਿੰਨੀ ਆਂ ਕਿ ਉਹਨਾਂ ਨੂੰ ਪਿਛੇ ਛੱਡ ਸਗੋਂ ਉਹਨਾਂ ਨੂੰ ਨਾਲ ਲੈ ਕੇ ਚੱਲ, ਉਹਨਾਂ ਨੂੰ ਇਸ ਰਿਸ਼ਤੇ ਲਈ ਮਨਾ, ਜਿੱਦਾਂ ਮੈਂ ਮਨਾਇਆ ਆਪਣੇ ਘਰਦਿਆਂ ਨੂੰ।"

"ਦੀਦੀ, ਮੈਂ ਆਪਣੇ ਤਾਏ ਦੀ ਮਰਜ਼ੀ ਤੋਂ ਬਾਹਰ ਨਹੀਂ ਜਾ ਸਕਦਾ।"

"ਏਹਦਾ ਮਤਲਵ ਹੋਇਆ ਕਿ ਮੈਂ ਐਵੇਂ ਈ ਆਂ।"

"ਦੀਦੀ, ਤੇਰਾ ਮੁਕਾਬਲਾ ਮੇਰੇ ਤਾਏ ਨਾਲ਼, ਮੇਰੇ ਪਿਓ ਨਾਲ਼, ਮੇਰੇ ਪੂਰੇ ਪਿਛੋਕੜ ਨਾਲ਼ ਐ, ਏਸ ਪਲੜੇ ਵਿਚ ਵਿਚ ਮੇਰੀ ਦੀਦੀ ਬਹੁਤ ਹਲਕੀ ਰਹਿ ਜਾਣੀ ਐਂ।"

ਵਿਜੈ ਕਹਿੰਦਾ ਹੈ। ਅੰਮਰਤੀ ਉਸ ਨੂੰ ਕਦੇ ਵੀ ਇੰਨੀ ਬੁਰੀ ਨਹੀਂ ਲਗੀ ਜਿੰਨੀ ਅਜ ਲਗਦੀ ਹੈ। ਉਹ ਹੋਰ ਬਹੁਤੀਆਂ ਗੱਲਾਂ ਕੀਤੇ ਬਿਨਾਂ ਉਠ ਆਉਂਦਾ ਹੈ। ਕਾਰ ਚਲਾਉਂਦਾ ਹੋਇਆ ਉਹ ਸੋਚਦਾ ਹੋਇਆ ਬੁੜਬੁੜਾਉਂਦਾ ਹੈ, 'ਇਹ ਤਾਂ ਬਈ ਬਹੁਤ ਵਾਧੂ ਚੀਜ਼ ਐ।' ਫਿਰ ਉਹ ਗੁਣਗਣਾਉਣ ਲਗਦਾ ਹੈ;

'ਮੈਂ ਕਹੀਂ ਕਵੀ ਨਾ ਬਣ ਜਾਊਂ ਤੇਰੇ ਪਿਆਰ ਮੇਂ ਐ ਕਵੀਤਾ!'....

## ਪੰਜ

ਅੰਮਰਤੀ ਵਲੋਂ ਉਹ ਥੱਕਿਆ ਹੋਇਆ ਮੁੜਦਾ ਹੈ ਤੇ ਸਿੱਧਾ ਆ ਕੇ ਬਿਸਤਰ ਤੇ ਡਿਗ ਪੈਂਦਾ ਹੈ। ਕੱਲ ਦੀ ਉਸ ਦੀ ਛੁੱਟੀ ਹੈ। ਸਵੇਰੇ ਵੀ ਉਹ ਸੁੱਤਾ ਰਹਿੰਦਾ ਹੈ। ਅਚਾਨਕ ਦਰਵਾਜ਼ੇ ਦੀ ਘੰਟੀ ਵਜਦੀ ਹੈ। ਉਸ ਨੂੰ ਪਤਾ ਹੈ ਕਿ ਉਸ ਨੂੰ ਮਿਲਣ ਵਾਲੇ ਬਹੁਤੇ ਲੋਕ ਨਹੀਂ ਹਨ ਇਹ ਜ਼ਰੂਰ ਕਿਸੇ ਕਿਰਾਏਦਾਰ ਦਾ ਮਹਿਮਾਨ ਹੋਵੇਗਾ। ਉਹ ਚੁੱਪ ਚਾਪ ਬਿਸਤਰ ਤੇ ਪਿਆ ਰਹਿੰਦਾ ਹੈ। ਕੋਈ ਕਿਰਾਏਦਾਰ ਦਰਵਾਜ਼ਾ ਖੋਹਲਦਾ ਹੈ। ਰਮੇਸ਼ ਅੰਦਰ ਆਉਂਦਾ ਹੈ। ਅੰਦਰ ਵੜਦਾ ਹੀ ਉਹ ਕਹਿ ਉਠਦਾ ਹੈ,

"ਵਿਜੈ, ਇਹ ਤਾਂ ਬਈ ਬਹੁਤ ਵੱਡੀ ਗੜਬੜ ਹੋ ਗਈ। ਬਹੁਤ ਵੱਡੀ!"

"ਕਿਹੜਾ ਪਹਾੜ ਡਿਗ ਪਿਐ?"

"ਪਹਾੜ ਈ ਡਿਗ ਪਿਐ, ਅਸੀਂ ਤਾਂ ਪਿਤਾ ਜੀ ਨੂੰ ਹਾਂ ਕਰ ਬੈਠੇ ਸੀ, ਅੰਮਰਤੀ ਨੇ ਬੜੀ ਮੁਸ਼ਕਲ ਨਾਲ ਪਿਤਾ ਜੀ ਨੂੰ ਮਨਾਇਆ ਸੀ, ਹੁਣ ਤਾ ਸੁਸ਼ਮਾ ਵੀ ਤੈਨੂੰ ਪਸੰਦ ਕਰਨ ਲਗ ਪਈ ਸੀ, ਜਦ ਕਦੇ ਵੀ ਫੋਨ ਕਰਦੀ ਤਾਂ ਤੇਰੀਆਂ ਈ ਗੱਲਾਂ ਕਰਦੀ ਰਹਿੰਦੀ, ਤੈਨੂੰ ਉਹ ਬਹੁਤ ਪਸੰਦ ਕਰਦੀ ਐ।"

"ਯੂ ਆਰ ਕਰੈਕ ਰਮੇਸ਼? ...ਮੈਨੂੰ ਦੇਖੇ ਬਿਨਾਂ ਮੈਨੂੰ ਪਸੰਦ ਕਰੀ ਜਾਂਦੀ ਐ।"
"ਤੈਨੂੰ ਪਤੈ, ਅਸੀਂ ਇੰਡੀਅਨ ਲੋਕ ਸੁਫਨਿਆਂ ਵਿਚ ਜੀਉਂਦੇ ਆਂ,... ਜਿੰਨੇ ਮਰਜ਼ੀ ਪੜ੍ਹ ਲਿਖ ਜਾਈਏ, ਏਦਾਂ ਈ ਸੁਸ਼ਮਾ ਵੀ ਤੈਨੂੰ ਸਭ ਕੁਸ਼ ਆਪਣਾ ਸਮਝੀ ਬੈਠੀ ਐ।"
"ਰਮੇਸ਼, ਯੂ ਆਰ ਟੌਕਿੰਗ ਰਬਿੱਸ਼!"
"ਅਸੀਂ ਰਾਹੁਲ ਦੇ ਬਰਥ ਡੇ ਦਾ ਵੀਡਿਓ ਭੇਜਿਆ ਸੀ, ਉਸੇ ਨੂੰ ਦੇਖ ਕੇ, ...ਤੇਰੀ ਤਾਂ ਉਹ ਪੂਜਾ ਕਰਨ ਲਗੀ ਐ, ਤੂੰ ਬਹੁਤ ਲੱਕੀ ਐਂ, ਇਕ ਡਾਕਟਰ ਕੁੜੀ ਤੇਰੇ ਉਪਰ ਮਰ ਰਹੀ ਐ ਤੇ ਤੂੰ ਅਵੇਸਲਾ ਹੋਇਆ ਬੈਠਾਂ।"
"ਇਧਰ ਅੰਕਲ ਭਾਰਦਵਾਜ ਵੀ ਰਿਸ਼ਤਾ ਕਰਾ ਰਿਹੈ ਕਿਸੇ ਵੱਡੇ ਘਰ ਦੀ ਕੁੜੀ ਐ।"
"ਤੂੰ ਇੰਡੀਆ ਜਾਹ ਤੇ ਆਪ ਫੈਸਲਾ ਕਰ।"
"ਤੈਨੂੰ ਮੇਰੀ ਆਰਥਿਕ ਹਾਲਤ ਦਾ ਪਤੈ।"
"ਮੈਂ ਮੱਦਦ ਕਰ ਦਿੰਨਾਂ।"
"ਤੈਨੂੰ ਇਹ ਵੀ ਪਤੈ ਕਿ ਇਹ ਮੈਨੂੰ ਮਨਜ਼ੂਰ ਨਹੀਂ।"
"ਫਿਰ ਤੈਨੂੰ ਕੀ ਮਨਜ਼ੂਰ ਐ?"
"ਮੈਨੂੰ ਸਾਰੇ ਇਕੱਲਾ ਛੱਡ ਦਿਓ ਇਹੋ ਮੈਨੂੰ ਮਨਜ਼ੂਰ ਐ।"
"ਨਹੀਂ ਵਿਜੇ, ਤੂੰ ਸਾਡੇ ਵਕਾਰ ਦਾ ਕਾਰਨ ਬਣ ਗਿਆਂ, ਅਸੀਂ ਤੇਰੇ ਕਾਰਨ ਡੁੱਬ ਸਕਦੇ ਆਂ ਤੇ ਤਰ ਸਕਦੇ ਆਂ।"
"ਤੁਸੀਂ ਡੁੱਬੋਂ ਜਾ ਤਰੋਂ ਪਰ ਮੈਂ ਤਾਂ ਡੁਬਾਂਗਾ ਹੀ ਡੁਬਾਂਗਾ, ਇਧਰ ਜਾਂ ਓਧਰ।"
"ਜੇ ਡੁੱਬਣੈਂ ਤਾਂ ਇਧਰ, ਅਸੀਂ ਤਾਂ ਤਰ ਸਕੀਏ।"

ਕਹਿ ਕੇ ਰਮੇਸ਼ ਹੱਸਣ ਲਗਦਾ ਹੈ ਪਰ ਵਿਜੈ ਰੋਣ ਹਾਕਾ ਹੋਇਆ ਪਿਆ ਹੈ। ਉਹ ਕਹਿੰਦਾ ਹੈ,
"ਰਮੇਸ਼, ਇਹ ਗੱਲ ਨਹੀਂ ਬਣਨੀ, ...ਮੈਂ ਨਾਂਹ ਨਹੀਂ ਕਰ ਰਿਹਾ ਪਰ ਕੁੜੀ ਦੇਖੇ ਬਿਨਾਂ ਤੇ ਆਪਣੇ ਘਰਦਿਆਂ ਦੀ ਮਰਜ਼ੀ ਬਿਨਾਂ ਕੋਈ ਰਿਸ਼ਤਾ ਨਹੀਂ ਕਰਨਾ।"
"ਸਾਡੀ ਬਹੁਤ ਬੇਇਜ਼ਤੀ ਐ।"
"ਤੁਸੀਂ ਆਪੇ ਸਹੇੜੀ ਐ, ਤੁਸੀਂ ਤਾਂ ਮੈਨੂੰ ਪਪਟ ਈ ਸਮਝ ਬੈਠੇ।"

ਰਮੇਸ਼ ਕੁਝ ਬੋਲੇ ਬਗੈਰ ਦਰਵਾਜ਼ਾ ਬੰਦ ਕਰਕੇ ਚਲੇ ਜਾਂਦਾ ਹੈ।

ਉਹ ਉਠ ਕੇ ਤਿਆਰ ਹੁੰਦਾ ਹੈ ਤੇ ਸੋਚ ਰਿਹਾ ਹੈ ਕਿ ਕਿਧਰ ਜਾਵੇ। ਘੜੀ ਦੇਖਦਾ ਹੈ। ਬਾਰਾਂ ਵੱਜੇ ਹਨ। ਉਸ ਦਾ ਦਿਲ ਕਰਦਾ ਹੈ ਕਿ ਭਾਗੀ ਵਲ ਜਾਵੇ ਪਰ ਐਤਵਾਰ ਦਾ ਦਿਨ ਹੈ, ਉਸ ਕਿਸੇ ਪਾਸੇ ਚਲੀ ਹੀ ਨਾ ਗਈ ਹੋਵੇ। ਦਿਨ ਵੀ ਚੰਗਾ ਹੈ ਕਿਤੇ ਬੀਚ ਵਲ ਹੀ ਨਿਕਲ ਗਈ ਹੋਵੇਗੀ। ਉਹ ਫੋਨ ਕਰਦਾ ਹੈ। ਭਾਗੀ ਘਰ ਮਿਲ ਜਾਂਦੀ ਹੈ। ਉਹ ਵਿਹਲੀ ਹੀ ਹੈ। ਵਿਜੈ ਸੋਚਦਾ ਹੈ ਕਿ ਭਾਗੀ ਕੋਲ ਬੈਠ ਕੇ ਬੀਅਰ ਪੀਵੇਗਾ ਤੇ ਰੋਟੀ ਖਾਵੇਗਾ। ਉਹ ਰਾਹ ਵਿਚੋਂ ਬੀਅਰ ਤੇ ਕੁਝ ਚੌਕਲੇਟ ਆਦਿ ਖਰੀਦ ਲੈਂਦਾ ਹੈ। ਉਸ ਦੇ ਘਰ ਪੁੱਜਦਾ ਹੈ ਤਾਂ ਨਿਤ ਵਾਂਗ ਉਸ ਦੀਆਂ ਕੁੜੀਆਂ ਉਸ ਨੂੰ ਮਾਮਾ ਜੀ ਮਾਮਾ ਜੀ ਕਹਿੰਦੀਆਂ ਚੁੰਬੜ ਜਾਂਦੀਆਂ ਹਨ। ਭਾਗੀ ਵੀ ਉਸ ਨੂੰ ਹਮੇਸ਼ਾ ਵਾਂਗ ਖਿੜੇ ਮੱਥੇ ਜੀ ਆਇਆਂ ਆਖਦੀ ਹੈ। ਭਾਗੀ ਆਪਣੇ ਆਪ ਨੂੰ ਇਸ ਗੱਲੋਂ ਖੁਸ਼ਕਿਸਮਤ ਸਮਝਦੀ ਹੈ ਕਿ ਕੋਈ ਤਾਂ ਹੈ ਉਸ ਨੂੰ ਮਿਲਣ ਵਾਲਾ, ਨਹੀਂ ਤਾਂ ਪੂਰੇ ਇੰਗਲੈਂਡ ਵਿਚ ਉਸ ਦਾ ਕੋਈ ਰਿਸ਼ਤੇਦਾਰ ਨਹੀਂ ਹੈ। ਜਿਹੜੀ ਮਾਸੀ ਨੇ ਉਸ ਦਾ ਰਿਸ਼ਤਾ ਕਰਾਇਆ ਸੀ ਉਹ ਮੁੜ ਕੇ ਉਹਨੂੰ ਦੇਖਣ ਤਕ ਨਹੀਂ ਆਉਂਦੀ। ਕਦੇ ਫੋਨ ਵੀ ਨਹੀਂ ਕਰਦੀ ਕਿ ਉਹ ਕਿਹੜੇ ਹਾਲ ਵਿਚ ਹੈ। ਵਿਜੈ ਭਾਗੀ ਨਾਲ ਆਪਣਾ ਸਾਰਾ ਦੁੱਖ ਸਾਂਝਾ ਕਰਦਾ ਹੈ। ਭਾਗੀ ਵੀ ਅੰਮਰਤੀ ਤੇ ਰਮੇਸ਼ ਨੂੰ ਜਾਣਦੀ ਹੈ। ਇਸ ਛੋਟੇ ਜਿਹੇ ਸ਼ਹਿਰ ਵਿਚ ਸਾਰੇ ਲੋਕ ਹੀ ਇਕ ਦੂਜੇ ਨੂੰ ਜਾਣਦੇ ਹਨ। ਉਹ ਗੁੱਸੇ ਜਿਹੇ ਵਿਚ ਬੋਲਦੀ ਹੈ,
"ਮੈਨੂੰ ਤਾਂ ਪਹਿਲਾਂ ਈ ਇਹ ਅੰਮਰਤੀ ਮੋਮੋ-ਠਗਣੀ ਜਿਹੀ ਜਾਪਦੀ ਸੀ, ਚੰਗਾ ਕੀਤਾ ਸਾਫ ਜਵਾਬ ਦੇ ਦਿਤਾ।"

ਭਾਗੀ ਉਸ ਲਈ ਆਲੂਆਂ ਵਾਲੀ ਰੋਟੀ ਬਣਾਉਂਦੀ ਹੈ। ਉਹ ਬੀਅਰ ਪੀਂਦਾ ਰੋਟੀ ਖਾਣ ਲਗਦਾ ਹੈ। ਭਾਗੀ ਕਹਿੰਦੀ ਹੈ,
"ਵਿਜੇ, ਤੂੰ ਬੀਅਰ ਪੀਣੀ ਹੁੰਦੀ ਐ ਤਾਂ ਮੈਂ ਲਿਆ ਰਖਿਆ ਕਰੂੰ, ਏਨਾ ਈ ਬਹੁਤ ਆ ਕਿ ਤੂੰ ਆ ਜਾਨੈਂ। ਕੁੜੀਆਂ ਵੀ ਖੁਸ਼ ਹੋ ਜਾਂਦੀਆਂ।"
"ਭਾਗੀ, ਤੂੰ ਹੁਣ ਕੁਸ਼ ਆਪਣੇ ਬਾਰੇ ਵੀ ਸੋਚ, ਹੋਰ ਚਾਰ ਸਾਲ ਨੂੰ ਤੂੰ ਬੁੜੀ ਹੋ ਜਾਣੈ।"
"ਬੁੜੀ ਨੂੰ ਤਾਂ ਮੈਂ ਹੁਣੇ ਈ ਬੁੜੀ ਜਿਹੀ ਮਹਿਸੂਸ ਕਰਦੀ ਆਂ।"
"ਫਿਰ ਆਪਣੇ ਬਾਰੇ ਕੁਸ਼ ਸੋਚ।"
"ਕੀ ਸੋਚਾਂ!"
"ਕੀ ਤੂੰ ਕੁੜੀਆਂ ਪਾਲ਼ਦੀ ਨੇ ਜ਼ਿੰਦਗੀ ਕੱਢ ਲੈਣੀ ਐਂ ਕਿ ਜਾਂ ਫਿਰ ਆਪ ਵੀ ਲਾਈਫ ਨੂੰ ਇੰਜੁਆਏ ਕਰਨੈ?"
"ਮੈਂ ਹੁਣ ਲਾਈਫ ਕੀ ਇੰਜੁਆਏ ਕਰਨੀ ਐਂ, ਕੁੜੀਆਂ ਪਾਲ਼ ਹੋ ਜਾਣ ਇੰਨਾ ਈ ਬਹੁਤ ਐ।"

"ਤੂੰ ਜੁਆਨ ਐਂ, ਸੁਹਣੀ ਐਂ, ਤੇਰੇ ਵੀ ਤਾਂ ਚੰਦਰਾ ਦਿਲ ਲਗਿਆ ਹੋਇਐ!"
"ਵਿਜੇ, ਨਹੀਂ, ਹੁਣ ਵਿਆਹ ਨਈਂ ਕਰਾਉਣਾ। ...ਕਿਸੇ ਵੀ ਆਦਮੀ ਨੇ ਮੇਰੀਆਂ ਕੁੜੀਆਂ ਨੂੰ ਆਪਣੀਆਂ ਧੀਆਂ ਨਹੀਂ ਸਮਝਣਾ ਸਗਾਂ ਮੁਸ਼ਕਲਾਂ ਵਧਣਗੀਆਂ।"
"ਕੋਈ ਦੋਸਤ ਰੱਖ ਲੈ।"
"ਫੋਟ ਵਿਜੇ! ਸ਼ਰਮ ਤਾਂ ਨਹੀਂ ਆਉਂਦੀ ਗੱਲ ਕਰਦੇ ਨੂੰ, ਤੈਨੂੰ ਮੈਂ ਇੱਦਾਂ ਦੀ ਦਿਸਦੀ ਆਂ!"
"ਤੈਨੂੰ ਕਿਹਾ ਨਾ ਕਿ ਦਿਲ ਤਾਂ ਤੇਰੇ ਵੀ ਲਗਿਆ ਹੋਇਐ। ਬੌਡੀ ਦੀਆਂ ਵੀ ਕਈ ਲੋੜਾਂ ਹੁੰਦੀਆਂ।"

ਉਸ ਦੇ ਕਹਿਣ ਤੇ ਭਾਗੀ ਸ਼ਰਮਾ ਜਾਂਦੀ ਹੈ ਤੇ ਕਹਿੰਦੀ ਹੈ,
"ਵਿਜੇ, ਤੈਨੂੰ ਬੀਅਰ ਚੜ ਗਈ ਲਗਦੀ ਐ!"

ਵਿਜੈ ਜਵਾਬ ਵਿਚ ਕੁਝ ਨਹੀਂ ਬੋਲਦਾ। ਉਹ ਕੁੜੀਆਂ ਨਾਲ ਛੋਟੀਆਂ ਛੋਟੀਆਂ ਗੱਲਾਂ ਕਰਨ ਲਗਦਾ ਹੈ। ਜਦ ਉਹ ਤੁਰਨ ਲਗਦਾ ਹੈ ਤਾਂ ਭਾਗੀ ਆਖਦੀ ਹੈ,
"ਵਿਜੇ, ਇਕ ਦਿਨ ਮੈਂ ਤੇਰੇ ਤਾਏ ਦੇ ਘਰ ਗਈ ਸੀ, ਤੇਰੀ ਤਾਈ ਤੇਰਾ ਬਹੁਤ ਫਿਕਰ ਕਰਦੀ ਸੀ, ਕਹਿੰਦੀ ਪਤਾ ਨਹੀਂ ਮੁੰਡਾ ਰੋਟੀ ਵੀ ਖਾਂਦਾ ਹੋਊ ਕਿ ਨਹੀਂ। ਤੂੰ ਓਧਰ ਜਾਂਦਾ ਰਿਹਾ ਕਰ, ਉਹਨਾਂ ਦਾ ਵੀ ਤੇਰੇ ਬਿਨਾ ਹੋਰ ਨਈਂ ਕੋਈ, ...ਦੀਪਕ ਦਾ ਤਾਂ ਤੈਨੂੰ ਪਤਾ ਈ ਐ।"

ਵਿਜੈ ਉਥੋਂ ਉਠ ਕੇ ਸਿੱਧਾ ਤਾਏ ਦੇ ਘਰ ਚਲੇ ਜਾਂਦਾ ਹੈ। ਦੀਪਕ ਵੀ ਘਰ ਆਇਆ ਬੈਠਾ ਹੈ। ਤਾਇਆ ਉਪਰ ਆਪਣੇ ਕਮਰੇ ਵਿਚ ਹੈ। ਤਾਈ ਦੀਪਕ ਪਾਸ ਬੈਠੀ ਉਸ ਨਾਲ ਕੋਈ ਗੱਲ ਕਰ ਰਹੀ ਹੈ ਪਰ ਦੀਪਕ ਉਸ ਨਾਲ ਸਿੱਧੇ ਮੂੰਹ ਬੋਲ ਨਹੀਂ ਰਿਹਾ। ਵਿਜੈ ਦੀਪਕ ਨਾਲ ਹੱਥ ਮਿਲਾਉਂਦਾ ਹੈ ਪਰ ਦੀਪਕ ਦਾ ਹੱਥ ਠੰਡਾ ਜਿਹਾ ਹੀ ਹੈ। ਵਿਜੈ ਪੁੱਛਦਾ ਹੈ,
"ਅਜ ਕਲ ਕਿਧਰ ਹੁੰਨਾਂ, ਯੰਗ ਮੈਨ?"
"ਮੈਂ ਲੰਡਨ ਲਿਵ ਕਰਦਾਂ।"
"ਕੋਈ ਜੌਬ ਹੈ ਕਿ ਨਹੀਂ।"
"ਆਏ'ਮ ਲੁਕਿੰਗ ਫੋਰ ਵਨ।"
"ਇਥੇ ਆ ਜਾ, ਬੱਸਾਂ ਵਿਚ, ਸ਼ਾਇਦ ਵੇਕੈਂਸੀਆਂ ਨਿਕਲਣ।"
"ਆਏ ਲੌਸਟ ਮਾਈ ਲਾਇਸੰਸ ਇਨ ਡਰਿੰਕ ਐਂਡ ਡਰਾਈਵ।"
"ਓ ਨੋ, ਦੈਟ'ਸ ਵੈਰੀ ਬੈਡ!"

ਤਾਈ ਜ਼ਰਾ ਕੁ ਪਰ੍ਹਾਂ ਜਾਂਦੀ ਹੈ ਤਾਂ ਉਹ ਦੀਪਕ ਨੂੰ ਪੁੱਛਦਾ ਹੈ,
"ਗਲਾਸ ਪੀਣਾਂ ਤਾਂ ਆ ਜਾ ਪੱਬ ਨੂੰ ਚਲਦੇ ਆਂ।"
"ਨਈਂ, ਮੰਮ ਸ਼ਾਊਟ ਕਰਦੀ ਆ।"
"ਡੈਡ ਤਾਂ ਕੁਸ਼ ਨਹੀਂ ਕਹਿੰਦਾ।"
"ਹੀ'ਜ਼ ਹਿਟਲਰ!"

ਜਦ ਤਕ ਤਾਇਆ ਵੀ ਉਹਨਾਂ ਕੋਲ ਆ ਜਾਂਦਾ ਹੈ। ਤਾਇਆ ਵਿਜੈ ਨੂੰ ਆਖਦਾ ਹੈ,
"ਪੁੱਛ ਆਪਣੇ ਭਰਾ ਨੂੰ ਕੀ ਕਰਨ ਆਇਆ ਇਹ?"

ਵਿਜੈ ਤੋਂ ਪਹਿਲਾਂ ਹੀ ਦੀਪਕ ਬੋਲ ਪੈਂਦਾ ਹੈ,
"ਦਸਿਆ ਤਾਂ ਸੀ ਮੈਨੂੰ ਮਨੀ ਚਾਹੀਦੀ ਐ, ਮੈਂ ਬਿਜਨਸ ਸ਼ੁਰੂ ਕਰਨੈ।"
"ਕਿਹੜਾ ਬਿਜ਼ਨਸ ਕਰਨੈ?"
"ਇਕ ਫਰਿੰਡ ਨਾਲ ਰਲ਼ ਕੇ ਗੈਰਜ ਓਪਨ ਕਰਨੀ ਆਂ।"
"ਕਿਥੇ?"
"ਓਥੇ, ਲੰਡਨ।"

ਵਿਜੈ ਅਗੇ ਕੁਝ ਨਹੀਂ ਪੁੱਛਦਾ। ਉਸ ਨੂੰ ਪਤਾ ਹੈ ਕਿ ਦੀਪਕ ਉਸ ਦੀ ਗੱਲ ਦਾ ਗੁੱਸਾ ਕਰ ਜਾਵੇਗਾ ਇਸ ਲਈ ਤਾਏ ਨੂੰ ਹੀ ਗੱਲ ਕਰਨ ਦਿੰਦਾ ਹੈ। ਤਾਇਆ ਦੱਸਣ ਲਗਦਾ ਹੈ,
"ਮੰਗਦਾ ਵੀ ਇਹ ਵੀਹ ਹਜ਼ਾਰ ਐ, ਮੈਂ ਕਿਹਾ ਕਿ ਮੇਰੇ ਕੋਲ਼ ਵੀਹ ਹਜ਼ਾਰ ਕਿਥੋਂ ਆ ਗਿਆ ਤਾ ਕਹਿੰਦਾ ਕਿ ਦੂਜਾ ਘਰ ਵੇਚ ਦੇ।"
"ਡੈਡ, ਤੂੰ ਮਨੀ ਕੀ ਕਰਨੀ, ਸੂਨ ਯੂ ਵਿਲ ਡਾਈ!"
"ਦੀਪਕ, ਯੂਜ ਯੋਅਰ ਬਰੇਨ ਮੈਨ, ਯੂ ਨੋਅ ਵੱਟ ਆਰ ਯੂ ਸੇਅੰਗ?"

ਗੱਲ ਕਰਦਾ ਵਿਜੈ ਬਹੁਤ ਗੁੱਸੇ ਵਿਚ ਹੈ। ਦੀਪਕ ਪੈਰ ਮਾਰਦਾ ਉਠ ਕੇ ਬਾਹਰ ਤੁਰ ਜਾਂਦਾ ਹੈ। ਤਾਈ ਉਸ ਨੂੰ ਦੇਖਦੀ ਹੈ ਤੇ ਕਹਿੰਦੀ ਹੈ,

"ਵਿਜੇ, ਜਾਹ ਉਹਨੂੰ ਮਨਾ ਕੇ ਲਿਆ, ਪਤਾ ਨਹੀਂ ਕੀ ਭੁੱਲ ਪਈ ਹੋਈ ਆ ਏਹਨੂੰ।"

ਵਿਜੈ ਉਠਦਾ ਹੈ ਤੇ ਦੀਪਕ ਦੇ ਮਗਰ ਜਾਂਦਾ ਹੈ। ਦੀਪਕ ਹਾਲੇ ਥੋੜੀ ਦੂਰ ਹੀ ਗਿਆ ਹੈ। ਉਹ ਦੌੜ ਕੇ ਦੀਪਕ ਨੂੰ ਬਾਹੋਂ ਫੜ ਲੈਂਦਾ ਹੈ ਤੇ ਕਹਿੰਦਾ ਹੈ,

"ਲੁਕ ਦੀਪਕ, ਹੀ'ਜ਼ ਯੋਅਰ ਫਾਦਰ ਤੇ ਮੈਨੂੰ ਵੀ ਫਾਦਰ ਵਾਂਗੂੰ ਐ, ਆਪਾਂ ਨੂੰ ਉਹਦੇ ਖਿਲਾਫ ਕੁਸ਼ ਨਹੀਂ ਬੋਲਣਾ ਚਾਹੀਦਾ, ਆਪਾਂ ਨੂੰ ਉਹਦੀ ਰਿਸਪੈਕਟ ਕਰਨੀ ਚਾਹੀਦੀ ਐ।"

"ਪਰ ਉਹ ਮੈਨੂੰ ਮਨੀ ਕਿਉਂ ਨਹੀਂ ਦਿੰਦਾ, ਮੇਰੀ ਲਾਈਫ ਓਹਨੇ ਹੈੱਲ ਬਣਾਈ ਹੋਈ ਐ, ਉਹਦੇ ਕੋਲ ਦੋ ਘਰ ਤੇ ਬੈਂਕ 'ਚ ਮਨੀ ਆਂ ਤੇ ਮੈਂ ਪੈਨੀਲੈਸ ਆਂ।"

"ਓਹ ਮਨੀ ਉਹਨੇ ਅਰਨ ਕੀਤੀ ਐ, ਕਮਾਈ ਐ, ਤੂੰ ਵੀ ਕੰਮ ਕਰ ਤੇ ਉਹਤੋਂ ਵੀ ਜ਼ਿਆਦਾ ਮਨੀ ਕਮਾ।"

"ਦੈਟ'ਸ ਵੱਟ ਆਏ ਵਾਂਟ ਟੂ ਡੂ, ਦੈਟ'ਸ ਵਾਏ ਆਏ ਨੀਡ ਮਨੀ ਬਟ ਹੀ'ਜ਼ ਨੌਟ ਗਿਵਿੰਗ ਮੀ।"

"ਦੇਖ ਦੀਪਕ, ਮਾਈ ਬਰੱਦਰ, ਅਜ ਤਕ ਬਾਈ ਚਾਂਸ ਏਦਾਂ ਹੁੰਦਾ ਰਿਹੈ ਕਿ ਤੂੰ ਕੁਸ਼ ਐਸਾ ਕਰ ਕੇ ਨਹੀਂ ਦਿਖਾਇਆ ਕਿ ਤੇਰਾ ਡੈਡ ਤੇਰੇ ਤੇ ਯਕੀਨ ਕਰੇ।"

"ਮੈਨੂੰ ਕੋਈ ਚਾਂਸ ਦੇਵੇਗਾ ਤਾਂ ਆਏ ਵਿਲ ਡੂ।"

"ਚੱਲ, ਫੌਰਗੈਟ ਅਬਾਊਟ ਪਾਸਟ, ਤੂੰ ਵਾਪਸ ਘਰ ਆ ਜਾ ਤੇ ਆਪਾਂ ਦੋਵੇਂ ਭਰਾ ਰਲ਼ ਕੇ ਕੁਸ਼ ਕਰਦੇ ਆਂ।"

"ਵਿਜੇ, ਯੂ ਟਾਕ ਲਾਈਕ ਡੈਡ।"

"ਚੱਲ, ਤੂੰ ਇਕ ਵਾਰ ਘਰ ਚੱਲ, ਲੁਕ ਤੇਰੀ ਮੰਮ ਤੇਰੇ ਬਾਰੇ ਕਿੰਨੀ ਵੱਰੀਡ ਐ।"

"ਵੱਰੀਡ ਮਾਈ ਫੁੱਟ! ਨੋਬੌਡੀ ਵੱਰੀਡ ਅਬਾਊਟ ਮੀ।"

ਉਹ ਆਖਦਾ ਹੋਇਆ ਵਿਜੈ ਨਾਲ ਤੁਰ ਪੈਂਦਾ ਹੈ। ਵਿਜੈ ਨੂੰ ਲਗ ਰਿਹਾ ਹੈ ਕਿ ਸ਼ਾਇਦ ਦੀਪਕ ਨੂੰ ਪਤਾ ਚਲ ਗਿਆ ਹੋਵੇ ਕਿ ਤਾਏ ਨੇ ਉਸ ਨੂੰ ਘਰ ਲੈਣ ਲਈ ਪੈਸੇ ਉਧਾਰ ਦਿਤੇ ਹਨ ਤੇ ਇਸੇ ਕਰਕੇ ਦੀਪਕ ਪੈਸੇ ਮੰਗਣ ਆਇਆ ਹੋਵੇ। ਉਹ ਫਿਰ ਸੋਚਦਾ ਹੈ ਕਿ ਦੀਪਕ ਨੂੰ ਦੱਸਣ ਵਾਲੀ ਤਾਂ ਤਾਈ ਹੀ ਹੋ ਸਕਦੀ ਹੈ ਤੇ ਤਾਈ ਨੇ ਆਪਣੇ ਹੱਥੀਂ ਉਸ ਨੂੰ ਪੈਸੇ ਦਿਤੇ ਹਨ ਤੇ ਮਹੀਨੇ ਬਾਅਦ ਕਿਸ਼ਤ ਵਾਂਗ ਉਹ ਤਾਈ ਨੂੰ ਹੀ ਪੈਸੇ ਮੋੜਦਾ ਹੈ ਇਸ ਲਈ ਤਾਈ ਨਹੀਂ ਦੱਸਣ ਲਗੀ। ਭਾਵੇਂ ਤਾਈ ਦੀਪਕ ਦੀ ਪੂਰੀ ਤਰਫਦਾਰੀ ਕਰਦੀ ਹੈ ਪਰ ਉਸ ਨੂੰ ਵੀ ਦੀਪਕ 'ਤੇ ਕੋਈ ਭਰੋਸਾ ਨਹੀਂ ਹੈ। ਵਿਜੈ ਉਥੇ ਬਹੁਤੀ ਦੇਰ ਨਹੀਂ ਬੈਠਦਾ, ਉਸ ਨੂੰ ਡਰ ਹੈ ਕਿ ਉਸ ਦੀ ਹਾਜ਼ਰੀ ਸ਼ਾਇਦ ਦੀਪਕ ਨੂੰ ਚੰਗੀ ਨਾ ਲਗੇ ਫਿਰ ਜੇਕਰ ਦੀਪਕ ਨੇ ਤਾਏ ਨੂੰ ਕੁਝ ਕਿਹਾ ਤਾਂ ਉਸ ਤੋਂ ਬਰਦਾਸ਼ਤ ਨਹੀਂ ਹੋਣਾ। ਉਹ ਤਾਏ ਨੂੰ ਸਬਰ ਤੋਂ ਕੰਮ ਲੈਣ ਲਈ ਕਹਿ ਕੇ ਤੁਰ ਪੈਂਦਾ ਹੈ।...

ਕਾਰ ਵਿਚ ਬੈਠਦਾ ਵਿਜੈ ਸੋਚ ਰਿਹਾ ਹੈ ਕਿ ਸਾਲਾ ਕਿਤੇ ਵੀ ਟਿਕਾਅ ਨਹੀਂ ਹੈ। ਉਹ ਘਰ ਪੁੱਜਦਾ ਹੈ ਘਰ ਦੇ ਬਾਹਰ ਰਮੇਸ਼ ਦੀ ਵੈਨ ਖੜੀ ਹੈ। ਉਹ ਦੋਵੇਂ ਪਤੀ ਪਤਨੀ ਉਸ ਦੀ ਉਡੀਕ ਕਰ ਰਹੇ ਹਨ। ਉਹ ਮਨ ਹੀ ਮਨ ਕਹਿੰਦਾ ਹੈ– 'ਹੇਅਰ ਵੀ ਗੋ!'

ਉਸ ਨੂੰ ਦੇਖ ਕੇ ਉਹ ਦੋਵੇਂ ਵੈਨ ਵਿਚੋਂ ਉਤਰ ਆਉਂਦੇ ਹਨ। ਵਿਜੈ ਦਾ ਦਿਲ ਕਰਦਾ ਹੈ ਕਿ ਉਹਨਾਂ ਨਾਲ ਅੱਖ ਵੀ ਨਾ ਮਿਲਾਵੇ ਪਰ ਉਹ ਸਾਹਮਣੇ ਸਾ ਖੜਦੇ ਹਨ। ਅੰਮਰਤੀ ਰੋਣ ਲਗ ਪੈਂਦੀ ਹੈ। ਰਮੇਸ਼ ਆਖਦਾ ਹੈ,

"ਅਸੀਂ ਤਾਂ ਬਈ ਤੇਰੇ ਨਾਲ਼ ਆਖਰੀ ਗੱਲ ਕਰਨ ਆਏ ਆਂ।"

ਵਿਜੈ ਕੁਝ ਕਹੇ ਬਿਨਾਂ ਆਪਣੇ ਘਰ ਦਾ ਦਰਵਾਜ਼ਾ ਖੋਹਲਦਾ ਹੈ। ਉਹ ਦੋਵੇਂ ਉਹਨਾਂ ਦੇ ਮਗਰ ਅੰਦਰ ਆ ਜਾਂਦੇ ਹਨ। ਵਿਜੈ ਉਹਨਾਂ ਨੂੰ ਸੈਟੀ ਤੇ ਬੈਠਣ ਦਾ ਇਸ਼ਾਰਾ ਕਰਦਾ ਹੈ। ਅੰਮਰਤੀ ਦਾ ਰੋਣਾ ਉਚੀ ਹੋ ਜਾਂਦਾ ਹੈ। ਰਮੇਸ਼ ਕਹਿਣ ਲਗਦਾ ਹੈ,

"ਵਿਜੇ, ਤੈਨੂੰ ਅੰਦਾਜ਼ਾ ਈ ਨਹੀਂ ਕਿ ਇਹਨਾਂ ਦੇ ਪਿਤਾ ਜੀ ਦੀ ਪੂਰੇ ਇਲਾਕੇ ਵਿਚ ਕੀ ਥਾਂ ਐ, ਉਹਨਾਂ ਦੀ ਕਿੰਨੀ ਰਿਸਪੈਕਟ ਐ, ਉਹਨਾਂ ਦੀ ਪੂਰੀ ਧਾਂਕ ਐ, ਹੁਣ ਇਹ ਗੱਲ ਸਾਰੇ ਫੈਲ ਚੁੱਕੀ ਐ ਕਿ ਡਾਕਟਰ ਸਾਹਿਬ ਦੀ ਡਾਕਟਰ ਕੁੜੀ ਦਾ ਰਿਸ਼ਤਾ ਇੰਗਲੈਂਡ ਵਿਚ ਹੋ ਗਿਐ ਤੇ ਜੇ ਹੁਣ ਲੋਕਾਂ ਨੂੰ ਇਹ ਪਤਾ ਚਲੇ ਕਿ ਰਿਸ਼ਤਾ ਹੋਣ ਤੋਂ ਪਹਿਲਾਂ ਈ ਟੁੱਟ ਗਿਆ। ਤੂੰ ਆਪ ਦੱਸ ਬਈ ਇਕ ਵਾਰ ਕਿਸੇ ਕੁੜੀ ਦਾ ਰਿਸ਼ਤਾ ਟੁੱਟ ਜਾਵੇ ਉਹਦੇ ਲਈ ਦੁਬਾਰਾ ਮੁੰਡਾ ਲਭਣਾ ਕਿੰਨਾ ਮੁਸ਼ਕਲ ਹੁੰਦੈ!"

"ਠੀਕ ਐ ਰਮੇਸ਼ ਪਰ ਮੈਂ ਤਾਂ ਇਹ ਰਿਸ਼ਤਾ ਤਹਿ ਨਹੀਂ ਕੀਤਾ ਤੇ ਨਾ ਈ ਤੋੜ ਰਿਹਾਂ ਤੁਸੀਂ ਮੈਨੂੰ ਕਿਉਂ ਬਲੇਮ ਦੇਈ ਜਾ ਰਹੇ ਓ?"

ਉਸ ਦੇ ਜਵਾਬ ਵਿਚ ਅੰਮਰਤੀ ਬੋਲਦੀ ਹੈ,

"ਵਿਜੇ, ਗਲਤੀ ਤੇਰੀ ਨਈਂ ਗਲਤੀ ਤਾਂ ਮੇਰੀ ਐ, ਤੂੰ ਮੈਨੂੰ ਦੀਦੀ ਕਹਿਣ ਲਗ ਪਿਆ ਤੇ ਮੈਂ ਤੈਨੂੰ ਸਚੀਂ ਭਰਾ ਸਮਝ ਬੈਠੀ ਤੇ ਭੈਣ ਹੋਣ ਦੇ ਨਾਤੇ ਈ ਇਹ ਫੈਸਲਾ ਲੈ ਬੈਠੀ, ਹੁਣ ਸੋਚ ਕਿ ਮੇਰੇ ਇਕ ਫੈਸਲੇ ਨਾਲ਼ ਕਿੰਨੀਆਂ ਜਾਨਾਂ ਬੱਝੀਆਂ ਹੋਈਆਂ!"

"ਤੁਹਾਡੀਆਂ ਸਾਰੀਆਂ ਗੱਲਾਂ ਠੀਕ ਐ ਪਰ ਇਹ ਵੀ ਸੋਚੋ ਕਿ ਮੈਂ ਕੋਈ ਅਨਾਥ ਨਹੀਂ, ਮੇਰੇ ਹੋਰ ਰਿਸ਼ਤੇ ਵੀ ਹੈਗੇ ਆ, ਮੇਰੀ ਮਾਂ, ਮੇਰਾ ਭਰਾ, ਸਭ ਤੋਂ ਉਪਰ ਮੇਰਾ ਤਾਇਆ, ਤੁਸੀਂ ਕੀ ਚਾਹੁੰਦੇ ਓ ਕਿ ਮੈਂ ਸਭ ਨੂੰ ਛੱਡ ਦੇਵਾਂ?"
"ਅਸੀਂ ਤਾਂ ਤੈਨੂੰ ਰਿਸ਼ਤਾ ਕਰਨ ਨੂੰ ਕਹਿੰਨੇ ਆਂ ਕਿਸੇ ਨੂੰ ਛੱਡਣ ਲਈ ਨਹੀਂ।"
"ਰਿਸ਼ਤੇ ਦਾ ਮਤਲਵ ਈ ਇਹੋ ਐ।"

ਵਿਜੈ ਆਖਦਾ ਹੈ। ਉੱਤਰ ਵਿਚ ਕੋਈ ਨਹੀਂ ਬੋਲਦਾ। ਕੁਝ ਪਲਾਂ ਲਈ ਚੁੱਪ ਛਾਈ ਰਹਿੰਦੀ ਹੈ। ਫਿਰ ਰਮੇਸ਼ ਆਖਦਾ ਹੈ,
"ਤੂੰ ਏਦਾਂ ਕਰ, ਸੁਸ਼ਮਾ ਨੂੰ ਇਧਰ ਸੱਦ ਦੇ, ਜੇ ਕੁੜੀ ਪਸੰਦ ਨਾ ਹੋਈ ਤਾਂ ਬੇਸ਼ਕ ਵਿਆਹ ਨਾ ਕਰਾਈਂ, ਅਸੀਂ ਆਪੇ ਹਾਲਾਤ ਨੂੰ ਕਾਬੂ ਕਰ ਲਵਾਂਗੇ।"
"ਕੁੜੀ ਡਾਕਟਰ ਐ ਉਹਨੂੰ ਤਾਂ ਸੈਰ ਲਈ ਵੀਜ਼ਾ ਮਿਲ ਜਾਣੈ।"
"ਇਹ ਤਾਂ ਸਾਨੂੰ ਸਭ ਨੂੰ ਪਤੈ ਪਰ ਅਸੀਂ ਵੀ ਤੇ ਉਹ ਵੀ ਇਹ ਚਾਹੁੰਦੇ ਆ ਕਿ ਲੋਕਾਂ ਨੂੰ ਪਤਾ ਚੱਲ ਜਾਵੇ ਕਿ ਕੁੜੀ ਵਿਆਹ ਕਰਾ ਕੇ ਸਦਾ ਲਈ ਇੰਗਲੈਂਡ ਜਾ ਚੁੱਕੀ ਐ।"
"ਮੈਂ ਪੇਪਰ ਭੇਜੇ ਤਾਂ ਮੈਨੂੰ ਮੁਸੀਬਤ ਆਏਗੀ, ਮੈਂ ਜਦ ਸੱਚੀਂ ਵਿਆਹ ਲਈ ਪੇਪਰ ਪਾਉਣੇ ਹੋਏ ਤਾਂ ਕੀ ਬਣੇਗਾ?"
"ਇਕ ਰਾਹਦਾਰੀ ਈ ਪਾਉਣੀ ਆਂ, ਇਹ ਤਾਂ ਸਿਰਫ ਕਾਗਜ਼ੀ ਕਾਰਵਾਈ ਐ।"
"ਮੇਰਾ ਨਹੀਂ ਖਿਆਲ ਕਿ ਮੈਂ ਏਨਾ ਕੰਮ ਵੀ ਕਰ ਸਕੂੰ, ਪਰ ਮੈਂ ਘਰ ਸਲਾਹ ਕਰ ਕੇ ਦਸਦਾਂ।"

ਵਿਜੈ ਉਹਨਾਂ ਨੂੰ ਗਲੋਂ ਲਾਹੁਣ ਲਈ ਆਖਦਾ ਹੈ। ਉਹ ਉਠ ਖੜਦੇ ਹਨ। ਰਮੇਸ਼ ਬੂਹੇ ਵਿਚ ਖੜ ਆਖਣ ਲਗਦਾ ਹੈ,
"ਅਸੀਂ ਸ਼ਾਇਦ ਤੇਰੇ ਤੇ ਇੰਨਾ ਪਰੈਸ਼ਰ ਨਾ ਪਾਉਂਦੇ, ਅਸੀਂ ਤੇਰੇ ਵਲੋਂ ਹਾਂ ਵੀ ਨਹੀਂ ਸੀ ਕਰਨੀ, ਇਹ ਤਾਂ ਉਹ ਬਹੁਤ ਵੱਡੀ ਟਰੱਬਲ ਵਿਚ ਆ ਗਏ ਕਰਕੇ ਅਸੀਂ ਉਹਨਾਂ ਦੀ ਮਦਦ ਕਰਦੇ ਕਰਦੇ ਵਾਅਦਾ ਕਰ ਬੈਠੇ।"

ਵਿਜੈ ਨਹੀਂ ਪੁੱਛਦਾ ਕਿ ਕਿਹੜੀ ਮੁਸੀਬਤ ਵਿਚ ਆ ਗਏ। ਉਹ ਚੁੱਪ ਰਹਿੰਦਾ ਹੈ। ਰਮੇਸ਼ ਫਿਰ ਕਹਿੰਦਾ ਹੈ,
"ਜਿੰਦਾਂ ਤੇਰੇ ਭਰਾ ਤੇ ਮਾਂ ਨੂੰ ਖਾਲਿਸਤਾਨੀਆਂ ਨੇ ਪਿੰਡੋਂ ਕੱਢਿਆ ਏਦਾਂ ਈ ਇਹਨਾਂ ਤੋਂ ਵੀ ਫਿਰੌਤੀ ਮੰਗਣ ਆ ਜਾਂਦੇ ਆ ਸਭ ਕੁਝ ਤਹਿਸ ਨਹਿਸ ਕਰਨ ਦੀ ਧਮਕੀ ਦੇ ਜਾਂਦੇ ਆ, ਇਹਨਾਂ ਦੇ ਪਿਤਾ ਜੀ ਦੋ ਵਾਰੀ ਤਾਂ ਉਹਨਾਂ ਦੇ ਮੰਗੇ ਪੈਸੇ ਦੇ ਚੁੱਕੇ ਆ ਪਰ ਕਿੰਨੀ ਕੁ ਵਾਰ ਦੇਈ ਜਾਣਗੇ ਤੇ ਨਾਲ਼ੇ ਉਹਨਾਂ ਕੋਲ਼ ਕਿੰਨੇ ਕੁ ਪੈਸੇ ਹੋਣਗੇ ਤੂੰ ਆਪ ਸੋਚ।"

## ਛੇ

ਸ਼ਨਿਚਰਵਾਰ ਦਾ ਦਿਨ। ਵਿਜੈ ਮੰਦਿਰ ਦੇ ਉਸ ਕਮਰੇ ਵਿਚ ਬੈਠਾ ਹੈ ਜਿਥੇ ਉਹ ਲੋਕਾਂ ਦੇ ਫਾਰਮ ਆਦਿ ਭਰਨ ਲਈ ਬੈਠਿਆ ਕਰਦਾ ਹੈ। ਮੀਂਹ ਦਾ ਜ਼ੋਰ ਹੋਣ ਕਰਕੇ ਹਾਲੇ ਤਕ ਕੋਈ ਨਹੀਂ ਆਇਆ। ਕਦੇ ਕਦੇ ਇਵੇਂ ਹੁੰਦਾ ਹੈ ਕਿ ਮੌਸਮ ਖਰਾਬ ਹੋਵੇ ਤਾਂ ਲੋਕ ਨਹੀਂ ਆਉਂਦੇ। ਕੋਈ ਆਵੇ ਜਾਂ ਨਾ ਪਰ ਉਹ ਆਉਣਾ ਨਹੀਂ ਭੁਲਦਾ। ਜ਼ਿਆਦਾ ਲੋੜਵੰਦ ਲੋਕ ਉਸ ਨੂੰ ਫੋਨ ਵੀ ਕਰ ਲੈਂਦੇ ਹਨ। ਉਹ ਮੰਦਿਰ ਦੀ ਰਸੋਈ ਵਿਚੋਂ ਚਾਹ ਦਾ ਇਕ ਗਲਾਸ ਫੜ ਲਿਆਉਂਦਾ ਹੈ। ਉਹ ਦੇਖਦਾ ਹੈ ਅਚਾਨਕ ਹੀ ਤਾਇਆ ਅੰਦਰ ਆ ਰਿਹਾ ਹੈ। ਉਹ ਪੁੱਛਦਾ ਹੈ,
"ਤਾਇਆ ਤੂੰ ਇਥੇ?"

ਤਾਇਆ ਹਰ ਰੋਜ਼ ਮੰਦਿਰ ਨਹੀਂ ਆਉਂਦਾ, ਸਿਰਫ ਐਤਵਾਰ ਦੇ ਐਤਵਾਰ ਆਉਂਦਾ ਹੈ। ਤਾਇਆ ਬੋਲਦਾ ਹੈ,
"ਤੇਰੇ ਕੋਲ਼ ਤਾਂ ਹੁਣ ਟਾਈਮ ਈ ਨਹੀਂ ਮੈਂ ਕਿਹਾ ਮੈਂ ਈ ਮਿਲ਼ ਆਵਾਂ, ਤੇਰੀ ਤਾਈ ਕਈ ਦਿਨਾਂ ਦੀ ਯਾਦ ਕਰੀ ਜਾਂਦੀ ਐ, ਤੇਰੀ ਤਾਈ ਦੀ ਸਿਹਤ ਬਹੁਤੀ ਠੀਕ ਨਹੀਂ।"

ਵਿਜੈ ਘੜੀ ਦੇਖਦਾ ਹੈ ਇਕ ਤੋਂ ਉਪਰ ਵੱਜ ਚੁੱਕਾ ਹੈ। ਮੀਂਹ ਹਾਲੇ ਵੀ ਨਹੀਂ ਘਟਿਆ। ਉਹ ਸੋਚਦਾ ਹੈ ਕਿ ਹੁਣ ਸ਼ਾਇਦ ਹੀ ਕੋਈ ਆਵੇ। ਜੇ ਕਿਸੇ ਦਾ ਕੋਈ ਜ਼ਰੂਰੀ ਕੰਮ ਹੋਇਆ ਤਾਂ ਅਗਲਾ ਫੋਨ ਵੀ ਕਰ ਸਕਦਾ ਹੈ। ਉਹ ਤਾਏ ਨਾਲ ਤੁਰ ਪੈਂਦਾ ਹੈ। ਨਾਲੇ ਤਾਈ ਨੂੰ ਵੀ ਮਿਲ ਲਵੇਗਾ ਤੇ ਨਾਲ ਹੀ ਤਾਏ ਨਾਲ ਵੀ ਗੱਲ ਕਰ ਲਵੇਗਾ ਕਿ ਦੁੱਗਲ ਦੇ ਰਿਸ਼ਤੇਦਾਰਾਂ ਨੂੰ ਖਾਲਿਸਤਾਨੀ ਤੰਗ ਕਰ ਰਹੇ ਹਨ ਇਸ ਲਈ ਉਹ ਉਹਨਾਂ ਦੀ ਮੱਦਦ ਕਰ ਰਿਹਾ ਹੈ ਨਹੀਂ ਤਾਂ ਉਸ ਦਾ ਉਸ ਕੁੜੀ ਨਾਲ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ ਹੈ। ਦੋਵੇਂ ਤਾਏ ਦੇ ਘਰ ਪੁੱਜ ਜਾਂਦੇ ਹਨ। ਤਾਈ ਨੂੰ ਮਿਲਦਾ ਹੈ। ਤਾਈ ਦੀ ਸਿਹਤ ਦੇਖਣ ਨੂੰ ਹੀ ਠੀਕ ਨਹੀਂ ਲਗਦੀ। ਉਹ ਪੁੱਛਦਾ ਹੈ,
"ਤਾਈ, ਮੈਨੂੰ ਲਗਦੈ ਕਿ ਤੂੰ ਦਵਾਈ ਵਕਤ ਸਿਰ ਨਹੀਂ ਖਾਂਦੀ।"

"ਨਹੀਂ ਵਿਜੇ ਪੁੱਤ, ਮੈਨੂੰ ਤਾਂ ਆਹ ਦੀਪਕ ਨੇ ਬਿਮਾਰ ਕੀਤਾ ਪਿਐ, ਓਦਨ ਦਾ ਲੜ ਕੇ ਗਿਆ ਮੁੜ ਕੇ ਨਹੀਂ ਆਇਆ ਤੇ ਨਾ ਸਾਨੂੰ ਪਤੈ ਕਿ ਕਿਥੇ ਰਹਿੰਦਾ, ਮੈਂ ਸੋਚਦੀ ਆਂ ਕਿ ਮੇਰੇ ਕੋਲ਼ ਥੋੜੇ ਕੁ ਪੈਸੇ ਪਏ ਆ ਦੇ ਦਿੰਨੇ ਆਂ ਸ਼ਾਇਦ ਕਾਮਯਾਬ ਹੋ ਈ ਜਾਵੇ। ਮੈਂ ਚਾਹੁੰਨੀ ਆਂ ਕਿ ਤੂੰ ਓਹਨੂੰ ਲੱਭ ਲਿਆ ਕਿਤਿਓਂ।"

"ਤਾਈ, ਹੁਣ ਓਹਦਾ ਕੁਝ ਪਤਾ ਥਹੁ ਹੋਵੇ ਤਾਂ ਹੀ ਲੱਭੀਏ।"

"ਇਹ ਤਾਂ ਸਾਨੂੰ ਵੀ ਨਹੀਂ ਪਤਾ। ਕੋਈ ਫੋਨ ਨੰਬਰ ਵੀ ਨਹੀਂ।"

"ਵੈਸੇ ਫੋਨ ਤਾਂ ਕਰਦਾ ਹੁੰਦਾ ਕਦੇ।"

"ਪਿਛਲੇ ਮਹੀਨੇ ਇਕ ਵਾਰ ਕੀਤਾ ਸੀ, ਤੇ ਮੈਂ ਵਾਪਸ ਉਸੇ ਨੰਬਰ ਤੇ ਘੁਮਾਇਆ ਉਹਨੇ ਈ ਚੁੱਕਿਆ ਸੀ।"

" ਫੇਰ ਤਾਂ ਸ਼ਾਇਦ ਬਿੱਲ ਵਿਚ ਵੀ ਉਹ ਨੰਬਰ ਆ ਗਿਆ ਹੋਵੇ।"

ਆਖਦਾ ਹੋਇਆ ਵਿਜੈ ਫੋਨ ਬਿੱਲ ਲਭਣ ਲਗਦਾ ਹੈ। ਲੰਡਨ ਦੇ ਕੋਡ ਤੋਂ ਈ ਦੀਪਕ ਦੇ ਨੰਬਰ ਦਾ ਪਤਾ ਚਲ ਜਾਵੇਗਾ ਪਰ ਉਸ ਨੂੰ ਫੋਨ ਦਾ ਬਿੱਲ ਨਹੀਂ ਲਭਦਾ। ਤਾਏ ਨੂੰ ਇਹ ਸਭ ਬਹੁਤਾ ਚੰਗਾ ਨਹੀਂ ਲਗ ਰਿਹਾ। ਉਹ ਦੀਪਕ ਨੂੰ ਕੋਈ ਪੈਸਾ ਦੇਣ ਦੇ ਹੱਕ ਵਿਚ ਨਹੀਂ ਹੈ ਪਰ ਪਤਨੀ ਨੂੰ ਤੋੜ ਕੇ ਜਵਾਬ ਵੀ ਨਹੀਂ ਦੇਣਾ ਚਾਹੁੰਦਾ। ਇਵੇਂ ਕਰਨ ਨਾਲ ਤਾਈ ਉਸ ਨਾਲ ਲੜਨ ਵੀ ਲਗ ਸਕਦੀ ਹੈ ਜਾਂ ਫਿਰ ਮੇਹਣੇ ਵੀ ਮਾਰਨ ਲਗ ਸਕਦੀ ਹੈ। ਉਹ ਕਹਿੰਦਾ ਹੈ,

"ਵਿਜੇ, ਚੱਲ ਛੱਡ, ਮੈਂ ਬਿੱਲ ਲੱਭ ਰੱਖੂੰ ਤੂੰ ਅਗਲੀ ਵਾਰੀ ਆਇਆ ਦੇਖ ਲਈਂ ਪਰ ਇਹ ਦਸ ਕਿ ਤੇਰੀ ਸਿਹਤ ਏਨੀ ਕਮਜ਼ੋਰ ਕਿਉਂ ਹੋਈ ਪਈ ਐ?"

"ਨਹੀਂ ਤਾਂ ਤਾਇਆ, ਮੈਂ ਤਾਂ ਬਿਲਕੁਲ ਠੀਕ ਆਂ, ਨੌਂ ਬਰ ਨੌਂ!"

"ਨਹੀਂ ਬਈ, ਨੌਂ ਬਰ ਨੌਂ ਤਾਂ ਨਹੀਂ, ...ਇਹ ਦੁੱਗਲ ਦਾ ਬੱਚਾ ਤਾਂ ਕੋਈ ਪਰੈਸ਼ਰ ਨਹੀਂ ਪਾ ਰਿਹਾ?"

"ਉਹਨੇ ਕਈ ਪਰੈਸ਼ਰ ਪਾਉਣਾ, ਹੋ ਸਕਦਾ ਕਿ ਮੇਰੇ ਓਵਰ ਟਾਈਮ ਲਾਉਣ ਕਾਰਨ ਈ ਮੇਰੀ ਸਿਹਤ ਤੇ ਥੋੜਾ ਬਹੁਤ ਅਸਰ ਪਿਆ ਹੋਵੇ।"

ਵਿਜੈ ਸੋਚਦਾ ਹੈ ਕਿ ਗੱਲ ਕਰਨ ਦਾ ਮਹੌਲ ਤਾਂ ਹੁਣ ਬਿਲਕੁਲ ਨਹੀਂ ਰਿਹਾ। ਤਾਇਆ ਤਾਂ ਪਹਿਲਾਂ ਹੀ ਦੁੱਗਲ ਦੇ ਖਿਲਾਫ ਹੋਇਆ ਬੈਠਾ ਹੈ। ਉਹ ਇਧਰਲੀਆਂ ਓਧਰਲੀਆਂ ਮਾਰਕੇ ਘਰ ਨੂੰ ਆ ਜਾਂਦਾ ਹੈ।

ਉਹ ਦੁੱਗਲ ਦੇ ਸੁਹਰਿਆਂ ਨੂੰ ਖਾਲਿਸਤਾਨੀਆਂ ਵਲੋਂ ਮਿਲਦੀਆਂ ਧਮਕੀਆਂ ਕਾਰਨ ਉਸ ਦੀ ਸਾਲੀ ਨੂੰ ਇੰਗਲੈਂਡ ਆਉਣ ਵਿਚ ਸਹਾਇਤਾ ਕਰ ਰਿਹਾ ਹੈ। ਉਸ ਨੂੰ ਅਹਿਸਾਸ ਹੈ ਕਿ ਅਜਿਹੇ ਮੌਕੇ ਤੇ ਉਸ ਪਰਿਵਾਰ ਨਾਲ ਕੀ ਬੀਤਦੀ ਹੋਵੇਗੀ। ਉਸ ਨਾਲ ਵਿਆਹ ਕਰਾਉਣ ਦਾ ਬਿਲਕੁਲ ਇਰਾਦਾ ਨਹੀਂ ਹੈ। ਰਮੇਸ਼ ਦੇ ਇਹ ਗੱਲ ਦੱਸਣ ਤੇ ਵਿਜੈ ਪਿਘਲ ਕੇ ਸੁਸ਼ਮ ਲਈ ਰਾਹਦਾਰੀ ਭੇਜ ਦਿੰਦਾ ਹੈ। ਹੁਣ ਤਾਂ ਸੁਸ਼ਮਾ ਆਉਣ ਵਾਲੀ ਹੈ। ਇਕ ਦਿਨ ਰਮੇਸ਼ ਉਸ ਨੂੰ ਕਹਿੰਦਾ ਹੈ,

"ਇਕ ਆਖਰੀ ਅਹਿਸਾਨ ਹੋਰ ਕਰਦੇ, ਸਾਡੇ ਨਾਲ ਕੁੜੀ ਨੂੰ ਲੈਣ ਏਅਰ ਪੋਰਟ ਨੂੰ ਚਲ।"

"ਇਹਦੇ ਨਾਲ਼ ਤਾਂ ਸਾਰੇ ਪਾਸੇ ਰੌਲ਼ਾ ਪੈ ਜਾਵੇਗਾ ਕਿ ਰਾਮ ਲਾਲ ਦੇ ਭਤੀਜੇ ਲਈ ਕੁੜੀ ਇੰਡੀਆ ਤੋਂ ਆ ਗਈ।"

"ਅਸੀਂ ਕਿਸੇ ਨੂੰ ਦਸਾਂਗੇ ਤਾਂ ਈ ਕੋਈ ਕਹੂ।"

ਵਿਜੈ ਉਹਨਾਂ ਨਾਲ ਹੀਥਰੋ ਜਾਣ ਲਈ ਤਿਆਰ ਹੋ ਜਾਂਦਾ ਹੈ। ਸਵੇਰੇ ਅੰਮਰਤੀ ਤੇ ਰਮੇਸ਼ ਉਸ ਨੂੰ ਘਰੋਂ ਚੁੱਕ ਲੈਂਦੇ ਹਨ। ਵਿਜੈ ਤਾਂ ਆਪਣੀ ਕਾਰ ਲੈਜਾਣ ਵਾਸਤੇ ਕਹਿੰਦਾ ਹੈ ਪਰ ਉਹ ਸੋਚ ਰਹੇ ਹਨ ਕਿ ਇਕੱਠੇ ਇਕ ਕਾਰ ਵਿਚ ਜਾਣ ਤਾਂ ਠੀਕ ਰਹੇਗਾ ਨਹੀਂ ਤਾਂ ਇਕ ਦੂਜੇ ਤੋਂ ਅੱਗੇ ਪਿੱਛੇ ਹੋ ਸਕਦੇ ਹਨ। ਰਸਤੇ ਵਿਚ ਜਾਂਦਿਆਂ ਅੰਮਰਤੀ ਚਾਮ੍ਹਲੀ ਪਈ ਹੈ। ਉਹ ਵਿਜੈ ਨੂੰ ਨਿੱਕੀਆਂ ਨਿੱਕੀਆਂ ਟਿੱਚਰਾਂ ਕਰ ਰਹੀ ਹੈ। ਵਿਜੈ ਬਹੁਤਾ ਹੁੰਘਾਰਾ ਨਹੀਂ ਭਰ ਰਿਹਾ। ਉਹ ਕਹਿੰਦੀ ਹੈ,

"ਵਿਜੇ, ਤੂੰ ਕੁੜੀ ਦੱਬ ਕੇ ਆਇਐ?"

"ਨਹੀਂ ਪਰ ਮੈਂ ਬਰਾਤੇ ਵੀ ਨਹੀਂ ਚਲਿਆ।"

"ਤੇਰੀ ਤਾਂ ਉਹ ਗੱਲ ਹੋਈ ਕਿ ਹਮ ਨਹੀਂ ਸੁਧਰੇਂਗੇ। ਤੂੰ ਇਕ ਵਾਰੀ ਕੁੜੀ ਤਾਂ ਦੇਖ, ਨਾ ਪਸੰਦ ਆਊ ਨਾ ਸਹੀ।"

"ਦੀਦੀ, ਮੈਂ ਪਹਿਲਾਂ ਈ ਦਸ ਚੁੱਕਾਂ ਕਿ ਕੁੜੀ ਦੇਖਣ ਦਾ ਮੈਨੂੰ ਕੋਈ ਚਾਅ ਨਹੀਂ ਇਹ ਤਾਂ ਮੈਂ ਤੁਹਾਡੀ ਥੋੜੀ ਕੁ ਹੈਲਪ ਕਰ ਦਿਤੀ ਤੇ ਬਸ।"

ਮੂਡ ਖਰਾਬ ਹੋਣ ਦੇ ਡਰ ਤੋਂ ਰਮੇਸ਼ ਕੋਈ ਹੋਰ ਗੱਲ ਕਰਨ ਲਗਦਾ ਹੈ। ਏਅਰ ਪੋਰਟ ਦਾ ਰਸਤਾ ਸਵਾ ਕੁ ਘੰਟੇ ਦਾ ਹੈ। ਉਹ ਏਅਰ ਪੋਰਟ ਪੁੱਜ, ਕਾਰ ਪਾਰਕ ਕਰਕੇ ਅਰਾਈਵਲ ਤੇ ਜਾ ਪੁੱਜਦੇ ਹਨ। ਟਾਈਮ ਟੇਬਲ ਦੇਖਦੇ ਹਨ। ਫਲਾਈਟ ਲੈਂਡ ਹੋ ਚੁੱਕੀ ਹੈ। ਵਿਜੈ ਦੇ ਮਨ ਨੂੰ ਇਕ ਅਜੀਬ ਜਿਹੀ ਘੇਰ ਪੈ ਰਹੀ ਹੈ ਪਰ ਉਹ ਕਿਸੇ ਨੂੰ ਜ਼ਾਹਰ ਨਹੀਂ ਹੋਣ ਦੇ ਰਿਹਾ। ਉਹ ਇਕ ਮੈਗਜ਼ੀਨ ਖਰੀਦ ਲੈਂਦਾ ਹੈ ਤੇ ਆਪਣੇ ਆਪ ਨੂੰ ਉਸ ਵਿਚ ਛਪਾਉਣ ਦੀ ਕੋਸ਼ਿਸ਼ ਕਰਨ ਲਗਦਾ ਹੈ ਪਰ ਮਨ ਦੀ ਸਥਿਤੀ ਫਿਰ ਵੀ ਨਹੀਂ ਸੁਧਰਦੀ। ਉਹ ਸੋਚਣ ਲਗਦਾ ਹੈ ਕਿ ਜੇਕਰ ਸੁਸ਼ਮਾ ਬਰਫੀ ਵਰਗੀ ਹੋਈ ਤਾਂ ਫਿਰ ਉਹ ਕੀ ਕਰੇਗਾ। ਕਿਤੇ ਇਹ ਨਾ ਹੋਵੇ ਕਿ ਉਹ ਕੋਈ ਮੌਕਾ ਹੀ ਨਾ ਗਵਾ ਲਵੇ। ਕੁਝ ਦੇਰ ਬਾਅਦ ਅੰਮਰਤੀ ਕਹਿ ਉਠਦੀ ਹੈ,

"ਆ ਗਈ ਸੁਸ਼ਮਾ!"

ਉਹ ਵੀ ਉਧਰ ਨੂੰ ਦੇਖਣ ਲਗਦਾ ਹੈ। ਇਕ ਸੁਬਕ ਜਿਹੀ ਕੁੜੀ ਟਰਾਲੀ ਧਕਦੀ ਆ ਰਹੀ ਹੈ। ਰਮੇਸ਼ ਅਗੇ ਵਧ ਕੇ ਉਸ ਨੂੰ ਕਲਾਵੇ ਵਿਚ ਲੈਂਦਾ ਹੈ ਫਿਰ ਅੰਮਰਤੀ ਉਸ ਨੂੰ ਜੱਫੀ ਪਾ ਕੇ ਦੁਲਾਰ ਕਰਦੀ ਹੈ। ਵਿਜੈ ਵੀ ਉਸ ਨੂੰ ਨਮਸਤੇ ਬੁਲਾਉਂਦਾ ਹੈ। ਰਮੇਸ਼ ਸਫਰ ਦਾ ਹਾਲ ਚਾਲ ਪੁੱਛਦਾ ਹੈ। ਉਹ ਆਪਣੀ ਬਰੀਕ ਜਿਹੀ ਅਵਾਜ਼ ਵਿਚ ਉਤਰ ਦਿੰਦੀ ਹੈ। ਉਹ ਚਾਰੇ ਕਾਰ ਪਾਰਕ ਨੂੰ ਤੁਰ ਪੈਂਦੇ ਹਨ। ਵਿਜੈ ਪਿੱਛੇ ਪਿੱਛੇ ਤੁਰ ਰਿਹਾ ਹੈ। ਉਹ ਸੁਸ਼ਮਾ ਵਲ ਧਿਆਨ ਨਾਲ ਦੇਖ ਰਿਹਾ ਹੈ। ਕੱਦ ਵਿਚ ਇੰਨੀ ਲੰਮੀ ਨਹੀਂ ਜਿਵੇਂ ਅੰਮਰਤੀ ਕਹਿ ਰਹੀ ਸੀ। ਇੰਨੀ ਪਤਲੀ ਵੀ ਨਹੀਂ। ਉਸ ਵਿਚ ਅਜਿਹਾ ਕੁਝ ਵੀ ਨਹੀਂ ਜੋ ਖਾਸ ਖਿੱਚ ਰਖਦਾ ਹੋਵੇ। ਸੁਸ਼ਮਾ ਅੰਮਰਤੀ ਦੇ ਕੰਨ ਵਿਚ ਕੁਝ ਕਹਿੰਦੀ ਹੈ। ਅੰਮਰਤੀ ਰਮੇਸ਼ ਨੂੰ ਉਥੇ ਹੀ ਰੁਕਣ ਲਈ ਕਹਿ ਕੇ ਸੁਸ਼ਮਾ ਨੂੰ ਲੈ ਕੇ ਇਕ ਪਾਸੇ ਨੂੰ ਤੁਰ ਪੈਂਦੀ ਹੈ। ਰਮੇਸ਼ ਵਿਜੈ ਨੂੰ ਪੁੱਛਦਾ ਹੈ,

"ਕਿਉਂ ਕਿੱਦਾਂ ਲੱਗੀ ਸੁਸ਼ਮਾ?"

"ਆਪਣੀ ਗੱਲ ਹੋ ਚੁੱਕੀ ਐ ਕਿ ਮੈਂ ਵਿਆਹ ਨਹੀਂ ਕਰਾ ਸਕਦਾ।"

"ਨਾ ਸਹੀ ਪਰ ਤੂੰ ਕੁੜੀ ਬਾਰੇ ਕੋਈ ਕੁਮਿੰਟ ਤਾਂ ਦੇ ਈ ਸਕਦਾਂ।"

"ਤੈਨੂੰ ਪਤਾ ਈ ਐ ਜਿੰਨੇ ਕੁ ਕਮਿੰਟ ਮੈਂ ਕੁੜੀਆਂ ਬਾਰੇ ਦਿਆ ਕਰਦਾਂ।"

"ਵਿਜੇ, ਤੂੰ ਇਕ ਦਮ ਬਦਲ ਕਿਉਂ ਗਿਆਂ, ਮੈਂ ਉਹੀ ਰਮੇਸ਼ ਆਂ ਜਿਹਨੂੰ ਤੂੰ ਜੀਜਾ ਕਹਿਣ ਤੋਂ ਵੀ ਨਹੀਂ ਸੀ ਝਿਜਕਦਾ।"

"ਤੈਨੂੰ ਸਭ ਕੁਝ ਪਤਾ ਈ ਐ, ਚਲ ਛੱਡ ਏਸ ਗੱਲ ਨੂੰ, ਤੁਹਾਡਾ ਕੰਮ ਹੋ ਗਿਆ ਪਰ ਹੁਣ ਤੁਸੀ ਇਸ ਕੁੜੀ ਨਾਲ ਮੇਰਾ ਨਾਂ ਨਾ ਜੋੜਨਾ।"

"ਬੱਲੇ ਓਏ ਤੇਰੇ, ਤੈਨੂੰ ਆਪਣਾ ਨਾਂ ਬਹੁਤ ਵੱਡਾ ਲਗਦੈ, ਸਾਡੀ ਕੋਈ ਹੋਂਦ ਈ ਨਹੀਂ! ਵਰਦਿੰਗ ਵਿਚ ਈ ਨਹੀਂ ਲਿਟਲਹੈਂਪਟਨ ਵਿਚ ਵੀ ਆਪਣੀ ਪੂਰੀ ਰਿਸਪੈਕਟ ਐ। ਜਿਹੜਾ ਬੰਦਾ ਇਕ ਵਾਰ ਦੁਕਾਨ ਤੇ ਆ ਜਾਂਦਾ ਅਗਲਾ ਚੇਤੇ ਰੱਖਦਾ।"

ਵਿਜੈ ਕੁਝ ਕਹਿਣ ਲਗਦਾ ਹੈ ਪਰ ਸਾਹਮਣੇ ਅੰਮਰਤੀ ਤੇ ਸੁਸ਼ਮਾ ਆਉਂਦੀਆਂ ਦਿਸ ਪੈਂਦੀਆਂ ਹਨ ਤੇ ਉਹ ਚੁੱਪ ਕਰ ਜਾਂਦਾ ਹੈ। ਵਾਪਸ ਮੁੜਦੇ ਸਮੇਂ ਵਿਜੈ ਰਮੇਸ਼ ਦੇ ਬਰਾਬਰ ਮੂਹਰਲੀ ਸੀਟ ਤੇ ਬੈਠਾ ਹੈ। ਅੰਮਰਤੀ ਤੇ ਸੁਸ਼ਮਾ ਪਿਛਲੀਆਂ ਸੀਟਾਂ ਤੇ ਹਨ। ਅੰਮਰਤੀ ਵਿਜੈ ਨੂੰ ਕਹਿੰਦੀ ਹੈ,

"ਵਿਜੇ, ਕੁਸ਼ ਪੁੱਛੇਗਾਂ ਨਹੀਂ ਸੁਸ਼ਮਾ ਨੂੰ!"

"ਦੀਦੀ, ਤੂੰ ਈ ਪੁੱਛ ਜੋ ਪੁੱਛਣਾਂ, ਤੇਰੇ ਪਰਿਵਾਰ ਵਿਚੋਂ ਆਈ ਐ, ਆਪਣੇ ਸ਼ਹਿਰ ਦੀ ਖਬਰਸਾਰ ਪੁੱਛ ਲੈ।"

"ਤੂੰ ਤੇ ਮੇਰੀ ਭੈਣ ਵਲ ਨੂੰ ਇਕ ਵਾਰ ਦੇਖਿਆ ਵੀ ਨਹੀਂ, ਕਿਤੇ ਤੇਰੀਆਂ ਅੱਖਾਂ ਤਾਂ ਨਹੀਂ ਦੁਖਦੀਆਂ ਅਜ!"

ਵਿਜੈ ਮੁਸਕਰਾਉਂਦਾ ਹੈ। ਇਕ ਛੋਟੀ ਜਿਹੀ ਮੁਸਕਰਾਹਟ ਤੋਂ ਬਾਅਦ ਉਹ ਬਾਹਰ ਖੇਤਾਂ ਵਲ ਦੇਖਣ ਲਗਦਾ ਹੈ। ਖੇਤਾਂ ਵਿਚ ਗਾਈਆਂ ਚੁਗ ਰਹੀਆਂ ਹਨ, ਘੋੜੇ ਇਧਰ ਓਧਰ ਦੌੜ ਰਹੇ ਹਨ, ਬੇਪਰਵਾਹ। ਕਿਸੇ ਰੀਤੀ ਰਵਾਜ ਦਾ ਫਿਕਰ ਕੀਤੇ ਬਿਨਾਂ। ਵਿਜੈ ਨੂੰ ਲਗਦਾ ਹੈ ਕਿ ਇਹ ਜੀਵ ਵੀ ਤਾਂ ਧਰਤੀ ਦੇ ਹੀ ਹਨ ਪਰ ਇਹ ਇੰਨੇ ਸੁਤੰਤਰ ਕਿਉਂ ਹਨ। ਫਿਰ ਉਸ ਨੂੰ ਅਸਮਾਨ ਵਿਚ ਉਡਦੇ ਪੰਛੀ ਦਿਸਦੇ ਹਨ। ਉਸ ਦਾ ਦਿਲ ਕਰਦਾ ਹੈ ਕਿ ਉਹਨਾਂ ਨੂੰ ਹੈਲੋ ਕਹੇ। ਜਿਥੇ ਇਹ ਪੰਛੀ ਹਨ ਉਥੇ ਅੰਮਰਤੀਆਂ, ਰਮੇਸ਼ ਤੇ ਤਾਏ ਵੀ ਹਨ। ਇਹ ਸਭ ਪਿੰਜਰੇ ਹਨ ਪਰ ਕੀ ਕੋਈ ਪਿੰਜਰਾ ਉਸ ਲਈ ਵੀ ਬਣਿਆ ਹੈ। ਨਹੀਂ, ਕੋਈ ਪਿੰਜਰਾ ਉਸ ਲਈ ਬਣਿਆ। ਹਾਂ, ਤਾਏ ਲਈ ਉਹ ਬਣਿਆ ਹੈ। ਸ਼ਾਇਦ ਤਾਈ ਦੇ ਕਿਸੇ ਮਿਹਣੇ ਵਿਚ ਕੋਈ ਸੱਚ ਉਸ ਨੂੰ ਹਾਕਾਂ ਮਾਰ ਰਿਹਾ ਹੈ। ਤਾਏ ਨੂੰ ਉਹ ਹਰ ਹਾਲ ਵਿਚ ਖੁਸ਼ ਰਖੇਗਾ। ਉਹ ਰਮੇਸ਼ ਨੂੰ ਕਹਿੰਦਾ ਹੈ,

"ਮੈਨੂੰ ਫਿਰ ਘਰ ਲਾਹ ਜਾਇਓ।"

"ਘਰ ਤੈਨੂੰ ਕੌਣ ਉਡੀਕ ਰਿਹੈ?"

ਰਮੇਸ਼ ਤੋਂ ਪਹਿਲਾ ਅੰਮਰਤੀ ਬੋਲਦੀ ਹੈ। ਵਿਜੈ ਇਕ ਦਮ ਸੋਚਦਾ ਹੈ ਕਿ ਸ਼ਾਇਦ ਉਹ ਲੋੜ ਤੋਂ ਜ਼ਿਆਦਾ ਸਮਾਂ ਚੁੱਪ ਕਰ ਰਿਹਾ ਹੈ। ਉਹ ਕਹਿਦਾ ਹੈ,

"ਦੀਦੀ, ਮੇਰੇ ਕੁਸ਼ ਕੰਮ ਕਰਨ ਵਾਲੇ ਆ।"

"ਕੰਮ ਕਰਕੇ ਓਧਰ ਨੂੰ ਆ ਜਾਵੀਂ।"

"ਦੇਖਦਾਂ।"

ਮੁਖਤਸਰ ਜਿਹਾ ਜਵਾਬ ਹੈ ਵਿਜੈ ਦਾ। ਰਮੇਸ਼ ਮੂੰਹ ਘੁਮਾ ਕੇ ਅੰਮਰਤੀ ਵਲ ਦੇਖਦਾ ਹੈ। ਉਹ ਅੱਖਾਂ ਅੱਖਾਂ ਰਾਹੀਂ ਗੱਲਾਂ ਕਰ ਰਹੇ ਹਨ। ਅੰਮਰਤੀ ਨੂੰ ਪਤਾ ਹੈ ਕਿ ਇਸ ਵੇਲੇ ਵਿਜੈ ਨੂੰ ਇਕੱਲਾ ਛੱਡਣਾ ਹੀ ਠੀਕ ਰਹੇਗਾ। ਉਹ ਰਮੇਸ਼ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੈ ਤੇ ਨਾਲ ਹੀ ਨੱਕ ਨੂੰ ਹੱਥ ਲਾ ਕੇ ਰਮੇਸ਼ ਵਲ ਰਮਜ਼ ਭਰੀ ਨਜ਼ਰ ਨਾਲ ਦੇਖਦੀ ਹੈ ਮਤਲਵ ਹੈ ਕਿ ਤੋਤਾ ਮਿਰਚ ਖਾ ਗਿਆ ਹੈ।

ਵਿਜੈ ਘਰ ਆ ਕੇ ਬਿਸਤਰ ਤੇ ਇਵੇਂ ਡਿਗਦਾ ਹੈ ਜਿਵੇਂ ਬਹੁਤ ਥਕਿਆ ਹੋਇਆ ਹੋਵੇ। ਉਹ ਕੁਝ ਪਲ ਬਿਸਤਰ ਤੇ ਪੈ ਕੇ ਸੋਚਦਾ ਹੈ ਕਿ ਕੀ ਉਹ ਇੰਨਾ ਹੀ ਰਹਿ ਗਿਆ ਹੈ। ਕੋਈ ਅਵਾਜ਼ ਬੋਲਦੀ ਹੈ - ਉਠ ਸ਼ੇਰਾ! ਉਹ ਉਠ ਖੜਦਾ ਹੈ। ਉਸ ਨੂੰ ਲਗਦਾ ਹੈ ਕਿ ਤਾਇਆ ਬਾਹਰ ਖੜਾ ਹੈ। ਉਹ ਉਠ ਕੇ ਦਰਵਾਜ਼ਾ ਖੋਹਲ ਕੇ ਦੇਖਦਾ ਹੈ। ਉਥੇ ਕੋਈ ਨਹੀਂ ਹੈ। ਬਾਹਰ ਮੌਸਮ ਇੰਨਾ ਮਾੜਾ ਨਹੀਂ ਹੈ। ਉਹ ਮੰਮੀ-ਜੈਕਟ ਚੁੱਕ ਕੇ ਪਾ ਲੈਂਦਾ ਹੈ ਜਿਹੜੀ ਜੈਕਟ ਸਮੁੰਦਰ ਦੇ ਕੰਢੇ ਰਹਿਣ ਵਾਲੇ ਹਰ ਵੇਲੇ ਆਪਣੀ ਪੋਰਚ ਵਿਚ ਟੰਗੀ ਰਖਦੇ ਹਨ। ਇਸ ਦਾ ਮੰਮੀ-ਜੈਕਟ ਸ਼ਾਇਦ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਜੈਕਟ ਮੰਮੀ ਵਰਗੀ ਸੁਰੱਖਿਆ ਦਿੰਦੀ ਹੈ। ਇਹ ਹਰ ਮੌਸਮ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਵਿਚ ਸਹਾਈ ਹੁੰਦੀ ਜੈਕਟ ਹੈ। ਤਿਆਰ ਹੋ ਬਾਹਰ ਨਿਕਲਦਾ ਹੈ। ਸੋਚ ਰਿਹਾ ਹੈ ਕਿ ਸਮੁੰਦਰ ਕੰਢੇ ਜਾਵੇ ਤੇ ਸਮੁੰਦਰ ਨੂੰ ਕੁਝ ਪੁੱਛੇ। ਪੁੱਛੇ ਕਿ ਇਹ ਸਾਰੇ ਪੰਗੇ ਚੁੱਪ ਰਹਿਣ ਦੇ ਹੀ ਹਨ। ਰਾਹ ਵਿਚ ਭਾਗੀ ਦਾ ਘਰ ਹੈ। ਭਾਗੀ ਦਾ ਘਰ ਉਸ ਨੂੰ ਲਗਦਾ ਹੈ ਜਿਵੇਂ ਉਸ ਦਾ ਆਪਣਾ ਘਰ ਹੋਵੇ। ਉਹ ਘੰਟੀ ਕਰਦਾ ਹੈ। ਭਾਗੀ ਦੀ ਵੱਡੀ ਕੁੜੀ ਮਾਗਾਂ ਦਰਵਾਜ਼ਾ ਖੋਹਲਦੀ ਹੈ। ਉਹ ਵਿਜੈ ਨੂੰ ਦੇਖ ਖੁਸ਼ ਹੁੰਦੀ ਕਹਿੰਦੀ ਹੈ,

"ਮਾਮਾ ਜੀ, ਮੰਮੀ ਤੇ ਰਾਜਾਂ ਸ਼ੌਪਿੰਗ ਕਰਨ ਗਈਆਂ, ਤੁਸੀਂ ਅੰਦਰ ਆ ਜਾਓ।"

ਪਰ ਉਹ ਅੰਦਰ ਨਹੀਂ ਜਾਂਦਾ ਤੇ ਬੀਚ ਵਲ ਨੂੰ ਤੁਰ ਪੈਂਦਾ ਹੈ। ਪੰਜ ਮਿੰਟ ਲਗਦੇ ਹਨ ਬੀਚ ਤਕ ਪੁੱਜਣ ਲਈ। ਉਹ ਤੇਜ਼ ਤੁਰਿਆ ਜਾ ਰਿਹਾ ਹੈ ਕਿ ਅਚਾਨਕ ਕੋਈ ਹੱਥ ਉਸ ਦੀ ਬਾਂਹ ਫੜ ਲੈਂਦਾ ਹੈ। ਉਹ ਪਿਛੇ ਮੁੜ ਕੇ ਦੇਖਦਾ ਹੈ ਤੇ ਬੋਲਦਾ ਹੈ,

"ਭਾਗੀ ਤੂੰ?"

"ਕੀ ਹੋ ਗਿਆ ਵਿਜੇ? ਕਮਲ਼ਿਆਂ ਵਾਂਗ ਤੁਰਿਆ ਫਿਰਦੈ!"

"ਭਾਗੀ, ਚਲ ਆ ਮੇਰੇ ਨਾਲ਼ ਤੁਰ।"

ਭਾਗੀ ਉਸ ਦੀ ਬਾਂਹ ਵਿਚ ਬਾਂਹ ਪਾ ਕੇ ਤੁਰਨ ਲਗਦੀ ਹੈ। ਉਹ ਪੁੱਛਦੀ ਹੈ,

"ਬ੍ਰਾਮਣਾਂ ਦੇ ਵਿਜੇ ਨੂੰ ਕੀ ਹੋ ਗਿਆ?"

ਵਿਜੈ ਹੱਸਦਾ ਹੈ ਤੇ ਬੋਲਦਾ ਹੈ,

"ਸਾਰੀ ਦੁਨੀਆਂ ਮੈਨੂੰ ਪਿੰਜਰੇ ਵਿਚ ਪਾਉਣ ਲਈ ਕਾਹਲੀ ਐ।"

"ਮੇਰੇ ਹੁੰਦੇ ਹੋਏ, ਭਾਗੀ ਦੇ ਹੁੰਦੇ ਹੋਏ? ...ਖੁਲ੍ਹੇ ਅਸਮਾਨ ਵਿਚ ਉੜਨ ਵਾਲ਼ਾ ਪੰਛੀ ਕੈਦ ਨਹੀਂ ਹੋਣਾ ਚਾਹੀਦਾ!"

"ਦੱਸ ਕੀ ਕਰਾਂ?"

"ਤੋੜ ਦੇ ਸਾਰੇ ਪਿੰਜਰੇ!"

ਉਹ ਗੱਲਾਂ ਕਰਦੇ ਸਮੁੰਦਰ ਦੇ ਕੰਢੇ ਪੁੱਜ ਜਾਂਦੇ ਹਨ। ਵਿਜੈ ਸਾਰੀ ਗੱਲ ਉਸ ਨੂੰ ਦਸ ਦਿੰਦਾ ਹੈ ਤੇ ਪੁੱਛ ਰਿਹਾ ਹੈ ਕਿ ਹੁਣ ਉਹ ਕੀ ਕਰੇ। ਇਨਸਾਨੀਅਤ ਨਾਤੇ ਸੁਸ਼ਮਾ ਇਥੇ ਆ ਚੁੱਕੀ ਹੈ। ਭਾਗੀ ਪੁੱਛਦੀ ਹੈ,

"ਤੂੰ ਉਸ ਨਾਲ਼ ਵਿਆਹ ਨੂੰ ਵਿਚਾਰ ਰਿਹੈ?"

"ਮੈਨੂੰ ਉਹ ਦੀਆਂ ਅੱਖਾਂ ਵਿਚ ਕੁਝ ਅਜੀਬ ਜਿਹੇ ਸੁਫਨੇ ਦਿਸ ਰਹੇ ਆ, ਉਸ ਨੂੰ ਇਹ ਨਹੀਂ ਪਤਾ ਕਿ ਮੈਂ ਉਹਦੇ ਨਾਲ਼ ਵਿਆਹ ਨਹੀਂ ਕਰਾਉਣਾ ਤੇ ਜਦ ਪਤਾ ਚਲਿਆ ਤਾਂ ਉਹਦੀਆਂ ਅੱਖਾਂ ਵਿਚਲੇ ਸੁਫਨਿਆਂ ਦਾ ਕੀ ਹੋਵੇਗਾ।"

"ਤੈਨੂੰ ਉਹਦੇ ਸੁਫਨਿਆਂ ਦਾ ਏਨਾ ਕਿਉਂ ਫਿਕਰ ਐ? ...ਉਹਨੂੰ ਇਹ ਸੁਫਨੇ ਤੂੰ ਤਾਂ ਨਹੀਂ ਦਿਖਾਏ!"

"ਨਹੀਂ, ਮੈਂ ਨਹੀਂ ਦਿਖਾਏ ਪਰ ਮੇਰੇ ਸਹਾਰੇ ਨਾਲ਼ ਦਿਖਾਏ ਗਏ ਆ।"

"ਇਹਦੇ ਵਿਚ ਤੇਰਾ ਤਾਂ ਕੋਈ ਕਸੂਰ ਨਹੀਂ ਕਿਤੇ ਇਓਂ ਤਾਂ ਨਹੀਂ ਕਿ ਤੈਨੂੰ ਉਹ ਪਸੰਦ ਹੋਵੇ।"

"ਨਹੀਂ, ਏਦਾਂ ਨਹੀਂ।"

"ਹਾਲੇ ਵੀ ਕਿਸੇ ਬਰਫੀ ਦੀ ਉਡੀਕ ਐ?"

"ਬਰਫੀ ਤਾਂ ਸਿਰਫ ਇਕ ਸੁਫਨਾ ਐ।"

"ਇਹ ਕੁੜੀ ਤੈਨੂੰ ਕਿੱਦਾਂ ਦੀ ਲਗਦੀ ਐ?"

"ਭਾਗੀ, ਪਤਾ ਨਹੀਂ। ਸੱਚ ਗੱਲ ਤਾਂ ਇਹ ਐ ਕਿ ਮੈਂ ਤਾਂ ਕਿਸੇ ਵੀ ਔਰਤ ਨੂੰ ਨਹੀਂ ਜਾਣਦਾ। ਮੈਨੂੰ ਤਾਂ ਆਪਣੇ ਆਪ ਬਾਰੇ ਇਹ ਡਰ ਐ ਕਿ ਜਿਹੜੀ ਔਰਤ ਮੈਨੂੰ ਮਿਲੀ ਉਹੀ ਪਸੰਦ ਹੋ ਜਾਣੀ ਐ, ਜੇ ਤਾਂ ਮੇਰੇ ਕੋਲ ਪੰਜ ਸੱਤ ਔਰਤਾਂ ਦੀ ਚੋਣ ਹੋਵੇ ਤਾਂ ਮੈਂ ਕਹਿ ਦੇਵਾਂ ਕਿ ਇਹ ਬਾਕੀਆਂ ਤੋਂ ਬਿਹਤਰ ਐ।"

"ਵਿਜੇ, ਮੈਂ ਇਕ ਗੱਲ ਕਹੂੰਗੀ ਕਿ ਤੂੰ ਵਿਆਹ ਤਾਂ ਕਰਾਉਣਾ ਈ ਐ, ਟਾਈਮ ਵੀ ਹੋ ਗਿਆ, ਜੇ ਇਹ ਕੁੜੀ ਤੇਰੇ ਦਿਲ ਨੂੰ ਲਗਦੀ ਐ ਤਾਂ ਪਾਧਾ ਨਾ ਪੁੱਛ ਤੇ ਵਿਆਹ ਕਰਾ ਲੈ, ਹੁਣ ਇਹ ਇਥੇ ਆਈ ਹੋਈ ਐ, ਤੂੰ ਹੋਰ ਕੁੜੀ ਲਭਦਾ ਇੰਡੀਆ ਜਾਵੇਂਗਾ, ਤੇਰਾ ਹੋਰ ਟਾਈਮ ਖਰਾਬ ਹੋਵੇਗਾ, ਹੁਣ ਤੇਰੇ ਕੋਲ਼ ਮੌਕਾ ਐ ਆਪਣਾ ਘਰ ਵਸਦਾ ਕਰ ਲੈ।"

ਵਿਜੈ ਕੁਝ ਬੋਲੇ ਬਿਨਾਂ ਸਮੁੰਦਰ ਵਲ ਦੇਖਦਾ ਰਹਿੰਦਾ ਹੈ। ਭਾਗੀ ਫਿਰ ਕਹਿੰਦੀ ਹੈ,

"ਵਿਜੇ, ਆਪਣੇ ਸੂਅ ਇਥੇ ਲਾਹ ਦੇਹ, ਆਜਾ ਸਮੁੰਦਰ ਵਿਚ ਤੁਰੀਏ, ਇਸ ਵਕਤ ਇਹ ਉਤਰ ਰਿਹੈ, ਜਿੱਦਾਂ ਚੜਦੇ ਸਮੁੰਦਰ ਦਾ ਇਕ ਜਲੌਅ ਹੁੰਦੈ ਇੱਦਾਂ ਈ ਉਤਰਦੇ ਸਮੁੰਦਰ ਦੀ ਵੀ ਇਕ ਖੂਬਰਸੂਰਤੀ ਹੁੰਦੀ ਐ।"
"ਭਾਗੀ, ਤੂੰ ਇਹ ਗੱਲਾਂ ਕਿਹੜੇ ਸਕੂਲੋਂ ਸਿਖੀਆਂ?"
"ਜ਼ਿੰਦਗੀ ਦੇ ਸਕੂਲ ਤੋਂ।"

## ਸੱਤ

ਸਵੇਰੇ ਵੇਲੇ ਸਿਰ ਅੰਮਰਤੀ ਦਾ ਫੋਨ ਆ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਵਿਜੈ ਨੇ ਪੰਜ ਦਿਨ ਕੰਮ ਕੀਤਾ ਹੈ ਤੇ ਹੁਣ ਦੋ ਛੁੱਟੀਆਂ ਹੋਣਗੀਆਂ। ਅੰਮਰਤੀ ਪੁੱਛ ਰਹੀ ਹੈ,
"ਮੇਰਾ ਭਰਾ ਜੀਉਂਦਾ ਕਿ ਮਰ ਗਿਆ?"
"ਦੀਦੀ ਨੇ ਮਾਰ ਤਾਂ ਦਿੱਤੈ ਬਸ ਪਿੱਟਣ ਦੁਖੋਂ ਪਿਐ!"

ਇਸ ਗੱਲ 'ਤੇ ਅੰਮਰਤੀ ਉੱਚੀ ਜਿਹੇ ਹੱਸਦੀ ਹੈ ਤੇ ਕਹਿੰਦੀ ਹੈ,
"ਅੱਜ ਸਾਡੇ ਕੋਠੇ ਕਾਂ ਬਹੁਤ ਬੋਲ ਰਿਹੈ, ਸਾਨੂੰ ਤਾਂ ਲਗਦੈ ਕਿ ਤੂੰ ਆਇਐ ਕਿ ਆਇਐ!"
"ਦੀਦੀ, ਤੁਹਾਡੇ ਕੋਠੇ ਦਾ ਕਾਂ ਜ਼ਰੂਰ ਬਿਮਾਰ ਹੋਣੈਂ, ਮੇਰੇ ਕੋਲੋਂ ਨਹੀਂ ਆਇਆ ਜਾਣਾਂ।"
"ਆਉਣਾ ਤੇਰੀ ਮਰਜ਼ੀ, ਵੇਟ ਕਰਨੀ ਸਾਡੀ ਮਰਜ਼ੀ, ਆਵੇਂਗਾ ਤਾਂ ਪਛਤਾਏਂਗਾ ਨਹੀਂ।"

ਉਹ ਕਾਹਲੀ ਨਾਲ ਬਾਏ ਕਹਿ ਕੇ ਫੋਨ ਰਖ ਦਿੰਦਾ ਹੈ। ਉਸ ਨੂੰ ਅੰਮਰਤੀ ਦੀਆਂ ਗੱਲਾਂ ਬਹੁਤ ਭਾਰੀਆਂ ਲਗ ਰਹੀਆਂ ਹਨ। ਸ਼ਾਇਦ ਉਹ ਉਧਰ ਬੈਠੀ ਉਸ ਦੀ ਦੁਬਿਧਾ ਨੂੰ ਸਮਝ ਰਹੀ ਹੈ। ਵਿਜੈ ਤਾਏ ਦੇ ਕਿਰਾਏ ਵਾਲੇ ਘਰ ਚਲੇ ਜਾਂਦਾ ਹੈ। ਭਾਵੇਂ ਅਜ ਕਿਰਾਇਆ ਲੈਣ ਦਾ ਦਿਨ ਨਹੀਂ ਹੈ ਪਰ ਉਹ ਐਵੇਂ ਹੀ ਜਾ ਕੇ ਕਿਰਾਏਦਾਰਾਂ ਨਾਲ ਗੱਲਾਂ ਕਰਨ ਲਗਦਾ ਹੈ। ਫਿਰ ਉਹ ਮਲਕੀਤੇ ਦੀ ਦੁਕਾਨ ਵਲ ਨਿਕਲ ਜਾਂਦਾ ਹੈ। ਮਲਕੀਤੇ ਤੇ ਜੀਤੇ ਦੀ ਮੀਟ ਦੀ ਦੁਕਾਨ ਹੈ। ਇਹ ਮੀਟ ਨੂੰ ਦੇਸੀ ਢੰਗ ਨਾਲ ਕੱਟ ਕੇ ਵੇਚਦੇ ਹਨ। ਗੋਰਿਆਂ ਦੇ ਮੀਟ ਉਪਰ ਚਰਬੀ ਦੀ ਬਹੁਤਾਤ ਹੁੰਦੀ ਹੈ। ਮੀਟ ਦੇ ਨਾਲ ਨਾਲ ਇਹ ਆਟਾ ਤੇ ਭਾਰਤੀ ਸਬਜ਼ੀਆਂ ਵੀ ਰੱਖਦੇ ਹਨ। ਦੁਕਾਨ ਦੇ ਪਿੱਛੇ ਇਕ ਵੱਡੀ ਸਾਰੀ ਰਸੋਈ ਹੈ ਜਿਥੇ ਹਰ ਰੋਜ਼ ਮੀਟ ਦਾ ਵੱਡਾ ਪਤੀਲਾ ਚੜਿਆ ਰਹਿੰਦਾ ਹੈ। ਕਿਸੇ ਸਮੇਂ ਉਹ ਇਸ ਦੁਕਾਨ ਤੇ ਬਹੁਤ ਆਉਂਦਾ ਰਿਹਾ ਹੈ। ਕਈ ਵਾਰ ਇਥੇ ਬੈਠ ਸ਼ਰਾਬ ਵੀ ਪੀਣ ਲਗਦਾ। ਇਸੇ ਦੁਕਾਨ ਵਿਚ ਉਸ ਦੇ ਆਉਣ ਜਾਣ ਕਰਕੇ ਤਾਈ ਉਸ ਨਾਲ ਖਫਾ ਹੋ ਜਾਂਦੀ ਰਹੀ ਹੈ। ਪਰ ਜਦੋਂ ਦਾ ਉਹ ਰਮੇਸ਼ ਦੇ ਜ਼ਿਆਦਾ ਨੇੜੇ ਹੋਇਆ ਹੈ ਉਸ ਦਾ ਇਸ ਦੁਕਾਨ ਤੇ ਆਉਣਾ ਘਟ ਗਿਆ ਹੈ। ਘਰਦੀ ਸ਼ੌਪਿੰਗ ਇਕ ਹੋਰ ਵੱਡੀ ਦੁਕਾਨ ਤੋਂ ਕਰਿਆ ਕਰਦਾ ਹੈ। ਆਪਣੇ ਲਈ ਤਾਂ ਉਸ ਨੇ ਕਦੇ ਘੱਟ ਹੀ ਸ਼ੌਪਿੰਗ ਕੀਤੀ ਹੈ ਪਰ ਤਾਈ ਨੂੰ ਹਰ ਹਫਤੇ ਉਥੇ ਲੈ ਜਾਇਆ ਕਰਦਾ ਹੈ। ਮਲਕੀਤੇ ਹੁਰੀਂ ਉਸ ਨੂੰ ਦੇਖ ਕੇ ਖੁਸ਼ ਹੁੰਦੇ ਹਨ ਪਰ ਉਸ ਦਾ ਦਿਲ ਉਥੇ ਵੀ ਨਹੀਂ ਲਗ ਰਿਹਾ। ਉਸ ਦਾ ਦਿਲ ਕਰਦਾ ਹੈ ਕਿ ਹੁਸ਼ਿਆਰ ਵਲ ਚਲੇ ਜਾਵੇ। ਹੁਸ਼ਿਆਰ ਉਸ ਨਾਲ ਕੰਮ ਕਰਦਾ ਰਿਹਾ ਹੈ। ਹੁਣ ਉਹ ਕੰਮ ਛੱਡ ਕੇ ਟੈਕਸੀ ਚਲਾਉਣ ਲਗਿਆ ਹੈ। ਉਹ ਆਪਣੀ ਕਾਰ ਨੂੰ ਹੁਸ਼ਿਆਰ ਦੇ ਘਰ ਵਲ ਤੋਰ ਲੈਂਦਾ ਹੈ ਪਰ ਫਿਰ ਰਾਹ ਵਿਚੋਂ ਹੀ ਮੁੜ ਆਉਂਦਾ ਹੈ ਤੇ ਤਾਏ ਦੇ ਘਰ ਆ ਜਾਂਦਾ ਹੈ। ਅਸਲ ਵਿਚ ਉਹ ਆਉਣਾ ਤਾਂ ਇਥੇ ਹੀ ਚਾਹੁੰਦਾ ਹੈ ਪਰ ਆ ਨਹੀਂ ਹੋ ਰਿਹਾ। ਤਾਇਆ ਪੁੱਛਦਾ ਹੈ,
"ਕੀ ਪਰੇਸ਼ਾਨੀ ਐ?"
"ਕੋਈ ਨਹੀਂ।"
"ਪਰ ਤੇਰਾ ਮੂੰਹ ਕੁਝ ਕਹਿ ਰਿਹੈ, ਇਹ ਇੱਦਾਂ ਉਤਰਿਆ ਹੋਇਆ ਕਿਉਂ ਐ।"
"ਰਮੇਸ਼ ਦੀ ਸਾਲ਼ੀ ਆ ਗਈ।"
"ਤਾਂ ਇਹ ਗੱਲ ਐ! ਤੂੰ ਸੱਦੀ ਐ?"
"ਨਹੀਂ।"
"ਫਿਰ ਸੈਰ ਲਈ ਆਈ ਹੋਣੀਂ ਆਂ।"
"ਨਹੀਂ, ਪੇਪਰ ਮੈਂ ਪਾਏ ਸੀ।"
"ਇਹ ਸਾਲ਼ਾ ਰਮੇਸ਼ ਤੈਨੂੰ ਵਰਤ ਗਿਆ, ਮੈਨੂੰ ਲਗਦਾ ਸੀ ਕਿ ਕੁਸ਼ ਨਾ ਕੁਸ਼ ਕਰੇਗਾ।"
"ਤਾਇਆ, ਮੈਂ ਕਿਹੜਾ ਵਿਆਹ ਕਰਾਉਣ ਲਗਿਆਂ ਉਹਦੇ ਨਾਲ਼।"

ਤਾਇਆ ਹੱਸਣ ਲਗਿਆ ਤੇ ਫਿਰ ਬੋਲਿਆ,

"ਵਿਜੇ, ਮੈਂ ਤਾਂ ਤੈਨੂੰ ਚਲਾਕ ਮੁੰਡਾ ਸਮਝਦਾ ਸੀ, ਮੈਨੂੰ ਯਕੀਨ ਸੀ ਕਿ ਤੈਨੂੰ ਕੋਈ ਨਹੀਂ ਚਾਰ ਸਕਦਾ ਪਰ ਇਹ ਰਮੇਸ਼ ਚਾਰ ਗਿਆ, ਹਾਲੇ ਤੂੰ ਦੇਖੀਂ ਉਹਨੇ ਤੈਨੂੰ ਵਿਆਹ ਲਈ ਵੀ ਮਨਾ ਲੈਣਾ ਤੇ ਵਿਆਹ ਦਾ ਖਚਰ ਵੀ ਤੂੰ ਈ ਕਰੇਂਗਾ ਤੇ ਤੈਨੂੰ ਕਿਸੇ ਨੇ ਦੇਣਾ-ਲੈਣਾ ਵੀ ਕੁਸ਼ ਨਹੀਂ। ਮੈਂ ਇਸ ਦੁੱਗਲ ਦੀ ਸਾਰੀ ਚਾਲ ਸਮਝਦਾਂ। ਉਹਦੀ ਤਾਂ ਤੇਰੇ 'ਤੇ ਬਹੁਤ ਦੇਰ ਦੀ ਅੱਖ ਸੀ।"

ਤਾਇਆ ਗੁੱਸੇ ਵਿਚ ਹੈ। ਤਾਇਆ ਸਾਰੀ ਗੱਲ ਤਾਈ ਨੂੰ ਦਸਦਾ ਹੈ। ਤਾਈ ਅੱਗ ਬਬੂਲਾ ਹੁੰਦੀ ਬੋਲਦੀ ਹੈ,

"ਇਹਨੇ ਇਕ ਦਿਨ ਸਾਡਾ ਨਾਂ ਖਰਾਬ ਜ਼ਰੂਰ ਕਰਨੈ, ਤੁਸੀਂ ਈ ਮੇਰਾ ਵਿਜੇ, ਮੇਰਾ ਵਿਜੇ ਕਰੀ ਜਾਂਦੇ ਓ ਪਰ ਇਹ ਤਾਂ ਦੇਖੋ ਕਿਹੜੇ ਰਾਹ ਤੁਰ ਪਿਐ। ਇਹ ਸਾਡਾ ਨਾਤਾ ਜ਼ਾਤ ਕੁ ਜ਼ਾਤ ਨਾਲ ਜੋੜਦਾ ਫਿਰਦੈ!"

ਤਾਈ ਕਹਿਣ ਨੂੰ ਹੀ ਕਹਿੰਦੀ ਹੈ ਵੈਸੇ ਉਸ ਨੂੰ ਵਿਜੈ ਦੇ ਵਿਆਹ ਨਾਲ ਬਹੁਤਾ ਵਾਹ ਨਹੀਂ ਹੈ ਉਸ ਨੂੰ ਤਾਂ ਸਿਰਫ ਇੰਨਾ ਹੈ ਕਿ ਉਸ ਦਾ ਪਤੀ ਵਿਜੈ 'ਤੇ ਕੋਈ ਪੈਸਾ ਨਾ ਖਰਚ ਕਰੇ। ਵਿਜੇ ਉਪਰ ਜਾਂ ਵਿਜੇ ਦੇ ਬਾਕੀ ਪਰਿਵਾਰ ਉਪਰ ਤਾਏ ਵਲੋਂ ਪੈਸੇ ਖਰਚਣ ਦੀ ਵੱਡੀ ਲੜਾਈ ਹੈ। ਤਾਇਆ ਕਹਿੰਦਾ ਹੈ,

"ਵਿਜੇ, ਮੈਂ ਤੇਰੇ ਵਿਆਹ ਨਾਲ ਕਈ ਖ਼ੁਆਬ ਜੋੜੇ ਹੋਏ ਆ। ਰਿਸ਼ਤੇਦਾਰ ਵੀ ਅਜਿਹੇ ਹੋਣ ਕਿ ਨਾਲ਼ ਖੜਨ ਵਾਲੇ ਹੋਣ, ਕੁੜੀ ਵੀ ਕਿਸੇ ਚੰਗੇ ਬਰਾਹਮਣ ਪਰਿਵਾਰ ਵਿਚੋਂ ਹੋਵੇ, ਫਿਰ ਅਸੀਂ ਦਾਜ ਵੀ ਚਾਹੁੰਨੇ ਆਂ ਜਿਹੜੀ ਕਿ ਦੁਨੀਆਂ ਦੀ ਰਸਮ ਐ, ਇਥੇ ਤਾਂ ਇਹ ਰਮੇਸ਼ ਚੋਲ਼ੀਂ ਸਾਰਨ ਨੂੰ ਫਿਰਦੈ। ਇਹ ਤਾਂ ਬਈ ਸਾਨੂੰ ਚੰਗਿਆਂ ਭਲਿਆਂ ਨੂੰ ਬੁਧੂ ਬਣਾ ਗਿਆ।"

"ਤੁਸੀਂ ਕਿਸੇ ਹੋਰ ਨੂੰ ਦੋਸ਼ ਕਿਓ ਦਿੰਨੇ ਓਂ ਜਦ ਆਪਣਾ ਈ ਸਿੱਕਾ ਖੋਟਾ ਨਿਕਲ ਰਿਹੈ।"

ਤਾਈ ਨੂੰ ਜਿਵੇਂ ਵਿਜੈ ਨੂੰ ਮਾੜਾ ਕਹਿਣ ਦਾ ਮੌਕਾ ਮਿਲ ਗਿਆ ਹੋਵੇ। ਦੀਪਕ ਦੀਆਂ ਬੁਰਾਈਆਂ ਸੁਣ ਸੁਣ ਕੇ ਉਹ ਅੱਕੀ ਪਈ ਹੈ। ਹਾਲੇ ਅਜ ਸਵੇਰੇ ਹੀ ਦੀਪਕ ਨੇ ਫੋਨ ਕਰਕੇ ਹੋਰ ਪੈਸੇ ਮੰਗੇ ਹਨ। ਪਹਿਲੇ ਦਸ ਹਜ਼ਾਰ ਪੌਂਡ ਉਹ ਕਿਧਰੇ ਖਰਚ ਚੁੱਕਾ ਹੈ। ਇਸੇ ਗੱਲ ਨੂੰ ਲੈ ਕੇ ਵੀ ਤਾਇਆ ਕਾਫੀ ਖਫਾ ਹੈ। ਉਹ ਤਾਈ ਨੂੰ ਕੋਸ ਰਿਹਾ ਹੈ ਜਿਸ ਨੇ ਦੀਪਕ ਨੂੰ ਪੈਸੇ ਦੇਣ ਦੀ ਜ਼ਿਦ ਕੀਤੀ ਹੈ। ਹੁਣ ਤਾਈ ਨੂੰ ਵਿਜੈ ਦੀ ਬੁਰਾਈ ਕਰਨੀ ਚੰਗੀ ਲਗ ਰਹੀ ਹੈ। ਵਿਜੈ ਚੁੱਪ ਹੈ। ਉਸ ਨੂੰ ਕੁਝ ਸੁਝ ਹੀ ਨਹੀਂ ਰਿਹਾ ਕਿ ਕੀ ਬੋਲੇ। ਉਸ ਦੀ ਚੁੱਪ ਤਾਏ ਨੂੰ ਤੰਗ ਕਰਨ ਲਗਦੀ ਹੈ। ਉਹ ਪੁੱਛਦਾ ਹੈ,

"ਵਿਆਹ ਕਦ ਕਰਾ ਰਿਹਾਂ?"

"ਤਾਇਆ, ਮੈਂ ਵਿਆਹ ਉਹਦੇ ਨਾਲ਼ ਨਹੀਂ ਕਰਾਉਣਾ, ਮੈਂ ਤਾਂ ਉਹਨਾਂ ਦੀ ਮੱਦਦ ਈ ਕੀਤੀ ਐ, ਉਹਨਾਂ ਨੂੰ ਵੀ ਅੱਤਵਾਦੀ ਆਪਣੇ ਵਾਂਗੂੰ ਈ ਤੰਗ ਕਰਦੇ ਸੀ, ਮੈਂ ਵਿਆਹ ਉਥੇ ਈ ਕਰਾਊਂਗਾ ਜਿਥੇ ਤੁਸੀਂ ਕਹੋਂਗੇ।"

"ਵਿਆਹ ਦੀ ਰਾਹਦਾਰੀ ਤਾਂ ਤੂੰ ਭੇਜ ਚੁੱਕਾਂ, ਹੋਰ ਕਿੰਨੀਆਂ ਕੁ ਭੇਜੇਂਗਾ! ਜਿਹੜਾ ਦਿੱਲੀ ਬਰਿਟਿਸ਼ ਹਾਈ ਕਮਿਸ਼ਨਰ ਬੈਠਾ ਉਹ ਹੁਣ ਕਿਸੇ ਹੋਰ ਕੁੜੀ ਨੂੰ ਤੇਰੇ ਨਾਲ਼ ਵਿਆਹ ਕਰਾਉਣ ਲਈ ਕਿੱਦਾਂ ਵੀਜ਼ਾ ਦੇ ਦੇਵੇਗਾ। ਤੂੰ ਆਪ ਪੜਿਆ ਲਿਖਿਆ ਐਂ, ਤੈਨੂੰ ਕਿਤੇ ਪਤਾ ਨਹੀਂ! ... ਅੱਤਵਾਦੀ ਤਾਂ ਥਾਂ ਥਾਂ ਲੁੱਟਾਂ ਕਰਦੇ ਫਿਰਦੇ ਆ, ਤੂੰ ਕਿਹਦੀ ਕਿਹਦੀ ਮਦਦ ਕਰਦਾ ਫਿਰੇਂਗਾ?"

"ਸੌਰੀ ਤਾਇਆ ਮੈਂ ਸਭ ਦਾ ਦਿਲ ਦੁਖਾਇਆ, ਤੂੰ ਭਾਰਦਵਾਜ ਨਾਲ ਗੱਲ ਕਰ, ਮੈਂ ਓਸ ਰਿਸ਼ਤੇ ਲਈ ਤਿਆਰ ਆਂ, ਅਸ਼ੋਕ ਨੂੰ ਕਹਿੰਨੇ ਆਂ ਕਿ ਮਾਂ ਨੂੰ ਨਾਲ ਲੈ ਕੇ ਕੁੜੀ ਦੇਖ ਆਵੇ।"

"ਪਰ ਭਾਰਦਵਾਜ ਨੂੰ ਇਹ ਸਭ ਤਾਂ ਦਸਣਾ ਪਵੇਗਾ ਤੇ ਜੇ ਉਹ ਨਾ ਮੰਨਿਆਂ ਤਾਂ?"

ਵਿਜੈ ਨੂੰ ਹੁਣ ਆਪਣੀ ਇਸ ਗਲਤੀ ਦਾ ਅਹਿਸਾਸ ਬਹੁਤ ਸ਼ਿੱਦਤ ਨਾਲ ਹੋਣ ਲਗਦਾ ਹੈ। ਉਸ ਨੂੰ ਜਾਪਦਾ ਹੈ ਕਿ ਰਮੇਸ਼ ਤੇ ਅੰਮਰਤੀ ਨੇ ਸਚ ਮੁੱਚ ਹੀ ਉਸ ਨੂੰ ਫਸਾ ਲਿਆ ਹੈ। ਤਾਇਆ ਉਸੇ ਵੇਲੇ ਭਾਰਦਵਾਜ ਨੂੰ ਫੋਨ ਕਰਦਾ ਹੈ। ਕੁਝ ਦੇਰ ਗੱਲਾਂ ਕਰਕੇ ਆਖਣ ਲਗਦਾ ਹੈ,

"ਵਿਜੇ, ਉਹੀ ਗੱਲ ਹੋਈ ਜਿਹਦਾ ਡਰ ਸੀ, ਭਾਰਦਵਾਜ ਕਹਿੰਦਾ ਕਿ ਮੁੰਡੇ ਨੇ ਹੋਰ ਕੁੜੀ ਮੰਗਵਾ ਲਈ ਐ ਤਾਂ ਹੁਣ ਸਾਨੂੰ ਕਿਉਂ ਖਰਾਬ ਕਰਨਾ ਚਾਹੁੰਦੇ ਓ, ਓਹਦੀ ਗੱਲ ਹੈ ਵੀ ਸੱਚੀ, ਕੋਈ ਇਜ਼ਤਦਾਰ ਬੰਦਾ ਇੱਦਾਂ ਰਿਸ਼ਤਾ ਨਹੀਂ ਕਰਨ ਲਗਾ।"

"ਤਾਇਆ, ਮੈਂ ਅਗਲੇ ਸਾਲ ਇੰਡੀਆ ਚਲੇ ਜਾਊਂ।"

"ਜਿੱਦਾਂ ਮਰਜ਼ੀ ਕਰੀਂ, ਹੁਣ ਇਹ ਖੂਹ 'ਚ ਡਿਗੀ ਇੱਟ ਵਾਂਗੂੰ ਐਂ ਕਿ ਸੁੱਕੀ ਨਹੀਂ ਨਿਕਲਣ ਲਗੀ।"

ਵਿਜੈ ਕੁਝ ਕਹਿਣਾ ਤਾਂ ਚਾਹੁੰਦਾ ਹੈ ਪਰ ਕਹਿ ਨਹੀਂ ਪਾਉਂਦਾ। ਉਸ ਨੂੰ ਚੁੱਪ ਜਿਹਾ ਦੇਖ ਤਾਇਆ ਆਪਣਾ ਗੁੱਸਾ ਜ਼ਰਾ ਕੁ ਰੋਕ ਰਖਦਾ ਹੈ। ਉਸ ਨੂੰ ਡਰ ਹੈ ਕਿ ਮੁੰਡਾ ਜ਼ਿਆਦਾ ਦਬਾਅ ਹੇਠ ਹੀ ਨਾ ਆ ਜਾਵੇ। ਅਸਲੀ ਦੋਸ਼ੀ ਤਾਂ ਰਮੇਸ਼ ਦੁੱਗਲ ਹੈ। ਵਿਜੈ ਉਹਨਾਂ ਵਿਚ ਬੈਠ ਕੇ ਸ਼ਾਮ ਦਾ ਖਾਣਾ ਖਾਂਦਾ ਹੈ ਤੇ ਫਿਰ ਘਰ ਨੂੰ ਆ ਜਾਂਦਾ ਹੈ। ਇਕ ਵਾਰ ਤਾਂ ਉਸ ਦਾ ਦਿਲ ਕਰਦਾ ਹੈ ਕਿ ਭਾਗੀ ਵਲ ਗੇੜਾ ਮਾਰ ਆਵੇ ਪਰ ਫਿਰ ਉਹ ਸੋਚਦਾ ਹੈ ਕਿ ਉਸ ਦੀਆਂ ਕੁੜੀਆਂ ਦੇ ਸੌਣ ਦਾ ਵਕਤ ਹੋ ਰਿਹਾ ਹੈ। ਉਸ ਨੂੰ ਇਹ ਵੀ ਡਰ ਰਹਿੰਦਾ ਹੈ ਕਿ ਜੇਕਰ ਉਹ ਭਾਗੀ ਦੇ ਘਰ ਬਹੁਤਾ ਜਾਵੇਗਾ ਤਾਂ ਉਸ ਦੀਆਂ ਕੁੜੀਆਂ ਉਸ ਦੇ ਨੇੜੇ ਹੋਣ ਲਗਣਗੀਆਂ ਤੇ ਇਵੇਂ ਉਹ ਉਸ ਉਪਰ ਆਸਾਂ ਵੀ ਰੱਖਣ ਲਗਣਗੀਆਂ। ਉਸ ਪਾਸੋਂ ਪਹਿਲੇ ਰਿਸ਼ਤੇ ਹੀ ਨਹੀਂ ਨਿਭਾਏ ਜਾ ਰਹੇ, ਨਵਿਆਂ ਨਾਲ ਕਿਵੇਂ ਨਿਬੜੇਗਾ। ਉਹ ਸਿਧਾ ਆਪਣੇ ਘਰ ਹੀ ਚਲੇ ਜਾਂਦਾ ਹੈ। ਘਰ ਮੂਹਰੇ ਰਮੇਸ਼ ਦੀ ਵੈਨ ਖੜੀ ਹੈ। ਉਹ ਸੋਚਦਾ ਕਿ ਇਹ ਇਸ

ਵੇਲੇ ਕੀ ਕਰ ਰਿਹਾ ਹੈ। ਉਸ ਨੂੰ ਲਗਦਾ ਹੈ ਕਿ ਅੰਮਰਤੀ ਵੀ ਨਾਲ ਹੋਵੇਗੀ ਪਰ ਰਮੇਸ਼ ਇਕੱਲਾ ਹੈ। ਉਹ ਬਾਹਰ ਨਿਕਲਦਾ ਬੋਲਦਾ ਹੈ,

"ਤੂੰ ਯਾਰ ਮੈਨੂੰ ਸੁਕਣੇ ਪਾ ਦਿਤਾ! ਦੋ ਘੰਟੇ ਹੋ ਗਏ ਖੜੇ ਨੂੰ।"

"ਹੁਣ ਕੀ ਗੱਲ ਹੋ ਗਈ! ਤੁਹਾਡੀ ਕੁੜੀ ਤੁਹਾਡੇ ਘਰ ਆ ਗਈ, ਹੋਰ ਤੁਹਾਨੂੰ ਕੀ ਚਾਹੀਦੈ?"

"ਵਿਜੇ, ਤੂੰ 'ਕੱਲਾ ਈ ਪਰੈਸ਼ਰ ਵਿਚ ਨਹੀਂ, ਆਪਾਂ ਸਾਰੇ ਇਕੋ ਕਿਸ਼ਤੀ ਦੇ ਸਵਾਰ ਆਂ।"

"ਨੌਟ ਮੀ ਐਨੀ ਮੋਰ, ...ਮੈਂ ਤੁਹਾਨੂੰ ਓਦਣ ਈ ਸਭ ਕਲੀਅਰ ਕਰ ਦਿਤਾ ਸੀ। ਮੈਂ ਜਿਹੜੀ ਗਲਤੀ ਕੀਤੀ ਓਹਦੀ ਸਜ਼ਾ ਬਹੁਤ ਭੁਗਤ ਲਈ, ਬਸ, ਇਥੇ ਈ ਬਸ! ਹੁਣ ਤੁਸੀਂ ਜਾਣੋ ਤੁਹਾਡਾ ਕੰਮ ਜਾਣੇ।"

"ਯੂ ਆਰ ਰਾਈਟ, ਤੂੰ ਠੀਕ ਐਂ ਪਰ ਇਕ ਆਖਰੀ ਫੇਵਰ, ਆਖਰੀ ਮੱਦਦ ਚਾਹੀਦੀ ਐ ਤੇਰੇ ਕੋਲੋਂ।"

"ਆਖਰੀ ਫੇਵਰ ਤਾਂ ਮੈਂ ਏਅਰਪੋਰਟ ਜਾ ਕੇ ਦੇ ਚੁੱਕਾਂ।"

"ਇਹ ਆਖਰੀ ਆਖਰੀ ਐ, ਕਈਆਂ ਆਖਰੀਆਂ ਤੋਂ ਆਖਰੀ।"

"ਤੈਨੂੰ ਪਤੈ ਰਮੇਸ਼, ਤੂੰ ਮੈਨੂੰ ਕਿਹੜੇ ਰਾਹਾਂ ਤੇ ਤੋਰ ਦਿਤਾ? ...ਮੈਂ ਦੋਸਤੀ ਦੇ ਲਾਲਚ ਦਾ ਮਾਰਿਆ ਤੇਰੇ ਅੜਿੱਕੇ ਚੜ ਗਿਆ ਤੇ ਤੂੰ ਮੈਨੂੰ ਰਿੜਕ ਕੇ ਰੱਖ ਦਿਤਾ। ਇਟ'ਸ ਨੌਟ ਫੇਅਰ, ਇਟ'ਸ ਨੌਟ ਫੇਅਰ!"

"ਵਿਜੇ, ਯਾਰੀ ਯਾਰੀ ਵਿਚ ਜਾਂ ਪਿਆਰ ਪਿਆਰ ਵਿਚ ਸਭ ਕੁਝ ਗਲਤ ਹੋ ਗਿਆ, ਨਹੀਂ ਤਾਂ ਮੇਰਾ ਕੀ ਦਿਮਾਗ ਖਰਾਬ ਸੀ ਕਿ ਸਾਲ਼ੀ ਨੂੰ ਇਥੇ ਸੱਦ ਕੇ ਸੈਟ ਕਰਾਂ। ਜਿੰਨੀਆਂ ਮਰਜ਼ੀ ਗੱਪਾਂ ਤੇਰੇ ਕੋਲ਼ ਮਾਰੀਆਂ ਹੋਣ ਪਰ ਇਹ ਬਹੁਤ ਪਰਾਊਡੀ ਜਿਹੇ ਬੰਦੇ ਆ, ਦੂਜੇ ਨੂੰ ਐਵੇਂ ਕਿਵੇਂ ਸਮਝਦੇ ਆ, ਮੈਨੂੰ ਵੀ ਤੇ ਤੇਰੇ ਮੇਰੇ ਘਰਦਿਆਂ ਨੂੰ ਵੀ, ਆਹ ਰਿਸ਼ਤੇ ਵਾਲੀ ਗੱਲ ਵੀ ਐਵੇਂ ਕਿਵੇਂ ਸ਼ੁਰੂ ਹੋ ਗਈ, ਬਸ ਹੁਣ ਤੂੰ ਇਕੋ ਇਕ ਫੇਵਰ ਦੇ ਦੇਹ।"

"ਕਿਹੜੀ?"

"ਇਹ ਕਿ ਤੂੰ ਸੁਸ਼ਮਾ ਨੂੰ ਆਪ ਸਾਰਾ ਸੱਚ ਦੱਸ ਦੇਹ ਕਿ ਕੋਈ ਰਿਸ਼ਤਾ ਨਹੀਂ ਹੋਇਆ, ਸਭ ਕੁਸ਼ ਇਕ ਗਲਤ ਫਹਿਮੀ ਦਾ ਨਤੀਜਾ ਐ, ਤੇਰਾ ਓਹਦੇ ਨਾਲ਼ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ।"

"ਇਹ ਗੱਲ ਤੂੰ ਆਪ ਕਿਉਂ ਨਹੀਂ ਕਹਿੰਦਾ।"

"ਮੇਰਾ ਯਕੀਨ ਕਿਸੇ ਨੇ ਨਈਂ ਕਰਨਾ। ਸੁਸ਼ਮਾ ਨੇ ਕੁਸ਼ ਮਿੰਟਾਂ ਵਿਚ ਤੈਨੂੰ ਜਾਣਿਆਂ, ਉਹ ਬਹੁਤ ਖੁਸ਼ ਹੋਈ ਕਿ ਸਿੰਪਲ ਜਿਹਾ ਬੰਦਾ ਐ, ਸੋ ਤੂੰ ਆਪਣੇ ਮੂੰਹੋਂ ਨਾਂਹ ਕਰ।"

"ਠੀਕ ਐ, ਕੱਲ ਨੂੰ ਲੈ ਆ ਇਥੇ, ਮੈਂ ਕਹਿ ਦੇਊਂ ਕਿ ਇਹ ਸਾਰੀ ਇਕ ਗਲਤ ਫਹਿਮੀ ਜਾਂ ਖੁਸ਼ ਫਹਿਮੀ ਐ।"

"ਮੈਂ ਸੁਣਿਆਂ ਸੀ ਕਿ ਤੁਸੀਂ ਲੋਕ ਨਾਂ ਦੇ ਬਾਮ੍ਹਣ ਆਂ ਪਰ ਹੈਗੇ ਅਨਪੜ੍ਹ, ਇਹੋ ਸਾਬਤ ਕਰਨਾ ਚਾਹੁੰਨੈਂ।"

"ਕੀ ਮਤਲਵ?"

"ਤੂੰ ਘਰ ਆ, ਉਹਨੂੰ ਬਾਹਰ ਲੈ ਕੇ ਜਾਹ ਤੇ ਸਾਰੀ ਗੱਲ ਸਮਝਾ ਦੇ, ਤੈਨੂੰ ਵੀ ਬਾਹਲ਼ਾ ਦੁੱਖ ਨਾ ਹੋਊ ਤੇ ਉਹਨੂੰ ਵੀ।"

## <u>ਅੱਠ</u>

ਸਵੇਰ ਦਾ ਵਕਤ ਹੈ। ਵਿਜੈ ਤਿਆਰ ਹੋ ਰਿਹਾ ਹੈ। ਉਸ ਨੇ ਕਾਰ ਨੂੰ ਚੰਗੀ ਤਰ੍ਹਾਂ ਧੋ ਕੇ ਇਸ ਵਿਚ ਹੂਵਰ ਮਾਰਿਆ ਹੋਇਆ ਹੈ ਨਹੀਂ ਤਾਂ ਉਸ ਦੀ ਕਾਰ ਮੀਂਹ ਨਾਲ ਹੀ ਧੋਤੀ ਜਾਂਦੀ ਹੈ। ਅਜ ਉਸ ਨੇ ਸੁਸ਼ਮਾ ਨੂੰ ਸੱਚ ਦਸਣ ਜਾਣਾ ਹੈ। ਉਸ ਨਾਲ ਧੋਖਾ ਹੋਇਆ ਹੈ। ਸੁਸ਼ਮਾ ਨਾਲ ਧੋਖਾ ਹੋਇਆ ਹੈ। ਇਹ ਰਿਸ਼ਤਾ ਕਦੇ ਹੋਂਦ ਵਿਚ ਹੀ ਨਹੀਂ ਆਇਆ। ਸਾਰੇ ਖਿਆਲੀ ਪਲਾਓ ਹਨ। ਇਹਨਾਂ ਵਿਚ ਵੱਡਾ ਹੱਥ ਅੰਮਰਤੀ ਦਾ ਹੈ ਤੇ ਕੁਝ ਕੁ ਰਮੇਸ਼ ਦਾ ਤੇ ਕੁਝ ਕੁ ਉਸ ਦੀ ਕੁਤਾਹੀ ਵੀ। ਉਹ ਸੁਸ਼ਮਾ ਨੂੰ ਇਕ ਪਾਸੇ ਲੈ ਜਾਵੇਗਾ ਤੇ ਸਾਰੀ ਗੱਲ ਦਸ ਦੇਵੇਗਾ। ਜੇਕਰ ਤਾਂ ਸੁਸ਼ਮਾ ਅਕਲਵੰਦ ਹੋਈ ਤਾਂ ਸਮਝ ਜਾਵੇਗੀ ਪਰ ਜੇਕਰ ਉਹ ਵੀ ਕਿਸੇ ਮਾਰ 'ਤੇ ਹੋਈ ਜਾਂ ਕੋਈ ਸਕੀਮ ਬਣਾ ਕੇ ਆਈ ਹੋਈ ਤਾਂ ਉਸ ਦੀਆਂ ਮਿੰਨਤਾਂ ਵੀ ਕਰਨ ਲਗ ਸਕਦੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਇੰਗਲੈਂਡ ਵਿਚ ਰਹਿ ਲੈਣ ਦਿਤਾ ਜਾਵੇ। ਨਕਲੀ ਜਾਂ ਅਸਲੀ ਵਿਆਹ ਰਾਹੀਂ। ਇਹ ਵੀ ਕਹਿ ਸਕਦੀ ਹੈ ਕਿ ਮੈਂ ਵੀ ਤਾਂ ਨਕਲੀ ਵਿਆਹ ਕਰਾ ਕੇ ਇਥੇ ਸੈਟ ਹੋਇਆ ਹਾਂ ਤੇ ਜੇ ਉਹ ਵੀ ਹੋ ਜਾਂਦੀ ਹੈ ਤਾਂ ਕੀ ਫਰਕ ਪੈਂਦਾ ਹੈ। ਉਹ ਹਰ ਗੱਲ ਲਈ ਤਿਆਰ ਹੈ। ਉਹ ਕਿਸੇ ਦਾ ਕੋਈ ਮਿੰਨਤ ਤਰਲਾ ਨਹੀਂ ਸੁਣੇਗਾ। ਸਾਫ ਕਹਿ ਦੇਵੇਗਾ ਕਿ ਮੈਨੂੰ ਇਕੱਲੇ ਛੱਡ ਦਿਓ। ਉਹ ਪੂਰੀ ਤਰ੍ਹਾਂ ਤਿਆਰ ਹੋ ਜਾਂਦਾ ਹੈ। ਸ਼ੇਵ ਕਰਕੇ ਓਪੀਐਮ ਦੀ ਆਫਟਰ ਸ਼ੇਵ ਲਾਉਂਦਾ ਹੈ। ਵਾਲਾਂ ਦੀ ਇਕ ਕਰਲ ਮੱਥੇ ਉਪਰ ਨੂੰ ਸੁੱਟ ਕੇ ਦੇਖਦਾ ਹੈ ਕਿ ਕਿਹੋ ਜਿਹੀ ਲਗ ਰਹੀ ਹੈ। ਲਾਲ ਧਾਰੀਆਂ ਵਾਲੀ ਨੀਲੀ ਕਮੀਜ਼ ਪਾਉਂਦਾ ਹੈ ਜਿਹੜੀ ਉਸ ਨੂੰ ਬਹੁਤ ਪਸੰਦ ਹੈ ਤੇ ਨਾਲ ਅਸਮਾਨੀ ਟਰਾਉਜ਼ਰ। ਮੌਸਮ ਵਧੀਆ ਹੋਣ ਕਰਕੇ ਕਿਸੇ ਭਾਰੇ ਕਪੜੇ ਦੀ ਤਾਂ ਲੋੜ ਹੀ ਨਹੀਂ ਹੈ। ਨਵੇਂ ਖਰੀਦੇ

ਕਲਾਰਕ ਦੇ ਬੂਟ ਪਾ ਉਹ ਕਾਰ ਵਿਚ ਆ ਬੈਠਦਾ ਹੈ। ਮਿੰਟਾਂ ਵਿਚ ਹੀ ਉਸ ਦੀ ਕਾਰ ਲਿਟਲਹੈਂਪਟਨ ਰੋਡ ਤੇ ਹਵਾ ਨਾਲ ਗੱਲਾਂ ਕਰਨ ਲਗਦੀ ਹੈ। ਉਸ ਦਾ ਕੁਝ ਗੁਣਗਣਾਉਣ ਦਾ ਮਨ ਹੈ ਪਰ ਗੁਣਗੁਣਾ ਨਹੀਂ ਹੋ ਰਿਹਾ। ਉਹ ਤਾਂ ਸੁਸ਼ਮਾ ਨਾਲ ਹੋਣ ਵਾਲੀ ਗੱਲਬਾਤ ਬਾਰੇ ਤਿਆਰ ਹੋ ਰਿਹਾ ਹੈ। ਉਹ ਸੋਚ ਰਿਹਾ ਹੈ ਕਿ ਸੁਸ਼ਮਾ ਇਕ ਡਾਕਟਰ ਹੈ, ਐਮ. ਬੀ. ਬੀ. ਐਸ. ਤਕ ਪੜ੍ਹੀ ਹੈ, ਉਸ ਨਾਲ ਗੱਲ ਵੀ ਜ਼ਰਾ ਧਿਆਨ ਨਾਲ ਹੀ ਕਰਨੀ ਪਵੇਗੀ।

ਰਮੇਸ਼ ਕੰਮ ਤੇ ਜਾ ਚੁੱਕਾ ਹੈ। ਉਸ ਨੇ ਵਕਤ ਸਿਰ ਦੁਕਾਨ ਖੋਹਲਣੀ ਹੁੰਦੀ ਹੈ। ਦੁਕਾਨ ਦਾ ਤਾਂ ਕੋਈ ਇੰਤਜ਼ਾਮ ਹੋ ਵੀ ਸਕਦਾ ਹੈ ਪਰ ਉਹ ਆਪਣੇ ਆਪ ਨੂੰ ਇਸ ਸਭ ਕਾਸੇ ਤੋਂ ਇਕ ਪਾਸੇ ਰੱਖਣਾ ਚਾਹੁੰਦਾ ਹੈ। ਅੰਮਰਤੀ ਦਰਵਾਜ਼ਾ ਖੋਹਲਦੀ ਹੈ ਤੇ ਉਹ ਉਸ ਦੇ ਪਿੱਛੇ ਲੌਂਜ ਵਿਚ ਆ ਜਾਂਦਾ ਹੈ। ਅੰਮਰਤੀ ਕਹਿੰਦੀ ਹੈ,

"ਵਿਜੇ, ਤੂੰ ਆਪ ਸਾਰੀ ਗੱਲ ਸੁਸ਼ਮਾ ਨਾਲ ਕਰ ਲੈ, ਜੋ ਕੁਸ਼ ਤੇਰੇ ਮਨ ਵਿਚ ਹੈ ਕਹਿ ਦੇ।"

ਵਿਜੈ 'ਹਾਂ' ਵਿਚ ਸਿਰ ਮਾਰਦਾ ਹੈ। ਅੰਮਰਤੀ ਫਿਰ ਆਖਦੀ ਹੈ,

"ਵਧੀਆ ਗੱਲ ਐ ਕਿ ਤੂੰ ਇਹਨੂੰ ਬਾਹਰ ਕਿਤੇ ਲੈ ਜਾ, ਦੋ ਮਿੰਟ, ਦਸ ਮਿੰਟ ਜਿੰਨਾ ਚਿਰ ਮਰਜ਼ੀ ਗੱਲਾਂ ਕਰੋ ਤੇ ਆਪਣੇ ਮਨ ਦੀ ਸਾਰੀ ਗੱਲ ਕਹਿ ਦੇ, ਮੇਰੇ ਵਲੋਂ ਤੂੰ ਅਜ਼ਾਦ ਐਂ, ਤੇ ਜੋ ਵੀ ਮੈਂ ਤੈਨੂੰ ਅਪਸੈੱਟ ਕਰਨ ਦੀ ਗੱਲ ਕੀਤੀ ਐ ਆਏ'ਮ ਸੌਰੀ ਫਾਰ ਦੈਟ। ਤੂੰ ਬੈਠ, ਸੁਸ਼ਮਾ ਤਿਆਰ ਹੁੰਦੀ ਐ, ਜਦ ਤਕ ਮੈਂ ਚਾਹ ਬਣਾਉਂਦੀ ਆਂ।"

ਉਸ ਤੋਂ ਬੈਠਿਆ ਨਹੀਂ ਜਾਂਦਾ। ਉਹ ਖੜਾ ਖੜਾ ਹੀ ਇਧਰ ਓਧਰ ਦੇਖਦਾ ਰਹਿੰਦਾ ਹੈ। ਦੋ ਕੁ ਮਿੰਟਾਂ ਵਿਚ ਸੁਸ਼ਮਾ ਲੌਂਜ ਵਿਚ ਆ ਜਾਂਦੀ ਹੈ। ਇਹ ਏਅਰਪੋਰਟ ਵਾਲੀ ਸੁਸ਼ਮਾ ਨਹੀਂ ਹੈ ਇਹ ਤਾਂ ਜਿਵੇਂ ਕੋਈ ਹੋਰ ਹੋਵੇ। ਇਕ ਦਮ ਖਿੜੇ ਗੁਲਾਬ ਜਿਹੇ ਚਿਹਰੇ ਵਾਲੀ ਸੁਸ਼ਮਾ ਹੈ। ਗੋਲ ਚਿਹਰਾ ਉਪਰ ਮੋਟੀਆਂ ਕਾਲੀਆਂ ਦੋ ਅੱਖਾਂ, ਮੋਢਿਆਂ ਤਕ ਕੱਟੇ ਹੋਵੇ ਵਾਲ, ਸਲੀਵਲੈਸ ਕਮੀਜ਼ ਵਿਚੋਂ ਬਾਹਰ ਨਿਕਲੀਆਂ ਦੋ ਗੋਲ ਮੁਲਾਇਮ ਬਾਹਵਾਂ। ਸੁਸ਼ਮਾ ਨੇ ਤੇੜ ਪਟਿਆਲਾ ਸ਼ਾਹੀ ਸਲਵਾਰ ਪਾਈ ਹੋਈ ਹੈ। ਪੰਜਾਬੀ ਸੂਟ ਉਸ ਨੂੰ ਬਹੁਤ ਜੱਚ ਰਿਹਾ ਹੈ। ਉਹ ਹੈਰਾਨ ਜਿਹਾ ਹੋਇਆ ਉਸ ਵਲ ਦੇਖਦਾ ਰਹਿ ਜਾਂਦਾ ਹੈ। ਸੁਸ਼ਮਾ ਦੋਵੇਂ ਹੱਥ ਜੋੜ ਕੇ ਨਮਸਤੇ ਬਹੁਲਾਉਂਦੀ ਹੈ। ਉਹ ਸੁਫਨੇ ਵਿਚੋਂ ਨਿਕਲ ਕੇ ਜਵਾਬ ਦਿੰਦਾ ਹੈ। ਸੁਸ਼ਮਾ ਸੈਟੀ ਵਲ ਇਸ਼ਾਰਾ ਕਰਦੀ ਕਹਿੰਦੀ ਹੈ,

"ਬੈਠੋ ਤੁਸੀਂ।"

ਵਿਜੈ ਇਕ ਦਮ ਸੈਟੀ ਤੇ ਬੈਠ ਜਾਂਦਾ ਹੈ ਜਿਵੇਂ ਕਿਸੇ ਦਾ ਹੁਕਮ ਮੰਨ ਰਿਹਾ ਹੋਵੇ। ਉਹ ਇਕ ਵਾਰ ਫਿਰ ਸੁਸ਼ਮਾ ਵਲ ਦੇਖਦਾ ਹੈ। ਸੁਸ਼ਮਾ ਦੇ ਚਿਹਰੇ ਉਪਰ ਵੱਡੇ ਆਹੁਦੇ ਤੇ ਬੈਠੇ ਵਿਅਕਤੀ ਵਾਲਾ ਆਤਮਵਿਸ਼ਵਾਸ਼ ਹੈ। ਉਹ ਸੋਚ ਰਿਹਾ ਹੈ ਕਿ ਇਹ ਤਾਂ ਵਾਕਿਆ ਹੀ ਡਾਕਟਰ ਲਗਦੀ ਹੈ। ਇਕ ਪਲ ਲਈ ਤਾਂ ਉਸ ਨੂੰ ਆਪਣਾ ਆਪ ਉਸ ਮੁਹਰੇ ਛੋਟਾ ਛੋਟਾ ਲਗਣ ਲਗਦਾ ਹੈ। ਸੁਸ਼ਮਾ ਬਰਾਬਰ ਦੀ ਸੈਟੀ ਤੇ ਬੈਠਦੀ ਪੁੱਛਦੀ ਹੈ,

"ਤੁਸੀਂ ਨਜ਼ਦੀਕ ਈ ਰਹਿੰਦੇ ਓ?"

"ਹਾਂ, ਦਸ ਕੁ ਮੀਲ ਤੇ।"

"ਇਥੇ ਹਾਲੇ ਮੀਲ ਈ ਚਲੀ ਜਾਂਦੇ ਆ!"

"ਹਾਂ, ਬ੍ਰਿਟਿਸ਼ ਲੋਕ ਟਰੈਡੀਸ਼ਨਲ ਜਿਹੇ ਆ, ਆਪਣੀਆਂ ਪੁਰਾਣੀਆਂ ਗੱਲਾਂ ਨੂੰ ਥੋੜੇ ਕੀਤੇ ਛਡਦੇ ਨਹੀਂ। ਮੀਲ, ਗਜ਼, ਇੰਚ, ਪੌਂਡ, ਸਟੋਨ ਸਭ ਓਦਾਂ ਈ ਚੱਲੀ ਜਾਂਦੇ ਆ।"

ਜਦ ਤਕ ਅੰਮਰਤੀ ਚਾਹ ਲੈ ਕੇ ਆ ਜਾਂਦੀ ਹੈ। ਚਾਹ ਕੌਫੀ ਟੇਬਲ ਤੇ ਰੱਖਦੀ ਬੋਲਦੀ ਹੈ,

"ਸੁਸ਼ਮਾ, ਵਿਜੇ ਤੈਨੂੰ ਕੁਸ਼ ਕਹਿਣਾ ਚਾਹੁੰਦਾ, ਤੁਸੀਂ ਇੰਦਾਂ ਕਰੋ ਕਿ ਚਾਹ ਪੀ ਕੇ ਕਿਤੇ ਬਾਹਰ ਚਲੇ ਜਾਓ, ਦਿਨ ਅਜ ਸੁਹਣਾ ਐ ਤੇ ਜਿਹੜੀ ਵੀ ਗੱਲ ਬਾਤ ਕਰਨੀ ਐ ਇਕ ਦੂਜੇ ਨਾਲ ਸਿਧੀ ਕਰ ਲਓ।"

ਵਿਜੈ ਸੋਚਣ ਲਗਦਾ ਹੈ ਕਿ ਸੁਸ਼ਮਾ ਨੂੰ ਕਿਥੇ ਲੈ ਕੇ ਜਾਵੇ। ਵੈਸੇ ਤਾਂ ਦੋ ਗੱਲਾਂ ਹੀ ਕਰਨੀਆਂ ਹਨ ਕਾਰ ਵਿਚ ਬੈਠ ਕੇ ਵੀ ਕੀਤੀਆਂ ਜਾ ਸਕਦੀਆਂ ਹਨ ਪਰ ਇਹ ਵੀ ਬਹੁਤੀ ਵਧੀਆ ਗੱਲ ਨਹੀਂ ਹੈ। ਸ਼ਾਇਦ ਹੁਣ ਤਕ ਅੰਮਰਤੀ ਉਸ ਨੂੰ ਦਸ ਹੀ ਚੁੱਕੀ ਹੋਵੇਗੀ ਕਿ ਵਿਜੈ ਵਿਆਹ ਲਈ ਤਿਆਰ ਨਹੀਂ ਹੈ। ਜੇ ਅਜਿਹਾ ਹੋਇਆ ਤਾਂ ਸੁਸ਼ਮਾ ਉਸ ਦੀ ਗੱਲ ਸੁਣਨ ਲਈ ਹੁਣ ਤਕ ਆਪਣੇ ਆਪ ਨੂੰ ਤਿਆਰ ਕਰ ਚੁੱਕੀ ਹਵੇਗੀ। ਉਹ ਉਠ ਖੜਦਾ ਹੈ ਤੇ ਮਗਰੇ ਹੀ ਸੁਸ਼ਮਾ ਵੀ। ਸੁਸ਼ਮਾ ਬਾਹਰ ਨਿਕਲਦੀ ਹੋਈ ਅੰਮਰਤੀ ਦੇ ਗੱਲ਼ ਲਗ ਅਲਵਿਦਾ ਲੈਂਦੀ ਹੈ ਤੇ ਅੰਮਰਤੀ ਉਸ ਨੂੰ ਹੌਲੇ ਜਿਹੇ 'ਗੁੱਡ ਲੱਕ' ਆਖਦੀ ਹੈ। ਵਿਜੈ ਸੁਣ ਲੈਂਦਾ ਹੈ ਤੇ ਸੋਚਦਾ ਹੈ ਕਿ ਇਸ ਨੂੰ ਹਾਲੇ ਵੀ ਕੋਈ ਆਸ ਹੈ। ਕਾਰ ਕੋਲ ਆ ਕੇ ਉਹ ਸੁਸ਼ਮਾ ਲਈ ਦਰਵਾਜ਼ਾ ਖੋਹਲਦਾ ਹੈ। ਸੁਸ਼ਮਾ ਥੈਂਕਿਊ ਆਖਦੀ ਬੈਠ ਜਾਂਦੀ ਹੈ। ਫਿਰ ਵਿਜੈ ਵੀ ਕਾਰ ਵਿਚ ਬੈਠ ਜਾਂਦਾ ਹੈ। ਕਾਰ ਵਿਚ ਇਕ ਅਰਾਮਦੇਹ ਖੁਸ਼ਬੂ ਖਿੰਡਰ ਰਹੀ ਹੈ। ਕਾਰ ਚਾਲੂ ਕਰਕੇ ਉਹ ਪੁੱਛਦਾ ਹੈ,

"ਕਿਥੇ ਜਾਣਾ ਚਾਹੋਗੇ?"

"ਤੁਹਾਡਾ ਸ਼ਹਿਰ, ਤੁਹਾਡਾ ਮੁਲਕ, ਤੁਹਾਡੇ ਹੱਥ ਸਟੇਅਰਿੰਗ, ਜਿਥੇ ਮਰਜ਼ੀ ਲੈ ਚਲੋ।"

"ਆਓ ਬਰਾਈਟਨ ਚਲਦੇ ਆਂ।"

"ਠੀਕ।"

ਕੁਝ ਦੇਰ ਤਕ ਖਾਮੋਸ਼ੀ ਛਾਈ ਰਹਿੰਦੀ ਹੈ। ਉਹ ਚੋਰੀ ਅੱਖ ਨਾਲ ਸੁਸ਼ਮਾ ਨੂੰ ਦੇਖਣ ਦੀ ਕੋਸ਼ਿਸ਼ ਕਰਦਾ ਹੈ ਪਰ ਸੁਸ਼ਮਾ ਜਿਵੇਂ ਪਹਿਲਾ ਹੀ ਉਸ ਵਲ ਦੇਖ ਰਹੀ ਹੋਵੇ। ਉਸ ਦੀ ਕਾਰ ਵਿਚ ਪਹਿਲੀ ਵਾਰ ਕੋਈ ਕੁੜੀ ਬੈਠੀ ਹੈ। ਪਹਿਲਾਂ ਉਸ ਦੀ ਕਾਰ ਵਿਚ ਤਾਈ, ਭਾਗੀ ਜਾਂ ਕਦੇ ਕਦੇ ਅੰਮਰਤੀ ਵੀ ਉਸ ਦੇ ਇਵੇਂ ਬਰਾਬਰ ਬੈਠੀਆਂ ਹਨ ਪਰ ਸੁਸ਼ਮਾ ਵਰਗੀ ਕੋਈ ਕੁੜੀ ਕਦੇ ਨਹੀਂ ਬੈਠੀ। ਉਸ ਨੂੰ ਬਹੁਤ ਚੰਗਾ ਲਗ ਰਿਹਾ ਹੈ। ਵਿਜੈ ਨੂੰ ਸੁਝ ਨਹੀਂ ਰਿਹਾ ਕਿ ਕਿਹੜੀ ਗੱਲ ਪਹਿਲਾਂ ਕਰੇ। ਵਿਆਹ ਲਈ ਨਾਂਹ ਵਾਲੀ ਗੱਲ ਕਿਵੇਂ ਸ਼ੁਰੂ ਕਰੇ। ਉਹ ਗੱਲ ਤੋਰਨ ਲਈ ਪੁੱਛਦਾ ਹੈ,

"ਆਪਣੇ ਪਰੋਫੈਸ਼ਨ ਵਿਚ ਤੁਸੀਂ ਕਿਸੇ ਫੀਲਡ ਲਈ ਸ਼ਪੈਸ਼ਲਿਸਟ ਓ ਜਾਂ ਜਨਰਲ ਪਰੈਕਟਿਸ ਕਰਦੇ ਓ?"

"ਮੈਂ ਔਰਤਾਂ ਦੇ ਰੋਗਾਂ ਵਿਚ ਸੁਪੈਸ਼ਸਿਟ ਆਂ, ਜਿਵੇਂ ਕਿ ਵੌਂਬ ਦੀਆਂ ਕੰਪਲੀਕੇਸ਼ਨਜ਼ ਜਾਂ ਪੇਟ ਦੀਆਂ ਹੋਰ ਬਿਮਾਰੀਆਂ।"

"ਐਮ. ਬੀ. ਬੀ. ਐਸ. ਕਿਥੋਂ ਕੀਤੀ ਸੀ?"

"ਮੈਂ ਐਲੋਪੈਥੀ ਦੀ ਨਹੀਂ ਆਯੂਰਵੈਦਿਕ ਦੀ ਡਾਕਟਰ ਆਂ।"

"ਵੌਟ?"

ਆਖਦਾ ਵਿਜੈ ਇਕ ਦਮ ਬਰੇਕ ਮਾਰ ਦਿੰਦਾ ਹੈ। ਟਾਇਰਾਂ ਦੀਆਂ ਚੀਕਾਂ ਨਿਕਲ ਜਾਂਦੀਆਂ ਹਨ। ਸੁਸ਼ਮਾ ਨੇ ਜੇ ਸੀਟ ਬੈਲਟ ਨਾ ਲਾਈ ਹੁੰਦੀ ਤਾਂ ਉਸ ਦਾ ਸਿਰ ਡੈਸ਼ ਬੋਰਡ ਵਿਚ ਜਾ ਲਗਦਾ। ਵਿਜੈ ਆਲਾ ਦੁਆਲਾ ਦੇਖਦਾ ਹੈ, ਉਹ ਰੱਬ ਦਾ ਸ਼ੁਕਰ ਮਨਾਉਂਦਾ ਹੈ ਕਿ ਸੜਕ ਤੇ ਹੋਰ ਟਰੈਫਿਕ ਨਹੀਂ ਸੀ ਨਹੀਂ ਤਾਂ ਹੁਣੇ ਐਕਸੀਡੈਂਟ ਹੋ ਜਾਂਦਾ। ਸੁਸ਼ਮਾ ਪੁੱਛਦੀ ਹੈ,

"ਤੁਸੀਂ ਠੀਕ ਤਾਂ ਓ?"

"ਹਾਂ ਹਾਂ ਠੀਕ ਆਂ।"

"ਇੰਨੇ ਹੈਰਾਨ ਕਿਉਂ ਹੋ ਗਏ? ਕੀ ਤੁਹਾਨੂੰ ਇਹ ਦੱਸਿਆ ਗਿਆ ਸੀ ਕਿ ਮੈਂ ਐਮ. ਬੀ. ਬੀ. ਐਸ. ਆਂ?"

"ਨਹੀਂ ਨਹੀਂ, ਕੋਈ ਐਸੀ ਗੱਲ ਨਹੀਂ।"

"ਸ਼ਰਮਾ ਜੀ, ਮੈਂ ਕੋਈ ਆਰ. ਐਮ. ਪੀ. ਨਹੀਂ ਆਂ; ਰਜਿਸਟਰਡ ਮੈਡੀਕਲ ਪਰੈਕਟੀਸ਼ਨਰ। ਓਧਰੋਂ ਨੌਰਥ ਇੰਡੀਆ ਵਲੋਂ ਪੰਦਰਾਂ ਸੌ ਦੀਆਂ ਡਿਗਰੀਆਂ ਮਿਲ ਜਾਂਦੀਆਂ ਤੇ ਲੋਕ ਪਿੰਡਾਂ ਵਿਚ ਬੈਠ ਕੇ ਭੋਲੇ ਭਾਲੇ ਲੋਕਾਂ ਨੂੰ ਦਵਾਈ ਦੇਈ ਜਾਂਦੇ ਆ। ਮੈਂ ਪ੍ਰੀ ਮੈਡੀਕਲ ਤੋਂ ਬਾਅਦ ਪਰੌਪਰ ਚਾਰ ਸਾਲ ਦੀ ਡਿਗਰੀ ਕੀਤੀ ਆ ਤੇ ਮੈਨੂੰ ਆਪਣੇ ਇਸ ਪਰੌਫੈਸ਼ਨ ਤੇ ਬਹੁਤ ਮਾਣ ਐ।"

ਸੁਸ਼ਮਾ ਦਸਦੀ ਹੈ। ਵਿਜੈ ਸੋਚ ਰਿਹਾ ਹੈ ਕਿ ਉਹ ਉਸ ਦੇ ਡਾਕਟਰ ਹੋਣ ਦਾ ਕਿਡਾ ਵੱਡਾ ਧੋਖਾ ਖਾਈ ਬੈਠਾ ਰਿਹਾ ਹੈ। ਇਕ ਗੱਲ ਜੋ ਉਸ ਨੂੰ ਅੰਦਰੋ ਅੰਦਰ ਅਣਸੁਖਾਵਾਂ ਕਰੀ ਰੱਖਦੀ ਰਹੀ ਹੈ ਓਹ ਇਹ ਹੈ ਕਿ ਜੇਕਰ ਸੁਸ਼ਮਾ ਨਾਲ ਉਸ ਦਾ ਨਾਤਾ ਜੁੜ ਜਾਂਦਾ ਹੈ ਤਾਂ ਐਮ. ਬੀ. ਬੀ. ਐਸ. ਪਤਨੀ ਨਾਲ ਕਿਵੇਂ ਗੁਜ਼ਾਰਾ ਕਰੇਗਾ। ਉਸ ਦੀ ਐਡੀ ਵੱਡੀ ਡਿਗਰੀ ਸਾਹਮਣੇ ਕਿਵੇਂ ਖਲੋਵੇਗਾ ਪਰ ਇਸ ਗੱਲ ਨਾਲ ਉਹ ਦਾ ਇਹ ਅਣਸੁਖਾਵਾਂਪਨ ਇਕ ਦਮ ਦੂਰ ਹੋ ਜਾਂਦਾ ਹੈ। ਹੁਣ ਉਸ ਨੂੰ ਸੁਸ਼ਮਾ ਕਿਸੇ ਪੱਖੋਂ ਵੀ ਆਪਣੇ ਆਪ ਤੋਂ ਵੱਡੀ ਨਹੀਂ ਲਗ ਰਹੀ। ਸਗੋਂ ਆਯੂਰਵੈਦਿਕ ਹੋਣਾ ਤਾਂ ਵੈਦ ਹੋਣ ਵਾਂਗ ਹੀ ਹੈ। ਹੁਣ ਉਸ ਨੂੰ ਆਪਣੀ ਗੱਲ ਸ਼ੁਰੂ ਕਰਨ ਦਾ ਰਾਹ ਵੀ ਮਿਲ ਗਿਆ ਹੈ। ਉਹ ਕਹਿੰਦਾ ਹੈ,

"ਜਿੰਦਾਂ ਰਮੇਸ਼ ਤੇ ਅੰਮਰਤੀ ਗੱਲ ਕਰਦੇ ਰਹੇ ਆ ਉਸ ਤੋਂ ਇਹੋ ਪ੍ਰਭਾਵ ਹੀ ਪੈਂਦਾ ਸੀ ਕਿ ਤੁਸੀਂ ਐਲੋਪੈਥੀ ਦੇ ਡਾਕਟਰ ਓ।"

"ਸ਼ਰਮਾ ਜੀ, ਆਈ ਐਮ ਰੀਅਲੀ ਸੌਰੀ ਪਰ ਮੈਂ ਕਦੇ ਕੋਈ ਗੱਲ ਲਕਾਉਣ ਦੇ ਹੱਕ ਵਿਚ ਨਹੀਂ ਫਿਰ ਮੈਨੂੰ ਆਪਣੇ ਆਯੂਰਵੈਦਿਕ ਡਾਕਟਰ ਹੋਣ ਵਿਚ ਪਰਾਊਡ ਐ। ਜੇ ਤੁਹਾਨੂੰ ਕੋਈ ਤਕਲੀਫ ਪੁੱਜੀ ਤਾਂ ਸੌਰੀ!"

"ਨਹੀਂ ਕੋਈ ਗੱਲ ਨਹੀਂ ਪਰ ਇਹਨਾਂ ਲੋਕਾਂ ਨੇ ਬਹੁਤ ਕੁਸ਼ ਗਲਤ ਕਰ ਦਿਤਾ। ਤੁਹਾਨੂੰ ਮੇਰੇ ਬਾਰੇ ਕੀ ਦਸਿਆ?

"ਬਹੁਤਾ ਕੁਸ਼ ਨਹੀਂ, ਇਹੋ ਕਿ ਮੁੰਡਾ ਬਹੁਤ ਲਾਇਕ ਐ, ਮੁੰਡੇ ਨੇ ਐਮ. ਏ. ਕੀਤੀ ਹੋਈ ਐ ਤੇ ਪੂਰੀ ਤਰ੍ਹਾਂ ਸੈੱਟ ਐ, ਆਪਣਾ ਘਰ ਐ, ਹਾਲੇ ਡਰਾਈਵਰੀ ਕਰਦੈ ਪਰ ਛੇਤੀਂ ਆਪਣਾ ਬਿਜਨੈਸ ਸ਼ੁਰੂ ਕਰਨ ਵਾਲੈ।"

"ਝੂਠ, ਮੈਂ ਕਦੇ ਆਪਣਾ ਬਿਜਨੈਸ ਸ਼ੁਰੂ ਕਰਨ ਦੀ ਗੱਲ ਨਹੀ, ਇਹਨਾਂ ਬਹੁਤ ਜ਼ਿਆਦਤੀਆਂ ਕੀਤੀਆਂ, ਇਹੋ ਸਾਰੀਆਂ ਗੱਲਾਂ ਕਰਨੀਆਂ ਚਾਹੁੰਨਾ ਤੁਹਾਡੇ ਨਾਲ।"

ਉਹ ਬਰਾਈਟਨ ਪੁੱਜ ਜਾਂਦੇ ਹਨ। ਕਾਰ ਨੂੰ ਢੁਕਵੀਂ ਜਿਹੀ ਜਗਾਹ ਖੜੀ ਕਰ ਸੁਸ਼ਮਾ ਨੂੰ ਆਖਦਾ ਹੈ,

"ਆਓ, ਬੀਚ ਤੇ ਤੁਰਦੇ ਆਂ ਤੇ ਨਾਲ ਨਾਲ ਗੱਲਾਂ ਕਰੀ ਜਾਵਾਂਗੇ।"

ਸੁਸ਼ਮਾ ਉਸ ਨਾਲ ਤੁਰਨ ਲਗਦੀ ਹੈ। ਸੁਸ਼ਮਾ ਸਮੁੰਦਰ ਦੀ ਥਾਂ ਉਸ ਵਲ ਹੀ ਦੇਖਦੀ ਜਾ ਰਹੀ ਹੈ। ਉਹ ਪੁੱਛਦਾ ਹੈ,

"ਇੰਡੀਆ ਵਿਚ ਵੀ ਸਮੁੰਦਰ ਤੇ ਜਾਣ ਦਾ ਮੌਕਾ ਮਿਲਿਆ?"

"ਹਾਂ, ਮਿਲਿਆ, ਅਸੀਂ ਹਰ ਸਾਲ ਦੋ ਹਫਤੇ ਲਈ ਕਲਿਨਿਕ ਬੰਦ ਕਰਕੇ ਘੁੰਮਣ ਨਿਕਲਦੇ ਆਂ, ਇਹ ਤਾਂ ਹੁਣ ਭਰਾਤਾ ਜੀ ਅਮਰੀਕਾ ਚਲੇ ਗਏ ਨਹੀਂ ਤਾਂ ਅਸੀਂ ਬੰਬੇ, ਗੋਆ, ਕੰਨਿਆ ਕੁਮਾਰੀ ਤਕ ਗਏ ਆਂ।"

"ਇਸ ਸਮੁੰਦਰ ਵਿਚ ਤੇ ਇੰਡੀਆ ਦੇ ਸਮੁੰਦਰ ਵਿਚ ਕੋਈ ਫਰਕ ਦਿਸਦੈ?"

"ਕੋਈ ਖਾਸ ਨਹੀਂ, ਸ਼ਾਇਦ ਇਹ ਵਧੇਰੇ ਨੀਲਾ ਹੋਵੇ।"

ਉਹ ਬੀਚ ਦੀ ਬਜਰੀ ਉਪਰ ਤੁਰ ਰਹੇ ਹਨ। ਵਿਜੈ ਨੂੰ ਕਿਸੇ ਕੁੜੀ ਨਾਲ ਇਵੇਂ ਤੁਰਨਾ ਚੰਗਾ ਲਗਦਾ ਹੈ। ਉਹ ਪਹਿਲਾਂ ਇਵੇਂ ਕਿਸੇ ਕੁੜੀ ਨਾਲ ਤੁਰਿਆ ਵੀ ਨਹੀਂ ਹੈ। ਕਦੇ ਭਾਗੀ ਨਾਲ ਇਧਰ ਓਧਰ ਚਲੇ ਜਾਂਦਾ ਹੈ ਪਰ ਭਾਗੀ ਨਾਲ ਹੁੰਦਿਆ ਓਪਰੀ ਕੁੜੀ ਵਾਲੀਆਂ ਭਾਵਨਾਵਾਂ ਨਹੀਂ ਹੁੰਦੀਆਂ। ਸੁਸ਼ਮਾ ਦੀ ਹੀਲ ਵਾਲੀ ਜੁੱਤੀ ਕਾਰਨ ਉਸ ਲਈ ਤੁਰਨਾ ਜ਼ਰਾ ਮੁਸ਼ਕਲ ਹੋ ਰਿਹਾ ਹੈ। ਵਿਜੈ ਪੁੱਛਦਾ ਹੈ,

"ਜੇ ਕਹੋਂ ਤਾਂ ਬੈਠ ਜਾਂਦੇ ਆਂ?"

"ਇਹ ਜਗਾਹ ਗੰਦੀ ਹੋਵੇਗੀ।"

"ਨਹੀਂ ਇਹ ਬੱਟੀਆਂ ਹੈਨ ਤੇ ਗੰਦਗੀ ਇਹਨਾਂ ਉਪਰ ਥੋੜੇ ਕੀਤੇ ਨਹੀਂ ਠਹਿਰਦੀ ਫਿਰ ਵੀ ਮੇਰੇ ਪਾਸ ਰੁਮਾਲ ਐ ਤੁਸੀਂ ਵਰਤ ਸਕਦੇ ਓ।"

ਸੁਸ਼ਮਾ ਆਪਣੇ ਬੈਗ ਵਿਚੋਂ ਰੁਮਾਲ ਕੱਢ ਕੇ ਹੇਠਾਂ ਵਿਛਾਉਂਦੀ ਬੈਠ ਜਾਂਦੀ ਹੈ ਤੇ ਨਾਲ ਹੀ ਵਿਜੈ ਵੀ। ਉਹ ਆਖਦੀ ਹੈ,

"ਹੰਜੀ ਸ਼ਰਮਾ ਜੀ, ਤੁਸੀਂ ਕੋਈ ਗੱਲ ਕਰਨਾ ਚਾਹੁੰਦੇ ਓ, ਕਰੋ।"

ਵਿਜੈ ਚੁੱਪ ਹੋ ਜਾਂਦਾ ਹੈ ਤੇ ਸਮੁੰਦਰ ਵਲ ਦੇਖਣ ਲਗਦਾ ਹੈ। ਕੁਝ ਮਿੰਟ ਤਕ ਉਸ ਤੋਂ ਕੁਝ ਵੀ ਨਹੀਂ ਬੋਲ ਹੁੰਦਾ। ਉਸ ਤੋਂ ਗੱਲ ਸ਼ੁਰੂ ਨਹੀਂ ਕਰ ਹੋ ਰਹੀ। ਇਕ ਵਾਰ ਤਾਂ ਉਸ ਦਾ ਦਿਲ ਕਹਿੰਦਾ ਹੈ ਕਿ ਉਹ ਗੱਲ ਕਰਨ ਨੂੰ ਰਹਿਣ ਹੀ ਦੇਵੇ। ਸੁਸ਼ਮਾ ਫਿਰ ਪੁੱਛਦੀ ਹੈ,

"ਕਿਥੇ ਗੁਆਚ ਗਏ ਓ?"

"ਸਮੁੰਦਰ ਵਿਚ, ਏਸ ਸਮੁੰਦਰ ਦੇ ਥੱਲੇ ਪਤਾ ਨਹੀਂ ਕੀ ਕੀ ਪਿਐ, ...ਤੇ ਇਹ ਇਵੇਂ ਅਰਾਮ ਵਿਚ ਐ ਜਿਵੇਂ ਕੁਸ਼ ਹੋਇਆ ਈ ਨਾ ਹੋਵੇ।"

"ਸ਼ਰਮਾ ਜੀ, ਇਹ ਸਮੁੰਦਰ ਐ ਤੇ ਆਪਾਂ ਇਨਸਾਨ, ਸਾਡੇ ਨਾਲ ਜੋ ਕੁਸ਼ ਹੁੰਦੈ ਅਸੀਂ ਛੁਪਾ ਨਹੀਂ ਸਕਦੇ। ਭਗਵਾਨ ਨੇ ਸਾਡਾ ਜੋ ਚਿਹਰਾ ਬਣਾਇਐ ਇਹ ਸਭ ਕੁਸ਼ ਦਸ ਦਿੰਦੈ ਤੇ ਇਸ ਤੋਂ ਵੀ ਵੱਡੀਆਂ ਚੁਗਲ ਖੋਰ ਅੱਖਾਂ ਹੁੰਦੀਆਂ ਜੋ ਇਨਸਾਨ ਦੇ ਦਿਲ ਦੀ ਹਰ ਗੱਲ ਦੂਜੇ ਨੂੰ ਦਸ ਦਿੰਦੀਆਂ, ਤੁਸੀਂ ਇਹ ਸਭ ਛੱਡੋ ਤੇ ਆਪਣੀ ਗੱਲ ਕਰੋ।"

"ਤੁਹਾਨੂੰ ਦੀਦੀ ਨੇ ਦਸਿਆ ਕਿ ਮੈਂ ਇਥੇ ਪੱਕਾ ਹੋਣ ਲਈ ਇਕ ਨਕਲੀ ਜਿਹਾ ਵਿਆਹ ਕਰਾਇਆ ਸੀ।"

"ਹਾਂ, ਇਹ ਦਸਿਆ ਸੀ ਪਰ ਬਾਅਦ ਵਿਚ। ਇਸ ਤੋਂ ਪਹਿਲਾਂ ਉਹ ਤੁਹਾਡੀਆਂ ਇੰਨੀਆਂ ਵਡਿਆਈਆਂ ਕਰ ਚੁੱਕੀ ਸੀ ਕਿ ਇਹ ਗੱਲ ਬਹੁਤ ਨਿਗੂਣੀ ਜਿਹੀ ਹੋ ਗਈ ਸੀ ਖਾਸ ਤੌਰ ਤੇ ਮੇਰੇ ਲਈ, ਮੈਂ ਤਾਂ ਤੁਹਾਡੀ ਵੀਡੀਓ ਦੇਖੀ ਤਾਂ ਹਾਂ ਕਰ ਦਿਤੀ ਪਰ ਪਿਤਾ ਜੀ ਬੜੀ ਮੁਸ਼ਕਲ ਨਾਲ ਮੰਨੇ। ਉਹ ਖਤਰੀਆਂ ਵਿਚ ਹੀ ਮੇਰਾ ਰਿਸ਼ਤਾ ਕਰਨਾ ਚਾਹੁੰਦੇ ਸਨ। ਉਹ ਕਹਿੰਦੇ ਸਨ ਕਿ ਮੇਰੀ ਧੀ ਵਿਚ ਕੋਈ ਨੁਕਸ ਐ ਕਿ ਅਸੀਂ ਦੂਜੀ ਜ਼ਾਤ ਵਿਚ ਵਿਆਹ ਕਰੀਏ ਫਿਰ ਦੀਦੀ ਨੇ ਸਮਝਾਇਆ ਕਿ ਹੈ ਤਾਂ ਅਸੀਂ ਸਾਰੇ ਹਿੰਦੂ ਈ ਆਂ ਤੇ ਚੰਗੇ ਮੁੰਡੇ ਮਿਲਦੇ ਕਿਥੇ ਆ!"

ਵਿਜੈ ਨੂੰ ਆਪਣੇ ਬਾਰੇ ਚੰਗੀਆਂ ਗੱਲਾਂ ਸੁਣਨਾ ਬਹੁਤ ਚੰਗਾ ਲਗਦਾ ਹੈ। ਉਹ ਸੁਸ਼ਮਾ ਨੂੰ ਸਾਈਡ ਪੋਜ਼ ਤੋਂ ਦੇਖਦਾ ਹੈ ਤਾਂ ਉਹ ਹੋਰ ਵੀ ਖੂਬਸੂਰਤ ਲਗ ਰਹੀ ਹੈ। ਉਹ ਉਸ ਵਿਚ ਕੋਈ ਨੁਕਸ ਲੱਭਣ ਦੀ ਕਸ਼ਿਸ਼ ਕਰਦਾ ਹੈ ਪਰ ਨਹੀਂ ਲਭ ਰਿਹਾ। ਸੁਸ਼ਮਾ ਆਪਣੀ ਗੱਲ ਖਤਮ ਕਰਕੇ ਉਡੀਕ ਕਰਨ ਲਗਦੀ ਹੈ ਕਿ ਹੁਣ ਵਿਜੈ ਕੁਝ ਕਹੇ ਪਰ ਵਿਜੈ ਚੁੱਪ ਹੈ। ਕੁਝ ਮਿੰਟ ਇਹ ਚੁੱਪ ਇਵੇਂ ਹੀ ਬਰਕਰਾਰ ਰਹਿੰਦੀ ਹੈ। ਫਿਰ ਸੁਸ਼ਮਾ ਹੀ ਗੱਲ ਸ਼ੁਰੂ ਕਰਦੀ ਹੈ,

"ਇਹ ਜੋ ਮੇਰਾ ਕੰਮ ਐ ਮੈਨੂੰ ਬਹੁਤ ਤਸੱਲੀ ਦਿੰਦੈ, ਮੈਨੂੰ ਲਗਦੈ ਕਿ ਮੈਂ ਕਿਸੇ ਲਈ ਕੁਸ਼ ਕਰ ਰਹੀ ਆਂ, ਮੈਂ ਆਪਣੀ ਫੀਸ ਵੀ ਬਹੁਤ ਜੈਨੂਅਨ ਰੱਖੀ ਹੋਈ ਐ, ਪਿਤਾ ਜੀ ਤਾਂ ਆਪਣੀ ਬਹੁਤ ਐਡਵਰਟਾਈਜ਼ਮਿੰਟ ਕਰਦੇ ਆ ਪਰ ਮੈਂ ਕੁਸ਼ ਨਹੀਂ ਕਰਦੀ, ਮੇਰੇ ਪੇਸ਼ੀਅੰਟ ਈ ਮੇਰਾ ਨਾਂ ਅਗਾਂਹ ਤੋਂ ਅਗਾਂਹ ਤੋਰਦੇ ਰਹਿੰਦੇ ਆ।"

"ਇਹ ਜੋ ਅੱਤਵਾਦੀਆਂ ਵਾਲੀ ਘਟਨਾ ਐ ਇਹਦੇ ਵਿਚ ਕਿੰਨਾ ਕੁ ਸੱਚ ਐ।"

"ਮੈਨੂੰ ਨਹੀਂ ਪਤਾ ਕਿ ਇਹ ਖਬਰ ਤੁਹਾਡੇ ਤਕ ਕਿਵੇਂ ਪੁੱਜੀ ਹੋਵੇ ਪਰ ਹੋਇਆ ਇਹ ਕਿ ਅੱਤਵਾਦੀਆਂ ਦੇ ਦੋ ਗਰੁੱਪ ਪਿਤਾ ਜੀ ਤੋਂ ਵਾਰੀ ਵਾਰੀ ਰੁਪਏ ਲੈ ਗਏ ਪਰ ਪਿਤਾ ਜੀ ਨੇ ਸਾਡੇ ਕੋਲ਼ ਧੂੰਆਂ ਤਕ ਨਹੀਂ ਕੱਢਿਆ। ਮੈਂ ਤਾਂ ਇਹਦੇ ਹੱਕ ਵਿਚ ਈ ਨਹੀਂ, ਕਈ ਵਾਰ ਭਾਜਪਾ ਵਾਲੇ ਪਿਤਾ ਜੀ ਨੂੰ ਅਸੈਂਬਲੀ ਦੀ ਟਿਕਟ ਦੇ ਚੁੱਕੇ ਆ ਪਰ ਉਹ ਮੰਨਦੇ ਈ ਨਹੀਂ, ਜੇ ਤੁਸੀਂ ਕਿਸੇ ਪਾਰਟੀ ਨਾਲ਼ ਜੁੜ ਕੇ ਚਲਦੇ ਆਂ ਤਾਂ ਤੁਹਾਡਾ ਕੋਈ ਕੁਸ਼ ਨਹੀਂ ਵਿਗਾੜ ਸਕਦਾ, ਜਦ ਮੈਨੂੰ ਪਤਾ ਚਲਿਆ ਤਾਂ ਮੈਂ ਇਕ ਦਮ ਪਾਰਟੀ ਜੁਆਇਨ ਕਰ ਲਈ ਤੇ ਪਾਰਟੀ ਵਾਲੇ ਵੀ ਮੇਰੀ ਪਾਪੂਲਰਟੀ ਨੂੰ ਕੈਸ਼ ਕਰਾਉਣਾ ਚਾਹੁੰਦੇ ਸੀ, ਮੈਨੂੰ ਕੌਂਸਲ ਦੀਆਂ ਚੋਣਾਂ ਵਿਚ ਖੜੀ ਕਰਨੀ ਚਾਹੁੰਦੇ ਸਨ ਮੈਂ ਤਿਆਰ ਵੀ ਸਾਂ ਪਰ ਪਿਤਾ ਜੀ ਨੂੰ ਪੈ ਗਈ ਕਿ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਕੱਢ ਦੇਣ, ਭਰਾਤਾ ਜੀ ਨੂੰ ਸਟੇਟਸ ਭੇਜ ਦਿਤਾ ਤੇ ਮੇਰੀ ਇਥੇ ਦੀ ਤਿਆਰੀ ਹੋ ਗਈ, ਮੈਂ ਉਥੇ ਹੁੰਦੀ ਤਾਂ ਮੈਂ ਆਪਣੀਆਂ ਜੜ੍ਹਾਂ ਡੂੰਘੀਆ ਕਰ ਲੈਣੀਆਂ ਸੀ, ਹਾਲੇ ਵੀ ਮੇਰੇ ਲਈ ਉਥੇ ਬਹੁਤ ਚਾਂਸ ਐ।"

"ਤੁਹਾਨੂੰ ਇੰਗਲੈਂਡ ਦਾ ਕੋਈ ਚਾਅ ਨਹੀਂ?"
"ਇੰਗਲੈਂਡ ਦਾ ਤਾਂ ਨਹੀਂ, ਨਵਾਂ ਰਿਸ਼ਤਾ ਜੁੜਨ ਦਾ ਚਾਅ ਤਾਂ ਜ਼ਰੂਰ ਸੀ, ਇਥੇ ਦੀ ਜ਼ਿੰਦਗੀ ਬਾਰੇ ਮੈਂ ਬਹੁਤ ਸੁਣ ਰਖਿਆ ਸੀ ਤੇ ਹੁਣ ਦੇਖ ਵੀ ਰਹੀ ਆਂ, ਮੇਰੇ ਘਰ ਵਿਚ ਪੰਜ ਨੌਕਰਾਣੀਆਂ ਤੇ ਇਥੇ ਮੈਂ ਆਪ ਨੌਕਰਾਣੀ ਪਰ ਠੀਕ ਐ ਜੋ ਵੀ ਹੈ ਖੁਸ਼ ਆਂ, ਮੈਨੂੰ ਹਾਲਾਤ ਨਾਲ ਸਮਝੌਤਾ ਕਰਨਾ ਆਉਂਦਾ।"
"ਸੁਸ਼ਮਾ ਜੀ, ਗੱਲ ਬਾਤ ਤੋਂ ਪਤਾ ਚਲਦੈ ਕਿ ਤੁਸੀਂ ਬਹੁਤ ਚੰਗੇ ਓ ਪਰ ਇਹਨਾਂ ਦੀਦੀ ਤੇ ਰਮੇਸ਼ ਨੇ ਇਕ ਗੜਬੜ ਇਹ ਕੀਤੀ ਕਿ ਇਸ ਰਿਸ਼ਤੇ ਨੂੰ 'ਹਾਂ' ਮੇਰੀ ਮਰਜ਼ੀ ਤੋਂ ਬਿਨਾਂ ਕਰ ਦਿਤੀ, ਮੈਂ ਚਾਹੁੰਦਾ ਸਾਂ ਕਿ ਪਹਿਲਾਂ ਕੁੜੀ ਨੂੰ ਦੇਖਾਂ।"
"ਇਹ ਵੀ ਐਨੀ ਮਾੜੀ ਗੱਲ ਨਹੀਂ ਹੋਈ। ਤੁਸੀਂ ਹੁਣ ਮੈਨੂੰ ਦੇਖ ਲਿਆ, ਨਹੀਂ ਤਾਂ ਹੋਰ ਦੇਖ ਲਓ ਤੇ ਸਭ ਪਸੰਦ ਹੋਵੇ ਤਾਂ 'ਹਾਂ' ਕਰ ਦਿਓ ਨਹੀਂ ਤਾਂ ਕੋਈ ਗੱਲ ਨਹੀਂ।"
"ਜੇ ਮੈਂ 'ਨਾਂਹ' ਕਰਦਾਂ ਤਾ ਤੁਹਾਨੂੰ ਕੋਈ ਫਰਕ ਨਹੀਂ ਪੈਣ ਲਗਿਆ?"
"ਸ਼ਰਮਾ ਜੀ, ਮੈਂ ਰਾਹ ਵਿਚ ਪਈ ਕੋਈ ਚੀਜ਼ ਨਹੀਂ ਆਂ, ਮੇਰਾ ਆਪਣਾ ਵੀ ਕੋਈ ਸਟੇਟਸ ਐ, ਜੇ ਕੋਈ ਮੈਨੂੰ ਪਸੰਦ ਨਾ ਕਰੇ ਤਾਂ ਮੈਂ ਉਸ ਦੇ ਗਲ਼ ਤਾਂ ਨਹੀਂ ਨਾ ਪੈਣਾ ਚਾਹਾਂਗੀ!"

ਵਿਜੈ ਨੂੰ ਆਪਣਾ ਆਪ ਨਿਗੂਣਾ ਜਿਹਾ ਲਗਣ ਲਗਦਾ ਹੈ। ਉਸ ਨੂੰ ਲਗਦਾ ਹੈ ਕਿ ਸੁਸ਼ਮਾ ਇਕ ਤਰ੍ਹਾਂ ਉਸ ਨੂੰ ਨਕਾਰ ਰਹੀ ਹੈ। ਸੁਸ਼ਮਾ ਫਿਰ ਬੋਲਦੀ ਹੈ,
"ਸ਼ਰਮਾ ਜੀ, ਸੱਚ ਦਸੋ ਮੈਂ ਤੁਹਾਨੂੰ ਕਿਹੋ ਜਿਹੀ ਲਗ ਰਹੀ ਆਂ?"
"ਸੁਸ਼ਮਾ ਜੀ, ਤੁਸੀ ਬਹੁਤ ਚੰਗੇ ਓ, ਮੈਂ ਕੌਣ ਹੁੰਨਾ ਤੁਹਾਨੂੰ ਨਾਂਹ ਕਹਿਣ ਵਾਲ਼ਾ ਪਰ ਇਕ ਗੱਲ ਰਮੇਸ਼ ਨੇ ਹੋਰ ਕੀਤੀ ਐ ਕਿ ਮੇਰੇ ਤਾਏ ਨੂੰ ਜੋ ਕਿ ਮੇਰੇ ਪਿਓ ਬਰਾਬਰ ਐ ਤੇ ਮੇਰਾ ਸਭ ਕੁਸ਼ ਐ ਇਸ ਰਿਸ਼ਤੇ ਬਾਰੇ ਭਰੋਸੇ ਵਿਚ ਨਹੀਂ ਲਿਆ। ਇਹਨੂੰ ਪਤਾ ਵੀ ਸੀ ਕਿ ਮੈਂ ਆਪਣੇ ਤਾਏ ਤੋਂ ਬਿਨਾਂ ਇਕ ਪੈਰ ਨਹੀਂ ਪੁੱਟਦਾ, ਹਰ ਮਾਂ ਬਾਪ ਵਾਂਗ ਮੇਰੇ ਤਾਏ ਦਾ ਸੁਫਨਾ ਐ ਕਿ ਮੇਰਾ ਵੱਡੇ ਲੈਵਲ ਦਾ ਵਿਆਹ ਹੋਵੇ, ਆਪਣੀ ਜ਼ਾਤ ਦੀ ਕੁੜੀ ਹੋਵੇ ਉਸ ਨੂੰ ਵੀ ਆਪਣਾ ਪੰਡਤਾਊ-ਪੁਣਾ ਬਹੁਤ ਚੰਗਾ ਲਗ ਰਿਹੈ।"
"ਆਪਣੇ ਵਡੇਰਿਆਂ ਨੂੰ ਮਨਾਉਣਾ ਤਾਂ ਤੁਹਾਡਾ ਫਰਜ਼ ਐ, ਜ਼ਾਤ ਦੀ ਗੱਲ ਤਾਂ ਸਾਡੇ ਘਰ ਵੀ ਹੋਈ ਸੀ, ਮੇਰੇ ਪਿਤਾ ਜੀ ਬਹੁਤ ਮੁਸ਼ਕਲ ਨਾਲ ਮੰਨੇ ਸੀ।"
"ਹੁਣ ਮੇਰਾ ਤਾਇਆ ਮੰਨ ਨਹੀਂ ਰਿਹਾ, ਇਹ ਜ਼ਾਤ ਵਾਲੀ ਗੱਲ ਲਈ ਤਾਂ ਮੈਂ ਮਨਾ ਵੀ ਲੈਂਦਾ ਪਰ ਜਿਹੜੀ ਰਮੇਸ਼ ਨੇ ਉਹਨਾਂ ਨੂੰ ਬਿਲਕੁਲ ਇਗਨੋਅਰ ਕਰਕੇ ਉਹਨਾਂ ਦੀ ਬੇਇਜ਼ਤੀ ਕੀਤੀ ਐ ਇਹ ਉਹਨਾਂ ਨੂੰ ਬਹੁਤ ਤਕਲੀਫ ਦੇ ਰਹੀ ਐ, ਪਤਾ ਨਹੀਂ ਮੈਂ ਇਹ ਕੰਮ ਕਰ ਵੀ ਸਕਾਂਗਾ ਕਿ ਨਹੀਂ।"
"ਇਹ ਸਭ ਤਾਂ ਜੀਜਾ ਜੀ ਨੇ ਗਲਤ ਕੀਤੈ, ਹਰ ਮਾਂਪਿਓ ਦੇ ਆਪਣੀ ਔਲਾਦ ਲਈ ਸੁਫਨੇ ਹੁੰਦੇ ਆ, ਮੇਰੇ ਪਿਤਾ ਜੀ ਮੇਰਾ ਵਿਆਹ ਵੀ ਬੜੀ ਧੂਮ ਧਾਮ ਨਾਲ਼ ਫਗਵਾੜੇ ਵਿਚ ਕਰਨਾ ਚਾਹੁੰਦੇ ਸੀ, ਹੁਣ ਪਤਾ ਨਹੀਂ ਇਥੇ ਆ ਵੀ ਸਕਣਗੇ ਜਾਂ ਨਹੀਂ!"

ਵਿਜੈ ਚੁੱਪ ਹੈ। ਕੁਝ ਦੇਰ ਬਾਅਦ ਸੁਸ਼ਮਾ ਉਠਦੀ ਹੋਈ ਬੋਲਦੀ ਹੈ,
"ਆਓ ਚਲੀਏ, ਕਾਫੀ ਦੇਰ ਹੋ ਗਈ ਦੀਦੀ ਉਡੀਕਦੀ ਹੋਵੇਗੀ।"

ਉਸ ਦੇ ਮਗਰ ਹੀ ਵਿਜੈ ਵੀ ਉਠ ਖੜਦਾ ਹੈ। ਉਹ ਦੋਵੇਂ ਚੁੱਪ ਚਾਪ ਕਾਰ ਵਲ ਨੂੰ ਤੁਰ ਪੈਂਦੇ ਹਨ। ਬੀਚ ਦੀਆਂ ਛੋਟੀਆਂ ਪਥਰੀਆਂ ਉਹਨਾਂ ਦੇ ਤੁਰਨ ਵਿਚ ਅੜਿੱਕਾ ਬਣ ਰਹੀਆਂ ਹਨ। ਕਦੇ ਕਦੇ ਉਹਨਾਂ ਦੇ ਮੋਢੇ ਖਹਿ ਜਾਂਦੇ ਹਨ। ਕਾਰ ਦੇ ਨੇੜੇ ਜਾ ਕੇ ਵਿਜੈ ਉਸ ਨੂੰ ਪੁੱਛਦਾ ਹੈ,
"ਕਾਰ ਚਲਾ ਲੈਂਦੇ ਓ?"
"ਹਾਂ, ਮੇਰੇ ਕੋਲ਼ ਆਪਣੀ ਕਾਰ ਐ।"
"ਇਹ ਚਲਾਉਣੀ ਪਸੰਦ ਕਰੋਗੇ?"
"ਨਾ ਬਾਬਾ, ਤੁਹਾਡੀ ਹਾਲੇ ਕੋਈ 'ਹਾਂ' ਵੀ ਨਹੀਂ ਹੋਈ ਜੇ ਐਕਸੀਡੈਂਟ ਹੋ ਗਿਆ ਤਾਂ ਮੈਂ ਤਾਂ ਇਥੇ ਮਰੂੰਗੀ ਲਵਾਰਸ, ਇਹਦੇ ਨਾਲ਼ੋਂ ਆਪਣੇ ਮੁਲਕ ਵਿਚ ਮਰਨਾ ਚੰਗੈ, ਚਾਰ ਲੋਕ ਤਾਂ ਹੁੰਦੇ ਆ ਮੋਢਾ ਦੇਣ ਲਈ।"

ਕਹਿ ਕੇ ਸੁਸ਼ਮਾ ਹੱਸਦੀ ਹੈ। ਵਿਜੈ ਦਾ ਦਿਲ ਕਰਦਾ ਹੈ ਕਿ ਉਸ ਨੂੰ ਬਾਹਾਂ ਵਿਚ ਲੈ ਲਵੇ। ਇਕ ਲੰਮਾ ਸਾਰਾ ਚੁੰਮਣ ਉਸ ਨੂੰ ਦੇਵੇ ਤੇ ਕਹਿ ਦੇਵੇ ਕਿ ਸੁਸ਼ਮਾ ਤੂੰ ਬਹੁਤ ਹਸੀਨ ਐਂ; ਸੂਰਤ ਵਲੋਂ ਵੀ ਤੇ ਸੀਰਤ ਵਲੋਂ ਵੀ ਪਰ ਉਹ ਕੁਝ ਨਹੀਂ ਕਰ ਸਕਦਾ। ਕਾਰ ਵਿਚ ਬੈਠਦੇ ਹਨ। ਵਿਜੈ ਕਾਰ ਤੋਰ ਲੈਂਦਾ ਹੈ। ਕੁਝ ਦੇਰ ਦੀ ਚੁੱਪ ਤੋਂ ਬਾਅਦ ਸੁਸ਼ਮਾ ਕਹਿੰਦਾ ਹੈ,
"ਮੈਂ ਇਧਰੋਂ ਗਈਆਂ ਕੁਝ ਔਰਤਾਂ ਦਾ ਇਲਾਜ ਵੀ ਕੀਤਾ ਸੀ ਉਹਨਾਂ ਵਿਚ ਲੰਡਨ ਦੀ ਇਕ ਗੋਰੀ ਔਰਤ ਵੀ ਸੀ, ...ਬਹੁਤ ਖੁਸ਼ ਹੋਈ ਸੀ, ਉਸ ਨੇ ਆਪਣਾ ਐਡਰਸ ਵੀ ਮੈਨੂੰ ਦਿਤਾ ਸੀ। ਉਸ ਦਾ ਐਡਰਸ ਤਾਂ ਮੈਂ ਗਵਾ ਬੈਠੀ ਪਰ ਉਸ ਨੇ ਕੁਸ਼ ਥਾਵਾਂ ਦੇ ਨਾਂ ਲਏ ਸਨ ਕਿ ਜੇਕਰ ਮੈਂ ਲੰਡਨ ਆਵਾਂ ਤਾਂ ਇਹ ਜ਼ਰੂਰ ਦੇਖਾਂ।"
"ਕਿਹੜੀ ਕਿਹੜੀ?"

"ਇਕ ਕੋਈ ਨੈਸ਼ਨਲ ਆਰਟ ਗੈਲਰੀ ਐ ਤੇ ਇਕ ਬ੍ਰਿਟਿਸ਼ ਮਿਉਜ਼ੀਅਮ ਐ, ਤੁਹਾਡੀ ਹਾਂ-ਨਾਂਹ ਦਾ ਕੋਈ ਭਰੋਸਾ ਨਹੀਂ ਪਰ ਇਕ ਫੇਵਰ ਦੇ ਦਿਓ।"

"ਬੋਲੋ।"

"ਮੇਰੇ ਵਾਪਸ ਇੰਡੀਆ ਜਾਣ ਤੋਂ ਪਹਿਲਾ ਪਹਿਲਾਂ ਇਹ ਜਗਾਹ ਮੈਨੂੰ ਦਿਖਾ ਦਿਓ, ਜੀਜਾ ਜੀ ਕੋਲ ਤਾਂ ਵਕਤ ਹੈ ਨਹੀਂ, ਦੀਦੀ ਨੇ ਬੱਚੇ ਵੀ ਸੰਭਾਲਣੇ ਹੁੰਦੇ ਆ"

"ਮੈਂ ਦਿਖਾ ਦੇਵਾਂਗਾ, ਇਹ ਥਾਂ ਹੀ ਨਹੀਂ ਪੂਰਾ ਲੰਡਨ ਦਿਖਾ ਦੇਵਾਂਗਾ, ਪੂਰਾ ਲੰਡਨ ਹੀ ਨਹੀਂ ਪੂਰਾ ਇੰਗਲੈਂਡ ਦਿਖਾ ਦੇਵਾਂਗਾ, ਆਏ ਪਰੋਮਿਜ਼।"

## ਨੌਂ

ਸੁਸ਼ਮਾ ਨੂੰ ਰਮੇਸ਼ ਦੇ ਘਰ ਮੂਹਰੇ ਉਤਾਰ ਕੇ ਉਹ ਕਾਰ ਭਜਾ ਲੈਂਦਾ ਹੈ ਤੇ ਗਾਉਣ ਲਗਦਾ ਹੈ;

'ਬਹਾਰੋ, ਮੇਰਾ ਜੀਵਨ ਵੀ ਸੰਵਾਰੋ, ਬਹਾਰੋ, ਮੇਰਾ ਜੀਵਨ ਵੀ ਸੰਵਾਰੋ, ਕੋਈ ਆਏ ਕਹੀਂ ਸੇ'...

ਉਹ ਇਕੋ ਪੰਕਤੀ ਨੂੰ ਦੁਹਰਾਉਂਦਾ ਹੋਇਆ ਵਰਦਿੰਗ ਪੁੱਜ ਜਾਂਦਾ ਹੈ। ਮੇਨ ਰੋਡ ਤੇ ਆ ਕੇ ਸੋਚਦਾ ਹੈ ਕਿ ਹੁਣ ਉਹ ਕੀ ਕਰੇ, ਕਿਧਰ ਜਾਵੇ। ਘਰ ਜਾਣ ਨੂੰ ਉਸ ਦਾ ਦਿਲ ਨਹੀਂ ਕਰਦਾ। ਭਾਗੀ ਵਲ ਜਾਂਦਾ ਹੈ ਉਹ ਘਰ ਨਹੀਂ ਹੈ। ਸ਼ਾਇਦ ਦਿਨ ਵਧੀਆ ਹੋਣ ਕਰਕੇ ਕਿਸੇ ਪਾਸੇ ਨਿਕਲ ਗਈ ਹੋਵੇ। ਇਸ ਸ਼ਹਿਰ ਦੀ ਇਹੋ ਖਾਸੀਅਤ ਹੈ ਕਿ ਦਿਨ ਸੁਹਾਵਣਾ ਹੋਇਆ ਨਹੀਂ ਕਿ ਲੋਕ ਕਿਸੇ ਪਾਸੇ ਟਿਬ੍ਹੇ ਨਹੀਂ। ਉਹ ਇਕ ਫੋਨ ਬੌਕਸ ਕੋਲ ਕਾਰ ਰੋਕ ਕੇ ਹੁਸ਼ਿਆਰ ਨੂੰ ਫੋਨ ਕਰਦਾ ਹੈ। ਹੁਸ਼ਿਆਰ ਉਸ ਦਾ ਅਜਿਹਾ ਦੋਸਤ ਹੈ ਜਿਸ ਨੂੰ ਉਹ ਕਦੇ ਕਦੇ ਹੀ ਮਿਲਦਾ ਹੈ ਪਰ ਜਦ ਮਿਲਦਾ ਹੈ ਤਾਂ ਇਹ ਮਿਲਣੀ ਹਰ ਤਰ੍ਹਾਂ ਭਰਵੀਂ ਹੁੰਦੀ ਹੈ। ਰੱਜ ਕੇ ਗੱਲਾਂ ਹੁੰਦੀਆਂ ਹਨ, ਰੱਜ ਕੇ ਖਾਧਾ ਪੀਤਾ ਜਾਂਦਾ ਹੈ, ਰੱਜ ਕੇ ਮਸਤੀ ਹੁੰਦੀ ਹੈ। ਹੁਸ਼ਿਆਰ ਉਸ ਤੋਂ ਉਮਰ ਵਿਚ ਦਸ ਸਾਲ ਵੱਡਾ ਹੈ ਪਰ ਵਰਤਦਾ ਉਸ ਨਾਲ ਦੋਸਤਾਂ ਵਾਂਗ ਹੀ ਹੈ। ਉਮਰ ਦਾ ਲਿਹਾਜ਼ ਕਰਦੇ ਹੋਏ ਉਹ ਉਸ ਨੂੰ ਸਦਾ ਭਾਅ ਕਹਿ ਬੁਲਾਉਂਦਾ ਹੈ। ਹੁਸ਼ਿਆਰ ਟੈਕਸੀ ਕਰਦਾ ਹੈ ਇਸ ਕਰਕੇ ਪਤਾ ਨਹੀਂ ਉਹ ਘਰ ਹੋਵੇ ਵੀ ਜਾਂ ਨਾ। ਉਹ ਫੋਨ ਕਰਦਾ ਹੈ। ਹੁਸ਼ਿਆਰ ਹੀ ਚੁੱਕਦਾ ਹੈ। ਉਹ ਆਦਤ ਅਨੁਸਾਰ ਕਹਿਣ ਲਗਦਾ ਹੈ,

"ਓਏ ਸ਼ਰਮਿਆਂ, ਕਿਥੇ ਮਰ ਗਿਆਂ, ਨਾ ਕੋਈ ਫੋਨ ਨਾ ਕੋਈ ਹੋਰ ਖਬਰ!"

"ਭਾਅ, ਤੂੰ ਬੈਠਾਂ ਪੌਂਡਾਂ ਦੇ ਦਰਖਤ 'ਤੇ, ਤੇ ਹੁਝਕਾ ਮਾਰ ਕੇ ਪੌਂਡ ਸੁਟੀ ਜਾਨੈ, ਤੈਨੂੰ ਮਿਲਣ ਦੇ ਟਾਈਮ ਦਾ ਪਤਾ ਨਹੀਂ ਚਲਦਾ ਕਿ ਤੂੰ ਘਰ ਐਂ ਕਿ ਨਹੀਂ।"

"ਸ਼ਰਮਿਆਂ, ਘਰ ਤਾਂ ਉਥੇ ਈ ਐ ਤੇ ਖੁਲ੍ਹਾ ਐ, ਤੂੰ ਕਦੇ ਬੈੱਲ ਕੀਤੀ ਹੋਵੇ ਤੇ ਕਿਸੇ ਨਾ ਖੋਹਲੀ ਹੋਵੇ ਤਾਂ ਦਸ।"

ਵਿਜੈ ਕੁਝ ਨਹੀਂ ਕਹਿੰਦਾ। ਉਸ ਨੂੰ ਪਤਾ ਹੈ ਕਿ ਉਹ ਹੀ ਉਸ ਵਲ ਘੱਟ ਜਾਂਦਾ ਹੈ ਨਹੀਂ ਤਾ ਹੁਸ਼ਿਆਰ ਤਾ ਉਸ ਨੂੰ ਬਾਹਾਂ ਖੋਹਲ ਕੇ ਮਿਲਦਾ ਹੈ। ਇਵੇਂ ਹੀ ਉਸ ਦੀ ਪਤਨੀ ਸੁਨੈਨਾ। ਸੁਨੈਨਾ ਦਾ ਨਾਂ ਤਾਂ ਬਚਿੰਤ ਕੌਰ ਹੈ ਪਰ ਇਹ ਨਾਂ ਹੁਸ਼ਿਆਰ ਨੇ ਦਿਤਾ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਜੇ ਘਰਵਾਲੀ ਸੁਹਣੀ ਨਾ ਹੋਵੇ ਤਾਂ ਉਸ ਦਾ ਨਾਂ ਹੀ ਸੁਹਣਾ ਰੱਖ ਲਵੋ। ਹੁਣ ਤਾਂ ਐਨਕਾਂ ਲਗ ਗਈਆਂ ਹਨ ਪਹਿਲੀਆਂ ਵਿਚ ਬਚਿੰਤ ਕੌਰ ਦੀਆਂ ਅੱਖਾਂ ਬਹੁਤ ਸੁਹਣੀਆਂ ਹੁੰਦੀਆਂ ਸਨ ਇਸ ਲਈ ਵਿਜੈ ਉਸ ਨੂੰ ਸੁਨੈਨਾ ਭਾਬੀ ਕਿਹਾ ਕਰਦਾ ਹੈ। ਵਿਜੈ ਪੁੱਛਦਾ ਹੈ,

"ਭਾਅ, ਘਰੇ ਆਂ ਤਾਂ ਆਵਾਂ।"

"ਤਿੰਨ ਘੰਟੇ ਲਈ ਘਰ ਆਂ ਫਿਰ ਮੈਂ ਕੰਮ ਤੇ ਜਾਣਾਂ।"

ਵਿਜੈ ਇਕ ਦਮ ਉਸ ਦੇ ਘਰ ਵਲ ਨੂੰ ਸੂਟ ਵੱਟ ਲੈਂਦਾ ਹੈ। ਪਹਿਲਾਂ ਉਸ ਨੇ ਸੁਸ਼ਮਾ ਬਾਰੇ ਉਸ ਨਾਲ ਕਦੇ ਗੱਲ ਨਹੀਂ ਕੀਤੀ। ਗੱਲ ਕੀ ਕਰਨੀ ਸੀ ਉਸ ਨੂੰ ਮਿਲੇ ਨੂੰ ਕਾਫੀ ਅਰਸਾ ਹੋ ਗਿਆ ਹੈ। ਉਸ ਦਾ ਦਿਲ ਕਰਦਾ ਹੈ ਕਿ ਹੁਸ਼ਿਆਰ ਤੋਂ ਕੋਈ ਸਲਾਹ ਲਵੇ। ਉਹ ਹੁਸ਼ਿਆਰ ਦੇ ਘਰ ਪੁੱਜਦਾ ਹੈ। ਹੁਸ਼ਿਆਰ ਉਸ ਦਾ ਭਰਵਾਂ ਸਵਾਗਤ ਕਰਦਾ ਹੈ। ਸੁਨੈਨਾ ਵੀ ਖਿੜੇ ਮੱਥੇ ਮਿਲਦੀ ਹੈ। ਉਹਨਾਂ ਦੇ ਵਿਆਹ ਨੂੰ ਬਾਰਾਂ ਸਾਲ ਹੋ ਗਏ ਪਰ ਹਾਲੇ ਤਕ ਬੱਚਾ ਨਹੀਂ ਹੋਇਆ ਇਸ ਲਈ ਵੀ ਵਿਜੈ ਇਸ ਜੋੜੀ ਲਈ ਖਾਸ ਹਮਦਰਦੀ ਰੱਖਦਾ ਹੈ। ਹੁਸ਼ਿਆਰ ਕਹਿੰਦਾ ਹੈ,

"ਪਰਸੋਂ ਤੇਰਾ ਤਾਇਆ ਮਿਲਿਆ ਸੀ ਕਹਿੰਦਾ ਕਿ ਤੂੰ ਰਮੇਸ਼ ਦੇ ਟੇਟੇ ਚੜ੍ਹਿਆ ਹੋਇਆਂ, ਉਹ ਤੈਨੂੰ ਬੜੀ ਬੁਰੀ ਤਰ੍ਹਾਂ ਵਰਤ ਰਿਹੈ ਮੈਂ ਕਿਹਾ ਕਿ ਇਕ ਛਟਾਂਕੀ ਦਾ ਬੰਦਾ ਐ ਰਮੇਸ, ਕਹੋਂ ਤਾਂ ਦੋ ਧੌਲ੍ਹਾਂ ਮਾਰ ਦਿੰਨੇ ਆਂ ਤਾਂ ਤਾਇਆ ਬੋਲਿਆ ਕਿ ਕਸੂਰ ਵਿਜੇ ਦਾ ਐ, ਨਹੀਂ ਕੋਈ ਕਿਸੇ ਨੂੰ ਪੁੱਠੇ ਰਾਹ ਕਿੱਦਾਂ ਤੋਰ ਲਊ, ਮੈਂ ਕਿਹਾ ਫੇ' ਦੋ ਧੌਲ਼ ਵਿਜੇ ਦੇ ਮਾਰ ਦਿੰਨੇ ਆਂ!"

ਕਹਿ ਕੇ ਹੁਸ਼ਿਆਰ ਹੱਸਣ ਲਗਦਾ ਹੈ। ਵਿਜੈ ਆਖਦਾ ਹੈ,

"ਮੇਰਾ ਇੰਨਾ ਕਸੂਰ ਨਹੀਂ, ਮੈਂ ਤਾਂ ਐਵੇਂ ਗੱਲਾਂ ਵਿਚ ਆ ਗਿਆ। ਰਮੇਸ਼ ਨੇ ਆਪਣੀ ਸਾਲ਼ੀ ਮਗਾਉਣ ਲਈ ਮੈਨੂੰ ਵਰਤ ਲਿਆ, ਆਪਣੇ ਆਪ ਈ ਮੇਰੇ ਵਲੋਂ ਸੁਹਰਿਆਂ ਨੂੰ ਰਿਸ਼ਤੇ ਲਈ 'ਹਾਂ' ਕਰ ਦਿਤੀ ਤੇ ਮੈਨੂੰ ਧਰਮ ਸੰਕਟ ਵਿਚ ਪਾ ਦਿਤਾ।"
"ਤਾਇਆ ਤੇਰਾ ਠੀਕ ਕਹਿੰਦਾ, ਓਹਦੇ ਸਾਲ਼ੇ ਨਾਲ ਕਾਹਦਾ ਧਰਮ ਸੰਕਟ? ਰਿਸ਼ਤੇ ਲਈ 'ਹਾਂ' ਤੂੰ ਕੀਤੀ ਐ, ਆਪਣਾ ਫਿਊਚਰ ਤੂੰ ਦਾਅ 'ਤੇ ਲਾਇਐ! ਕੁੜੀ ਆ ਗਈ ਕਿ ਨਹੀਂ ਹਾਲੇ?"
"ਆ ਗਈ।"
"ਕਸੂਰ ਤਾਂ ਤੇਰਾ ਈ ਹੋਇਆ,...ਹੁਣ?"
"ਇਸੇ ਲਈ ਤੇਰੇ ਕੋਲ਼ੋਂ ਸਲਾਹ ਲੈਣ ਆਇਆਂ।"
"ਪੂਰੀ ਗੱਲ ਦੱਸ ਕਹਾਣੀ ਕੀ ਐ।"
"ਰਮੇਸ਼ ਤੇ ਉਹਦੇ ਘਰ ਵਾਲੀ ਨੇ ਮੇਰੇ ਨਾਲ ਹੇਰਾਫੇਰੀ ਕੀਤੀ, ਕੁੜੀ ਵਾਲਿਆਂ ਨੂੰ ਮੇਰੇ ਵਲੋਂ ਆਪੇ ਈ ਹਾਂ ਕਰ ਦਿਤੀ, ਫਿਰ ਮਿੰਨਤਾ ਕਰਨ ਕਿ ਹੁਣ ਉਹਨਾਂ ਦੀ ਇਜ਼ਤ ਰੱਖਾਂ ਤੇ ਰਾਹਦਾਰੀ ਹੀ ਪਾ ਦੇਵਾਂ , ਵਿਆਹ ਬੇਸ਼ੱਕ ਨਾ ਕਰਾਂ ਤੇ ਮੈ ਪਾ ਦਿਤੀ ਤੇ ਕੁੜੀ ਆ ਗਈ।"
"ਇਹੋ ਕਹਿੰਦਾ ਸੀ ਤੇਰਾ ਤਾਇਆ, ਜੋ ਹੋਣਾ ਸੀ ਹੋ ਗਿਆ, ਉਹਨਾਂ ਦੀ ਕੁੜੀ ਆ ਗਈ, ਗੱਲ ਖਤਮ ਹੋ ਗਈ। ਹੁਣ ਤੂੰ ਰਮੇਸ਼ ਤੋਂ ਦੂਰ ਹੋ ਜਾਹ, ਹਾਲੇ ਵੀ ਬਚ ਜਾਹ।"

ਉਸ ਦੀ ਗੱਲ ਸੁਣ ਕੇ ਵਿਜੈ ਚੁੱਪ ਕਰ ਜਾਂਦਾ ਹੈ। ਹੁਸ਼ਿਆਰ ਸਮਝ ਜਾਂਦਾ ਹੈ ਕਿ ਗੱਲ ਕੋਈ ਹੋਰ ਵੀ ਹੈ, ਕਹਿੰਦਾ ਹੈ,
"ਅਗੇ ਬੋਲ।"
"ਮੈਂ ਕੁੜੀ ਨੂੰ ਸਾਰੀ ਗੱਲ ਦਸੀ, ਉਹਨੂੰ ਵੀ ਕੁਸ਼ ਨਹੀਂ ਸੀ ਪਤਾ, ਇਸ ਸਭ ਰਮੇਸ਼ ਤੇ ਓਹਦੀ ਵਾਈਫ ਦੀ ਹੇਰਾ ਫੇਰੀ ਐ।"
"ਕੁੜੀ ਕੀ ਕਹਿੰਦੀ ਐ।"
"ਕੁੜੀ ਫਗਵਾੜੇ ਆਯੂਰਵੈਦਿਕ ਦੀ ਪਰੈਕਟਸ ਕਰਦੀ ਐ, ਵਾਹਵਾ ਕੰਮ ਐ ਓਹਦਾ ਉਥੇ, ਉਹ ਕਹਿੰਦੀ ਕਿ ਮੈਂ ਵਾਪਸ ਚਲੇ ਜਾਂਦੀ ਆਂ। ਉਹ ਮੇਰੇ ਨਾਲ ਐਗਰੀ ਕਰਦੀ ਐ ਕਿ ਘਰਦਿਆਂ ਦੀ ਮਰਜ਼ੀ ਤੋਂ ਬਿਨਾਂ ਵਿਆਹ ਨਹੀਂ ਕਰਨਾ ਚਾਹੀਦਾ।"
"ਕੁੜੀ ਕਿੱਦਾਂ ਦੀ ਐ?"
"ਕੁੜੀ ਚੰਗੀ ਐ, ਪਹਿਲੇ ਦਿਨ ਤਾਂ ਸਫਰ ਦੀ ਮਧੋਲ਼ੀ ਹੋਈ ਸੀ ਪਰ ਅਜ ਮਿਲ਼ੀ ਤਾਂ ਬਹੁਤ ਸੁਹਣੀ ਲਗੀ।"
"ਵਾਕਿਆ ਈ ਸੋਹਣੀ ਐ ਜਾਂ ਤੈਨੂੰ ਲਗਦੀ ਐ?"
"ਭਾਅ, ਜੇ ਸੋਹਣੀ ਹੋਏਗੀ ਤਾਂ ਈ ਸੋਹਣੀ ਲਗੇਗੀ।"
"ਕੀ ਪਤਾ ਤੇਰਾ, ਤੇਰੇ ਵਰਗੇ ਬੰਦੇ ਨੇ ਜਿਹਨੇ ਕਦੀ ਔਰਤ ਨਾ ਦੇਖੀ ਹੋਵੇ ਉਹਨੂੰ ਤਾਂ ਗਧੀ ਵੀ ਸੋਹਣੀ ਲਗੀ ਜਾਣੀ ਆਂ।"
"ਇਹ ਠੀਕ ਐ ਕਿ ਮੇਰਾ ਕਿਸੇ ਔਰਤ ਨਾਲ ਵਾਹ ਨਹੀਂ ਪਿਆ ਪਰ ਸੋਹਣੀ-ਕੋਹਣੀ ਦੇ ਫਰਕ ਦਾ ਤਾਂ ਮੈਨੂੰ ਪਤੈ ਭਾਅ।"
"ਤਾਇਆ ਕਿਉਂ ਇਸ ਦੇ ਖਿਲਾਫ ਐ?"
"ਕਿਉਂ ਕਿ ਉਹਦੀ ਜ਼ਾਤ ਹੋਰ ਐ।"
"ਜ਼ਾਤ! ਜ਼ਾਤ ਤਾਂ ਤੁਸੀਂ ਵੀ ਬਾਹਮਣ ਤੇ ਉਹ ਵੀ ਬਾਹਮਣ।"
"ਨਹੀਂ ਉਹ ਖਤਰੀ ਆ।"
"ਅੱਛਾ! ਇਹ ਖਤਰੀ ਹੋਰ ਹੁੰਦੇ ਆ! ਮੈਨੂੰ ਤਾਂ ਤੁਸੀਂ ਦੋਵੇਂ ਈ ਸਿਰ ਘਸੇ ਇਕੋ ਜਿਹੇ ਲਗਦੇ ਓ!"

ਕਹਿ ਕੇ ਹੁਸ਼ਿਆਰ ਹੱਸਣ ਲਗਦਾ ਹੈ। ਫਿਰ ਪੁੱਛਦਾ ਹੈ,
"ਹੁਣ ਤੂੰ ਕੀ ਕਰਨਾ ਚਾਹੁੰਨਾ?"
"ਪਤਾ ਨਹੀਂ, ਪਹਿਲਾਂ ਮੈਨੂੰ ਲਗਦਾ ਸੀ ਕਿ ਕੁੜੀ ਵੀ ਠਗਣੀ ਜਿਹੀ ਹੋਵੇਗੀ ਜਿਹੜੀ ਹਰ ਹਾਲਤ ਵਿਚ ਇਥੇ ਟਿਕਣਾ ਚਾਹੁੰਦੀ ਹੋਵੇਗੀ ਪਰ ਉਹ ਏਦਾਂ ਦੀ ਨਹੀਂ। ਉਹ ਤਾਂ ਵਾਪਸ ਜਾਣ ਲਈ ਤਿਆਰ ਐ, ਉਥੇ ਉਹਦੀ ਸੁਹਣੀ ਪਰੈਕਟਸ ਐ ਤੇ ਪਿਓ ਵੀ ਮੋਟੀ ਸਾਮੀ ਐ।"
"ਕੁਸ਼ ਨਾਮਾ ਸ਼ਾਮਾ ਵੀ ਮਿਲੂ?"
"ਇਹ ਨਹੀਂ ਪਤਾ ਪਰ ਲਗਦੈ ਕਿ ਕੁੜੀ ਕੋਲ਼ ਕੁਸ਼ ਨਾ ਕੁਸ਼ ਹੈ ਪਰ ਇਹਦੇ ਨਾਲ ਬਹੁਤਾ ਫਰਕ ਨਹੀਂ ਪੈਂਦਾ। ਜੇ ਤੂੰ ਕੁੜੀ ਨੂੰ ਮਿਲੇਂ ਤਾਂ ਦੇਖੇਂ ਕਿ ਕੁੜੀ ਤੁਹਾਨੂੰ ਪੂਰੀ ਤਰ੍ਹਾਂ ਇੰਪਰੈੱਸ ਕਰਦੀ ਐ, ਉਹਦੇ ਵਿਚ ਐਸੀ ਕੋਈ ਗੱਲ ਨਹੀਂ ਦਿਸਦੀ ਕਿ ਤੁਸੀਂ ਨਾਂਹ ਕਰ ਸਕੋਂ।"
"ਫਿਰ?"

"ਫਿਰ ਤੂੰ ਦੱਸ ਮੈਂ ਕੀ ਕਰਾਂ? ਤਾਇਆ ਆਪਣੀ ਜ਼ਿਦ ਤੇ ਬੈਠਾ, ਉਹ ਜੋ ਵੀ ਰਮੇਸ਼ ਬਾਰੇ ਸੋਚਦਾ ਉਹ ਠੀਕ ਐ ਪਰ ਦੂਜੇ ਪਾਸੇ ਕੁੜੀ ਵੀ ਮਾੜੀ ਨਹੀਂ, ਜ਼ਾਤ ਦਾ ਰੌਲ਼ਾ ਬਹੁਤਾ ਵੱਡਾ ਨਹੀਂ, ਮੈਂ ਵਿਆਹ ਤਾਂ ਕਰਾਉਣਾ ਈ ਐ ਹੁਣ ਕੁੜੀ ਆਈ ਖੜੀ ਐ ਪਰ ਮੈਂ ਤਾਏ ਬਿਨਾਂ ਵਿਆਹ ਕਰਾ ਨਹੀਂ ਸਕਦਾ, ਹੁਣ ਤੂੰ ਦਸ ਕਿ ਕੀ ਕਰਾਂ?"

"ਇਹ ਤਾਂ ਬਈ ਮਸਲਾ ਟੇਡਾ ਐ, ਤੂੰ ਏਹਦਾ ਕੀ ਹੱਲ ਸੋਚਿਆ?"

"ਜੇ ਮੈਨੂੰ ਹੱਲ ਦਾ ਪਤਾ ਹੁੰਦਾ ਤਾਂ ਮੈਂ ਇਥੇ ਕੀ ਕਰਨ ਆਉਣਾ ਸੀ। ਇਕ ਗੱਲ ਜ਼ਰੂਰ ਐ, ਜੇ ਤਾਇਆ ਨਾ ਹੋਇਆ ਤਾਂ ਮੈਂ ਵਿਆਹ ਨਹੀਂ ਕਰਾਉਣਾ, ਭਾਵੇਂ ਉਮਰ ਨਿਕਲ਼ ਜਾਵੇ।"

"ਮੈਂ ਕੀ ਕਰਾਂ? ਮੈਨੂੰ ਕੀ ਹੁਕਮ ਐ?"

"ਦੇਖ, ਰਮੇਸ਼ ਤਾਂ ਜ਼ੀਰੋ ਬੰਦਾ ਐ, ਤੂੰ ਤਾਏ ਨੂੰ ਮਨਾ ਤੇ ਮੇਰਾ ਵਿਆਹ ਕਰਾ ਦੇਹ।"

"ਵਿਜੇ, ਤੇਰੀ ਗੱਲ ਠੀਕ ਆ, ਤਾਏ ਬਿਨਾਂ ਜੇ ਤੂੰ ਵਿਆਹ ਕਰਾਏਂਗਾ ਤਾਂ ਮੈਂ ਵੀ ਤੇਰੇ ਗੋਡਾ ਫੇਰੂੰ, ਜੇ ਤੈਨੂੰ ਕੁੜੀ ਇੰਨੀ ਈ ਪਸੰਦ ਐ ਤਾਂ ਉਹਨੂੰ ਪੁੱਛ ਕਿ ਉਹ ਰਮੇਸ਼ ਤੇ ਉਹਦੀ ਘਰ ਵਾਲੀ ਨੂੰ ਛੱਡ ਕੇ ਤੇਰੇ ਨਾਲ ਵਿਆਹ ਕਰਾਏਗੀ।"

"ਮੈਨੂੰਲਗਦਾ ਕਿ ਏਦਾਂ ਉਹ ਮੰਨ ਜਾਵੇਗੀ ਪਰ ਤਾਏ ਨਾਲ ਪਹਿਲਾਂ ਗੱਲ ਕਰ।"

"ਤਾਏ ਕੋਲ਼ ਤੂੰ ਆਪ ਜਾ ਤੇ ਗੱਲ ਕਰ ਕਿ ਮੈਂ ਰਮੇਸ਼ ਤੇ ਓਹਦੀ ਸੁਰਲੀ ਜਿਹੀ ਤੀਵੀਂ ਨੂੰ ਸਦਾ ਲਈ ਛੱਡਿਆ ਤੇ ਉਹ ਕੁੜੀ ਵੀ ਉਹਨਾਂ ਨੂੰ ਛੱਡ ਰਹੀ ਆ ਤੇ ਮੇਰਾ ਵਿਆਹ ਉਹਦੇ ਨਾਲ ਕਰ ਦਿਓ।"

ਇਕ ਵਾਰ ਤਾਂ ਵਿਜੈ ਨੂੰ ਲਗਦਾ ਹੈ ਕਿ ਮਸਲੇ ਦਾ ਹੱਲ ਨਿਕਲ ਆਇਆ ਪਰ ਫਿਰ ਉਸ ਨੂੰ ਲਗਦਾ ਹੈ ਕਿ ਇਵੇਂ ਵੀ ਗੱਲ ਨਹੀਂ ਬਣਨੀ। ਉਹ ਸੋਚਦਾ ਹੈ ਕਿ ਇਵੇਂ ਹੀ ਕੁਝ ਦਿਨ ਚੁੱਪ ਰਹਾਂ ਤਾਂ ਸ਼ਾਇਦ ਕੋਈ ਰਾਹ ਮਿਲ ਜਾਵੇ। ਅਗਲੇ ਸ਼ਨਿਚਰਵਾਰ ਉਹ ਮੰਦਿਰ ਜਾਂਦਾ ਹੈ। ਕਿਸੇ ਔਰਤ ਦਾ ਪਾਸਪੋਰਟ ਦਾ ਫਾਰਮ ਭਰ ਰਿਹਾ ਹੈ। ਉਹ ਦੇਖਦਾ ਹੈ ਕਿ ਸਾਹਮਣੇ ਸੁਸ਼ਮਾ ਤੇ ਅੰਮਰਤੀ ਤੁਰੀਆਂ ਆ ਰਹੀਆਂ ਹਨ। ਸੁਸ਼ਮਾ ਮੁਸਰਾਉਂਦੀ ਹੋਈ ਦੋਵੇਂ ਹੱਥ ਜੋੜ ਕੇ ਉਸ ਨੂੰ ਨਮਸਤੇ ਬੁਲਾਉਂਦੀ ਹੈ। ਉਹ ਉਠ ਕੇ ਖੜਾ ਹੋ ਜਾਂਦਾ ਹੈ। ਅਜ ਸੁਸ਼ਮਾ ਉਸ ਨੂੰ ਹੋਰ ਵੀ ਸੋਹਣੀ ਲਗ ਰਹੀ ਹੈ। ਉਹ ਇਕ ਕੁਰਸੀ ਖਿਚਦਾ ਹੋਇਆ ਉਸ ਨੂੰ ਬੈਠਣ ਲਈ ਕਹਿੰਦਾ ਹੈ। ਜਲਦੀ ਜਲਦੀ ਫਾਰਮ ਭਰ ਕੇ ਵਿਹਲਾ ਹੋ ਪੁੱਛਦਾ ਹੈ,

"ਤੁਸੀਂ ਇਧਰ ਕੀ ਕਰ ਰਹੇ ਓ?"

"ਮੈਨੂੰ ਪਤਾ ਚਲਿਆ ਕਿ ਤੁਹਾਨੂੰ ਸੋਸ਼ਲ ਵਰਕ ਦਾ ਬੜਾ ਸ਼ੌਂਕ ਐ, ਮੈ ਸੋਚਿਆ ਕਿ ਦੇਖ ਕੇ ਆਉਨੇ ਆਂ।"

ਵਿਜੈ ਦੇ ਕੁਝ ਕਹਿਣ ਤੋਂ ਪਹਿਲਾਂ ਇਕ ਆਦਮੀ ਕੁਝ ਪੇਪਰ ਉਹਦੇ ਮੂਹਰੇ ਰੱਖਦਾ ਕਹਿੰਦਾ ਹੈ,

"ਕਾਕਾ, ਆਹ ਦੇਖੀਂ ਜ਼ਰਾ, ਮੇਰਾ ਬੈਨੇਫਿਟ ਕਿਉਂ ਬੰਦ ਕਰ ਦਿਤਾ।"

ਵਿਜੈ ਪੇਪਰ ਪੜ੍ਹਨ ਲਗਦਾ ਹੈ। ਅੰਮਰਤੀ ਕਹਿੰਦੀ ਹੈ,

"ਵਿਜੇ, ਜੇ ਤੂੰ ਸੂਸ਼ਮਾ ਨੂੰ ਘਰ ਛੱਡ ਦੇਵੇਂਗਾ ਤਾਂ ਮੈਂ ਜਾਵਾਂ? ਦੁਕਾਨ ਤੇ ਦੁੱਗਲ ਜੀ ਇਕੱਲੇ ਆ।"

ਵਿਜੈ ਪੇਪਰ ਪੜ੍ਹਦਾ ਰਹਿੰਦਾ ਹੈ ਤੇ ਇਸ਼ਾਰੇ ਨਾਲ ਹੀ ਉਸ ਨੂੰ ਜਾਣ ਲਈ ਕਹਿ ਦਿੰਦਾ ਹੈ। ਵਿਹਲਾ ਹੋ ਕੇ ਉਹ ਸੁਸ਼ਮਾ ਨੂੰ ਪੁੱਛਦਾ ਹੈ,

"ਕਿਵੇਂ ਲਗ ਰਿਹੈ ਇੰਗਲੈਂਡ?"

"ਇੰਗਲੈਂਡ ਨੂੰ ਦੇਖਣ ਦਾ, ਮਹਿਸੂਸ ਕਰਨ ਦਾ ਮੌਕਾ ਈ ਕਿਥੋਂ ਮਿਲਿਆ, ਹਾਲੇ ਤਾਂ ਆਹ ਜਿਹੜੀ ਪਰੋਬਲਮ ਐ ਇਸੇ ਨੇ ਈ ਸਾਰਾ ਮਨ ਮੱਲਿਆ ਪਿਐ।"

"ਤੇ ਜਿਹਨਾਂ ਨੇ ਇਹ ਪਰੋਬਲਮ ਖੜੀ ਕੀਤੀ ਐ ਚੰਗੇ ਭਲੇ ਫਿਰਦੇ ਆ!"

"ਚੰਗੇ ਭਲੇ ਇਹ ਵੀ ਨਹੀਂ ਫਿਰਦੇ, ਇਹਨਾਂ ਦੋਨਾਂ ਵਿਚ ਬਹੁਤ ਝਗੜਾ ਚਲ ਰਿਹੈ, ਦੋਵੇਂ ਇਕ ਦੂਜੇ ਨੂੰ ਦੋਸ਼ ਦੇਈ ਜਾ ਰਹੇ ਆ, ਇਹਨਾਂ ਨੇ ਡਰਦਿਆਂ ਨੇ ਇੰਡੀਆ ਫੋਨ ਵੀ ਨਹੀਂ ਕੀਤਾ, ਕੱਲ ਝਾਈ ਦਾ ਫੋਨ ਆਇਆ ਤਾਂ ਇਹ ਡਰਦੇ ਫੋਨ ਤੇ ਈ ਨਹੀਂ ਆਏ। ਵੈਸੇ ਮੈਂ ਝਾਈ ਨੂੰ ਇਸ਼ਾਰਾ ਕਰ ਦਿਤਾ ਸੀ ਕਿ ਮੈਂ ਜਲਦੀ ਮੁੜ ਆਉਣਾ।"

ਇਕ ਹੋਰ ਔਰਤ ਕੁਝ ਫਾਰਮ ਲੈ ਕੇ ਆ ਜਾਂਦੀ ਹੈ। ਵਿਜੈ ਉਸ ਵਲ ਰੁਝ ਜਾਂਦਾ ਹੈ। ਸੁਸ਼ਮਾ ਕੋਲ ਪਈ ਅਖਬਾਰ ਦੇਖਣ ਲਗਦੀ ਹੈ। ਵਿਹਲਾ ਹੋ ਕੇ ਵਿਜੈ ਬੋਲਦਾ ਹੈ,

"ਆਓ ਚਲਦੇ ਆਂ।"

ਸੁਸ਼ਮਾ ਉਠ ਕੇ ਵਿਜੈ ਦੇ ਮਗਰ ਤੁਰ ਪੈਂਦੀ ਹੈ। ਹਲਕੀ ਜਿਹੀ ਝੜੀ ਲਗੀ ਹੋਈ ਹੈ। ਉਹ ਕਾਰ ਆਪਣੇ ਘਰ ਵਲ ਤੋਰ ਲੈਂਦਾ ਹੈ। ਘਰ ਮੂਹਰੇ ਕਾਰ ਰੋਕ ਕੇ ਕਹਿੰਦਾ ਹੈ,

"ਇਹ ਮੇਰਾ ਘਰ ਐ, ਮੈਨੂੰ ਘਰ ਸੰਭਾਲਣਾ ਨਹੀਂ ਆਉਂਦਾ ਇਸ ਲਈ ਗੰਦਾ ਐ, ਮਾਈਂਡ ਨਾ ਕਰਨਾ।"

ਸੁਸ਼ਮਾ ਬਦਲੇ ਵਿਚ ਮੁਸਕਰਾ ਦਿੰਦੀ ਹੈ ਪਰ ਕਹਿੰਦੀ ਕੁਝ ਨਹੀਂ। ਅੰਦਰ ਜਾ ਕੇ ਵੀ ਚੁੱਪ ਚਾਪ ਆਲਾ ਦੁਆਲਾ ਦੇਖਦੀ ਰਹਿੰਦੀ ਹੈ। ਵਿਜੈ ਦਸ ਰਿਹਾ ਹੈ,

"ਉਪਰਲੇ ਤਿੰਨ ਕਮਰੇ ਕਿਰਾਏ ਤੇ ਦਿਤੇ ਹੋਏ ਆ, ਸਟੂਡੈਂਟ ਆ, ਯੂਨੀਵਰਸਟੀ ਨੇੜੇ ਹੋਣ ਕਰਕੇ ਕਿਰਾਏਦਾਰ ਸੌਖੇ ਮਿਲ ਜਾਂਦੇ ਆ। ਇੱਦਾ ਕਿਸ਼ਤ ਦੇਣੀ ਸੌਖੀ ਹੋ ਜਾਂਦੀ ਐ। ਘਰ ਦੀ ਕਿਸ਼ਤ ਵੀ ਵੱਡੀ ਐ ਤੇ ਮੈਂ ਤਾਏ ਤੋਂ ਪੈਸੇ ਉਧਾਰੇ ਵੀ ਫੜੇ ਹੋਏ ਆ ਉਹ ਵੀ ਕਿਸ਼ਤਾਂ ਵਿਚ ਮੋੜ ਰਿਹਾਂ, ਜਦ ਹੱਥ ਸੌਖਾ ਹੋ ਗਿਆ ਤਾਂ ਫਿਰ ਕਿਰਾਏਦਾਰ ਨਹੀਂ ਰੱਖਣੇ।"

"ਸ਼ਰਮਾ ਜੀ, ਆਪਣੇ ਬਾਰੇ ਕੀ ਫੈਸਲਾ ਕੀਤਾ?"

"ਸੁਸ਼ਮਾ ਜੀ, ਕੋਈ ਰਾਹ ਨਹੀਂ ਲੱਭ ਰਿਹਾ, ਇਕ ਆਸ ਦੀ ਕਿਰਨ ਜਿਹੀ ਦਿਸੀ ਸੀ ਪਰ ਬਹੁਤ ਦੂਰ ਐ ਕਿਧਰੇ।"

"ਸਭ ਤੋਂ ਪਹਿਲੀ ਗੱਲ ਇਹ ਦੱਸੋ ਕਿ ਮੈਂ ਤੁਹਾਨੂੰ ਪਸੰਦ ਆਂ ਕਿ ਨਹੀਂ।"

ਵਿਜੈ ਉਸ ਦਾ ਹੱਥ ਫੜ ਕੇ ਚੁੰਮਦਾ ਹੋਇਆ ਆਖਦਾ ਹੈ,

"ਯੂ ਆਰ ਬਿਊਟੀਫੁਲ!"

ਉਹ ਉਸ ਦਾ ਹੱਥ ਫੜ ਕੇ ਆਪਣੇ ਬੈਡ ਰੂਮ ਵਿਚ ਲੈ ਜਾਂਦਾ ਹੈ ਤੇ ਉਸਨੂੰ ਖਿਚਦਾ ਹੋਇਆ ਆਪਣੀ ਛਾਤੀ ਨਾਲ ਘੁੱਟ ਲੈਂਦਾ ਹੈ ਤੇ ਉਸ ਦੇ ਹੋਠ ਚੁੰਮਣ ਨੂੰ ਕਰਦਾ ਹੈ। ਸੁਸ਼ਮਾ ਉਸ ਨੂੰ ਰੋਕਦੀ ਹੋਈ ਕਹਿੰਦੀ ਹੈ,

"ਇਹ ਸਭ ਨਹੀਂ ਸ਼ਰਮਾ ਜੀ, ਇਹ ਸਭ ਵਿਆਹ ਤੋਂ ਬਾਅਦ, ਉਹ ਵੀ ਜੇ ਤੁਸੀਂ ਕਰਾਉਣਾ ਚਾਹੁੰਦੇ ਓ ਨਹੀਂ ਤਾਂ ਮੈਂ ਪਹਿਲਾਂ ਵਾਂਗ ਕੰਜਕ ਕੁਆਰੀ ਵਾਪਸ ਮੁੜਨਾ ਚਾਹੁੰਨੀ ਆਂ।"

ਵਿਜੈ ਹੌਲੀ ਹੌਲੀ ਉਸ ਨੂੰ ਛੱਡ ਦਿੰਦਾ ਹੈ। ਸੁਸ਼ਮਾ ਪੁੱਛਦੀ ਹੈ,

"ਫਿਰ ਤੁਸੀਂ ਤਾਂ ਮੇਰੇ ਨਾਲ਼ ਵਿਆਹ ਕਰਾਉਣ ਨੂੰ ਤਿਆਰ ਓ ਕਿ ਨਹੀਂ?"

"ਮੈਂ ਤਾਏ ਦੀ ਮਰਜ਼ੀ ਤੋਂ ਬਿਨਾਂ ਕੁਸ਼ ਨਹੀਂ ਕਰ ਸਕਦਾ।"

## ਦਸ

ਦਿੱਲੀ ਵਸ ਕੇ ਅਸ਼ੋਕ ਦਾ ਕੰਮ ਵਾਹਵਾ ਚਲ ਨਿਕਲਦਾ ਹੈ। ਉਸ ਨੇ ਕਿਸੇ ਨਾਲ ਹਿੱਸਾ ਪਾ ਕੇ ਪਰਿੰਟਿੰਗ ਪਰੈੱਸ ਲਾ ਲਈ ਹੈ। ਵੱਡੀਆਂ ਵੱਡੀਆਂ ਕਿਤਾਬਾਂ ਛਾਪ ਰਹੇ ਹਨ। ਹੋਰ ਵੀ ਛਾਪੇ ਦਾ ਬਹੁਤ ਸਾਰਾ ਕੰਮ ਕਰਦੇ ਹਨ। ਅਸ਼ੋਕ ਫੋਨ ਕਰਦਾ ਰਹਿੰਦਾ ਹੈ। ਉਹ ਬਹੁਤ ਖੁਸ਼ ਹੈ। ਪਿੰਡ ਛੱਡਣਾ ਉਸ ਨੂੰ ਬਹੁਤ ਰਾਸ ਆ ਗਿਆ ਹੈ। ਵਿਜੈ ਦੇ ਸੁਸ਼ਮਾ ਨੂੰ ਸੱਦਣ ਵਾਲੀ ਕਹਾਣੀ ਉਸ ਤਕ ਪੁੱਜ ਚੁੱਕੀ ਹੈ। ਵਿਜੈ ਦੀ ਮਾਂ ਤਾਂ ਬਹੁਤਾ ਇਤਰਾਜ਼ ਨਹੀਂ ਕਰ ਰਹੀ ਪਰ ਅਸ਼ੋਕ ਉਸ ਦਾ ਵਿਆਹ ਆਪਣੀ ਕਿਸੇ ਰਿਸ਼ਤੇਦਾਰ ਕੁੜੀ ਨਾਲ ਕਰਨਾ ਚਾਹੁੰਦਾ ਹੈ ਇਸ ਲਈ ਉਸ ਇਸ ਗੱਲ ਦੇ ਬਹੁਤ ਖਿਲਾਫ ਹੈ। ਉਹ ਫੋਨ ਕਰ ਕਰ ਕੇ ਤਾਏ ਨੂੰ ਪੱਕਾ ਕਰਦਾ ਰਹਿੰਦਾ ਹੈ ਕਿ ਵਿਜੈ ਕਿਸੇ ਵੀ ਹਾਲਤ ਵਿਚ ਸੁਸ਼ਮਾ ਨਾਲ ਵਿਆਹ ਨਾ ਕਰਾਵੇ। ਤਾਈ ਵਿਜੈ ਨੂੰ ਮਾੜਾ ਸਿਧ ਕਰਨ ਲਈ ਇਸ ਗੱਲ ਨੂੰ ਬਹੁਤੀ ਹਵਾ ਦੇਣ ਲਗਦੀ ਹੈ ਨਹੀਂ ਤਾਂ ਉਸ ਨੂੰ ਕੋਈ ਫਰਕ ਨਹੀਂ ਕਿ ਵਿਜੈ ਕਿਥੇ ਵਿਆਹ ਕਰਾਉਂਦਾ ਹੈ। ਉਸ ਲਈ ਇਹੋ ਬਹੁਤ ਵੱਡਾ ਦੁੱਖ ਹੈ ਕਿ ਦੀਪਕ ਘਰ ਨਹੀਂ ਆਉਂਦਾ। ਜੇ ਆਉਂਦਾ ਹੈ ਤਾਂ ਸਿਰਫ ਪੈਸੇ ਮੰਗਣ।

ਵਿਜੈ ਆਮ ਵਾਂਗ ਤਾਏ ਦੇ ਘਰ ਜਾਂਦਾ ਹੈ। ਉਹੋ ਆਮ ਜਿਹੇ ਕੰਮ ਕਰਨ ਲਗਦਾ ਹੈ। ਕਦੇ ਤਾਏ ਦੀ ਕਾਰ ਦੀ ਸਰਵਿਸ ਕਰਵਾ ਦਿਤੀ। ਕਦੇ ਤਾਈ ਨੂੰ ਸ਼ੌਪਿੰਗ ਕਰਾ ਦਿਤੀ ਜਾਂ ਫਿਰ ਕਿਰਾਏਦਾਰਾਂ ਦਾ ਕੋਈ ਮਸਲਾ ਹੱਲ ਕਰਨਾ ਹੋਵੇ ਤਾਂ ਉਹ ਤਾਏ ਨੂੰ ਸਿਰ-ਦਰਦੀ ਦਿਤੇ ਬਿਨਾਂ ਸਭ ਆਪ ਕਰ ਦਿੰਦਾ ਹੈ। ਤਾਇਆ ਤੁਰੇ ਫਿਰਦੇ ਵਿਜੈ ਵਲ ਦੇਖਣ ਲਗਦਾ ਹੈ। ਉਸ ਨੂੰ ਲਗਦਾ ਹੈ ਕਿ ਵਿਜੈ ਕੁਝ ਕਹਿਣਾ ਚਾਹੁੰਦਾ ਹੈ ਪਰ ਕਹਿੰਦਾ ਨਹੀਂ। ਉਸ ਤਕ ਇਹ ਖਬਰ ਪੁੱਜ ਚੁੱਕੀ ਹੈ ਕਿ ਸੁਸ਼ਮਾ ਉਸ ਨੂੰ ਮਿਲਣ ਮੰਦਿਰ ਆਈ ਸੀ ਪਰ ਉਹ ਉਸ ਨੂੰ ਕੁਝ ਨਹੀਂ ਪੁੱਛਦਾ। ਉਹ ਚਾਹੁੰਦਾ ਹੈ ਵਿਜੈ ਨੇ ਜੋ ਕਹਿਣਾ ਹੈ ਆਪ ਕਹੇ। ਉਸ ਨੂੰ ਲਗ ਰਿਹਾ ਕਿ ਅੰਮਰਤੀ ਵਾਂਗ ਉਸ ਦੀ ਭੈਣ ਵੀ ਚਲਾਕ ਹੈ ਤੇ ਹੁਣ ਤਕ ਉਸ ਨੇ ਵਿਜੈ ਨੂੰ ਆਪਣੇ ਜਾਲ ਵਿਚ ਫਸਾ ਲਿਆ ਹੋਵੇਗਾ। ਤਾਏ ਨੂੰ ਇਹ ਵੀ ਪਤਾ ਹੈ ਕਿ ਵਿਜੈ ਕੋਲ ਕੋਈ ਗਰਲ ਫਰਿੰਡ ਬਗੈਰਾ ਨਹੀਂ ਹੈ ਇਸ ਲਈ ਔਰਤ ਦੀ ਖਿਚ ਉਸ ਦੀਆਂ ਭਾਵਨਾਵਾਂ ਵਿਚ ਵਿਸ਼ੇਸ਼ ਥਾਂ ਰੱਖਦੀ ਹੈ ਤੇ ਉਸ ਨੂੰ ਗਲਤ ਪਾਸੇ ਲੈ ਜਾ ਸਕਦੀ ਹੈ। ਕਈ ਵਾਰ ਤਾਂ ਉਸ ਨੂੰ ਲਗਦਾ ਹੈ ਕਿ ਗੱਲ ਹੱਥੋਂ ਨਿਕਲ ਚੁੱਕੀ ਹੈ। ਰਮੇਸ਼ ਦੁੱਗਲ ਆਪਣੀ ਸਕੀਮ ਵਿਚ ਕਾਮਯਾਬ ਹੋ ਚੁੱਕਾ ਹੈ। ਉਹ ਮੁਫਤੋ ਮੁਫਤੀ ਆਪਣੀ ਸਾਲੀ ਵਿਜੈ ਦੇ ਗਲ਼ ਮੜ੍ਹਨ ਵਿਚ ਕਾਮਯਾਬ ਹੋ ਰਿਹਾ ਹੈ। ਫਿਰ ਉਹ ਸੋਚਦਾ ਹੈ ਕਿ ਵਿਜੈ ਇੰਨਾ ਕੱਚਾ ਨਹੀਂ ਹੋਵੇਗਾ।...

ਇਕ ਦਿਨ ਸੁਨੈਨਾ ਤੇ ਇਕ ਹੋਰ ਕੁੜੀ ਤਾਈ ਨੂੰ ਮਿਲਣ ਆਉਂਦੀਆਂ ਹਨ। ਸੁਨੈਨਾ ਹੁਸ਼ਿਆਰ ਦੀ ਪਤਨੀ। ਉਹ ਤੇ ਹੁਸ਼ਿਆਰ ਕਈ ਵਾਰ ਉਹਨਾਂ ਦੇ ਘਰ ਆ ਜਾਇਆ ਕਰਦੇ ਹਨ। ਵਿਜੈ ਦੇ ਨੇੜਲੇ ਦੋਸਤ ਹੋਣ ਕਾਰਨ ਉਹ ਤਾਏ ਤਾਈ ਨਾਲ ਵੀ ਮਿਲਦੇ ਜੁਲਦੇ ਰਹਿੰਦੇ ਹਨ। ਤਾਈ ਸੁਨੈਨਾ ਨੂੰ ਦੇਖ ਕੇ ਹੈਰਾਨ ਹੁੰਦੀ ਹੈ ਤੇ ਖੁਸ਼ ਵੀ। ਉਹ ਕਹਿੰਦੀ ਹੈ,

"ਕੁੜੇ ਸੁਨੈਨਾ, ਤੂੰ ਕਿਥੇ ਰਹਿੰਨੀ ਐਂ, ਕਦੇ ਦੇਖੀ ਈ ਨਹੀਂ, ਹੁਸ਼ਿਆਰ ਵੀ ਕਦੇ ਨਹੀਂ ਮਿਲਿਆ।"

"ਜਦੋਂ ਦੇ ਟੈਕਸੀ ਕਰਨ ਲਗੇ ਆ ਇਹਨਾਂ ਦਾ ਵਕਤ ਈ ਨਹੀਂ ਲਗਦਾ। ਅਜ ਵੀ ਬੀਚ ਤੇ ਗਈਆਂ ਸੀ ਪਰ ਵੈਦਰ ਠੀਕ ਨਹੀਂ, ਮੈ ਕਿਹਾ ਤਾਈ ਨੂੰ ਮਿਲ ਆਵਾਂ, ਤਾਇਆ ਨਹੀਂ ਦਿਸਦਾ?"

"ਉਹ ਵਿਜੇ ਨਾਲ ਗਿਆ ਕਿਤੇ, ਕੋਈ ਨਵਾਂ ਕਿਰਾਏਦਾਰ ਆਇਆ ਸੀ, ਉਹਨੂੰ ਕੁਸ਼ ਚਾਹੀਦਾ ਸੀ ਫਿਰ ਉਹਨਾਂ ਮੰਦਿਰ ਜਾਣਾ, ਆਹ ਦਾਦੇ ਮਗੌਣੇ ਕਮੇਟੀ ਵਾਲੇ ਆਪਸ ਵਿਚ ਲੜੀ ਜਾਂਦੇ ਆ।"

"ਹੋਰ ਤਾਈ ਤੇਰੀ ਸਿਹਤ ਕਿੱਦਾਂ?"

"ਸਿਹਤ ਹੁਣ ਕਾਹਦੀ, ਐਮੇਂ ਵਕਤ ਨੂੰ ਧੱਕਾ ਦਿੰਨੀ ਆਂ, ਆਹ ਪੇਟ ਦਾ ਦਰਦ ਨਹੀਂ ਹਟਦਾ, ਪਤਾ ਨਹੀਂ ਤਾਂ ਡਾਕਟਰਾਂ ਨੂੰ ਸਮਝ ਨਹੀਂ ਪੈਂਦੀ ਜਾ ਫਿਰ ਇਹਦਾ ਇਲਾਜ ਈ ਹੈ ਨਹੀਂ, ਕੁਸ਼ ਨਹੀਂ ਕਰਦੇ ਜੇ ਜ਼ਿਆਦਾ ਕਹਾਂ ਤਾਂ ਨੀਂਦ ਦੀਆਂ ਗੋਲ਼ੀਆਂ ਦੇ ਦਿੰਦੇ ਆ।"

"ਹਸਪਤਾਲ ਜਾ ਕੇ ਚੈਕ ਕਰਾਉਣਾ ਸੀ।"

"ਤਾਇਆ ਤਾਂ ਤੁਹਾਡਾ ਕਈ ਵਾਰ ਕਹਿ ਚੁੱਕਾ ਪਰ ਬਸ ਘਾਉਲ ਜਿਹੀ ਹੋ ਜਾਂਦੀ ਆ, ਪਰ ਇਹ ਦਰਦ ਵੀ ਅਜੀਬ ਜਿਹਾ ਐ ਏਦਾਂ ਦਾ ਦਰਦ ਦੀਪਕ ਵੇਲੇ ਹੋਇਆ ਕਰਦਾ ਸੀ।"

"ਤਾਈ, ਕਿਤੇ ਕੋਈ ਖੁਸ਼ੀ ਦੀ ਖਬਰ ਤਾਂ ਨਹੀਂ!"

"ਫੋਟ, ਮਰ ਜਾਣੀ ਨਾ ਹੋਵੇ ਤਾਂ!"

"ਤਾਈ ਮੇਰੀ ਇਹ ਸਹੇਲੀ ਲੰਡਨੋਂ ਆਈ ਆ, ਡਾਕਟਰ ਆ, ਇਹਨੂੰ ਪੇਟ ਦੀਆਂ ਬਿਮਾਰੀਆਂ ਦਾ ਬਹੁਤ ਪਤਾ, ਕਹੇਂ ਤਾਂ ਤੈਨੂੰ ਚੈਕ ਕਰ ਦਿੰਦੀ ਆ।"

"ਲੈ ਧੀਏ, ਮੈਨੂੰ ਕੀ ਇਤਰਾਜ਼ ਹੋ ਸਕਦੈ।"

ਕਹਿ ਕੇ ਤਾਈ ਸੁਸ਼ਮਾ ਵਲ ਧਿਆਨ ਨਾਲ ਦੇਖਣ ਲਗਦੀ ਹੈ ਤੇ ਆਪਣੀ ਬਾਂਹ ਉਹ ਵਲ ਵਧਾ ਦਿੰਦੀ ਹੈ। ਸੁਸ਼ਮਾ ਉਸ ਦੀ ਨਬਜ਼ ਟੋਂਹਦੀ ਹੈ ਤੇ ਪੁੱਛਦੀ ਹੈ,

"ਕਿਹੜੀ ਕਿਹੜੀ ਗੋਲੀ ਲੈਂਦੇ ਓ?"

"ਇਕ ਗੋਲ਼ੀ ਹੋਵੇ ਤਾਂ ਦੱਸਾਂ, ਬੁੱਕ ਭਰ ਕੇ ਖਾਨੀ ਆਂ ਪਰ ਨਾਂ ਮੈਨੂੰ ਕਿਸੇ ਦਾ ਆਉਂਦਾ ਨਹੀਂ, ਕੋਈ ਅਖੇ ਬਲੱਡ ਪਰੈਸ਼ਰ ਦੀ ਆ ਤੇ ਕੋਈ ਸ਼ੂਗਰ ਦੀ, ਕੋਈ ਹਾਰਟ ਦੀ।"

"ਕਿਥੇ ਐ ਤੁਹਾਡੀਆਂ ਗੋਲ਼ੀਆਂ ਦੇਖ ਸਕਦੀ ਆਂ।"

"ਕੁੜੇ ਸੁਨੈਨਾ, ਓਹ ਮੇਜ਼ ਤੋਂ ਚੁੱਕੀਂ ਮੇਰਾ ਬੈਗ।"

ਸੁਨੈਨਾ ਉਠ ਬੈਗ ਚੁੱਕ ਕੇ ਸੁਸ਼ਮਾ ਨੂੰ ਫੜਾਉਂਦੀ ਹੈ। ਸੁਸ਼ਮਾ ਨੂੰ ਐਲੋਪੈਥੀ ਦੀਆਂ ਦਵਾਈਆਂ ਬਾਰੇ ਪਤਾ ਤਾਂ ਪੂਰਾ ਹੈ ਪਰ ਇਹਨਾਂ ਦੀ ਵਰਤੋਂ ਬਹੁਤ ਘੱਟ ਕਰਦੀ ਹੈ। ਕਦੇ ਕਦਾਈਂ ਮਰੀਜ਼ ਦੀ ਤਸੱਲੀ ਖਾਤਰ ਉਹ ਇਹ ਦਵਾਈਆਂ ਦੇ ਦਿਆ ਕਰਦੀ ਹੈ। ਉਹ ਸਾਰੀਆਂ ਦਵਾਈਆਂ ਦੇਖਦੀ ਹੈ। ਉਸ ਨੂੰ ਪਤਾ ਹੈ ਕਿ ਜ਼ਿਆਦਾ ਗੋਲੀਆਂ ਖਾਣ ਨਾਲ ਕਬਜ਼ੀ ਤਾਂ ਹੋਣੀ ਹੋਈ। ਉਹ ਕਹਿੰਦੀ ਹੈ,

"ਤਾਈ ਜੀ, ਤੁਸੀਂ ਇਥੇ ਸੋਫੇ ਤੇ ਲੰਮੇ ਪੈ ਜਾਓ, ਮੈਂ ਚੈਕ ਕਰ ਲੈਨੀਂ ਆਂ।"

ਤਾਈ ਸੋਫੇ ਤੇ ਲੰਮੀ ਪੈ ਜਾਂਦੀ ਹੈ। ਸੁਸ਼ਮਾ ਆਪਣੇ ਬੈਗ ਵਿਚੋਂ ਸਟੈਥੋ ਸਕੋਪ ਕੱਢ ਕੇ ਇਧਰ ਓਧਰ ਲਾ ਕੇ ਦੇਖਣ ਲਗਦੀ ਹੈ ਤੇ ਫਿਰ ਕਮੀਜ਼ ਚੁੱਕ ਕੇ ਪੇਟ ਨੂੰ ਥਾਂ ਥਾਂ ਤੋਂ ਦਬਾ ਦਬਾ ਕੇ ਦੇਖਣ ਲਗਦੀ ਹੈ ਤਾਈ ਕਹਿ ਉਠਦੀ ਹੈ,

"ਬਸ ਇਥੋਂ ਕੁ ਹੀ।"

ਸੁਸ਼ਮਾ ਦੋ ਕੁ ਵਾਰ ਉਹੋ ਜਗਾਹ ਨੱਪਦੀ ਹੈ। ਤਾਈ ਦੀ ਦਰਦ ਨਾਲ ਚੀਕ ਨਿਕਲਣ ਲਗਦੀ ਹੈ। ਸੁਸ਼ਮਾ ਉਸ ਦੀ ਕਮੀਜ਼ ਠੀਕ ਕਰਦੀ ਹੋਈ ਉਸ ਨੂੰ ਉਠ ਬੈਠਣ ਲਈ ਆਖਦੀ ਹੈ। ਆਪਣੇ ਬੈਗ ਵਿਚੋਂ ਇਕ ਸ਼ੀਸ਼ੀ ਕਢ ਕੇ ਦਿੰਦੀ ਹੋਈ ਬੋਲਦੀ ਹੈ,

"ਤਾਈ ਜੀ, ਜਿਹੜੀਆਂ ਦਵਾਈਆਂ ਡਾਕਟਰ ਨੇ ਤੁਹਾਨੂੰ ਦਿਤੀਆਂ ਹੋਈਆਂ ਉਹਨਾਂ ਤੋਂ ਤਿੰਨ ਘੰਟੇ ਬਾਅਦ ਇਹਦੇ ਵਿਚੋਂ ਦੋ ਗੋਲ਼ੀਆਂ ਲੈਣੀਆਂ, ਦੋ ਵਾਰ ਹਰ ਰੋਜ਼।"

"ਕੀ ਬਿਮਾਰੀ ਐ ਇਹ?"

"ਕੋਈ ਖਾਸ ਨਹੀਂ, ਤੁਸੀਂ ਇਕ ਹਫਤਾ ਇਹ ਦਵਾਈ ਖਾਓ ਤੇ ਫਿਰ ਦੇਖੋ ਕੀ ਹੁੰਦੈ, ਇਕ ਬਿਮਾਰੀ ਹੋਰ ਵੀ ਐ ਤੁਹਾਨੂੰ, ਕਬਜ਼ ਦੀ।"

"ਹਾਂ ਧੀਏ, ਇਹ ਵੀ ਐ।"

"ਇਹ ਤਾਂ ਇਹਨਾਂ ਦਵਾਈਆਂ ਕਰਕੇ ਈ ਐ, ਉਹਦੇ ਲਈ ਆਹ ਇਕ ਹੋਰ ਗੋਲ਼ੀ ਹੋਰ ਐ ਸੌਣ ਵੇਲੇ ਲੈਣੀ ਐ। ਓਹਦੇ ਨਾਲ ਪੇਟ ਸਾਫ ਰਹੇਗਾ।"

ਤਾਈ ਦਵਾਈ ਸੰਭਾਲਦੀ ਹੋਈ ਸੁਸ਼ਮਾ ਨੂੰ ਅਸੀਸਾਂ ਦੇਣ ਲਗਦੀ ਹੈ। ਫਿਰ ਆਖਦੀ ਹੈ,

"ਇੰਨੇ ਪਿਆਰ ਨਾਲ ਤਾਂ ਸਾਡੇ ਡਾਕਟਰ ਮੂਏ ਨੇ ਕਦੇ ਚੈਕ ਨਹੀਂ ਕੀਤਾ, ਮੇਰੀ ਅੱਧੀ ਬਿਮਾਰੀ ਤਾਂ ਇਸ ਕੁੜੀ ਦੇ ਹੱਥ ਲਾਉਣ ਨਾਲ ਈ ਠੀਕ ਹੋ ਗਈ।"

ਫਿਰ ਤਾਈ ਕੁਝ ਸੋਚਦੀ ਹੋਈ ਬੋਲਦੀ ਹੈ,

"ਸੁਨੈਨਾ, ਤੂੰ ਵੀ ਆਪਣੇ ਆਪ ਨੂੰ ਚੈਕ ਕਰਾ, ਸ਼ਾਇਦ ਰਾਮ ਜੀ ਦੇ ਮਨ ਸੁਮੱਤਿਆ ਪੈ ਜਾਵੇ।"

"ਤਾਈ, ਮੈਨੂੰ ਰਾਮ ਜੀ ਭੁਲਾਈ ਬੈਠੇ ਆ।"

"ਤਾਈ ਜੀ, ਮੈਂ ਭੈਣ ਜੀ ਨੂੰ ਚੈਕ ਕਰਾਂਗੀ, ਸ਼ਾਇਦ ਮੈਂ ਕੁਸ਼ ਕਰ ਸਕਾਂ ਪਰ ਭਗਵਾਨ ਦੇ ਹੱਥ ਵਿਚ ਹੁੰਦਾ ਸਭ ਕੁਸ਼।"

ਉਹ ਕੁਝ ਦੇਰ ਹੋਰ ਉਥੇ ਬੈਠਦੀਆਂ ਹਨ ਤੇ ਜਾਣ ਲਈ ਉਠ ਖੜਦੀਆਂ ਹਨ। ਤਾਈ ਆਪਣੇ ਪਰਸ ਵਿਚੋਂ ਦਸ ਪੌਂਡ ਕੱਢ ਕੇ ਸੁਸ਼ਮਾ ਦੇ ਸਿਰ ਤੇ ਪਿਆਰ ਦਿੰਦੀ ਉਸ ਨੂੰ ਫੜਾ ਦਿੰਦੀ ਹੈ। ਸੁਸ਼ਮਾ ਕਹਿੰਦੀ ਹੈ,

"ਇਹ ਕੀ ਕਰ ਰਹੇ ਓ?"

"ਧੀਏ, ਮੈਂ ਤੈਨੂੰ ਪਿਆਰ ਦੇ ਰਹੀ ਆਂ, ਤੂੰ ਡਾਕਟਰ ਹੋਵੇਂਗੀ ਆਪਣੇ ਘਰ ਹੋਵੇਂਗੀ ਪਰ ਮੈਨੂੰ ਤਾਂ ਬੱਚਿਆਂ ਵਰਗੀ ਐਂ।"

ਸੁਸ਼ਮਾ ਨੋਟ ਫੜ ਲੈਂਦੀ ਹੈ ਤੇ ਚੋਰ ਨਜ਼ਰ ਨਾਲ ਸੁਨੈਨਾ ਵਲ ਦੇਖਦੀ ਹੈ। ਤਾਈ ਪੁੱਛਦੀ ਹੈ,

"ਕਿੰਨੇ ਕੁ ਦਿਨ ਰਹਿਣਾ ਇਥੇ?"

"ਤਾਈ, ਇਹਦੀਆਂ ਛੁੱਟੀਆਂ, ਹਾਲੇ ਦੋ ਕੁ ਹਫਤੇ ਠਹਿਰੂਗੀ।"

"ਫੇਰ ਤਾਂ ਕਿਸੇ ਦਿਨ ਫਿਰ ਆ ਜਾਇਓ, ਤੁਹਾਡਾ ਤਾਇਆ ਵੀ ਛਾਤੀ ਦੇ ਦਰਦ ਦੀ ਸ਼ਿਕਾਇਤ ਕਰਦਾ ਰਹਿੰਦਾ।"

"ਛਾਤੀ ਦਾ ਦਰਦ ਠੀਕ ਹੋਣਾ ਠੀਕ ਗੱਲ ਨਹੀਂ, ਉਹਨਾਂ ਨੂੰ ਕਹੋ ਕਿ ਜਲਦੀ ਡਾਕਟਰ ਦੇ ਜਾਣ।"

ਉਹ ਚਲੇ ਜਾਂਦੀਆਂ ਹਨ। ਤਾਈ ਦਵਾਈ ਖਾ ਕੇ ਸੈਟੀ ਉਪਰ ਹੀ ਪੈ ਜਾਂਦੀ ਹੈ। ਥੋੜੇ ਚਿਰ ਬਾਅਦ ਉਸ ਨੂੰ ਲਗਦਾ ਜਿਵੇਂ ਉਸ ਦੇ ਪੇਟ ਦਾ ਦਰਦ ਠੀਕ ਹੋ ਗਿਆ ਹੋਵੇ। ਉਹ ਮਨ ਹੀ ਮਨ ਇਸ ਨਵੀਂ ਡਾਕਟਰ ਦਾ ਧੰਨਵਾਦ ਕਰਨ ਲਗਦੀ ਹੈ। ਕੁਝ ਦੇਰ ਬਾਅਦ ਤਾਇਆ ਵੀ ਆ ਜਾਂਦਾ ਹੈ। ਤਾਈ ਸਾਰੀ ਗੱਲ ਉਸ ਨੂੰ ਦਸਦੀ ਹੈ। ਤਾਇਆ ਸ਼ੱਕ ਕਰਦਾ ਹੋਇਆ ਕਹਿੰਦਾ ਹੈ,

"ਕਿਤੇ ਇਹ ਉਹੋ ਕੁੜੀ ਤਾਂ ਨਹੀਂ ਜਿਹੜੀ ਵਿਜੇ ਨੇ ਮੰਗਾਈ ਐ।"

"ਹੈ! ਪਰ ਲਗਦੀ ਨਹੀਂ ਸੀ, ਇਹ ਤਾਂ ਕੋਈ ਭਲੇ ਘਰ ਦੀ ਸਾਊ ਕੁੜੀ ਸੀ, ਕਹਿੰਦੀ ਸੀ ਕਿ ਕਿਸੇ ਦਿਨ ਫਿਰ ਆਊਂ।"

"ਮੈਨੂੰ ਲਗਦੈ ਇਹ ਰਮੇਸ਼ ਨੇ ਹੁਸ਼ਿਆਰ ਨਾਲ ਰਲ਼ ਕੇ ਕੋਈ ਚਾਲ ਚੱਲੀ ਆ ਪਰ ਹੁਸ਼ਿਆਰ ਇੱਦਾਂ ਦਾ ਲਗਦਾ ਨਹੀਂ, ਘੱਟੋ ਘੱਟ ਸਾਡੇ ਨਾਲ ਨਹੀਂ ਕਰ ਸਕਦਾ।"

"ਜੇ ਤਾਂ ਇਹੋ ਕੁੜੀ ਐ ਫਿਰ ਤਾਂ ਘਰ ਦੀ ਡਾਕਟਰ, ਤੁਹਾਨੂੰ ਹੋਰ ਕੀ ਚਾਹੀਦੈ!"

ਤਾਏ ਨੂੰ ਲਗਦਾ ਹੈ ਕਿ ਰਮੇਸ਼ ਉਸ ਨੂੰ ਵਾਰ ਵਾਰ ਠੱਗ ਰਿਹਾ ਹੈ। ਪਹਿਲਾਂ ਉਹ ਵਿਜੈ ਨੂੰ ਠੱਗ ਕੇ ਲੈ ਗਿਆ ਤੇ ਹੁਣ ਨਿਰਮਲਾ ਨੂੰ ਵੀ। ਉਹ ਉਸੇ ਸ਼ਾਮ ਹੁਸ਼ਿਆਰ ਨੂੰ ਫੋਨ ਕਰਦਾ ਹੈ। ਹੁਸ਼ਿਆਰ ਆਖਦਾ ਹੈ,

"ਤਾਇਆ, ਮੈਂ ਤੁਹਾਨੂੰ ਹੁਣੇ ਮਿਲਣ ਆਉਨਾਂ।"

ਹੁਸ਼ਿਆਰ ਆਉਂਦਾ ਹੈ। ਤਾਇਆ ਗੁੱਸੇ ਵਿਚ ਬੋਲਦਾ ਹੈ,

"ਹੁਸ਼ਿਆਰ ਸਿਆਂ, ਮੈਨੂੰ ਤੇਰੇ ਤੋਂ ਆਸ ਨਹੀਂ ਸੀ ਕਿ ਤੂੰ ਵੀ ਦੁੱਗਲ ਨਾਲ ਰਲ਼ ਜਾਵੇਂਗਾ।"

"ਨਹੀਂ ਤਾਇਆ, ਮੈਂ ਦੁੱਗਲ ਨਾਲ਼ ਭਲਾ ਕਿੱਦਾਂ ਰਲ਼ ਜਾਊਂ, ਵਿਜੇ ਨੂੰ ਛੱਡ ਕੇ ਜਾਂ ਤੈਨੂੰ ਛੱਡ ਕੇ।"

"ਤਾਂ ਫਿਰ ਇਹ ਤੇਰੀ ਤੇ ਵਿਜੇ ਦੀ ਚਾਲ ਸੀ?"

"ਨਹੀਂ, ਇਕੱਲੀ ਸੁਨੈਨਾ ਦੀ। ਦੇਖ ਤਾਇਆ ਇਹ ਜੋ ਕੁੜੀ ਐ ਅੰਮਰਤੀ ਤੋਂ ਇਕ ਦਮ ਅਲੱਗ ਐ, ਹੈ ਤਾਂ ਇਹ ਹੈ ਆਯੂਰਵੈਦਿਕ ਡਾਕਟਰ ਪਰ ਦੂਜੀਆਂ ਡਾਕਟਰਾਂ ਨੂੰ ਮਾਤ ਦੇਣ ਵਾਲੀ। ਇਹ ਕੁੜੀ ਸੂਰਤ ਦੀ ਈ ਨਹੀਂ ਸੀਰਤ ਦੀ ਵੀ ਵਧੀਐ, ਇਹ ਸੁਨੈਨਾ ਦੀ ਵਾਕਫ ਇਦਾਂ ਨਿਕਲ ਆਈ ਕਿ ਸੁਨੈਨਾ ਆਪਣਾ ਇਲਾਜ ਕਰਾਉਣ ਇਹਦੇ ਕੋਲ਼ ਫਗਵਾੜੇ ਜਾਇਆ ਕਰਦੀ ਸੀ, ਸੁਨੈਨਾ ਨੂੰ ਸਾਰੀ ਕਹਾਣੀ ਦਾ ਪਤਾ ਚਲਿਆ ਤਾਂ ਉਹ ਉਹਦੀ ਮਦਦ ਤੇ ਆ ਗਈ। ਕੁੜੀ ਤਾਂ ਵਾਪਸ ਜਾਣ ਨੂੰ ਵੀ ਤਿਆਰ ਐ, ਉਹਨੂੰ ਇਥੇ ਰਹਿਣ ਦਾ ਬਹੁਤਾ ਚਾਅ ਨਹੀਂ ਪਰ ਇਕੋ ਗੱਲ ਦਾ ਥੋੜਾ ਫਿਕਰ ਐ ਕਿ ਲੋਕ ਕੀ ਕਹਿਣਗੇ ਕਿ ਗਈ ਸੀ ਵਿਆਹ ਲਈ ਤੇ ਬਰੰਗ ਵਾਪਸ ਆ ਗਈ। ਵਿਜੇ ਦੀ ਇਹ ਜ਼ਿਦ ਐ ਕਿ ਤਾਇਆ ਹਾਂ ਕਰੇਗਾ ਤਾਂ ਵਿਆਹ ਕਰਾਉਣਾ ਨਹੀਂ ਤਾਂ ਨਹੀਂ। ਸੁਨੈਨਾ ਕਹਿੰਦੀ ਆ ਕਿ ਵਿਜੇ ਨੂੰ ਇਸ ਤੋਂ ਚੰਗੀ ਕੁੜੀ ਨਹੀਂ ਮਿਲ ਸਕਦੀ, ਸੋ ਇਸ ਲਈ ਉਹ ਉਹਨੂੰ ਨਾਲ਼ ਲੈ ਕੇ ਤੁਹਾਨੂੰ ਮਿਲਣ ਆ ਗਈ ਕਿ ਸ਼ਾਇਦ ਤੁਹਾਡਾ ਦਿਲ ਜਿੱਤ ਸਕੇ।"

"ਇਹ ਤਾਂ ਤੈਨੂੰ ਪਤੈ ਕਿ ਦੁੱਗਲ ਦੀ ਕੀ ਚਾਲ ਐ।"

"ਮੈਂ ਸਮਝਦਾਂ, ਉਹ ਫਰੀ 'ਚ ਕੁੜੀ ਵਿਆਹ ਦੇਣੀ ਚਾਹੁੰਦਾ।"

"ਜੇ ਵਿਜੇ ਵੀ ਤਿਆਰ ਐ ਤਾਂ ਮੇਰਾ ਵਿਚ ਕੀ ਰੌਲ਼ਾ! ਜਾਕੇ ਵਿਆਹ ਕਰਾ ਲਵੇ ਪਰ ਮੈਂ ਇਹ ਸਾਡੇ ਟੱਬਰ ਦੀ ਬੇਇਜ਼ਤੀ ਐ।"

"ਵਿਜੇ ਨਾਲ ਮੇਰੀ ਗੱਲ ਹੋਈ ਸੀ, ਉਹ ਕਹਿੰਦਾ ਕਿ ਜੇ ਤਾਇਆ ਇਸ ਵਿਆਹ ਲਈ 'ਹਾਂ' ਕਰੇਗਾ ਤੇ ਮੂਹਰੇ ਹੋ ਕੇ ਸਾਰਾ ਕਾਰਜ ਕਰੂ ਤਾਂ ਉਹ ਵਿਆਹ ਕਰ ਲਵੇਗਾ ਨਹੀਂ ਤਾਂ ਨਹੀਂ।"

"ਮੇਰੀ ਕੋਈ 'ਹਾਂ' ਨਹੀਂ।"

"ਮੈਂ ਇਹਦਾ ਇਕ ਰਾਹ ਲਭਿਆ।"

"ਓਹ ਕਿਹੜਾ?"

"ਦੇਖ ਤਾਇਆ, ਵਿਜੇ ਨੂੰ ਕੁੜੀ ਪਸੰਦ ਆ, ਕੁੜੀ ਹੈ ਵੀ ਵਧੀਆ, ਤੁਸੀਂ ਓਹਦੇ ਨਾਲ਼ ਕੁਸ਼ ਦੇਰ ਗੱਲ ਕਰ ਲਓ ਤਾਂ ਤੁਸੀਂ ਵੀ ਕੀਲੇ ਜਾਓਂਗੇ ਸੋ ਮੈਂ ਇਹ ਛੋਟਾ ਜਿਹਾ ਹੱਲ ਲਭਿਆ ਉਹ ਇਹ ਕਿ ਜੇ ਇਹ ਕੁੜੀ ਰਮੇਸ਼ ਤੇ ਅੰਮਰਤੀ ਨੂੰ ਸਦਾ ਲਈ ਛੱਡ ਦੇਵੇ ਤੇ ਸਾਰਾ ਵਿਆਹ ਮੈਂ ਕਰ ਦਊਂ ਆਪਣੀ ਹਿੰਮਤ ਮੁਤਾਬਕ ਤੇ ਮੁੜ ਕੇ ਰਮੇਸ਼ ਨੂੰ ਕੁੜੀ ਦੇ ਲਾਗੇ ਵੀ ਨਹੀਂ ਲਗਣ ਦਿਆਂਗੇ।"

ਤਾਇਆ ਕੁਝ ਨਹੀਂ ਬੋਲਦਾ। ਹੁਸ਼ਿਆਰ ਫਿਰ ਆਖਣ ਲਗਦਾ ਹੈ,

"ਤਾਇਆ, ਮੇਰੇ ਤਾਂ ਕੋਈ ਬੱਚਾ ਹੈ ਨਹੀਂ, ਸੁਨੈਨਾ ਉਸ ਦੀ ਵਾਕਫ ਹੋਣ ਕਰਕੇ ਉਸ ਦਾ ਬਹੁਤ ਮੋਹ ਕਰ ਰਹੀ ਆ, ਹੁਣ ਮੈਂ ਇਹ ਸਮਝਦਾਂ ਕਿ ਇਸ ਕੁੜੀ ਨੂੰ ਆਪਣੀ ਧੀ ਬਣਾ ਕੇ ਇਹਦਾ ਵਿਆਹ ਕਰ ਦੇਵਾਂ, ...ਹੁਣ ਮੈਂ ਤੇਰੇ ਕੋਲ ਆਪਣੀ ਧੀ ਦਾ ਵਿਜੇ ਲਈ ਰਿਸ਼ਤਾ ਲੈ ਕੇ ਆਇਆਂ, ਦਸ ਤੂੰ ਕੀ ਕਹਿੰਨਾਂ।"

## ਗਿਆਰਾਂ

ਵਿਜੈ ਭਾਗੀ ਨੂੰ ਬਸ ਸਟੌਪ ਤੇ ਖੜੀ ਨੂੰ ਦੇਖਦਾ ਹੈ। ਉਹ ਬਰਾਈਟਨ ਜਾਣ ਵਾਲੀ ਬੱਸ ਨੂੰ ਉਡੀਕ ਰਹੀ ਹੈ ਪਰ ਵਿਜੈ ਦੀ ਬਸ ਬਰਾਈਟਨ ਤੋਂ ਆ ਰਹੀ ਹੈ। ਉਹ ਉਸ ਨੂੰ ਇਸ਼ਾਰਾ ਕਰਕੇ ਆਖਦਾ ਹੈ ਕਿ ਅਜ ਸ਼ਾਮ ਨੂੰ ਉਹ ਉਸਦੇ ਘਰ ਆਵੇਗਾ। ਉਹ ਕਈ ਵਾਰ ਭਾਗੀ ਦੇ ਘਰ ਜਾ ਚੁੱਕਾ ਹੈ ਪਰ ਉਹ ਘਰ ਨਹੀਂ ਮਿਲ ਰਹੀ। ਛੁੱਟੀ ਵਾਲੇ ਦਿਨ ਵਿਜੈ ਦੇ ਹੋਰ ਕੰਮ ਹੀ ਨਹੀਂ ਮੁੱਕਦੇ ਤੇ ਕੰਮ ਤੋਂ ਮੁੜਦਾ ਜਾਂਦਾ ਹੈ ਤਾਂ ਭਾਗੀ ਮਿਲਦੀ ਨਹੀਂ। ਫੋਨ ਕਰਨ ਦੀ ਉਸ ਦੀ ਆਦਤ ਨਹੀਂ ਹੈ। ਸ਼ਾਮ ਨੂੰ ਉਹ ਕੰਮ ਤੋਂ ਸਿਧਾ ਹੀ ਭਾਗੀ ਦੇ ਘਰ ਨੂੰ ਚਲੇ ਜਾਂਦਾ ਹੈ। ਉਹ ਆਪਣੇ ਕੰਮ ਦੀ ਵਰਦੀ ਵੀ ਨਹੀਂ ਲਾਹੁੰਦਾ। ਭਾਗੀ ਉਸ ਨੂੰ ਉਡੀਕ ਰਹੀ ਹੈ। ਮਿਲ ਕੇ ਖੁਸ਼ ਵੀ ਹੁੰਦੀ ਹੈ ਤੇ ਖਿਝਦੀ ਵੀ ਹੈ। ਉਹ ਕਹਿੰਦੀ ਹੈ,

"ਉਹ ਬਲਾ ਜਿਹੀ ਕੀ ਇੰਡੀਆ ਤੋਂ ਆ ਗਈ ਤੂੰ ਹੋਰ ਆਪਣਿਆਂ ਨੂੰ ਵੀ ਭੁੱਲ ਗਿਆਂ।"

"ਮੈਂ ਕਿੰਨੀ ਵਾਰੀ ਤਾਂ ਆਇਆਂ।"

"ਫੋਨ ਕਰਦੇ ਨੂੰ ਤੈਨੂੰ ਕੀ ਬਿਮਾਰੀ ਪੈਂਦੀ ਐ! ਮੈਨੂੰ ਇਕ ਹੋਰ ਪਾਰਟ ਟਾਈਮ ਜਿਹੀ ਜੌਬ ਮਿਲੀ ਐ ਇਸ ਲਈ ਟਾਈਮ ਜ਼ਰਾ ਘੱਟ ਮਿਲਦੈ। ਦੇਖ ਵਿਜੇ, ਤੂੰ ਆਉਣਾ ਹੁੰਦਾ ਤਾਂ ਮੈਨੂੰ ਦਸ ਦਿਆ ਕਰ। ਸਗੋਂ ਕੁੜੀਆਂ ਵੀ ਤੈਨੂੰ ਯਾਦ ਕਰਦੀਆਂ ਰਹਿੰਦੀਆਂ, ਤੂੰ ਕਿਉਂ ਨਹੀਂ ਸ਼ਾਮ ਦੀ ਰੋਟੀ ਇਧਰ ਖਾ ਜਾਇਆ ਕਰਦਾ, ਚਿਪਸਾਂ ਨਾਲ ਕਿੰਨੇ ਕੁ ਦਿਨ ਗੁਜ਼ਾਰਾ ਚੱਲੂ!"

"ਮੇਰਾ ਸ਼ਿਫਟ ਵਰਕ ਹੋਣ ਕਰਕੇ ਪਤਾ ਨਹੀਂ ਚਲਦਾ ਕਿ ਮੈਂ ਕਿਹੜੇ ਵੇਲੇ ਵਿਹਲਾ ਹੋਣਾਂ। ਸੁਣਾ ਤੇਰਾ ਕੀ ਹਾਲ ਐ, ਤੇਰੀਆਂ ਲਾਡਲੀਆਂ ਕਿੱਦਾਂ?"

"ਤੂੰ ਸੁਣਾ, ਤੇਰੀ ਬਰਫੀ ਕਿੱਦਾਂ?"

ਕਹਿੰਦੀ ਹੋਈ ਭਾਗੀ ਉਠ ਕੇ ਫਰਿੱਜ ਵਿਚੋਂ ਵਿਜੈ ਦੀ ਪਸੰਦ ਦੀ ਬੀਅਰ ਲਿਆ ਕੇ ਉਸ ਦੇ ਮੂਹਰੇ ਰੱਖ ਦਿੰਦੀ ਹੈ। ਵਿਜੈ ਬੀਅਰ ਦਾ ਡੱਬਾ ਖੋਹਲਦਾ ਹੋਇਆ ਬੋਲਦਾ ਹੈ,

"ਬਰਫੀ ਨੇ ਪੰਗੇ ਪਾਏ ਹੋਏ ਆ, ਤਾਇਆ ਮੰਨ ਨਹੀਂ ਰਿਹਾ ਤੇ ਉਹ ਮੈਨੂੰ ਦਿਨੋ ਦਿਨ ਚੰਗੀ ਲਗੀ ਜਾਂਦੀ ਐ, ਕਈ ਵਾਰ ਤਾਂ ਮਹਿਸੂਸ ਹੋਣ ਲਗ ਪੈਂਦਾ ਕਿ ਮੈਂ ਉਹਦੇ ਬਿਨਾਂ ਰਹਿ ਈ ਨਹੀਂ ਸਕਣਾ।"

"ਐਸੀ ਕਿਹੜੀ ਗੱਲ ਐ ਓਹਦੇ ਵਿਚ?"

"ਉਹਦੇ ਵਿਚ ਖਾਸ ਜਿਹੀ ਖਿਚ ਐ, ਏਨੀ ਸੁਹਣੀ ਵੀ ਨਹੀਂ ਪਰ ਲਗਦੀ ਬਹੁਤ ਸੁਹਣੀ ਆਂ, ਏਨੀ ਅਕਲਵੰਦ ਵੀ ਸ਼ਾਇਦ ਨਾ ਹੋਵੇ ਪਰ ਮੈਨੂੰ ਬਹੁਤ ਜ਼ਹੀਨ ਦਿਸਦੀ ਐ, ਗੱਲਬਾਤ ਵਿਚ ਬਹੁਤ ਤੇਜ਼ ਐ। ਕੋਈ ਜਗਾਹ ਈ ਨਹੀਂ ਮਿਲਦੀ ਉਂਗਲ ਰੱਖਣ ਲਈ।"

"ਫੇਰ ਚੁੱਪ ਕਰਕੇ ਵਿਆਹ ਕਰਾ ਲੈ।"

"ਓਹ ਤਾਇਆ! ਓਹਦੇ ਬਿਨਾ ਮੈਂ ਵਿਆਹ ਕਿੱਦਾਂ ਕਰਾ ਲਵਾਂ! ਦੂਜੇ ਪਾਸੇ ਕੁੜੀ ਕਹਿ ਰਹੀ ਐ ਕਿ ਮੈਂ ਵਾਪਸ ਇੰਡੀਆ ਮੁੜ ਜਾਣਾ, ਮੈਂ ਨਹੀਂ ਚਾਹੁੰਦਾ ਕਿ ਓਹ ਮੁੜੇ।"

"ਬਗਾਵਤ ਕਰ ਦੇ।"

"ਤੈਨੂੰ ਪਤੈ ਤਾਏ ਦੇ ਮੇਰੇ ਤੇ ਕਿੰਨੇ ਅਹਿਸਾਨ ਐਂ, ਉਹ ਮੇਰਾ ਤਾਇਆ ਨਹੀਂ ਪਿਓ ਐ।"

"ਤਾਂ ਤੈਨੂੰ ਪਤੈ ਇਸ ਗੱਲ ਦਾ?"
"ਕਿਸ ਦਾ?"
"ਇਹੋ ਜੋ ਤੂੰ ਹੁਣ ਕਹੀ ਐ ਕਿ ਤਾਇਆ ਤੇਰਾ ਈ ਤੇਰਾ ਅਸਲੀ ਪਿਓ ਐ।"

ਵਿਜੈ ਇਕ ਦਮ ਝੁੰਜਲਾ ਜਾਂਦਾ ਹੈ। ਉਹ ਸੋਚਣ ਲਗਦਾ ਹੈ ਕਿ ਕਿਹੜੇ ਲਫਜ਼ ਵਰਤੇ ਹਨ ਉਸ ਨੇ। ਉਸ ਦਾ ਮਤਲਵ ਇਹ ਤਾਂ ਨਹੀਂ ਸੀ। ਉਹ ਸ਼ਰਮਿੰਦਾ ਜਿਹਾ ਹੋਇਆ ਪੁੱਛਦਾ ਹੈ,
"ਭਾਗੀ, ਤੂੰ ਕੀ ਕਹਿ ਰਹੀ ਐਂ ਮੈਂ ਕੁਸ਼ ਸਮਝਿਆ ਨਹੀਂ।"
"ਵਿਜੇ, ਤੂੰ ਕਿਹਾ ਕਿ ਤਾਇਆ ਤੇਰਾ ਤਾਇਆ ਈ ਨਹੀਂ ਪਿਓ ਵੀ ਐ ਤੇ ਇਹੋ ਗੱਲ ਸਾਰਾ ਪਿੰਡ ਵੀ ਕਹਿੰਦੈ ਕਿ ਰਾਮ ਲਾਲ ਈ ਵਿਜੇ ਦਾ ਅਸਲੀ ਪਿਓ ਐ।"

ਗੱਲ ਕਰਕੇ ਭਾਗੀ ਡਰ ਨਾਲ ਇਕੱਠੀ ਜਿਹੀ ਹੋ ਜਾਂਦੀ ਹੋਣ ਲਗਦੀ ਹੈ। ਉਹ ਫਿਰ ਆਖਦੀ ਹੈ,
"ਵਿਜੇ, ਸੌਰੀ, ਮੇਰਾ ਇਹ ਮਤਲਵ ਨਹੀਂ ਸੀ, ਤੈਨੂੰ ਪਤਾ ਪਿੰਡਾਂ ਵਿਚ ਤਾਂ ਲੋਕ ਗੱਲ ਬਣਾਉਣ ਲਗੇ ਮਿੰਟ ਨਹੀਂ ਲਾਉਂਦੇ। ਸੌਰੀ ਵਿਜੇ, ਪਤਾ ਨਹੀਂ ਇਹ ਗੱਲ ਮੇਰੇ ਮੂੰਹ ਵਿਚੋਂ ਕਿਦਾਂ ਨਿਕਲ਼ ਗਈ!"

ਵਿਜੈ ਸ਼ਰਮਿੰਦਾ ਜਿਹਾ ਹੋਇਆ ਹੱਸਣ ਲਗਦਾ ਹੈ। ਮਨ ਹੀ ਮਨ ਆਖਦਾ ਹੈ ਕਿ ਤਾਈ ਸ਼ਾਇਦ ਸੱਚ ਈ ਬੋਲਦੀ ਹੋਵੇ। ਕਹਿੰਦਾ ਹੈ,
"ਪਹਿਲਾਂ ਤਾਂ ਕਦੇ ਮੈਨੂੰ ਇਹ ਗੱਲ ਕਹੀ ਨਹੀਂ ਕਿਸੇ ਨੇ।"
"ਮੈਂ ਵੀ ਕਦੇ ਬਹੁਤੀ ਨਹੀਂ ਸੁਣੀ, ਨਿਆਣੇ ਹੁੰਦੇ ਕਿਸੇ ਨੇ ਜੈਲਸੀ ਕਰਦਿਆਂ ਸ਼ਾਇਦ ਘੜ ਲਈ ਹੋਵੇ।"

ਵਿਜੈ ਬੀਅਰ ਦੇ ਦੋ ਵੱਡੇ ਘੁੱਟ ਭਰ ਕੇ ਕਹਿਣ ਲਗਦਾ ਹੈ,
"ਨਹੀਂ ਭਾਗੀ, ਮੈਨੂੰ ਪੂਰੀ ਗੱਲ ਦਸ, ਭਾਗੀ ਤੂੰ ਮੇਰੀ ਸਭ ਕੁਸ਼ ਐਂ ਦੋਸਤ ਵੀ, ਭੈਣ ਵੀ, ਮੇਰੇ ਨਾਲ ਸੱਚੀ ਗੱਲ ਕਰ, ਜੋ ਵੀ ਤੂੰ ਸੁਣਿਆਂ ਉਹ ਮੈਨੂੰ ਇਮਾਨਦਾਰੀ ਨਾਲ ਦੱਸ।"
"ਛੱਡ ਵਿਜੇ, ਮੈਂ ਗਲਤੀ ਨਾਲ਼ ਕੁਸ਼ ਗਲਤ ਬੋਲ ਬੈਠੀ ਆਂ, ....ਮੁਆਫ ਕਰ ਦੇ ਆਪੇ ਤਾਂ ਕਹਿਨਾਂ ਕਿ ਮੈਂ ਤੇਰੀ ਸਭ ਕੁਸ਼ ਆਂ, ਭੈਣ ਵੀ, ਦੋਸਤ ਵੀ, ਫੇਰ ਮੁਆਫ ਕਰ ਦੇ, ਮੁਆਫ ਕਰ ਦੇ ਵਿਜੇ ਯਾਰ!"

ਕਹਿੰਦੀ ਹੋਈ ਉਹ ਵਿਜੈ ਦੀ ਸੈਟੀ ਕੋਲ਼ ਗੋਡਿਆਂ ਭਾਰ ਬੈਠ ਜਾਂਦੀ ਹੈ ਤੇ ਉਸ ਦੇ ਵਾਲਾਂ ਵਿਚ ਹੱਥ ਫੇਰਨ ਲਗਦੀ ਹੈ। ਵਿਜੈ ਉਸ ਦੇ ਦੋਵੇਂ ਹੱਥ ਫੜ ਕੇ ਚੁੰਮਦਾ ਹੋਇਆ ਆਖਦਾ ਹੈ,
"ਭਾਗੀ, ਮੇਰੀ ਜਾਨ, ਸ਼ਾਇਦ ਤੇਰੀ ਕਹੀ ਗੱਲ ਸੱਚ ਹੋਵੇ, ਇਕ ਦਿਨ ਤਾਈ ਨੇ ਵੀ ਇਹ ਮਿਹਣਾ ਤਾਏ ਨੂੰ ਮਾਰਿਆ ਸੀ, ਮੈਂ ਸੁਣਿਆਂ ਸੀ, ਮਿੰਟ ਕੁ ਲਈ ਤਾਂ ਮੈਂ ਪਾਗਲ ਹੋਇਆ ਸੀ ਕਿ ਕੀ ਮੈਂ ਹਰਾਮਦਾਂ ਪਰ ਸ਼ਾਇਦ ਇਹ ਗੱਲ ਘੜੀ ਗਈ ਹੋਵੇ, ਪਰ ਅਜ ਤੂੰ ਵੀ ਕਿਹਾ ਸ਼ਾਇਦ ਸੱਚ ਵੀ ਹੋਵੇ ਪਰ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੋਵੇਗੀ ਜੇ ਮੈਂ ਤਾਏ ਦਾ ਪੁੱਤ ਹੋਵਾਂਗਾ।"

ਕਹਿੰਦਾ ਵਿਜੈ ਅੱਖਾਂ ਭਰ ਲੈਂਦਾ ਹੈ। ਭਾਗੀ ਉਸ ਦੀ ਗੱਲ੍ਹ ਤੇ ਚੁੰਮਣ ਦਿੰਦੀ ਹੋਈ ਉਠ ਖੜਦੀ ਹੈ ਤੇ ਕਹਿਣ ਲਗਦੀ ਹੈ,
"ਸੱਚ ਕੀ ਐ ਤੇ ਝੂਠ ਕੀ, ਮੈਂ ਇਹ ਗੱਲ ਸੁਣੀ ਐ ਕਿ ਤੇਰੀ ਮੰਮੀ ਤਾਏ ਨਾਲ਼ ਮੰਗੀ ਹੋਈ ਸੀ, ਤੇ ਤਾਇਆ ਜਾ ਕੇ ਤੇਰੀ ਮੰਮੀ ਨੂੰ ਮਿਲਿਆ ਕਰਦਾ ਸੀ ਤੇ ਤੂੰ ਆ ਗਿਆ ਪਰ ਕਿਸੇ ਨੂੰ ਪਤਾ ਨਹੀਂ ਸੀ, ਤਾਇਆ ਇੰਗਲੈਂਡ ਚੜ੍ਹ ਆਇਆ ਤੇ ਓਧਰ ਭਾਅ ਦੀਆਂ ਬਣ ਗਈਆਂ, ਫੇਰ ਸਭ ਨੇ ਸਲਾਹ ਕਰਕੇ ਤੇਰੀ ਮੰਮੀ ਦਾ ਵਿਆਹ ਤੇਰੇ ਡੈਡੀ ਨਾਲ ਕਰ ਦਿਤਾ।"
"ਜਦੋਂ ਤਾਈ ਨੇ ਇਹੋ ਗੱਲ ਕਹੀ ਸੀ ਤਾਂ ਮੈਂ ਏਦਾਂ ਦੇ ਅੰਦਾਜ਼ੇ ਹੀ ਲਾਏ ਸਨ ਪਰ ਮੈਨੂੰ ਸਹੀ ਨਹੀਂ ਜਾਪਦਾ।"
"ਮੈਨੂੰ ਵੀ ਲਗਦਾ ਕਿ ਇਹ ਸਭ ਝੂਠ ਆ ਪਰ ਜਦੋਂ ਤੇਰਾ ਤਾਇਆ ਇੰਗਲੈਂਡ ਆਇਆ ਤਾਂ ਤੁਹਾਡੇ ਘਰ ਦੇ ਦਿਨ ਬਦਲ ਗਏ ਤੇ ਲੋਕ ਈਰਖਾ ਕਰਨ ਲਗੇ ਤੇ ਉਦੋਂ ਹੀ ਇਹ ਕਹਾਣੀ ਘੜੀ ਹੋਵੇਗੀ।"
"ਭਾਗੀ, ਅਜ ਮੈਂ ਤੈਨੂੰ ਆਪਣੇ ਹੋਰ ਵੀ ਨੇੜੇ ਸਮਝਣ ਲਗਿਆਂ, ਅਜ ਤੂੰ ਮੈਨੂੰ ਆਪਣੀ ਆਪਣੀ ਜਾਪਦੀ ਐਂ, ਮੇਰੀ ਤਾਂ ਪਹਿਲਾਂ ਈ ਕੋਈ ਗੱਲ ਤੇਰੇ ਤੋਂ ਲੁਕੀ ਨਹੀਂ ਸੀ।"
"ਵਿਜੇ, ਤੇਰੇ ਬਿਨਾਂ ਮੇਰਾ ਇਥੇ ਕੋਈ ਨਹੀਂ, ਮੈਂ ਜਿੰਨੇ ਕੁ ਜੋਗੀ ਆਂ ਤੇਰੇ ਨਾਲ਼ ਆਂ।"
"ਭਾਗੀ, ਜੇ ਮੈਂ ਤਾਏ ਦਾ ਪੁੱਤ ਆਂ ਤਾਂ ਮੇਰੇ ਫਰਜ਼ ਹੋਰ ਵੀ ਵਧ ਜਾਂਦੇ ਆ ਕਿ ਉਹਦੀ ਇਜ਼ਤ ਵਧਾਵਾਂ, ਤੈਨੂੰ ਤੇ ਪਤਾ ਈ ਆ ਮੇਰਾ ਫਾਦਰ ਤਾਂ ਕੁਸ਼ ਕਰਨ ਜੋਗਾ ਨਹੀਂ ਸੀ, ਫਿਰ ਉਹਨੂੰ ਬਿਮਾਰੀ ਨੇ ਨਹੀਂ ਉਠਣ ਦਿਤਾ ਤੇ ਤਾਇਆ ਈ ਸਾਡਾ ਸਭ ਕੁਸ਼ ਸੀ ਤੇ ਹਾਲੇ ਵੀ ਐ।"

ਕਹਿਣ ਨੂੰ ਤਾਂ ਉਹ ਕਹਿ ਜਾਂਦਾ ਹੈ ਪਰ ਅੰਦਰੋਂ ਉਸ ਦੇ ਸਾਰੇ ਯਕੀਨ ਟੁੱਟਣ ਲਗਦੇ ਹਨ। ਉਹ ਆਪਣੇ ਆਪ ਨੂੰ ਹਰਾਮੀ ਨਹੀਂ ਅਖਵਾਉਣਾ ਚਾਹੁੰਦਾ। ਉਹ ਗਾਲ਼ ਸਹਿੰਦਾ ਹੋਇਆ ਨਹੀਂ ਜੀਅ ਸਕਦਾ। ਬੇਹਤਰ ਇਹੋ ਹੈ ਕਿ ਉਹ ਆਪ ਕਹੇ ਕਿ ਉਹ ਰਾਮ ਲਾਲ ਦਾ ਜੇਠਾ ਪੁੱਤ ਹੈ। ਇਕ ਪਲ ਲਈ ਤਾਏ ਤੇ ਆਪਣੀ ਮਾਂ ਨਾਲ ਨਫਰਤ ਜਿਹੀ ਉਸ ਦੇ ਮਨ ਵਿਚ ਤੈਰਨ ਲਗਦੀ ਹੈ ਪਰ ਦੂਜੇ ਹੀ ਪਲ ਉਸ ਨੂੰ ਤਾਏ ਦਾ ਬਹੁਤ ਮੋਹ ਆਉਂਦਾ ਹੈ। ਉਹ ਬੀਅਰ ਦੇ ਘੁੱਟ ਭਰਦਾ ਆਪਣੇ ਅੰਦਰਲੇ ਖੌਰੂ ਨੂੰ ਠੰਡਿਆਂ

ਕਰਨ ਦੀ ਕੋਸ਼ਿਸ਼ ਕਰਨ ਲਗਦਾ ਹੈ। ਉਹ ਰਾਤ ਦੇਰ ਤਕ ਭਾਗੀ ਕੋਲ ਹੀ ਬੈਠਾ ਰਹਿੰਦਾ ਹੈ ਤੇ ਰੋਟੀ ਖਾ ਕੇ ਉਥੇ ਹੀ ਸੌਂ ਜਾਂਦਾ ਹੈ। ਸਵੇਰੇ ਉਠ ਕੇ ਉਥੋਂ ਹੀ ਕੰਮ ਤੇ ਚਲੇ ਜਾਂਦਾ ਹੈ। ਬਸ ਚਲਾਉਂਦਾ ਉਸ ਕੁਝ ਸੋਚਣ ਦਾ ਯਤਨ ਕਰਦਾ ਹੈ ਪਰ ਉਸ ਤੋਂ ਕੁਝ ਨਹੀਂ ਸੋਚ ਹੋ ਰਿਹਾ। ਦਿਮਾਗ ਜਿਵੇਂ ਬੰਦ ਹੋ ਗਿਆ ਹੋਵੇ। ਉਹ ਵਰਦਿੰਗ ਤੋਂ ਆਪਣੀ ਡਿਊਟੀ ਸ਼ੁਰੂ ਕਰਦਾ ਹੈ। ਠੀਕ ਉਸੇ ਜਗਾਹ ਤੋਂ ਜਿਥੇ ਦੁੱਗਲ ਦੀ ਦੁਕਾਨ ਹੈ। ਹੁਣ ਉਹ ਦੁੱਗਲ ਦੀ ਦੁਕਾਨ ਵਲ ਦੇਖਣ ਦੀ ਕੋਸ਼ਿਸ਼ ਵੀ ਨਹੀਂ ਕਰਦਾ। ਉਸ ਦੇ ਕੰਮ ਦਾ ਰੂਟ ਵਰਦਿੰਗ ਤੋਂ ਬਰਾਈਰਟਨ ਤੋਂ ਹੁੰਦਾ ਹੋਇਆ ਅਗੇ ਹੇਸਟਿੰਗ ਤਕ ਹੈ। ਕਈ ਵਾਰ ਉਸ ਨੂੰ ਇਸ ਦੇ ਉਲਟ ਲਿਟਲਹੈਂਪਟਨ ਤੋਂ ਹੁੰਦੇ ਹੋਏ ਬੋਗਨਰ ਰੈਜਿਜ ਤਕ ਜਾਣਾ ਪੈਂਦਾ ਹੈ। ਦੋਨੋਂ ਹੀ ਰੂਟ ਉਸ ਦੇ ਮਨ ਭਾਉਂਦੇ ਹਨ। ਬਸ ਸਮੁੰਦਰ ਦੇ ਨਾਲ ਨਾਲ ਚਲਦੀ ਹੈ। ਰਸਤੇ ਵਿਚ ਸੈਂਕੜੇ ਸਵਾਰੀਆਂ ਉਤਰਦੀਆਂ ਚੜਦੀਆਂ ਹਨ। ਕਈ ਉਸ ਲਈ ਨਵੀਆਂ ਹੁੰਦੀਆ ਹਨ ਪਰ ਬਹੁਤੀਆਂ ਨਿਤ ਦੀਆਂ ਵਾਕਫ ਹੁੰਦੀਆ ਹਨ ਜੋ ਬਹੁਤ ਪਿਆਰ ਤੇ ਸਲੀਕੇ ਨਾਲ ਪੇਸ਼ ਆਉਂਦੀਆਂ ਹਨ। ਉਹ ਵੀ ਉਹਨਾਂ ਲਈ ਕਈ ਕਿਸਮ ਦੀ ਉਚੇਚ ਕਰ ਦਿੰਦਾ ਹੈ ਜਿਵੇਂ ਕੋਈ ਜ਼ਿਆਦਾ ਬੁੱਢੀ ਹੋਵੇ ਤਾਂ ਆਪਣੀ ਡਰਾਈਵਿੰਗ ਸੀਟ ਤੋਂ ਉਠ ਕੇ ਉਸ ਦੀ ਬੱਸ ਵਿਚ ਚੜਨ ਵਿਚ ਮਦਦ ਕਰ ਦਿੰਦਾ ਹੈ, ਕਿਸੇ ਕੋਲ ਭਾਰੀ ਸ਼ੌਪਿੰਗ ਹੋਵੇ ਤਾਂ ਉਹ ਉਠ ਕੇ ਸਵਾਰੀ ਦਾ ਸਮਾਨ ਚੁੱਕਣ ਵਿਚ ਮੱਦਦ ਕਰ ਦਿੰਦਾ ਹੈ। ਜੇ ਕੋਈ ਸਵਾਰੀ ਵੀਲ ਚੇਅਰ ਤੇ ਹੋਵੇ ਤਾਂ ਉਸ ਦਾ ਖਾਸ ਧਿਆਨ ਰੱਖਦਾ ਹੈ। ਸਵਾਰੀਆਂ ਦੀ ਸਿਹਤ ਬਾਰੇ ਪੁੱਛਣਾ ਤਾਂ ਉਸ ਲਈ ਆਮ ਜਿਹੀ ਗੱਲ ਹੈ। ਅਜਿਹੀਆਂ ਗੱਲਾਂ ਨੇ ਉਸ ਨੂੰ ਸਥਾਨਕ ਲੋਕਾਂ ਵਿਚ ਬਹੁਤ ਹਰਮਨ ਪਿਆਰਾ ਬਣਾਇਆ ਹੋਇਆ ਹੈ। ਪਿਛਲੇ ਸਾਲ ਜਦ ਵਰਦਿੰਗ ਡੀਪੂ ਦੇ ਸਭ ਤੋਂ ਵਧੀਆ ਤੇ ਹਰਮਨ ਪਿਆਰਾ ਡਰਾਈਵਰ ਦੀ ਚੋਣ ਕਰਨ ਲਈ ਸਵਾਰੀਆਂ ਦੀਆਂ ਵੋਟਾਂ ਪਵਾਈਆਂ ਗਈਆ ਤਾਂ ਬਹੁਤੀਆਂ ਵੋਟਾਂ ਮਿਸਟਰ ਸ਼ਰਮਾ ਦੇ ਹਿੱਸੇ ਹੀ ਆਈਆਂ।...

ਉਸ ਦੀ ਬਸ ਲਿਟਲਹੈਂਪਟਨ ਦੇ ਮੁੱਖ ਬਸ ਸਟੌਪ ਰੁਕਦੀ ਹੈ ਤਾਂ ਉਸ ਨੂੰ ਸਾਹਮਣੇ ਸੁਸ਼ਮਾ ਖੜੀ ਦਿਸਦੀ ਹੈ। ਸੁਸ਼ਮਾ ਉਸ ਨੂੰ ਦੇਖ ਕੇ ਖੁਸ਼ ਹੋ ਜਾਂਦੀ ਹੈ। ਉਸ ਦਾ ਆਪਣਾ ਚਿਹਰਾ ਵੀ ਖਿੜ ਜਾਂਦਾ ਹੈ। ਰਾਤ ਵਾਲੀਆਂ ਗੱਲਾਂ ਭੁੱਲ ਜਾਂਦੀਆਂ ਹਨ। ਉਹ ਸੁਸ਼ਮਾ ਨੂੰ ਪੁੱਛਦਾ ਹੈ,

“ਕੀ ਤੂੰ ਮੇਰੀ ਸੀ. ਆਈ. ਡੀ. ਕਰਦੀ ਫਿਰਦੀ ਐਂ?”

ਉਸ ਨੂੰ ਪਤਾ ਹੀ ਨਹੀਂ ਚਲਦਾ ਕਿ ਕਦ ਉਹ ਤੁਸੀਂ ਤੋਂ ਤੂੰ ਤੇ ਆ ਜਾਂਦਾ ਹੈ। ਸੁਸ਼ਮਾ ਆਖਦੀ ਹੈ,

“ਮੈਂ ਜਿਧਰ ਵੀ ਦੇਖਦੀ ਆਂ ਤੁਹਾਡੀਆਂ ਝੰਡੀਆਂ ਗੱਡੀਆਂ ਹੋਈਆਂ, ਵਰਦਿੰਗ ਦੇ ਕਿਸੇ ਬੰਦੇ ਨੂੰ ਮਿਲੀਏ ਤਾਂ ਤੁਹਾਡੀ ਗੱਲ ਕਰੇਗਾ, ਇਹਨਾਂ ਬੱਸਾਂ ਵਿਚ ਵੀ ਮਿਸਟਰ ਸ਼ਰਮਾ-ਮਿਸਟਰ ਸ਼ਰਮਾ ਹੋਈ ਪਈ ਐ, ਓਧਰ ਮੰਦਿਰ ਜਾਈਏ ਤਾਂ ਲੋਕ ਕਹਿੰਦਾ ਆ ਕਿ ਇਹ ਬੰਦਾ ਜੇ ਕਮੇਟੀ ਵਿਚ ਆ ਜਾਵੇ ਤਾਂ ਮੰਦਿਰ ਦਾ ਬਹੁਤ ਫਾਇਦਾ ਹੋ ਸਕਦੈ। ਮੈਂ ਕਹਾਂਗੀ ਯੂ ਹੈਵ ਬਿਊਟੀਫੁਲ ਮਾਈਂਡ!”

“ਇਹ ਰਮੇਸ਼ ਦੁੱਗਲ ਇਸੇ ਮਾਂਈਡ ਨੂੰ ਬਲੈਕ ਮੇਲ ਕਰ ਰਿਹੈ।”

“ਆਈ ਐਮ ਸੌਰੀ ਸ਼ਰਮਾ ਜੀ।”

ਉਸ ਨੂੰ ਲਗਦਾ ਹੈ ਜਿਵੇਂ ਸੁਸ਼ਮਾ ਅਪਰਾਧੀਆ ਵਾਂਗ ਹੱਥ ਜੋੜੀ ਖੜੀ ਹੋਵੇ। ਸੁਸ਼ਮਾ ਬਸ ਵਿਚ ਚੜਦੀ ਹੈ ਤਾਂ ਮਗਰੇ ਹੋਰ ਸਵਾਰੀਆਂ ਵੀ ਚੜ੍ਹਨ ਲਗਦੀਆਂ ਹਨ। ਸੁਸ਼ਮਾ ਨੂੰ ਇਕ ਪਾਸੇ ਜਿਹੇ ਕਰਕੇ ਉਥੇ ਹੀ ਖੜੇ ਰਹਿਣ ਲਈ ਕਹਿੰਦਾ ਹੈ। ਕੋਈ ਸਵਾਰੀ ਸੁਸ਼ਮਾ ਦੇ ਰਾਹ ਵਿਚ ਖੜਨ ਤੇ ਇਤਰਾਜ਼ ਕਰੇ ਤਾਂ ਉਹ ਇਕ ਦਮ ਕਹਿ ਉਠਦਾ ਹੈ,

“ਮਾਈ ਫਿਆਇੰਸੀ!”

“ਓ! ਸ਼ੀ ਇਜ਼ ਬਿਊਟੀਫੁਲ!”

ਕਹਿੰਦੀ ਹੋਈ ਸਵਾਰੀ ਅਗੇ ਲੰਘ ਜਾਂਦੀ ਹੈ। ਲਿਟਲਹੈਂਪਟਨ ਤੋਂ ਚੜੀ ਸੁਸ਼ਮਾ ਬਰਾਈਟਨ ਤਕ ਨਾਲ ਜਾਂਦੀ ਹੈ। ਉਥੋਂ ਵਿਜੈ ਆਪਣੇ ਇਨਸਪੈਕਟਰ ਨੂੰ ਫੋਨ ਕਰਕੇ ਛੁੱਟੀ ਲੈ ਲੈਂਦਾ ਹੈ ਤੇ ਸੁਸ਼ਮਾ ਨੂੰ ਲੈ ਕੇ ਇਕ ਚਿਨਾਰ ਨਾਂ ਦੇ ਭਾਰਤੀ ਰੈਸਟੋਰੈਂਟ ਵਿਚ ਜਾ ਬੈਠਦਾ ਹੈ। ਰੈਸਟੋਰੈਂਟ ਭਰਿਆ ਪਿਆ ਹੈ। ਵਿਜੈ ਸੋਚ ਰਿਹਾ ਹੈ ਕਿ ਭਾਰਤੀ ਰੈਸਟੋਰੈਂਟ ਤਾਂ ਸ਼ਾਮ ਵੇਲੇ ਹੀ ਵਿਅਸਤ ਹੁੰਦੇ ਹਨ ਪਰ ਇਹ ਦੁਪਿਹਰ ਨੂੰ ਹੀ ਇੰਨਾ ਚੱਲ ਰਿਹਾ ਹੈ। ਸੁਸ਼ਮਾ ਕਹਿੰਦੀ ਹੈ,

“ਕਿਵੇਂ ਐ ਤੁਹਾਡਾ ਮੂਡ?”

“ਮੂਡ ਤਾਂ ਮੌਕੇ ਨਾਲ ਬਦਲਦਾ ਰਹਿੰਦੈ ਬਸ ਇੰਨੀ ਗੱਲ ਐ ਕਿ ਤੁਹਾਡਾ ਮੂਡ ਤੁਹਾਡੇ ਤੇ ਹਾਵੀ ਨਾ ਹੋ ਜਾਵੇ।”

“ਇਹ ਗੱਲ ਵੀ ਠੀਕ ਐ ਤੁਹਾਡੀ, ...ਤਾਇਆ ਜੀ ਨਾਲ ਹੋਈ ਕੋਈ ਗੱਲ?”

“ਮੇਰਾ ਇਕ ਦੋਸਤ ਐ ਹੁਸ਼ਿਆਰ, ਸ਼ਾਇਦ ਮੈਂ ਗੱਲ ਵੀ ਕੀਤੀ ਹੋਵੇ ਕਿ ਉਸ ਦੇ ਵਿਆਹ ਨੂੰ ਕਈ ਸਾਲ ਹੋ ਗਏ ਪਰ ਬੱਚਾ ਨਹੀਂ ਹੋਇਆ।”

“ਇਕ ਲੇਡੀ ਮੇਰੇ ਕੋਲ ਵੀ ਇਲਾਜ ਲਈ ਆਈ ਸੀ ਇੰਗਲੈਂਡ ਤੋਂ ਈ ਗਈ ਹੋਈ ਸੀ ਪਰ ਮੈਂ ਉਹਦੀ ਕੋਈ ਮਦਦ ਨਹੀਂ ਸੀ ਕਰ ਸਕੀ।”

“ਜੇ ਵਕਤ ਲਗਿਆ ਤਾਂ ਇਹਨੂੰ ਵੀ ਦੇਖੀਂ ਖੈਰ ਉਹ ਇਕ ਫਾਰਮੂਲਾ ਤਿਆਰ ਕਰ ਰਿਹੈ।”

“ਕਿਹੜਾ ਫਾਰਮੂਲਾ?”

“ਦੇਖ, ਇਹ ਤਾਂ ਤੂੰ ਸਮਝਦੀ ਐਂ ਨਾ ਕਿ ਮਸਲਾ ਸਾਰਾ ਰਮੇਸ਼ ਤੇ ਅੰਮਰਤੀ ਨੇ ਖੜਾ ਕੀਤਾ ਐ।”

“ਬਿਲਕੁਲ, ਇਹਨਾਂ ਨੇ ਮੈਨੂੰ ਕਿਸੇ ਪਾਸੇ ਦੀ ਨਹੀਂ ਛੱਡਿਆ ਮੇਰਾ ਸਾਰਾ ਸਵੈਮਾਣ ਮਿਟੀ ਵਿਚ ਮਿਲਾ ਕੇ ਰੱਖ ਦਿਤਾ।”

“ਮੇਰੇ ਨਾਲ ਵੀ ਤੇ ਮੇਰੇ ਪਰਿਵਾਰ ਨਾਲ ਵੀ ਇਹੋ ਕੁਸ਼ ਹੋਇਐ ਅਸੀਂ ਤਾਂ ਸਦਾ ਲਈ ਇਹਨਾਂ ਨੂੰ ਡਿਸਔਨ ਕਰ ਦਿਤੈ, ਖੈਰ ਸਾਡਾ ਤਾਂ ਵਾਹ ਹੀ ਨਹੀਂ ਪਰ ਤੇਰੀ ਭੈਣ ਐ ਤੇ ਜੀਜਾ ਵੀ, ਜੇ ਤੂੰ ਇਹਨਾਂ ਨੂੰ ਸਦਾ ਲਈ ਛੱਡ ਸਕੇਂ ਤਾਂ ਹੁਸ਼ਿਆਰ ਆਪਣੇ ਵਲੋਂ ਤੇਰਾ ਵਿਆਹ ਕਰ ਦੇਵੇਗਾ।”

“ਮੇਰੇ ਵਲੋਂ ਤਾਂ ਵਿਆਹ ਹੋਵੇ ਜਾਂ ਨਾ ਹੋਵੇ ਇਹ ਦੋਵੇਂ ਹੁਣ ਓਪਰੇ ਆ। ਮੈਂ ਵਾਪਸ ਵੀ ਮੁੜਦੀ ਆਂ ਤਾਂ ਵੀ। ਕੱਲ ਪਿਤਾ ਜੀ ਨਾਲ਼ ਗੱਲਾਂ ਹੋਈਆਂ, ਮੈਂ ਸਾਰੀ ਗੱਲ ਦੱਸੀ ਉਹਨਾਂ ਨੂੰ, ਉਹ ਕਹਿੰਦੇ ਕਿ ਇਹਨਾਂ ਦੋਨਾਂ ਨੂੰ ਸਦਾ ਲਈ ਅਲਵਿਦਾ ਕਹਿ ਕਿ ਵਾਪਸ ਆ ਜਾਹ। ਸ਼ਰਮਾ ਜੀ, ਲੱਭੋ ਕੋਈ ਰਾਹ ਨਹੀਂ ਤਾਂ ਮੈਂ ਵਾਪਸ ਜਾਵਾਂ, ਉਥੇ ਮੇਰਾ ਬਹੁਤ ਨੁਕਸਾਨ ਹੁੰਦਾ ਪਿਐ।”

“ਮੈਂ ਜਲਦੀ ਈ ਕਿਸੇ ਦਿਨ ਤੈਨੂੰ ਹੁਸ਼ਿਆਰ ਵਲ ਲੈ ਚਲਾਂਗਾ।”

ਚੰਗੀ ਗੱਲ ਇਹ ਹੋਈ ਕਿ ਸੁਨੈਨਾ ਸੁਸ਼ਮਾ ਦੀ ਪੁਰਾਣੀ ਵਾਕਫ ਨਿਕਲ ਆਈ। ਹੁਸ਼ਿਆਰ ਦੇ ਫਾਰਮੂਲੇ ਨੂੰ ਹੋਰ ਵੀ ਮੱਦਦ ਮਿਲ ਗਈ।

## ਬਾਰਾਂ

ਹੁਸ਼ਿਆਰ ਦਾ ਫਾਰਮੂਲਾ ਕੰਮ ਕਰ ਜਾਂਦਾ ਹੈ। ਉਹਨਾਂ ਦਾ ਵਿਆਹ ਹੋ ਜਾਂਦਾ ਹੈ। ਹੁਸ਼ਿਆਰ ਆਪਣੇ ਘਰ ਬੇਦੀ ਲਿਆ ਕੇ ਫੇਰੇ ਕਰਵਾ ਦਿੰਦਾ ਹੈ ਤੇ ਫਿਰ ਇਕ ਹਾਲ ਵਿਚ ਪਾਰਟੀ ਕਰਦਾ ਹੈ। ਸ਼ਹਿਰ ਦੇ ਡੇੜ ਕੁ ਸੌ ਵਿਅਕਤੀ ਇਸ ਵਿਆਹ ਵਿਚ ਸ਼ਾਮਲ ਹੁੰਦੇ ਹਨ। ਮਿਲਣੀ ਤੋਂ ਲੈ ਕੇ ਡੋਲੀ ਤੋਰਨ ਤਕ ਦੀਆਂ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਅੰਮਰਤੀ ਤੇ ਰਮੇਸ਼ ਮਾਯੂਸ ਹੋਏ ਆਪਣੇ ਘਰ ਬੈਠੇ ਰਹਿ ਜਾਂਦੇ ਹਨ। ਸਾਰੇ ਖੁਸ਼ ਹਨ। ਤਾਇਆ ਬਹੁਤਾ ਖੁਸ਼ ਨਹੀਂ ਹੈ ਪਰ ਇੰਨਾ ਉਦਾਸ ਵੀ ਨਹੀਂ ਹੈ। ਉਸ ਨੂੰ ਮਾਣ ਹੈ ਕਿ ਵਿਜੈ ਨੇ ਉਸ ਦਾ ਇੰਨਾ ਮਾਣ ਰਖਿਆ ਹੈ। ਤਾਈ ਖੁਸ਼ ਹੈ ਕਿ ਉਹਨਾਂ ਨੂੰ ਕੋਈ ਖਰਚ ਨਹੀਂ ਕਰਨਾ ਪਿਆ। ਉਹ ਇਸ ਗੱਲ ਤੇ ਵੀ ਖੁਸ਼ ਹੈ ਕਿ ਸੁਸ਼ਮਾ ਦੀ ਦਿਤੀ ਦਵਾਈ ਨਾਲ ਉਸ ਨੂੰ ਕਾਫੀ ਅਰਾਮ ਹੈ, ਹੁਣ ਘਰ ਦੀ ਡਾਕਟਰ ਹੋ ਜਾਣ ਕਾਰਨ ਉਸ ਨੂੰ ਤਾਂ ਫਾਇਦਾ ਹੋਣਾ ਈ ਹੋਇਆ। ਹੁਸ਼ਿਆਰ ਦੇ ਇਸ ਕੰਮ ਕਾਰਨ ਲੋਕਾਂ ਵਿਚ ਉਸ ਦੀ ਸ਼ੋਭਾ ਵਧਦੀ ਹੈ। ਉਹ ਵੀ ਖੁਸ਼ ਹੈ ਕਿ ਕਿਸੇ ਦੇ ਕੰਮ ਆਇਆ। ਸੁਨੈਨਾ ਖੁਸ਼ ਹੈ ਕਿ ਆਪਣੀ ਪੁਰਾਣੀ ਡਾਕਟਰ ਦੇ ਕੰਮ ਆਈ ਤੇ ਇਸੇ ਬਹਾਨੇ ਉਸ ਨੂੰ ਇਕ ਵਧੀਆ ਸਹੇਲੀ ਮਿਲ ਗਈ ਹੈ। ਵਿਜੈ ਦੀਪਕ ਨੂੰ ਵੀ ਲੱਭ ਲਿਆਉਂਦਾ ਹੈ ਤੇ ਕੁਝ ਦਿਨ ਆਪਣੇ ਨਾਲ ਹੀ ਰੱਖਦਾ ਹੈ। ਦੀਪਕ ਦਾ ਘਰ ਰਹਿਣਾ ਸਭ ਨੂੰ ਚੰਗਾ ਲਗਦਾ ਹੈ ਪਰ ਦੀਪਕ ਕੈਦੀਆਂ ਵਾਂਗ ਮਹਿਸੂਸ ਕਰਨ ਲਗਦਾ ਹੈ। ਘਰ ਵਿਚ ਉਸ ਦੀਆਂ ਸਿਗਰਟਾਂ ਤੇ ਸ਼ਰਾਬ ਉਪਰ ਪਾਬੰਦੀ ਉਸ ਨੂੰ ਬਹੁਤ ਬੁਰੀ ਲਗਦੀ ਹੈ। ਉਸ ਦੇ ਕਪੜਿਆਂ ਨੂੰ ਲੈ ਕੇ ਤਾਈ ਉਸ ਨੂੰ ਟੋਕਦੀ ਰਹਿੰਦੀ ਹੈ। ਫਿਰ ਜਦੋਂ ਵੀ ਸਮਾਂ ਮਿਲੇ ਵਿਆਹ ਲਈ ਕਹਿਣ ਲਗਦੀ ਹੈ। ਉਹ ਆਪਣੀ ਮਾਂ ‘ਤੇ ਖਿਝਣ ਲਗਦਾ ਹੈ ਪਰ ਵਿਜੈ ਦੀ ਕੰਪਨੀ ਉਸ ਨੂੰ ਚੰਗੀ ਲਗਦੀ ਹੈ। ਵਿਜੈ ਗੱਲਾਂ-ਬਾਤਾਂ ਵਿਚ ਉਸ ਦਾ ਦਿਲ ਲਾਈ ਰੱਖਦਾ ਹੈ, ਇਸੇ ਲਈ ਦੀਪਕ ਕੁਝ ਦਿਨ ਟਿਕਿਆ ਰਹਿੰਦਾ ਹੈ।

ਵਿਆਹ ਵਿਚ ਵਿਜੈ ਦੇ ਸਾਰੇ ਦੋਸਤ ਆਉਂਦੇ ਹਨ। ਕੰਮ ਤੋਂ ਟੌਮ ਤੇ ਮਾਈਕਲ ਹਨ, ਮਲਕੀਤਾ ਤੇ ਉਸ ਦਾ ਭਰਾ, ਤੇ ਭਾਗੀ ਵੀ। ਭਾਗੀ ਤਾਂ ਉਹਨਾਂ ਦੇ ਘਰ ਦੇ ਜੀਅ ਵਾਂਗ ਹੈ। ਵਿਆਹ ਦੇ ਸਾਰੇ ਕੰਮ ਉਹ ਭੱਜ ਭੱਜ ਕੇ ਕਰਦੀ ਹੈ ਪਰ ਜਦ ਤਾਈ ਉਸ ਦੀ ਜਾਣ ਪੱਛਾਣ ਸੁਸ਼ਮਾ ਨਾਲ ਕਰਾਉਂਦੀ ਹੈ ਤਾਂ ਇਹ ਕਹਿ ਕੇ ਇਹ ਸਾਡੇ ਝੀਰਾਂ ਦੀ ਕੁੜੀ ਹੈ ਇਸ ਗੱਲ ਤੇ ਭਾਗੀ ਬਹੁਤ ਗੁੱਸੇ ਵਿਚ ਆ ਜਾਂਦੀ ਹੈ। ਵਿਆਹ ਤਾਂ ਕਿਸੇ ਨਾ ਕਿਸੇ ਤਰ੍ਹਾਂ ਲੰਘਾ ਜਾਂਦੀ ਹੈ ਪਰ ਬਾਅਦ ਵਿਚ ਕਿਧਰੇ ਨਜ਼ਰ ਨਹੀਂ ਆਉਂਦੀ।

ਨਵੀਂ ਜੋੜੀ ਕੁਝ ਦਿਨ ਤਾਏ ਦੇ ਘਰ ਰਹਿੰਦੀ ਹੈ ਤੇ ਫਿਰ ਆਪਣੇ ਘਰ ਚਲੇ ਜਾਂਦੀ ਹੈ। ਵਿਜੈ ਦਾ ਘਰ ਇੰਨਾ ਸਾਫ ਨਹੀਂ ਹੈ ਪਰ ਸੁਸ਼ਮਾ ਇਸ ਨੂੰ ਸਾਫ ਕਰਨ ਲਗਦੀ ਹੈ। ਸੁਨੈਨਾ ਉਸ ਦੀ ਮਦਦ ਲਈ ਆ ਜਾਂਦੀ ਹੈ। ਵਿਜੈ ਨੇ ਕੰਮ ਤੋਂ ਛੁੱਟੀਆਂ ਲਈਆਂ ਹੋਈਆਂ ਹਨ। ਉਸ ਨੂੰ ਜ਼ਿੰਦਗੀ ਖੂਬਸੂਰਤ ਲਗਣ ਲਗਦੀ ਹੈ। ਘਰ ਵਿਚ ਚੂੜੀਆਂ ਦੀ ਛਣ ਛਣ ਉਸ ਨੂੰ ਕੋਈ ਰੱਬੀ ਸੰਗੀਤ ਜਾਪਦੀ ਹੈ। ਸੁਸ਼ਮਾ ਦੀ ਘਰ ਵਿਚ ਹਾਜ਼ਰੀ ਇਕ ਸਵਰਗੀ ਝੂਟੇ ਵਾਂਗ ਲਗਦੀ ਹੈ। ਸੁਸ਼ਮਾ ਦਾ ਹਾਸਾ ਉਸ ਦੇ ਕੰਨਾਂ ਵਿਚ ਰਸ ਘੋਲਣ ਲਗਦਾ ਹੈ। ਉਸ ਨੂੰ ਲਗਦਾ ਹੈ ਕਿ ਸੁਸ਼ਮਾ ਨਾਲ ਵਿਆਹ ਕਰਾ ਕੇ ਉਸ ਨੇ ਜ਼ਿੰਦਗੀ ਦਾ ਬਹੁਤ ਸਹੀ ਫੈਸਲਾ ਕੀਤਾ ਹੈ। ਇਸ ਵਿਆਹੁਤਾ ਜ਼ਿੰਦਗੀ ਨੂੰ ਮਾਣਨ ਲਈ ਉਹ ਆਪਣੀਆਂ ਛੁੱਟੀਆਂ ਵਧਾ ਲੈਂਦਾ ਹੈ।

ਰਮੇਸ਼ ਜ਼ਖਮੀ ਹੋਇਆ ਫਿਰਦਾ ਹੈ। ਉਸ ਨੂੰ ਲਗਦਾ ਹੈ ਕਿ ਉਸ ਦੀ ਬਹੁਤ ਬੇਇਜ਼ਤੀ ਹੋਈ ਹੈ। ਜੇ ਵਿਜੈ ਨੇ ਵਿਆਹ ਕਰਾਉਣਾ ਹੀ ਸੀ ਤਾਂ ਉਸ ਦੀ ਅਪੇਖਿਆ ਕਿਉਂ ਕੀਤੀ ਗਈ। ਰਮੇਸ਼ ਬਾਹਰ ਲੋਕਾਂ ਕੋਲ ਆਪਣੇ ਗੁੱਸਾ ਕੱਢਦਾ ਕਹਿਣ ਲਗਦਾ ਹੈ ਕਿ ਵਿਜੈ ਨੂੰ ਡਾਕਟਰ ਪਤਨੀ ਮਿਲ ਗਈ ਹੈ ਹੁਣ ਉਹ ਅਰਾਮ ਨਾਲ ਬੈਠ ਕੇ ਖਾਵੇਗਾ ਤੇ ਪਤਨੀ ਕੰਮ ਕਰੇਗੀ। ਵਿਆਹ ਤੋਂ ਕੁਝ

ਦਿਨ ਬਾਅਦ ਸੁਸ਼ਮਾ ਦੇ ਮਾਂਪਿਓ ਵੀ ਹਲਕੀ ਜਿਹੀ ਸੁਰ ਵਿਚ ਇਹੋ ਗੱਲ ਆਖਣ ਲਗਦੇ ਹਨ ਕਿ ਵਿਜੈ ਨੂੰ ਐਡੀ ਸ਼ਖਸ਼ੀਅਤ ਦੀ ਮਾਲਕ ਕੁੜੀ ਮਿਲੀ ਹੈ ਜਿਸ ਦੇ ਉਹ ਕਾਬਲ ਨਹੀਂ ਹੈ ਪਰ ਵਿਆਹ ਇੰਨੇ ਨਖਰਿਆਂ ਨਾਲ ਕਿਉਂ ਕਰਵਾਇਆ ਹੈ। ਇਹ ਵੀ ਕਹਿਣ ਲਗਦੇ ਹਨ ਕਿ ਜੇ ਵਿਜੈ ਵਿਆਹ ਲਈ ਮੰਨਦਾ ਰਿਹਾ ਹੈ ਤਾਂ ਰਮੇਸ਼ ਨੂੰ ਕਿਉਂ ਬਾਹਰ ਰਖਿਆ ਗਿਆ। ਜਿੰਨੀ ਕੁ ਵਾਰੀ ਵਿਜੈ ਇੰਡੀਆ ਨੂੰ ਫੋਨ ਕਰਦਾ ਹੈ ਤਾਂ ਉਸ ਨੂੰ ਜਾਪਦਾ ਹੈ ਕਿ ਸੁਸ਼ਮਾ ਦੇ ਪਿਤਾ ਜੀ ਰਮੇਸ਼ ਬਾਰੇ ਇਵੇਂ ਗੱਲ ਕਰਦੇ ਹਨ ਜਿਵੇਂ ਉਹ ਬਹੁਤ ਵੱਡਾ ਬਿਜ਼ਨਸ ਮੈਨ ਹੈ ਤੇ ਵਿਜੈ ਸਿਰਫ ਇਕ ਡਰਾਈਵਰ ਹੈ। ਵਿਜੈ ਸੋਚਣ ਲਗਦਾ ਹੈ ਕਿ ਉਹ ਸੱਚਮੁਚ ਹੀ ਠਗਿਆ ਗਿਆ ਹੈ ਪਰ ਫਿਰ ਸੁਸ਼ਮਾ ਨੂੰ ਦੇਖਦਿਆਂ ਲਗਦਾ ਹੈ ਕਿ ਨਹੀਂ, ਸੁਸ਼ਮਾ ਜੋ ਹੈ ਸੱਚ ਹੈ। ਵਿਜੈ ਸੁਸ਼ਮਾ ਦੇ ਮਾਂ ਜਾਂ ਪਿਤਾ ਜੀ ਨਾਲ ਗੱਲ ਕਰਨ ਤੋਂ ਕਤਰਾਉਂਦਾ ਰਹਿੰਦਾ ਹੈ। ਕਦੇ ਫੋਨ ਆਵੇ ਤਾਂ ਉਹ ਸੁਸ਼ਮਾ ਨੂੰ ਇਸ਼ਾਰਾ ਕਰ ਦਿੰਦਾ ਹੈ ਕਿ ਕਹਿ ਦੇਵੇ ਕਿ ਉਹ ਬਾਥ ਰੂਮ ਵਿਚ ਹੈ।

ਹੌਲੀ ਹੌਲੀ ਹਨੀਮੂਨ ਵਾਲਾ ਨਸ਼ਾ ਉਤਰਨ ਲਗਦਾ ਹੈ। ਸਭ ਤੋਂ ਪਹਿਲਾਂ ਤਾਂ ਉਸ ਨੂੰ ਦਿਸਦਾ ਹੈ ਕਿ ਉਸ ਦਾ ਬੈਂਕ ਬੈਲੰਸ ਲਾਲ ਅੱਖਰਾਂ ਵਿਚ ਪੁੱਜ ਰਿਹਾ ਹੈ। ਕਰੈਡਿਟ ਕਾਰਡ ਭਰ ਚੁੱਕੇ ਹਨ। ਗੈਸ ਤੇ ਬਿਜਲੀ ਦੇ ਬਿੱਲ ਆਏ ਪਏ ਹਨ। ਐਤਕੀਂ ਟੈਲੀਫੋਨ ਦਾ ਬਿੱਲ ਤਾਂ ਅਸਮਾਨ ਛੂਹ ਰਿਹਾ ਹੈ। ਇਸ ਵਾਰ ਇੰਡੀਆ ਨੂੰ ਫੋਨ ਬਹੁਤ ਕੀਤਾ ਗਿਆ ਹੈ। ਸੁਸ਼ਮਾ ਫਗਵਾੜੇ ਨੂੰ ਕਰਦੀ ਰਹੀ ਹੈ ਤੇ ਵਿਜੈ ਦਿੱਲੀ ਨੂੰ। ਦੋਵੇਂ ਰਲ਼ ਕੇ ਵੀ ਕਰਦੇ ਰਹੇ ਹਨ। ਇਸ ਲਈ ਹੁਣ ਉਹ ਕੰਮ ਤੇ ਵਾਪਸ ਜਾਣਾ ਚਾਹੁੰਦਾ ਹੈ ਤੇ ਓਵਰ ਟਾਈਮ ਲਾ ਲਾ ਕੇ ਇਹ ਸਾਰੇ ਖਰਚੇ ਪੂਰੇ ਕਰਨੇ ਚਾਹੁੰਦਾ ਹੈ। ਉਹ ਕੰਮ ਤੇ ਚਲੇ ਜਾਂਦਾ ਹੈ। ਉਸ ਨੂੰ ਕੰਮ ਤੇ ਕਰਨਾ ਬਹੁਤ ਔਖਾ ਲਗ ਰਿਹਾ ਹੈ ਪਰ ਕੰਮ ਕਰਨਾ ਤਾਂ ਪੈਣਾ ਹੀ ਹੈ। ਉਸ ਦਾ ਕੰਮ ਵਿਚ ਦਿਲ ਬਿਲਕੁਲ ਨਹੀਂ ਲਗ ਰਿਹਾ। ਉਹ ਮੁੜ ਮੁੜ ਕੇ ਸੁਸ਼ਮਾ ਨੂੰ ਫੋਨ ਕਰਦਾ ਹੈ।

ਘਰ ਬੈਠੀ ਸੁਸ਼ਮਾ ਕਦੇ ਕਦੇ ਇਹਨਾਂ ਦਿਨਾਂ ਵਿਚ ਬੀਤੀਆਂ ਘਟਨਾਵਾਂ ਬਾਰੇ ਸੋਚਣ ਲਗਦੀ ਹੈ, ਕਿਵੇਂ ਸਭ ਨੇ ਰਲ਼ ਕੇ ਉਸ ਨੂੰ ਸਿਫਰ ਬਣਾ ਰਖਿਆ ਹੈ, ਪਤਾ ਨਹੀਂ ਕਿਹੜੇ ਲਾਲਚ ਅਧੀਨ ਜੀਜਾ ਜੀ ਨੇ ਰਿਸ਼ਤੇ ਲਈ ਕਾਹਲ਼ ਕੀਤੀ, ਇਹ ਵੀ ਨਹੀਂ ਸੋਚਿਆ ਕਿ ਉਸ ਦੇ ਰੁਤਬੇ ਦਾ ਮੁੰਡਾ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ। ਪਿਤਾ ਜੀ ਨੇ ਵੀ ਇਹ ਗੱਲ ਨਹੀਂ ਸੋਚੀ, ਅੱਤਵਾਦੀਆਂ ਦੇ ਬਹਾਨੇ ਨਾਲ ਉਸ ਨੂੰ ਇੰਗਲੈਂਡ ਚਾੜ ਦਿਤਾ। ਝਾਈ ਨੇ ਵੀ ਨਹੀਂ ਸੋਚਿਆ ਕਿ ਉਸ ਦੀ ਧੀ ਦੇ ਵੀ ਕੋਈ ਚਾਅ ਹੋਣਗੇ। ਵਿਆਹ ਵੇਲੇ ਸੁਹਣੇ ਸੁਹਣੇ ਕਪੜਿਆਂ ਦਾ ਚਾਅ ਸਿਰਫ ਇਕ ਅਟੈਚੀ ਭਰ ਕਪੜਿਆਂ ਵਿਚ ਸਿਮਟ ਕੇ ਰਹਿ ਜਾਂਦਾ ਹੈ। ਮਾੜਾ ਮੋਟਾ ਬਣਾਇਆ ਹੋਇਆ ਦਹੇਜ ਪਿਤਾ ਜੀ ਦੀ ਕੋਠੀ ਦੇ ਪਤਾ ਨਹੀਂ ਕਿਹੜੇ ਖੂੰਜੇ ਪਿਆ ਹੋਵੇਗਾ। ਉਸਦੇ ਵਿਆਹ ਦੇ ਵੱਡੇ ਸਾਰੇ ਜਸ਼ਨ ਦਾ ਸੁਫਨਾ ਵੀ ਥੋੜੇ ਜਿਹੇ ਲੋਕਾਂ ਵਿਚ ਸੁੰਗੜ ਜਾਂਦਾ ਹੈ। ਉਹ ਜੀਜਾ ਜੀ ਤੇ ਦੀਦੀ ਨੂੰ ਗੱਲਾਂ ਕਰਦਿਆਂ ਸੁਣ ਲੈਂਦੀ ਹੈ ਕਿ ਘਰ ਦੀ ਬੈਠਕ ਜੋਗੇ ਮਹਿਮਾਨ ਹੀ ਬੁਲਾਏ ਜਾਣਗੇ। ਦੀਦੀ ਨੇ ਉਸ ਨੂੰ ਇਹ ਵੀ ਪੁੱਛਦੀ ਹੈ ਕਿ ਉਹ ਇੰਡੀਆ ਤੋਂ ਵਿਆਹ ਲਈ ਕਿੰਨੇ ਕੁ ਪੌਂਡ ਲਿਆਈ ਹੈ ਤਾਂ ਉਹ ਹੈਰਾਨ ਹੋ ਜਾਂਦੀ ਹੈ ਕਿਉਂਕਿ ਫੋਨ ਉਪਰ ਤਾਂ ਦੀਦੀ ਕਹਿੰਦੀ ਰਹੀ ਹੈ ਕਿ ਉਹ ਕੁਝ ਨਾ ਲਿਆਵੇ ਇਥੇ ਸਭ ਕੁਝ ਮਿਲ ਜਾਂਦਾ ਹੈ। ਜੀਜਾ ਜੀ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਉਹ ਖਾਲੀ ਹੱਥ ਆ ਗਈ ਹੈ। ਇਸ ਤੋਂ ਬਾਅਦ ਜਿਹੜਾ ਹਜ਼ਾਰ ਪੌਂਡ ਉਹ ਐਮਰਜੈਂਸੀ ਲਈ ਇੰਡੀਆ ਤੋਂ ਆਪਣੇ ਨਾਲ ਲਿਆਈ ਸੀ ਉਹ ਵੀ ਉਸ ਨੇ ਦੱਬ ਲੈਂਦੀ ਹੈ। ਕਦੇ ਕਦੇ ਤਾਂ ਉਹ ਬਹੁਤ ਹੀ ਡਰਨ ਲਗਦੀ ਕਿ ਵਿਜੈ ਦੇ ਵਿਆਹ ਲਈ ਨਾ ਮੰਨਣ ਕਾਰਨ ਪਤਾ ਨਹੀਂ ਉਸ ਨੂੰ ਕਿ ਹਲਾਤ ਵਿਚ ਦੀ ਲੰਘਣਾ ਪਵੇਗਾ। ਇਕ ਵੇਲੇ ਤਾਂ ਉਸ ਨੂੰ ਇਹੋ ਲਗ ਰਿਹਾ ਹੈ ਕਿ ਉਹ ਇਕੱਲੀ ਇਕ ਪਾਸੇ ਹੈ ਤੇ ਬਾਕੀ ਸਾਰੀ ਦੁਨੀਆਂ ਇਕ ਪਾਸੇ ਹੈ। ਇਹ ਤਾਂ ਭਲਾ ਹੋਵੇ ਸੁਨੈਨਾ ਤੇ ਉਸ ਦੇ ਪਤੀ ਦਾ ਜੋ ਮੌਕੇ ਤੇ ਉਸ ਨਾਲ ਖੜ ਜਾਂਦੇ ਹਨ ਤੇ ਥੋੜੀ ਜਿਹੀ ਇਜ਼ਤ ਨਾਲ ਵਿਆਹ ਹੋ ਗਿਆ ਹੈ ਨਹੀਂ ਤੇ ਕਿਸੇ ਨੇ ਉਸ ਨੂੰ ਤਬਾਹ ਕਰਨ ਦੀ ਕਸਰ ਨਹੀਂ ਛੱਡੀ। ਇਸ ਗੱਲ ਦਾ ਉਸ ਦੇ ਮਨ ਵਿਚ ਹਾਲੇ ਵੀ ਬਹੁਤ ਦੁੱਖ ਹੈ ਕਿ ਵਿਆਹ ਵਿਚ ਉਸ ਦਾ ਕੋਈ ਆਪਣਾ ਹਾਜ਼ਰ ਹੀ ਨਾ ਹੋਵੇ। ਜੇ ਦੀਦੀ ਨਹੀਂ ਤਾਂ ਪਿਤਾ ਜੀ ਤਾਂ ਆ ਹੀ ਜਾਂਦੇ। ਉਹ ਪਿਤਾ ਜੀ ਨੂੰ ਫੋਨ ਕਰਕੇ ਵਿਆਹ ਦੀ ਤਰੀਕ ਬਾਰੇ ਦਸਦੀ ਵੀ ਹੈ ਪਰ ਪਿਤਾ ਜੀ ਕਹਿਣ ਲਗਦੇ ਹਨ ਕਿ ਚੁੱਪ ਕਰਕੇ ਜਲਦੀ ਤੋਂ ਜਲਦੀ ਵਿਆਹ ਕਰਾ ਲਵੇ। ਜਿਵੇਂ ਵਿਆਹ ਨਾ ਹੋਵੇ ਕੋਈ ਗੱਡੀ ਫੜਨੀ ਹੋਵੇ। ਉਸ ਨੂੰ ਵਿਜੈ ਤੇ ਨਾਲ ਵੀ ਗਿਲਾ ਹੈ ਕਿ ਉਸ ਨੇ ਉਸ ਤੋਂ ਵਿਆਹ ਲਈ ਕਿਵੇਂ ਤਰੀਕੇ ਤਰੀਕੇ ਨਾਲ ਲੇਲੜੀਆਂ ਕਢਵਾਈਆਂ ਹਨ ਪਰ ਫਿਰ ਵੀ ਵਿਜੈ ਉਸ ਨੂੰ ਇਮਾਨਦਾਰ ਇਨਸਾਨ ਲਗਦਾ ਹੈ। ਉਸ ਨੂੰ ਪਤਾ ਕਿ ਜੇ ਵਿਜੈ ਨੂੰ ਉਸ ਨੇ ਖਾਸ ਢੰਗ ਅਪਣਾ ਕੇ ਪ੍ਰਭਾਵਤ ਨਾ ਕੀਤਾ ਹੁੰਦਾ ਤਾਂ ਇਹ ਵਿਆਹ ਸ਼ਾਇਦ ਨਾ ਹੀ ਹੁੰਦਾ। ਉਹ ਬਹੁਤ ਡਰਦੀ ਰਹੀ ਹੈ ਕਿ ਜੇ ਵਾਪਸ ਮੁੜ ਗਈ ਤਾਂ ਇਹ ਬਹੁਤ ਬੇਇਜ਼ਤੀ ਵਾਲੀ ਗੱਲ ਹੋਵੇਗੀ। ਕਿਸੇ ਨੂੰ ਕੀ ਮੂੰਹ ਦਿਖਾਵੇਗੀ!

ਉਹ ਵਿਜੈ ਦਾ ਘਰ ਦੇਖ ਕੇ ਵੀ ਬਹੁਤ ਦੁਖੀ ਹੁੰਦੀ ਹੈ। ਉਹ ਸੋਚਣ ਲਗਦੀ ਹੈ ਕਿ ਉਹ ਕਿਥੇ ਆ ਫਸੀ ਹੈ। ਨਿਕਾ ਜਿਹਾ ਗੰਦਾ ਘਰ। ਇਸ ਤੋਂ ਵੱਡੇ ਤਾ ਉਹਨਾਂ ਦੇ ਨੌਕਰਾਂ ਦੇ ਕਵਾਟਰ ਹਨ। ਉਪਰਲੇ ਤਿੰਨ ਕਿਰਾਏ ਤੇ ਹਨ। ਓਪਰੇ ਜਿਹੇ ਲੋਕ ਘਰ ਵਿਚ ਤੁਰੇ ਫਿਰਦੇ ਉਸ ਨੂੰ ਚੰਗੇ ਨਹੀਂ ਲਗਦੇ। ਕਈ ਵਾਰ ਉਸ ਦਾ ਰੋਜ਼ ਨਿਕਲ ਜਾਂਦਾ ਹੈ ਤੇ ਕਿੰਨਾ ਚਿਰ ਤਕ ਰੋਂਦੀ ਰਹਿੰਦੀ ਹੈ। ਕੋਈ ਚੁੱਪ ਕਰਾਉਣ ਵਾਲਾ ਨਾ ਹੋਵੇ ਤਾਂ ਕੋਈ ਕਿੰਨੀ ਕੁ ਦੇਰ ਰੋ ਸਕਦਾ ਹੈ। ਦੀਦੀ ਨੂੰ ਵਿਆਹ ਤੇ ਨਹੀਂ ਸਦਿਆ ਗਿਆ ਇਸ

ਵਿਚ ਦੀਦੀ ਦਾ ਕਸੂਰ ਹੋ ਸਕਦਾ ਹੈ ਜਾਂ ਵਿਜੈ ਦਾ ਪਰ ਉਸ ਦਾ ਤਾਂ ਕੋਈ ਕਸੂਰ ਨਹੀਂ ਹੈ, ਮੁੜ ਕੇ ਦੀਦੀ ਨੇ ਉਸ ਨੂੰ ਫੋਨ ਤਕ ਨਹੀਂ ਕੀਤਾ। ਉਹ ਘਰ ਵਿਚ ਦੀਦੀ ਦੀ ਜਾਂ ਜੀਜਾ ਜੀ ਦੀ ਕੋਈ ਗੱਲ ਤਕ ਨਹੀਂ ਕਰਦੀ ਕਿ ਕਿਤੇ ਵਿਜੈ ਨਰਾਜ਼ ਨਾ ਹੋ ਜਾਵੇ।

ਉਹ ਵਿਜੈ ਦੇ ਚਿਹਰੇ ਤੋਂ ਭਾਂਪ ਲੈਂਦੀ ਕਿ ਹੈ ਕਿ ਉਹ ਕਿਸੇ ਮੁਸੀਬਤ ਵਿਚ ਹੈ। ਇਕ ਦਿਨ ਵਿਜੈ ਘਰ ਦੇ ਬਿੱਲ ਫਰੋਲ ਰਿਹਾ ਹੈ। ਬਾਅਦ ਵਿਚ ਉਹ ਸਾਰੇ ਬਿੱਲ ਦੇਖਦੀ ਹੈ। ਇਕ ਸੌ ਪੰਦਰਾਂ ਪੌਂਡ ਬਿਜਲੀ ਦਾ ਬਿੱਲ, ਇਕ ਸੌ ਪੱਚੀ ਪੌਂਡ ਗੈਸ ਦਾ ਬਿੱਲ, ਇਕ ਸੌ ਚਾਲੀ ਪੌਂਡ ਫੋਨ ਬਿੱਲ, ਚਾਰ ਸੌ ਪੌਂਡ ਘਰ ਦੀ ਕਿਸ਼ਤ। ਤੇ ਵਿਜੈ ਆਪ ਦਸਦਾ ਹੈ ਕਿ ਉਸ ਦੀ ਤਨਖਾਹ ਢਾਈ ਸੌ ਪੌਂਡ ਹਫਤਾ ਹੈ। ਉਹ ਵਿਜੈ ਨੂੰ ਆਖਣ ਲਗਦੀ ਹੈ,

"ਸ਼ਰਮਾ ਜੀ, ਕਿਉਂ ਨਾ ਮੈਂ ਆਪਣੀ ਪਰੈਕਟਸ ਸ਼ੁਰੂ ਕਰ ਲਵਾਂ, ਘਰ ਬੈਠੀ ਬੋਰ ਹੋ ਰਹੀ ਆਂ, ਮੇਰਾ ਟਾਈਮ ਵੀ ਪਾਸ ਹੋ ਜਾਵੇਗਾ ਤੇ ਚਾਰ ਪੌਂਡ ਵੀ ਆਉਣਗੇ, ਘਰ ਦੇ ਖਚਰੇ ਲਈ ਹੱਥ ਸੌਖਾ ਹੋ ਜਾਵੇਗਾ।"

"ਨਹੀਂ, ਰਮੇਸ਼ ਪਹਿਲਾਂ ਈ ਕਹਿੰਦਾ ਫਿਰਦੈ ਕਿ ਹੁਣ ਏਹਦੀ ਵਾਈਫ ਕੰਮ ਕਰੇਗੀ ਤੇ ਇਹ ਬੈਠ ਕੇ ਖਾਵੇਗਾ।"

"ਤੁਸੀਂ ਕਿਹੜੀਆਂ ਗੱਲਾਂ ਕਰਦੇ ਓ! ਲੋਕ ਤਾਂ ਜੈਲਸੀ ਕਰਦੇ ਰਹਿੰਦੇ ਆ ਵਰਨਾ ਲੋਕਾਂ ਦੀਆਂ ਪਤਨੀਆਂ ਕਰਦੀਆਂ ਈ ਆਂ, ਇਥੇ ਸਭ ਔਰਤਾਂ ਕੰਮ ਕਰ ਹਰੀਆਂ, ਦੀਦੀ ਆਪ ਦੁਕਾਨ ਵਿਚ ਖੜਦੀ ਐ।"

"ਦੇਖਦੇ ਆਂ ਕਿ ਕੀ ਬਣਦਾ ਪਰ ਹਾਲੇ ਹੋਲਡ ਦਾ ਹੌਰਸ!"

"ਪਰ ਮੈਂ ਬੋਰ ਹੋਈ ਪਈ ਆਂ।"

"ਇਹਦਾ ਇੰਤਜ਼ਾਮ ਮੈਂ ਸੋਚ ਲਿਆ, ਇਕ ਤਾਂ ਤੂੰ ਇਥੇ ਦਾ ਡਰਾਈਵਿੰਗ ਟੈਸਟ ਪਾਸ ਕਰ ਲੈ ਤੇ ਦੂਜੇ ਆਪਾਂ ਬੇਵੀ ਲੈ ਲਈਏ।"

"ਹੁਣੇ ਈ?"

"ਹੋਰ ਕੀ, ਜਿਹੜੇ ਇਕ ਦੋ ਲੈਣੇਂ ਆਂ ਹੁਣੇ ਈ ਲੈ ਲਈਏ ਤੇ ਫਿਰ ਵਿਹਲੇ ਹੋਈਏ। ਬਾਅਦ ਵਿਚ ਆਪਾਂ ਲਾਈਫ ਇੰਜੁਆਏ ਕਰਾਂਗੇ, ਜੇ ਲੇਟ ਬੱਚੇ ਲਏ ਤਾਂ ਓਨੇ ਈ ਲੇਟ ਵਿਹਲੇ ਹੋਵਾਂਗੇ।"

"ਮੈਂ ਇਹ ਸੋਚਿਆ ਕਿ ਹਰ ਸੈਚਰਡੇ ਤੁਸੀਂ ਮੰਦਿਰ ਜਾਂਦੇ ਓ ਮੈਂ ਵੀ ਇਕ ਪਾਸੇ ਬੈਠ ਕੇ ਲੇਡੀਜ਼ ਦੀਆਂ ਬਿਮਾਰੀਆਂ ਦੀ ਹੈਲਪ ਕਰ ਦਿਆ ਕਰਾਂ।"

"ਠੀਕ ਐ, ਦੋ ਘੰਟੇ ਤੂੰ ਵੀ ਚਲਿਆ ਕਰ। ਪਰ ਪੈਸੇ ਨਾ ਮੰਗਣ ਲਗ ਪਈਂ।"

"ਨਹੀਂ ਸ਼ਰਮਾ ਜੀ, ਮੈਂ ਸੋਚਿਆ ਕਿ ਇਹ ਕੰਮ ਦੇਰ ਸਵੇਰ ਕਰਨਾ ਈ ਪੈਣੈਂ, ਲੋਕਾਂ ਨੂੰ ਮੁਫਤ ਦੀ ਦਵਾਈ ਦੀ ਆਦਤ ਨਾ ਪਾਈਏ, ਇੱਦਾਂ ਲੋਕਾਂ ਦੀਆਂ ਉਮੀਦਾਂ ਹੋਰ ਤਰ੍ਹਾਂ ਦੀਆਂ ਹੋਣ ਜਾਣਗੀਆਂ। ਆਪਾਂ ਇਹ ਕਹੀਏ ਕਿ ਦਵਾਈ ਦੇ ਪੈਸੇ ਮੰਦਿਰ ਦੀ ਬਿਲਡਿੰਗ ਫੰਡ ਵਿਚ ਪਾਈ ਜਾਣ ਤੇ ਜਦੋਂ ਆਪਾਂ ਆਪਣਾ ਕੰਮ ਸ਼ੁਰੂ ਕਰਾਂਗੇ ਤਾਂ ਲੋਕਾਂ ਦੀ ਆਦਤ ਕਾਇਮ ਰਹੇਗੀ।"

"ਬਹੁਤ ਚਲਾਕ ਐਂ।"

"ਨਹੀਂ, ਮੈਂ ਚਲਾਕ ਨਹੀਂ ਆਂ ਜੇ ਚਲਾਕ ਹੁੰਦੀ ਤਾਂ ਆਹ ਸਾਰੀ ਮਾਨਸਿਕ ਤਕਲੀਫ ਵਿਚ ਦੀ ਨਾ ਲੰਘਦੀ।"

"ਚਲ ਛੱਡ, ਉਹ ਸਭ ਤਾਂ ਬਹੁਤ ਪਿੱਛੇ ਰਹਿ ਗਿਆ।"

ਉਹ ਕਾਰ ਸਿੱਖਣ ਦੇ ਸਬਕ ਲੈਣ ਲਗਦੀ ਹੈ। ਬੇਵੀ ਵੀ ਠਹਿਰ ਜਾਂਦਾ ਹੈ। ਮੰਦਿਰ ਵਿਚ ਜਾ ਕੇ ਔਰਤਾਂ ਦੀਆਂ ਬਿਮਾਰੀਆਂ ਬਾਰੇ ਸਲਾਹਾਂ ਦੇਣ ਲਗਦੀ ਹੈ। ਉਹ ਦੋਵੇਂ ਤਾਏ ਦੇ ਘਰ ਆਮ ਵਾਂਗ ਜਾਂਦੇ ਹਨ। ਸੁਸ਼ਮਾ ਤਾਈ ਦੇ ਘਰ ਦੇ ਕੰਮਾਂ ਵਿਚ ਮਦਦ ਕਰ ਦਿੰਦੀ ਹੈ। ਹੁਸ਼ਿਆਰ ਤੇ ਸੁਨੈਨਾ ਨਾਲ ਬੈਠਣੀ ਉਠਣੀ ਹੁੰਦੀ ਰਹਿੰਦੀ ਹੈ। ਅਜ ਕਲ ਹੁਸ਼ਿਆਰ ਕੁਝ ਪਰੇਸ਼ਾਨ ਹੈ। ਹੁਸ਼ਿਆਰ ਆਪਣੇ ਪਿਓ ਦਾ ਇਕੱਲਾ ਪੁੱਤ ਹੈ ਪਰ ਉਸ ਦੀਆਂ ਦੋ ਭੈਣਾਂ ਵੀ ਹਨ। ਉਸ ਦੀ ਦਸ ਏਕੜ ਜ਼ਮੀਨ ਜਲੰਧਰ ਛਾਉਣੀ ਦੇ ਨਾਲ ਲਗਦੀ ਹੈ। ਜਿਸ ਦੀ ਕੀਮਤ ਕਰੋੜਾਂ ਵਿਚ ਹੈ। ਇਕ ਤਾਂ ਹੁਸ਼ਿਆਰ ਦੇ ਬੱਚਾ ਨਹੀਂ ਹੈ ਤੇ ਦੂਜੇ ਉਹ ਇੰਡੀਆ ਘੱਟ ਵਧ ਹੀ ਜਾਂਦਾ ਹੈ ਇਸ ਲਈ ਉਸ ਦੇ ਦੋਵੇਂ ਭਣੋਈਏ ਉਸ ਦੀ ਜ਼ਮੀਨ ਹੜੱਪਣ ਲਈ ਤਿਆਰ ਬੈਠੇ ਹਨ। ਉਸ ਦੀ ਮਾਂ ਤੇ ਭੈਣਾਂ ਉਸ ਦਾ ਹੋਰ ਵਿਆਹ ਕਰਨਾ ਚਾਹੁੰਦੀਆਂ ਹਨ ਪਰ ਹੁਸ਼ਿਆਰ ਨੂੰ ਔਲਾਦ ਨਾਲੋਂ ਸੁਨੈਨਾ ਜ਼ਿਆਦਾ ਪਿਆਰੀ ਹੈ। ਇਸ ਲਈ ਉਹ ਅਕਸਰ ਆ ਕੇ ਆਪਣੇ ਦੁੱਖੜੇ ਵਿਜੈ ਕੋਲ ਫਰੋਲਦਾ ਰਹਿੰਦਾ ਹੈ। ਸੁਸ਼ਮਾ ਨੂੰ ਦੁੱਖ ਹੈ ਕਿ ਉਹ ਸੁਨੈਨਾ ਲਈ ਕੁਝ ਨਹੀਂ ਕਰ ਪਾ ਰਹੀ। ਉਸ ਨੇ ਕੋਖ ਨਾਲ ਸਬੰਧਤ ਬਹੁਤ ਸਾਰੇ ਕੇਸ ਠੀਕ ਕੀਤੇ ਹਨ ਪਰ ਸੁਨੈਨਾ ਵੇਲੇ ਉਹ ਹਾਰ ਗਈ ਹੈ। ਸੁਨੈਨਾ ਨੂੰ ਮਿਲਦੇ ਸਮੇਂ ਉਹ ਆਪਣੇ ਆਪ ਨੂੰ ਦੋਸ਼ੀ ਸਮਝਣ ਲਗਦੀ ਹੈ।...

ਕਦੇ ਕਦੇ ਵਿਜੈ ਇਹ ਜਾਨਣ ਦੀ ਕੋਸ਼ਿਸ਼ ਕਰਦਾ ਹੈ ਕਿ ਸੁਸ਼ਮਾ ਦੇ ਮਨ ਵਿਚ ਕੀ ਚਲ ਰਿਹਾ ਹੋਵੇਗਾ ਪਰ ਸੁਸ਼ਮਾ ਅਜਿਹੀ ਹੈ ਕਿ ਕੁਝ ਪਤਾ ਨਹੀਂ ਚਲਣ ਦਿੰਦੀ। ਸੁਸ਼ਮਾ ਦਾ ਸੁਭਾਅ ਕੁਝ ਕੁਝ ਵਿਜੈ ਵਰਗਾ ਹੈ ਕਿ ਬਹੁਤਾ ਕੁਝ ਅੰਦਰ ਹੀ ਰੱਖਦੀ ਹੈ। ਸੁਸ਼ਮਾ ਨੂੰ ਆਪਣੇ ਆਲੇ ਦੁਆਲੇ ਕੋਈ ਵੀ ਆਪਣਾ ਨਹੀਂ ਦਿਸ ਰਿਹਾ। ਉਸ ਨੂੰ ਜਾਪਦਾ ਹੈ ਕਿ ਸਭ ਨੇ ਹੀ ਉਸ ਨੂੰ ਤਕਲੀਫ ਪਹੁੰਚਾਈ ਹੈ। ਵਿਜੈ ਨਾਲ ਵੀ ਗੱਲ ਕਰਦਿਆਂ ਉਹ ਬਹੁਤੀ ਵਾਰੀ ਦਿਖਾਵਾ ਜਿਹਾ ਕਰ ਜਾਇਆ ਕਰਦੀ ਹੈ।...

ਭਾਗੀ ਇਸ ਦੇ ਉਲਟ ਹੈ ਜੋ ਕੁਝ ਮਨ ਵਿਚ ਹੁੰਦਾ ਹੈ ਇਕ ਦਮ ਉਲਟ ਦਿੰਦੀ ਹੈ। ਜਿਸ ਦਿਨ ਦਾ ਤਾਈ ਨੇ ਉਸ ਨੂੰ ਝੀਰਾਂ ਦੀ ਕੁੜੀ ਕਹਿ ਕਿ ਸੁਸ਼ਮਾ ਨਾਲ ਤੁਆਰਫ ਕਰਾਇਆ ਹੈ ਉਹ ਗੁੱਸੇ ਵਿਚ ਹੈ।

ਇਕ ਦਿਨ ਭਾਗੀ ਵਿਜੈ ਨੂੰ ਸ਼ੌਪਿੰਗ ਕਰਦੀ ਮਿਲਦੀ ਹੈ। ਉਹ ਵਿਜੈ ਤੋਂ ਮੂੰਹ ਫੇਰ ਕੇ ਲੰਘ ਜਾਂਦੀ ਹੈ। ਵਿਜੈ ਉਹ ਨੂੰ ਬਾਹੋਂ ਫੜ ਕੇ ਰੋਕਦਾ ਪੁੱਛਦਾ ਹੈ,

"ਕੀ ਗੱਲ ਹੋ ਗਈ?"

ਉਹ ਤਾਈ ਵਲੋਂ ਕੀਤੀ ਗਈ ਉਸ ਦੀ ਬੇਇਜ਼ਤੀ ਬਾਰੇ ਦਸਦੀ ਹੈ। ਵਿਜੈ ਕਹਿੰਦਾ ਹੈ,

"ਤੈਨੂੰ ਪਤਾ ਹੁਣ ਤਾਈ ਦੀ ਉਮਰ ਹੋ ਗਈ, ਉਹਨੂੰ ਪਤਾ ਨਹੀਂ ਚਲਦਾ ਕਿ ਕੀ ਕਹਿਣਾ, ਦੇਖ ਉਹ ਮੈਨੂੰ ਕਿੰਨਾ ਕੁਸ਼ ਕਹਿ ਚੁੱਕੀ ਐ, ਤੂੰ ਵੀ ਉਹਨੂੰ ਸਿਆਣੀ ਕਹਿ ਕੇ ਮੁਆਫ ਕਰ ਦੇ।"

ਭਾਗੀ ਕੁਝ ਨਹੀਂ ਕਹਿੰਦੀ। ਵਿਜੈ ਉਸ ਦੀ ਠੋਡੀ ਨੂੰ ਹੱਥ ਲਾਉਂਦਾ ਆਖਦਾ ਹੈ,

"ਮੁਆਫ ਕਰਦੇ ਯਾਰ, ਮੇਰੀ ਤਾਈ ਨੂੰ!"

ਭਾਗੀ ਹੱਸਣ ਲਗਦੀ ਹੈ ਤੇ ਖੁਸ਼ ਹੋ ਜਾਂਦੀ ਹੈ ਤੇ ਪੁੱਛਦੀ ਹੈ,

"ਇੰਨੇ ਦਿਨ ਹੋ ਗਏ ਤੂੰ ਆਇਆ ਕਿਉਂ ਨਹੀਂ? ਇਸ ਛਮਕ ਛੱਲੋ ਨੇ ਤੈਨੂੰ ਇੰਨਾ ਈ ਜਕੜ ਲਿਆ!"

"ਨਹੀਂ ਭਾਗੀ, ਤੈਨੂੰ ਤਾਂ ਪਤਾ ਈ ਐ ਮੇਰੀ ਆਦਤ ਦਾ, ਜੇ ਆ ਹੋ ਗਿਆ ਤਾਂ ਮੈਂ ਭਾਵੇਂ ਰੋਜ਼ ਈ ਆ ਜਾਵਾਂ ਨਹੀਂ ਤਾਂ ਕਈ ਹਫਤੇ ਵੀ ਨਹੀਂ ਆਇਆ ਜਾਂਦਾ ਪਰ ਮੈਂ ਕਿਸੇ ਦਿਨ ਆਵਾਂਗਾ, ਸੁਸ਼ਮਾ ਨੂੰ ਵੀ ਲੈ ਕੇ ਆਵਾਂਗਾ।"

"ਨਹੀਂ, ਉਹਨੂੰ ਨਾ ਲਿਆਈਂ, ਪਤਾ ਨਹੀਂ ਮੇਰੇ ਬਾਰੇ ਕੀ ਸੋਚਦੀ ਹੋਊ।"

ਵਿਜੈ ਉਸੇ ਸ਼ਾਮ ਹੀ ਸੁਸ਼ਮਾ ਨੂੰ ਤਾਈ ਦੇ ਘਰ ਛੱਡ ਕੇ ਭਾਗੀ ਵਲ ਜਾਂਦਾ ਹੈ ਤੇ ਦੋ ਘੰਟੇ ਬੈਠ ਬੀਅਰ ਦੇ ਦੋ ਡੱਬੇ ਪੀ ਕੇ ਉਸ ਨਾਲ ਤੇ ਉਸ ਦੀਆਂ ਕੁੜੀਆਂ ਨਾਲ ਹੱਸ ਖੇਡ ਕੇ ਆਉਂਦਾ ਹੈ। ਭਾਗੀ ਖੁਸ਼ ਹੈ। ਵਿਜੈ ਨੂੰ ਵੀ ਚੰਗਾ ਚੰਗਾ ਲਗਦਾ ਹੈ।

ਇਹਨਾਂ ਦਿਨਾਂ ਵਿਚ ਇਕ ਹੋਰ ਘਟਨਾ ਵਾਪਰਦੀ ਹੈ। ਵਰਦਿੰਗ ਟਰਾਂਸਪੋਰਟ ਡੀਪੂ ਵਿਚ ਨੌਕਰੀਆਂ ਨੂੰ ਰੀਸ਼ਫਲ ਕਰ ਰਹੇ ਹਨ ਭਾਵ ਤੋਲ-ਮਿਣ ਰਹੇ ਹਨ। ਪਹਿਲਾਂ ਇਸ ਵਰਦਿੰਗ ਟਰਾਂਸਪੋਰਟ ਦੀਆਂ ਬੱਸਾਂ ਵਿਚ ਕੰਡਕਟਰ ਵੀ ਹੋਇਆ ਕਰਦੇ ਸਨ ਪਰ ਹੁਣ ਸਿਰਫ ਡਰਾਈਵਰ ਹੀ ਹੁੰਦਾ ਹੈ ਜੋ ਟਿਕਟਾਂ ਦੇਣ ਦਾ ਕੰਮ ਵੀ ਕਰਦਾ ਹੈ। ਇਸ ਲਈ ਮਹਿਕਮਾ ਕੁਝ ਕਰਮਚਾਰੀਆਂ ਨੂੰ ਕੰਮ ਤੋਂ ਹਟਾਉਣਾ ਚਾਹੁੰਦਾ ਹੈ। ਭਾਵ ਕੁਝ ਕਰਮਚਾਰੀਆਂ ਨੂੰ ਰਿਟੈਂਡੈਸੀ ਦੇਣੀ ਚਾਹੁੰਦੇ ਹਨ; ਕੁਝ ਰਕਮ ਦੇ ਕੇ ਫਾਰਗ। ਜਿਹੜੇ ਕਰਮਚਾਰੀ ਪੈਨਸ਼ਨ ਦੇ ਨਜ਼ਦੀਕ ਪੁੱਜ ਚੁੱਕੇ ਹਨ ਜਾਂ ਜਿਹੜੇ ਕਰਮਚਾਰੀ ਪੰਜ ਸਾਲ ਦੀ ਸਰਵਿਸ ਤੋਂ ਹੇਠ ਆਉਂਦੇ ਹਨ ਉਹ ਉਹਨਾਂ ਦੀ ਮਾਰ ਹੇਠ ਹਨ। ਵਿਜੈ ਪੰਜ ਸਾਲ ਤੋਂ ਹੇਠਲਿਆਂ ਵਿਚ ਆਉਂਦਾ ਹੈ। ਇਕ ਦਿਨ ਉਸ ਦਾ ਮੈਨੇਜਰ ਉਸ ਦੇ ਹੱਥ ਇਕ ਚਿੱਠੀ ਫੜਾ ਦਿੰਦਾ ਹੈ। ਇਹ ਉਸ ਦੇ ਕੰਮ ਤੋਂ ਬਰਖਾਤਗੀ ਦੀ ਚਿੱਠੀ ਹੈ। ਨਾਲ ਹੀ ਤਿੰਨ ਹਜ਼ਾਰ ਪੌਂਡ ਦਾ ਚੈਕ ਹੈ ਜੋ ਕਿ ਕੰਮ ਤੋਂ ਜਵਾਬ ਹੋਣ ਦੇ ਇਵਜ਼ ਵਿਚ ਮਿਲਿਆ ਹੈ। ਉਹ ਚਿੱਠੀ ਤੇ ਚੈਕ ਲੈ ਕੇ ਵਰਦਿੰਗ ਟਰਾਂਸਪੋਰਟ ਦੇ ਦਫਤਰੋਂ ਨਿਕਲਦਾ ਹੈ, ਚੈਕ ਵਲ ਦੇਖਦਾ ਸੋਚਣ ਲਗਦਾ ਹੈ ਕਿ ਇਹ ਕਿੰਨੇ ਦਿਨ ਚਲੇਗਾ। ਉਹ ਆਪਣੀ ਕਾਰ ਵਿਚ ਬੈਠ ਗਾਉਣ ਲਗਦਾ ਹੈ,

'ਯਾਦ ਤੇਰੀ ਮੇਂ ਜਾਗ ਜਾਗ ਕੇ ਹਮ, ਰਾਤ ਭਰ ਕਰਵਟੇਂ ਬਦਲਤੇ ਰਹੇ,...

ਉਹ ਇਹ ਖਬਰ ਤਾਏ ਜਾਂ ਹੁਸ਼ਿਆਰ ਨਾਲ ਸਾਂਝੀ ਕਰਨੀ ਚਾਹੁੰਦਾ ਹੈ। ਸੁਸ਼ਮਾ ਨੂੰ ਇਹ ਨਹੀਂ ਦਸਣਾ ਚਾਹੁੰਦਾ ਕਿਉਂਕਿ ਉਹ ਹੁਣ ਮਾਂ ਬਣਨ ਵਾਲੀ ਹੈ। ਫਿਰ ਉਹ ਸੋਚਦਾ ਹੈ ਕਿ ਤਾਏ ਨੂੰ ਵੀ ਕਿਸੇ ਫਿਕਰ ਵਿਚ ਕਿਉਂ ਪਾਵੇ। ਉਹ ਲਈ ਹੁਸ਼ਿਆਰ ਵਲ ਚਲੇ ਜਾਂਦਾ ਹੈ। ਆਖਦਾ ਹੈ,

"ਭਾਅ, ਮਾਰਿਆ ਗਿਆ ਮੈਂ ਤਾਂ, ਰਿਟੈਂਡੈਸੀ ਮਿਲ਼ ਗਈ ਹੁਣ ਦਸ ਕੀ ਕਰਾਂ, ਨਵਾਂ ਨਵਾਂ ਵਿਆਹ, ਏਧਰ ਘਰ ਦੀਆਂ ਕਿਸ਼ਤਾਂ, ਬਿੱਲ, ਕੌਂਸਲ ਟੈਕਸ, ਤੇ ਹੋਰ ਬਹੁਤ ਸਾਰੇ ਖਰਚ, ਦਸ ਕਿਥੇ ਜਾਵਾਂ?"

"ਐਵੇਂ ਮਰੀ ਕਿਉਂ ਜਾਨੈ ਸ਼ਰਮਿਆਂ, ਤੂੰ ਤੇਜ ਬੰਦਾ ਐਂ, ਹੁਣ ਤਾਂ ਸੁੱਖ ਨਾਲ ਬੁੱਢੀ ਵੀ ਡਾਹਢੀ ਐ, ਕੋਈ ਬਿਜਨਸ ਕਰ ਲੈ।"

"ਕੀ ਕਰਾਂ?"

"ਕੋਈ ਦੁਕਾਨ ਲੈ ਲੈ, ਰੈਸਟੋਰੈਂਟ ਜਾਂ ਕਿਤੇ ਰੇਹੜੀ ਈ ਲਾ ਲੈ, ਉਹੀ ਲਾਲਿਆਂ ਵਾਲਾ ਕੰਮ।"

"ਭਾਅ, ਆ ਜਾ ਰਲ਼ ਜਾ ਮੇਰੇ ਨਾਲ਼, ਮੈਂ ਕੁਸ਼ ਵੀ ਕਰ ਲਊਂ।"

"ਉਹ ਸ਼ਰਮਿਆਂ, ਮੈਂ ਕੀ ਕਰਨਾ? ਕਿਹਦੇ ਲਈ ਕਰਨਾ? ਤੂੰ ਤਾ ਬਾਪੂ ਬਣਨ ਵਾਲਾਂ, ਤੂੰ ਈ ਏਦਾਂ ਦਾ ਪੰਗਾ ਲੈ।"

"ਮੇਰੇ ਇਕੱਲੇ ਲਈ ਔਖਾ ਭਾਅ।"

"ਤੇਰੇ ਤੋਂ ਕਦੇ ਮੈਂ ਭਜਿਆਂ, ਤੂੰ ਜਿਥੇ ਖੜਾ ਕਰੇਂਗਾ ਖੜ ਜਾਊਂ।"

ਵਿਜੈ ਸੋਚਣ ਲਗਦਾ ਹੈ ਕਿ ਸ਼ਇਦ ਹੁਸ਼ਿਆਰ ਦੀ ਗੱਲ ਠੀਕ ਹੈ। ਉਸ ਸੁਸ਼ਮਾ ਨਾਲ ਸਲਾਹ ਕੀਤੇ ਬਿਨਾਂ ਹੀ ਇਸ ਪਾਸੇ ਸੋਚਦਾ ਰਹਿੰਦਾ ਹੈ ਤੇ ਪੜਤਾਲ ਵੀ ਕਰਦਾ ਰਹਿੰਦਾ ਹੈ। ਇਹਨਾਂ ਦਿਨਾਂ ਵਿਚ ਹੀ ਉਹਨਾਂ ਦੇ ਘਰ ਰੋਹਨ ਪੈਦਾ ਹੁੰਦਾ ਹੈ। ਪਹਿਲੇ ਬੱਚੇ ਦੀਆਂ ਖੁਸ਼ੀਆਂ ਸਾਰੇ ਪਾਸੇ ਹਨ। ਰਮੇਸ਼ ਨੂੰ ਇਸ ਖੁਸ਼ੀ ਤੋਂ ਵਾਝਾਂ ਰੱਖਣ ਕਾਰਨ ਸੁਸ਼ਮਾ ਦੇ ਪਿਤਾ ਜੀ ਵਿਜੈ ਨਾਲ ਔਖੇ ਹਨ। ਉਹ ਚਾਹੁੰਦੇ ਹਨ ਕਿ ਵਿਜੈ ਲੱਡੂ ਲੈ ਕੇ ਰਮੇਸ਼ ਦੇ ਘਰ ਜਾਵੇ ਪਰ ਉਹ ਬਹੁਤਾ ਨਹੀਂ ਕਹਿੰਦੇ। ਇਕ ਦਿਨ ਰਮੇਸ਼ ਤੇ ਅੰਮਰਤੀ ਉਹਨਾਂ ਨੂੰ ਟੈਸਕੋ ਵਿਚ ਸ਼ੌਪਿੰਗ ਕਰਦੇ ਮਿਲ ਜਾਂਦੇ ਹਨ। ਉਹਨਾਂ ਦੇ ਦੋਵੇਂ ਬੱਚੇ ਵੀ ਉਹਨਾ ਦੇ ਨਾਲ ਹਨ। ਇਹ ਟੈਸਕੋ

ਲਿਟਲਹੈਂਪਟਨ ਤੇ ਵਰਦਿੰਗ ਦੇ ਵਿਚਕਾਰ ਪੈਂਦੀ ਹੈ। ਚੌਵੀ ਘੰਟੇ ਖੁਲ੍ਹੀ ਰਹਿਣ ਕਾਰਨ ਇਥੇ ਸ਼ੌਪਿੰਗ ਕਰਨ ਦੀ ਬਹੁਤ ਸਹੂਲਤ ਹੈ। ਸੁਸ਼ਮਾ ਨੇ ਰੋਹਨ ਨੂੰ ਪਰਾਮ ਵਿਚ ਪਾਇਆ ਹੋਇਆ ਹੈ। ਅੰਮਰਤੀ ਭੱਜ ਕੇ ਉਹਨਾਂ ਵਲ ਨੂੰ ਆਉਂਦੀ ਹੈ। ਸੁਸ਼ਮਾ ਵੀ ਜੱਫੀ ਪਾ ਕੇ ਮਿਲਦੀ ਹੈ। ਬੱਚਿਆਂ ਨੂੰ ਵੀ ਕਲਾਵੇ ਵਿਚ ਲੈਂਦੀ ਹੈ। ਅੰਮਰਤੀ ਰੋਹਨ ਨੂੰ ਗੋਦੀ ਚੁੱਕ ਕੇ ਪਿਆਰ ਦਿੰਦੀ ਹੈ। ਵਿਜੈ ਦਾ ਗੁੱਸਾ ਵੀ ਹੁਣ ਠੰਡਾ ਪੈ ਚੁੱਕਾ ਹੈ ਖਾਸ ਤੌਰ ਤੇ ਰੋਹਨ ਦੇ ਜਨਮ ਤੋਂ ਬਾਅਦ ਉਹ ਬਹੁਤ ਖੁਸ਼ ਹੈ। ਉਹ ਵੀ ਰਮੇਸ਼ ਨਾਲ ਭਰਵਾਂ ਹੱਥ ਮਿਲਾਉਂਦਾ ਹੈ। ਇਧਰ ਓਧਰ ਦੀਆ ਕੁਝ ਇਕ ਗੱਲਾਂ ਕਰਦੇ ਹਨ। ਵਿਜੈ ਪੁੱਛਦਾ ਹੈ,

"ਤੇਰੀ ਦੁਕਾਨਦਾਰੀ ਕਿੱਦਾਂ?"

"ਕੁਸ਼ ਨਹੀਂ, ਬਹੁਤ ਮਾੜੀ ਗੱਲ ਹੋ ਗਈ।"

"ਕੀ ਹੋਇਆ?"

"ਮੇਰੇ ਸਾਹਮਣੇ ਕਰੀ ਵਾਲਿਆਂ ਨੇ ਸਟੋਰ ਖੋਹਲ ਲਿਆ ਤੇ ਉਹ ਬਹੁਤ ਹੀ ਸਸਤਾ ਸਮਾਨ ਵੇਚੀ ਜਾਂਦੇ ਆ।"

"ਉਹਨਾਂ ਦੇ ਇੰਗਲੈਂਡ ਭਰ ਵਿਚ ਸਟੋਰ ਆ, ਸਸਤੇ ਤਾਂ ਹੋਣੇ ਹੀ ਹੋਏ।"

"ਮੈਂ ਤਾ ਸ਼ੌਪ ਵੇਚਣ ਤੇ ਲਾਈ ਹੋਈ ਆ, ਜਿੰਨੇ ਦੀ ਵੀ ਵਿਕਦੀ ਹੋਈ ਵੇਚ ਦੇਣੀ ਆਂ।"

"ਫੇਰ ਕੀ ਕਰੇਂਗਾ?"

"ਕੋਈ ਹੋਰ ਦੁਕਾਨ ਦੇਖਾਂਗਾ, ਕੋਈ ਫੂਡ ਦੀ ਸ਼ੌਪ ਜਾਂ ਸ਼ਰਾਬ ਆਦਿ ਦੀ।"

"ਦੁਕਾਨ ਤਾਂ ਮੈਂ ਵੀ ਦੇਖ ਰਿਹਾਂ, ਮੇਰੀ ਵੀ ਜੌਬ ਗਈ। ਰਿਟੈਂਡੈਂਸੀ ਮਿਲ ਗਈ।"

"ਕੁਸ਼ ਦੇਖਿਆ?"

"ਇਕ ਰੈਸਟੋਰੈਂਟ ਦੇਖਣ ਜਾਣਾ ਕੱਲ ਨੂੰ, ਬਰਾਈਟਨ ਆਂ, ਦੇਖਦੇ ਆਂ।"

"ਕੰਮ ਦਾ ਤਜਰਬਾ ਹੋਣਾਂ ਚਾਹੀਦਾ।"

"ਉਹ ਤਾਂ ਮੈਂ ਉਥੇ ਮਹੀਨਾ ਕੰਮ ਕਰ ਕੇ ਦੇਖ ਲਊਂ, ਹੁਸ਼ਿਆਰ ਦੇ ਇਕ ਰਿਸ਼ਤੇਦਾਰ ਕੋਲ ਰੈਸਟੋਰੈਂਟ ਹੈਗਾ, ਉਹਦੀ ਸਲਾਹ ਲੈ ਲਊਂ, ਨਹੀਂ ਤਾਂ ਕੋਈ ਹੋਰ ਸ਼ੌਪ ਦੇਖਦਾਂ, ਕੁਸ਼ ਨਾ ਕੁਸ਼ ਤਾਂ ਕਰਨਾ ਪਊ।"

"ਤੁਸੀਂ ਤਾਂ ਆਪਣੀ ਕਲਿਨਿਕ ਖੋਹਲ ਸਕਦੇ ਓ।"

"ਹਾਲੇ ਬੇਵੀ ਛੋਟਾ ਐ, ਇਹਦੇ ਵਾਸਤੇ ਕਈ ਟੈਕਨੀਕਲ ਜ਼ਰੂਰਤਾਂ ਹੈਗੀਆਂ, ਕੌਂਸਲ ਤੋਂ ਪਰਮਿਸ਼ਨ ਵੀ ਲੈਣੀ ਪੈਂਦੀ ਐ, ਰਜਿਸਟਰ ਵੀ ਹੋਣਾ ਪੈਂਦਾ, ਇੰਨਸ਼ੋਅਰੈਂਸ ਵੀ ਕਰਾਉਣੀ ਪੈਂਦੀ, ਜੇ ਕੋਈ ਪੈਸ਼ੀਅੰਟ ਉਲਟਾ ਕਲੇਮ ਕਰ ਦੇਵੇ ਤਾਂ ਲੈਣੇ ਦੇ ਦੇਣੇ ਪੈ ਸਕਦੇ ਆ। ਇਹ ਇੰਡੀਆ ਤਾਂ ਹੈ ਨਹੀਂ।"

"ਇਹ ਗੱਲ ਤਾਂ ਤੇਰੀ ਠੀਕ ਐ। ਕਿਸੇ ਦਿਨ ਘਰ ਆਓ, ਮੇਰਾ ਐਡਰਸ ਹਾਲੇ ਉਹੀ ਐ।"

"ਸਿਰਨਾਵੇਂ ਘੱਟ ਬਦਲਦੇ ਆ ਬੰਦੇ ਈ ਬਦਲ ਜਾਂਦੇ ਆ।"

ਕਹਿ ਕੇ ਵਿਜੈ ਹੱਸਦਾ ਹੈ। ਰਮੇਸ਼ ਬੋਲਦਾ ਹੈ,

"ਏਨੀ ਸੁਹਣੀ ਕੁੜੀ ਤੈਨੂੰ ਮਿਲ ਗਈ, ਹੁਣ ਦੇਖ ਹੀਰੇ ਵਰਗਾ ਮੁੰਡਾ ਆ ਗਿਆ ਹੋਰ ਤੈਨੂੰ ਛਣਕੰਗਣ ਚਾਹੀਦੈ!"

"ਦੇਖਾਂਗੇ ਕਿਸੇ ਦਿਨ। ਸੁਸ਼ਮਾ ਹਾਲੇ ਉਦਾਸ ਨਹੀਂ ਹੋਈ ਜਦੋਂ ਹੋਈ ਤਾਂ ਲੈ ਆਵਾਂਗਾ।"

"ਇਹ ਤਾ ਇਹਦਾ ਸੁਭਾਅ ਐ ਕਿ ਆਪਣੀ ਉਦਾਸੀ ਦਸਦੀ ਈ ਨਹੀਂ, ਅੰਦਰੋ ਅੰਦਰ ਘੁਲ਼ ਕੇ ਸਾਰ ਲੈਂਦੀ ਐ। ਇਹਨੂੰ ਸਮਝਣਾਂ ਸੌਖਾ ਨਹੀਂ।"

## <u>ਤੇਰਾਂ</u>

ਵਿਜੈ, ਹੁਸ਼ਿਆਰ ਤੇ ਸੋਹਣ ਬੈਂਸ ਬਰਾਈਟਨ ਵਿਚ ਚਿਨਾਰ ਨਾਂ ਦਾ ਰੈਸਟੋਰੈਂਟ ਦੇਖ ਕੇ ਆ ਰਹੇ ਹਨ। ਇਹ ਉਹੋ ਰੈਸਟੋਰੈਂਟ ਹੈ ਜਿਥੇ ਵਿਜੈ ਤੇ ਸੁਸ਼ਮਾ ਨੇ ਪਹਿਲੀਆਂ ਵਿਚ ਬੈਠ ਕੇ ਖਾਣਾ ਖਾਧਾ ਸੀ। ਸੋਹਣ ਬੈਂਸ ਦਾ ਸਾਊਥੈਂਪਟਨ ਵਿਚ ਰੈਸਟੋਰੈਂਟ ਹੈ ਜੋ ਵਾਹਵਾ ਚਲਦਾ ਹੈ। ਹੁਸ਼ਿਆਰ ਉਸ ਨੂੰ ਲਿਆ ਕੇ ਇਸ ਰੈਸਟੋਰੈਂਟ ਬਾਰੇ ਉਸ ਦੀ ਰਾਏ ਲੈਣੀ ਚਾਹੁੰਦਾ ਹੈ। ਰੈਸਟੋਰੈਂਟ ਦੇ ਮਾਲਕ ਸਦੀਕੀ ਨੂੰ ਸੋਹਣ ਬੈਂਸ ਪਹਿਲਾ ਹੀ ਜਾਣਦਾ ਹੈ। ਸਦੀਕੀ ਇਸ ਰੈਸਟੋਰੈਂਟ ਨੂੰ ਪਤਨੀ ਨਾਲੋਂ ਅਲਿਹਦਗੀ ਹੋ ਜਾਣ ਕਰਕੇ ਵੇਚ ਰਿਹਾ ਹੈ ਨਹੀਂ ਤਾਂ ਉਹ ਠੀਕ ਠਾਕ ਕਾਰੋਬਾਰ ਕਰ ਰਿਹਾ ਹੈ। ਸਾਰੇ ਕਾਗਜ਼ ਪਤਰ ਦੇਖ ਕੇ ਸੋਹਣ ਬੈਂਸ 'ਹਾਂ' ਵਿਚ ਸਿਰ ਮਾਰਦਾ ਹੈ। ਉਸ ਪਾਸਿਓਂ ਵੇਹਲੇ ਹੋ ਕੇ ਉਹ ਵਾਪਸ ਆ ਰਹੇ ਹਨ ਕਿ ਹੁਸ਼ਿਆਰ ਦੇ ਮਨ ਵਿਚ ਕੁਝ ਆਉਂਦਾ ਹੈ ਤੇ ਉਹ ਕਹਿੰਦਾ ਹੈ,

"ਵਿਜੇ, ਗਿੱਲ ਦੱਬ ਦੇ।"

"ਕੀ ਭਾਅ?"
"ਗਿੱਲ ਦੱਬ ਦੇ ਸ਼ਰਮਿਆਂ।"
"ਇਹ ਗਿੱਲ ਕੀ ਹੁੰਦੀ ਐ ਭਾਅ? ਕਿੱਦਾਂ ਦੱਬ ਦੇਵਾਂ?"
"ਤੈਨੂੰ ਗਿੱਲ ਦਾ ਨਹੀਂ ਪਤਾ?"
"ਪਤੈ, ਮਨਜੀਤ ਗਿੱਲ ਦਾ, ਜਿਹੜਾ ਮੇਰੇ ਨਾਲ ਪੜਦਾ ਹੁੰਦਾ ਸੀ।"
"ਓਹ ਪੰਡਤਾ, ਇਹ ਉਹ ਗਿੱਲ ਨਹੀਂ, ਇਹ ਗਿੱਲ ਜ਼ਰਖੇਜ਼ ਜ਼ਮੀਨ ਵਿਚ ਹੁੰਦੀ ਐ, ...ਇਕ ਫਸਲ ਲੈ ਕੇ ਦੂਜੀ ਫਸਲ ਲਈ ਜ਼ਮੀਨ ਵਿਚ ਇਹ ਗਿੱਲ ਸਾਂਭ ਲਈ ਜਾਂਦੀ ਐ ਤੇ ਬੀਅ ਇਕ ਦਮ ਪਾ ਦੇਈਦਾ ਹੈ ਤਾਂ ਜੋ ਅਗਲੀ ਫਸਲ ਤਿਆਰ ਕਰ ਲਈਏ, ਮੇਰੇ ਵਰਗਾ ਬੰਜਰ ਜ਼ਮੀਨ ਦਾ ਮਾਲਕ ਇਹ ਸਭ ਨਹੀਂ ਕਰ ਸਕਦਾ।"
"ਭਾਅ, ਏਦਾਂ ਨਾ ਕਹਿ। ਭਗਵਾਨ ਕੁਸ਼ ਨਾ ਕੁਸ਼ ਕਰੂ, ਜ਼ਰੂਰ ਕਰੂ।"
"ਚੱਲ ਛੱਡ ਭਗਵਾਨ ਨੂੰ ਪਰ ਤੂੰ ਗਿੱਲ ਦੱਬ ਦੇ।"
"ਠੀਕ ਐ ਭਾਅ, ਲੈ ਅੱਜ ਈ।"

ਕਹਿ ਕੇ ਵਿਜੈ ਹੱਸਦਾ ਹੈ, ਸੋਹਣ ਬੈਂਸ ਵੀ ਪਰ ਹੁਸ਼ਿਆਰ ਚੁੱਪ ਰਹਿੰਦਾ ਹੈ। ਉਸ ਵਲ ਦੇਖ ਕੇ ਵਿਜੈ ਵੀ ਉਦਾਸ ਜਿਹਾ ਹੋ ਜਾਂਦਾ ਹੈ। ਉਹ ਸਟੇਅਰਿੰਗ ਤੇ ਉਂਗਲਾਂ ਨਾਲ ਢੋਲਕੀ ਵਜਾਉਂਦਾ ਕੁਝ ਗੁਣਗੁਣਾਉਣ ਲਗਦਾ ਹੈ। ਫਿਰ ਇਕ ਦਮ ਚੁੱਪ ਕਰ ਜਾਂਦਾ ਹੈ ਤੇ ਕਾਫੀ ਦੇਰ ਤਕ ਚੁੱਪ ਰਹਿੰਦਾ ਹੈ।...

ਘਰ ਆ ਕੇ ਵਿਜੈ ਸੁਸ਼ਮਾ ਵਲ ਅਜੀਬ ਤਰੀਕੇ ਨਾਲ ਦੇਖਦਾ ਹੈ। ਉਸ ਦਾ ਹੱਥ ਚੁੰਮਦਾ ਹੈ ਜਿਵੇਂ ਪਹਿਲੀ ਵਾਰ ਚੁੰਮਿਆ ਸੀ। ਫਿਰ ਉਸ ਦੇ ਬੁਲ੍ਹਾਂ ਤੋਂ ਚੁੰਮਣ ਲੈਂਦਾ ਅਗੇ ਵਧਣ ਲਗਦਾ ਹੈ। ਸੁਸ਼ਮਾ ਪੁੱਛਦੀ ਹੈ,
"ਸ਼ਰਮਾ ਜੀ, ਤੁਸੀਂ ਕੀ ਕਰ ਰਹੇ ਓ?"
"ਗਿੱਲ ਦੱਬ ਰਿਹਾਂ।"
"ਦੇਖੋ, ਹਟੋ, ਹਾਲੇ ਤਾਂ ਦਿਨ ਕਿੰਨਾ ਖੜੈ!"
"ਗਿੱਲ ਦੱਬਣ ਦਾ ਕੋਈ ਟਾਈਮ ਨਹੀਂ ਹੁੰਦਾ ਸਗੋਂ ਖੜੇ ਦਿਨ ਗਿੱਲ ਵਧੀਆ ਦੱਬੀ ਜਾਂਦੀ ਐ। ਜ਼ਰਖੇਜ਼ ਧਰਤੀ ਵਿਚ ਸੂਰਜ ਦੀ ਹਾਜ਼ਰੀ ਵਿਚ ਈ ਬੀ ਬੋਇਆ ਜਾਂਦੈ।"
"ਸ਼ਰਮਾ ਜੀ, ਹਾਲੇ ਤਾਂ ਪਹਿਲੀ ਫਸਲ ਈ ਨਹੀਂ ਸਾਂਭੀ ਗਈ।"
"ਆਪਾਂ ਹਿੰਮਤ ਵਾਲੇ ਕਿਸਾਨ ਆਂ, ਦੋ ਫਸਲਾਂ ਇਕੋ ਸਮੇਂ ਸੰਭਾਲ ਲਵਾਂਗੇ।"

ਸੁਸ਼ਮਾ ਉਸ ਦੇ ਕੰਨ ਤੇ ਦੰਦੀ ਵੱਢਦੀ ਕਹਿੰਦੀ ਹੈ,
"ਜ਼ੀਮੀਦਾਰ ਲੋਕ ਪਤਾ ਨਹੀਂ ਤੁਹਾਨੂੰ ਕੀ ਕੀ ਸਿਖਉਂਦੇ ਰਹਿੰਦੇ ਆ!"

ਤ੍ਰਿਕਾਲਾਂ ਨੂੰ ਉਹ ਤਾਏ ਵਲ ਜਾਂਦੇ ਹਨ। ਤਾਏ ਨਾਲ ਰੈਸਟੋਰੈਂਟ ਖਰੀਦਣ ਬਾਰੇ ਸਲਾਹ ਕਰਨੀ ਹੈ। ਜਦੋਂ ਦਾ ਰੋਹਨ ਦਾ ਜਨਮ ਹੋਇਆ ਹੈ ਤਾਇਆ ਬਹੁਤ ਖੁਸ਼ ਦਿਖਾਈ ਦਿੰਦਾ ਹੈ, ਤਾਈ ਭਾਵੇਂ ਕੁਝ ਸੜ ਜਿਹੀ ਜਾਂਦੀ ਹੈ ਪਰ ਰੋਹਨ ਨੂੰ ਲੋਰੀਆਂ ਉਹ ਵੀ ਦੇਣ ਲਗਦੀ ਹੈ। ਸੁਸ਼ਮਾ ਦੇ ਮਿਲਾਪੜੇ ਸੁਭਾਅ ਨੇ ਉਸ ਦਾ ਰਵੱਈਆ ਕਾਫੀ ਬਦਲਿਆ ਹੋਇਆ ਹੈ। ਵਿਜੈ ਦਸਦਾ ਹੈ,
"ਤਾਇਆ, ਲੀਜ਼ ਹੋਲਡ ਪਰੋਪਰਟੀ ਐ, 'ਠਾਰਾਂ ਸਾਲ ਦੀ ਲੀਜ਼ ਬਚਦੀ ਐ, ਪੰਦਰਾਂ ਹਜ਼ਾਰ ਕਿਰਾਇਆ, ਦੋ ਬੈਡਰੂਮ ਦਾ ਫਲੈਟ ਐ ਉਪਰ ਰਹਿਣ ਲਈ, ਪੰਜਾਹ ਸੀਟਾਂ ਹੈਗੀਆਂ ਤੇ ਸੱਤਰ ਹਜ਼ਾਰ ਪੌਂਡ ਵਿਚ ਸੌਦਾ ਤਹਿ ਹੋ ਰਿਹੈ।"
"ਪਹਿਲਾਂ ਤਾਂ ਲੱਖ ਮੰਗਦੇ ਸੀ ਨਾ।"
"ਹਾਂ, ਹੁਸ਼ਿਆਰ ਦੇ ਪੇਂਡੂ ਸੋਹਣ ਬੈਂਸ ਦਾ ਵਾਕਫ ਨਿਕਲ ਆਇਆ, ਪਤਨੀ ਨਾਲ ਤਲਾਕ ਹੋਣ ਕਰਕੇ ਵੇਚ ਰਿਹੈ ਨਹੀਂ ਤਾਂ ਕਹਿੰਦਾ ਰੈਸਟੋਰੈਂਟ ਵੇਚਣ ਵਾਲਾ ਨਹੀਂ। ਅਸੀਂ ਏਜੰਟ ਰਾਹੀਂ ਨਹੀਂ ਸਿੱਧਾ ਲਵਾਂਗੇ ਇਸ ਲਈ ਵੀ ਕੁਸ਼ ਘਟ ਗਿਆ।"
"ਇਹ ਤਾਂ ਸਾਰੇ ਈ ਕੋਈ ਨਾ ਕੋਈ ਬਹਾਨਾ ਬਣਾਉਂਦੇ ਹੁੰਦੇ ਆ। ਮੈਨੂੰ ਚਾਹਲ ਦਸਦਾ ਸੀ ਕਿ ਰੈਸਟੋਰੈਂਟ ਦੀ ਵੱਟਤ ਦਾ ਪਤਾ ਤਾਂ ਇਸੇ ਗੱਲ ਤੋਂ ਲਗ ਜਾਂਦਾ ਹੈ ਕਿ ਉਥੇ ਹਫਤੇ ਦੇ ਗੱਠਿਆ ਦੇ ਕਿੰਨੇ ਬੋਰੇ ਲਗਦੇ ਆ।"
"ਜੇਹੜੀ ਹਫਤਾਵਾਰ ਟੇਕਿੰਗ ਦੀ ਗੱਲ ਆ ਇਹ ਤਾਂ ਮੈਂ ਉਥੇ ਖੜ ਕੇ ਦੇਖਾਂਗਾ, ਸੋਹਣ ਬੈਂਸ ਚਾਲੂ ਬੰਦਾ, ਉਸ ਕਹਿੰਦਾ ਸੀ ਕਿ ਕੁਸ਼ ਦਿਨ ਉਹਦੇ ਰੈਸਟੋਰੈਂਟ ਵਿਚ ਜਾ ਕੇ ਦੇਖਾਂ, ਕੁਸ਼ ਪਤਾ ਚਲੇ।"
"ਇਹ ਤਾਂ ਜ਼ਰੂਰੀ ਐ, ਕੰਮ ਦਾ ਪਤਾ ਹੋਣਾ ਬਹੁਤ ਜ਼ਰੂਰੀ ਐ।"
"ਸਦੀਕ ਐ ਮਾਲਕ ਦਾ ਨਾਂ, ਕਹਿੰਦਾ ਸੀ ਕਿ ਉਹ ਬਾਅਦ ਵਿਚ ਜਿੰਨਾ ਚਿਰ ਮੈਂ ਕਹਾਂ ਲਵਾ ਦੇਵੇਗਾ, ਨਹੀਂ ਤਾਂ ਕੁਸ਼ ਹਫਤੇ ਉਸ ਨਾਲ਼ ਕੰਮ ਕਰ ਕੇ ਕੁਸ਼ ਸਿੱਖ ਸਕਦਾਂ।"
"ਇਕ ਗੱਲ ਇਹ ਵੀ ਐ ਕਿ ਲੀਜ਼ਹੋਲਡ ਪਰੋਪਰਟੀ ਵਿਚ ਤੁਸੀਂ ਮਾਲਕ ਤਾਂ ਬਣ ਨਹੀਂ ਸਕਦੇ, ਕਿਰਾਇਆ ਦੇਣ ਜੋਗੇ ਰਹਿ ਜਾਂਦੇ ਓ, ਕੋਈ ਫਰੀਹੋਲਡ ਬਿਜ਼ਨਸ ਕਿਉਂ ਨਹੀਂ ਦੇਖਦਾ।"

"ਗੱਲ ਤਾਂ ਤਾਇਆ ਤੇਰੀ ਠੀਕ ਐ ਪਰ ਫਰੀਹੋਲਡ ਬਿਜ਼ਨਸ ਬਹੁਤ ਮਹਿੰਗੇ ਆ, ਮੈਂ ਨਹੀਂ ਲੈ ਸਕਦਾ, ਜੇ ਇਹ ਕੰਮ ਚਲ ਗਿਆ ਤਾਂ ਮੈਂ ਕੋਈ ਨਾ ਕੋਈ ਫਰੀਹੋਲਡ ਦੇਖ ਲਵਾਂਗਾ।"

"ਚਲ ਇਹ ਸਭ ਤਾਂ ਸਹੀ ਐ ਪਰ ਇਹ ਸੱਤਰ ਹਜ਼ਾਰ ਪੌਂਡ ਦਾ ਇੰਤਜ਼ਾਮ ਵੀ ਕਿਥੋਂ ਕਰੇਂਗਾ?"

"ਤਾਇਆ, ਮੈਂ ਸਾਰੀ ਪਲਾਨਿੰਗ ਬਣਾਈ ਐ, ਸਾਡੀ ਵਾਲੀ ਵਿਕਟੋਰੀਆ ਰੋਡ ਤੇ ਇਸ ਵੇਲੇ ਘਰ ਸੱਤਰ ਹਜ਼ਾਰ ਪੌਂਡ ਦਾ ਵਿਕਦੈ, ਮੇਰੀ ਤੀਹ ਹਜ਼ਾਰ ਦੀ ਮੌਰਟਗੇਜ਼ ਐ, ਜੇ ਮੈਂ ਘਰ ਵੇਚਦਾਂ ਤਾਂ ਮੈਨੂੰ ਚਾਲੀ ਹਜ਼ਾਰ ਨਿਕਲਦੈ ਤੇ ਇਹੀ ਚਾਲੀ ਡਿਪੋਜ਼ਟ ਰੱਖ ਕੇ ਤੀਹ ਦਾ ਬੈਂਕ ਤੋਂ ਲੋਨ ਲੈ ਲਵਾਂ ਤਾਂ ਗੱਲ ਉਥੇ ਈ ਆ ਜਾਣੀ ਆਂ। ਪੂਰੇ ਅਕਾਊਂਟਸ ਹੈਗੇ ਆ ਪਿਛਲੇ ਪੰਜਾਂ ਸਾਲਾਂ ਦੇ, ਲੋਨ ਮਿਲ਼ ਜਾਣਾ ਚਾਹੀਦੈ, ਰਹਿਣ ਨੂੰ ਤਾਂ ਉਪਰ ਹੈ ਈ।"

ਰਾਮ ਲਾਲ ਨੂੰ ਆਪਣੇ ਭਤੀਜੇ ਉਪਰ ਰਸ਼ਕ ਹੋਣ ਲਗਦਾ ਹੈ। ਉਸ ਨੂੰ ਲਗਦਾ ਹੈ ਕਿ ਵਿਜੈ ਥੋੜੇ ਚਿਰ ਵਿਚ ਹੀ ਬਹੁਤ ਕੁਝ ਸਿਖ ਗਿਆ ਹੈ। ਉਹ ਪਹਿਲਾਂ ਵੀ ਕਈ ਵਾਰ ਸੋਚ ਚੁੱਕਾ ਹੈ ਕਿ ਜਿੰਨੀ ਵਿਜੈ ਵਿਚ ਕੂਵਤ ਹੈ ਉਸ ਨੂੰ ਕਿਸੇ ਨਾ ਕਿਸੇ ਕਾਰੋਬਾਰ ਵਿਚ ਪੈਣਾ ਚਾਹੀਦਾ ਹੈ। ਉਹ ਬਿਜ਼ੁਰਗ ਬਣਦਾ ਸਲਾਹ ਦੇਣ ਲਗਦਾ ਹੈ,

"ਬਿਜ਼ਨਸ ਦੀ ਇਕ ਗੱਲ ਐ ਕਿ ਨਾ ਚੱਲੇ ਜਾਂ ਕੋਈ ਹੋਰ ਗੜਬੜ ਹੋ ਜਾਵੇ ਤਾਂ ਇਹ ਤੁਹਾਨੂੰ ਸੜਕ ਤੇ ਵੀ ਲਿਆ ਸਕਦੈ।"

"ਇਹ ਤਾਂ ਹੈ ਪਰ ਚਾਂਸ ਤਾਂ ਲੈਣਾ ਈ ਪਏਗਾ, ਹੁਣ ਕੋਈ ਜੌਬ ਵੀ ਤਾਂ ਹੈ ਨਹੀਂ ਮਿਲ ਰਹੀ।"

"ਜੇ ਸੁਸ਼ਮਾ ਵਾਲਾ ਕੰਮ ਸ਼ੁਰੂ ਕਰ ਲਵੇਂ, ...ਹੁਣ ਇਹਦਾ ਨਾਂ ਤਾਂ ਮੰਦਿਰ ਵਿਚ ਜਾਣ ਕਰਕੇ ਚਲਿਆ ਹੋਇਆ, ਬਹੁਤੀ ਗੱਲ ਆ ਤਾਂ ਕੁਝ ਸ਼ਨਿਚਰਵਾਰ ਗੁਰਦਵਾਰੇ ਵੀ ਲਾ ਲਵੇ, ਪਹਿਲਾਂ ਫਰੀ ਐਡਵਾਈਸ ਕਰੇ ਤੇ ਫਿਰ ਚਾਰਜ ਕਰਨ ਲਗ ਪਵੇ।"

"ਤਾਇਆ, ਰੋਹਨ ਬਹੁਤ ਛੋਟਾ, ਮੈਂ ਸੋਚਦਾ ਕਿ ਇਕ ਬੇਵੀ ਹੋਰ ਲੈ ਕੇ ਵਿਹਲੇ ਹੋਈਏ ਤੇ ਫਿਰ ਦੇਖਾਂਗੇ ਜੋ ਕਰਨਾ ਹੋਇਆ, ਫਿਰ ਇਹਦੀ ਪਰੈਕਟਸ ਲਈ ਕਿੰਨਾ ਕੁਸ਼ ਕਰਨਾ ਪੈਣਾਂ, ਲੰਡਨ ਵਰਗੀ ਜਗਾਹ ਤਾਂ ਇਹਦੇ ਚਾਂਸ ਹੈਗੇ ਪਰ ਚਲੋ ਦੇਖਦੇ ਆਂ ਕਿ ਕੀ ਵਾਪਰਦੈ।"

ਇਕ ਪਲ ਲਈ ਤਾਂ ਤਾਇਆ ਸੋਚਦਾ ਹੈ ਕਾਸ਼ ਦੀਪਕ ਵੀ ਉਸ ਨਾਲ ਇੰਨੀਆਂ ਗੱਲਾਂ ਕਰ ਸਕਦਾ। ਜੇ ਦੀਪਕ ਅਜਿਹਾ ਕੁਝ ਕਰਨਾ ਚਾਹੁੰਦਾ ਤਾਂ ਉਹ ਉਸ ਦਾ ਪੂਰਾ ਸਾਥ ਦਿੰਦਾ। ਜੋ ਕੁਝ ਵੀ ਕੋਲ ਹੈ ਸਭ ਉਸ ਨੂੰ ਦੇ ਦਿੰਦਾ ਪਰ ਦੀਪਕ ਤਾਂ ਕੁਝ ਨਹੀਂ ਸੀ ਪਤਾ ਕਿ ਕਿਥੇ ਰਹਿੰਦਾ ਤੇ ਕਿਹੜੇ ਹਾਲ ਵਿਚ ਰਹਿੰਦਾ ਸੀ। ਉਹ ਸੋਚਦਾ ਹੈ ਕਿ ਇਕ ਵਾਰ ਦੀਪਕ ਘਰ ਆ ਕੇ ਰਹਿਣ ਲਗ ਜਾਵੇ ਉਸ ਦੀ ਕਿਸੇ ਗੱਲ ਵਿਚ ਦਖਲ ਨਹੀਂ ਦੇਵੇਗਾ। ਨਾਲ ਦੀ ਨਾਲ ਉਸ ਨੂੰ ਨਿਰਮਲਾ ਦੀ ਸਿਹਤ ਦਾ ਵੀ ਫਿਕਰ ਹੈ ਜੋ ਆਪਣੇ ਪੁੱਤਰ ਦੇ ਗਮ ਵਿਚ ਦਿਨੋ ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ। ਪੌੜੀਆਂ ਚੜਦੀ ਨੂੰ ਸਾਹ ਚੜਨ ਲਗਦਾ ਹੈ। ਹੁਣ ਉਸ ਦੀ ਸੂਗਰ ਦਾ ਲੈਵਲ ਵੀ ਬਹੁਤ ਵਧ ਗਿਆ ਹੈ। ਬਲੱਡ ਪਰੈਸ਼ਰ ਦੀ ਗੋਲੀ ਵੀ ਵੱਡੀ ਹੋ ਗਈ ਹੈ।

ਵਿਜੈ ਨੂੰ ਰਾਤ ਨੂੰ ਨੀਂਦ ਨਹੀਂ ਆ ਰਹੀ। ਆਮ ਤੌਰ ਤੇ ਉਹ ਬੀਅਰ ਦੇ ਇਕ ਦੋ ਡੱਬੇ ਪੀ ਲਿਆ ਕਰਦਾ ਹੈ ਪਰ ਅਜ ਘਰ ਬੀਅਰ ਨਹੀਂ ਤੇ ਉਹ ਬਾਹਰ ਜਾਣ ਦੀ ਘਾਉਲ ਕਰ ਜਾਂਦਾ ਹੈ ਤੇ ਹੁਣ ਨੀਂਦ ਨਾਲੋਂ ਸੋਚਾਂ ਦਾ ਜ਼ੋਰ ਵਧ ਗਿਆ ਹੈ ਤੇ ਉਹ ਸੌਂ ਨਹੀਂ ਪਾ ਰਿਹਾ। ਸੁਸ਼ਮਾ ਪੁੱਛਦੀ ਹੈ,

"ਸ਼ਰਮਾ ਜੀ, ਮਨ ਵਿਚ ਕੀ ਰੜਕ ਰਿਹੈ?"

"ਤੂੰ ਸੌਂ ਜਾਹ ਜੇ ਤੈਨੂੰ ਦਸ ਦਿਤਾ ਤਾਂ ਤੇਰੇ ਵੀ ਰੜਕਣ ਲਗ ਪੈਣਾਂ ਤੇ ਆਪਾਂ ਦੋਨੋਂ ਈ ਪਾਸੇ ਮਾਰਾਂਗੇ।"

"ਨਹੀਂ ਦਸੋ, ਕੀ ਐ?"

"ਤੂੰ ਨਾਜ਼ਕ ਜਾਨ ਐ, ਮੈਂ ਰਿਹਾ ਰੰਘੜ ਬੰਦਾ, ਮੈਂ ਇਹਨਾਂ ਗੱਲਾਂ ਨਾਲ ਸਿਝਣਾ ਜਾਣਦਾਂ, ਤੂੰ ਸੌਂ ਜਾ, ਸਵੇਰੇ ਗੱਲਾਂ ਕਰਾਂਗੇ।"

ਸੁਸ਼ਮਾ ਉਠ ਕੇ ਬੈਠ ਜਾਂਦੀ ਹੈ ਤੇ ਆਖਦੀ ਹੈ,

"ਤੁਸੀਂ ਮੈਨੂੰ ਕੀ ਸਮਝਿਆ ਮੈਂ ਟੈਨਸ਼ਨ ਨਹੀਂ ਲੈ ਸਕਦੀ!"

"ਸੌਂ ਜਾ ਯਾਰ, ਸਵੇਰੇ ਉਠਣਾ, ਮੈਂ ਬੈਂਕ ਜਾਣਾਂ।"

"ਪਹਿਲਾਂ ਦਸੋ ਕੀ ਐ ਮਨ ਵਿਚ।"

"ਸੁਣ ਮੇਰੀ ਮਾਂ, ਸਾਰੇ ਬਿੱਲ ਆਏ ਪਏ ਆ, ਘਰ ਦੀ ਕਿਸ਼ਤ ਵੀ ਤੇ ਘਰ ਦੀ ਸ਼ੌਪਿੰਗ ਵੀ ਕਰਨ ਵਾਲੀ ਪਈ ਆ ਤੇ ਮੇਰੀ ਜੇਬ੍ਹ ਵਿਚ ਫੁੱਟੀ ਕੌਡੀ ਨਹੀਂ।"

"ਇਹ ਜਿਹੜੇ ਤਿੰਨ ਹਜ਼ਾਰ ਤੁਹਾਨੂੰ ਜੌਬ ਛੱਡਣ ਤੇ ਮਿਲੇ ਆ?"

"ਇਹ ਤਾਂ ਵਕੀਲਾਂ ਦੀ ਫੀਸ ਐ ਜਦੋਂ ਰੈਸਟੋਰੈਂਟ ਖਰੀਦਿਆ।"

"ਨਾਲੇ ਕਹਿੰਦੇ ਓ ਕਿ ਰੈਸਟੋਰੈਂਟ ਤੋਂ ਬਾਅਦ ਸਭ ਠੀਕ ਹੋ ਜਾਣੈ।"

"ਪਰ ਰੈਸਟੋਰੈਂਟ ਤਾਂ ਹਾਲੇ ਕਈ ਮਹੀਨੇ ਬਾਅਦ ਮਿਲੇਗਾ, ਇਸ ਮੁਲਕ ਦੇ ਕੰਮ ਕਰਨ ਦਾ ਤਰੀਕਾ ਬਹੁਤ ਢਿੱਲਾ ਐ ਜਦ ਤਕ ਤਾਂ ਅਸੀਂ ਮਾਰੇ ਜਾਵਾਂਗੇ, ਮੈਂ ਸਵੇਰੇ ਉਠ ਕੇ ਈ ਕੋਈ ਜੌਬ ਲੱਭਣ ਨਿਕਲਦਾਂ।"

"ਮੇਰਾ ਕੰਮ ਸ਼ੁਰੂ ਕਰਾ ਦਿਤਾ ਹੁੰਦਾ ਤਾਂ ਕੋਈ ਨਾ ਕੋਈ ਮਦਦ ਹੋ ਜਾਂਦੀ।"

"ਹਾਂ, ਕਈ ਲੋਕ ਸੋਚਦੇ ਆ ਕਿ ਚਾਚੇ ਵਿਚ ਆਹ ਨੁਕਸ ਹੁੰਦਾ ਤਾਂ ਅਸੀਂ ਇਹਨੂੰ ਭੂਆ ਈ ਕਹਿੰਦੇ।"

ਪਹਿਲਾਂ ਤਾਂ ਸੁਸ਼ਮਾ ਨੂੰ ਸਮਝ ਨਹੀਂ ਪੈਂਦੀ ਕਿ ਵਿਜੈ ਕੀ ਕਹਿ ਗਿਆ ਪਰ ਫਿਰ ਉਹ ਹੱਸਣ ਲਗਦੀ ਹੈ ਤੇ ਕਿੰਨਾ ਚਿਰ ਹਸਦੀ ਰਹਿੰਦੀ ਹੈ ਪਰ ਹੁਣ ਸੌਣਾ ਉਸ ਲਈ ਵੀ ਮੁਸ਼ਕਲ ਹੈ।

## ਚੌਦਾਂ

ਸਦੀਕ ਕਸ਼ਮੀਰੀ ਹੈ ਇਸੇ ਲਈ ਆਪਣੇ ਰੈਸਟੋਰੈਂਟ ਦਾ ਨਾਂ ਉਸ ਨੇ ਚਿਨਾਰ ਰੱਖਿਆ ਹੈ। ਉਹ ਕਹਿੰਦਾ ਹੈ,

"ਸ਼ਰਮਾ ਜੀ, ਜੇ ਚਾਹੋ ਤਾਂ ਨਾਂ ਤੁਸੀਂ ਬਦਲ ਸਕਦੇ ਓ, ਮੈਂ ਤਾਂ ਕਸ਼ਮੀਰ ਦੇ ਖਾਸ ਦਰਖਤ ਦੇ ਨਾਂ ਤੇ ਇਹ ਨਾਂ ਰੱਖਿਆ ਸੀ ਪਰ ਇਹ ਮੇਰੇ ਲਈ ਬਹੁਤ ਲੱਕੀ ਰਿਹੈ।"

ਵਿਜੈ ਸੋਚਦਾ ਹੈ ਕਿ ਨਾਂ ਵਿਚ ਕੀ ਪਿਆ ਹੈ। ਫਿਰ ਇਹ ਨਾਂ ਗਾਹਕਾਂ ਦੇ ਮਨਾਂ ਵਿਚ ਰਜਿਸਟਰ ਹੋ ਚੁੱਕਾ ਹੈ, ਨਵੇਂ ਨਾਂ ਨੂੰ ਲੋਕਾਂ ਦੇ ਮਨਾਂ ਵਿਚ ਵਸਣ ਲਈ ਵਕਤ ਲਗੇਗਾ। ਉਹ ਸਭ ਕੁਝ ਇਵੇਂ ਹੀ ਰਹਿਣ ਦਿੰਦਾ ਹੈ ਜਿਵੇਂ ਪਹਿਲਾਂ ਸੀ। ਰੈਸਟੋਰੈਂਟ ਦਾ ਕਬਜ਼ਾ ਮਿਲਣ ਤੋਂ ਪਹਿਲਾਂ ਚਾਰ ਹਫਤੇ ਇਥੇ ਕੰਮ ਕਰ ਕੇ ਕਾਫੀ ਕੁਝ ਸਿਖਣ ਦੀ ਕੋਸ਼ਿਸ਼ ਕਰਦਾ ਹੈ। ਸਾਰਾ ਸਟਾਫ ਵੀ ਪਹਿਲਾਂ ਵਾਲਾ ਹੀ ਰਹਿਣ ਦਿੰਦਾ ਹੈ। ਸਟਾਫ ਦੇ ਚਾਰ ਮੈਂਬਰ ਹਨ। ਮੁੱਖ ਸ਼ੈਫ ਮੰਗਲ ਹੈ ਦੂਜਾ ਸਨੀ। ਚਰਨ ਤੇ ਸਤਨਾਮ ਵੇਟਰ ਹਨ। ਕਾਊਂਟਰ 'ਤੇ ਪਹਿਲਾਂ ਸਦੀਕ ਦੀ ਪਤਨੀ ਖੜਦੀ ਰਹੀ ਹੈ ਪਰ ਛੱਡ ਛਡਾਈ ਤੋਂ ਬਾਅਦ ਉਸ ਨੇ ਸ਼ਾਮ ਲਈ ਇਕ ਗੋਰੀ ਮਿਸ਼ੈਲ ਰੱਖ ਲਈ ਹੈ। ਮਸ਼ੈਲ ਸਦੀਕ ਦੀ ਦੋਸਤ ਹੀ ਹੈ ਤੇ ਹੁਣ ਉਸ ਦੇ ਨਾਲ ਹੀ ਉਹ ਕੰਮ ਛੱਡ ਰਹੀ ਹੈ। ਵਿਜੈ ਕਾਊਂਟਰ ਦਾ ਕੰਮ ਆਪ ਹੀ ਜਾਂ ਆਪਣੇ ਕਿਸੇ ਖਾਸ ਬੰਦੇ ਨੂੰ ਹੀ ਦੇਣਾ ਚਾਹੁੰਦਾ ਹੈ। ਉਹ ਰੋਹਨ ਲਈ ਸ਼ਾਮ ਦੇ ਚਾਰ ਘੰਟੇ ਵਾਸਤੇ ਬੇਵੀ ਸਿਟਰ ਦਾ ਇੰਤਜ਼ਾਮ ਕਰਕੇ ਸੁਸ਼ਮਾ ਨੂੰ ਕਾਊਂਟਰ ਤੇ ਕੰਮ ਕਰਾਉਂਦਾ ਹੈ। ਇਕ ਤਾਂ ਟਿੱਲ ਵਿਚ ਪੈਸੇ ਹੁੰਦੇ ਹਨ ਤੇ ਦੂਜੇ ਕਾਊਂਟਰ ਦੇ ਪਿੱਛੇ ਹੀ ਬਾਰ ਹੈ। ਜਿਥੇ ਬੀਅਰ, ਵਿਸਕੀ ਤੇ ਵਾਈਨ ਆਦਿ ਹੁੰਦੇ ਹਨ। ਇਹ ਸਦੀਕ ਆਖਦਾ ਹੈ,

"ਸ਼ਰਮਾ ਜੀ, ਸਭ ਤੋਂ ਪਹਿਲਾਂ ਕਿਚਨ ਦਾ ਕੰਮ ਸਿਖੋ, ਇਹ ਜੋ ਸਟਾਫ ਹੁੰਦਾ ਏ ਇਹ ਮਾਲਕ ਦੀ ਕਮਜ਼ੋਰੀ ਦਾ ਬਹੁਤ ਫਾਇਦਾ ਉਠਾਇਆ ਕਰਦਾ ਜੇ, ਸਟਾਫ ਨੂੰ ਪਤਾ ਹੋਵੇ ਸਹੀ ਇਹ ਤੰਗ ਕਰਨ ਲਗ ਪਵੇਗਾ। ਇਹ ਜੋ ਮੰਗਲ ਏ ਇਹ ਬਹੁਤ ਅੜਬ ਬੰਦਾ ਏ ਇਹਦੇ ਤੇ ਕਾਠੀ ਪਾ ਕੇ ਰੱਖਣ ਦੀ ਲੋੜ ਏ, ਜੇ ਇਕ ਵਾਰੀ ਕਾਠੀ ਪਾ ਲਈ ਤਾਂ ਇਹ ਸੁਧਾ ਸੋਨਾ ਏ। ਤੁਸੀਂ ਜੇ ਕੰਮ ਸਿਖਿਆ ਹੋਵੇਗਾ ਤਾਂ ਇਹ ਕੰਮ ਛੱਡਣ ਦੀ ਧਮਕੀ ਨਹੀਂ ਦੇ ਸਕੇਗਾ। ਇਵੇਂ ਈ ਇਹ ਸਨੀ ਐ ਇਹ ਵੀ ਕਈ ਵਾਰ ਮੰਗਲ ਨਾਲ ਰਲ਼ ਜਾਂਦਾ ਏ।"

ਪਹਿਲੇ ਕੁਝ ਹਫਤੇ ਸਦੀਕ ਸ਼ਾਮ ਨੂੰ ਆ ਕੇ ਸਹਾਇਤਾ ਕਰਵਾ ਜਾਂਦਾ ਹੈ। ਸੁਸ਼ਮਾ ਕਾਊਂਟਰ ਦਾ ਕੰਮ ਸਹਿਜੇ ਹੀ ਸੰਭਾਲ ਲੈਂਦੀ ਹੈ। ਪੈਸੇ ਦਾ ਲੈਣ ਦੇਣ ਔਖੀ ਗੱਲ ਨਹੀਂ, ਉਲਟੀਆਂ ਲਟਕਦੀਆਂ ਬੋਤਲਾਂ ਵਿਚੋਂ ਵਿਸਕੀ ਪਾ ਕੇ ਦੇਣੀ ਉਸ ਨੂੰ ਹੋਰਵੇਂ ਲਗਦੀ ਹੈ ਪਰ ਕੰਮ ਕਰ ਲੈਂਦੀ ਹੈ। ਸੁਸ਼ਮਾ ਨੂੰ ਬਹੁਤਾ ਕੰਮ ਨਹੀਂ ਕਰਨਾ ਪੈਂਦਾ। ਗਾਹਕ ਤੋਂ ਆਰਡਰ ਤਾਂ ਵੇਟਰ ਨੇ ਲੈ ਕੇ ਆਉਣਾ ਹੁੰਦਾ ਹੈ ਤੇ ਅੰਦਰ ਲੈਜਾ ਕੇ ਸਨੀ ਮੂਹਰੇ ਰੱਖ ਦੇਣਾ ਹੁੰਦਾ ਹੈ ਤੇ ਮੰਗਲ ਨੇ ਤਿਅਰ ਕਰਨਾ ਹੁੰਦਾ ਹੈ। ਵਿਜੈ ਬਹੁਤ ਸਮਾਂ ਮੰਗਲ ਤੇ ਸਨੀ ਦੀ ਮਦਦ ਕਰਨ ਵਿਚ ਹੀ ਖਰਚ ਕਰਦਾ ਹੈ। ਸਦੀਕ ਦੇ ਕਹਿਣ ਅਨੁਸਾਰ ਸਾਰੀ ਕੁਕਿੰਗ ਸਿਖਣੀ ਬਹੁਤ ਜ਼ਰੂਰੀ ਹੈ ਤਾਂ ਕਿ ਕਿਸੇ ਤੇ ਨਿਰਭਰ ਨਾ ਹੋਣਾ ਪਵੇ। ਮਸਾਲੇ ਰਲਾਉਣ ਦੀ ਵਿਧੀ ਵੀ ਸਦੀਕ ਉਸ ਨੂੰ ਸਿਖਾ ਦਿੰਦਾ ਹੈ। ਬਹੁਤਾ ਫਰਕ ਨਹੀਂ ਹੁੰਦਾ ਇਕ ਅੱਧਾ ਮਸਾਲਾ ਇਧਰ ਓਧਰ ਕਰਨ ਨਾਲ ਰੈਸਪੀ ਬਦਲ ਜਾਂਦੀ ਹੈ। ਸਦੀਕ ਉਸ ਨੂੰ ਇਕ ਵੱਖਰੀ ਰੈਸਪੀ ਲਿਖਾ ਦਿੰਦਾ ਹੈ ਜੋ ਕਿ ਉਸ ਨੇ ਆਪਣੇ ਸਟਾਫ ਨੂੰ ਨਹੀਂ ਦਸੀ ਹੋਈ। ਸਦੀਕ ਆਖਦਾ ਹੈ,

"ਜਦੋਂ ਡਿਸ਼ ਤਿਆਰ ਹੋ ਜਾਵੇ ਇਕ ਡੱਬੀ ਆਪਣੀ ਜੇਬ੍ਹ ਵਿਚੋਂ ਕੱਢਣੀ ਤੇ ਤੇ ਇਹ ਮਸਾਲਾ ਡਿਸ਼ ਉਪਰ ਬਰੂਰ ਛੱਡਣਾ, ਇਹਦੇ ਨਾਲ ਸਾਰਾ ਜ਼ਾਇਕ ਈ ਬਦਲ ਜਾਸੀ। ਜੇ ਡਬੀ ਸਟਾਫ ਨੂੰ ਦੇਣੀ ਵੀ ਪੈ ਜਾਵੇ ਤਾਂ ਇਸਦੀ ਰੈਸਪੀ ਨਾ ਦੱਸਣਾ।"

ਇਸ ਰੈਸਪੀ ਵਿਚ ਕਈ ਕਿਸਮ ਦੇ ਖੁਸ਼ਬੂਦਾਰ ਮਸਾਲਿਆਂ ਦੀ ਛੋਹ ਹੈ ਜਿਵੇਂ ਕਿ ਇਲਾਇਚੀ, ਲੌਂਗ, ਹਿੰਗ ਆਦਿ। ਅਗਸਤ ਦਾ ਮਹੀਨਾ ਹੈ। ਹਾਲੇ ਗਰਮੀ ਹੈ। ਬਰਾਈਟਨ ਵਿਚ ਹਾਲੇ ਟੂਰਿਸਟਾਂ ਦੀ ਭਰਮਾਰ ਹੈ ਇਸ ਲਈ ਰੈਸਟੋਰੈਂਟ ਬਿਜ਼ੀ ਹੈ। ਵਾਹਵਾ ਗਾਹਕ ਆ ਜਾ ਰਹੇ ਹਨ। ਪਹਿਲੇ ਕੁਝ ਦਿਨ ਤਾਂ ਵਿਜੈ ਦੀ ਭੂਤਨੀ ਭੁੱਲੀ ਰਹਿੰਦੀ ਹੈ ਪਰ ਫਿਰ ਕੰਮ ਕਾਬੂ ਵਿਚ ਆਉਣ ਲਗਦਾ ਹੈ। ਬਹੁਤੇ ਰੈਸਟੋਰੈਂਟ ਦਿਨ ਵੇਲੇ ਇੰਨੇ ਵਿਅਸਤ ਨਹੀਂ ਹੁੰਦੇ ਪਰ ਚਿਨਾਰ ਵਿਚ ਗਾਹਕ ਤੁਰੇ ਰਹਿੰਦੇ ਹਨ। ਉਹ ਚਾਰ ਵਜੇ ਬੰਦ ਕਰਕੇ ਛੇ ਵਜੇ ਫਿਰ ਖੋਹਲ ਲੈਂਦੇ ਹਨ। ਜੇ ਮੀਂਹ ਬਗੈਰਾ ਨਾ ਪਿਆ ਹੋਵੇ ਤਾਂ ਲੋਕ ਛੇ ਵਜੇ ਹੀ ਆਉਣੇ ਸ਼ੁਰੂ ਹੋ ਜਾਂਦੇ ਹਨ। ਰਾਤ ਗਿਆਰਾਂ ਵਜੇ ਤਕ ਚਲੋ ਚਲ ਰਹਿੰਦੀ ਹੈ। ਕਿਸੇ ਵੇਲੇ ਸਦੀਕ ਹੋਮ ਡਲਿਵਰੀ ਵੀ ਕਰਿਆ ਕਰਦਾ ਰਿਹਾ ਹੈ। ਪੈਟਰਕ ਨਾਂ ਦਾ ਗੋਰਾ ਆਪਣੀ ਕਾਰ ਵਿਚ ਡਲਿਵਰ ਕਰ ਦਿਆ ਕਰਦਾ ਪਰ ਪੈਟਰਕ ਨਾਲ ਕਿਸੇ ਗੱਲੋਂ ਝਗੜਾ ਹੋ ਜਾਣ ਕਾਰਨ ਸਦੀਕ ਨੇ ਹੋਮ ਡਲਿਵਰੀ ਬੰਦ ਕਰ ਕੀਤੀ ਹੋਈ ਹੈ। ਇਕ ਦਿਨ ਪੈਟਰਕ ਆ ਕੇ ਆਪਣੇ ਬਾਰੇ ਵਾਕਫੀ ਕਰਾਉਂਦਾ ਆਖਦਾ ਹੈ,

"ਗਵਨਾ, ਜੇ ਤੂੰ ਚਾਹੁੰਨਾਂ ਤੇ ਮੈਂ ਤੇਰੇ ਲਈ ਡਲਿਵਰ ਕਰ ਦਿਆ ਕਰੂੰ, ਤਿੰਨ ਪੌਂਡ ਆਰਡਰ ਮਗਰ ਤੇ ਬਾਕੀ ਗਾਹਕ ਜੋ ਦੇ ਦੇਵੇ।"

ਵਿਜੈ ਮੁੜ ਤੋਂ ਹੋਮ ਡਲਿਵਰੀ ਸਰਵਿਸ ਸ਼ੁਰੂ ਕਰ ਦਿੰਦਾ ਹੈ। ਤਿੰਨ ਮੀਲ ਦੇ ਰੇਡੀਅਸ ਵਿਚ ਉਹ ਫਰੀ ਡਲਿਵਰੀ ਕਰਨ ਲਗਦਾ ਹੈ। ਅਸਲ ਵਿਚ ਜੋ ਹੋਮ ਡਲਿਵਰੀ ਦਾ ਮੈਨਿਓ ਹੁੰਦਾ ਹੈ ਉਸ ਵਿਚ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਕੁਝ ਤੇਜ਼ ਹੁੰਦੀਆਂ ਹਨ। ਗਾਹਕ ਨੂੰ ਘਰ ਬੈਠੇ ਖਾਣਾ ਮਿਲ ਜਾਂਦਾ ਹੈ ਇਸ ਲਈ ਕੋਈ ਬਹੁਤੀ ਹੀਲ-ਹੁੱਜਤ ਨਹੀਂ ਕਰਦਾ। ਪੈਟਰਕ ਵਿਹਲਾ ਹੋਵੇ ਤਾਂ ਇਕ ਪਾਸੇ ਕੁਰਸੀ ਤੇ ਬੈਠਾ ਰਹਿੰਦਾ ਹੈ, ਜਿਥੇ ਕੁਝ ਕੁਰਸੀਆਂ ਟੇਕ ਅਵੇਅ ਕਰ ਵਾਲੇ ਗਾਹਕਾਂ ਲਈ ਪਈਆਂ ਹਨ।

ਵਿਜੈ ਹੁਣ ਤੁੜਕਾ ਲਾਉਣਾ ਸਿਖ ਜਾਂਦਾ ਹੈ। ਸਾਰੀ ਕੁਕਿੰਗ ਵਿਚ ਤੁੜਕੇ ਦੀ ਹੀ ਕਾਰੀਗਰੀ ਹੈ। ਬਾਕੀ ਚਿਕਨ ਤੇ ਲੈਂਬ ਤਾਂ ਪਹਿਲਾਂ ਉਬਾਲ ਕੇ ਹੀ ਰਖਿਆ ਹੋਇਆ ਹੁੰਦਾ ਹੈ। ਤੁੜਕੇ ਵਿਚ ਖੁੰਬਾਂ, ਸ਼ਿਮਲੇ ਦੀ ਮਿਰਚ, ਕੋਕੋਨਟ ਜਾਂ ਕਰੀਮ ਆਦਿ ਪਾ ਕੇ ਵੱਖਰੇ ਨਾਂ ਵਾਲੀ ਡਿਸ਼ ਤਿਆਰ ਹੋ ਜਾਂਦੀ ਹੈ ਪਰ ਮੂਲਕ ਤੌਰ ਸਾਰੀਆਂ ਡਿਸ਼ਾਂ ਇਕੋ ਜਿਹੀਆਂ ਹੀ ਹੁੰਦੀਆਂ ਹਨ। ਸਨੀ ਦੋਵੇਂ ਕਿਸਮ ਦਾ ਮੀਟ ਤੇ ਸਬਜ਼ੀਆਂ ਕਟਦਾ, ਉਹ ਮੰਗਲ ਨਾਲ ਰਲ਼ਕੇ ਤੁੜਕਾ ਤਿਆਰ ਕਰਦਾ ਹੈ। ਮੰਗਲ ਕਈ ਵਾਰ ਰਸੋਈ ਵਿਚ ਭੀੜ ਜਿਹੀ ਮਹਿਸੂਸ ਕਰਦਾ ਹੈ ਤੇ ਕਹਿੰਦਾ ਹੈ,

"ਗਵਨਾ, ਤੂੰ ਮੁਹਰੇ ਜਾ, ਕਿਚਨ ਦੀ ਚਿੰਤਾ ਨਾ ਕਰ।"

ਪਰ ਵਿਜੈ ਨੂੰ ਟਿਕਾਅ ਜਿਹਾ ਨਹੀਂ ਪੈਂਦਾ। ਉਹ ਅਗੇ ਕਾਊਂਟਰ ਤੇ ਆਉਂਦਾ ਹੈ ਪਰ ਫਿਰ ਵਾਪਸ ਮੁੜ ਆਉਂਦਾ ਹੈ।

ਰੈਸਟੋਰੈਂਟ ਵਿਜੈ ਨੂੰ ਬਹੁਤ ਰੁਝਾ ਦਿੰਦਾ ਹੈ। ਇੰਨਾ ਕਿ ਉਹ ਕਿਸੇ ਨੂੰ ਮਿਲਣ ਵੀ ਨਹੀਂ ਜਾ ਸਕਦਾ। ਹੁਣ ਉਸ ਨੂੰ ਮਿਲਣ ਵਾਲਿਆਂ ਵਿਚ ਹੁਸ਼ਿਆਰ ਤੇ ਸੁਨੈਨਾ ਹੀ ਹਨ ਪਰ ਉਹ ਆਪ ਹੀ ਚਿਨਾਰ ਵਿਚ ਆ ਜਾਂਦੇ ਹਨ। ਤਾਏ ਵਲ ਪਹਿਲਾਂ ਵਾਂਗ ਨਹੀਂ ਜਾਇਆ ਜਾਂਦਾ। ਸਿਰਫ ਐਤਵਾਰ ਸਵੇਰੇ ਤਾਏ ਤਾਈ ਨੂੰ ਮਿਲਣ ਲਈ ਰੱਖੀ ਹੋਈ ਹੈ। ਕਦੇ ਕਦੇ ਭਾਗੀ ਨੂੰ ਮਿਲਣ ਜਾਂਦਾ ਹੈ ਪਰ ਛੇਤੀ ਹੀ ਮੁੜ ਆਉਂਦਾ ਜਿਵੇਂ ਹੱਥ ਲਾ ਕੇ ਮੁੜੀਦਾ ਹੈ। ਸ਼ਾਮ ਨੂੰ ਤਾਂ ਉਹ ਰੈਸਟੋਰੈਂਟ ਵਿਚ ਹੀ ਹੁੰਦਾ ਹੈ ਪਰ ਸਵੇਰੇ ਉਸ ਨੇ ਉਪਰਲੇ ਕੰਮ ਕਰਨੇ ਹੁੰਦੇ ਹਨ। ਇਕ ਦਿਨ ਉਹ ਸਬਜ਼ੀਆਂ ਲੈ ਕੇ ਆਉਂਦਾ, ਇਕ ਦਿਨ ਉਸ ਨੇ ਮੀਟ ਮਾਰਕੀਟ ਜਾਣ ਲਈ ਰਖਿਆ ਹੋਇਆ ਹੈ, ਇਕ ਦਿਨ ਉਸ ਨੇ ਬੈਂਕਿੰਕ ਕਰਨੀ ਹੁੰਦੀ। ਇਕ ਦਿਨ ਕੈਸ਼ ਐਂਡ ਕੈਰੀ ਜਾਣਾ ਹੁੰਦਾ ਜਿਥੋਂ ਉਹ ਦਾਲਾਂ, ਤੇਲ, ਆਟਾ, ਜੂਸ ਤੇ ਹੋਰ ਸੌਦੇ  ਆਦਿ ਲੈਂਦਾ ਹੈ। ਇਕ ਸਵੇਰ ਬੀਅਰ, ਵਿਸਕੀ, ਵਾਈਨ ਆਦਿ ਲਈ ਰੱਖੀ ਹੋਈ ਹੈ। ਸ਼ਨਿਚਰਵਾਰ ਉਹ ਮੰਦਿਰ ਜਾਂਦਾ ਜਿਥੇ ਉਹ ਹਾਲੇ ਵੀ ਲੋਕਾਂ ਦੇ ਕੰਮ ਕਰਿਆ ਕਰਦਾ ਹੈ। ਸ਼ੁਸ਼ਮਾ ਹੁਣ ਮੰਦਿਰ ਨਹੀਂ ਜਾਂਦੀ। ਇਕ ਤਾਂ ਉਸ ਕੋਲ ਦਵਾਈਆਂ ਨਹੀਂ ਹਨ। ਇੰਡੀਆ ਤੋਂ ਜਿਹੜੀਆਂ ਦਵਾਈਆਂ ਮੰਗਾਈਆਂ ਸਨ ਉਹ ਵੀ ਖਤਮ ਹੋ ਚੁੱਕੀਆਂ ਹਨ ਦੂਜੇ ਉਹ ਮੁਫਤ ਵਿਚ ਕੰਮ ਕਰਨ ਲਈ ਤਿਆਰ ਨਹੀਂ ਹੈ।

ਸ਼ੁਸ਼ਮਾ ਨੂੰ ਚਿਨਾਰ ਖਰੀਦਣ ਦਾ ਬਹੁਤ ਫਇਦਾ ਹੋਇਆ ਹੈ। ਸ਼ੁਸ਼ਮਾ ਦਾ ਸੁਭਾਅ ਰਿਹਾ ਹੈ ਉਹ ਆਪਣੀ ਮਰਜ਼ੀ ਨਾਲ ਪੈਸੇ ਖਰਚ ਕਰਦੀ ਹੈ। ਹਰ ਵੇਲੇ ਉਸ ਦੇ ਪਰਸ ਵਿਚ ਪੈਸੇ ਰਹੇ ਹਨ। ਉਸ ਨੂੰ ਕਦੇ ਕਿਸੇ ਤੋਂ ਪੈਸੇ ਮੰਗਣ ਦੀ ਆਦਤ ਹੀ ਨਹੀਂ ਹੈ। ਉਹ ਆਪ ਕਮਾਉਂਦੀ ਰਹੀ ਹੈ ਤੇ ਮਨ ਮਰਜ਼ੀ ਦੇ ਪੈਸੇ ਪਰਸ ਵਿਚ ਰੱਖਦੀ ਰਹੀ ਹੈ। ਇੰਗਲੈਂਡ ਵਿਚ ਆ ਕੇ ਉਸ ਨੂੰ ਵਿਜੈ ਤੋਂ ਮੰਗਣੇ ਪੈਂਦੇ ਹਨ। ਵੈਸੇ ਤੇ ਵਿਜੈ ਸਮਝਦਾ ਹੈ ਤੇ ਸ਼ੁਰੂ ਵਿਚ ਹੀ ਉਸ ਨੂੰ ਸੌ ਪੌਂਡ ਦੇ ਦਿਆ ਕਰਦਾ ਕਿ ਜਿਥੇ ਮਰਜ਼ੀ ਖਰਚ ਕਰੇ। ਸ਼ੁਸ਼ਮਾ ਨੂੰ ਕੋਈ ਚੀਜ਼ ਪਸੰਦ ਆ ਜਾਵੇ ਤਾਂ ਉਹ ਉਸ ਨੂੰ ਖਰੀਦ ਕੇ ਹੀ ਹਟਦੀ ਹੈ, ਕਈ ਵਾਰ ਉਸ ਨੂੰ ਸੌ ਪੌਂਡ ਵੀ ਥੋੜਾ ਪੈ ਜਾਂਦਾ। ਫਿਰ ਵਿਜੈ ਦੀ ਨੌਕਰੀ ਛੁੱਟਣ ਤੋਂ ਬਾਅਦ ਸ਼ੁਸ਼ਮਾ ਨੂੰ ਆਪਣਾ ਹਜ਼ਾਰ ਪੌਂਡ ਖਰਚਣਾ ਪਿਆ ਤਾਂ ਉਸ ਨੂੰ ਬਹੁਤ ਤਕਲੀਫ ਹੁੰਦੀ ਹੈ ਪਰ ਹੁਣ ਠੀਕ ਹੈ। ਪੈਸੇ ਦਾ ਕੰਟਰੋਲ ਉਸ ਕੋਲ ਹੈ। ਸਭ ਤੋਂ ਪਹਿਲਾਂ ਤਾਂ ਹੌਲੀ ਹੌਲੀ ਕਰਕੇ ਆਪਣਾ ਹਜ਼ਾਰ ਪੌਂਡ ਪੂਰਾ ਕਰਦੀ ਹੈ। ਫਿਰ ਹੋਰ ਥੋੜੇ ਥੋੜੇ ਕਰਕੇ ਆਪਣੇ ਲਈ ਅਲੱਗ ਜੋੜਨ ਲਗਦੀ ਹੈ। ਵਿਜੈ ਉਸ ਨੂੰ ਘਰ ਚਲਾਉਣ ਲਈ ਅਲੱਗ ਪੈਸੇ ਦਿੰਦਾ ਹੈ। ਘਰ ਦੀ ਸ਼ੌਪਿੰਗ ਜਾਂ ਰੋਹਨ ਦੀ ਸ਼ੌਪਿੰਗ ਉਹ ਆਪ ਕਰ ਆਉਂਦੀ ਹੈ। ਉਸ ਨੂੰ ਵਰਦਿੰਗ ਦੇ ਸ਼ੌਪਿੰਗ ਸੈਂਟਰ ਦੀ ਹੀ ਆਦਤ ਹੈ। ਕਾਰ ਚੁੱਕ ਉਹ ਰੋਹਨ ਨੂੰ ਚਾਈਲਡ ਚੇਅਰ ਤੇ ਬੈਠਾ ਕੇ ਵਰਦਿੰਗ ਪੁੱਜ ਜਾਂਦੀ ਹੈ। ਹੁਣ ਜਦ ਤੋਂ ਦੂਜੇ ਬੇਵੀ ਹੋਣ ਦਾ ਸਮਾਂ ਨਜਦੀਕ ਆ ਰਿਹਾ ਹੈ ਤਾਂ ਉਸ ਨੇ ਕਾਰ ਚਲਾਉਣੀ ਛੱਡ ਦਿਤੀ ਹੈ।

ਵਿਜੈ ਸ਼ੌਪਿੰਗ ਨੂੰ ਨਿਕਲਿਆ ਕਈ ਵਾਰ ਲੰਡਨ ਤਕ ਨਿਕਲ ਜਾਂਦਾ ਹੈ। ਜੇਕਰ ਉਹ ਦੁਪਿਹਰ ਬਾਰਾਂ ਵਜੇ ਤਕ ਨਾ ਮੁੜੇ ਤਾਂ ਸ਼ੁਸ਼ਮਾ ਚਿਨਾਰ ਖੋਹਲ ਦਿੰਦੀ ਹੈ। ਉਹ ਰੋਹਨ ਨੂੰ ਪਰਾਮ ਵਿਚ ਪਾ ਕੇ ਨਾਲ ਲੈ ਆਉਂਦੀ ਹੈ। ਚਿਨਾਰ ਦੇ ਹੀ ਪਿੱਛੇ ਬਣੇ ਇਕ ਕਮਰੇ ਵਿਚ ਮੰਗਲ ਰਹਿੰਦਾ ਹੈ। ਰੈਸਟੋਰੈਂਟ ਦਾ ਇਕ ਦਰਵਾਜਾ ਪਿੱਛਲੀ ਗਲੀ ਵਲ ਵੀ ਖੁਲ੍ਹਦਾ ਹੈ। ਸਦੀਕ ਵੇਲੇ ਤਾਂ ਮੰਗਲ ਹੀ ਰੈਸਟੋਰੈਂਟ ਖੋਹਲਿਆ ਕਰਦਾ ਪਰ ਹੁਣ ਵਿਜੈ ਆਪ ਜਾਂ ਸ਼ੁਸ਼ਮਾ ਖੋਹਲਦੇ ਹਨ। ਜਦ ਤਕ ਹੀ ਸੱਨੀ, ਚਰਨ ਤੇ ਸਤਨਾਮ ਵੀ ਆ ਜਾਂਦੇ ਹਨ।

ਇਕ ਦਿਨ ਵਿਜੇ ਨੂੰ ਮਹਿਸੂਸ ਹੁੰਦਾ ਹੈ ਕਿ ਵਿਸਕੀ ਦੀ ਇਕ ਬੋਤਲ ਗਾਇਬ ਹੈ। ਸਦੀਕ ਨੇ ਉਸ ਨੂੰ ਚੇਤਾਵਨੀ ਦਿਤੀ ਹੋਈ ਹੈ ਕਿ ਕਈ ਵਾਰ ਸਟਾਫ ਹੀ ਸ਼ਰਾਬ ਚੋਰੀ ਕਰਕੇ ਪੀ ਜਾਂਦਾ ਹੈ ਇਸ ਲਈ ਧਿਆਨ ਰੱਖਣਾ ਪੈਂਦਾ ਹੈ। ਫੇਮਸ ਗਰਾਊਸ ਵਿਸਕੀ ਆਮ ਤੌਰ ਤੇ ਦੇਸੀ ਬੰਦਿਆਂ ਵਿਚ ਮਸ਼ਹੂਰ ਹੈ। ਵਿਜੈ ਪੰਜ ਬੋਤਲਾਂ ਲਿਆਉਂਦਾ ਹੈ ਪਰ ਹੁਣ ਉਥੇ ਚਾਰ ਹੀ ਹਨ। ਫਿਰ

ਉਹ ਦੇਖਦਾ ਹੈ ਕਿ ਮੰਗਲ ਤੇ ਸੱਨੀ ਅਜ ਦੁਪਿਹਰੇ ਹੀ ਸ਼ਰਾਬੀ ਫਿਰਦੇ ਹਨ। ਵੈਸੇ ਤਾਂ ਚਾਰੇ ਸਟਾਫ ਦੇ ਮੈਂਬਰ ਸ਼ਰਾਬ ਪੀਂਦੇ ਹਨ ਪਰ ਉਹ ਆਪਸ ਵਿਚ ਹਿੱਸਾ ਪਾ ਕੇ ਵਿਜੈ ਤੋਂ ਬੋਤਲ ਖਰੀਦ ਲਿਆ ਕਰਦੇ ਹਨ। ਪਰ ਰਾਤ ਨੂੰ। ਦਿਨੇ ਕਿਸੇ ਨੇ ਬੀਅਰ ਪੀ ਲਈ ਤਾਂ ਪੀ ਲਈ ਪਰ ਸ਼ਰਾਬ ਕੋਈ ਘੱਟ ਹੀ ਪੀਂਦਾ ਹੈ। ਵਿਜੈ ਨੂੰ ਬਹੁਤ ਗੁੱਸਾ ਆ ਰਿਹਾ ਹੈ। ਇਕ ਤਾਂ ਮੁਨਾਫੇ ਦਾ ਨੁਕਸਾਨ ਦੂਜਾ ਦਿਨੇ ਹੀ ਸ਼ਰਾਬ ਪੀਣ ਨਾਲ ਕੰਮ ਵਿਚ ਗੜਬੜ। ਖਾਣੇ ਦਾ ਕੰਮ ਹੈ, ਜੇ ਸ਼ਰਾਬ ਪੀ ਕੇ ਰਸੋਈ ਵਿਚ ਕੋਈ ਗਲਤੀ ਹੋ ਜਾਵੇ ਉਸ ਦਾ ਨਤੀਜਾ ਤਾਂ ਵਿਜੈ ਨੂੰ ਹੀ ਭੁਗਤਣਾ ਪਵੇਗਾ। ਉਹ ਮੰਗਲ ਨੂੰ ਆਖਦਾ ਹੈ,

"ਅਜ ਤੂੰ ਹੁਣੇ ਈ ਲੋੜ ਤੋਂ ਜ਼ਿਆਦਾ ਈ ਸ਼ਰਾਬੀ ਲਗਦਾਂ?"

"ਗਵਨਾ, ਜੇ ਜੱਟ ਸ਼ਰਾਬੀ ਨਾ ਹੋਊ ਤਾਂ ਕੀ ਹੋਊ, ਤੂੰ ਆਪ ਦੱਸ!"

"ਮੰਗਲ ਸਿਆਂ, ਆਹ ਆਪਣੇ ਕੰਮ ਦਾ ਟਾਈਮ ਆਂ, ਤੂੰ ਦਸ ਵਜੇ ਤੋਂ ਬਾਅਦ ਪੀਵੀ ਜਾਹ, ਅਵੱਲ ਤਾਂ ਤੁਹਾਨੂੰ ਰੈਸਟੋਰੈਂਟ ਬੰਦ ਕਰਕੇ ਪੀਣੀ ਚਾਹੀਦੀ ਐ ਪਰ ਆਹ ਵੇਲਾ ਤਾਂ ਸ਼ਰਾਬ ਦਾ ਨਹੀਂ।"

ਵਿਜੈ ਨੂੰ ਮੰਗਲ ਦਾ ਬੇਪਰਵਾਹੀ ਜਿਹੀ ਨਾਲ ਗੱਲ ਕਰਨਾ ਚੰਗਾ ਨਹੀਂ ਲਗਦਾ। ਗੁੱਸੇ ਵਿਚ ਤਾਂ ਉਹ ਪਹਿਲਾਂ ਹੀ ਹੈ ਪਰ ਉਹ ਆਪਣੇ ਆਪ ਨੂੰ ਕਾਬੂ ਵਿਚ ਰੱਖਦਾ ਉਸ ਨੂੰ ਸਮਝਾਉਣ ਦੇ ਰੌਂਅ ਵਿਚ ਹੈ। ਮੰਗਲ ਅਗੋਂ ਔਖਾ ਜਿਹਾ ਹੁੰਦਾ ਬੋਲਦਾ ਹੈ,

"ਜੱਟ ਦੀ ਸ਼ਰਾਬ ਦਾ ਕੋਈ ਵੇਲਾ ਨਹੀਂ ਹੁੰਦਾ, ਚੇਤੇ ਰੱਖ ਗਵਨਾ।"

"ਦੇਖ ਮੰਗਲ, ਕੰਮ ਕਰਦੇ ਸਮੇਂ ਤੂੰ ਸ਼ਰਾਬ ਨਹੀਂ ਪੀਣੀ।"

"ਇਹ ਮੇਰਾ ਪਰਸਨਲ ਮਾਮਲਾ ਐ ਗਵਨਾ।"

"ਇਹ ਤੇਰਾ ਪਰਸਨਲ ਨਹੀਂ ਮੇਰਾ ਪਰਸਨਲ ਮਾਮਾਲਾ ਐ, ਰੈਸਟੋਰੈਂਟ ਮੈਂ ਚਲਾਉਣਾ।"

ਵਿਜੈ ਦਾ ਕਰੋਧ ਵਧ ਰਿਹਾ ਹੈ ਪਰ ਹਾਲੇ ਵੀ ਉਹ ਸ਼ਾਂਤੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਮੰਗਲ ਉਸ ਵਲ ਉਂਗਲ ਕੱਢਦਾ ਕਹਿਣ ਲਗਦਾ ਹੈ,

"ਮੇਰੇ ਤੋਂ ਬਿਨਾਂ? ...ਓ ਮੰਗਲ ਤੋਂ ਬਿਨਾਂ ਰੈਸਟੋਰੈਂਟ ਚਲਾ ਲਏਂਗਾ?"

"ਤੂੰ ਕੀ ਸਮਝਦਾਂ ਕਿ ਤੇਰੇ ਬਿਨਾਂ ਰੈਸਟੋਰੈਂਟ ਬੰਦ ਹੋ ਜਾਏਗਾ?"

"ਤੂੰ ਮੈਨੂੰ ਜਾਣਦਾ ਨਹੀਂ ਕੁਤਿਆ ਬਾਹਮਣਾਂ! ਮੈਂ ਤੈਨੂੰ ਤੇ ਤੇਰੇ ਇਸ ਰੈਸਟੋਰੈਂਟ ਨੂੰ ਤੁੰਨ ਕੇ ਰੱਖ ਦਊਂ!"

ਮੰਗਲ ਵਿਜੈ ਤੋਂ ਇਕ ਗਿੱਠ ਉੱਚਾ ਹੈ ਤੇ ਇਕ ਗਿੱਠ ਚੌੜਾ ਵੀ। ਉਹ ਵਿਜੈ ਵਲ ਇਵੇਂ ਵਧਦਾ ਹੈ ਜਿਵੇਂ ਹਮਲਾ ਕਰਨਾ ਹੋਵੇ। ਕਾਂਊਂਟਰ ਤੇ ਬੈਠੀ ਸੁਸ਼ਮਾ ਡਰ ਜਾਂਦੀ ਹੈ। ਇਕ ਪਲ ਲਈ ਵਿਜੈ ਵੀ ਡਰ ਜਾਂਦਾ ਹੈ ਪਰ ਉਸ ਨੂੰ ਲਗਦਾ ਹੈ ਕਿ ਇਸ ਤੋਂ ਪਹਿਲਾਂ ਕਿ ਮੰਗਲ ਉਸ ਤੇ ਹਮਲਾ ਕਰ ਦੇਵੇ ਉਹ ਕੁਰਸੀ ਚੁੱਕ ਕੇ ਮੰਗਲ ਦੇ ਸਿਰ ਉਪਰ ਦੇ ਮਾਰਦਾ ਹੈ। ਮੰਗਲ ਥਾਵੇਂ ਬੈਠ ਜਾਂਦਾ ਹੈ। ਵਿਜੈ ਪੁੱਛਦਾ ਹੈ,

"ਕੁੱਤਿਆ, ਹਰਾਮਜ਼ਾਦਿਆ, ਮੇਰਾ ਲੂਣ ਖਾ ਕੇ ਈ ਹਰਾਮ ਕਰੀ ਜਾਨਾਂ! ...ਆਵੇ ਇਕ ਹੋਰ?"

ਵਿਜੈ ਕੁਰਸੀ ਨਾਲ ਇਕ ਹੋਰ ਵਾਰ ਕਰਦਾ ਹੈ। ਮੰਗਲ ਫਰਸ਼ ਤੇ ਚੁਫਾਲ ਲੰਮਾ ਪੈ ਜਾਂਦਾ ਹੈ। ਵਿਜੈ ਹਾਲੇ ਵੀ ਕੁਰਸੀ ਸਿਰ ਦੇ ਉਪਰੋਂ ਉਠਾਈ ਖੜਾ ਹੈ। ਉਹ ਇਕ ਪੈਰ ਨਾਲ ਮੰਗਲ ਦਾ ਮੂੰਹ ਦਬਾ ਲੈਂਦਾ ਹੈ। ਮੰਗਲ ਹਾਰੇ ਹੋਏ ਭਲਵਾਨ ਵਾਂਗ ਹੱਥ ਖੜਾ ਕਰਦਾ ਹੈ ਤੇ ਉਠ ਕੇ ਹੌਲੇ ਜਿਹੇ ਬਾਹਰ ਨਿਕਲ ਜਾਂਦਾ ਹੈ। ਸੱਨੀ, ਚਰਨ ਤੇ ਸਤਨਾਮ ਖੜੇ ਦੇਖ ਰਹੇ ਹਨ। ਵਿਜੈ ਪੁੱਛਦਾ ਹੈ,

"ਹਾਂ ਬਈ, ਕਿਸੇ ਹੋਰ ਦੀ ਕੋਈ ਪਰੋਬਲਮ ਤਾਂ ਹੁਣੇ ਦਸੋ?"

ਕੋਈ ਕੁਝ ਨਹੀਂ ਬੋਲਦਾ ਤੇ ਸਾਰੇ ਆਪੋ ਆਪਣੇ ਕੰਮ ਨੂੰ ਲਗ ਜਾਂਦੇ ਹਨ।

ਸੁਸ਼ਮਾ ਵੀ ਡਰੀ ਖੜੀ ਹੈ। ਉਹ ਥਥਲਾਉਂਦੀ ਹੋਈ ਪੁੱਛਦੀ ਹੈ,

"ਸ਼ਰਮਾ ਜੀ, ਤੁਹਾਨੂੰ ਕੀ ਹੋ ਗਿਐ?"

"ਕੁਸ਼ ਨਹੀਂ ਹੋਇਆ, ਕਿਸੇ ਨੂੰ ਜ਼ਰਾ ਕੁ ਸਮਝਾਇਆ ਈ ਐ ਪਰ ਤੂੰ ਕਿਓਂ ਕੰਬੀ ਜਾਨੀਂ ਐਂ!"

"ਤੁਸੀਂ ਪੇਂਡੂ ਲੋਕ ਵੀ!..."

ਸੁਸ਼ਮਾ ਤੋਂ ਅਗੇ ਕੁਝ ਨਹੀਂ ਬੋਲਿਆ ਜਾਂਦਾ। ਵਿਜੈ ਵੀ ਚੁੱਪ ਰਹਿੰਦਾ ਹੈ। ਉਹ ਸ਼ੁਕਰ ਮਨਾਉਂਦਾ ਹੈ ਕਿ ਇਸ ਵੇਲੇ ਕੋਈ ਗਾਹਕ ਨਹੀਂ ਹੈ ਨਹੀਂ ਤੇ ਡਰਾਮਾ ਵੱਡਾ ਹੋ ਜਾਂਦਾ। ਹੋ ਸਕਦਾ ਹੈ ਕਿ ਪੁਲੀਸ ਵੀ ਆ ਜਾਂਦੀ। ਉਹ ਖਿਲਰੀਆਂ ਚੀਜ਼ਾਂ ਨੂੰ ਇਕੱਠਾ ਕਰਵਾਉਂਦਾ ਹੈ। ਰੈਸਟੋਰੈਂਟ ਵਿਚ ਅਜੀਬ ਜਿਹਾ ਚੁੱਪ ਫੈਲ ਜਾਂਦੀ ਹੈ ਪਰ ਸਾਰੇ ਆਪੋ ਆਪਣੇ ਕੰਮ ਲਗੇ ਰਹਿੰਦੇ ਹਨ। ਗਾਹਕ ਆਉਂਦੇ ਹਨ ਤਾਂ ਉਹਨਾਂ ਨੂੰ ਚੰਗੀ ਤਰ੍ਹਾਂ ਭੁਗਤਾ ਦਿਤਾ ਜਾਂਦਾ ਹੈ।

ਵਿਜੈ ਇਸ ਸਾਰੀ ਘਟਨਾ ਬਾਰੇ ਸੋਚਣ ਲਗਦਾ ਹੈ। ਉਸ ਨੂੰ ਲਗਦਾ ਹੈ ਕਿ ਇਹ ਸਭ ਬਹੁਤ ਵਧੀਆ ਹੋਇਆ। ਜੇ ਉਹ ਮੰਗਲ ਨਾਲ ਇਵੇਂ ਪੇਸ਼ ਨਾ ਆਉਂਦਾ ਤਾਂ ਉਸ ਨੇ ਉਸ ਨੂੰ ਆਏ ਦਿਨ ਤੰਗ ਕਰਨਾ ਸੀ। ਉਸ ਨੂੰ ਲਗਦਾ ਹੈ ਕਿ ਮੰਗਲ ਉਸ ਉਪਰ ਵਾਰ ਕਰੇਗਾ। ਇਕ ਤਾਂ ਉਹ ਅੜਬ ਸੁਭਾਅ ਦਾ ਹੈ ਤੇ ਸ਼ਾਇਦ ਵਾਪਸ ਆਕੇ ਦੁਬਾਰਾ ਰੋਅਬ ਪਾਉਣ ਲਗੇ। ਹੋ ਸਕਦਾ ਹੈ

ਕਿ ਆਪਣੀ ਮੱਦਦ ਲਈ ਕਿਸੇ ਹੋਰ ਨੂੰ ਵੀ ਨਾਲ ਲੈ ਆਵੇ। ਉਹ ਆਪਣੇ ਆਪ ਨੂੰ ਤਿਆਰ ਕਰਦਾ ਬੇਸ ਬਾਲ ਵਾਲ ਬੈਟ ਆਪਣੇ ਨੇੜੇ ਜਿਹੇ ਰੱਖ ਲੈਂਦਾ ਹੈ। ਉਸ ਨੂੰ ਪਤਾ ਹੈ ਕਿ ਸਰੀਰ ਦੇ ਨਾਲ ਨਾਲ ਮੰਗਲ ਦਾ ਦਿਲ ਵੀ ਜ਼ਖਮੀ ਹੋਵੇਗਾ ਕਿਉਂਕਿ ਮੰਗਲ ਦੀ ਨੌਕਰੀ ਹੀ ਨਹੀਂ ਗਈ ਸਗੋਂ ਉਸ ਦੇ ਰਹਿਣ ਦਾ ਟਿਕਾਣਾ ਵੀ ਖੁਸ ਗਿਆ ਹੈ। ਕਿਚਨ ਦੇ ਨਾਲ ਲਗਦੇ ਕਮਰੇ ਵਿਚ ਮੰਗਲ ਰਹਿੰਦਾ ਹੈ ਜਿਸ ਦਾ ਉਸ ਨੂੰ ਕੋਈ ਕਿਰਾਇਆ ਵੀ ਨਹੀਂ ਦੇਣਾ ਪੈਂਦਾ। ਉਹ ਮੰਗਲ ਦੇ ਹਮਲੇ ਲਈ ਤਿਆਰ ਹੁੰਦਾ ਸੁਸ਼ਮਾ ਨੂੰ ਉਪਰ ਭੇਜ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਰਸੋਈ ਵਿਚ ਸੱਨੀ ਨੇ ਕੰਮ ਚਲਾ ਹੀ ਲੈਣਾ ਹੈ ਕਿਉਂਕਿ ਚਲਦੇ ਹਫਤੇ ਦਾ ਦਿਨ ਹੈ। ਚਿਨਾਰ ਇੰਨਾ ਵਿਅਸਤ ਨਹੀਂ ਹੁੰਦਾ। ਜੇ ਹਫਤਾਂਤ ਹੁੰਦਾ ਤਾਂ ਹੋਰ ਗੱਲ ਹੈ। ਉਹ ਸੁਸ਼ਮਾ ਨੂੰ ਉਪਰ ਫਲੈਟ ਵਿਚ ਘੱਲ ਕੇ ਤੇ ਆਪ ਮੰਗਲ ਦੀ ਉਡੀਕ ਕਰਨ ਲਗਦਾ ਹੈ। ਉਹ ਚਰਨ ਨੂੰ ਆਖਦਾ ਹੈ ਕਿ ਮੰਗਲ ਦਾ ਸਾਰਾ ਸਮਾਨ ਕਿਸੇ ਕੂੜੇ ਦੇ ਬੈਗ ਵਿਚ ਪਾ ਲਿਆਵੇ ਤੇ ਬਾਹਰ ਰੱਖ ਦੇਵੇ। ਚਰਨ ਕਹਿੰਦਾ ਹੈ,

"ਭਾਜੀ, ਉਹ ਸਾਲ਼ਾ ਤਾਂ ਕਮਲ਼ਾ ਐ, ਜੇ ਉਹਦਾ ਸਮਾਨ ਬਾਹਰ ਰੱਖ ਦਿਤਾ ਤਾਂ ਕੂੜੇ ਵਾਲ਼ੇ ਲੈ ਜਾਣਗੇ, ਸਵੇਰੇ ਉਹਨੂੰ ਚੁਕਾ ਦੇਵਾਂਗੇ।"

ਘੰਟੇ ਕੁ ਬਾਅਦ ਮੰਗਲ ਆਉਂਦਾ ਹੈ। ਉਹ ਹਾਲੇ ਦਰਵਾਜ਼ੇ ਵਿਚ ਹੀ ਹੈ ਕਿ ਵਿਜੈ ਉਸ ਨੂੰ ਬਾਹਰ ਰਹਿਣ ਲਈ ਲਲਕਾਰਦਾ ਹੈ ਤੇ ਗਾਲ਼ਾਂ ਕੱਢਦਾ ਬੈਟ ਲੈ ਕੇ ਬਾਹਰ ਨਿਕਲਦਾ ਹੈ। ਮੰਗਲ ਡਰਦਾ ਹੋਇਆ ਭੱਜ ਜਾਂਦਾ ਹੈ।

ਦੂਜੇ ਦਿਨ ਮੰਗਲ ਸਦੀਕ ਨੂੰ ਤੇ ਹੁਸ਼ਿਆਰ ਨੂੰ ਲੈ ਕੇ ਵਿਜੈ ਕੋਲ ਆਉਂਦਾ ਹੈ ਤੇ ਉਸ ਦੇ ਪੈਰੀਂ ਪੈ ਜਾਂਦਾ ਹੈ। ਆਪਣੇ ਕੀਤੇ ਬਾਰੇ ਮੁਆਫੀਆਂ ਮੰਗਣ ਲਗਦਾ ਹੈ। ਵਿਜੈ ਦਾ ਗੁੱਸਾ ਹਾਲੇ ਵੀ ਕਾਇਮ ਹੈ। ਹੁਸ਼ਿਆਰ ਆਖਦਾ ਹੈ,

"ਮੁਆਫ ਕਰ ਦੇ ਯਾਰ, ਏਦੂੰ ਹੇਠਾਂ ਇਹ ਕੀ ਡਿਗੂ!"

"ਇਹਦੀ ਸਾਲ਼ੇ ਦੀ ਹਿੰਮਤ ਕਿੱਦਾਂ ਪਈ ਏਡੀ ਵੱਡੀ ਗੱਲ ਕਰਨ ਦੀ? ਇਹ ਹਰਾਮਜ਼ਾਦਾ ਆਪਣੇ ਆਪ ਨੂੰ ਸਮਝਦਾ ਕੀ ਐ?"

"ਭਾਜੀ, ਮੈਂ ਕਾਲ਼ੀ ਗਊ, ਮੁਆਫ ਕਰਦੇ, ...ਇਹ ਮੈਂ ਤੈਨੂੰ ਗਲਤ ਨਹੀਂ ਬੋਲਿਆ ਆਪਣੇ ਸਕੇ ਭਰਾ ਨੂੰ ਬੋਲਿਆ, ਆਪਣੇ ਪਿਓ ਨੂੰ ਬੋਲਿਆ!"

ਮੰਗਲ ਉਸ ਦੇ ਪੈਰਾਂ ਵਿਚ ਬੈਠਾ ਆਖ ਰਿਹਾ ਹੈ। ਸਦੀਕ ਕਹਿਣ ਲਗਦਾ ਹੈ,

"ਚਲੋ ਸ਼ਰਮਾ ਜੀ, ਇਹਤੋਂ ਹੋ ਗਈ ਗਲਤੀ, ਇਕ ਵਾਰੀ ਜਾਣ ਦਿਓ, ਮੁੜ ਕੇ ਕਰੇ ਤਾਂ ਜਿਵੇਂ ਮਰਜ਼ੀ ਕਰਸੀ।"

"ਇਹਨੂੰ ਕਹਿ ਕਿ ਮੁੜ ਕੇ ਕੰਨ ਵਿਚ ਪਾਇਆ ਨਾ ਰੜਕੇ, ਰਾਤ ਨੂੰ ਦਸ ਵਜੇ ਤੋਂ ਪਹਿਲਾਂ ਸ਼ਰਾਬ ਨੂੰ ਹੱਥ ਲਾਇਆ ਤਾਂ ਆਪਣਾ ਪੜ੍ਹਿਆ ਵਿਚਾਰੇ!"

ਮੰਗਲ ਹਰ ਗੱਲ ਵਿਚ 'ਹਾਂ' ਮਿਲਾਉਂਦਾ ਮੁੜ ਕੰਮ ਨੂੰ ਜਾ ਲਗਦਾ ਹੈ। ਸਦੀਕ ਵਿਜੈ ਨੂੰ ਆਖਦਾ ਹੈ,

"ਇਹ ਘੋੜਾ ਤਾਂ ਰੇਸ ਜਿਤਾਉਣ ਵਾਲਾ ਜੇ ਪਰ ਮੈਂ ਇਸ ਨੂੰ ਸਿਧਾ ਨਹੀਂ ਸਕਿਆ ਤੇ ਸ਼ਰਮਾ ਜੀ ਤੁਸੀਂ ਇਕ ਕੰਮ ਕਰ ਦਿਖਾਇਆ ਤੇ ਹੁਣ ਇਹ ਤੁਹਾਡੇ ਬਹੁਤ ਕੰਮ ਆਸੀ।"

ਚਿਨਾਰ ਵਿਚ ਸਭ ਕੁਝ ਪਹਿਲਾਂ ਵਰਗਾ ਹੋ ਜਾਂਦਾ ਹੈ ਪਰ ਪਹਿਲਾਂ ਵਰਗੇ ਹਾਸੇ ਮਜ਼ਾਕ ਨੂੰ ਵਾਪਸ ਆਉਣ ਵਿਚ ਕਾਫੀ ਸਮਾਂ ਲਗ ਜਾਂਦਾ ਹੈ। ਵਿਜੈ ਮੰਗਲ ਵਲੋਂ ਬਹੁਤ ਚੇਤੰਨ ਰਹਿੰਦਾ ਹੈ। ਉਸ ਨੂੰ ਡਰ ਹੈ ਕਿ ਹੋ ਸਕਦਾ ਹੈ ਕਿ ਪਿਛਿਓਂ ਵਾਰ ਕਰੇ ਪਰ ਉਹ ਹਰ ਵੇਲੇ ਨੀਵੀਂ ਪਾ ਰੱਖਦਾ ਹੈ। ਵਿਜੈ ਨੂੰ ਇਕੱਲੇ ਦੇਖ ਕੇ ਦੋ ਵਾਰ ਫਿਰ ਮੁਆਫੀ ਮੰਗਦਾ ਹੈ। ਵਿਜੈ ਦਾ ਸਭ ਵਿਚ ਅਜੀਬ ਜਿਹਾ ਰੋਅਬ ਬਣ ਜਾਂਦਾ ਹੈ। ਉਸ ਨੂੰ ਦੇਖਦੇ ਹੀ ਸਾਰੇ ਚੁੱਪ ਕਰ ਜਾਂਦੇ ਹਨ। ਇਸ ਗੱਲੋਂ ਉਹ ਖੁਸ਼ ਵੀ ਹੈ ਪਰ ਉਸ ਨੂੰ ਇਹ ਚੰਗਾ ਸਭ ਵੀ ਨਹੀਂ ਲਗ ਰਿਹਾ। ਉਹ ਚਾਹੁੰਦਾ ਹੈ ਕਿ ਕੰਮ ਕਰਨ ਲਈ ਮਹੌਲ ਦੇ ਮੋਕਲਾ ਹੋਣਾ ਜ਼ਰੂਰੀ ਹੈ। ਉਹ ਬੌਸ ਨਹੀਂ, ਦੋਸਤ ਬਣ ਕੇ ਸਭ ਨਾਲ ਕੰਮ ਕਰਨ ਦਾ ਹੈ। ਸਾਰੇ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਦੇ ਹਨ ਤੇ ਅਮਲ ਕਰਦੇ ਹਨ। ਸੁਸ਼ਮਾ ਕਈ ਵਾਰ ਉਸ ਦਿਨ ਵਾਲੇ ਵਿਜੈ ਦੇ ਤੇਵਰ ਦੇਖ ਕੇ ਹੈਰਾਨ ਹੋਣ ਲਗਦੀ ਹੈ। ਵਿਜੈ ਦਾ ਇਹ ਰੂਪ ਉਸ ਨੇ ਪਹਿਲਾਂ ਕਦੀ ਨਹੀਂ ਦੇਖਿਆ। ਉਸ ਨੂੰ ਆਪ ਡਰ ਲਗਣ ਲਗਦਾ ਹੈ ਕਿ ਕਿਸੇ ਦਿਨ ਵਿਜੈ ਉਸ ਨਾਲ ਵੀ ਇਵੇਂ ਪੇਸ਼ ਨਾ ਆਵੇ।

ਪਹਿਲੇ ਤਿੰਨ ਮਹੀਨੇ ਚਿਨਾਰ ਨੇ ਵਾਹਵਾ ਆਮਦਨ ਦਿੰਦਾ ਹੈ। ਉਹਨਾਂ ਕੋਲ ਦਸ ਹਜ਼ਾਰ ਪੌਂਡ ਜਮ੍ਹਾਂ ਹੋ ਜਾਂਦਾ ਹੈ। ਚਾਰ ਹਜ਼ਾਰ ਉਹ ਤਾਏ ਦਾ ਮੋੜ ਦਿੰਦੇ ਹਨ। ਤਾਇਆ ਤੇ ਤਾਈ ਬਹੁਤ ਖੁਸ਼ ਹਨ। ਤਾਈ ਨੂੰ ਤਾਂ ਇਹੋ ਖੁਸ਼ੀ ਹੈ ਕਿ ਉਸ ਦੇ ਪੈਸੇ ਵਾਪਸ ਆ ਗਏ। ਤਾਏ ਨੂੰ ਇਹ ਖੁਸ਼ੀ ਹੈ ਵਿਜੈ ਦਾ ਕੰਮ ਇੰਨਾ ਵਧੀਆ ਚਲ ਪਿਆ ਹੈ ਤੇ ਇੰਨੀ ਜਲਦੀ ਇਹ ਰਕਮ ਮੋੜਨ ਦੇ ਕਾਬਲ ਹੋ ਗਿਆ ਹੈ। ਸੁਸ਼ਮਾ ਬਹੁਤ ਖੁਸ਼ ਹੈ। ਵਿਜੈ ਵੀ। ਪਰ ਚੌਥੇ ਮਹੀਨੇ ਕਿਰਾਇਆ ਦੇਣਾ ਪੈ ਜਾਂਦਾ ਹੈ, ਨਾਲ ਹੀ ਬਿਜਲੀ ਦਾ ਬਿੱਲ ਤੇ ਗੈਸ ਦਾ ਬਿੱਲ। ਪੰਜ ਹਜ਼ਾਰ ਕਿਰਾਇਆ ਤੇ ਕੌਂਸਲ ਟੈਕਸ ਦੇਣਾ ਪੈਂਦਾ ਹੈ, ਪੰਦਰਾਂ ਸੌ ਪੌਂਡ ਬਿਜਲੀ ਦਾ ਬਿੱਲ ਤੇ ਦੋ ਹਜ਼ਾਰ ਗੈਸ ਦਾ ਬਿੱਲ। ਪੰਜ ਸੌ ਪੌਂਡ ਕਾਰ ਠੀਕ ਕਰਾਉਣ ਤੇ ਲਗ ਜਾਂਦੇ ਹਨ। ਜਮ੍ਹਾਂ ਪੌਂਡ ਛ਼ਾਈਂ ਮਾਈਂ ਹੋ ਜਾਂਦੇ ਹਨ। ਉਹ ਦੋਵੇਂ ਇਕ ਦੂਜੇ ਵਲ ਦੇਖਦੇ ਰਹਿ ਜਾਂਦੇ ਹਨ। ਵਿਜੈ ਮਨ ਹੀ ਮਨ ਆਖਦਾ ਹੈ ਕਿ ਇਹ ਤਾਂ ਖੂਹ ਦੀ ਮਿੱਟੀ ਖੂਹ ਨੂੰ ਈ ਲਗ ਗਈ। ਵਿਜੈ ਕੋਲ ਭਾਵੇਂ ਕੁਝ ਨਾ ਬਚਿਆ ਹੋਵੇ ਪਰ ਸੁਸ਼ਮਾ ਨੇ ਤਿੰਨ ਕੁ ਹਜ਼ਾਰ ਪੌਂਡ ਜੋੜ ਲਿਆ ਹੈ ਜੋ ਉਸ ਨੇ ਘਰ ਵਿਚ ਹੀ ਵਿਜੈ ਤੋਂ ਚੋਰੀ ਰਖਿਆ ਹੋਇਆ ਹੈ। ਇਸ ਚੋਰੀ ਦਾ ਤਰਕ ਆਪਣੇ ਆਪ ਨੂੰ ਸੁਸ਼ਮਾ ਇਹ ਦਿੰਦੀ ਹੈ ਕਿ ਵਿਜੈ ਨੇ ਉਸ ਨੂੰ ਅਰਸ਼ ਤੋਂ

ਫਰਸ਼ ਤੇ ਲਿਆ ਬੈਠਾਇਆ ਹੈ, ਕਿਥੇ ਉਹ ਡਾਕਟਰ ਤੇ ਕਿਥੇ ਇਹ ਮਾਮੂਲੀ ਵੇਟਰਸ ਬਣ ਕੇ ਰਹਿ ਗਈ ਹੈ, ਸੋ ਇੰਨੇ ਕੁ 'ਤੇ ਉਸ ਦਾ ਹੱਕ ਬਣਦਾ ਹੀ ਹੈ। ਵਿਜੈ ਕਦੇ ਉਸ ਬਾਰੇ ਅਜਿਹਾ ਸੋਚਦਾ ਹੀ ਨਹੀਂ ਹੈ, ਜੇ ਕਦੇ ਸ਼ੱਕ ਹੁੰਦਾ ਵੀ ਤਾਂ ਵੀ ਕਦੇ ਉਸ ਦੇ ਸਮਾਨ ਨੂੰ ਨਾ ਫਰੋਲ਼ਦਾ। ਸੋ ਜ਼ਿੰਦਗੀ ਚਲਦੀ ਜਾਂਦੀ ਹੈ।

ਇਹਨਾਂ ਦਿਨਾਂ ਵਿਚ ਹੀ ਵਿਧੀ ਦਾ ਜਨਮ ਹੁੰਦਾ ਹੈ। ਵਿਜੈ ਖੁਸ਼ ਹੈ ਕਿ ਪਰਿਵਾਰ ਪੂਰਾ ਹੋ ਗਿਆ। ਸੁਸ਼ਮਾ ਖੁਸ਼ ਹੈ ਕਿ ਮੁੜ ਕੇ ਬੱਚਾ ਜੰਮਣ ਦੇ ਝੰਝਟ ਵਿਚ ਨਹੀਂ ਪੈਣਾ ਪਵੇਗਾ। ਜਿਥੇ ਰੋਹਨ ਵਿਜੈ ਵਰਗਾ ਹੈ ਉਥੇ ਵਿਧੀ ਸੁਸ਼ਮਾ ਵਰਗੀ ਹੈ।

ਇਕ ਦਿਨ ਕਾਊਂਟਰ ਛੱਡ ਕੇ ਸੁਸ਼ਮਾ ਪਿੱਛੇ ਨੂੰ ਭਜਦੀ ਹੈ ਤੇ ਵਿਜੈ ਨੂੰ ਕਹਿੰਦੀ ਹੈ,

"ਸ਼ਰਮਾ ਜੀ ਆਈਓ, ਮਰ ਗਈ ਪੇਨ ਨਾਲ!"

ਵਿਜੈ ਹੱਥਲਾ ਕੰਮ ਛੱਡ ਕੇ ਆਉਂਦਾ ਹੈ। ਸੁਸ਼ਮਾ ਸਿਰ ਫੜੀ ਬੈਠੀ ਹੈ। ਰੋਂਦੀ ਜਿਹੀ ਅਵਾਜ਼ ਵਿਚ ਬੋਲਦੀ ਹੈ,

"ਸਿਰ ਬਹੁਤ ਦਰਦ ਕਰ ਰਿਹੈ।"

"ਠੰਡ ਲਗ ਗਈ ਹੋਣੀ ਐਂ।"

"ਨਹੀਂ ਲਗਦਾ ਇਹ ਮਾਈਗਰੇਨ ਐ, ਇਕ ਪਾਸਿਓਂ ਸਿਰ ਦਰਦ ਕਰਦੈ, ਇਹ ਮਾਈਗਰੇਨ ਹੁੰਦੀ ਐ, ਪਹਿਲਾਂ ਵੀ ਹੁੰਦੀ ਐ।"

"ਡਾਕਟਰ ਨੂੰ ਫੋਨ ਕਰਾਂ?"

ਸੁਸ਼ਮਾ ਉਸ ਵਲ ਇਵੇਂ ਦੇਖਦੀ ਹੈ ਜਿਵੇਂ ਉਸ ਨੇ ਕੋਈ ਬਹੁਤ ਵੱਡੀ ਭੁੱਲ ਕਰ ਦਿਤੀ ਹੋਵੇ। ਉਹ ਕਹਿੰਦੀ ਹੈ,

"ਤੁਸੀਂ ਇਥੇ ਆ ਜਾਓ, ਮੈਂ ਉਪਰ ਜਾ ਕੇ ਆਪੇ ਕੁਸ਼ ਕਰ ਲਊਂ।"

## <u>ਪੰਦਰਾਂ</u>

ਇਕ ਦਿਨ ਹੁਸ਼ਿਆਰ ਵਿਜੈ ਕੋਲ ਆਉਂਦਾ ਹੈ। ਦਸਦਾ ਹੈ,

"ਸ਼ਰਮਿਆਂ, ਮੈਨੂੰ ਤਾਂ ਬਈ ਇੰਡੀਆ ਜਾਣਾ ਪੈਣਾਂ।"

"ਕੀ ਗੱਲ ਹੋ ਗਈ?"

"ਤੈਨੂੰ ਪਤੈ ਨਾ ਸ਼ਹਿਰ ਦੇ ਨੇੜੇ ਦੀ ਦਸ ਏਕੜ ਜ਼ਮੀਨ, ਮੇਰੇ ਭਣੋਈਏ ਇਹਦੇ ਤੇ ਅੱਖ ਰੱਖੀ ਬੈਠੇ ਆ, ਉਹ ਕਹਿੰਦੇ ਆ ਕਿ ਮੇਰੇ ਤਾਂ ਕੋਈ ਔਲਾਦ ਹੈ ਨਹੀਂ ਇਹ ਜ਼ਮੀਨ ਉਹਨਾਂ ਨੂੰ ਈ ਮਿਲਣੀ ਐ, ਉਹ ਸਾਲ਼ੇ ਹੁਣੇ ਈ ਇਹਨੂੰ ਵੰਡਣੀ ਚਾਹੁੰਦੇ ਆ।"

"ਫਿਰ ਭਾਅ ਕਿੰਨੇ ਚਿਰ ਲਈ ਜਾ ਰਿਹਾਂ?"

"ਲੰਬੇ ਟਾਈਮ ਲਈ, ਸ਼ਾਇਦ ਸਾਲ ਦੋ ਸਾਲ ਲਈ ਜਦ ਤਕ ਮੈਂ ਇਹਦਾ ਕੋਈ ਹੱਲ ਨਹੀਂ ਲੱਭ ਲੈਂਦਾ।"

"ਵੇਚ ਦੇ ਇਹ ਜ਼ਮੀਨ।"

"ਜੱਟ ਵੀ ਕਦੇ ਜ਼ਮੀਨ ਵੇਚਦਾ! ਸ਼ਹਿਰ ਦੇ ਨੇੜੇ ਦੀ ਜ਼ਮੀਨ ਐ, ਮੈਂ ਸਬਜ਼ੀਆਂ ਬੀਜ ਕੇ ਵੇਚੂੰ, ਕੁਸ਼ ਹੋਰ ਕਰੂੰ, ਦੇਖਦਾਂ ਜਾ ਕੇ।"

"ਇੰਡੀਆ ਜਾਣਾ ਤਾਂ ਸਾਡਾ ਵੀ ਡਿਊ ਐ ਪਰ ਹੁਣ ਇਹ ਰੈਸਟੋਰੈਂਟ ਜਾਣ ਦੇਵੇ ਤਾਂ ਈ ਕੁਸ਼ ਕਰਨ ਜੋਗੇ ਹੋਈਏ।"

"ਤੂੰ ਤੇ ਕਦੇ ਗਿਆ ਈ ਨਹੀਂ?"

"ਹਾਂ, ਮੈਂ ਕਦੇ ਨਹੀਂ ਗਿਆ ਹਾਲੇ।"

"ਦਿਲ ਨਹੀਂ ਕਰਦਾ?"

"ਹੁਣ ਕਰਦੈ, ਪਹਿਲਾਂ ਨਹੀਂ ਸੀ ਕਰਦਾ, ਅਸਲ ਵਿਚ ਮੈਂ ਓਥੇ ਕੋਈ ਵਧੀਆ ਲਾਈਫ ਨਹੀਂ ਸੀ ਦੇਖੀ, ਪਿਓ ਬਿਮਾਰ ਰਹਿੰਦਾ ਸੀ, ਸਾਰੀ ਉਮਰ ਗਰੀਬੀ ਵਿਚ ਈ ਨਿਕਲੀ ਐ। ...ਤਾਏ ਦੇ ਆਸਰੇ ਈ ਰਹੇ ਆਂ, ਕੋਈ ਸੁਖਾਵੀਂ ਯਾਦ ਨਹੀਂ ਜੁੜੀ ਇੰਡੀਆ ਨਾਲ, ਹੁਣ ਦਿਲ ਕਰਦੈ, ਹੁਣ ਭਰਾ ਨੇ ਵੀ ਵਧੀਆ ਕੰਮ ਚਲਾ ਲਿਐ, ਰਹਿੰਦਾ ਵੀ ਦਿੱਲੀ ਐ, ਹੁਣ ਦਿਲ ਕਰਦਾ ਕਿ ਜਾਈਏ ਤੇ ਦਿੱਲੀ ਦੇਖਾਂ, ਹੋਰ ਥਾਵਾਂ ਦੇਖਾਂ ਪਰ ਮੈਨੂੰ ਲਗਦੈ ਹੁਣ ਕੁਝ ਦੇਖਣ ਲਈ ਟਾਈਮ ਨਹੀਂ ਲਗਣਾ।"

"ਹੁਣ ਤੂੰ ਇਡੀਆ ਆਈਂ, ਮੈਂ ਤੈਨੂੰ ਘੁਮਾਊਂ। ਮੈਂ ਕਾਰ ਲੈ ਲੈਣੀ ਐ ਤੇ ਇਕ ਡਰਾਈਵਰ ਰੱਖ ਲੈਣਾਂ, ਸ਼ਰਾਬ ਘਰ ਦੀ ਕਢਾ ਲਿਆ ਕਰਨੀ ਆਂ। ...ਸ਼ਰਮਿਆਂ, ਤੂੰ ਮੇਰਾ ਇਕ ਕੰਮ ਕਰ ਦੇਵੇਂ ਜੇ?"

"ਜਿੰਨੇ ਮਰਜ਼ੀ ਕੰਮ ਦਸ ਭਾਅ।"

"ਤੂੰ ਮੇਰੇ ਘਰ ਦੀ ਸੰਭਾਲ ਕਰਦਾ ਰਿਹਾ ਕਰੇਂ, ਮੈਂ ਕਿਰਾਏ ਤੇ ਤਾਂ ਦੇਣਾ ਨਹੀਂ, ਮੈਂ ਚਾਹੁੰਨਾ ਕਿ ਕਦੇ ਆਵਾਂ ਤਾਂ ਰਹਿਣ ਲਈ ਜਗਾਹ ਤਾਂ ਆਪਣੀ ਹੋਵੇ। ਕਿਰਾਏਦਾਰ ਇਕ ਤਾਂ ਘਰ ਦਾ ਸਤਿਆਨਾਸ ਮਾਰ ਦਿੰਦੇ ਆ ਤੇ ਦੂਜੇ ਜਦੋਂ ਚਾਹੀਏ ਉਹਨਾਂ ਨੂੰ ਕੱਢ ਨਹੀਂ ਸਕਣਾ।"

"ਕੋਈ ਗੱਲ ਈ ਨਹੀਂ।"

"ਬਿੱਲਾਂ ਦਾ ਹਿਸਾਬ ਮੈਂ ਆ ਕੇ ਕਰ ਦਿਆ ਕਰੂੰ।"
"ਬਿਲ ਕਾਹਦੇ ਆਉਣੇ ਆਂ ਜਦੋਂ ਕੁਝ ਵਰਤਣਾ ਈ ਨਹੀਂ।"
"ਫੇਰ ਵੀ ਕੌਂਸਲ ਟੈਕਸ, ਜਾਂ ਸਟੈਂਡਿੰਗ ਚਾਰਜਜ ਬਿਜਲੀ ਦੇ ਤੇ ਗੈਸ ਦੇ।"
"ਭਾਅ, ਤੂੰ ਕਿਸੇ ਗੱਲ ਦੀ ਵੱਰੀ ਨਾ ਕਰ। ਤੇਰਾ ਘਰ ਤੇਰੇ ਲਈ ਸਦਾ ਤਿਆਰ ਰਹੂੰ। ਹਫਤੇ ਵਿਚ ਇਕ ਅੱਧੀ ਰਾਤ ਅਸੀਂ ਆਪ ਰਹਿ ਆਇਆ ਕਰਾਂਗੇ ਤਾਂ ਕਿ ਲੋਕਾਂ ਨੂੰ ਪਤਾ ਹੋਵੇ ਕਿ ਇਥੇ ਕੋਈ ਰਹਿੰਦਾ ਐ।"

ਇਕ ਦਿਨ ਹੁਸ਼ਿਆਰ ਰੈਸਟੋਰੈਂਟ ਵਿਚ ਆਉਂਦਾ ਹੈ। ਸੋਮਵਾਰ ਦੀ ਸ਼ਾਮ ਹੈ। ਸੋਮਵਾਰ ਨੂੰ ਰੈਸਟੋਰੈਂਟ ਬਹੁਤਾ ਨਹੀਂ ਭਰਿਆ ਕਰਦਾ। ਚਲਦੇ ਹਫਤੇ ਵਿਚ ਲੋਕਾਂ ਨੇ ਕੰਮਾਂ ਤੇ ਵੀ ਜਾਣਾ ਹੁੰਦਾ ਹੈ। ਵਿਜੈ ਨੂੰ ਹੁਸ਼ਿਆਰ ਦਾ ਇਵੇਂ ਆਉਣਾ ਥੋੜਾ ਅਜੀਬ ਲਗਦਾ ਹੈ। ਉਹ ਆਮ ਤੌਰ ਤੇ ਫੋਨ ਕਰਕੇ ਹੀ ਆਇਆ ਕਰਦਾ ਹੈ ਤੇ ਬਹੁਤੀ ਵਾਰੀ ਸੁਨੈਨਾ ਉਸ ਦੇ ਨਾਲ ਹੁੰਦੀ ਹੈ। ਉਹ ਸੋਚਦਾ ਹੈ ਕਿ ਸ਼ਾਇਦ ਇੰਗਲੈਂਡ ਛੱਡਣ ਕਰਕੇ ਹੁਸ਼ਿਆਰ ਕੁਝ ਉਦਾਸ ਹੋਵੇਗਾ। ਉਹ ਆਉਂਦਾ ਹੀ ਪੁੱਛਦਾ ਹੈ,
"ਮੰਗਲ ਕਿੱਦਾਂ ਹੁਣ?"
"ਬਹੁਤ ਸਹੀ ਐ, ਪਹਿਲਾਂ ਮੈਂ ਸੋਚਦਾ ਸੀ ਕਿ ਸਾਲ਼ਾ ਕਿਸੇ ਤਰੀਕੇ ਨਾਲ ਬਿਜ਼ਨਸ ਖਰਾਬ ਹੀ ਨਾ ਕਰਨ ਲਗ ਪਵੇ ਪਰ ਠੀਕ ਐ।"
"ਏਹ ਸਾਲ਼ਾ, ਬੜਬੋਲੇ ਸੁਭਾਅ ਦਾ ਐ ਓਦਾਂ ਬੰਦਾ ਮਾੜਾ ਨਹੀਂ ਪਰ ਏਨੀ ਕੁ ਏਹਦੇ ਨਾਲ ਹੋ ਗਈ ਬਸ ਠੀਕ ਐ, ਮੈਂ ਏਹਨੂੰ ਪੁਰਾਣਾ ਜਾਣਦਾਂ।"
"ਅਜ ਭਾਅ, ਅਚਾਨਕ ਕਿੱਦਾਂ ਛਾਪਾ ਮਾਰਿਆ?"
"ਮੈਂ ਕਿਹਾ ਇੰਡੀਆ ਚਲੇ ਜਾਣਾ ਹੁਣ, ਸ਼ਰਮੇ ਨਾਲ ਬੈਠ ਕੇ ਦੋ ਗਲਾਸ ਈ ਪੀ ਆਵਾਂ।"
"ਇਥੇ ਈ ਪੀਣੇ ਆਂ ਕਿ ਪੱਬ ਨੂੰ ਚੱਲੀਏ?"
"ਪੱਬ ਚੱਲਦੇ ਆਂ ਇਥੇ ਕੋਈ ਗੱਲ ਵੀ ਨਹੀਂ ਕਰ ਹੁੰਦੀ, ਤੂੰ ਘੜੀ ਮੁੜੀ ਆਪਣੇ ਗੱਲੇ ਵਲ ਨੂੰ ਭੱਜੇਂਗਾ।"

ਪਹਿਲਾਂ ਵੀ ਕਈ ਵਾਰ ਉਹ ਪੱਬ ਚਲੇ ਜਾਇਆ ਕਰਦੇ ਹਨ। ਨਾਲ ਦੇ ਖੂੰਜੇ ਤੇ ਹੀ ਪੱਬ ਹੈ। ਵਿਜੈ ਸੁਸ਼ਮਾ ਨੂੰ ਬੁਲਾ ਕੇ ਕਾਊਂਟਰ ਤੇ ਖੜਾ ਦਿੰਦਾ ਹੈ ਤੇ ਆਪ ਹੁਸ਼ਿਆਰ ਨਾਲ ਪੱਬ ਨੂੰ ਤੁਰ ਪੈਂਦਾ ਹੈ। ਦੋ ਗਲਾਸ ਪੀ ਕੇ ਹੁਸ਼ਿਆਰ ਕੁਝ ਖੁਲ੍ਹਣ ਲਗਦਾ ਹੈ। ਆਖਦਾ ਹੈ,
"ਯਾਰ ਸ਼ਰਮਿਆ, ਬੱਚਾ ਨਾ ਹੋਣ ਦੀ ਬੜੀ ਨਮੋਸ਼ੀ ਐ, ਕਈ ਵਾਰ ਸਾਲ਼ੀ ਨੀਂਦ ਨਹੀਂ ਆਉਂਦੀ ਕਿ ਰੱਬ ਨੇ ਕੀਤਾ ਕੀ! ਮੈਂ ਭੈਣ ਦੇਣੇਂ ਰੱਬ ਦੇ ਕਿਹੜੇ ਮਾਂਹ ਪੁੱਟੇ ਹੋਏ ਸੀ, ਮੇਰੇ ਨਾਲ਼ ਈ ਕਿਉਂ ਹੋਇਆ ਇਹ?"
"ਭਾਅ, ਜੋ ਭਗਵਾਨ ਮਨਜ਼ੂਰ! ਸੁਨੈਨਾ ਦੇ ਵੀ ਕਿਹੜਾ ਹੱਥ-ਵੱਸ ਐ!"
"ਪਤਾ ਨਹੀਂ ਉਹਦੇ ਵਿਚ ਕਸੂਰ ਐ ਕਿ ਮੇਰੇ ਵਿਚ।"
"ਨਾਲ਼ੇ ਕਹਿੰਦੇ ਸੀ ਕਿ ਤੁਸੀਂ ਦੋਵਾਂ ਨੇ ਚੈੱਕ ਕਰਾਇਆ, ਡਾਕਟਰ ਨੇ ਤੇਰੇ ਸ਼ੁਕਰਾਣੂਆਂ ਨੂੰ ਫਰਟੇਲਾਈਜ਼ ਕਰਨ ਦੇ ਕਾਬਲ ਕਿਹਾ ਤੇ ਭਾਬੀ ਵਿਚ ਨੁਕਸ ਕੱਢਿਐ।"
"ਨਹੀਂ ਓਏ ਸ਼ਰਮਿਆਂ, ...ਅਸਲ ਵਿਚ ਮੈਂ ਆਪਣੇ ਆਪ ਨੂੰ ਕਦੇ ਚੈਕ ਕਰਾਇਆ ਈ ਨਹੀਂ।"
"ਕਿਉਂ?"
"ਮੈਨੂੰ ਡਰ ਸੀ ਕਿ ਜੇ ਮੇਰੇ ਵਿਚ ਨੁਕਸ ਨਿਕਲ ਆਇਆ ਤਾਂ ਮੈਂ ਸਾਰੀ ਉਮਰ ਆਪਣੇ ਆਪ ਨੂੰ ਦੋਸ਼ੀ ਕਹਿੰਦਾ ਰਹੂੰਗਾ। ਮੈਂ ਐਵੇਂ ਈ ਆ ਕੇ ਸੁਨੈਨਾ ਨੂੰ ਕਹਿ ਦਿਤਾ ਸੀ ਕਿ ਮੇਰਾ ਰਿਜ਼ਲਟ ਤਾਂ ਠੀਕ ਆਇਆ, ਉਹ ਵਿਚਾਰੀ ਆਪਣੇ ਆਪ ਨੂੰ ਈ ਦੋਸ਼ੀ ਸਮਝੀ ਜਾਂਦੀ ਐ ਪਤਾ ਨਹੀਂ ਦੋਸ਼ੀ ਮੈਂ ਈ ਹੋਵਾਂ।"

ਵਿਜੈ ਵੀ ਸੋਚਾਂ ਵਿਚ ਪੈ ਜਾਂਦਾ ਹੈ। ਹੁਸ਼ਿਆਰ ਫਿਰ ਆਖਣਾ ਹੈ,
"ਤੈਨੂੰ ਪਤੈ ਸੁਸ਼ਮਾ ਨੇ ਸੁਨੈਨਾ ਦਾ ਇੰਡੀਆ ਗਈ ਦਾ ਇਲਾਜ ਕੀਤਾ ਸੀ, ਤੂੰ ਸੁਸ਼ਮਾ ਤੋਂ ਪੁੱਛ ਕਿ ਕੀ ਵਾਕਿਆ ਈ ਸੁਨੈਨਾ ਵਿਚ ਨੁਕਸ ਐ, ਕੀ ਉਹ ਦੱਸ ਸਕਦੀ ਐ ਇਹ ਗੱਲ?"
"ਇਹ ਗੱਲ ਤਾਂ ਐਲੋਪੈਥੀ ਈ ਦੱਸ ਸਕਦੀ ਐ, ਆਯੂਰਵੈਦਿਕ ਵਿਚ ਇਹ ਸਹੂਲਤ ਹੈ ਨਹੀਂ, ਉਹ ਤਾਂ ਦਵਾਈ ਦੀ ਦੇ ਸਕਦੀ ਐ ਟੈਸਟ ਨਹੀਂ ਕਰ ਸਕਦੀ।"
"ਫੇਰ ਵੀ ਤੂੰ ਪੁੱਛੀਂ ਤਾਂ ਸਹੀ।"
"ਉਦੋਂ ਓਹੁਨੇ ਦੱਸਿਆ ਸੀ ਬਈ ਸੁਨੈਨਾ ਦੀ ਮਾਂਹਵਾਰੀ ਠੀਕ ਨਹੀਂ ਸੀ ਆਉਂਦੀ। ...ਕਈ ਕਈ ਮਹੀਨੇ ਨਹੀਂ ਸੀ ਆਉਂਦੀ ਤੇ ਬੱਚੇ ਦਾ ਵਾਹ ਮਾਂਹਵਾਰੀ ਨਾਲ ਈ ਐ।"
"ਮਾਂਹਵਾਰੀ ਤਾਂ ਕਈ ਵਾਰ ਠੀਕ ਵੀ ਆਉਂਦੀ ਰਹੀ ਐ, ਸੋਹਣ ਬੈਂਸ ਦੀ ਘਰਵਾਲੀ ਦੀ ਵੀ ਇਹੋ ਪਰੋਬਲਮ ਸੀ ਪਰ ਪਹਿਲੇ ਬੇਵੀ ਬਾਅਦ ਠੀਕ ਹੋ ਗਈ ਸੀ।"

"ਤੁਹਾਡੇ ਡਾਕਟਰ ਨੇ ਵੀ ਕੁਸ਼ ਦੱਸਿਆ ਈ ਹੋਵੇਗਾ।"

"ਸਾਡੇ ਡਾਕਟਰ ਨੇ ਤਾਂ ਸੁਨੈਨਾ ਵਿਚ ਈ ਨੁਕਸ ਦਸਿਆ ਸੀ ਪਰ ਮੈਂ ਇਹਨਾਂ ਡਾਕਟਰਾਂ ਤੇ ਬਹੁਤਾ ਭਰੋਸਾ ਨਹੀਂ ਕਰਦਾ।"

"ਮੰਨ ਲਿਆ ਕਿ ਸੁਨੈਨਾ ਠੀਕ ਹੋਈ ਤੇ ਤੇਰੇ ਵਿਚ ਈ ਨੁਕਸ ਹੋਇਆ ਤਾਂ ਫੇਰ ਕੀ ਕਰੇਂਗਾ, ਗੱਲ ਤਾਂ ਭਾਅ ਉਥੇ ਦੀ ਉਥੇ ਈ ਖੜੀ ਰਹਿਣੀ ਐ।"

"ਨਹੀਂ, ਇਕ ਨਵੀਂ ਟੈਕਨੀਕ ਨਿਕਲ ਰਹੀ ਐ, ਜੇ ਔਰਤ ਠੀਕ ਹੋਵੇ ਤਾਂ ਸੁਕਰਾਣੂੰ ਕਿਸੇ ਤੋਂ ਦਾਨ ਵੀ ਲੈ ਹੋ ਸਕਦੇ ਆ।"

ਗੱਲ ਕਰਦਾ ਹੁਸ਼ਿਆਰ ਬਹੁਤ ਉਦਾਸ ਹੋ ਜਾਂਦਾ ਹੈ। ਵਿਜੈ ਉਸ ਦੇ ਹੱਥ ਆਪਣੇ ਹੱਥਾਂ ਵਿਚ ਘੁੱਟ ਲੈਂਦਾ ਹੈ। ਉਸ ਦਾ ਕੁਝ ਗੁਣਗੁਣਾਉਣ ਨੂੰ ਮਨ ਕਰਦਾ ਹੈ ਪਰ ਪੱਬ ਵਿਚ ਬਹੁਤ ਰੌਲ਼ਾ ਪੈ ਰਿਹਾ ਹੈ। ਅੰਦਰਲੇ ਸ਼ੋਰ ਨਾਲੋਂ ਬਾਹਰਲਾ ਸ਼ੋਰ ਉਚਾ ਹੈ। ਉਹ ਕਹਿੰਦਾ ਹੈ,

"ਭਾਅ, ਹਾਲੇ ਤਾਂ ਤੂੰ ਇਕ ਵਾਰੀ ਇੰਡੀਆ ਜਾਹ, ਮੁੜ ਕੇ ਫੇਰੀ ਮਾਰੀਂ, ਜੇ ਹੋ ਸਕੇ ਤਾਂ ਇੰਡੀਆ ਜਾ ਕੇ ਕਿਸੇ ਚੰਗੇ ਜਿਹੇ ਡਾਕਟਰ ਤੋਂ ਚੈਕ ਕਰਾਈਂ, ਤੈਨੂੰ ਪਤੈ ਕਿ ਇੰਡੀਆ ਵਿਚ ਇਥੇ ਨਾਲੋਂ ਇਲਾਜ ਵਧੀਐ।"

ਹੁਸ਼ਿਆਰ ਬੈਠਾ ਬੈਠਾ ਸ਼ਰਾਬ ਜ਼ਿਆਦਾ ਪੀ ਲੈਂਦਾ ਹੈ। ਵਿਜੈ ਉਸ ਨੂੰ ਹੌਂਸਲਾ ਦਿੰਦਾ ਜਾਂਦਾ ਹੈ।

ਵਿਜੈ ਹੁਸ਼ਿਆਰ ਤੇ ਸੁਨੈਨਾ ਨੂੰ ਰੈਸਟੋਰੈਂਟ ਵਿਚ ਸੱਦ ਕੇ ਅਲਵਿਦਾਇਗੀ ਪਾਰਟੀ ਕਰਦਾ ਹੈ। ਫਿਰ ਉਹਨਾਂ ਨੂੰ ਏਅਰਪੋਰਟ ਵੀ ਛੱਡ ਕੇ ਆਉਂਦਾ ਹੈ। ਹੁਸ਼ਿਆਰ ਦਾ ਇੰਡੀਆ ਚਲੇ ਜਾਣਾ ਵਿਜੈ ਨੂੰ ਇਵੇਂ ਲਗ ਰਿਹਾ ਹੈ ਜਿਵੇਂ ਉਸ ਦਾ ਆਪਣਾ ਭਰਾ ਕਿਧਰੇ ਦੂਰ ਚਲੇ ਗਿਆ ਹੋਵੇ, ਜਿਵੇਂ ਉਸ ਦੀ ਇਕ ਧਿਰ ਘਟ ਗਈ ਹੋਵੇ। ਹੁਸ਼ਿਆਰ ਨੂੰ ਉਹ ਬਹੁਤ ਸਾਲਾਂ ਤੋਂ ਜਾਣਦਾ ਹੈ। ਬੱਚਾ ਨਾ ਹੋਣ ਦਾ ਦੁੱਖ ਜੋ ਹੁਸ਼ਿਆਰ ਨੂੰ ਅੰਦਰੋ ਅੰਦਰ ਖਾਈ ਜਾ ਰਿਹਾ ਹੈ, ਵਿਜੈ ਨੇ ਉਸ ਦੇ ਇਸ ਦੁੱਖ ਨੂੰ ਬਹੁਤ ਨੇੜਿਓਂ ਦੇਖਿਆ ਹੈ। ਹੁਸ਼ਿਆਰ ਦੇ ਮਾਂ ਪਿਓ ਉਸ ਦਾ ਹੋਰ ਵਿਆਹ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਉਸ ਦੀਆਂ ਭੈਣਾਂ ਉਸ ਨੂੰ ਆਪਣੇ ਕਿਸੇ ਬੱਚੇ ਨੂੰ ਮਤਬੰਨਾ ਬਣਾਉਣ ਲਈ ਆਖਦੀਆਂ ਰਹਿੰਦੀਆਂ ਹਨ। ਸੁਨੈਨਾ ਨੂੰ ਵੀ ਰੰਗ ਬਰੰਗੇ ਮਿਹਣੇ ਸਹਿਣੇ ਕਰਨੇ ਪਏ ਹਨ ਪਰ ਉਹ ਦੋਵੇਂ ਸਦਾ ਹੀ ਇਕ ਦੂਜੇ ਦੇ ਨਾਲ ਜੁੜੇ ਆਏ ਹਨ। ਹੁਸ਼ਿਆਰ ਨੇ ਕਦੇ ਵੀ ਦੂਜੀ ਔਰਤ ਬਾਰੇ ਨਹੀਂ ਸੋਚਿਆ।

ਹੁਸ਼ਿਆਰ ਦੇ ਇੰਡੀਆ ਜਾਣ ਤੋਂ ਬਾਅਦ ਵਿਜੈ ਦਾ ਮਨ ਵੀ ਇੰਡੀਆ ਲਈ ਕਾਹਲਾ ਪੈਣ ਲਗਦਾ ਹੈ। ਉਹ ਸੁਸ਼ਮਾ ਨੂੰ ਆਖਦਾ ਹੈ,

"ਇੰਡੀਆ ਜਾਣਾ ਚਾਹੁੰਨਾਂ ਜੇ ਤੂੰ ਰੈਸਟੋਰੈਂਟ ਸੰਭਾਲ ਸਕਦੀ ਹੋਵੇਂ।"

"ਨਹੀਂ, ਮੈਂ ਇਕੱਲੀ ਕਿਵੇਂ ਸੰਭਾਲ ਸਕਦੀ ਆਂ, ਤੁਹਾਨੂੰ ਪਤੈ ਮੇਰੇ ਸਿਰ ਦਾ ਪਤਾ ਨਹੀਂ ਕਿਹੜੇ ਵੇਲੇ ਫਟਣ ਲਗ ਪੈਣਾਂ।"

"ਏਦਾਂ ਕਰ, ਤੂੰ ਇੰਡੀਆ ਜਾਹ, ਸਾਰਿਆਂ ਨੂੰ ਮਿਲ ਆ ਤੇ ਨਾਲੇ ਆਪਣੇ ਸਿਰ ਦਾ ਇਲਾਜ ਕਰ ਆ।"

ਵਿਜੈ ਨੂੰ ਪਤਾ ਹੈ ਕਿ ਜੇ ਉਸ ਨੇ ਕਿਹਾ ਕਿ ਸਿਰ ਦਾ ਇਲਾਜ ਕਰਾ ਲੈ ਤਾਂ ਸੁਸ਼ਮਾ ਨੇ ਗੁੱਸਾ ਕਰ ਜਾਣਾ ਹੈ ਕਿ ਡਾਕਟਰ ਕਿਸੇ ਹੋਰ ਤੋਂ ਇਲਾਜ ਨਹੀਂ ਕਰਾਉਂਦੇ ਹੁੰਦੇ। ਸੁਸ਼ਮਾ ਦੇ ਸਿਰ ਦਰਦ ਦਾ ਕਾਰਨ ਉਸ ਦੇ ਸਮਝ ਵਿਚ ਨਹੀਂ ਆ ਰਿਹਾ। ਉਸ ਨੂੰ ਲਗਦਾ ਹੈ ਕਿ ਉਸ ਨੂੰ ਆਪਣਾ ਪਰੋਫੈਸ਼ਨ ਛੱਡਣਾ ਪਿਆ ਹੈ ਸ਼ਾਇਦ ਇਸ ਲਈ ਸਿਰ ਦੁੱਖਦਾ ਹੈ। ਉਹ ਉਸ ਨੂੰ ਕਹਿੰਦਾ ਵੀ ਹੈ ਕਿ ਜੇ ਉਸ ਦਾ ਦਿਲ ਕਰਦਾ ਹੈ ਤਾਂ ਹੁਸ਼ਿਆਰ ਦੇ ਘਰ ਦੇ ਮੁਹਰਲੇ ਕਮਰੇ ਵਿਚੋਂ ਆਪਣੀ ਪਰੈਕਟਸ ਸ਼ੁਰੂ ਕਰ ਲਵੇ। ਕੁਝ ਦੇਰ ਮੰਦਿਰ ਵਿਚ ਜਾਕੇ ਆਪਣੀ ਮਸ਼ਹੂਰੀ ਕਰ ਲਵੇ ਤੇ ਸ਼ਾਇਦ ਕੰਮ ਚਲ ਪਵੇ। ਚਾਹੁੰਦੀ ਤਾਂ ਸੁਸ਼ਮਾ ਵੀ ਹੈ ਕਿ ਕੁਝ ਕਰੇ ਪਰ ਇਕ ਤਾਂ ਬੱਚੇ ਹਾਲੇ ਛੋਟੇ ਹਨ, ਰੋਹਨ ਦੋ ਸਾਲ ਦਾ ਤੇ ਵਿਧੀ ਇਕ ਸਾਲ ਦੀ ਹੈ ਤੇ ਦੂਜੇ ਉਹ ਘਰ ਨਾਲੋਂ ਸਹੀ ਤਰੀਕੇ ਨਾਲ ਦੁਕਾਨ ਵਿਚ ਆਪਣਾ ਕਲੀਨਕ ਬਣਾਉਣਾ ਚਾਹੁੰਦੀ ਹੈ। ਕੁਝ ਕੁ ਪੈਸੇ ਉਸ ਨੇ ਜੋੜ ਹੋਏ ਹਨ ਤੇ ਕੁਝ ਹੋਰ ਜੋੜ ਲਵੇਗੀ। ਕੋਈ ਨਾ ਕੋਈ ਦੁਕਾਨ ਕਿਰਾਏ ਤੇ ਮਿਲ ਜਾਵੇਗੀ ਪਰ ਹਾਲੇ ਉਸ ਨੇ ਇਸ ਸੋਚ ਨੂੰ ਸਥਗਤ ਕੀਤਾ ਹੋਇਆ ਹੈ।...

ਇਕ ਦਿਨ ਵਿਜੈ ਨੂੰ ਕੋਈ ਫੋਨ ਆਉਂਦਾ ਹੈ, ਮਰਦਾਨਾ ਤਿਖੀ ਜਿਹੀ ਅਵਾਜ਼ ਹੈ,

"ਮੈਂ ਵਿਜੈ ਭਾਈ ਸਾਹਿਬ ਨੂੰ ਮਿਲਣੈ ਜੀ।"

"ਦੱਸੋ, ਬੋਲ ਰਿਹਾਂ।"

"ਮੇਰਾ ਨਾਂ ਮਿਹਰ ਐ ਤੇ ਮੈਂ ਦਿੱਲੀ ਤੋਂ ਆਇਆਂ, ਅਸ਼ੋਕ ਭਾਈ ਸਾਹਿਬ ਨੇ ਤੁਹਾਡੇ ਲਈ ਦੋ ਮੂਰਤੀਆਂ ਭੇਜੀਆਂ।"

"ਕਿਥੇ ਰਹਿੰਦੇ ਓ ਤੁਸੀਂ?"

"ਮੈਂ ਬਰਮੀਘੰਮ ਵਿਚ ਆਂ ਜੀ।"

"ਫਿਰ ਕਿੱਦਾਂ ਕਰੀਏ, ਤੁਸੀਂ ਆ ਸਕਦੇ ਓ ਕਿ ਮੈਂ ਆਵਾਂ?"

"ਮੈਨੂੰ ਪਤੈ ਤੁਹਾਡਾ ਰੈਸਟੋਰੈਂਟ ਐ, ਮੈਂ ਈ ਕਿਸੇ ਦਿਨ ਆ ਜਾਵਾਂਗਾ, ਮੈਨੂੰ ਆਪਣਾ ਐਡਰਸ ਲਿਖਵਾ ਦੇਵੋ ਤੇ ਦਸ ਦੇਵੋ ਕਿ ਕਿਹੜੇ ਦਿਨ ਤੁਸੀਂ ਵਿਹਲੇ ਹੁੰਦੇ ਓ।"

"ਮੈਂ ਤਾਂ ਵਿਹਲਾ ਹੁੰਦਾ ਈ ਨਹੀਂ, ਬਸ ਚਲੋ ਚਲ ਰਹਿੰਦੀ ਐ। ਤੁਸੀਂ ਜਦੋਂ ਮਰਜ਼ੀ ਆ ਜਾਵੋ।"

"ਜੇ ਇਹ ਗੱਲ ਏ ਤਾਂ ਮੈਂ ਅਗਲੇ ਐਤਵਾਰ ਆਵਾਂਗਾ।"

ਅਸ਼ੋਕ ਨੇ ਫੋਨ ਉਪਰ ਉਸ ਨੂੰ ਦਸਿਆ ਹੋਇਆ ਹੈ ਕਿ ਉਹ ਕਿਸੇ ਹੱਥ ਰੈਸਟੋਰੈਂਟ ਲਈ ਦੋ ਮੂਰਤੀਆਂ ਭੇਜ ਰਿਹਾ ਹੈ ਪਰ ਉਸ ਨੂੰ ਇਹ ਨਹੀਂ ਪਤਾ ਕਿ ਕਿਸ ਹੱਥ ਤੇ ਕਦੋਂ ਕੁ ਭੇਜ ਰਿਹਾ ਹੈ ਤੇ ਲਿਆਉਣ ਵਾਲਾ ਕਿਥੇ ਰਹਿੰਦਾ ਹੈ। ਮਿਹਰ ਅਗਲੇ ਐਤਵਾਰ ਦੁਪਿਹਰ ਆ ਜਾਂਦਾ ਹੈ। ਤੇਜ਼ ਤਰਾਰ ਬੰਦਾ ਹੈ ਜਿਹੋ ਜਿਹੇ ਦਿੱਲੀ ਵਰਗੇ ਸ਼ਹਿਰਾਂ ਦੇ ਲੋਕ ਹੁੰਦੇ ਹੀ ਹਨ ਪਰ ਸੁਭਾਅ ਦਾ ਸੁਗਲੀ ਹੈ। ਗੱਲ ਗੱਲ ਤੇ ਟਿੱਚਰ ਜਿਹੀ ਕਰਦਾ ਹੈ। ਵਿਜੈ ਦੇ ਰੈਸਟੋਰੈਂਟ ਨੂੰ ਦੇਖ ਕੇ ਖੁਸ਼ ਹੁੰਦਾ ਹੈ। ਵਿਜੈ ਉਸ ਦਾ ਮੂਰਤੀਆਂ ਲਿਆਉਣ ਲਈ ਧੰਨਵਾਦ ਕਰਦਾ ਹੈ। ਮੂਰਤੀਆਂ ਬਹੁਤ ਸੁਹਣੀਆਂ ਹਨ ਤੇ ਭਾਰੀਆਂ ਵੀ ਹਨ। ਇਹ ਮੂਰਤੀਆਂ ਕਿਸੇ ਓਪਰੇ ਬੰਦੇ ਲਈ ਲੈ ਕੇ ਆਉਣੀਆਂ ਸੰਭਵ ਨਹੀਂ ਹਨ। ਵਿਜੈ ਸਮਝਦਾ ਹੈ ਕਿ ਅਸ਼ੋਕ ਦਾ ਕੋਈ ਖਾਸ ਆਦਮੀ ਹੋਵੇਗਾ। ਇਸ ਲਈ ਉਸ ਦੀ ਖਾਸ ਸੇਵਾ ਕਰਨੀ ਹੋਵੇਗੀ। ਉਹ ਪੁੱਛਦਾ ਹੈ,

"ਮਿਹਰ ਜੀ, ਤੁਸੀ ਕੀ ਕੰਮ ਕਰਦੇ ਓ?"

"ਮਿਹਰ, ਮਿਹਰ ਆਂ ਮੈਂ, ਤੁਸੀਂ ਅਸ਼ੋਕ ਦੇ ਵੱਡੇ ਭਾਈ ਓ ਤੇ ਮੇਰੇ ਵੀ ਵੱਡੇ, ਸੋ ਮੈਂ ਮਿਹਰ ਆਂ ਸਿਰਫ ਮਿਹਰ ਕਰੋ ਕਿ ਮਿਹਰ ਕਹੋ।"

"ਚਲੋ, ਠੀਕ ਐ ਪਰ ਕੰਮ ਕੀ ਕਰਦੇ ਓ?"

"ਮੈਂ ਅਸ਼ੋਕ ਵਾਲੇ ਕੰਮ ਵਿਚ ਈ ਆਂ ਭਾਵ ਕਿ ਪਰਿੰਟਿੰਗ ਦੇ ਕੰਮ ਵਿਚ। ਮੈਂ ਇਥੋਂ ਆਰਡਰ ਲੈ ਕੇ ਇੰਡੀਆ ਤੋਂ ਛਪਵਾਉਂਦਾਂ। ਮੈਂ ਸਾਰਾ ਕੰਮ ਅਸ਼ੋਕ ਤੋਂ ਈ ਕਰਾਉਂਨਾ।"

"ਇਥੇ ਤੁਸੀਂ ਕਸਟਮਰ ਕਿਥੋਂ ਲਭਦੇ ਓ?"

"ਤੁਹਾਡੇ ਜਿਹੇ ਸੇਠ ਲੋਕ ਜਿਹਨਾਂ ਨੇ ਐਡਵਰਟਾਈਜ਼ ਕਰਨ ਲਈ ਕੁਝ ਛਪਵਾਉਣਾ ਹੁੰਦਾ ਹੈ, ਵਿਜ਼ਟਿੰਗ ਕਾਰਡਜ਼, ਲੀਫ ਲੈਟਸ, ਮੈਨਿਓ, ਫੂਡ ਟੇਕ ਅਵੇਅ ਕਰਨ ਲਈ ਬੈਗ ਆਦਿ ਜਾਂ ਕੁਸ਼ ਹੋਰ। ਤੁਸੀਂ ਮੈਨਿਓ ਕਿਥੋਂ ਛਪਵਾਉਂਦੇ ਓ?"

"ਇਕ ਗੋਰਿਆਂ ਦੀ ਫਰਮ ਹੈਗੀ ਐ ਇਥੇ।"

"ਮੈਨੂੰ ਨਹੀਂ ਪਤਾ ਤੁਸੀਂ ਕੀ ਪੇਅ ਕਰਦੇ ਓ ਪਰ ਇੰਡੀਆ ਤੋਂ ਇਥੋਂ ਨਾਲੋਂ ਅੱਧੀ ਕੀਮਤ ਤੇ ਉਹੋ ਕੰਮ ਪੈਂਦਾ ਏ।"

"ਅਸ਼ੋਕ ਨੇ ਤਾਂ ਕਦੇ ਇਹ ਗੱਲ ਦੱਸੀ ਨਹੀਂ ਮੈਨੂੰ।"

"ਪਤਾ ਨਹੀਂ ਕਿਉਂ ਪਰ ਅਸ਼ੋਕ ਦਾ ਤਾਂ ਦਿੱਲੀ ਵਿਚ ਪਰਿੰਟਿੰਗ ਦਾ ਨੰਬਰ ਵਨ ਕੰਮ ਏ, ਉਹਦਾ ਪਾਰਟਨਰ ਬਹੁਤ ਤੇਜ਼ ਏ, ਕੰਮ ਬਹੁਤ ਲਿਆਉਂਦਾ ਏ ਤੇ ਅਸ਼ੋਕ ਕੰਮ ਕਰਵਾਉਣ ਵਿਚ ਤੇਜ਼ ਏ।"

"ਇਹ ਤਾਂ ਮੈਨੂੰ ਪਤੈ ਪਰ ਇਹ ਨਹੀਂ ਸੀ ਪਤਾ ਕਿ ਮੈਨਿਓ ਆਦਿ ਵੀ ਛਾਪਦੇ ਆ ਉਹ। ਅਸਲ ਵਿਚ ਮੈਂ ਇੰਡੀਆ ਗਿਆ ਨਹੀਂ ਅਜੇ ਜਦੋਂ ਦਾ ਆਇਆਂ, ਫੋਨ ਉਪਰ ਬਹੁਤੀਆਂ ਗੱਲਾਂ ਹੁੰਦੀਆਂ ਨਹੀਂ।"

ਵਿਜੈ ਉਸ ਨੂੰ ਬੀਚ ਵਲ ਲੈ ਨਿਕਲਦਾ ਹੈ। ਪੱਬ ਵਿਚ ਬੀਅਰ ਪਿਆਉਂਦਾ ਹੈ। ਮਿਹਰ ਪੁੱਛਦਾ ਹੈ,

"ਭਾਈ ਸਾਹਿਬ, ਨਿਊਡ ਬੀਚ ਕਿਥੇ ਕੁ ਐ?"

"ਈਸਟ ਵਾਲੀ ਸਾਈਡ ਨੂੰ ਆ ਪਰ ਮੈਂ ਕਦੇ ਗਿਆ ਨਹੀਂ।"

ਵਿਜੈ ਨੂੰ ਪਤਾ ਹੈ ਕਿ ਬਰਾਈਟਨ ਦਾ ਨਿਊਡਬੀਚ ਲੋਕਾਂ ਲਈ ਕਾਫੀ ਖਿਚ ਦਾ ਕਾਰਨ ਬਣਿਆ ਹੋਇਆ ਹੈ। ਅਜਿਹੇ ਬੀਚ ਪਹਿਲਾਂ ਹੋਰਨਾਂ ਦੇਸ਼ਾਂ ਵਿਚ ਬਣੇ ਜਿਥੇ ਤੁਸੀਂ ਨੰਗੇ ਘੁੰਮ ਸਕਦੇ ਹੋ ਪਰ ਇੰਗਲੈਂਡ ਦੇ ਅਜਿਹੇ ਲੋਕਾਂ ਨੇ ਰੌਲਾ ਪਾ ਕੇ ਬਰਾਈਟਨ ਦੇ ਬੀਚ ਦਾ ਇਕ ਹਿੱਸਾ ਰਾਖਵਾਂ ਰੱਖ ਲਿਆ ਜਿਥੇ ਉਹ ਅਲਫ ਨੰਗੇ ਘੁੰਮ ਫਿਰ ਸਕਦੇ ਹਨ। ਉਹਨਾਂ ਦੀ ਦਲੀਲ ਹੈ ਕਿ ਇਵੇਂ ਉਹ ਕੁਦਰਤ ਦੇ ਜ਼ਿਆਦਾ ਨੇੜੇ ਮਹਿਸੂਸ ਕਰਦੇ ਹਨ। ਬਹੁਤ ਸਾਰੇ ਸੈਲਾਨੀ ਜਾਂ ਹੋਰ ਲੋਕ ਤਾਂ ਸਿਰਫ ਇਹ ਨਿਊਡ ਬੀਚ ਦੇਖਣ ਹੀ ਇਥੇ ਆਉਂਦੇ ਹਨ ਪਰ ਵਿਜੈ ਕਦੇ ਓਧਰ ਨਹੀਂ ਜਾਂਦਾ। ਉਸ ਨੇ ਸੁਣਿਆ ਜ਼ਰੂਰ ਹੈ ਕਿ ਬੀਚ ਦੇ ਪੂਰਬਲੇ ਪਾਸੇ ਨਿਊਡ ਬੀਚ ਹੈ। ਉਹ ਮਿਹਰ ਨੂੰ ਓਧਰ ਲੈ ਜਾਂਦਾ ਹੈ। ਮਿਹਰ ਤਸਵੀਰਾਂ ਖਿਚਣ ਲਗਦਾ ਹੈ। ਵਿਜੈ ਇਕ ਥਾਂ ਖੜਾ ਰਹਿੰਦਾ ਹੈ। ਉਸ ਨੂੰ ਇਸ ਵਿਚ ਬਹੁਤੀ ਦਿਲਚਸਪੀ ਨਹੀਂ ਹੈ। ਮਿਹਰ ਦੂਰ ਤਕ ਘੁੰਮ ਆਉਂਦਾ ਹੈ। ਮੁੜਦਾ ਹੋਇਆ ਬੋਲਦਾ ਹੈ,

"ਤੁਹਾਨੂੰ ਮਿਲ ਕੇ ਤਾਂ ਲਗਦਾ ਏ ਭਾਈ ਸਾਹਿਬ ਜਿਵੇਂ ਤੁਸੀਂ ਇੰਗਲੈਂਡ ਆਏ ਈ ਨਾ ਹੋਵੋਂ।"

"ਮੇਰਾ ਸੁਭਾਅ ਈ ਅਜਿਹਾ ਐ।"

"ਅਸ਼ੋਕ ਤੁਹਾਡੇ ਤੋਂ ਉਲਟ ਏ, ਉਹਦੇ ਕੋਲ਼ ਜਾਈਏ ਤਾਂ ਪੂਰੀ ਐਸ਼ ਕਰਾ ਦਿੰਦਾ ਏ।"

ਕਹਿ ਕੇ ਮਿਹਰ ਹੱਸਦਾ ਹੈ। ਮਿਹਰ ਉਹਨਾਂ ਪਾਸ ਰਾਤ ਰਹਿੰਦਾ ਹੈ। ਦੂਜੇ ਦਿਨ ਤੁਰਦਾ ਹੋਇਆ ਆਖਦਾ ਹੈ,

"ਹੁਣ ਤੁਸੀਂ ਸਾਡੇ ਵਲ ਚੱਕਰ ਮਾਰਿਓ।"

"ਮਿਹਰ ਭਾਈ, ਤੂੰ ਈ ਆ ਜਾਈਂ ਇਦਾਂ ਈ ਘੁੰਮਦਾ ਫਿਰਦਾ, ਮੈਂ ਦੇਖ ਲੈ ਕਿੱਦਾਂ ਫਸਿਆ ਬੈਠਾਂ। ਤੂੰ ਅਗਲੀ ਵਾਰ ਵਾਈਫ ਤੇ ਬੱਚਿਆਂ ਨੂੰ ਵੀ ਲੈ ਕੇ ਆਈਂ।"

"ਚਲੋ ਮੈਂ ਦੇਖਦਾਂ, ਮੇਰੇ ਬੱਚੇ ਤਾਂ ਬੀਚ ਤੇ ਜਾਣ ਲਈ ਕਾਹਲੇ ਰਹਿੰਦੇ ਨੇ।"

ਮਿਹਰ ਚਲੇ ਜਾਂਦਾ ਹੈ। ਹਰ ਹਫਤੇ ਫੋਨ ਕਰਦਾ ਰਹਿੰਦਾ ਹੈ। ਉਸ ਦੇ ਇੰਗਲੈਂਡ ਵਿਚ ਬਹੁਤੇ ਵਾਕਫ ਜਾਂ ਰਿਸ਼ਤੇਦਾਰ ਨਹੀਂ ਹਨ। ਇਸ ਲਈ ਉਹ ਵਿਜੈ ਵਲ ਨੂੰ ਦੋਸਤੀ ਦਾ ਹੱਥ ਵਧਾਉਂਦਾ ਹੈ। ਇਸ ਨਾਲ ਉਹ ਅਸ਼ੋਕ ਨੂੰ ਵੀ ਖੁਸ਼ ਕਰ ਸਕਦਾ ਹੈ, ਅਸ਼ੋਕ ਕਾਰੋਬਾਰ ਵਿਚ ਉਸ ਲਈ ਬਹੁਤ ਸਹਾਈ ਹੈ। ਵਕਤ ਸਿਰ ਆਰਡਰ ਤਿਆਰ ਕਰ ਦਿੰਦਾ ਹੈ। ਕੀਮਤ ਵੀ ਪੂਰੀ ਦਿੱਲੀ ਵਿਚੋਂ ਸਭ ਤੋਂ ਘਟ ਹੁੰਦੀ ਹੈ। ਮਹੀਨੇ ਕੁ ਬਾਅਦ ਮਿਹਰ ਬੱਚੇ ਅਤੇ ਪਤਨੀ ਨੂੰ ਲੈਕੇ ਮਿਲਣ ਆ ਜਾਂਦਾ ਹੈ। ਭਾਵੇਂ ਵਿਜੈ ਦਾ ਸੁਭਾਅ ਮਿਹਰ ਨਾਲ ਮੇਲ ਨਹੀਂ ਖਾਂਦਾ ਪਰ ਉਹ ਉਸ ਦੇ ਸਾਥ ਵਿਚ ਉਕਤਾਉਂਦਾ ਵੀ ਨਹੀਂ। ਉਸ ਨਾਲ ਬੈਠਣਾ ਉਸ ਨੂੰ ਬੁਰਾ ਨਹੀਂ ਲਗਦਾ। ਉਸ ਦੇ ਬੱਚੇ ਵੀ ਰੋਹਨ ਤੇ ਵਿਧੀ ਦੀ ਉਮਰ ਦੇ ਹਨ ਇਸ ਲਈ ਉਹਨਾਂ ਦਾ ਆਉਣਾ ਬੱਚਿਆਂ ਨੂੰ ਵੀ ਚੰਗਾ ਲਗਦਾ ਹੈ। ਅਸਲ ਵਿਚ ਜਦੋਂ ਦਾ ਹੁਸ਼ਿਆਰ ਹੋਰੀਂ ਇੰਡੀਆ ਚਲੇ ਗਏ ਹਨ ਉਹਨਾਂ ਦੇ ਕਿਸੇ ਪਰਿਵਾਰ ਨਾਲ ਸਬੰਧ ਨਹੀਂ ਜੁੜੇ ਇਸ ਲਈ ਵੀ ਮਿਹਰ ਤੇ ਗੋਮਤੀ ਦਾ ਘਰ ਆਉਣਾ ਉਹਨਾਂ ਨੂੰ ਚੰਗਾ ਲਗਦਾ।

ਚਿਨਾਰ ਵਿਚ ਤਾਇਆ ਤਾਂ ਅਕਸਰ ਆ ਜਾਇਆ ਕਰਦਾ ਹੈ ਪਰ ਤਾਈ ਬਹੁਤ ਘੱਟ ਆਈ ਹੈ। ਦੀਪਕ ਆ ਜਾਂਦਾ ਹੈ। ਦੀਪਕ ਕੁਝ ਮਹੀਨਿਆਂ ਤੋਂ ਘਰ ਹੀ ਰਹਿੰਦਾ ਹੈ। ਜਿਸ ਕੁੜੀ ਨਾਲ ਰਹਿੰਦਾ ਰਿਹਾ ਹੈ ਉਸ ਉਸ ਨੂੰ ਛੱਡ ਗਈ ਹੈ ਤਾਂ ਉਸ ਕੋਲ ਰਹਿਣ ਲਈ ਕੋਈ ਜਗਾਹ ਨਹੀ ਬਚਦੀ, ਉਹ ਘਰ ਆ ਜਾਂਦਾ ਹੈ। ਤਾਏ ਨੂੰ ਮਿਲਣ ਗਿਆ ਵਿਜੈ ਕਈ ਵਾਰ ਦੀਪਕ ਨੂੰ ਨਾਲ ਲੈ ਆਇਆ ਕਰਦਾ ਹੈ। ਕਦੇ ਕਦੇ ਉਸ ਨੂੰ ਜੇਬ੍ਹ ਖਰਚ ਵੀ ਦੇ ਦਿਆ ਕਰਦਾ ਹੈ। ਦੀਪਕ ਹਰ ਵੇਲੇ ਕੋਈ ਵਿਓਪਾਰ ਸ਼ੁਰੂ ਕਰਨ ਦੀਆਂ ਗੱਲਾਂ ਕਰਦਾ ਰਹਿੰਦਾ ਹੈ। ਭਾਗੀ ਕਦੇ ਵੀ ਵਿਜੈ ਦੇ ਰੈਸਟੋਰੈਂਟ ਵਿਚ ਨਹੀਂ ਆਈ। ਭਾਗੀ ਦੇ ਨਾ ਆਉਣ ਦਾ ਵੱਡਾ ਕਾਰਨ ਹੈ ਕਿ ਉਹ ਦਿਨ ਨੂੰ ਕੰਮ ਤੇ ਜਾਂਦੀ ਹੈ ਫਿਰ ਉਸ ਨੂੰ ਸੁਸ਼ਮਾ ਨਾਲ ਮਿਲਣਾ ਬਹੁਤਾ ਚੰਗਾ ਨਹੀਂ ਲਗਦਾ। ਉਹ ਭਾਗੀ ਵਲ ਜਾਂਦਾ ਰਹਿੰਦਾ ਹੈ। ਭਾਵੇਂ ਥੋੜੇ ਚਿਰ ਲਈ ਹੀ ਜਾਵੇ। ਉਸ ਦੀਆਂ ਕੁੜੀਆਂ ਲਈ ਕੁਝ ਨਾ ਕੁਝ ਲੈ ਜਾਇਆ ਕਰਦਾ ਹੈ। ਭਾਗੀ ਉਸ ਨੂੰ ਮਿਲਣ ਮੰਦਿਰ ਵੀ ਆ ਜਾਂਦੀ ਹੈ। ਜਦ ਭਾਗੀ ਆਪਣੀਆਂ ਕੁੜੀਆਂ ਲੈ ਕੇ ਭਾਰਤ ਜਾਂਦੀ ਹੈ ਤਾਂ ਉਹ ਹਜ਼ਾਰ ਪੌਂਡ ਉਸ ਨੂੰ ਦੇ ਦਿੰਦਾ ਹੈ ਤਾਂ ਜੋ ਆਪਣੀਆਂ ਕੁੜੀਆਂ ਦੀ ਸ਼ੌਪਿੰਗ ਕਰ ਸਕੇ। ਅੰਮਰਤੀ ਤੇ ਰਮੇਸ਼ ਉਹਨਾਂ ਨੂੰ ਬਹੁਤ ਘਟ ਮਿਲਦੇ ਹਨ। ਰੈਸਟੋਰੈਂਟ ਤੇ ਤਾਂ ਉਹਨਾਂ ਨੇ ਆਉਣਾ ਹੀ ਕੀ ਸੀ। ਸੁਸ਼ਮਾ ਦੀ ਅੰਮਰਤੀ ਨਾਲ ਫੋਨ ਉਪਰ ਗੱਲ ਹੋ ਜਾਂਦੀ ਹੈ। ਇੰਡੀਆ ਝਾਈ ਨੂੰ ਫੋਨ ਕਰਨ ਸਮੇਂ ਸੁਸ਼ਮਾ ਨੂੰ ਪਤਾ ਚਲਦਾ ਹੈ ਕਿ ਅਜ ਕਲ ਰਮੇਸ਼ ਦੇ ਸਿਤਾਰੇ ਗਰਦਿਸ਼ ਵਿਚ ਹਨ। ਕੋਈ ਦੁਕਾਨ ਖਰੀਦੀ ਸੀ ਜੋ ਕਿ ਚੱਲੀ ਨਹੀਂ ਤੇ ਘਾਟਾ ਪਾ ਕੇ ਵੇਚਣੀ ਪਈ।

ਇਕ ਦਿਨ ਵਿਜੈ ਕੀ ਦੇਖਦਾ ਹੈ ਕਿ ਸਾਹਮਣੇ ਰਮੇਸ਼ ਤੁਰਿਆ ਆ ਰਿਹਾ ਹੈ। ਉਹ ਜ਼ਰਾ ਕੁ ਹੈਰਾਨ ਹੁੰਦਾ ਹੈ ਪਰ ਉਸ ਦਾ ਸਵਾਗਤ ਕਰਨ ਲਈ ਤਿਆਰ ਹੋ ਜਾਂਦਾ ਹੈ। ਲਗਦਾ ਹੈ ਕਿ ਰਮੇਸ਼ ਨੇ ਕਈ ਦਿਨ ਤੋਂ ਸ਼ੇਵ ਨਹੀਂ ਕੀਤੀ। ਉਹ ਉਸ ਨਾਲ ਭਰਵਾਂ ਹੱਥ ਮਿਲਾ ਕੇ ਹਾਲ ਚਾਲ ਪੁੱਛਦਾ ਹੈ। ਕੁਝ ਆਰ ਪਾਰ ਦੀਆਂ ਗੱਲਾਂ ਤੋਂ ਬਾਅਦ ਰਮੇਸ਼ ਆਖਦਾ ਹੈ,

"ਮੈਨੂੰ ਯਾਰ ਤੇਰੀ ਇਕ ਹੈਲਪ ਦੀ ਲੋੜ ਐ।"

"ਦੱਸ?"

"ਤੂੰ ਮੈਨੂੰ ਕਾਗਜ਼ਾਂ ਵਿਚ ਇਕ ਕਮਰਾ ਕਿਰਾਏ ਤੇ ਦੇ ਸਕਦਾਂ?"

"ਕਾਗਜ਼ਾਂ ਵਿਚ ਕਮਰਾ ਕਿਰਾਏ ਤੇ! ਪਰ ਕਿਉਂ?"

"ਸਿਧੀ ਗੱਲ ਸੁਣ, ਬਿਜਨਸ ਵਿਚੋਂ ਇੰਨਾ ਘਾਟਾ ਪੈ ਗਿਆ ਕਿ ਘਰ ਵਿਕਣ ਤਕ ਆ ਗਿਆ। ਇਹਦਾ ਇਕੋ ਹੱਲ ਲਭਿਆ ਕਿ ਅੰਮਰਤੀ ਮੇਰੇ ਤੋਂ ਸੈਪੇਰੇਸ਼ਨ ਸ਼ੋਅ ਕਰਕੇ ਗੋਰਮਿੰਟ ਤੋਂ ਇਕੱਲੀ ਮਾਂ ਵਾਲਾ ਕਲੇਮ ਲਵੇ ਜਿਸ ਨਾਲ ਘਰ ਬਚ ਸਕਦੈ ਤੇ ਮੈਂ ਆਪ ਅਨਇੰਪਲੋਇਡ ਵਾਲਾ ਕਲੇਮ ਲਵਾਂ ਤੇ ਨਾਲ ਹੀ ਇਕ ਰੂਮ ਦਾ ਕਿਰਾਇਆ ਵੀ।"

"ਅੱਛਾ! ਪਰ ਸਾਡੇ ਫਲੈਟ ਦੇ ਤਾਂ ਦੋ ਈ ਕਮਰੇ ਆ ਤੇ ਅਸੀਂ ਚਾਰ ਜੀਅ, ਮੈਨੂੰ ਨਹੀਂ ਲਗਦਾ ਕਿ ਇਹ ਤੈਨੂੰ ਸੂਟ ਕਰੇਗਾ ਤੇ ਦੂਜੇ ਮੈਂ ਤੇ ਆਪ ਇਥੇ ਕਿਰਾਏਦਾਰ ਆਂ, ਸਬ-ਲੈੱਟ ਕਰਨ ਦਾ ਹੱਕ ਸ਼ਾਇਦ ਮੇਰੇ ਕੋਲ ਨਾ ਹੋਵੇ।"

ਰਮੇਸ਼ ਦਾ ਮੂੰਹ ਹੋਰਵੇਂ ਹੋ ਜਾਂਦਾ ਹੈ। ਰਮੇਸ਼ ਦੇ ਜਾਣ ਤੋਂ ਬਾਅਦ ਉਹ ਸੋਚਣ ਲਗਦਾ ਹੈ ਕਿ ਬੁਰਾ ਵਕਤ ਕਦੀ ਵੀ ਆ ਸਕਦਾ ਹੈ। ਤਿਆਰ ਰਹਿਣਾ ਚਾਹੀਦਾ ਹੈ। ਉਹ ਗਾਉਣ ਲਗਦਾ ਹੈ;

ਐ ਮੇਰੀ ਜ਼ੌਹਰਾ ਜਬੀਂ, ਤੁਝੇ ਮਾਲੂਮ ਨਹੀਂ, ਤੂ ਅਬੀ ਤਕ ਹੈ ਤੂ ਹਸੀਂ ਔਰ ਮੈਂ ਜਵਾਂ....

## <u>ਸੋਲਾਂ</u>

ਢਾਈ ਸਾਲ ਹੋ ਗਏ ਹਨ ਚਿਨਾਰ ਵਿਚ ਆਇਆਂ। ਵਿਜੈ ਨੇ ਅਜ ਤਕ ਕੁਝ ਵੀ ਨਹੀਂ ਜੋੜਿਆ। ਉਹ ਚਾਹੁੰਦਾ ਹੈ ਕਿ ਕੁਝ ਪੈਸੇ ਹੋਣ ਤਾਂ ਘਰ ਲੈ ਲਵੇ। ਘਰ ਪਹਿਲਾਂ ਨਾਲੋਂ ਬਹੁਤ ਮਹਿੰਗੇ ਹੋ ਗਏ ਹਨ। ਹੁਣ ਪਹਿਲਾਂ ਨਾਲੋਂ ਵੱਡਾ ਡਿਪੋਜ਼ਟ ਚਾਹੀਦਾ ਹੈ। ਇੰਨਾ ਡਿਪੋਜ਼ਟ ਉਹ ਜੋੜ ਨਹੀਂ ਪਾਉਂਦੇ। ਕੁਝ ਬਚਦਾ ਹੀ ਨਹੀਂ ਹੈ। ਕੁਝ ਤਾਂ ਖਰਚ ਵਧ ਗਏ ਹਨ। ਤਿੰਨ ਮਹੀਨੇ ਬਾਅਦ ਵੀ.

ਏ. ਟੀ. ਆ ਜਾਂਦੀ ਹੈ ਤੇ ਸਾਲ ਬਾਅਦ ਟੈਕਸ ਦੇਣਾ ਪੈਂਦਾ ਹੈ। ਉਸ ਨੇ ਤਾਂ ਕਦੇ ਆਪਣੀ ਤਨਖਾਹ ਵੀ ਨਹੀਂ ਕੱਢੀ। ਪੈਸੇ ਆਉਂਦੇ ਰਹਿਣ ਕਰਕੇ ਉਸ ਦਾ ਹੱਥ ਖੁਲ੍ਹਾ ਹੋ ਜਾਂਦਾ ਹੈ ਪਰ ਜਦ ਕੋਈ ਬਿੱਲ ਅੜਨ ਲਗਦਾ ਹੈ ਤਾਂ ਉਸ ਨੂੰ ਬਹੁਤ ਫਿਕਰ ਹੋ ਜਾਂਦਾ ਹੈ। ਚਿਨਾਰ ਦੀ ਸੇਲ ਓਨੀ ਕੁ ਹੀ ਹੈ। ਉਪਰੋਂ ਲੈਂਡਲੌਰਡ ਕਿਰਾਇਆ ਵਧਾਉਣ ਨੂੰ ਫਿਰਦਾ ਹੈ। ਸੋਲਾਂ ਹਜ਼ਾਰ ਸਲਾਨਾ ਤੋਂ ਛੱਬੀ ਹਜ਼ਾਰ ਕਰਨ ਨੂੰ ਫਿਰਦਾ ਹੈ।

ਜੋ ਪੈਸੇ ਜੋੜੇ ਹਨ ਤਾਂ ਉਹ ਸੁਸ਼ਮਾ ਨੇ। ਇਕ ਹਜ਼ਾਰ ਪੌਂਡ ਉਸ ਨੇ ਆਪਣੇ ਭਰਾ ਨੂੰ ਅਮੈਰਿਕਾ ਭੇਜਿਆ ਹੈ। ਉਸ ਦਾ ਭਰਾ ਅਮੈਰਿਕਾ ਵਿਚ ਹਾਲੇ ਤਕ ਸੈਟਲ ਨਹੀਂ ਹੋ ਸਕਿਆ। ਪਿੱਛੇ ਨੂੰ ਉਹ ਮੁੜਨਾ ਨਹੀਂ ਚਾਹੁੰਦਾ। ਹਜ਼ਾਰ ਪੌਂਡ ਅੰਮਰਤੀ ਰਮੇਸ਼ ਤੋਂ ਚੋਰੀ ਦੁਕਾਨ ਵਿਚੋਂ ਕੱਢਦੀ ਹੈ ਤੇ ਇੰਨਾ ਹੀ ਸੁਸ਼ਮਾ ਪਾਉਂਦੀ ਹੈ ਤੇ ਭਰਾ ਨੂੰ ਭੇਜ ਦਿੰਦੀਆਂ ਹਨ। ਦੋ ਹਜ਼ਾਰ ਪੌਂਡ ਉਹ ਪਿਤਾ ਜੀ ਨੂੰ ਅੰਮਰਤੀ ਰਾਹੀਂ ਇੰਡੀਆ ਵੀ ਭੇਜਦੀ ਹੈ ਫਿਰ ਵੀ ਉਸ ਕੋਲ ਬਾਰਾਂ ਹਜ਼ਾਰ ਹਨ। ਗੱਲੇ ਵਿਚੋਂ ਚੋਰੀ ਕਰਨ ਤੋਂ ਬਿਨਾਂ ਉਹ ਵਿਜੈ ਤੋਂ ਮਿਲਦੇ ਘਰ ਦੇ ਖਰਚ ਵਿਚੋਂ ਵੀ ਪੈਸੇ ਬਚਾ ਲੈਂਦੀ ਹੈ।...

ਇਕ ਦਿਨ ਮੰਗਲ ਉਸ ਨੂੰ ਕਹਿੰਦਾ ਹੈ,

"ਗਵਨਾ, ਮਾੜੀ ਖਬਰ ਐ।"

ਮੰਗਲ ਨਾਲ ਹੁਣ ਉਸ ਦੇ ਸਬੰਧ ਮੁੜ ਕੇ ਠੀਕ ਹੋ ਗਏ ਹਨ। ਸਗੋਂ ਇਕ ਵਾਰ ਹੋਏ ਝਗੜੇ ਨੇ ਉਹਨਾਂ ਨੂੰ ਬਹੁਤ ਨੇੜੇ ਲੈ ਆਂਦਾ ਹੈ। ਉਸ ਨੂੰ ਪਹਿਲਾਂ ਪਤਾ ਨਹੀਂ ਹੈ ਕਿ ਮੰਗਲ ਇਸ ਮੁਲਕ ਵਿਚ ਗੈਰ ਕਨੂੰਨੀ ਰਹਿ ਰਿਹਾ ਹੈ। ਇਸ ਦੇ ਬੱਚੇ ਤੇ ਪਤਨੀ ਪਿੱਛੇ ਇੰਡੀਆ ਵਿਚ ਹਨ। ਉਹ ਪਿਛਲੇ ਦਸ ਸਾਲ ਤੋਂ ਉਹਨਾਂ ਨੂੰ ਮਿਲਿਆ ਨਹੀਂ ਹੈ। ਕਈ ਵਾਰ ਆਪਣੇ ਟੱਬਰ ਨੂੰ ਚੇਤੇ ਕਰਦਾ ਰੋਣ ਲਗਦਾ ਹੈ। ਹੁਣ ਵਿਜੈ ਨੂੰ ਉਸ ਨਾਲ ਕੋਈ ਗਿਲਾ ਨਹੀਂ ਹੈ। ਮੰਗਲ ਆਪਣੀ ਤਨਖਾਹ ਵਿਜੈ ਕੋਲ ਹੀ ਜਮ੍ਹਾਂ ਕਰਵਾ ਦਿੰਦਾ ਹੈ ਤੇ ਛੇ ਮਹੀਨੇ ਬਾਅਦ ਲੈ ਲੈਂਦਾ ਹੈ। ਕਦੇ ਲੋੜ ਹੋਵੇ ਤਾਂ ਪੈਸੇ ਫੜ ਕੇ ਵੀ ਭੇਜ ਦਿੰਦਾ ਹੈ ਤੇ ਤਨਖਾਹ ਵਿਚ ਕਟਵਾ ਦਿੰਦਾ ਹੈ। ਵਿਜੈ ਸਾਰੇ ਸਟਾਫ ਨੂੰ ਹਫਤੇ ਵਿਚ ਇਕ ਇਕ ਦਿਨ ਦੀ ਛੁੱਟੀ ਦਿਆ ਕਰਦਾ ਹੈ। ਦਿਨਾਂ ਦੇ ਹਿਸਾਬ ਨਾਲ ਸਾਰਿਆਂ ਨੇ ਵਾਰੀ ਵਾਰੀ ਛੁੱਟੀ ਕਰਨ ਦੇ ਦਿਨ ਬੰਨੇ ਹੋਏ ਹਨ ਪਰ ਮੰਗਲ ਕੋਈ ਛੁੱਟੀ ਨਹੀਂ ਕਰਦਾ। ਉਸ ਸੌਂਦਾ ਵੀ ਰੈਸਟੋਰੈਂਟ ਦੇ ਪਿਛਵਾੜ ਵਿਚ ਬਣੇ ਇਕ ਕਮਰੇ ਵਿਚ ਹੈ ਜਿਥੇ ਉਸ ਨੂੰ ਨਹਾਉਣ ਤੇ ਕਪੜੇ ਧੋਣ ਦੀਆਂ ਸਹੂਲਤਾਂ ਉਪਲਭਦ ਹਨ। ਫਿਰ ਮੰਗਲ ਕੁਝ ਕੁ ਕੰਜੂਸ ਵੀ ਹੈ। ਛੁੱਟੀ ਕਰਕੇ ਕਿਧਰੇ ਜਾਵੇਗਾ ਤਾਂ ਪੈਸੇ ਖਰਚ ਹੋਣਗੇ। ਵੈਸੇ ਮੰਗਲ ਵਧੀਆ ਕੁੱਕ ਹੈ। ਵਿਜੈ ਉਸ ਨਾਲ ਰਲ਼ ਕੇ ਨਵੇਂ ਨਵੇਂ ਤਜਰਬੇ ਕਰਦਾ ਰਹਿੰਦਾ ਹੈ। ਕੋਈ ਨਵੀਂ ਰੈਸਪੀ ਘੜ ਕੇ ਉਸ ਦਾ ਅਜੀਬ ਜਿਹਾ ਨਾਂ ਰੱਖ ਦਿੰਦਾ ਹੈ। ਜਿਵੇਂ ਅਜਕਲ ਗਾਹਕਾਂ ਨੂੰ ਖਿਚਣ ਲਈ ਬਾਲਟੀ ਚਿਕਨ, ਕੜਾਹੀ ਚਿਕਨ ਵਰਗੇ ਨਾਂ ਰੱਖ ਲਏ ਜਾਂਦੇ ਹਨ ਇਸੇ ਤਰ੍ਹਾਂ ਉਹ ਜਲੰਧਰ ਚਿਕਨ ਸ਼ੁਰੂ ਕਰ ਲੈਂਦੇ ਹਨ। ਇਸ ਵਿਚ ਚਿਕਨ ਦੇ ਉਪਰ ਬਰੀਕ ਕੱਚੀ ਗੋਭੀ ਬਰੂਰ ਦਿੰਦੇ ਹਨ। ਉਹਨਾਂ ਦੀ ਇਹੋ ਡਿਸ਼ ਵਿਕਣ ਲਗਦੀ ਹੈ। ਇੰਡੀਆ ਜਾਣ ਲਗਾ ਹੁਸ਼ਿਆਰ ਕਹਿੰਦਾ ਹੈ ਕਿ ਉਸ ਦੇ ਨਾਂ ਦੀ ਕੋਈ ਡਿਸ਼ ਸ਼ੁਰੂ ਕੀਤੀ ਜਾਵੇ ਤਾਂ ਮੰਗਲ ਕਰੇਲੇ ਤੇ ਪਨੀਰ ਨੂੰ ਪੀਹ ਕੇ ਮਿਕਸ ਵੈਜੀਟੇਬਲ ਉਪਰ ਬਰੂਰ ਕੇ ਇਸ ਦਾ ਨਾਂ ਹੁਸ਼ਿਆਰਾ ਵੈਜੀ ਰੱਖ ਦਿੰਦਾ ਹੈ ਤੇ ਗਾਹਕ ਹੁਸ਼ਿਆਰਾ ਵੈਜੀ ਦਾ ਹੀ ਆਰਡਰ ਦੇਣ ਲਗਦੇ ਹਨ। ਇਵੇਂ ਹੀ ਵਿਜੈ ਆਪਣੇ ਪਿੰਡ ਮੁਕੰਦ ਪੁਰ ਦੇ ਨਾਂ ਤੇ ਮੁਕੰਦਾ ਲੈਂਬ ਨਾਂ ਦੀ ਡਿਸ਼ ਸ਼ੁਰੂ ਕਰ ਦਿੰਦਾ ਹੈ। ਮੁਕੰਦਾ ਲੈਂਬ ਵਿਚ ਉਹ ਮਮੂਲੀ ਜਿਹਾ ਜਮਾਈਕਨ ਰਮ ਦਾ ਸਵਾਦ ਪਾ ਦਿੰਦਾ ਹੈ। ਜਮਾਈਕਨ ਰਮ ਪਿੰਡਾਂ ਵਿਚ ਘਰ ਦੀ ਕੱਢੀ ਸ਼ਰਾਬ ਵਰਗੀ ਹੈ। ਕੋਈ ਮਾਹਰ ਤੋਂ ਮਾਹਰ ਵੀ ਪੱਛਾਣ ਨਹੀਂ ਪਾ ਰਿਹਾ ਕਿ ਇਹ ਕਿਹੜੀ ਰੈਸਪੀ ਹੋ ਸਕਦੀ ਹੈ। ਹੋਰਨਾਂ ਰੈਸਟੋਰੈਂਟਾਂ ਨਾਲੋਂ ਉਹਨਾਂ ਦੇ ਵੱਖਰੇ ਨਾਂ ਵੀ ਉਹਨਾਂ ਦੇ ਰੈਸਟੋਰੈਂਟ ਨੂੰ ਵਿਸ਼ੇਸ਼ ਬਣਾ ਦਿੰਦੇ ਹਨ। ਹੁਣ ਮੰਗਲ ਕੋਈ ਮਾੜੀ ਖਬਰ ਸੁਣਾ ਰਿਹਾ ਹੈ। ਵਿਜੈ ਪੁੱਛਦਾ ਹੈ,

"ਕੀ ਹੋਇਆ?"

"ਮੈਨੂੰ ਲਗਦੈ ਆਪਣੇ ਨੇੜੇ ਇਕ ਹੋਰ ਰੈਸਟੋਰੈਂਟ ਖੁਲ੍ਹ ਰਿਹੈ।"

"ਅੱਛਾ! ਕਿਥੇ?"

"ਜਿਥੇ ਟਰੈਵਲ ਏਜੰਟ ਹੁੰਦਾ ਸੀ।"

"ਹਾਂ, ਦੁਕਾਨ ਬੰਦ ਪਈ ਸੀ ਕਾਫੀ ਦੇਰ ਤੋਂ, ਇਹ ਤਾਂ ਬਈ ਵਾਕਿਆ ਈ ਮਾੜੀ ਗੱਲ ਹੋਈ। ਚਲੋ ਦੇਖਦੇ ਆਂ ਕੀ ਭਾਅ ਵਿਕਦੀ ਐ।"

"ਇਕ ਪਾਕਿਸਤਾਨੀ ਜਿਹਾ ਬੰਦਾ ਕਈ ਵਾਰੀ ਰੋਟੀ ਖਾਣ ਆਇਆ ਕਰਦੈ, ਮੈਂ ਸੋਚਦਾ ਸੀ ਕਿ ਗੋਰਿਆਂ ਦੇ ਸ਼ਹਿਰ ਵਿਚ ਇਹਦਾ ਕੀ ਕੰਮ। ਉਹ ਸਾਲਾ ਸਾਡਾ ਫੂਡ ਦੇਖਣ ਈ ਆਇਆ ਕਰਦਾ ਸੀ।"

ਵਿਜੈ ਤਣਾਵ ਵਿਚ ਆ ਜਾਂਦਾ ਹੈ। ਉਹ ਮੰਗਲ ਤੇ ਸੱਨੀ ਨੂੰ ਕਹਿੰਦਾ ਹੈ,

"ਆਪਾਂ ਨੂੰ ਆਪਣੀ ਸਰਵਿਸ ਦੀ ਪੱਧਰ ਉੱਚੀ ਕਰਨੀ ਪੈਣੀ ਐ ਤੇ ਕੀਮਤਾਂ ਵੀ ਕੁਝ ਘਟ ਕਰ ਦੇਵਾਂਗੇ, ਕੁਸ਼ ਔਫਰਾਂ ਲਾਵਾਂਗੇ, ਬਫੇਟ ਸ਼ੁਰੂ ਕਰ ਦੇਵਾਂਗੇ। ਬਹੁਤੀ ਵੱਰੀ ਦੀ ਜ਼ਰੂਰਤ ਨਹੀਂ।"

ਵਿਜੈ ਆਪਣੇ ਸਟਾਫ ਨੂੰ ਤੇ ਆਪਣੇ ਆਪ ਨੂੰ ਤਸੱਲੀ ਦਿੰਦਾ ਹੈ ਪਰ ਅੰਦਰੋਂ ਉਹ ਡਰ ਰਿਹਾ ਹੈ। ਪਹਿਲਾਂ ਹੀ ਕੁਝ ਨਹੀਂ ਬਚ ਰਿਹਾ ਤੇ ਇਸ ਨਵੇਂ ਰੈਸਟੋਰੈਂਟ ਨਾਲ ਵੱਟਤ ਹੋਰ ਘਟ ਜਾਵੇਗੀ। ਫਿਰ ਕੀ ਬਚੇਗਾ। ਵਿਜੈ ਨਵੇਂ ਤਿਆਰ ਹੋ ਰੈਸਟੋਰੈਂਟ ਮੂਹਰ ਦੀ ਲੰਘਦਾ ਹੈ। ਕਾਮੇ ਬਿਜੜੇ ਵਾਂਗ ਤਿਆਰੀ ਵਿਚ ਰੁਝੇ ਹੋਏ ਹਨ। ਜਾਪਦਾ ਹੈ ਕਿ ਇਹ ਤਿਆਰ ਹੋਇਆ ਕਿ ਹੋਇਆ। ਅਗਲੇ ਦਿਨ ਵਿਜੈ ਆਪਣੇ ਰੈਸਟੋਰੈਂਟ ਦੇ ਮੂਹਰੇ ਖੜਾ ਹੈ। ਮੁੱਛਾਂ ਵਾਲਾ ਇਕ ਆਦਮੀ ਆਉਂਦਾ ਹੈ ਤੇ ਉਸ ਵਲ ਹੱਥ ਵਧਾਉਂਦਾ ਹੋਇਆ ਕਹਿੰਦਾ ਹੈ,

"ਭਾਈ ਜਾਨ, ਮੇਰਾ ਨਾਂ ਸ਼ੌਕਤ ਵੇ, ਅਸੀਂ ਔਹ ਤੁਹਾਡੇ ਸਾਹਮਣੇ ਰੈਸਟੋਰੈਂਟ ਖੋਹਲ ਰਹੇ ਆਂ।"

ਵਿਜੈ ਉਸ ਨਾਲ ਹੱਥ ਨਹੀਂ ਮਿਲਾਉਂਦਾ, ਦੁਸ਼ਮਣ ਨਾਲ ਕਾਹਦਾ ਹੱਥ ਮਿਲਾਉਣਾ ਪਰ ਉਹੋ ਸੰਖੇਪ ਜਿਹੇ ਲਫਜ਼ ਬੋਲਦਾ ਹੈ,

"ਗੁੱਡ ਲੱਕ!"

ਕੁਝ ਦਿਨਾਂ ਬਾਅਦ ਸ਼ੌਕਤ ਤੇ ਕੁਝ ਆਦਮੀ ਹੋਰ ਖਾਣਾ ਖਾਣ ਆਉਂਦੇ ਹਨ। ਕਾਫੀ ਸਾਰਾ ਖਾਣਾ ਆਰਡਰ ਕਰਦੇ ਹਨ। ਵਿਜੈ ਨੂੰ ਪਤਾ ਹੈ ਕਿ ਉਹ ਲੋਕ ਉਹਨਾਂ ਦੇ ਖਾਣੇ ਦਾ ਮੁਆਇਨਾ ਕਰਨ ਆਏ ਹਨ ਤੇ ਫਿਰ ਇਹੋ ਜਿਹਾ ਕੁਝ ਬਣਾਉਣ ਦੀ ਕੋਸ਼ਿਸ਼ ਕਰਨਗੇ। ਜਾਂਦੇ ਹੋਏ ਸ਼ੌਕਤ ਉਸ ਨੂੰ ਪੁੱਛਦਾ ਹੈ,

"ਭਾਈ ਜਾਨ, ਹੁਸ਼ਿਆਰਾ ਵੈਜੀ ਤੇ ਮੁਕੰਦਾ ਲੈਂਬ ਦੀ ਰੈਸਪੀ ਦੇ ਸਕਦੇ ਓ?"

"ਲਗਦੈ ਤੁਹਾਡੀ ਮਜ਼ਾਕ ਕਰਨ ਦੀ ਆਦਤ ਐ!"

ਸ਼ੌਕਤ ਸਮਝ ਜਾਂਦਾ ਹੈ ਤੇ ਚੁੱਪ ਕਰਕੇ ਚਲੇ ਜਾਂਦਾ ਹੈ। ਮੰਗਲ ਰਸੋਈ ਵਿਚੋਂ ਨਿਕਲ ਕੇ ਬਾਹਰ ਆਉਂਦਾ ਕਹਿੰਦਾ ਹੈ,

"ਗਵਨਾ, ਕਹੇਂ ਤਾਂ ਬੰਦੇ ਝਟਕ ਦਿਆਂ?"

ਵਿਜੈ ਸਮਝ ਜਾਂਦਾ ਹੈ ਕਿ ਮੰਗਲ ਨੇ ਦੋ ਪੈਗ ਲਾਏ ਹੋਏ ਹਨ। ਹੁਣ ਉਹ ਮੰਗਲ ਬਾਰੇ ਉਨਾ ਸਖਤ ਨਹੀਂ ਹੈ ਜਿੰਨਾ ਪਹਿਲਾਂ ਰਿਹਾ ਹੈ। ਮੰਗਲ ਉਸ ਦੇ ਨੇੜੇ ਹੁੰਦਾ ਆਖਦਾ ਹੈ,

"ਗਵਨਾ, ਇਕ ਪਰਦੇ ਦੀ ਗੱਲ ਐ, ਇਹ ਲੋਕ ਸੱਨੀ ਨੂੰ ਪੱਟਣ ਦੀ ਕਸ਼ਿਸ਼ ਕਰ ਰਹੇ ਆ, ਵੀਹ ਪੌਂਡ ਹਫਤਾ ਵਾਧੂ ਦੇ ਕੇ। ਇਹ ਸਾਲ਼ਾ ਪਾਕਿਸਤਾਨੀ ਜਿਉਂ ਹੋਇਆ।"

ਵਿਜੈ ਨੇ ਕਦੇ ਸੋਚਿਆ ਹੀ ਨਹੀ ਕਿ ਸੱਨੀ ਪਾਕਿਸਤਾਨੀ ਹੈ ਜਾਂ ਮੁਸਲਮਾਨ ਹੈ। ਉਹ ਸ਼ਰਾਬ ਤਾਂ ਮੰਗਲ ਤੋਂ ਵੀ ਜ਼ਿਆਦਾ ਪੀਂਦਾ ਹੈ, ਇੰਨਾ ਹੀ ਹੈ ਕਿ ਬਹੁਤਾ ਬੋਲਦਾ ਨਹੀਂ ਹੈ। ਉਸ ਨੂੰ ਯਕੀਨ ਹੈ ਕਿ ਸੱਨੀ ਬਿਨਾਂ ਉਹ ਕੰਮ ਚਲਾ ਸਕਦੇ ਹਨ। ਸੱਨੀ ਨਹੀਂ ਹੋਏਗਾ ਤਾਂ ਏਡੀ ਭੀੜ ਨਹੀਂ ਪਏਗੀ। ਨਵੇਂ ਰੈਸਟੋਰੈਂਟ ਦਾ ਨਾਂ ਮਹਾਰਾਜਾ ਹੈ। ਤਿਆਰ ਹੋ ਜਾਂਦਾ ਹੈ। ਖੁਲ੍ਹਣ ਦੀ ਤਰੀਕ ਤਹਿ ਹੋ ਜਾਂਦੀ ਹੈ। ਉਸੇ ਹਫਤੇ ਹੀ ਸੱਨੀ ਉਸ ਨੂੰ ਆਖਣ ਲਗਦਾ ਹੈ,

"ਬੌਸ, ਮੇਰਾ ਹਿਸਾਬ ਕਰਦੇ, ਮੈਂ ਕੰਮ ਛੱਡਣ ਲਗਿਆਂ।"

"ਸੱਨੀ, ਇਕ ਦਮ ਤੇਰਾ ਹਿਸਾਬ ਨਹੀਂ ਕੀਤਾ ਜਾ ਸਕਦਾ, ਤੂੰ ਨੋਟਿਸ ਦੇ ਦੋ ਹਫਤੇ ਦਾ, ਕਨੂੰਨੀ ਗੱਲ ਕਰ।"

ਕਨੂੰਨੀ ਗੱਲ ਇਹ ਹੈ ਕਿ ਸੱਨੀ ਨੂੰ ਜਾਂ ਵਿਜੈ ਨੂੰ ਦੋ ਹਫਤੇ ਦਾ ਕੰਮ ਛੱਡਣ ਦਾ ਜਾਂ ਕੰਮ ਤੋਂ ਕੱਢਣ ਦਾ ਨੋਟਿਸ ਦੇਣਾ ਪਵੇਗਾ। ਮਾਲਕ ਹੋਵੇ ਜਾਂ ਕਾਮਾ। ਸੱਨੀ ਦੀ ਇਕ ਹਫਤੇ ਦੀ ਤਨਖਾਹ ਥੱਲੇ ਰੱਖੀ ਹੋਈ ਹੈ। ਸਾਰੇ ਮਾਲਕ ਇਵੇਂ ਹੀ ਕਰਦੇ ਹਨ। ਅਚਾਨਕ ਕਾਮਾ ਭੱਜ ਜਾਵੇ ਤਾਂ ਮਾਲਕ ਦੇ ਭਾਅ ਦੀਆਂ ਬਣ ਜਾਂਦੀਆਂ ਹਨ। ਨਵਾਂ ਕਾਮਾ ਲਭਣਾ ਸੌਖਾ ਨਹੀਂ ਹੁੰਦਾ। ਇਸ ਲਈ ਅਣਲਿਖਿਆ ਕਨੂੰਨ ਹੈ ਕਿ ਮਾਲਕ ਤੇ ਕਾਮਾ ਇਕ ਦੂਜੇ ਨੂੰ ਦੋ ਹਫਤੇ ਦਾ ਨੋਟਿਸ ਦੇਣ ਫਿਰ ਹੀ ਕੰਮ ਛੱਡਣ ਜਾਂ ਕੰਮ ਤੋਂ ਜਵਾਬ ਦੇਣ। ਵਿਜੈ ਆਖਦਾ ਹੈ,

"ਸੱਨੀ, ਤੈਨੂੰ ਪਤਾ ਈ ਐ, ਜੇ ਜਾਣਾ ਜਾਹ ਤੇ ਹਫਤੇ ਦੀ ਤਨਖਾਹ ਜਾਣੀ ਐਂ ਤੇ ਮੈਂ ਮੁੜ ਕੇ ਤੈਨੂੰ ਕੰਮ ਵੀ ਨਹੀਂ ਦੇ ਸਕਣਾਂ।"

ਸੱਨੀ ਸ਼ੌਕਤ ਨਾਲ ਗੱਲ ਕਰਦਾ ਹੈ। ਸ਼ੌਕਤ ਉਸ ਦਾ ਵਿਜੈ ਵਲੋਂ ਪੈ ਰਿਹਾ ਘਾਟਾ ਪੂਰਾ ਕਰਨ ਦਾ ਵਾਅਦਾ ਕਰਦਾ ਹੈ। ਸੱਨੀ ਵੀ ਮੰਗਲ ਵਾਂਗ ਗੈਰ ਕਨੂਨੀ ਸ਼ਹਿਰੀ ਹੀ ਹੈ ਪਰ ਕੁਝ ਬਚਾਉਂਦਾ ਨਹੀਂ ਹੈ। ਸਾਰੀ ਤਨਖਾਹ ਘੋੜਿਆਂ ਅਤੇ ਗੋਰੀਆਂ ਉਤੇ ਖਰਚ ਛਡਦਾ ਹੈ। ਸੱਨੀ ਕੰਮ ਛੱਡ ਜਾਂਦਾ ਹੈ। ਉਸ ਦੇ ਜਾਣ ਤੋਂ ਬਾਅਦ ਪਤਾ ਚਲਦਾ ਹੈ ਕਿ ਸੱਨੀ ਨੇ ਕਾਫੀ ਕੰਮ ਸੰਭਾਲ ਰੱਖਿਆ ਹੈ। ਵਿਜੈ ਲਈ ਕੁਝ ਕੁ ਔਖਾ ਹੋ ਜਾਂਦਾ ਹੈ। ਉਹ ਹੋਰ ਬੰਦਾ ਲਭਣ ਲਗਦਾ ਹੈ।

ਮਹਾਰਾਜਾ ਖੁੱਲ੍ਹ ਜਾਂਦਾ ਹੈ। ਚਿਨਾਰ ਉਪਰ ਇਸ ਦਾ ਸਿੱਧਾ ਅਸਰ ਪੈਂਦਾ ਹੈ। ਇਕ ਹਜ਼ਾਰ ਵੱਟਤ ਹਫਤੇ ਦੀ ਘਟ ਜਾਂਦੀ ਹੈ। ਬਚਦਾ ਤਾਂ ਪਹਿਲਾਂ ਹੀ ਬਹੁਤਾ ਕੁਝ ਨਹੀਂ ਹੈ। ਵਿਜੈ ਪਰੇਸ਼ਾਨ ਰਹਿਣ ਲਗਦਾ ਹੈ।

ਚਿਨਾਰ ਦੇ ਨਾਲ ਨਾਲ ਉਸ ਦੀ ਪਰੇਸ਼ਾਨੀ ਸੁਸ਼ਮਾ ਵਲੋਂ ਵੀ ਵਧਣ ਲਗਦੀ ਹੈ। ਉਸ ਦਾ ਸਿਰ ਬਹੁਤ ਦਰਦ ਕਰਦਾ ਰਹਿੰਦਾ ਹੈ। ਜਦ ਦਰਦ ਸ਼ੁਰੂ ਹੋ ਜਾਵੇ ਤਾਂ ਕਈ ਦਿਨ ਤਕ ਤੰਗ ਕਰਦਾ ਹੈ। ਬੱਚੇ ਤਕ ਨਹੀਂ ਸੰਭਾਲੇ ਜਾਂਦੇ। ਘਰ ਦਾ ਕੰਮ ਤਾਂ ਉਹ ਪਹਿਲਾਂ ਹੀ ਬਹੁਤ ਘਟ ਕਰਦੀ ਹੈ। ਸਫਾਈ ਪਸੰਦ ਤਾਂ ਉਹ ਬਹੁਤ ਹੈ ਪਰ ਸਫਾਈ ਕਰਨੀ ਉਸ ਨੂੰ ਚੰਗੀ ਨਹੀਂ ਲਗਦੀ। ਰੋਟੀ ਤਾਂ ਉਹ ਸਾਰੇ ਰੇਸਟੋਰੈਂਟ ਵਿਚੋਂ ਹੀ ਖਾਂਦੇ ਹਨ। ਬੱਚਿਆਂ ਲਈ ਬੇਬੀ ਸਿਟਰ ਹੈ ਈ ਪਰ ਉਹ ਸ਼ਾਮ ਨੂੰ ਹੀ ਆਉਂਦੀ ਹੈ।

ਜਦ ਸੁਸ਼ਮਾ ਬਿਮਾਰ ਹੋ ਜਾਵੇ ਤਾਂ ਉਹ ਆਪ ਦੋਨਾਂ ਬੱਚਿਆਂ ਦੀ ਸੰਭਾਲ ਕਰਦਾ ਹੈ। ਉਹ ਅਕਸਰ ਸੋਚਦਾ ਰਹਿੰਦਾ ਹੈ ਕਿ ਇਹ ਸਿਰ ਕਿਉਂ ਦੁਖਦਾ ਰਹਿੰਦਾ ਹੋਵੇਗਾ। ਜ਼ਿਆਦਾ ਕਹਿਣ ਤੇ ਸੁਸ਼ਮਾ ਡਾਕਟਰ ਦੇ ਵੀ ਜਾਂਦੀ ਹੈ। ਡਾਕਟਰ ਇਸ ਨੂੰ ਮਾਈਗਰੇਨ ਕਹਿ ਕੇ ਸਿਰ ਦਰਦ ਦੀਆਂ ਗੋਲੀਆਂ ਦੇ ਛਡਦਾ ਹੈ। ਕਦੇ ਕਦੇ ਉਹ ਸੋਚਦਾ ਹੈ ਕਿ ਸ਼ਇਦ ਸੁਸ਼ਮਾ ਮੋਟੀ ਹੋ ਗਈ ਹੈ ਇਸ ਕਰਕੇ ਇਹ ਸਭ ਹੈ। ਫਿਰ ਸੋਚਣ ਲਗਦਾ ਹੈ ਕਿ ਸ਼ਾਇਦ ਆਪਣੇ ਕਿੱਤੇ ਤੋਂ ਦੂਰ ਹੋ ਜਾਣ ਕਾਰਨ ਹੋਵੇ ਜਾਂ ਕੋਈ ਹੋਰ ਮਾਨਸਿਕ ਗੁਲਝ ਹੋਵੇ। ਉਹ ਸੁਸ਼ਮਾ ਨੂੰ ਆਖਦਾ ਹੈ,

"ਜਾਹ, ਤੂੰ ਇੰਡੀਆ ਜਾਇਆ, ਤੇਰਾ ਮਨ ਹੋਰ ਪਾਸੇ ਪਵੇ, ਜਦ ਆਵੇਂਗੀ ਤਾਂ ਆਕੇ ਹੁਸ਼ਿਆਰ ਭਾਅ ਦੇ ਘਰੋਂ ਆਪਣੀ ਪਰੈਕਟਿਸ ਸ਼ੁਰੂ ਕਰ ਦੇਹ, ਰੈਸਟੋਰੈਂਟ ਦਾ ਤਾਂ ਪਤਾ ਨਹੀਂ ਕੀ ਬਣਨਾਂ, ਜਦੋਂ ਦਾ ਮਹਾਰਾਜਾ ਖੁਲ੍ਹਿਆ ਸੇਲ ਬਹੁਤ ਡਾਊਨ ਹੋ ਗਈ ਐ।"

ਸੁਸ਼ਮਾ ਇੰਡੀਆ ਜਾਣ ਦੀ ਤਿਆਰੀ ਕਰਨ ਲਗਦੀ ਹੈ। ਵਾਹਵਾ ਸਾਰੀ ਸ਼ੌਪਿੰਗ ਕਰਦੀ ਹੈ। ਹਰ ਇਕ ਲਈ ਕੁਝ ਨਾ ਕੁਝ ਖਰੀਦਦੀ ਹੈ। ਇੰਡੀਆ ਜਾਣ ਦਾ ਉਸ ਨੂੰ ਇਕ ਦਮ ਚਾਅ ਨਹੀਂ ਆਉਂਦਾ ਪਰ ਜਿਵੇਂ ਜਿਵੇਂ ਉਹ ਸੋਚਣ ਲਗਦੀ ਹੈ ਚਾਅ ਵਧਣ ਲਗਦਾ ਹੈ। ਹੁਣ ਉਸ ਨੂੰ ਫਿਕਰ ਹੈ ਆਪਣੇ ਕੋਲ ਪਏ ਕੈਸ਼ ਦਾ। ਉਹ ਅੰਮਰਤੀ ਨਾਲ ਜਾ ਕੇ ਉਸ ਦਾ ਸਿਰਨਾਵਾਂ ਦੇ ਕੇ ਅਕਾਊਂਟ ਖੁਲਵਾ ਲੈਂਦੀ ਹੈ ਤੇ ਦਸ ਹਜ਼ਾਰ ਪੌਂਡ ਜਮ੍ਹਾਂ ਕਰਾ ਦਿੰਦੀ ਹੈ। ਹਾਲੇ ਵੀ ਉਸ ਕੋਲ ਪੰਜ ਹਜ਼ਾਰ ਪੌਂਡ ਪਿਆ ਹੈ। ਉਹ ਸੋਚਦੀ ਹੈ ਇਕ ਇੰਨੇ ਕੁ ਉਹ ਕੋਲ ਲੈ ਜਾਵੇਗੀ। ਉਥੇ ਜਮ੍ਹਾਂ ਕਰਾ ਦੇਵੇਗੀ ਜਾਂ ਸ਼ੌਪਿੰਗ ਕਰੇਗੀ। ਉਸ ਨੂੰ ਜਾਣ ਵੇਲੇ ਵਿਜੈ ਵੀ ਖੁਲ੍ਹਾ ਖਰਚ ਦਿੰਦਾ ਹੈ। ਸੁਸ਼ਮਾ ਦਿੱਲੀ ਉਤਰਦੀ ਹੈ। ਅਸ਼ੋਕ ਤੇ ਵਿਜੈ ਦੀ ਮਾਂ ਲੈਣ ਆਉਂਦੇ ਹਨ। ਸੁਸ਼ਮਾ ਦੇ ਮਾਤਾ ਪਿਤਾ ਵੀ ਪਹੁੰਚੇ ਹੋਏ ਹਨ। ਉਹ ਅਸ਼ੋਕ ਹੋਰਾਂ ਨਾਲ ਰੁੱਖਾ ਰੁੱਖਾ ਵਿਵਹਾਰ ਕਰਦੇ ਹਨ। ਸੁਸ਼ਮਾ ਨੂੰ ਉਹਨਾਂ ਨਾਲ ਭੇਜਣ ਦੇ ਹੱਕ ਵਿਚ ਨਹੀਂ ਹਨ ਪਰ ਸੁਸ਼ਮਾ ਨੂੰ ਹੈ ਕਿ ਇਵੇਂ ਵਿਜੈ ਨਰਾਜ਼ ਹੋ ਜਾਵੇਗਾ। ਕੁਝ ਦੇਰ ਅਸ਼ੋਕ ਦੇ ਘਰ ਠਹਿਰ ਕੇ ਉਹ ਪੰਜਾਬ ਨੂੰ ਤੁਰ ਪੈਂਦੇ ਹਨ। ਅਸ਼ੋਕ ਤੇ ਮਾਂ ਦੋਵੇਂ ਹੀ ਗੁੱਸੇ ਵਿਚ ਹਨ। ਉਹਨਾਂ ਨੇ ਰੋਹਨ ਤੇ ਵਿਧੀ ਨੂੰ ਜੀਅ ਭਰ ਕੇ ਦੇਖਿਆ ਵੀ ਨਹੀਂ ਹੈ। ਜਹਾਜੋਂ ਉਤਰਦੇ ਉਹ ਕੁਝ ਸੁਸਤ ਹਨ ਪਰ ਹੁਣੇ ਉਹ ਖੇਡੇ ਪਏ ਤੇ ਸੁਸ਼ਮਾ ਦੇ ਪਿਤਾ ਨੇ ਪੰਜਾਬ ਜਾਣ ਦੀ ਜ਼ਿਦ ਫੜ ਲੈਂਦਾ ਹੈ। ਅਸ਼ੋਕ ਆਪਣਾ ਗੁੱਸਾ ਵਿਜੈ ਨਾਲ ਸਾਂਝਾ ਕਰਦਾ ਹੈ। ਵਿਜੈ ਸੋਚਦਾ ਹੈ ਕਿ ਉਹ ਕੀ ਕਰ ਸਕਦਾ ਹੈ। ਸੁਸ਼ਮਾ ਨੂੰ ਗੁੱਸੇ ਹੋਵੇਗਾ ਤਾਂ ਉਸ ਦਾ ਸਿਰ ਹੋਰ ਦਰਦ ਕਰਨ ਲਗੇਗਾ। ਉਹ ਅਸ਼ੋਕ ਨੂੰ ਸ਼ਾਂਤ ਰਹਿਣ ਲਈ ਆਖਦਾ ਹੈ।...

ਵਿਜੈ ਕਦੇ ਕਦੇ ਹੁਸ਼ਿਆਰ ਨੂੰ ਫੋਨ ਕਰ ਲੈਂਦਾ ਹੈ। ਜਦ ਕਦੇ ਹੁਸ਼ਿਆਰ ਖੁਸ਼ ਮੂਡ ਵਿਚ ਹੋਵੇ ਤਾਂ ਉਹ ਵੀ ਘੁਮਾ ਲੈਂਦਾ ਹੈ। ਸੁਸ਼ਮਾ ਦੇ ਆਉਣ ਦਾ ਉਸ ਨੂੰ ਵੀ ਬਹੁਤ ਚਾਅ ਹੈ। ਉਹ ਤੇ ਸੁਨੈਨਾ ਸੁਸ਼ਮਾ ਨੂੰ ਮਿਲਣ ਜਾਂਦੇ ਹਨ। ਸੁਸ਼ਮਾ ਤਾਂ ਖੁਸ਼ ਹੋ ਕੇ ਮਿਲਦੀ ਹੈ ਪਰ ਉਸ ਦੇ ਮਾਤਾ ਪਿਤਾ ਚੰਗੀ ਤਰ੍ਹਾਂ ਨਹੀਂ ਮਿਲਦੇ। ਹੁਸ਼ਿਆਰ ਵਿਜੈ ਨੂੰ ਫੋਨ ਕਰਦਾ ਹੈ,

"ਸ਼ਰਮਿਆਂ, ਬੰਦੇ ਮਾੜੇ ਈ ਆ, ਮਿਲਣ ਗਿਲਣ ਵਾਲੇ ਨਹੀਂ।"

"ਮੈਨੂੰ ਲਗਦੈ ਇਹਨਾਂ ਦਾ ਸੁਭਾਅ ਈ ਅਜਿਹਾ ਐ, ਅਸ਼ੋਕ ਵੀ ਇਹੋ ਗਿਲਾ ਕਰਦੈ।"

"ਪਤਾ ਨਹੀਂ ਕਿਉਂ ਬੁੜਾ ਤਾਂ ਪੌਂਡਾਂ ਦੀਆਂ ਗੱਲਾਂ ਈ ਕਰੀ ਜਾਂਦੈ, ਕਿੰਨੇ ਭੇਜ ਦਿਤੇ ਤੂੰ?"

"ਮੈਂ ਕੀ ਭੇਜਣਾ ਸੀ, ਉਹੀ ਜਿਹੜੇ ਸੁਸ਼ਮਾ ਖਚਰਣ ਲਈ ਲੈ ਕੇ ਗਈ ਐ।"

"ਬੁੜਾ ਭਾਅ ਏਦਾਂ ਪੁੱਛਦਾ ਸੀ ਜਿੱਦਾਂ ਕਈ ਹਜ਼ਾਰ ਤੁੜਾਉਣਾ ਹੋਵੇ।"

"ਚੱਲ ਭਾਅ, ਤੂੰ ਗੁੱਸਾ ਨਾ ਕਰੀਂ।"

"ਸ਼ਰਮਿਆਂ, ਮੈਂ ਗੁੱਸੇ ਦੇ ਮੂਡ ਵਿਚ ਨਹੀਂ, ਮੈਂ ਅਜਕਲ ਰੁਮਾਂਟਿਕ ਮੂਡ ਵਿਚ ਆਂ।"

"ਦੇਖ ਭਾਅ ਦੇਖ! ਤੂੰ ਤੇ ਰੁਮਾਂਟਿਕ ਨਹੀਂ ਸੀ ਕਦੇ।"

"ਓ, ਜਿਹੜੀ ਬਰਫੀ ਦੀਆਂ ਗੱਲਾਂ ਤੂੰ ਕਰਦਾ ਹੁੰਦਾ ਸੀ ਉਹ ਮੇਰੇ ਆਲ਼ੇ ਦੁਆਲ਼ੇ ਮੰਡਲਾਉਂਦੀ ਫਿਰਦੀ ਐ।"

"ਕੌਣ ਐਂ?"

"ਸਾਡੇ ਘਰ ਕੰਮ ਕਰਦੀ ਐ, ਹੈਗੀ ਤਾਂ ਚੂੜਿਆਂ ਦੀ ਕੁੜੀ ਪਰ ਬਹੁਤ ਸਾਫ ਆ, ਸਾਡੀ ਰੋਟੀ ਬਗੈਰਾ ਵੀ ਬਣਾ ਲੈਂਦੀ ਆ, ਮੈਂ ਸੁਨੈਨਾ ਨੂੰ ਕਿਹਾ ਸੀ ਕਿ ਇਹਨੂੰ ਮੇਰੇ ਤੋਂ ਦੂਰ ਰੱਖ ਨਹੀਂ ਤਾਂ ਮੇਰੇ ਤੋਂ ਇਹ ਬਰਫੀ ਖਾਧੀ ਜਾਣੀ ਐ।"

"ਭਾਅ, ਤੂੰ ਤਾਂ ਸੱਚੀਂ ਬਦਲ ਗਿਐਂ, ਦੇਖੀਂ ਕਿਤੇ ਕੋਈ ਪੰਗਾ ਈ ਨਾ ਲੈ ਬੈਠੀਂ।"

"ਮੈਨੂੰ ਕੋਈ ਡਰ ਨਹੀਂ, ਕਹਿੰਦੇ ਆ ਨਾ ਕਿ ਨੰਗਾ ਪੁਤ ਚੋਰਾਂ ਵਿਚ ਖੇਡੇ, ਨਾ ਮੈਨੂੰ ਕਿਸੇ ਤੋਂ ਡਰ ਐ ਨਾ ਈ ਕਿਸੇ ਨੂੰ ਮੇਰੇ ਤੋਂ।"

ਕਹਿ ਕੇ ਹੁਸ਼ਿਆਰ ਉੱਚੀ ਉੱਚੀ ਹੱਸਣ ਲਗਦਾ ਹੈ। ਵਿਜੈ ਨੂੰ ਉਸ ਦਾ ਮੁਹਾਵਰਾ ਸਮਝ ਨਹੀਂ ਪੈਂਦਾ। ਉਹ ਐਵੇਂ ਹੀ ਉਸ ਨਾਲ ਹੱਸ ਪੈਂਦਾ ਹੈ।

ਉਹੋ ਗੱਲ ਹੁੰਦੀ ਹੈ ਜਿਸ ਦਾ ਵਿਜੈ ਨੂੰ ਡਰ ਹੈ। ਰੋਹਨ ਤੇ ਵਿਧੀ ਦੋਨੋਂ ਹੀ ਬਿਮਾਰ ਹੋ ਜਾਂਦੇ ਹਨ। ਵਿਜੈ ਨੂੰ ਡਰ ਹੈ ਕਿ ਸੁਸ਼ਮਾ ਬੱਚਿਆਂ ਨੂੰ ਨੌਕਰਾਂ ਆਸਰੇ ਸੁੱਟ ਛੱਡੇਗੀ। ਉਹ ਸੁਸ਼ਮਾ ਨੂੰ ਖਿਝਦਾ ਹੋਇਆ ਆਖਦਾ ਹੈ,

"ਮੈਨੂੰ ਪਤਾ ਸੀ ਤੇਰੇ ਕੋਲ਼ੋਂ ਨਿਆਣੇ ਸਾਂਭੇ ਨਹੀਂ ਜਾਣੇ, ਤੂੰ ਇਹਨਾਂ ਨੂੰ ਕਿਸੇ ਚੰਗੇ ਜਿਹੇ ਡਾਕਟਰ ਨੂੰ ਦਿਖਾ।"

"ਸ਼ਰਮਾ ਜੀ, ਇਹ ਗੱਲ ਤੁਸੀਂ ਪਿਤਾ ਜੀ ਨੂੰ ਨਾ ਕਹਿ ਦੇਣੀ, ਉਸ ਗੁੱਸੇ ਹੋਣਗੇ ਕਿ ਇਕ ਡਾਕਟਰ ਨੂੰ ਕਹਿ ਰਹੇ ਓ ਕਿ ਕਿਸੇ ਚੰਗੇ ਜਿਹੇ ਡਾਕਟਰ ਨੂੰ ਦਿਖਾਓ।"

## ਸਤਾਰਾਂ

ਵਿਜੈ ਚੈਸਵੁੱਡ ਰੋਡ 'ਤੇ ਹੁਸ਼ਿਆਰ ਦੇ ਘਰ ਆਪਣੀ ਰਿਹਾਇਸ਼ ਲੈ ਆਉਣ ਦਾ ਫੈਸਲਾ ਕਰ ਲੈਂਦਾ ਹੈ। ਇਥੋਂ ਹੀ ਉਹ ਰੈਸਟੋਰੈਂਟ ਖੋਹਲਣ ਚਲੇ ਜਾਇਆ ਕਰੇਗਾ। ਹੁਣ ਸੁਸ਼ਮਾ ਤਾਂ ਉਸ ਦੀ ਕੋਈ ਮਦਦ ਕਰ ਨਹੀਂ ਸਕੇਗੀ, ਉਹ ਆਪਣਾ ਕੰਮ ਕਰੇਗੀ ਇਸ ਲਈ ਮੁੜ ਵਰਦਿੰਗ ਵਿਚ ਆਉਣਾ ਹੀ ਠੀਕ ਹੈ। ਮੂਹਰਲੇ ਕਮਰੇ ਵਿਚ ਸੁਸ਼ਮਾ ਆਪਣਾ ਕੰਮ ਸ਼ੁਰੂ ਕਰ ਲਵੇਗੀ। ਵਿਜੈ ਨੇ ਪਤਾ ਕਰ ਰੱਖਿਆ ਹੈ ਕਿ ਅਜਿਹੀ ਪਰੈਕਟਸ ਸ਼ੁਰੂ ਕਰਨ ਲਈ ਕੁਝ ਕੁ ਕਾਗਜ਼ੀ ਕਾਰਵਾਈ ਹੀ ਕਰਨੀ ਪੈਂਦੀ ਹੈ। ਕੌਂਸਲ ਵਿਚ ਦਸਣਾ ਪੈਂਦਾ ਹੈ ਜੋ ਕਿ ਇਕ ਸਰਟੀਫਿਕੇਟ ਈਸ਼ੂ ਕਰ ਦਿੰਦੇ ਹਨ। ਹੈਲਥ ਵਾਲੇ ਵੀ ਚੈੱਕ ਕਰਨ ਆਉਂਦੇ ਹਨ। ਬੀਮਾ ਕਰਾਉਣਾ ਪੈਂਦਾ ਹੈ ਤੇ ਆਪਣਾ ਨਾਂ ਕਿਸੇ ਸੰਸਥਾ ਕੋਲ ਰਜਿਸਟਰ ਕਰਾਉਣਾ ਪੈਂਦਾ ਹੈ। ਉਹ ਅਸ਼ੋਕ ਨੂੰ ਆਖ ਕੇ ਕੁਝ ਲੀਫਲੈੱਟਸ ਵੀ ਛਪਵਾ ਲੈਂਦਾ ਹੈ ਤਾਂ ਜੋ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵੰਡੇ ਜਾ ਸਕਣ।

ਸੁਸ਼ਮਾ ਆ ਜਾਂਦੀ ਹੈ। ਉਸ ਦਾ ਸਿਰ ਦਰਦ ਨਾਲ ਫਟਿਆ ਜਾ ਰਿਹਾ ਹੈ। ਵਿਜੈ ਸੋਚਦਾ ਹੈ ਕਿ ਇਹ ਸਿਰ ਦਰਦ ਤਾਂ ਇੰਡੀਆ ਜਾ ਕੇ ਠੀਕ ਹੋਣਾ ਚਾਹੀਦਾ ਹੈ। ਵਿਜੈ ਏਅਰਪੋਰਟ ਤੋਂ ਹੀ ਸਿਰ ਦਰਦ ਦੀਆਂ ਸਖਤ ਜਿਹੀਆਂ ਗੋਲੀਆਂ ਉਸ ਨੂੰ ਲੈ ਦਿੰਦਾ ਹੈ। ਸੁਸ਼ਮਾ ਕੋਲ ਤਿੰਨ ਅਟੈਚੀ ਤਾਂ ਦਵਾਈਆਂ ਦੇ ਭਰੇ ਹੋਏ ਹੀ ਹਨ। ਹਾਲੇ ਹੋਰ ਦਵਾਈਆਂ ਕੌਰੀਅਰ ਰਾਹੀਂ ਆ ਰਹੀਆਂ ਹਨ। ਬੱਚਿਆਂ ਦੀਆਂ ਕਮਜ਼ੋਰ ਸਿਹਤਾਂ ਦੇਖ ਕੇ ਵਿਜੈ ਦਾ ਜੀਅ ਭਰ ਆਉਂਦਾ ਹੈ। ਸੁਸ਼ਮਾ ਆਪਣੀਆਂ ਸਫਾਈਆਂ ਦੇਣ ਲਗਦੀ ਹੈ। ਉਸ ਉਸ ਦੀ ਕੋਈ ਗੱਲ ਨਹੀਂ ਸੁਣਦਾ, ਆਪਣੀਆਂ ਸ਼ਿਕਾਇਤਾਂ ਕਰਦਾ ਜਾ ਰਿਹਾ ਹੈ। ਉਹ ਸੁਸ਼ਮਾ ਨੂੰ ਤੇ ਉਸ ਦੇ ਪਿਤਾ ਨੂੰ ਕਸੂਰਵਾਰ ਠਹਿਰਾਉਂਦਾ ਜਾ ਰਿਹਾ ਹੈ। ਉਹ ਸੁਸ਼ਮਾ ਦੇ ਦਵਾਈਆਂ ਵਾਲੇ ਅਟੈਚੀ ਮੂਹਰਲੇ ਕਮਰੇ ਵਿਚ ਰੱਖ ਦਿੰਦਾ ਹੈ। ਇਹਨਾਂ ਵਿਚੋਂ ਅਜੀਬ ਜਿਹੀ ਸੁੱਘ ਆ ਰਹੀ ਹੈ, ਜਿਹੋ ਜਿਹੀ ਸੁੱਘ ਦੁਸ਼ਾਦਿਆਂ ਵਿਚੋਂ ਆਇਆ ਕਰਦੀ ਹੈ। ਉਹ ਹੈਰਾਨ ਜਿਹਾ ਹੁੰਦਾ ਕਹਿੰਦਾ ਹੈ,

"ਇਹ ਕੀ ਗੰਦ ਮੰਦ ਜਿਹਾ ਚੁੱਕ ਲਿਆਈ ਐਂ!"

"ਇਹ ਗੰਦ ਮੰਦ ਨਹੀਂ ਇਹ ਜੜੀਆਂ-ਬੂਟੀਆਂ ਐਂ, ਅਜਿਹੀਆਂ ਔਸ਼ਧੀਆਂ ਜਿਹੜੀਆਂ ਬਹੁਤ ਸਾਰੇ ਡਾਕਟਰਾਂ ਨੇ ਸੁਫਨਿਆਂ ਵਿਚ ਵੀ ਨਹੀਂ ਦੇਖੀਆਂ ਜਾਂ ਸੋਚੀਆਂ ਹੋਣੀਆਂ। ਪਿਤਾ ਜੀ ਦੇ ਖਾਸ ਬੰਦੇ ਆ ਇਹਨਾਂ ਨੂੰ ਇਕੱਠੀਆਂ ਕਰ ਕੇ ਦਿੰਦੇ ਆ, ਇਹੀ ਤਾਂ ਕਾਰਨ ਐ ਕਿ ਪਿਤਾ ਜੀ ਤੇ ਫੇਰ ਮੈਨੂੰ ਕੁਸ਼ ਰੋਗਾਂ ਦੀ ਖਾਸ ਸਮਝ ਐ।"

"ਕਾਹਦੀ ਸਮਝ ਐ, ਮੇਰੇ ਨਿਆਣੇ ਤਾਂ ਤੁਸੀਂ ਬਿਮਾਰ ਕਰ ਦਿਤੇ।"

"ਸ਼ਰਮਾ ਜੀ, ਤੁਸੀਂ ਐਵੇਂ ਨਾ ਕਰੀ ਜਾਓ, ਤੁਹਾਡੇ ਨਿਆਣਿਆਂ ਨੂੰ ਫੁੱਲਾਂ ਵਾਂਗੂੰ ਰੱਖਿਆ ਉਹਨਾਂ ਨੇ।"

"ਆਹ ਦੇਖ ਇਹਨਾਂ ਦੇ ਮੂੰਹ! ਏਦਾਂ ਈ ਫੁੱਲਾਂ ਵਾਂਗੂੰ ਰੱਖੀਦੇ ਆ ਨਿਆਣੇ! ਤੈਨੂੰ ਤਾਂ ਕੁਸ਼ ਨਹੀਂ ਹੋਇਆ, ਤੂੰ ਤਾਂ ਸਟੋਨ ਭਾਰ ਹੋਰ ਵਧਾ ਆਈ ਆਂ।"

"ਤੁਹਾਡੇ ਨਿਆਣੇ ਈ ਬਹੁਤ ਸੋਹਲ ਐ, ਕੋਈ ਕੀ ਕਰੇ!"

ਕਹਿ ਕੇ ਸੁਸ਼ਮਾ ਪੱਲਾ ਝਾੜ ਦਿੰਦੀ ਹੈ। ਉਹ ਵਿਜੈ ਦੀਆਂ ਗੱਲਾਂ ਸੁਣਨ ਦੀ ਥਾਂ ਆਪਣੀ ਪਰੈਕਟਿਸ ਬਾਰੇ ਜ਼ਿਆਦਾ ਸੋਚ ਰਹੀ ਹੈ। ਉਸ ਨੂੰ ਬਹੁਤ ਉਤਸ਼ਾਹ ਹੈ ਕਿ ਉਹ ਆਪਣਾ ਕੰਮ ਦੁਬਾਰਾ ਸ਼ੁਰੂ ਕਰ ਰਹੀ ਹੈ ਪਰ ਉਹ ਹਾਲੇ ਰੈਸਟੋਰੈਂਟ ਉਪਰ ਹੀ ਰਹਿਣਾ ਚਾਹੁੰਦੀ ਹੈ ਤਾਂ ਜੋ ਕੁਝ ਪੈਸੇ ਹੋਰ ਇਕ ਪਾਸੇ ਕਰ ਸਕੇ। ਉਸ ਦਾ ਇੰਡੀਆ ਬਹੁਤ ਖਰਚ ਹੋ ਚੁੱਕਾ ਹੈ। ਉਸ ਨੇ ਕਾਫੀ ਸਾਰੇ ਕਪੜੇ ਤੇ ਗਹਿਣੇ ਵੀ ਖਰੀਦ ਲਏ ਹਨ ਜਿਹੜੇ ਕਿ ਉਹ ਝਾਈ ਵਲੋਂ ਦਿਤੇ ਦਸ ਰਹੀ ਹੈ। ਹੁਣ ਉਸ ਦਾ ਚਿਨਾਰ ਵਿਚ ਜਾਣਾ ਬਹੁਤਾ ਸੰਭਵ ਨਹੀਂ ਹੈ ਕਿਉਂਕਿ ਵਿਜੈ ਤਾਂ ਸਾਰੀ ਰਿਹਾਇਸ਼ ਹੀ ਇਥੇ ਲੈ ਆਇਆ ਹੈ।

ਸੁਸ਼ਮਾ ਦੇ ਜਾਣ ਤੋਂ ਬਾਅਦ ਭਾਗੀ ਵਿਜੈ ਨੂੰ ਮਿਲਣ ਬਰਾਈਟਨ ਆਉਣ ਲਗਦੀ ਹੈ। ਦੋ ਵਾਰ ਤਾਂ ਉਹ ਆਪਣੀਆਂ ਕੁੜੀਆਂ ਨੂੰ ਲੈ ਕੇ ਰਾਤ ਵੀ ਰਹਿ ਜਾਂਦੀ ਹੈ। ਦੋ ਵਾਰ ਦਿਨ ਵੇਲੇ ਇਕੱਲੀ ਵੀ ਆ ਜਾਂਦੀ ਹੈ। ਵਿਜੈ ਕਹਿੰਦਾ ਹੈ,

"ਤੂੰ ਸੂਸ਼ਮਾ ਨੂੰ ਕਿਉਂ ਨਹੀਂ ਮਿਲਦੀ?"

"ਵਿਜੇ, ਮੈਨੂੰ ਉਹਦੀਆਂ ਅੱਖਾਂ ਵਿਚ ਓਪਰਾਪਨ ਦਿਸਦਾ, ਤੂੰ ਨਹੀਂ ਸਮਝ ਸਕਦਾ, ਇਕ ਔਰਤ ਨੂੰ ਜੋ ਕੁਸ਼ ਦੂਜੀ ਔਰਤ ਦੀਆਂ ਅੱਖਾਂ ਵਿਚ ਨਹੀਂ ਦਿਸਣਾ ਚਾਹੀਦਾ ਉਹੋ ਕੁਸ਼ ਐ ਉਹਦੀਆਂ ਅੱਖਾਂ ਵਿਚ, ...ਮੈਂ ਨਹੀਂ ਮਿਲਣਾ ਚਾਹੁੰਦੀ ਓਹਨੂੰ, ਮੈਨੂੰ ਡਰ ਲਗਦਾ ਕਿ ਕੁਸ਼ ਗਲਤ ਬੋਲ ਦੇਵੇਗੀ, ਤੇਰੀ ਤਾਈ ਵਾਂਗ।"

ਵਿਜੈ ਨੂੰ ਸੋਚਦਾ ਹੈ ਕਿ ਇਹ ਭਾਗੀ ਦਾ ਨਿਰਾ ਵਹਿਮ ਹੈ। ਸੁਸ਼ਮਾ ਉਸ ਬਾਰੇ ਬਹੁਤੀ ਗੱਲ ਵੀ ਨਹੀਂ ਕਰਦੀ। ਵਿਜੈ ਦੇ ਕਹਿਣ ਤੇ ਭਾਗੀ ਤਾਈ ਦੇ ਘਰ ਆਮ ਵਾਂਗ ਆਉਣ ਜਾਣ ਲਗਦੀ ਹੈ। ਵਿਜੈ ਨੂੰ ਪਤਾ ਹੈ ਭਾਗੀ ਗੁੱਸੇ ਖੋਰ ਹੈ ਪਰ ਪਤਿਆਈ

ਹੋਈ ਮੁੜ ਪੈਂਦੀ ਹੈ। ਕਈ ਵਾਰ ਭਾਗੀ ਉਸ ਨਾਲ ਵੀ ਲੜ ਪੈਂਦੀ ਹੈ ਪਰ ਮੰਨ ਜਾਂਦੀ ਹੈ। ਗੁੱਸੇ ਵਿਚ ਆਈ ਭਾਗੀ ਦੇ ਮੋਟੇ ਬੁੱਲ੍ਹ ਹੋਰ ਮੋਟੇ ਹੋ ਜਾਂਦੇ ਹਨ ਤੇ ਮੁਸ਼ਕੀ ਰੰਗ ਨੀਲੀ ਜਿਹੀ ਭਾਹ ਮਾਰਨ ਲਗਦਾ ਹੈ।

ਚਿਨਾਰ ਵਿਚ ਵੀ ਸੁਸ਼ਮਾ ਦੇ ਜਾਣ ਤੋਂ ਬਾਅਦ ਕੁਝ ਬਦਲਾਵ ਆਇਆ ਹੈ। ਵਿਜੈ ਦੇਖ ਰਿਹਾ ਹੈ ਕਿ ਹੁਣ ਉਸ ਦਾ ਹੱਥ ਪਹਿਲਾਂ ਨਾਲੋਂ ਕੁਝ ਸੌਖਾ ਹੈ। ਵੱਟਤ ਪਹਿਲਾਂ ਨਾਲੋਂ ਘਟੀ ਹੈ ਪਰ ਫਿਰ ਵੀ ਖਰਚ ਸੌਖਾ ਚਲ ਰਿਹਾ ਹੈ। ਉਸ ਨੂੰ ਇਸ ਦੀ ਸਮਝ ਨਹੀਂ ਪੈਂਦੀ, ਉਹ ਬਹੁਤਾ ਸੋਚਦਾ ਵੀ ਨਹੀਂ ਹੈ। ਮਹਾਰਾਜਾ ਦੇ ਖੁਲ੍ਹਣ ਨਾਲ ਮਹੀਨਾ ਕੁ ਤਾਂ ਉਸ ਨੂੰ ਬਹੁਤ ਫਰਕ ਪੈ ਜਾਂਦਾ ਹੈ ਪਰ ਫਿਰ ਨਿਤ ਦੇ ਗਾਹਕ ਮੁੜਨ ਲਗਦੇ ਹਨ। ਵੱਟਤ ਵੀ ਮੁੜ ਵਧਣ ਲਗਦੀ ਹੈ। ਦੋ ਕੁ ਮਹੀਨੇ ਬਾਅਦ ਸੱਨੀ ਵੀ ਮੁੜ ਆਉਂਦਾ ਹੈ। ਸ਼ੌਕਤ ਨੇ ਵਾਧੂ ਕੋਈ ਪੈਸਾ ਤਾਂ ਕੀ ਦੇਣਾ ਹਨ ਉਸ ਦੀ ਦੋ ਮਹੀਨੇ ਦੀ ਤਨਖਾਹ ਹੋਰ ਮਾਰ ਲੈਂਦਾ ਹੈ। ਸ਼ੌਕਤ ਨੇ ਨਵਾਂ ਰੈਸਟੋਰੈਂਟ ਖੋਲ੍ਹਿਆ ਹੋਣ ਕਰਕੇ ਹਰ ਚੀਜ਼ ਨਵੀਂ ਪਾਈ ਹੈ ਇਸ ਲਈ ਖਰਚਾ ਬਹੁਤ ਹੋ ਗਿਆ ਹੈ। ਆਮਦਨ ਓਨੀ ਹਾਲੇ ਆ ਨਹੀਂ ਰਹੀ। ਸਟਾਫ ਵੀ ਜ਼ਿਆਦਾ ਰੱਖ ਬੈਠਾ ਹੈ। ਸੱਨੀ ਦੇ ਜਾਣ ਤੋਂ ਬਾਅਦ ਵਿਜੈ ਨੂੰ ਕੰਮ ਲਈ ਹੋਰ ਕੋਈ ਬੰਦਾ ਮਿਲਦਾ ਵੀ ਨਹੀਂ। ਕਾਮੇ ਤਾਂ ਬਹੁਤ ਮਿਲਦੇ ਹਨ ਜਿਹਨਾਂ ਦਾ ਕੁਕਿੰਗ ਦਾ ਤਜਰਬਾ ਹੈ ਪਰ ਹਰ ਕੋਈ ਰਹਿਣ ਲਈ ਜਗਾਹ ਮੰਗਦਾ ਹੈ ਸੱਨੀ ਆਪਣੇ ਕਿਸੇ ਰਿਸ਼ਤੇਦਾਰ ਕੋਲ ਰਹਿੰਦਾ ਹੋਣ ਕਰਕੇ ਉਸ ਦੀ ਇਹ ਸਮੱਸਿਆ ਨਹੀਂ ਹੈ। ਮਹਾਰਾਜਾ ਦੀ ਰਸੋਈ ਵਿਚ ਕੰਮ ਕਰਦਾ ਮੁਰਾਦ ਹੁਣ ਕਈ ਵਾਰ ਚਿਨਾਰ ਵਿਚ ਆ ਜਾਂਦਾ ਹੈ। ਉਸ ਦੀ ਸੱਨੀ ਨਾਲ ਵਾਹਵਾ ਬਣਦੀ ਹੈ। ਬੀਅਰ ਪੀਣ ਦਾ ਉਹ ਸ਼ੌਕੀਨ ਹੈ ਤੇ ਸ਼ੌਕਤ ਉਸ ਨੂੰ ਪੀਣ ਨਹੀਂ ਦਿੰਦਾ, ਇਸੇ ਲਈ ਉਹ ਚਿਨਾਰ ਵਿਚ ਆ ਜਾਂਦਾ ਹੈ। ਵਿਜੈ ਇਕ ਅੱਧੀ ਬੀਅਰ ਨੂੰ ਅਣਗੌਲ ਜਾਂਦਾ ਹੈ। ਮੁਰਾਦ ਵਧੀਆ ਸ਼ੈਫ ਹੈ, ਜੇ ਵਿਜੈ ਨੂੰ ਲੋੜ ਹੁੰਦੀ ਤਾਂ ਉਸ ਨੂੰ ਪੁੱਟ ਸਕਦਾ ਹੈ। ਉਸ ਨੂੰ ਵੀ ਸ਼ੌਕਤ ਨੇ ਦੋ ਮਹੀਨੇ ਦੀ ਤਨਖਾਹ ਨਹੀਂ ਦਿਤੀ ਹੋਈ। ਉਹ ਮਹਾਰਾਜੇ ਦੇ ਅੰਦਰਲੀਆਂ ਸਾਰੀਆਂ ਗੱਲਾਂ ਆ ਕੇ ਦਸਦਾ ਰਹਿੰਦਾ ਹੈ। ਕਈ ਵਾਰ ਵਿਜੈ ਨੂੰ ਇਵੇਂ ਚੁਗਲੀਆਂ ਕਰਨੀਆਂ ਚੰਗੀਆਂ ਨਹੀਂ ਲਗਦੀਆਂ ਪਰ ਫਿਰ ਸੋਚਦਾ ਹੈ ਕਿ ਦੁਸ਼ਮਣ ਦੀ ਹਰ ਚਾਲ ਦਾ ਧਿਆਨ ਰੱਖਣਾ ਚਾਹੀਦਾ ਹੈ।

ਹੁਣ ਵਿਜੈ ਕੰਮ ਕਰ ਕੇ ਕੁਝ ਅੱਕ ਜਿਹਾ ਗਿਆ ਹੈ। ਜਿਹੜੀ ਉਹ ਹਰ ਸਵੇਰ ਸ਼ੌਪਿੰਗ ਕਰਨ ਨਿਕਲਿਆ ਕਰਦਾ ਹੈ ਉਸ ਨੇ ਇਹ ਭੱਜ ਦੌੜ ਬੰਦ ਕਰ ਦਿਤੀ ਹੈ। ਹੁਣ ਸਭ ਕੁਝ ਦੁਕਾਨ ਵਿਚ ਮੰਗਵਾਉਣ ਲਗਿਆ ਹੈ। ਇਵੇਂ ਇਹ ਮਾਲ ਪੈਂਦਾ ਤਾਂ ਕੁਝ ਮਹਿੰਗਾ ਪਰ ਉਸ ਦੀ ਸਿਰਦਰਦੀ ਬਹੁਤ ਘਟ ਜਾਂਦੀਂ ਹੈ। ਚਲਦੇ ਹਫਤੇ ਵਿਚ ਰੈਸਟੋਰੈਂਟ ਇੰਨਾ ਬੀਜ਼ੀ ਨਹੀਂ ਹੁੰਦਾ ਇਸ ਲਈ ਉਸ ਹੁਣ ਕਈ ਵਾਰ ਸ਼ਾਮ ਨੂੰ ਨੌਂ ਕੁ ਵਜੇ ਘਰ ਆ ਜਾਂਦਾ ਹੈ। ਮੰਗਲ ਉਸ ਨੂੰ ਕਹਿਣ ਲਗਦਾ ਹੈ,

"ਗਵਨਾ, ਜਾਹ, ਜਾ ਕੇ ਅਯਾਸ਼ੀ ਕਰ ਲੈ ਜੇ ਕਰਨੀ ਐਂ ਤਾਂ, ਫੇਰ ਨਾ ਕਹੀਂ ਦੱਸਿਆ ਨਹੀਂ, ਸਾਡੀ ਕਿਸਮਤ ਵਿਚ ਤਾਂ ਇਹ ਸਭ ਹੈ ਨਹੀਂ।"

ਉਸ ਨੂੰ ਹੁਣ ਮੰਗਲ ਤੇ ਪੂਰਾ ਯਕੀਨ ਬਣ ਚੁੱਕਾ ਹੈ। ਇਕ ਤਾਂ ਪੂਰੇ ਚਿਨਾਰ ਵਿਚ ਕੈਮਰੇ ਲਗੇ ਹੋਏ ਹਨ, ਜੋ ਸਟਾਫ ਤੇ ਗਾਹਕਾਂ ਦੀ ਹਰ ਹਰਕਤ ਨੂੰ ਰਿਕਾਡ ਕਰੀ ਜਾਂਦੇ ਹਨ, ਦੂਜੇ ਮੰਗਲ ਇਕੱਲਾ ਹੀਂ ਹੈ, ਤਿੰਨ ਬੰਦੇ ਹੋਰ ਵੀ ਨਾਲ ਹਨ, ਇੰਨੇ ਬੰਦਿਆਂ ਲਈ ਛੋਟੀ ਜਿਹੀ ਚੋਰੀ ਲਈ ਰਲ਼ਣਾ ਔਖਾ ਹੋ ਜਾਂਦਾ ਹੈ। ਵਿਜੈ ਨੂੰ ਪਤਾ ਹੈ ਕਿ ਮੰਗਲ ਨੇ ਦੋ ਹਾੜੇ ਹੀ ਵਾਧੂ ਪੀਣੇ ਹੁੰਦੇ ਹਨ ਪਰ ਬਦਲੇ ਵਿਚ ਵਿਜੈ ਨੂੰ ਵਾਹਵਾ ਆਰਾਮ ਮਿਲ ਜਾਂਦਾ ਹੈ। ਹੁਣ ਉਹ ਰੋਹਨ ਤੇ ਵਿਧੀ ਨੂੰ ਵੀ ਪਹਿਲਾਂ ਵਾਂਗ ਹਰ ਵੇਲੇ ਨਹੀਂ ਮਿਲ ਸਕਦਾ ਇਸ ਲਈ ਉਸ ਦਾ ਜਲਦੀ ਘਰ ਆ ਜਾਣਾ ਉਸ ਨੂੰ ਚੰਗਾ ਲਗਦਾ ਹੈ। ਹੁਣ ਦੋਵੇਂ ਬੱਚੇ ਨਰਸਰੀ ਵੀ ਜਾਣ ਲਗੇ ਹਨ। ਨਰਸਰੀ ਛੱਡਣ ਜਾਣ ਤੇ ਲਿਆਉਣ ਦੀ ਜ਼ਿੰਮੇਵਾਰੀ ਸੁਸ਼ਮਾ ਦੀ ਹੀ ਹੈ।

ਰੈਸਟੋਰੈਂਟ ਦੀ ਜ਼ਿੰਮੇਵਾਰੀ ਮੰਗਲ ਨੂੰ ਦੇਣ ਨਾਲ ਉਸ ਨੂੰ ਬਹੁਤ ਫਾਇਦਾ ਹੁੰਦਾ ਹੈ। ਉਸ ਦੀ ਭੱਜ-ਦੌੜ ਵੀ ਘਟ ਜਾਂਦੀ ਹੈ ਤੇ ਉਸ ਦੀ ਵੱਟਤ ਵਿਚ ਵੀ ਕੋਈ ਫਰਕ ਨਹੀਂ ਪੈਂਦਾ। ਉਸ ਨੇ ਇੰਟਰਨੈੱਟ ਰਾਹੀਂ ਘਰ ਹੀ ਕੈਮਰੇ ਲਗਵਾ ਲਏ ਹੋਏ ਹਨ। ਜੋ ਕੁਝ ਉਥੇ ਹੋ ਰਿਹਾ ਹੁੰਦਾ ਹੈ ਉਸ ਨੂੰ ਦਿਸਦਾ ਰਹਿੰਦਾ ਹੈ। ਮੰਗਲ ਸਾਰਾ ਕੰਮ ਠੀਕ ਚਲਾ ਰਿਹਾ ਹੈ। ਕੈਮਰਿਆਂ ਦਾ ਸਾਰੇ ਸਟਾਫ ਨੂੰ ਪਤਾ ਹੈ ਇਸ ਲਈ ਸਾਰੇ ਇਸ ਗੱਲ ਦਾ ਧਿਆਨ ਵੀ ਰੱਖਦੇ ਹਨ। ਕਦੇ ਕੋਈ ਐਮਰਜੈਂਸੀ ਪੈ ਜਾਵੇ ਤਾਂ ਉਹ ਇਕ ਦਮ ਰੈਸਟੋਰੈਂਟ ਵਿਚ ਜਾ ਪੁੱਜਦਾ ਹੈ। ਕੈਮਰਿਆਂ ਰਾਹੀਂ ਵੀ ਮੰਗਲ ਸ਼ਰਾਬੀ ਹੋਇਆ ਦਿਸ ਪਿਆ ਕਰਦਾ ਹੈ ਪਰ ਉਹ ਕੰਮ ਵਧੀਆ ਤਰੀਕੇ ਨਾਲ ਚਲਾ ਰਿਹਾ ਹੈ।

ਉਹ ਸੁਸ਼ਮਾ ਨੂੰ ਸ਼ਨਿਚਰਵਾਰ ਨੂੰ ਆਪਣੇ ਨਾਲ ਹੀ ਮੰਦਿਰ ਲੈ ਜਾਂਦਾ ਹੈ। ਸੁਸ਼ਮਾ ਹਰ ਇਕ ਨੂੰ ਆਪਣਾ ਲੀਫਲੈਟ ਦਿੰਦੀ ਜਾਂਦੀ ਹੈ ਖਾਸ ਤੋਰ ਤੇ ਔਰਤਾਂ ਨੂੰ। ਵੈਸੇ ਤਾਂ ਮੰਦਿਰ ਵਿਚ ਕੋਈ ਅਜਿਹੀ ਮਸ਼ਹੂਰੀ ਕਰਨ ਦੀ ਇਜਾਜ਼ਤ ਨਹੀਂ ਹੈ ਪਰ ਵਿਜੇ ਨੂੰ ਕੋਈ ਨਾਂਹ ਵੀ ਨਹੀਂ ਕਹਿ ਸਕਦਾ, ਫਿਰ ਸੁਸ਼ਮਾ ਕਾਫੀ ਦੇਰ ਤਕ ਲੋਕਾਂ ਨੂੰ ਮੁਫਤ ਵਿਚ ਦਵਾਈ ਵੀ ਦਿੰਦੀ ਰਹੀ ਹੈ ਇਸ ਕਰਕੇ ਵੀ ਉਸ ਨੂੰ ਕੋਈ ਨਹੀਂ ਰੋਕਦਾ। ਕਈ ਵਾਰ ਉਹ ਦੋਵੇਂ ਗੁਰਦਵਾਰੇ ਦੇ ਬਾਹਰ ਖੜ ਕੇ ਲੋਕਾਂ ਵਿਚ ਆਪਣੀ ਮਸ਼ਹੂਰੀ ਦੇ ਪੇਪਰ ਵੰਡਣ ਲਗਦੇ ਹਨ। ਹੌਲੀ ਹੌਲੀ ਔਰਤਾਂ ਆਪਣੇ ਦੁਖੜੇ ਲੈ ਕੇ ਉਸ ਕੋਲ ਆਉਣ ਲਗਦੀਆਂ ਹਨ। ਜੋ ਇਕ ਵਾਰ ਉਸ ਕੋਲ ਆਉਂਦੀ ਹੈ ਮੁੜ ਕੇ ਹੋਰ ਕਈਆਂ ਨੂੰ ਦਸਦੀ ਹੈ। ਪਹਿਲੇ ਕੁਝ ਮਹੀਨੇ ਸੁਸ਼ਮਾ ਆਪਣੀ ਫੀਸ ਘੱਟ ਰੱਖਣ ਦਾ ਫੈਸਲਾ ਕਰਦੀ ਹੈ, ਜਦੋਂ ਕਾਫੀ ਔਰਤਾਂ ਆਉਣ ਲਗਣਗੀਆਂ ਤਾਂ ਉਹ ਫੀਸ ਵਧਾ ਦੇਵੇਗੀ। ਇਕ ਬੁੜੀ ਜਿਹੀ ਔਰਤ ਉਹ ਦਵਾਈਆਂ ਰਗੜਨ ਲਈ

ਰੱਖ ਲੈਂਦੀ ਹੈ। ਕੁਝ ਦਵਾਈਆਂ ਤਾਂ ਪਹਿਲਾਂ ਹੀ ਗੋਲੀਆਂ ਦੇ ਰੂਪ ਵਿਚ ਆਉਂਦੀਆਂ ਹਨ ਪਰ ਕੁਝ ਦਵਾਈਆਂ ਉਹ ਆਪ ਵੀ ਤਿਆਰ ਕਰਦੀ ਹੈ।

ਇਕ ਦਿਨ ਹੁਸ਼ਿਆਰ ਦਾ ਫੋਨ ਆਉਂਦਾ ਹੈ। ਰਾਜ਼ੀ-ਖੁਸ਼ੀ ਤੋਂ ਬਾਅਦ ਵਿਜੈ ਦੱਸਣ ਲਗਦਾ ਹੈ,

"ਭਾਅ, ਤੇਰੇ ਫਰੰਟ ਰੂਮ ਵਿਚ ਅਸੀਂ ਦਵਾਖਾਨਾ ਖੋਹਲ ਦਿਤੈ।"

"ਹੁਣ ਤੂੰ ਵੀ ਦਵਾਈ ਲੈ ਲਈਂ।"

"ਕਾਹਦੀ ਦਵਾ ਭਾਅ, ਮੈਂ ਹਾਲੇ ਠੀਕ ਆਂ।"

"ਮੈਨੂੰ ਪਤਾ ਜਿਹੜਾ ਤੂੰ ਠੀਕ ਆਂ, ਮੈਨੂੰ ਪਤਾ ਕਿ ਦੁਕਾਨਾ ਵਾਲੇ ਛੇਤੀ ਖੱਸੀ ਹੋ ਜਾਂਦੇ ਆ।"

ਕਹਿ ਕੇ ਹੁਸਿਆਰ ਹੱਸਦਾ ਹੈ। ਵਿਜੈ ਵੀ ਖੁਲ੍ਹ ਕੇ ਠਹਾਕਾ ਲਗਾਉਂਦਾ ਹੈ। ਉਹ ਕਹਿੰਦਾ ਹੈ,

"ਭਾਅ, ਤੂੰ ਤਾਂ ਹੁਣ ਬਹੁਤ ਈ ਰੁਮਾਂਟਿਕ ਹੋ ਗਿਐਂ!"

"ਸ਼ਰਮਿਆਂ, ਬਰਫੀ ਜਿਉਂ ਖਾ ਲਈ!"

"ਭਾਅ, ਬਚ ਕੇ।"

"ਉਹ ਤਾਂ ਜੋ ਹੋਣਾਂ ਸੀ ਹੋ ਗਿਆ ਪਰ ਬਰਫੀ ਦਾ ਹੋਰ ਮਠਿਆਈਆਂ ਨਾਲ਼ੋਂ ਫਰਕ ਈ ਬਹੁਤ ਐ, ਮਜ਼ਾ ਆ ਗਿਆ ਸ਼ਰਮਿਆ, ਨੇੜੇ ਹੁੰਦਾ ਤਾਂ ਮੈਂ ਆਪਣੇ ਉਹਨਾਂ ਪਲਾਂ ਨੂੰ ਬਿਆਨ ਕਰ ਸਕਦਾ!"

"ਭਾਅ, ਮੈਨੂੰ ਡਰ ਲਗਦੈ!"

"ਕਾਹਦਾ ਡਰ?"

"ਜਿੱਦਾਂ ਤੂੰ ਇਕ ਦਮ ਬਦਲ ਗਿਐਂ।"

"ਓ ਨਹੀਂ ਸ਼ਰਮਿਆ, ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ! ...ਮੈਂ ਤਾਂ ਜ਼ਰਾ ਕੁ ਨਵੀਂ ਦੁਨੀਆਂ ਦੇਖੀ ਐ, ...ਸਵਰਗ ਦਾ ਝੂਟਾ ਜਿਹਾ ਲਿਆ, ਬਸ ਇਹਨੂੰ ਈ ਸੈਲੀਬਰੇਟ ਕਰੀ ਜਾਨਾਂ, ਹੋਰ ਮੈਂ ਉਹੀ ਆਂ।"

ਵਿਜੈ ਨੂੰ ਫਿਰ ਉਸ ਦੇ ਮੁਹਾਵਰੇ ਦੀ ਸਮਝ ਨਹੀਂ ਲਗਦੀ।

ਸੁਸ਼ਮਾ ਦੀ ਭੱਜ ਦੌੜ ਵਧ ਜਾਂਦੀ ਹੈ। ਕਦੇ ਉਸ ਬੱਚਿਆਂ ਨੂੰ ਨਰਸਰੀ ਲੈ ਕੇ ਜਾ ਰਹੀ ਹੈ। ਕਦੇ ਕੋਈ ਸ਼ੌਪਿੰਗ ਕਰਨ ਜਾ ਰਹੀ ਹੈ। ਕਦੇ ਮਰੀਜ਼ਾਂ ਨਾਲ ਗੱਲਾਂ ਕਰ ਰਹੀ ਹੈ। ਕਦੇ ਕਦੇ ਉਹ ਤਾਈ ਨੂੰ ਮਿਲਣ ਵੀ ਚਲੇ ਜਾਇਆ ਕਰਦੀ ਹੈ। ਤਾਈ ਖੁਸ਼ ਹੈ ਕਿ ਸੁਸ਼ਮਾ ਮੁੜ ਕੇ ਵਰਕਿੰਗ ਆ ਗਈ ਹੈ। ਤਾਇਆ ਵੀ ਪਰਸੰਨ੍ਹ ਹੈ ਪਰ ਉਸ ਦੇ ਅੰਦਰ ਇਕ ਵਹਿਮ ਜਿਹਾ ਹੈ ਕਿ ਵਿਜੈ ਦੇ ਕਾਰੋਬਾਰ ਵਿਚ ਕੋਈ ਗੜਬੜ ਨਾ ਹੋਵੇ ਨਹੀਂ ਤਾਂ ਸੁਸ਼ਮਾ ਨੂੰ ਇੰਨੇ ਸਾਲਾਂ ਬਾਅਦ ਕੰਮ ਕਰਨ ਲਈ ਨਹੀਂ ਸੀ ਕਹਿਣਾ। ਵਿਜੈ ਨੂੰ ਇਹ ਗੱਲ ਚੰਗੀ ਲਗਦੀ ਹੈ ਕਿ ਸੁਸ਼ਮਾ ਤਾਏ ਵਲ ਚਲੇ ਜਾਇਆ ਕਰਦੀ ਹੈ, ਇਸ ਤਰ੍ਹਾਂ ਜੇ ਕਦੇ ਉਹ ਨਾ ਵੀ ਜਾਵੇ ਤਾਂ ਤਾਏ ਵਲ ਉਸ ਦੀ ਹਾਜ਼ਰੀ ਲਗ ਜਾਂਦੀ ਹੈ। ਤਾਈ ਦੀ ਸਿਹਤ ਹੁਣ ਠੀਕ ਨਹੀਂ ਰਹਿੰਦੀ। ਉਹ ਦਿਲ ਦੀ ਮਰੀਜ਼ ਹੈ। ਥੋੜਾ ਜਿਹਾ ਤੁਰਨ ਨਾਲ ਸਾਹ ਚੜਨ ਲਗਦਾ ਹੈ। ਪੌੜੀਆਂ ਵੀ ਚੰਗੀ ਤਰ੍ਹਾਂ ਨਹੀਂ ਚੜੀਆਂ ਜਾਂਦੀਆਂ। ਡਾਕਟਰ ਬਾਈ ਪਾਸ ਕਰਨ ਦੀ ਸਲਾਹ ਦੇ ਰਹੇ ਹਨ। ਤਾਈ ਨੂੰ ਦੀਪਕ ਦਾ ਫਿਕਰ ਮਾਰੀ ਜਾ ਰਿਹਾ ਹੈ। ਤਾਇਆ ਦੀਪਕ ਦਾ ਬਹੁਤਾ ਨਹੀਂ ਕਰਦਾ ਕਿਉਂਕਿ ਦੀਪਕ ਨੇ ਕਦੇ ਵੀ ਉਸ ਪ੍ਰਤੀ ਇਜ਼ਤ ਨਾਲ ਪੇਸ਼ ਨਹੀਂ ਆਇਆ ਬਲਕਿ ਤਾਏ ਨੂੰ ਤਾਂ ਡਰ ਰਹਿੰਦਾ ਹੈ ਕਿ ਦੀਪਕ ਉਸ ਦੀ ਬੇਇਜ਼ਤੀ ਹੀ ਨਾ ਕਰ ਦੇਵੇ। ਅਜ ਕਲ ਦੀਪਕ ਨੂੰ ਕਾਰ ਲੈਣ ਦਾ ਭੂਤ ਸਵਾਰ ਹੈ। ਉਹ ਆਪਣੀ ਕਾਰ ਤੋੜ ਚੁੱਕਾ ਹੈ ਤੇ ਫਿਰ ਤਾਏ ਵਾਲੀ ਵੀ ਉਸ ਨੇ ਖਰਾਬ ਕਰ ਕੇ ਖੜੀ ਕਰ ਦਿਤੀ ਹੋਈ ਹੈ। ਕੁਝ ਮਹੀਨੇ ਉਸ ਨੇ ਕਿਧਰੇ ਕੰਮ ਕੀਤਾ ਹੈ ਪਰ ਫਿਰ ਲੜ ਕੇ ਛੱਡ ਆਉਂਦਾ ਹੈ। ਦੀਪਕ ਨੇ ਹੁਣ ਸਿਧਾ ਜਿਹਾ ਹਿਸਾਬ ਰੱਖਿਆ ਹੋਇਆ ਹੈ ਕਿ ਜਿੰਨੇ ਦਿਨ ਉਸ ਦੀ ਜੇਬ੍ਹ ਵਿਚ ਪੈਸੇ ਹੁੰਦੇ ਹਨ ਤਾਂ ਬਾਹਰ ਟਿਬਿਆ ਰਹਿੰਦਾ ਹੈ ਜਦੋਂ ਪੈਸੇ ਮੁੱਕ ਜਾਣ ਤਾਂ ਘਰ ਆ ਜਾਂਦਾ ਹੈ। ਹੁਣ ਉਸ ਨੂੰ ਕੋਈ ਕੁੜੀ ਮਿਲੀ ਹੈ, ਉਸ ਨੂੰ ਘੁੰਮਾਉਣ ਲਈ ਕਾਰ ਵੀ ਚਾਹੀਦੀ ਹੈ ਤੇ ਪੌਂਡ ਵੀ। ਇਹ ਦੋਨੋਂ ਚੀਜ਼ਾਂ ਉਹਦੇ ਕੋਲ ਹੈ ਨਹੀਂ। ਇਕ ਦਿਨ ਸੌ ਪੌਂਡ ਵਿਜੈ ਉਸ ਨੂੰ ਦੇ ਦਿੰਦਾ ਹੈ ਪਰ ਕਾਰ ਨਹੀਂ ਦਿੰਦਾ। ਕਾਰ ਦੀ ਉਸ ਨੂੰ ਆਪ ਵੀ ਹਰ ਵੇਲੇ ਲੋੜ ਹੈ। ਅਜ ਵਿਜੈ ਘਰ ਆਇਆ ਹੋਇਆ ਹੈ। ਤਾਇਆ ਘਰ ਨਹੀਂ ਹੈ। ਦੀਪਕ ਹੈ, ਤਾਈ ਵੀ ਹੈ। ਵਿਜੈ ਦੀਪਕ ਨਾਲ ਮਜ਼ਾਕ ਕਰਦਾ ਕਹਿੰਦਾ ਹੈ,

"ਜੇ ਕਿਤੇ ਜੌਬ ਨਹੀਂ ਮਿਲਦੀ ਤਾਂ ਮੇਰੇ ਕੋਲ਼ ਆ ਜਾਇਆ ਕਰ, ਮੇਰੀ ਹੈਲਪ ਕਰਿਆ ਕਰ।"

"ਨਹੀਂ, ਆਏ ਵੌਂਟ ਬੀ ਮਾਈ ਓਨ ਬੌਸ।"

"ਬਰੱਦਰ, ਤੂੰ ਟਿਕ ਕੇ ਕਿਤੇ ਕੰਮ ਕਰੇਂਗਾ ਤਾਂ ਇਕ ਦਿਨ ਆਪਣਾ ਬੌਸ ਆਪ ਬਣੇਂਗਾ।"

"ਮੈਂ ਗੈਰਜ ਖੋਹਲਣੀ ਮੰਗਦਾਂ, ਲੰਡਨ ਵਿਚ, ਓ.ਕੇ.।"

"ਤੂੰ ਪਹਿਲਾਂ ਕਿਸੇ ਗੈਰਜ ਵਿਚ ਇਕ ਸਾਲ ਟਿਕ ਕੇ ਕੰਮ ਕਰ ਕੇ ਦਿਖਾ, ਤੈਨੂੰ ਮੈਂ ਗੈਰਜ ਖੋਹਲ ਦੇਊਂ।"

"ਮੈਨੂੰ ਗੈਰਜ ਦਾ ਸਾਰਾ ਕੰਮ ਪਤਾ, ਓ. ਕੇ.,... ਤੂੰ ਕਿਉਂ ਖੋਹਲੇਂਗਾ, ਮਾਈ ਓਲਡ ਸ਼ਿੱਟ ਮੈਨ ਸ਼ੁੱਡ ਗਿਵ ਮੀ ਮਨੀ ਫੌਰ ਦਿਸ।"

"ਦੀਪਕ, ਤਾਏ ਲਈ ਰੌਂਗ ਵ੍ਰਡਜ਼ ਯੂਜ਼ ਨਾ ਕਰ।"

"ਵਾਏ ਨੌਟ, ਹੀ ਇਜ਼ ਫੱਕਨ ਰੱਬਿੱਸ਼!"
"ਤਾਈ ਰੋਕ ਇਹਨੂੰ, ਇਹ ਤਾਏ ਨੂੰ ਗਾਹਲਾਂ ਕੱਢਦਾ, ਮੈਂ ਇਹ ਠੋਕ ਦੇਣਾਂ।"

ਤਾਈ ਦੀਪਕ ਨੂੰ ਚੁੱਪ ਕਰਾਉਣ ਲਗਦੀ ਹੈ। ਦੀਪਕ ਦੇਖਦਾ ਹੈ ਕਿ ਵਿਜੈ ਕੁਝ ਜ਼ਿਆਦਾ ਹੀ ਗਰਮ ਹੋ ਰਿਹਾ ਹੈ ਤਾਂ ਉਹ ਉਠ ਕੇ ਦੂਜੇ ਕਮਰੇ ਵਿਚ ਚਲੇ ਜਾਂਦਾ ਹੈ। ਵਿਜੈ ਆਪਣੇ ਆਪ ਨੂੰ ਮਸਾਂ ਰੋਕਦਾ ਹੈ। ਉਹ ਆਖਦਾ ਹੈ,

"ਤਾਈ, ਇਹ ਕੁਸ਼ ਵੀ ਕਰੀ ਜਾਵੇ ਮੈਨੂੰ ਬੁਰਾ ਨਹੀਂ ਲਗਦਾ ਪਰ ਜਦੋਂ ਤੁਹਾਨੂੰ ਦੋਵਾਂ ਨੂੰ ਕੁਸ਼ ਕਹੇ ਤਾਂ ਮੇਰੇ ਤੋਂ ਝੱਲਿਆ ਨਹੀਂ ਜਾਂਦਾ।"

"ਪੁੱਤ, ਮੈਂ ਕੀ ਕਰਾਂ, ਮੇਰੀ ਇਹ ਕਿਹੜੀ ਸੁਣਦੈ, ਤੇਰਾ ਤਾਇਆ ਵੀ ਇਸੇ ਕਰਕੇ ਇਹਨੂੰ ਨਹੀਂ ਬਲਾਉਂਦਾ ਕਿ ਪਤਾ ਨਹੀਂ ਕਿਹੜੇ ਵੇਲੇ ਇਹਨੇ ਗਲਤ ਬੋਲ ਦੇਣਾਂ। ਚਲ ਤੂੰ ਛੱਡ ਪਰਾਂ, ਤੇਰਾ ਛੋਟਾ ਭਰਾ ਐ।"

ਤਾਈ ਉਸ ਦਾ ਮੋਢਾ ਥਾਪੜਦੀ ਕਹਿੰਦੀ ਹੈ। ਵਿਜੈ ਕਈ ਵਾਰ ਕੋਸ਼ਿਸ਼ ਕਰ ਚੁੱਕਾ ਹੈ ਕਿ ਦੀਪਕ ਉਸ ਨਾਲ ਦੋਸਤਾਂ ਵਾਂਗ ਰਹੇ ਪਰ ਉਹ ਕਦੇ ਤਾਂ ਚੰਗਾ ਭਲਾ ਹੁੰਦਾ ਤੇ ਕਦੇ ਉਹ ਇਕ ਦਮ ਬਦਲ ਜਾਂਦਾ ਹੈ। ਬਿਲਕੁਲ ਓਪਰਿਆਂ ਵਾਂਗ ਵਰਤਾਵ ਕਰਨ ਲਗਦਾ ਹੈ। ਵਿਜੈ ਕਈ ਵਾਰ ਉਸ ਦਾ ਫਿਕਰ ਵੀ ਕਰਨ ਲਗਦਾ ਹੈ ਕਿ ਉਸ ਦਾ ਬਣੇਗਾ ਕੀ। ਸੁਸ਼ਮਾ ਉਸ ਨੂੰ ਕਹਿਣ ਲਗਦੀ ਹੈ,

"ਸ਼ਰਮਾ ਜੀ, ਤੁਸੀਂ ਕਿਹਦੇ ਕਿਹਦੇ ਬਾਰੇ ਸੋਚੀ ਜਾਵੋਂਗੇ!"
"ਮੈਂ ਕਿਸੇ ਬਾਰੇ ਨਹੀਂ ਸੋਚਦਾ, ਇਹ ਸੋਚਣਾ ਤੁਹਾਡੇ ਵੱਸ ਵਿਚ ਨਹੀਂ ਹੁੰਦਾ।"

ਇਕ ਦਿਨ ਸੁਸ਼ਮਾ ਇੰਡੀਆ ਦੀਆਂ ਗੱਲਾਂ ਕਰ ਰਹੀ ਹੈ। ਵਿਜੈ ਪੁੱਛਦਾ ਹੈ,

"ਤੇਰੇ ਪਿਤਾ ਜੀ ਨੂੰ ਮੇਰੀ ਮਾਂ ਤੇ ਭਰਾ ਨਾਲ ਕੀ ਪਰੋਬਲਮ ਸੀ? ਉਹਨਾਂ ਨਾਲ ਸਿੱਧੇ ਮੂੰਹ ਗੱਲ ਕਿਉਂ ਨਹੀਂ ਕੀਤੀ?"

"ਸ਼ਰਮਾ ਜੀ, ਵਕਤ ਈ ਕੁਸ਼ ਇਹੋ ਜਿਹਾ ਸੀ ਕਿ ਮੈਂ ਦਿੱਲੀ ਨਹੀਂ ਰੁਕ ਸਕੀ, ਮੈਂ ਤਾਂ ਆਪ ਉਥੇ ਸ਼ੌਪਿੰਗ ਕਰਨੀ ਚਾਹੁੰਦੀ ਸੀ, ਕਈ ਵਾਰ ਪਿਤਾ ਜੀ ਬਹੁਤ ਕਾਹਲੇ ਪੈ ਜਾਂਦੇ ਆ ਹੋਰ ਕੁਸ਼ ਨਹੀਂ।"

"ਪਰ ਹੁਸ਼ਿਆਰ ਭਾਅ ਨਾਲ ਵੀ ਇਹ ਲੋਕ ਚੰਗੀ ਤਰ੍ਹਾਂ ਪੇਸ਼ ਨਹੀਂ ਆਏ।"

"ਮੈਨੂੰ ਨਹੀਂ ਪਤਾ ਕੁਸ਼ ਵੀ ਪਰ ਹੁਸ਼ਿਆਰ ਭਾਅ ਸ਼ਰਾਬੀ ਹੋਇਆ ਲਗਦਾ ਸੀ, ਸੁਨੈਨਾ ਵੀ ਕਹਿੰਦੀ ਸੀ ਕਿ ਹੁਸ਼ਿਆਰ ਭਾਅ ਬਹੁਤ ਬਦਲ ਗਿਐ।"

ਇਹ ਗੱਲ ਤਾਂ ਵਿਜੈ ਵੀ ਦੇਖ ਸਕਦਾ ਹੈ ਪਰ ਉਸ ਦੀ ਆਪਣੇ ਸਵਾਲ ਬਾਰੇ ਤਸੱਲੀ ਨਹੀਂ ਹੁੰਦੀ ਕਿ ਉਸ ਦੇ ਪਿਤਾ ਨੇ ਹੁਸ਼ਿਆਰ ਨਾਲ ਕੋਈ ਨਿੱਘ ਨਹੀਂ ਦਿਖਾਇਆ। ਆਪਣਾ ਸਵਾਲ ਵਿਚਕਾਰ ਛੱਡ ਉਹ ਹੁਸ਼ਿਆਰ ਬਾਰੇ ਸੋਚਣ ਲਗਦਾ ਹੈ ਕਿ ਔਲਾਦ ਦੀ ਘਾਟ ਨੇ ਉਸ ਨੂੰ ਤਬਦੀਲ ਕਰ ਦਿਤਾ ਹੋਵੇਗਾ।

ਮਹੀਨਾ ਕੁ ਵੀ ਨਹੀਂ ਲੰਘਿਆ ਹੋਵੇਗਾ ਕਿ ਇਕ ਦਿਨ ਹੁਸ਼ਿਆਰ ਦਾ ਫੋਨ ਆ ਜਾਂਦਾ ਹੈ। ਉਹ ਸਿੱਧਾ ਹੀ ਬੋਲਣ ਲਗਦਾ ਹੈ,

"ਓ ਸ਼ਰਮਿਆਂ, ਓਏ ਢੋਲ ਬਜਾ ਓਏ, ਭੰਗੜੇ ਪਾ ਓਏ, ਤੇਰੇ ਭਰਾ ਲਈ ਏਦੂੰ ਖੁਸ਼ੀ ਦਾ ਦਿਨ ਨਹੀਂ ਹੋਣਾਂ।"

ਹੁਸ਼ਿਆਰ ਸ਼ਰਾਬ ਨਾਲ ਰੱਜਿਆ ਹੋਇਆ ਜਾਪਦਾ ਹੈ। ਵਿਜੈ ਨੂੰ ਲਗਿਆ ਕਿ ਸੁਨੈਨਾ ਆਸਵੰਦ ਹੋ ਗਈ ਹੋਵੇਗੀ। ਫਿਰ ਵੀ ਉਹ ਪੁੱਛਦਾ ਹੈ,

"ਕੀ ਗੱਲ ਹੋ ਗਈ ਭਾਅ, ਬਹੁਤ ਚਹਿਕ ਰਿਹੈਂ?"

"ਓਏ, ਤੇਰਾ ਭਰਾ ਖਾਲੀ ਨਹੀਂ ਸੀ, ਭਰਿਆ ਹੋਇਆ ਖੂਹ ਸੀ, ਉਹ ਵੀ ਮਿੱਠੇ ਪਾਣੀ ਦਾ, ਮੈਂ ਐਵੇਂ ਡਰ ਡਰ ਕੇ ਉਮਰ ਕੱਢ ਲਈ।"

"ਪੂਰੀ ਗੱਲ ਦਸ, ਮੇਰਾ ਦਿਲ ਨਾ ਫੇਲ੍ਹ ਕਰ ਦੇਈਂ।"

"ਓਏ, ਮੈਂ ਸਾਰੀ ਉਮਰ ਆਪਣੇ ਆਪ ਵਿਚ ਨੁਕਸ ਕਢਦਾ ਰਿਹਾ ਪਰ ਮੇਰੇ ਵਿਚ ਕੋਈ ਨੁਕਸ ਨਹੀਂ ਸੀ, ਜੱਟ ਨਿਰਦੋਸ਼ ਸੀ।"

"ਅੱਛਾ!"

"ਹਾਂ ਓਏ, ਜੱਟ ਨੇ ਬਰਫੀ ਗੱਭਣ ਕਰ'ਤੀ, ਜਸ਼ਨ ਮਨਾ ਓਏ!"

"ਭਾਅ, ਇਹ ਤਾਂ ਖੁਸ਼ੀ ਦੀ ਗੱਲ ਐ ਕਿ ਤੇਰੇ ਵਿਚ ਨੁਕਸ ਨਹੀਂ ਸੀ ਪਰ ਇਹ ਗੱਲ ਕਿਹਨੂੰ ਕਿਹਨੂੰ ਹਜ਼ਮ ਹੋਏਗੀ!"

"ਐਸ ਵੇਲੇ ਮੈਨੂੰ ਤਾਂ ਹਜ਼ਮ ਆਂ, ਬਾਕੀ ਮੈਂ ਦੇਖਦਾਂ, ਹਾਲੇ ਤਾਂ ਮੈਂ ਨਸ਼ੇ ਵਿਚ ਆਂ ਤੇ ਨਸ਼ੇ ਵਿਚ ਈ ਰਹਿਣਾ ਚਾਹੁੰਨਾ।"

ਵਿਜੈ ਹੁਸ਼ਿਆਰ ਬਾਰੇ ਸੋਚਣ ਲਗਦਾ ਹੈ। ਕਈ ਸਵਾਲ ਉਸ ਦੇ ਮਨ ਵਿਚ ਹਨ। ਇਕ ਨੌਕਰਾਣੀ ਉਸ ਤੋਂ ਗਰਭਵਤੀ ਹੋ ਗਈ ਹੈ। ਇਸ ਨੂੰ ਸਾਡਾ ਉਥੋਂ ਦਾ ਸਮਾਜ ਕਿਵੇਂ ਲਵੇਗਾ? ਕੀ ਹੁਣ ਹੁਸ਼ਿਆਰ ਇਸ ਬੱਚੇ ਦਾ ਜਨਮ ਹੋਣ ਦੇਵੇਗਾ? ਕੀ ਉਹ ਉਸ ਕੁੜੀ ਨਾਲ ਵਿਆਹ ਕਰਾ ਲਵੇਗਾ? ਸੁਨੈਨਾ ਭਰਜਾਈ ਇਸ ਨੂੰ ਕਿਵੇਂ ਲਵੇਗੀ? ਬੱਚਾ ਉਹਨਾਂ ਦੀ ਜ਼ਿੰਦਗੀ ਦੀ ਇਕੋ ਇਕ ਖਾਹਸ਼ ਰਹੀ ਹੈ ਹੁਣ ਪੂਰੀ ਹੋਈ ਹੈ ਤਾਂ ਕੀ ਇਸ ਖਾਹਸ਼ ਦੀ ਕੋਈ ਉਮਰ ਹੋਵੇਗੀ? ਹੋਰ ਵੀ ਬਹੁਤ ਕੁਝ ਉਸ ਦੇ ਮਨ ਵਿਚ ਆ

ਜਾ ਰਿਹਾ ਹੈ। ਉਹ ਆਪਣੇ ਲਈ ਡਰਿੰਕ ਬਣਾਉਂਦਾ ਹੈ ਤੇ ਇਕੋ ਸਾਰੇ ਪੀ ਜਾਂਦਾ ਹੈ। ਆਮ ਤੌਰ ਤੇ ਉਹ ਰੈਸਟੋਰੈਂਟ ਬੰਦ ਹੋਣ ਤਕ ਬੈਠਾ ਕੈਮਰੇ ਦੇਖਦਾ ਰਹਿੰਦਾ ਹੈ ਪਰ ਅਜ ਜਲਦੀ ਬੈੱਡ ਵਿਚ ਚਲੇ ਜਾਂਦਾ ਹੈ। ਬੈੱਡ ਵਿਚ ਉਹ ਸੌਂ ਨਹੀਂ ਸਕਦਾ। ਪਾਸੇ ਮਾਰਦੇ ਦੀ ਰਾਤ ਲੰਘ ਰਹੀ ਹੈ। ਅਚਾਨਕ ਉਸ ਦੇ ਮੁਬਾਈਲ ਫੋਨ ਦੀ ਘੰਟੀ ਵਜਦੀ ਹੈ। ਉਹ ਉਠਾਉਂਦਾ ਹੈ। ਦੂਜੇ ਪਾਸੇ ਕੋਈ ਔਰਤ ਬੋਲ ਰਹੀ ਹੈ। ਅੰਗਰੇਜ਼ੀ ਵਿਚ ਪੁੱਛਦੀ ਹੈ,
"ਕੀ ਤੂੰ ਮਿਸਟਰ ਸ਼ਰਮਾ ਐਂ?"
"ਹਾਂ।"
"ਮਿਸਟਰ ਵਿਜੇ ਸ਼ਰਮਾ?"
"ਹਾਂ, ਤੁਸੀਂ ਕੌਣ ਬੋਲ ਰਹੇ ਓ?"
"ਮੈਂ ਬਰਾਈਟਨ ਪੁਲੀਸ ਸ਼ਟੇਸ਼ਨ ਤੋਂ ਬੋਲ ਰਹੀ ਆਂ, ਤੂੰ ਚਿਨਾਰ ਰੈਸਟੋਰੈਂਟ ਦਾ ਮਾਲਕ ਐ?"

ਵਿਜੈ ਦਾ ਮੱਥਾ ਠਣਕਦਾ ਹੈ। ਉਹ ਢਿੱਲੀ ਜਿਹੀ ਅਵਾਜ਼ ਵਿਚ ਬੋਲਦਾ ਹੈ,
"ਹਾਂ।"
"ਤੇਰੇ ਰੈਸਟੋਰੈਂਟ ਨੂੰ ਅੱਗ ਲਗ ਗਈ ਐ, ਤੂੰ ਜਲਦੀ ਬਰਾਈਟਨ ਪਹੁੰਚ।"

ਵਿਜੈ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਉਹ ਕਾਹਲੀ ਕਾਹਲੀ ਉਠ ਕੇ ਤਿਆਰ ਹੁੰਦਾ ਹੈ। ਉਹ ਸੁਸ਼ਮਾ ਨੂੰ ਨਹੀਂ ਦੱਸਣਾ ਚਾਹੁੰਦਾ ਪਰ ਉਹ ਜਾਗ ਚੁੱਕੀ ਹੈ। ਉਹ ਇੰਨਾ ਹੀ ਆਖਦਾ ਹੈ ਕਿ ਕੋਈ ਛੋਟੀ ਮੋਟੀ ਗੜਬੜ ਹੈ ਤੇ ਜਲਦੀ ਵਾਪਸ ਆ ਜਾਵੇਗਾ।

## ਅਠਾਰਾਂ

ਵਿਜੈ ਕਾਹਲੀ ਨਾਲ ਬਰਾਈਟਨ ਪੁੱਜ ਜਾਂਦਾ ਹੈ। ਉਹ ਦੇਖਦਾ ਹੈ ਕਿ ਚਿਨਾਰ ਦੇ ਆਲੇ ਦੁਆਲੇ ਪੁਲੀਸ ਹੀ ਪੁਲੀਸ ਹੈ। ਅੱਗ ਬੁਝਾਉਣ ਵਾਲੀਆਂ ਗੱਡੀਆਂ ਵੀ ਖੜੀਆਂ ਹਨ। ਅੱਗ 'ਤੇ ਹੁਣ ਕਾਬੂ ਹੈ ਪਰ ਸਭ ਕੁਝ ਸੜ ਕੇ ਸਵਾਹ ਹੋ ਚੁੱਕਾ ਹੈ। ਕੁਝ ਕੁ ਧੂੰਆਂ ਹੈ ਜੋ ਕਿਤਿਓਂ ਕਿਤਿਓਂ ਉਠ ਰਿਹਾ ਹੈ। ਕੁਝ ਸਰਕਾਰੀ ਕਰਮਚਾਰੀ ਮਲਬੇ ਅੰਦਰ ਫਿਰ ਰਹੇ ਹਨ ਜਿਵੇਂ ਕੁਝ ਲੱਭ ਰਹੇ ਹੋਣ। ਵਿਜੈ ਇਕ ਪੁਲੀਸਮੈਨ ਨੂੰ ਆਪਣੇ ਬਾਰੇ ਦਸਦਾ ਹੈ। ਉਹ ਅਗਿਓਂ ਕਿਸੇ ਹੋਰ ਨੂੰ ਲੈ ਆਉਂਦਾ ਹੈ। ਆਉਣ ਵਾਲਾ ਅਫਸਰ ਆਪਣਾ ਹੱਥ ਵਿਜੈ ਵਲ ਵਧਾਉਂਦਾ ਆਖਦਾ ਹੈ,
"ਮੈਂ ਪੈਟਰਕ ਜੌਨਸਨ ਹਾਂ, ਇਸ ਕੇਸ ਦਾ ਤਫਤੀਸ਼ ਅਫਸਰ। ਮੇਰੇ ਨਾਲ ਉਸ ਵੈਨ ਵਿਚ ਆ, ਮੈਂ ਕੁਸ਼ ਸਵਾਲ ਕਰਨੇ ਆਂ।"

ਵਿਜੈ ਉਸ ਦੇ ਮਗਰ ਵੈਨ ਵਿਚ ਜਾ ਵੜਦਾ ਹੈ। ਇਹ ਵੈਨ ਕਾਹਦੀ ਪੂਰਾ ਦਫਤਰ ਹੈ ਜਿਸ ਵਿਚ ਤਫਤੀਸ਼ ਕਰਨ ਦੀਆਂ ਬਹੁਤ ਸਾਰੀਆਂ ਸਹੂਲਤਾਂ ਹਨ। ਔਡੀਓ ਤੇ ਵੀਡੀਓ ਰਿਕਾਰਡਿੰਗ ਦੀਆਂ ਮਸ਼ੀਨਾਂ ਹਨ। ਤਿੰਨ ਕੁਰਸੀਆਂ ਪਈਆਂ ਹਨ। ਕੰਪਿਊਟਰ ਵੀ ਹੈ। ਪੁਲੀਸ ਅਫਸਰ ਉਸ ਨੂੰ ਸਵਾਲ ਕਰਨੇ ਸ਼ੁਰੂ ਕਰਦਾ ਹੈ। ਉਹ ਕਿੰਨੇ ਵਜੇ ਤਕ ਰੈਸਟੋਰੈਂਟ ਵਿਚ ਸੀ, ਜਦੋਂ ਗਿਆ ਤਾਂ ਕਿਹੜੇ ਕਿਹੜੇ ਕਾਮੇ ਰੈਸਟੋਰੈਂਟ ਵਿਚ ਸਨ। ਕਾਮਿਆਂ ਦੇ ਨਾਂ ਤੇ ਉਹਨਾਂ ਦੇ ਸਿਰਨਾਵੇਂ। ਉਸ ਦੇ ਕਾਮਿਆਂ ਨਾਲ ਕਿਹੋ ਜਿਹੇ ਸਬੰਧ ਹਨ। ਇਹ ਸਾਰੇ ਕਾਮੇ ਕਿਹੋ ਜਿਹੇ ਲੋਕ ਸਨ। ਇਹਨਾਂ ਵਿਚੋਂ ਕੋਈ ਡਰੱਗ ਤਾਂ ਨਹੀਂ ਸੀ ਲੈਂਦਾ। ਕੋਈ ਸ਼ਰਾਬ ਤਾਂ ਨਹੀਂ ਸੀ ਪੀਂਦਾ। ਉਸ ਦੀ ਕਿਸੇ ਨਾਲ ਕਿਸੇ ਕਿਸਮ ਦੀ ਦੁਸ਼ਮਣੀ। ਅਜਕਲ ਰੈਸਟੋਰੈਂਟ ਦਾ ਕਾਰੋਬਾਰ ਕਿਹੋ ਜਿਹਾ ਚਲ ਰਿਹਾ ਸੀ। ਉਸ ਦੀ ਪਰਿਵਾਰਿਕ ਜ਼ਿੰਦਗੀ ਕਿਹੋ ਜਿਹੀ ਹੈ। ਹੋਰ ਵੀ ਕੁਝ ਨਿਕੀਆਂ ਨਿਕੀਆਂ ਤਫਸੀਲਾਂ। ਫਿਰ ਅਫਸਰ ਪੁੱਛਦਾ ਹੈ,
"ਕੀ ਰੈਸਟੋਰੈਂਟ ਵਿਚ ਕੈਮਰੇ ਲੱਗੇ ਹੋਏ ਸੀ?"
"ਹਾਂ, ਕੈਮਰੇ ਹੈਗੇ ਨੇ।"
"ਕੀ ਇਹ ਇੰਟਰਨੈੱਟ 'ਤੇ ਵੀ ਹੈਗੇ ਕਿ ਅਸੀਂ ਆਖਰੀ ਪਲਾਂ ਦੀ ਰਿਕਾਰਡਿੰਗ ਦੇਖ ਸਕੀਏ?"
"ਨਹੀਂ, ਸਾਰਾ ਸਿਸਟਮ ਰੈਸਟੋਰੈਂਟ ਵਿਚ ਹੀ ਏ।"

ਵਿਜੈ ਸਾਫ ਮੁਕਰ ਗਿਆ। ਉਹ ਰਿਕਾਰਡਿੰਗ ਪਹਿਲਾਂ ਆਪ ਦੇਖਣੀ ਚਾਹੁੰਦਾ ਸੀ। ਪੁਲੀਸ ਅਫਸਰ ਨੇ ਫਿਰ ਕਿਹਾ,
"ਕੋਈ ਸਵਾਲ?"
"ਇਹ ਅੱਗ ਕਿਵੇਂ ਲਗੀ?"
"ਇਹੋ ਤਾਂ ਅਸੀ ਤਫਤੀਸ਼ ਕਰ ਰਹੇ ਆਂ, ਤੈਨੂੰ ਜੇ ਕਿਸੇ ਤੇ ਕੋਈ ਸ਼ੱਕ ਹੈ ਤਾਂ ਦੱਸ।"
"ਮੇਰਾ ਸਾਰਾ ਸਟਾਫ ਤਾਂ ਠੀਕ ਹੈ?"
"ਹਾਲੇ ਕੁਝ ਕਹਿ ਨਹੀਂ ਸਕਦੇ।"
"ਕਿਥੇ ਆ ਮੇਰੇ ਨਾਲ ਕੰਮ ਕਰਨ ਵਾਲੇ ਲੋਕ?"

"ਸ਼ਾਇਦ ਪੁਲੀਸ ਸ਼ਟੇਸ਼ਨ ਹੋਣ ਜਾਂ ਘਰ ਚਲੇ ਗਏ ਹੋਣ।"
"ਕੁਝ ਪਤਾ ਹੈ ਕਿ ਅੱਗ ਕਿੰਨੇ ਵਜੇ ਲਗੀ?"
"ਸਾਨੂੰ ਇਤਲਾਹ ਗਿਆਰਾਂ ਵੱਜ ਕੇ ਪੱਚੀ ਮਿੰਟ ਤੇ ਮਿਲੀ।"
"ਕੋਈ ਜਾਨੀ ਨੁਕਸਾਨ ਤਾਂ ਨਹੀਂ ਹੋਇਆ?"
"ਹਾਲੇ ਕੁਝ ਨਹੀਂ ਕਹਿ ਸਕਦੇ।"
"ਜੇ ਮੈਂ ਆਪਣੇ ਸਟਾਫ ਦੇ ਕਿਸੇ ਮੈਂਬਰ ਨੂੰ ਮਿਲਣਾ ਚਾਹਾਂ ਤਾਂ ਮਿਲ ਸਕਦਾ ਆਂ?"
"ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ, ਮੈਨੂੰ ਨਹੀਂ ਪਤਾ ਕਿ ਉਹਨਾਂ ਦੀ ਹਾਲੇ ਤਫਤੀਸ਼ ਚਲ ਰਹੀ ਹੈ ਜਾਂ ਖਤਮ ਹੋ ਚੁੱਕੀ ਹੈ।"
"ਇਹਨਾਂ ਵਿਚੋਂ ਕੋਈ ਸ਼ੱਕ ਦੇ ਘੇਰੇ ਵਿਚ ਤਾਂ ਨਹੀਂ?"
"ਇਹ ਬਾਰੇ ਵੀ ਕੁਝ ਨਹੀਂ ਕਹਿ ਸਕਦੇ, ਜੇਕਰ ਤੈਨੂੰ ਕੋਈ ਸ਼ੱਕ ਹੈ ਤਾਂ ਦੱਸ।"
"ਨਹੀਂ, ਮੈਨੂੰ ਕੋਈ ਸ਼ੱਕ ਨਹੀਂ।"
"ਮਿਸਟਰ ਸ਼ਰਮਾ, ਹੁਣ ਤੂੰ ਜਾ ਸਕਦਾਂ, ਜੇ ਲੋੜ ਹੋਈ ਤਾਂ ਤੇਰੇ ਨਾਲ ਅਸੀਂ ਰਾਬਤਾ ਕਰਾਂਗੇ, ਸਾਨੂੰ ਆਪਣਾ ਪੂਰਾ ਐਡਰਸ ਲਿਖਾ ਕੇ ਜਾਹ। ਅਸੀਂ ਬੜੀ ਮੁਸ਼ਕਲ ਨਾਲ ਤੇਰਾ ਮੁਬਾਈਲ ਨੰਬਰ ਲਭਿਆ ਹੈ।"

ਵਿਜੈ ਘੜੀ ਦੇਖਦਾ ਹੈ। ਸਵੇਰ ਦੇ ਤਿੰਨ ਵਜੇ ਹਨ। ਉਹ ਸੋਚਦਾ ਹੈ ਕਿ ਹੁਣ ਕਿਸ ਨੂੰ ਮਿਲੇ। ਮੰਗਲ, ਸੱਨੀ, ਚਰਨ ਜਾਂ ਸਤਨਾਮ ਦਾ ਕੁਝ ਪਤਾ ਨਹੀਂ ਕਿ ਕਿਧਰ ਗਏ। ਸ਼ਇਦ ਪੁਲੀਸ ਸਟੇਸ਼ਨ ਹੀ ਬਿਆਨ ਦੇ ਰਹੇ ਹੋਣਗੇ। ਉਸ ਕੋਲ ਸੱਨੀ ਦਾ ਮੁਬਾਈਲ ਦਾ ਨੰਬਰ ਹੈ। ਉਹ ਨੰਬਰ ਘੁੰਮਾਉਂਦਾ ਹੈ। ਸੱਨੀ ਚੁੱਕ ਲੈਂਦਾ ਹੈ। ਉਹ ਪੁੱਛਦਾ ਹੈ,
"ਹਾਂ, ਬਈ ਕਿਥੇ ਐਂ?"
"ਭਾਈ ਜਾਨ, ਪੁਲੀਸ ਸਟੇਸ਼ਨ 'ਚੋ ਨਿਕਲ ਸਾਂ, ਸੋਚ ਸਾਂ ਕਿ ਕੈਸੇ ਘਰ ਜਾਸੀ।"
"ਤੂੰ ਓਥੇ ਠਹਿਰ ਮੈਂ ਆ ਰਿਹਾਂ।"

ਉਹ ਦਸ ਕੁ ਮਿੰਟ ਵਿਚ ਹੀ ਪੁਲੀਸ ਸਟੇਸ਼ਨ ਦੇ ਮੁਹਰੇ ਪੁੱਜ ਜਾਂਦਾ ਹੈ। ਉਹ ਵਿਜੈ ਵਲ ਦੇਖ ਰੋਣ ਲਗਦਾ ਹੈ। ਵਿਜੈ ਬਾਹਰ ਨਿਕਲ ਕੇ ਉਸ ਨੂੰ ਗਲ਼ ਨਾਲ ਲਗਾਉਂਦਾ ਹੈ ਤੇ ਪਿੱਠ ਥਾਪੜ ਕੇ ਹੌਸਲਾ ਦਿੰਦਾ ਹੈ ਤੇ ਕਾਰ ਵਿਚ ਬੈਠਾ ਲੈਂਦਾ ਹੈ। ਸੱਨੀ ਦੱਸਣ ਲਗਦਾ ਹੈ,
"ਭਾਈ ਜਾਨ, ਐਸੀਆਂ ਲਾਟਾਂ ਕਦਈਂ ਨਾ ਦਿਖਸਣ, ਉਚੀਆਂ ਉਚੀਆਂ, ਆਵਾਜ਼ ਸੁਮੰਦਰ ਦੀਆਂ ਲਹਿਰਾਂ ਜੈਸੀ, ਮੈਨੂੰ ਲਗਸੀ ਮੈਨੂੰ ਰੌਂਦ ਦੇਸਣ।"
"ਸੱਨੀ, ਪੂਰੀ ਗੱਲ ਦੱਸ ਕੀ ਹੋਇਆ?"
"ਓ ਭਾਈ ਜਾਨ, ਕੁਝ ਨਾ ਪੁੱਛ, ਪੁਲੀਸ ਪਾਗਲ ਕਰ ਛੱਡ ਸੂ, ਮੈਂ ਤਾਂ ਨਈਂ ਮਾਰਿਆ ਮੰਗਲ, ਮੰਗਲ ਸ਼ਰਾਬ ਦੀ ਪੂਰੀ ਬੋਤਲ ਡੱਫਸੂ। ਮੈਂ ਕਿਹਾ ਬਾਊ, ਜ਼ਰਾ ਦਮ ਲੈ, ਪਰ ਉਹ ਨਾ ਮੰਨ ਸੀ। ਕਿਚਨ 'ਚ ਖੜਾ ਸੂ ਤੇ ਇਕ ਵੱਡੀ ਲਾਟ ਨਿਕਲਸੀ ਤੇ ਮੈਂ ਤਾਂ ਭੱਜ ਤੁਰਸਾਂ, ਕਸਟਮਰ ਵੀ ਤੇ ਚਰਨ ਤੇ ਸਤਨਾਮ ਵੀ ਸਾਡੇ ਨਾਲ ਹੋਸੀ, ਮੰਗਲ ਬੱਸ ਅੱਲਾ ਅੱਲਾ!"
"ਇਹਦਾ ਮਤਲਬ ਮੰਗਲ ਅੰਦਰ ਈ ਸੀ।"
"ਸੌਰੀ ਭਾਈ ਜਾਨ, ਮੰਗਲ ਨਾ ਹੁਣ ਹੋਸੀ, ਉਸ ਅੱਲਾ ਨੂੰ ਪਿਆਰਾ ਹੋਸੀ, ਬਹੁਤ ਹੌਲਨਾਕ ਖਤਮ ਹੋਸੀ।"

ਸੱਨੀ ਇੰਨਾ ਡਰਿਆ ਹੋਇਆ ਹੈ ਕਿ ਉਸ ਨੂੰ ਪੂਰੀ ਗੱਲ ਦਸਣ ਵਿਚ ਵੀ ਮੁਸ਼ਕਲ ਆ ਰਹੀ ਹੈ। ਵਿਜੈ ਸਾਹਮਣੇ ਪੂਰੀ ਦੀ ਪੂਰੀ ਕਹਾਣੀ ਆ ਖੜਦੀ ਹੈ ਕਿ ਮੰਗਲ ਸ਼ਰਾਬ ਪੀ ਕੇ ਕੋਈ ਗਲਤੀ ਕਰ ਬੈਠਾ ਹੈ। ਤੇ ਮੰਗਲ ਵੀ ਇਸੇ ਅੱਗ ਵਿਚ ਝੁਲਸਿਆ ਗਿਆ ਹੈ। ਜਿਹੜੇ ਕਰਮਚਾਰੀ ਰੈਸਟੋਰੈਂਟ ਦੇ ਮਲਬੇ ਵਿਚੋਂ ਕੁਝ ਲਭਦੇ ਫਿਰ ਰਹੇ ਸਨ ਅਸਲ ਵਿਚ ਉਹ ਮੰਗਲ ਦੀਆਂ ਹੱਡੀਆਂ ਹੀ ਭਾਲ ਰਹੇ ਹੋਣਗੇ। ਇਹ ਤਾਂ ਬਹੁਤ ਬੁਰਾ ਹੋਇਆ। ਉਹ ਮੰਗਲ ਬਾਰੇ ਸੋਚਣ ਲਗਦਾ ਹੈ ਕਿ ਕੀ ਅਜਿਹਾ ਅੰਤ ਵੀ ਆ ਸਕਦਾ ਹੈ। ਵਿਜੈ ਸੱਨੀ ਨੂੰ ਪੁੱਛਦਾ ਹੈ,
"ਚਰਨ ਤੇ ਸਤਨਾਮ ਕਿਥੇ ਆ?"
"ਉਹ ਭੱਜ ਜਾਸੀ ਪਰ ਪੁਲੀਸ ਨਾ ਛੱਡ ਸੀ। ਹੁਣ ਪਤਾ ਨਾ ਕੁਝ।"

ਵਿਜੈ ਸੱਨੀ ਨੂੰ ਉਸ ਦੇ ਟਿਕਾਣੇ ਤੇ ਲਾਹ ਦਿੰਦਾ ਹੈ। ਸੱਨੀ ਹਾਲੇ ਵੀ ਕੰਬੀ ਜਾ ਰਿਹਾ ਹੈ। ਕੰਬ ਤਾਂ ਅੰਦਰੋਂ ਵਿਜੈ ਵੀ ਰਿਹਾ ਹੈ। ਇਹ ਸਭ ਕੀ ਹੋ ਗਿਆ ਹੈ। ਰੈਸਟੋਰੈਂਟ ਸਵਾਹ ਹੋ ਗਿਆ ਹੈ। ਮੰਗਲ ਵੀ ਮਲਬੇ ਵਿਚ ਹੀ ਕਿਧਰੇ ਲੁਕ ਗਿਆ ਹੈ। ਉਹ ਵਾਪਸ ਰੈਸਟੋਰੈਂਟ ਜਾਂਦਾ ਹੈ। ਹਾਲੇ ਵੀ ਪੁਲੀਸ ਦੀਆਂ ਕਾਰਾਂ ਖੜੀਆਂ ਹਨ। ਉਹ ਉਥੇ ਰੁਕੇ ਬਿਨਾਂ ਘਰ ਆ ਜਾਂਦਾ ਹੈ।

ਘਰ ਆਕੇ ਪਹਿਲਾਂ ਉਹ ਕੈਮਰਿਆਂ ਦੀ ਰਿਕਾਰਡਿੰਗ ਦੇਖਣ ਲਗਦਾ ਹੈ। ਗਿਆਰਾਂ ਵਜੇ ਤੋਂ ਬਾਅਦ ਉਹ ਕਿਸੇ ਗਾਹਕ ਨੂੰ ਅੰਦਰ ਨਹੀਂ ਆਉਣ ਦਿਆ ਕਰਦੇ, ਅੰਦਰ ਬੈਠੇ ਗਾਹਕਾਂ ਨੂੰ ਹੀ ਭਗਤਾਉਂਦੇ ਹਨ। ਇਸੇ ਵਕਤ ਹੀ ਉਹ ਆਪਣੇ ਲਈ ਵੀ ਖਾਣਾ

ਬਣਾਇਆ ਕਰਦੇ ਹਨ। ਉਹ ਦੇਖਦਾ ਹੈ ਕਿ ਮੰਗਲ ਇੰਨਾ ਸ਼ਰਾਬੀ ਹੈ ਕਿ ਤੁਰ ਵੀ ਨਹੀਂ ਸਕਦਾ। ਮੰਗਲ ਕੁਕਰ ਤੇ ਕੁਝ ਬਣਾ ਰਿਹਾ ਹੈ ਕਿ ਅਚਾਨਕ ਲੰਮੀ ਸਾਰੀ ਲਾਟ ਉਸ ਨੂੰ ਆ ਚੁੰਬੜਦੀ ਹੈ ਤੇ ਕੈਮਰੇ ਦੀਆਂ ਤਾਰਾਂ ਵੀ ਜਲ਼ ਜਾਂਦੀਆਂ ਹਨ ਤੇ ਅਗੇ ਕੁਝ ਨਹੀਂ ਪਤਾ ਚਲਦਾ ਕਿ ਕੀ ਹੋਇਆ। ਉਹ ਇਸ ਰਿਕਾਰਡਿੰਗ ਨੂੰ ਦਬਾ ਲੈਣਾ ਚਾਹੁੰਦਾ ਹੈ। ਇਸ ਨੂੰ ਦੇਖ ਕੇ ਇੰਸ਼ੋਅਰੈਂਸ ਵਾਲਿਆਂ ਕੁਝ ਨਹੀਂ ਦੇਣਾ।

ਉਹ ਉਠ ਕੇ ਸੌਣ ਚਲੇ ਜਾਂਦਾ ਹੈ। ਸੁਸ਼ਮਾ ਜਾਗ ਜਾਂਦੀ ਹੈ ਤੇ ਉਠ ਕੇ ਬੈਠ ਜਾਂਦੀ ਹੈ। ਉਹ ਸਾਰੀ ਗੱਲ ਉਸ ਨੂੰ ਦਸਦਾ ਹੈ। ਸੁਸ਼ਮਾ ਇਕ ਲੰਮਾ ਸਾਹ ਲੈਂਦੀ ਹੈ ਤੇ ਪੁੱਛਦੀ ਹੈ,

"ਹੁਣ ਕੀ ਬਣੂੰ ਆਪਣਾ?"

"ਪਹਿਲੀ ਗੱਲ ਤਾਂ ਭਗਵਾਨ ਦਾ ਸ਼ੁਕਰ ਮਨਾ ਕਿ ਆਪਾਂ ਉਪਰ ਨਹੀਂ ਸਾਂ, ਨਹੀਂ ਤਾਂ ਆਪਾਂ ਵੀ ਗਏ ਸਾਂ, ਬੱਚੇ ਵੀ ਜਾਂਦੇ, ਇਹੋ ਵੱਡੀ ਗੱਲ ਐ। ਹੁਣ ਸਵੇਰੇ ਸੋਚਾਂਗੇ ਕਿ ਅਗੇ ਕੀ ਕਰਨੈ, ਅਗੇ ਕੀ ਹੋਣਾਂ।"

"ਇੰਸ਼ੋਰੈਂਸ ਤਾਂ ਹੈਗੀ?"

"ਸਭ ਕੁਸ਼ ਐ ਪਰ ਇੰਸ਼ੋਰੈਂਸ ਵਾਲੇ ਪੈਸੇ ਐਵੇਂ ਨਹੀਂ ਦੇ ਦਿੰਦੇ, ਬਹੁਤ ਸਾਰੀ ਇਨਵੈਸਟੀਗੇਸ਼ਨ ਕਰਕੇ ਦਿੰਦੇ ਆ। ਇਸ ਵੇਲੇ ਆਪਾਂ ਪੈਨੀ ਲੈੱਸ ਆਂ,... ਪੈਨੀ ਲੈੱਸ! ਕੋਈ ਪੈਨੀ ਬੈਂਕ ਵਿਚ ਨਹੀਂ, ਮੇਰੇ ਨਾਂ ਤੇ ਤਾਂ ਕੋਈ ਅਕਊਂਟ ਈ ਨਹੀਂ, ਥੋੜੇ ਬਹੁਤ ਤੇਰੇ ਤੇ ਬੱਚਿਆਂ ਦੇ ਨਾਂ ਹੋਣਗੇ। ਬਾਕੀ ਬਿਜ਼ਨਸ ਅਕਾਊਂਟ ਵਿਚ ਹੋਣਗੇ ਜਿਹੜੇ ਹੋਏ, ਉਹ ਤਾਂ ਓਨਾ ਕੁ ਓਵਰ ਡਰਾਫਟ ਹੋਏਗਾ।"

"ਸ਼ਰਮਾ ਜੀ, ਤੁਸੀਂ ਫਿਕਰ ਨਾ ਕਰੋ, ਮੇਰਾ ਕੰਮ ਚਲ ਪੈਣਾਂ, ਦੇਖਣਾਂ ਆਪਾਂ ਮੁੜ ਕੇ ਪੈਰਾਂ ਤੇ ਖੜ ਜਾਵਾਂਗੇ।"

"ਠੀਕ ਐ ਪਰ ਆਪਣੇ ਕੋਲ਼ ਤਾਂ ਕੱਲ ਨੂੰ ਘਰ ਦੀ ਸ਼ੌਪਿੰਗ ਲਈ ਵੀ ਪੈਸੇ ਨਹੀਂ, ਰਾਤ ਦੀ ਸੇਲ ਦੀ ਬੈਂਕਿੰਗ ਕਰ ਦਿਤੀ ਸੀ ਤੇ ਅਜ ਦੀ ਲੂਹ ਹੋ ਗਈ ਹੋਏਗੀ।"

"ਮੇਰੇ ਕੋਲ਼ ਹੈਗੇ, ਆਹ ਲਓ ਦੋ ਸੌ ਪੌਂਡ।"

ਸੁਸ਼ਮਾ ਉਸ ਨੂੰ ਮੇਜ਼ ਤੇ ਪਏ ਆਪਣੇ ਪਰਸ ਵਿਚੋਂ ਕੁਝ ਨੋਟ ਕੱਢ ਕੇ ਦਿੰਦੀ ਹੈ। ਵਿਜੈ ਨੂੰ ਪਤਾ ਹੈ ਕਿ ਪੇਸ਼ੀਐਂਟ ਔਰਤਾਂ ਉਸ ਕੋਲ ਆਉਂਦੀਆਂ ਰਹਿੰਦੀਆ ਹਨ ਪਰ ਕਿੰਨੀਆਂ ਕੁ ਆਉਂਦੀਆਂ ਹਨ, ਕਿੰਨੀ ਕੁ ਉਹ ਫੀਸ ਲੈਂਦੀ ਹੈ ਇਹ ਕਦੇ ਨਹੀਂ ਪੁੱਛਦਾ। ਵਿਜੈ ਖੁਸ਼ ਹੋ ਜਾਂਦਾ ਹੈ। ਪੈਸੇ ਉਸ ਦੇ ਪਰਸ ਵਿਚ ਵਾਪਸ ਪਾਉਂਦਾ ਬੋਲਦਾ ਹੈ,

"ਚਲੋ, ਕੋਈ ਤਾਂ ਆਸ ਦੀ ਕਿਰਨ ਐ, ਨਹੀਂ ਤਾਂ ਅਜ ਤਾਂ ਮੈਂ ਬਰਬਾਦ ਹੋ ਗਿਆਂ, ਮੁੜ ਕੇ ਸਭ ਕੁਸ਼ ਸ਼ੁਰੂ ਕਰਨਾ ਪਏਗਾ।"

"ਸ਼ਰਮਾ ਜੀ, ਪਹਿਲਾਂ ਤੁਸੀਂ ਇਕੱਲੇ ਸੀ ਹੁਣ ਆਪਾਂ ਦੋ ਆਂ।"

"ਲੈਟ'ਸ ਟਰਾਈ ਟੂ ਸਲੀਪ।"

ਕਹਿ ਕੇ ਵਿਜੈ ਬਿਸਤਰ ਤੇ ਲੰਮਾ ਪੈ ਜਾਂਦਾ ਹੈ। ਉਹ ਸੌਣ ਦੀ ਕਸ਼ਿਸ਼ ਕਰਦਾ ਹੈ ਪਰ ਨੀਂਦ ਨਹੀਂ ਆਉਂਦੀ। ਵੈਸੇ ਵੀ ਜਲਦੀ ਹੀ ਉਠਣ ਦਾ ਵਕਤ ਹੋਣ ਵਾਲਾ ਹੈ। ਉਹ ਮਾਨਸਿਕ ਤੌਰ ਤੇ ਬਹੁਤ ਥਕਿਆ ਹੋਇਆ ਹੈ। ਨੀਂਦ ਆਉਂਦੀ ਹੈ ਤਾਂ ਚਿਨਾਰ ਜਲ ਰਿਹਾ ਦਿਸਦਾ ਹੈ, ਲੂਹ ਹੁੰਦਾ ਮੰਗਲ ਚੀਕਾਂ ਮਾਰ ਰਿਹਾ ਸੁਣਦਾ ਹੈ। ਕਈ ਵਾਰ ਉਹ ਟੈਲੀਵੀਯਨ ਉਪਰ ਅੱਗ ਲਗਣ ਦੇ ਸੀਨ ਦੇਖਿਆ ਕਰਦਾ ਹੈ। ਜਦ ਅਗ ਲਗਦੀ ਹੈ ਤਾਂ ਇਹ ਅਜੀਬ ਕਿਸਮ ਦੀ ਸੁਰਰ ਸੁਰਰ ਵਰਗੀ ਅਵਾਜ਼ ਪੈਦਾ ਕਰਦੀ ਹੈ। ਇਹ ਅਵਾਜ਼ ਉਸ ਦੇ ਕੰਨਾਂ ਵਿਚ ਪੈ ਰਹੀ ਹੈ। ਕੁਝ ਕੁ ਝੌਂਕੇ ਨੀਂਦ ਦੇ ਲੈ ਕੇ ਉਹ ਉਠ ਖੜਦਾ ਹੈ। ਉਹ ਵੇਲੇ ਸਿਰ ਹੀ ਤਾਏ ਵਲ ਚਲੇ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਤਾਇਆ ਉਠ ਖੜਾ ਹੋਵਗਾ। ਤਾਇਆ ਬੈਠਾ ਟੈਲੀ ਦੇਖ ਰਿਹਾ ਹੈ। ਖਬਰਾਂ ਹਨ। ਚਿਨਾਰ ਦਿਖਾਇਆ ਜਾ ਰਿਹਾ ਹੈ। ਅੱਗ ਬੁਝਾਉਣ ਵਾਲੇ ਅੱਗ ਬੁਝਾ ਰਹੇ ਹਨ। ਤਾਇਆ ਉਸ ਵਲ ਸਵਾਲੀ ਨਜ਼ਰਾਂ ਨਾਲ ਦੇਖ ਰਿਹਾ ਹੈ। ਉਹ ਤਾਏ ਵਲ ਬੇਵਸੀ ਭਰੀ ਤੱਕਣੀ ਸੁੱਟਦਾ ਹੈ ਤੇ ਫਿਰ ਸਾਰੀ ਗੱਲ ਦਸਣ ਲਗਦਾ ਹੈ। ਤਾਇਆ ਕਹਿੰਦਾ ਹੈ,

"ਇਹ ਤਾਂ ਬਈ ਬਹੁਤ ਮਾੜੀ ਗੱਲ ਹੋ ਗਈ!"

"ਚਲ ਤਾਇਆ, ਉਹ ਜਾਣੇ, ਓਦਾਂ ਇੰਸ਼ੋਰੈਂਸ ਹੈਗੀ ਆ।"

"ਇਹ ਇੰਸ਼ੋਰੈਂਸ ਵਾਲੇ ਵੀ ਬਹੁਤ ਕੁੱਤੇ ਬੰਦੇ ਆ, ਲੈਣ ਵੇਲੇ ਕੁਸ਼ ਹੋਰ ਤੇ ਦੇਣ ਵੇਲੇ ਕੁਸ਼ ਹੋਰ। ਇਹਨਾਂ ਤੋਂ ਕਲੇਮ ਕਰਨਾ ਵੀ ਸੱਪ ਦੀ ਸਿਰੀ ਤੋਂ ਮਣੀ ਚੁੱਕਣ ਵਾਲੀ ਗੱਲ ਐ, ਫਾਰਮ ਬਹੁਤ ਧਿਆਨ ਨਾਲ਼ ਭਰੀਂ।"

ਵਿਜੈ ਚੁੱਪ ਰਹਿੰਦਾ ਹੈ। ਉਸ ਨੂੰ ਪਤਾ ਹੈ ਕਿ ਤਾਏ ਦਾ ਤਜਰੁਬਾ ਬੋਲ ਰਿਹਾ ਹੈ। ਫਿਰ ਉਹ ਤੇ ਤਾਇਆ ਬਰਾਈਟਨ ਨੂੰ ਤੁਰ ਪੈਂਦੇ ਹਨ। ਚਿਨਾਰ ਦੇ ਦੁਆਲੇ ਪੁਲੀਸ ਨੇ ਆਪਣੀ ਟੇਪ ਲਗਾਈ ਹੋਈ ਹੈ ਕਿ ਇਹ ਜਗਾਹ ਤਫਤੀਸ਼ ਅਧੀਨ ਹੈ। ਉਹ ਪੁਲੀਸ ਸ਼ਟੇਸ਼ਨ ਜਾਂਦੇ ਹਨ। ਉਹ ਉਹਨਾਂ ਨੂੰ ਬਹੁਤੀ ਜਾਣਕਾਰੀ ਨਹੀਂ ਦਿੰਦੇ। ਪੁਲੀਸ ਵਿਜੈ ਨੂੰ ਮੰਗਲ ਬਾਰੇ ਫਿਰ ਪੁੱਛਦੀ ਹੈ ਪਰ ਵਿਜੈ ਨੂੰ ਮੰਗਲ ਬਾਰੇ ਕੁਝ ਪਤਾ ਹੀ ਨਹੀਂ ਹੈ। ਮੰਗਲ ਦੇ ਜ਼ਾਤ ਗੋਤ ਦਾ ਵੀ ਨਹੀਂ ਪਤਾ ਜਦ ਕਿ ਇਸ ਮੁਲਕ ਵਿਚ ਹਰ ਇਨਸਾਨ ਦਾ ਇਕ ਸਰਨੇਮ ਹੁੰਦਾ ਹੈ ਮੰਗਲ ਦਾ ਕੀ ਹੈ ਵਿਜੈ ਨੂੰ ਨਹੀਂ ਪਤਾ। ਬਸ ਇੰਨਾ ਪਤਾ ਹੈ ਕਿ ਕਦੇ ਕਦੇ ਉਹ ਆਪਣੇ ਆਪ ਨੂੰ ਜੱਟ ਹੋਣ ਦੀ ਵਡਿਆਈ ਮਾਰਿਆ ਰਿਹਾ ਹੈ। ਵਿਜੈ ਕੋਲ ਉਸ ਦਾ ਪੰਦਰਾਂ ਸੌ ਪੌਂਡ ਪਿਆ ਹੈ। ਵਿਜੈ ਨੇ ਉਸ ਲਈ ਇਕ ਵੱਖਰਾ ਬੈਂਕ ਖਾਤਾ ਖੋਹਲਿਆ ਹੋਇਆ ਹੈ ਜਿਸ ਵਿਚ ਉਸ ਦੀ ਤਨਖਾਹ ਪਾਉਂਦਾ ਰਹਿੰਦਾ ਹੈ। ਹੁਣ ਤਾਂ ਵਿਜੈ ਨੂੰ ਇਹ ਵੀ ਨਹੀਂ

ਪਤਾ ਕਿ ਇਹ ਪੈਸੇ ਕਿਸ ਨੂੰ ਭੇਜੇਗਾ। ਮੰਗਲ ਆਪਣੇ ਪੈਸੇ ਕਿਸੇ ਏਜੰਟ ਰਾਹੀਂ ਭੇਜਿਆ ਰਿਹਾ ਹੈ। ਜਦੋਂ ਕਦੇ ਲੋੜ ਹੁੰਦੀ ਤਾਂ ਮੰਗਲ ਏਜੰਟ ਨੂੰ ਫੋਨ ਕਰਦਾ ਦਿੰਦਾ ਤੇ ਉਹ ਆ ਕੇ ਉਸ ਤੋਂ ਪੈਸੇ ਲੈ ਜਾਂਦਾ। ਹੁਣ ਮੰਗਲ ਦਾ ਕਮਰਾ, ਮੰਗਲ ਦੀਆਂ ਸਾਰੀਆਂ ਨਿਸ਼ਾਨੀਆਂ ਸੜ ਕੇ ਸਵਾਹ ਹੋ ਚੁੱਕੀਆਂ ਹਨ। ਵਿਜੈ ਇਹ ਪੈਸੇ ਕਿਸ ਨੂੰ ਭੇਜੇਗਾ ਇਸ ਦਾ ਕੋਈ ਨਹੀਂ ਪਤਾ।

ਸਭ ਕੁਝ ਦੇਖ ਕੇ ਤਾਇਆ ਬਹੁਤ ਦੁਖੀ ਹੁੰਦਾ ਹੈ। ਉਹ ਆਖਦਾ ਹੈ,

"ਇਕ ਤੇਰੇ ਵਲੋਂ ਈ ਮੈਂ ਖੁਸ਼ ਸੀ, ਤੇਰੇ ਵਲੋਂ ਈ ਮਨ ਨੂੰ ਲਭਾਉਂਦੀ ਹਵਾ ਆਉਂਦੀ ਸੀ ਤੇ ਤੇਰੇ ਨਾਲ ਈ ਇਹ ਸਭ ਵਾਪਰ ਗਿਆ!"

"ਤਾਇਆ, ਮੈਂ ਤਾਂ ਸਲਾਮਤ ਆਂ।"

"ਹਾਂ, ਤੂੰ ਸਲਾਮਤ ਐਂ, ਇਹੋ ਬਹੁਤ ਵੱਡੀ ਗੱਲ ਐ, ਮੈਨੂੰ ਪਤਾ ਤੂੰ ਯੋਧਾ ਐਂ, ਫੇਰ ਫਾਈਟ ਕਰ ਸਕਦਾਂ ਇਹੋ ਤਾਂ ਮੈਨੂੰ ਜੀਉਂਦੇ ਰਖਾਦਾ।"

ਵਿਜੈ ਨੂੰ ਤਾਏ ਦੇ ਮਾਣ ਤੇ ਮਾਣ ਹੁੰਦਾ ਹੈ ਤੇ ਤਾਏ ਦੇ ਮਾਣ ਰੱਖਣ ਦੇ ਹੱਕ ਤੇ ਵੀ। ਉਹ ਆਪਣੇ ਆਪ ਨੂੰ ਆਖਦਾ ਹੈ ਕਿ ਉਹ ਮੁੜ ਕੇ ਸਭ ਠੀਕ ਕਰ ਲਵੇਗਾ। ਉਹ ਹਰ ਸਥਿਤੀ ਨਾਲ ਲੜ ਸਕਦਾ ਹੈ। ਸਮਝੌਤਾ ਵੀ ਕਰ ਸਕਦਾ ਹੈ। ਤਰ੍ਹਾਂ ਤਰ੍ਹਾਂ ਦੇ ਖਿਆਲ ਉਸ ਦੇ ਮਨ ਵਿਚ ਆ ਜਾ ਰਹੇ ਹਨ। ਉਹ ਭਾਗੀ ਵਲ ਚਲੇ ਜਾਂਦਾ ਹੈ। ਭਾਗੀ ਨੂੰ ਚਿਨਾਰ ਦੇ ਜਲ੍ਹ ਜਾਣ ਦਾ ਬਹੁਤ ਦੁੱਖ ਹੈ। ਉਹ ਇਕ ਵਾਰ ਚਿਨਾਰ ਦੇਖਣਾ ਚਾਹੁੰਦੀ ਹੈ। ਉਸ ਨੂੰ ਪਤਾ ਹੈ ਕਿ ਵਿਜੈ ਆਪਣੇ ਰੈਸਟੋਰੈਂਟ ਨੂੰ ਕਿੰਨਾ ਪਿਆਰ ਕਰਦਾ ਹੈ। ਵਿਜੈ ਉਸ ਨੂੰ ਬਰਾਈਟਨ ਲੈ ਜਾਂਦਾ ਹੈ। ਹੁਣ ਉਸ ਜਗਾਹ ਤੇ ਪੁਲੀਸ ਫੱਟੇ ਲਗਾ ਦਿਤੇ ਗਏ ਹਨ। ਉਹ ਫੱਟਿਆਂ ਦੇ ਅੰਦਰ ਜਾ ਕੇ ਦੇਖਣਾ ਚਾਹੁੰਦਾ ਹੈ ਪਰ ਡਰਦਾ ਹੈ ਇਸ ਨਾਲ ਪੁਲੀਸ ਦੀ ਤਫਤੀਸ਼ ਵਿਚ ਵਿਘਨ ਪੈ ਸਕਦਾ ਹੈ। ਉਸ ਨੇ ਪੁਲੀਸ ਨੂੰ ਆਪਣੀ ਇੰਨਸ਼ੋਰੈਂਸ ਕੰਪਨੀ ਦਾ ਪਤਾ ਵੀ ਦਿਤਾ ਹੋਇਆ ਹੈ। ਉਹ ਆਪ ਵੀ ਇੰਸ਼ੋਅਰੈਂਸ ਕੰਪਨੀ ਫੋਨ ਕਰ ਦਿੰਦਾ ਹੈ ਕਿ ਉਸ ਨੂੰ ਕਲੇਮ ਫਾਰਮ ਭੇਜ ਦਿਤਾ ਜਾਵੇ ਤਾਂ ਜੋ ਆਪਣੇ ਹੋਏ ਨੁਕਸਾਨ ਦਾ ਕਲੇਮ ਭਰ ਸਕੇ। ਭਾਗੀ ਚਿਨਾਰ ਵਲ ਦੇਖਦੀ ਰੋਣ ਲਗਦੀ ਹੈ। ਵਿਜੈ ਦਾ ਵੀ ਰੋਣ ਨਿਕਲ ਜਾਂਦਾ ਹੈ। ਭਾਗੀ ਉਸ ਨੂੰ ਬਾਹਾਂ ਵਿਚ ਲੈ ਲੈਂਦੀ ਹੈ ਤੇ ਉਸ ਦੀਆਂ ਅੱਖਾਂ ਚੁੰਮਣ ਲਗਦੀ ਹੈ। ਉਹ ਭਾਗੀ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ। ਉਸ ਨੂੰ ਲਗਦਾ ਹੈ ਜਿਵੇਂ ਭਾਗੀ ਉਸ ਦਾ ਦੁੱਖ ਹਰ ਰਹੀ ਹੋਵੇ। ਉਸ ਨੂੰ ਇਸ ਵੇਲੇ ਭਾਗੀ ਮਾਂ ਵੀ ਲਗਦੀ ਹੈ, ਭੈਣ ਵੀ ਤੇ ਦੋਸਤ ਵੀ। ਬਰਾਈਟਨ ਤੋਂ ਵਾਪਸ ਜਦੋਂ ਉਹ ਭਾਗੀ ਨੂੰ ਉਸ ਦੇ ਘਰ ਉਤਾਰਨ ਜਾਂਦਾ ਹੈ ਤਾਂ ਭਾਗੀ ਉਸ ਨੂੰ ਅੰਦਰ ਆਉਣ ਲਈ ਮਜਬੂਰ ਕਰਦੀ ਹੈ। ਉਹ ਵਿਜੈ ਨੂੰ ਇਕੱਲਾ ਨਹੀਂ ਛੱਡਣਾ ਚਾਹੁੰਦੀ। ਵਿਜੈ ਮਨ ਹੀ ਮਨ ਸੋਚਦਾ ਹੈ ਕਿ ਸੁਸ਼ਮਾ ਵਿਚ ਇਹ ਗੁਣ ਕਿਉਂ ਨਹੀਂ ਹੈ। ਸੁਸ਼ਮਾ ਨੂੰ ਕਦੇ ਸਮਝ ਹੀ ਨਹੀਂ ਲਗਿਆ ਕਿ ਰੈਸਟੋਰੈਂਟ ਉਹਨਾਂ ਲਈ ਕਿੰਨਾ ਮਹੱਤਵਪੂਰਨ ਹੈ। ਉਹ ਭਾਗੀ ਕੋਲ ਘੰਟਾ ਕੁ ਬੈਠਦਾ ਹੈ। ਬੀਅਰ ਦਾ ਡੱਬਾ ਪੀਂਦਾ ਹੈ। ਭਾਗੀ ਕਹਿੰਦੀ ਹੈ,

"ਵਿਜੈ, ਭੁੱਲ ਜਾਹ ਸਭ ਕੁਸ਼, ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰ।"

"ਹਾਂ, ਭਾਗੀ ਕਰਾਂਗਾ, ਜ਼ਰਾ ਇਸ ਗਮ ਵਿਚੋਂ ਉਭਰ ਲਵਾਂ, ਬਹੁਤੀ ਦੇਰ ਨਹੀਂ ਲਗੇਗੀ।"

ਉਹ ਚਿਨਾਰ ਵਾਲੀ ਕਹਾਣੀ ਨੂੰ ਬੀਤੇ ਦਾ ਹਿੱਸਾ ਬਣਾ ਕੇ ਨਵੇਂ ਰਾਹ ਤੇ ਤੁਰਨ ਬਾਰੇ ਸੋਚਦਾ ਹੈ ਉਸ ਨੂੰ ਪਤਾ ਹੈ ਕਿ ਉਹ ਇਵੇਂ ਕਰ ਵੀ ਲਵੇਗਾ। ਉਹ ਆਪਣੇ ਆਪ ਨੂੰ ਆਖਦਾ ਹੈ ਕਿ ਚਿਨਾਰ ਇਕ ਸੁਫਨਾ ਸੀ, ਰਾਤ ਗਈ ਸੁਫਨਾ ਟੁੱਟ ਗਿਆ। ਗੱਲ ਖਤਮ।

ਦਿਨ ਲੰਘਣ ਲਗਦੇ ਹਨ। ਹੌਲੀ ਹੌਲੀ ਉਸ ਦੇ ਕੰਨਾਂ ਵਿਚ ਅੱਗ ਜਲਣ ਦੀ ਜਿਹੜੀ ਸਰਰ ਸਰਰ ਹੋ ਰਹੀ ਸੀ ਘਟਣ ਲਗਦੀ ਹੈ। ਉਹ ਦੋਨਾਂ ਬੱਚਿਆਂ ਨੂੰ ਨਰਸਰੀ ਛੱਡਣ ਦੀ ਤੇ ਲੈਣ ਦੀ ਡਿਊਟੀ ਸੰਭਾਲ ਲੈਂਦਾ ਹੈ। ਉਹ ਆਪ ਸੁਸ਼ਮਾ ਦੇ ਕੰਮ ਨੂੰ ਹੋਰ ਐਡਰਵਰਟਾਈਜ਼ ਕਰਨ ਲਈ ਸੋਚਣ ਲਗਦਾ ਹੈ। ਲੋਕਲ ਪਰੈੱਸ ਵਿਚ ਵੀ ਮਸ਼ਹੂਰੀ ਲਗਵਾਉਂਦਾ ਹੈ ਤੇ ਲੋਕਲ ਰੇਡੀਓ ਤੇ ਵੀ ਐਡਜ਼ ਦਿੰਦਾ ਹੈ। ਸੁਸ਼ਮਾ ਦਾ ਕੰਮ ਵਧਣ ਲਗਦਾ ਹੈ। ਕਿੰਨਾ ਕੁ ਵਧਿਆ ਹੈ ਇਸ ਬਾਰੇ ਉਸ ਨੂੰ ਚਿੰਤਾ ਨਹੀਂ ਹੈ। ਉਸ ਨੂੰ ਚਿੰਤਾ ਹੈ ਕਿ ਉਸ ਕੋਲ ਕਰਨ ਨੂੰ ਕੁਝ ਨਹੀਂ ਹੈ। ਉਹ ਘਰ ਦੇ ਛੋਟੇ ਛੋਟੇ ਕੰਮ ਕਰਨ ਲਗਦਾ ਹੈ। ਸੁਸ਼ਮਾ ਨੂੰ ਪਹਿਲਾਂ ਹੀ ਘਰ ਦੇ ਕਿਸੇ ਕੰਮ ਵਿਚ ਦਿਲਚਸਪੀ ਨਹੀਂ ਹੈ, ਹੁਣ ਵਿਜੈ ਘਰ ਹੈ ਤਾਂ ਉਹ ਸਾਰੇ ਕੰਮ ਛੱਡ ਬੈਠੀ ਹੈ। ਬੱਚਿਆਂ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਵੀ ਵਿਜੈ ਦੇ ਸਿਰ ਆ ਪੈਂਦੀ ਹੈ ਪਰ ਉਹ ਨੂੰ ਇਹ ਕੰਮ ਚੰਗਾ ਲਗਦਾ ਹੈ। ਉਹ ਉਹਨਾਂ ਦੇ ਕਪੜੇ ਮਸ਼ੀਨ ਵਿਚ ਪਾਉਂਦਾ ਹੈ, ਕਪੜੇ ਪਰੈੱਸ ਕਰਦਾ ਹੈ। ਉਹਨਾਂ ਨੂੰ ਸੀਰੀਅਲ ਖਵਾਉਂਦਾ ਹੈ। ਸਕੂਲ ਤੋਂ ਵਾਪਸ ਲਿਆ ਕੇ ਉਹਨਾਂ ਦੇ ਕਪੜੇ ਬਦਲਦਾ ਹੈ। ਕੁਝ ਖਾਣ ਨੂੰ ਦਿੰਦਾ ਹੈ। ਫਿਰ ਕਿਧਰੇ ਬਾਹਰ ਘੁੰਮਾਉਣ ਨਿਕਲ ਜਾਂਦਾ ਹੈ। ਜੇ ਮੌਸਮ ਸੁਹਣਾ ਹੋਵੇ ਤਾਂ ਬੀਚ ਵਲ ਜਾਂ ਫਿਰ ਕਿਸੇ ਪਾਰਕ ਵਲ। ਨਹੀਂ ਤਾਂ ਉਵੇਂ ਹੀ ਕਾਰ ਵਿਚ ਇਕ ਗੇੜਾ ਲਵਾ ਦਿੰਦਾ ਹੈ। ਮੰਦਿਰ ਜਾਵੇ ਤਾਂ ਉਹਨਾਂ ਨੂੰ ਨਾਲ ਲੈ ਜਾਂਦਾ ਹੈ। ਬੱਚੇ ਵੀ ਹਰ ਵੇਲੇ ਉਸ ਦੇ ਸਾਥ ਵਿਚ ਖੁਸ਼ ਹਨ। ਸੁਸ਼ਮਾ ਨਾਲੋਂ ਉਸ ਦੇ ਵਧੇਰੇ ਨੇੜੇ ਹੋ ਰਹੇ ਹਨ। ਘਰ ਵਿਚ ਸੁਸ਼ਮਾ ਤਾਂ ਹੁਣ ਸਿਰਫ ਖਾਣਾ ਬਣਾਉਂਦੀ ਹੈ। ਜੇ ਹਿਕਮਤ ਦਾ ਕੋਈ ਕੰਮ ਹੋਵੇ ਤਾਂ ਠੀਕ ਹੈ ਨਹੀਂ ਤਾਂ ਟੈਲੀ ਤੇ ਹਿੰਦੀ ਦੇ ਸੀਰੀਅਲ ਦੇਖਦੀ ਰਹਿੰਦੀ ਹੈ। ਘਰ ਦੇ ਕੰਮ ਲਈ ਵਿਜੈ ਮੰਦਿਰ ਵਿਚੋਂ ਇਕ ਔਰਤ ਲੈ ਆਉਂਦਾ ਹੈ। ਜਿਸ ਨੂੰ ਵਾਜਬ ਜਿਹੇ ਪੈਸੇ ਦੇ ਕੇ ਘਰ ਦੀ ਸਫਾਈ ਕਰਾ ਸਕੇ। ਚੰਨੀ ਨਾਂ ਦੀ ਇਹ ਔਰਤ ਸਵੇਰੇ ਤਿੰਨ ਚਾਰ ਘੰਟੇ ਉਹਨਾਂ ਦੇ ਘਰ ਲਾ ਜਾਇਆ ਕਰਦੀ ਹੈ। ਸਵੇਰੇ ਸਾਰੇ

ਘਰ ਵਿਚ ਹੂਵਰ ਆਦਿ ਕਰਨਾ, ਕਪੜੇ ਮਸ਼ੀਨ ਵਿਚ ਪਾਉਣੇ ਤੇ ਫਿਰ ਪਰੈੱਸ ਕਰ ਦੇਣੇ। ਕਈ ਵਾਰ ਉਹ ਸੁਸ਼ਮਾ ਨਾਲ ਦਵਾਈ ਵੀ ਤਿਆਰ ਕਰਾਉਣ ਲਗਦੀ ਹੈ।

## ਉਨੀ

ਪੁਲੀਸ ਦੀ ਤਫਤੀਸ਼ ਹਾਲੇ ਵੀ ਪੂਰੀ ਨਹੀਂ ਹੋ ਰਹੀ। ਇੰਸ਼ੋਅਰੈਂਸ ਵਾਲੇ ਆਪਣੇ ਤੌਰ ਤੇ ਅਲੱਗ ਜਾਂਚ ਪੜਤਾਲ ਕਰ ਰਹੇ ਹਨ। ਦੂਜੇ ਪਾਸੇ ਲੈਂਡ ਲੌਰਡ ਕਹਿ ਰਿਹਾ ਹੈ ਕਿ ਰੈਸਟੋਰੈਂਟ ਨੂੰ ਅੱਗ ਲਗ ਗਈ ਤਾਂ ਇਹ ਵੱਖਰੀ ਗੱਲ ਹੈ ਪਰ ਉਸ ਦਾ ਕਿਰਾਇਆ ਹਾਲੇ ਵੀ ਖੜਾ ਹੈ। ਉਹ ਆਪਣੇ ਕਿਰਾਏ ਲਈ ਵਿਜੈ ਨੂੰ ਨੋਟਿਸ ਭਿਜਵਾ ਰਿਹਾ ਹੈ। ਬੈਂਕ ਵਾਲੇ ਆਪਣਾ ਓਵਰ ਡਰਾਫਟ ਵਾਪਸ ਮੰਗ ਰਹੇ ਹਨ। ਪੁਲੀਸ ਵਾਲੇ ਮੰਗਲ ਦਾ ਪੂਰਾ ਅਤਾ ਪਤਾ ਮੰਗ ਰਹੇ ਹਨ ਪਰ ਉਸ ਕੋਲ ਕੁਝ ਵੀ ਨਹੀਂ ਹੈ। ਇੰਸ਼ੋਅਰੈਂਸ ਵਾਲੇ ਵੀ ਮਰਨ ਵਾਲੇ ਬਾਰੇ ਹੋਰ ਜਾਣਕਾਰੀ ਚਾਹੁੰਦੇ ਹਨ ਪਰ ਵਿਜੈ ਪਾਸ ਨਹੀਂ ਹੈ। ਵਿਜੈ ਇਹ ਕਹਿੰਦਾ ਜਾ ਰਿਹਾ ਹੈ ਕਿ ਮੰਗਲ ਇਕ ਆਰਜ਼ੀ ਕਾਮਾ ਸੀ, ਇਸ ਲਈ ਉਸ ਦੇ ਬਹੁਤੇ ਡਿਟੇਲ ਜਾਨਣ ਦੀ ਉਸ ਨੇ ਜ਼ਰੂਰਤ ਨਹੀਂ ਸਮਝੀ ਪਰ ਕਿਸੇ ਦੀ ਇਸ ਗੱਲ ਨਾਲ ਤਸੱਲੀ ਨਹੀਂ ਹੋ ਰਹੀ। ਗਵਾਹਾਂ ਤੋਂ ਸਾਬਤ ਹੋ ਰਿਹਾ ਕਿ ਮੰਗਲ ਦੀ ਗਲਤੀ ਨਾਲ ਅੱਗ ਲਗੀ ਹੈ ਪਰ ਆਪਣੇ ਸਟਾਫ ਬਾਰੇ ਜਾਣਕਾਰੀ ਰੱਖਣੀ ਵਿਜੈ ਦਾ ਫਰਜ਼ ਹੈ। ਜੇ ਮੰਗਲ ਹਰ ਰੋਜ਼ ਸ਼ਰਾਬ ਪੀਂਦਾ ਸੀ ਤਾਂ ਉਸ ਨੂੰ ਕੰਮ ਤੇ ਕਿਉਂ ਰੱਖਿਆ ਹੋਇਆ ਸੀ। ਸਟਾਫ ਦੀ ਗਲਤੀ ਨਾਲ ਅੱਗ ਲਗਣ ਦਾ ਮਤਲਬ ਕਿ ਵਿਜੈ ਦੀ ਜ਼ਿਮੇਵਾਰੀ ਵਧਦੀ ਹੈ। ਇੰਸ਼ੋਅਰੈਂਸ ਵਾਲੇ ਪੈਸੇ ਦੇਣ ਤੋਂ ਇਨਕਾਰੀ ਹੋਣ ਦੇ ਬਹਾਨੇ ਬਣਾ ਰਹੇ ਹਨ। ਵਿਜੈ ਨੂੰ ਲਗਦਾ ਹੈ ਕਿ ਇਹਨਾਂ ਤੋਂ ਪੈਸੇ ਲੈਣ ਲਈ ਕੋਰਟ ਵਿਚ ਜਾਣਾ ਪਵੇਗਾ। ਉਹ ਚਾਹੁੰਦਾ ਹੈ ਕਿ ਪਹਿਲਾਂ ਪੁਲੀਸ ਨਾਲ ਨਿਬੜ ਲਵੇ ਇੰਸ਼ੋਅਰੈਨਸ ਨਾਲ ਬਾਅਦ ਵਿਚ ਦੇਖੇਗਾ। ਵਿਜੈ ਨੂੰ ਉਸ ਵਕਤ ਕੁਝ ਕੁ ਰਾਹਤ ਮਿਲਦੀ ਹੈ ਜਦ ਕੌਰਨਰ ਵਾਲਿਆਂ ਦਾ ਦਫਤਰ ਜਿਸ ਨੇ ਕਿਸੇ ਮਿਰਤਕ ਵਿਅਕਤੀ ਦੀ ਮੌਤ ਦੇ ਕਾਰਨਾਂ ਦਾ ਫੈਸਲਾ ਕਰਨਾ ਹੁੰਦਾ ਹੈ ਫੈਸਲਾ ਦਿੰਦਾ ਹੈ ਕਿ ਮੰਗਲ ਦੀ ਮੌਤ ਇਕ ਐਕਸੀਡੈਂਟਲ ਮੌਤ ਹੈ ਇਸ ਵਿਚ ਕਿਸੇ ਦਾ ਕਸੂਰ ਨਹੀਂ।

ਰੈਸਟੋਰੈਂਟ ਦਾ ਲੈਂਡ ਲੌਰਡ ਦੇਖਦਾ ਹੈ ਕਿ ਵਿਜੈ ਦੇ ਕੋਲ ਹੁਣ ਕੁਝ ਵੀ ਨਹੀਂ ਬਚਿਆ। ਨਾ ਕੋਈ ਕੈਸ਼ ਤੇ ਨਾ ਹੀ ਕੋਈ ਜਾਇਦਾਦ। ਮੰਗਲ ਵਾਲੇ ਪੰਦਰਾਂ ਸੌ ਉਹ ਪਹਿਲਾਂ ਹੀ ਕਢਵਾ ਲੈਂਦਾ ਹੈ। ਜਿਸ ਘਰ ਵਿਚ ਉਹ ਰਹਿੰਦਾ ਹੈ ਉਹ ਵੀ ਉਸ ਦਾ ਨਹੀਂ ਹੈ ਤਾਂ ਲੈਂਡ ਲੌਰਡ ਉਸ ਨਾਲ ਸਮਝੌਤਾ ਕਰ ਲੈਂਦਾ ਹੈ। ਇੰਸ਼ੋਅਰੈਂਸ ਵਾਲੇ ਵੀ ਇਮਾਰਤ ਨੂੰ ਹੋਏ ਨੁਕਸਾਨ ਨੂੰ ਦੇਣਾ ਤਾਂ ਮੰਨ ਲੈਂਦੇ ਹਨ ਪਰ ਇਸ ਦਾ ਵਿਜੈ ਨੂੰ ਕੋਈ ਫਾਇਦਾ ਨਹੀਂ ਹੈ। ਇਮਾਰਤ ਤਾਂ ਲੈਂਡ ਲੌਰਡ ਦੀ ਹੈ। ਵਿਜੈ ਨੂੰ ਆਪਣੇ ਕਾਰੋਬਾਰ ਵਿਚ ਪਏ ਘਾਟੇ ਦਾ ਕਲੇਮ ਚਾਹੀਦਾ ਹੈ, ਜਾਂ ਫਿਰ ਅੱਗ ਵਿਚ ਸੜੇ ਆਪਣੇ ਸਮਾਨ ਦਾ ਕਲੇਮ। ਵਿਜੈ ਇਕ ਵਕੀਲ ਨੂੰ ਮਿਲ ਕੇ ਇੰਸੋਅਰੈਂਸ ਕੰਪਨੀ ਤੇ ਕੇਸ ਕਰ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਇਹ ਇਕ ਲੰਮਾ ਸਿਲਸਿਲਾ ਹੈ। ਸ਼ਾਇਦ ਕੁਝ ਮਿਲੇ ਵੀ ਜਾਂ ਨਾ ਮਿਲੇ।

ਇਕ ਦਿਨ ਦੋ ਬੰਦੇ ਵਿਜੈ ਦਾ ਦਰਵਾਜ਼ਾ ਆ ਖੜਕਾਉਂਦੇ ਹਨ। ਇਕ ਆਦਮੀ ਦੂਜੇ ਵਲ ਇਸ਼ਾਰਾ ਕਰਕੇ ਆਖਦਾ ਹੈ,

"ਇਹ ਮੰਗਲ ਦਾ ਭਰਾ ਐ।"

ਵਿਜੈ ਸੋਚਦਾ ਹੈ ਕਿ ਸ਼ਾਇਦ ਇਹ ਲੋਕ ਮੰਗਲ ਦੇ ਫਿਊਨਰਲ ਦੇ ਇੰਤਜ਼ਾਮ ਬਾਰੇ ਗੱਲ ਕਰਨ ਆਏ ਹੋਣਗੇ ਕਿਉਂਕਿ ਹੁਣ ਸਾਰੀਆਂ ਕਾਰਵਾਈਆਂ ਪੂਰੀਆਂ ਹੋ ਗਈਆਂ ਹਨ ਤੇ ਮੰਗਲ ਦਾ ਸ਼ਰੀਰ ਆਖਰੀ ਕਿਰਿਆ ਕਰਮ ਲਈ ਉਪਲਭਧ ਹੈ। ਵਿਜੈ ਪਹਿਲਾਂ ਹੀ ਸੋਚ ਰਿਹਾ ਹੈ ਕਿ ਕਿਸ ਨੂੰ ਸਪੰਰਕ ਕਰੇ ਕਿ ਮੰਗਲ ਦੀ ਦੇਹ ਕਿਸੇ ਜਾਨਸ਼ੀਨ ਨੂੰ ਸੌਂਪ ਸਕੇ। ਇਹ ਚੰਗਾ ਹੋਇਆ ਕਿ ਇਹ ਆਪ ਚੱਲ ਕੇ ਆ ਗਏ ਹਨ। ਵਿਜੈ ਉਹਨਾਂ ਨਾਲ ਮੰਗਲ ਦਾ ਅਫਸੋਸ ਕਰਦਾ ਹੈ। ਹੈਰਾਨੀ ਵੀ ਪਰਗਟ ਕਰਦਾ ਹੈ ਕਿ ਤਿੰਨ ਸਾਲ ਤਕ ਮੰਗਲ ਨੂੰ ਕੋਈ ਮਿਲਣ ਤਕ ਨਹੀਂ ਆਇਆ ਤੇ ਨਾ ਹੀ ਮੰਗਲ ਨੇ ਕਿਸੇ ਬਾਰੇ ਕੋਈ ਗੱਲ ਕੀਤੀ ਹੈ। ਉਹ ਆਦਮੀ ਫਿਰ ਆਖਦਾ ਹੈ,

"ਤੁਸੀਂ ਮੰਗਲ ਦਾ ਸਾਰਾ ਹਿਸਾਬ ਕਿਤਾਬ ਕਰ ਦਿਓ।"

ਵਿਜੈ ਨੂੰ ਉਹਨਾਂ ਦੀ ਗੱਲ ਹਜ਼ਮ ਨਹੀਂ ਹੋ ਰਹੀ। ਉਹ ਕਹਿੰਦਾ ਹੈ,

"ਹਿਸਾਬ ਕਿਤਾਬ ਦੀ ਗੱਲ ਤਾਂ ਬਾਅਦ ਵਿਚ ਕਰਦੇ ਆਂ ਪਹਿਲਾਂ ਤਾਂ ਤੁਸੀਂ ਉਸ ਦੀ ਬੌਡੀ ਸੰਭਾਲੋ ਤੇ ਫਿਊਂਨਰਲ ਦੀ ਤਿਆਰੀ ਕਰੋ।"

"ਫਿਊਨਰਲ ਹੋਇਆ ਨਹੀਂ ਅਜੇ?"

"ਬਾਲੀ ਵਾਰਸ ਤੁਸੀਂ ਓ ਤੇ ਤੁਹਾਡੇ ਬਿਨਾਂ ਫਿਊਨਰਲ ਕਿੱਦਾਂ ਹੋ ਜਾਏਗਾ! ਤੁਹਾਡੇ ਬਿਨਾਂ ਕੌਣ ਲਏਗਾ ਇਹ ਜ਼ਿੰਮੇਵਾਰੀ?"

"ਤੁਹਾਡੇ ਕੋਲ ਕੰਮ ਕੀਤਾ ਇੰਨੇ ਸਾਲ, ਇਹ ਕੰਮ ਵੀ ਤਾਂ ਤੁਸੀਂ ਈ ਕਰੋਂਗੇ।"

“ਮੈਂ ਇਹ ਕੰਮ ਕਿਉਂ ਕਰਾਂ ਬਈ, ਮੈਂ ਉਹਦਾ ਕੋਈ ਰਿਸ਼ਤੇਦਾਰ ਤਾਂ ਨਹੀਂ, ਤੁਸੀਂ ਉਸ ਦਾ ਹਿਸਾਬ ਮੰਗਣ ਤਾਂ ਆ ਗਏ ਓ ਪਰ ਸਸਕਾਰ ਤੋਂ ਇਨਕਾਰੀ ਓ, ਬੜੀ ਅਜੀਬ ਗੱਲ ਐ ਭਾਈ ਸਾਹਿਬ!”

“ਤੁਸੀਂ ਉਸ ਦੇ ਜਿੰਨੇ ਪੈਸੇ ਬਣਦੇ ਆ ਸਾਨੂੰ ਫੜਾਓ, ਬਹੁਤੀਆਂ ਕਹਾਣੀਆਂ ਨਾ ਪਾਓ।”

“ਏਦਾਂ ਤਾਂ ਜਿਹਦਾ ਦਿਲ ਕਰੇਗਾ ਮੂੰਹ ਚੁੱਕ ਕੇ ਮੰਗਲ ਦਾ ਹਿਸਾਬ ਮੰਗਣ ਆ ਜਾਵੇਗਾ। ਦੇਖੋ, ਮੇਰੇ ਕੋਲ ਮੰਗਲ ਦਾ ਪੰਦਰਾਂ ਸੌ ਪੌਂਡ ਪਿਐ ਪਰ ਦੋ ਹਜ਼ਾਰ ਫਿਊਨਰਲ ਵਾਲੇ ਮੰਗਦੇ ਆ, ਸੋ ਪੰਜ ਸੌ ਘਟਦੇ ਆ ਇਹਦਾ ਇੰਤਜ਼ਾਮ ਤੁਸੀ ਕਰੋ।”

ਉਹ ਦੋਵੇਂ ਇਕ ਦੂਜੇ ਵਲ ਦੇਖਣ ਲਗਦੇ ਹਨ। ਫਿਰ ਹੌਲੀ ਹੌਲੀ ਪੈਰ ਮਲ਼ਦੇ ਬਾਹਰ ਤੁਰਨ ਲਗਦੇ ਹਨ। ਵਿਜੈ ਪੁੱਛਦਾ ਹੈ,

“ਤੁਸੀਂ ਫਿਊਨਰਲ ਦੀ ਡੇਟ ਨਹੀਂ ਜਾਨਣਾ ਚਾਹੋਂਗੇ?”

ਉਹ ਕੁਝ ਨਹੀਂ ਬੋਲਦੇ। ਥੋੜੀ ਦੂਰ ਜਾ ਕੇ ਇਕ ਜਾਣਾ ਕਹਿੰਦਾ ਹੈ,

“ਇਹ ਬ੍ਰਾਮਣ ਤਾਂ ਬਈ ਬਹੁਤਾ ਈ ਤੇਜ਼ ਵਗਦਾ!”

ਫਿਊਨਰਲ ਦੀ ਤਰੀਕ ਰੱਖ ਕੇ ਵਿਜੈ ਮੰਗਲ ਦਾ ਸਸਕਾਰ ਕਰ ਦਿੰਦਾ ਹੈ। ਸਸਕਾਰ ਤੇ ਬਹੁਤੇ ਬੰਦੇ ਨਹੀਂ ਹੁੰਦੇ। ਸੱਨੀ, ਚਰਨ ਤੇ ਸਤਨਾਮ ਹੀ ਹਨ। ਬਾਕੀ ਵਿਜੈ ਦੇ ਜਾਨਣ ਵਾਲੇ ਹਨ। ਬਾਅਦ ਵਿਚ ਵਿਜੈ ਗੁਰਦਵਾਰੇ ਜਾ ਕੇ ਮੰਗਲ ਦੇ ਨਾਂ ਦਾ ਭੋਗ ਵੀ ਪਵਾ ਦਿੰਦਾ ਹੈ। ਸਤਨਾਮ ਵਿਜੈ ਨੂੰ ਇਕ ਆਦਮੀ ਮਿਲਾਉਂਦਾ ਹੋਇਆ ਬੋਲਦਾ ਹੈ,

“ਭਾਜੀ, ਇਹ ਸਰਬਣ ਸਿੰਘ ਐ, ਮੰਗਲ ਇਹਦੇ ਰਾਹੀਂ ਈ ਪੈਸੇ ਭੇਜਿਆ ਕਰਦਾ ਸੀ।”

ਵਿਜੈ ਉਸ ਨਾਲ ਮੰਗਲ ਦੀ ਮੌਤ ਦਾ ਦੁੱਖ ਸਾਂਝਾ ਕਰਦਾ ਹੈ। ਤੇ ਆਖਦਾ ਹੈ,

“ਤੁਸੀਂ ਮੈਨੂੰ ਉਸ ਦੇ ਪਰਿਵਾਰ ਦਾ ਪਤਾ ਦੇ ਸਕਦੇ ਓ?”

“ਮੈਨੂੰ ਪੈਸੇ ਦੇ ਦਿਓ, ਮੈਂ ਭੇਜ ਦੇਵਾਂਗਾ।”

“ਕਿਹੜੇ ਪੈਸੇ?”

“ਮੈਂ ਸੁਣਿਆਂ ਕਿ ਮੰਗਲ ਦੇ ਤੁਹਾਡੇ ਕੋਲ ਪੰਦਰਾਂ ਸੌ ਪੌਂਡ ਪਏ ਆ।”

“ਆਹ ਫਿਊਨਰਲ ਦਾ ਖਰਚਾ ਦੋ ਹਜ਼ਾਰ ਪੌਂਡ ਐ ਇਹ ਕੌਣ ਦੇਵੇਗਾ?”

ਵਿਜੈ ਥੋੜਾ ਖਿਝ ਕੇ ਆਖਦਾ ਹੈ। ਉਹ ਵਿਅਕਤੀ ਚੁੱਪ ਕਰ ਜਾਂਦਾ ਹੈ। ਵਿਜੈ ਫਿਰ ਆਖਦਾ ਹੈ,

“ਤੁਸੀਂ ਮੈਨੂੰ ਉਹਦੇ ਘਰ ਦਾ ਐਡਰਸ ਦੇ ਦੇਵੋਂ ਤਾਂ ਮੈਂ ਅਸਥੀਆਂ ਭੇਜਣ ਦਾ ਇੰਤਜ਼ਾਮ ਕਰ ਦੇਵਾਂਗਾ।”

ਉਹ ਵਿਜੈ ਨੂੰ ਅਣਮੰਨੇ ਮਨ ਨਾਲ ਮੰਗਲ ਦੀ ਪਤਨੀ ਦਾ ਸਿਰਨਾਵਾਂ ਦਸ ਦਿੰਦਾ ਹੈ। ਵਿਜੈ ਸੋਚਦਾ ਹੈ ਕਿ ਪਤਾ ਨਹੀਂ ਇਹ ਪਤਾ ਠੀਕ ਹੋਵੇ ਜਾਂ ਗਲਤ। ਉਹ ਸੋਚ ਰਿਹਾ ਹੈ ਕਿ ਜਦ ਵੀ ਪੰਦਰਾਂ ਸੌ ਪੌਂਡ ਹੋਣਗੇ ਤਾਂ ਭੇਜ ਵੀ ਦੇਵੇਗਾ ਪਰ ਹਾਲੇ ਤਾਂ ਉਹ ਖੁਦ ਹੀ ਅਵਾਜ਼ਾਰ ਬੈਠਾ ਹੈ। ਮੰਗਲ ਦੇ ਸਸਕਾਰ ਤੋਂ ਬਾਅਦ ਵਿਜੈ ਨੂੰ ਲਗਦਾ ਹੈ ਜਿਵੇਂ ਕੋਈ ਬੋਝ ਉਸ ਦੇ ਸਿਰ ਤੋਂ ਲਹਿ ਗਿਆ ਹੋਵੇ। ਉਸ ਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਮੰਗਲ ਦਾ ਕੋਈ ਵੀ ਰਿਸ਼ਤੇਦਾਰ ਜਾਂ ਪਰਿਵਾਰ ਦਾ ਬੰਦਾ ਇਸ ਸਮੇਂ ਹਾਜ਼ਰ ਨਹੀਂ ਹੋਇਆ। ਇਹ ਵੀ ਨਹੀਂ ਪਤਾ ਕਿ ਉਸ ਦੀ ਪਤਨੀ ਨੂੰ ਉਸ ਦੀ ਮੌਤ ਦਾ ਪਤਾ ਵੀ ਹੈ ਜਾਂ ਨਹੀਂ। ਵਿਜੈ ਮੰਗਲ ਦੀ ਪਤਨੀ ਨੂੰ ਖਤ ਲਿਖ ਕੇ ਉਸ ਦੀ ਮੌਤ ਦੀ ਸਾਰੀ ਕਹਾਣੀ ਦਸਦਾ ਹੈ ਤੇ ਇਹ ਵੀ ਲਿਖਦਾ ਹੈ ਕਿ ਜਲਦੀ ਹੀ ਉਹ ਉਸ ਦੇ ਅਸਤ ਉਸ ਨੂੰ ਭੇਜ ਦੇਵੇਗਾ। ਮੰਗਲ ਦੀ ਪਤਨੀ ਦੀ ਚਿੱਠੀ ਉਸ ਨੂੰ ਆ ਜਾਂਦੀ ਹੈ। ਉਹ ਵੀ ਪੰਦਰਾਂ ਸੌ ਪੌਂਡ ਦੀ ਗੱਲ ਕਰਦੀ ਹੈ। ਵਿਜੈ ਸੋਚ ਰਿਹਾ ਹੈ ਕਿ ਕਿਤੇ ਨਾ ਕਿਤੇ ਸਾਂਝੀ ਤਾਰ ਹੈ ਜੋ ਇਸ ਮੰਗ ਨੂੰ ਰਹਿ ਰਹਿ ਕੇ ਜੋੜ ਰਹੀ ਹੈ। ਉਹ ਉਸ ਦੀ ਪਤਨੀ ਨੂੰ ਅਸਤ ਤੇ ਸਸਕਾਰ ਤੇ ਹੋਏ ਖਰਚ ਦੀ ਰਸੀਦ ਭੇਜ ਦਿੰਦਾ ਹੈ। ਮੁੜ ਕੇ ਪਤਨੀ ਦੀ ਕੋਈ ਚਿੱਠੀ ਨਹੀਂ ਆਉਂਦੀ।

ਵਿਜੈ ਮੁੜ ਆਪਣੀ ਜ਼ਿੰਦਗੀ ਵਿਚ ਵਿਚਰਨ ਲਗਦਾ ਹੈ। ਵਿਹਲਾ ਰਹਿਣਾ ਉਸ ਨੂੰ ਬਹੁਤ ਬੁਰਾ ਲਗਦਾ ਹੈ। ਵਕਤ ਲੰਘਾਉਣਾ ਮੁਸ਼ਕਲ ਪੈ ਰਿਹਾ ਹੈ। ਉਹ ਰੋਹਨ ਤੇ ਵਿਧੀ ਨੂੰ ਸਕੂਲ ਛੱਡ ਕੇ ਤਾਏ ਵਲ ਚਲੇ ਜਾਂਦਾ ਹੈ। ਉਸ ਦਾ ਕਿਰਾਇਆ ਇਕੱਠਾ ਕਰ ਦਿੰਦਾ ਹੈ। ਕਈ ਵਾਰ ਨੌਕਰੀ ਦੀ ਤਲਾਸ਼ ਵਿਚ ਵੀ ਨਿਕਲ ਜਾਂਦਾ ਹੈ। ਸੁਸ਼ਮਾ ਕਹਿਣ ਲਗਦੀ ਹੈ,

“ਸ਼ਰਮਾ ਜੀ, ਤੁਸੀਂ ਘਰ ਸੰਭਾਲੋ, ਕੰਮ ਮੈਂ ਕਰੀ ਜਾਣਾ, ਥੋੜਾ ਨਾਂ ਬਣ ਜਾਵੇ ਸਭ ਠੀਕ ਹੋ ਜਾਣਾਂ। ਜੇ ਹੋ ਸਕੇ ਤਾਂ ਕਿਤੇ ਹਾਈ ਸਰਟੀਟ ਤੇ ਦੁਕਾਨ ਲੈ ਦੇਵੋ ਮੈਨੂੰ।”

“ਓਵਰ ਹੈਡਜ਼ ਵਧ ਜਾਣਗੇ, ਹਾਲੇ ਏਦਾਂ ਈ ਕੰਮ ਚਲਾ, ਹੁਣ ਆਪਾਂ ਇਹ ਵੀ ਸੋਚਣਾ ਕਿ ਇਥੇ ਹੁਸ਼ਿਆਰ ਭਾਅ ਦੇ ਘਰ ਵਿਚ ਕਿੰਨੀ ਕੁ ਦੇਰ ਰਹਾਂਗੇ। ਆਪਣੇ ਘਰ ਬਾਰੇ ਵੀ ਸੋਚਣਾ ਪੈਣਾਂ।”

“ਤੁਹਾਡਾ ਕੀ ਖਿਆਲ ਮੈਂ ਸੋਚਦੀ ਨਹੀਂ, ਮੇਰਾ ਸਿਰ ਐਵੇਂ ਨਹੀਂ ਦੁਖਣ ਲਗਦਾ, ਮੇਰੇ ਤੋਂ ਪਰੈਸ਼ਰ ਨਹੀਂ ਲਿਆ ਜਾਂਦਾ।”

“ਤੂੰ ਪਰੈਸ਼ਰ ਨਾ ਲੈ, ਮੈਂ ਕੌਂਸਲ ਦੇ ਘਰ ਦਾ ਇੰਤਜ਼ਾਮ ਕਰ ਲਵਾਂਗਾ।”

“ਕੌਂਸਲ ਦਾ ਘਰ! ਲੋਕ ਕੀ ਸੋਚਣਗੇ! ਮੇਰੇ ਪਿਤਾ ਜੀ ਕੀ ਸੋਚਣਗੇ!”

“ਜੇ ਤੇਰੇ ਪਿਤਾ ਜੀ ਨੂੰ ਇੰਨਾ ਈ ਫਿਕਰ ਐ ਤਾਂ ਕਹਿ ਕਿ ਘਰ ਦਾ ਡਿਪੋਜ਼ਟ ਭੇਜ ਦੇਣ।”

"ਉਹ ਕਿਉਂ ਭੇਜਣ?"

"ਫੇਰ ਫਿਕਰ ਵੀ ਕਿਉਂ ਕਰਨ!"

ਸੁਸ਼ਮਾ ਖਿਝ ਕੇ ਚੁੱਪ ਕਰ ਜਾਂਦੀ ਹੈ। ਉਸ ਦਾ ਸਿਰ ਹਾਲੇ ਤਕ ਠੀਕ ਨਹੀਂ ਹੋਇਆ। ਵਿਜੈ ਬਹੁਤ ਮੁਸ਼ਕਲ ਨਾਲ ਉਸ ਨੂੰ ਡਾਕਟਰ ਦੇ ਭੇਜਦਾ ਹੈ। ਸੁਸ਼ਮਾ ਨੂੰ ਇਹੋ ਰਹਿੰਦਾ ਹੈ ਕਿ ਡਾਕਟਰ ਦੇ ਜਾਣ ਦਾ ਮਤਲਬ ਉਸ ਦੀ ਆਪਣੀ ਦਵਾਈ ਫੇਹਲ ਹੋ ਰਹੀ ਹੈ। ਵਿਜੈ ਆਖਦਾ ਹੈ,

"ਮੇਰੀ ਗੱਲ ਸੁਣ ਧਿਆਨ ਨਾਲ, ਤੂੰ ਆਪਣੇ ਦੁਸ਼ਾਂਦਿਆਂ ਦਾ ਰੋਅਬ ਪਾਉਂਦੀ ਪਾਉਂਦੀ ਕੋਈ ਹੋਰ ਬਿਮਾਰੀ ਨਾ ਲਵਾ ਬੈਠੀਂ, ਤੈਨੂੰ ਤਾਂ ਆਪਣੇ ਆਪ ਦੀ ਲੋੜ ਨਾ ਹੋਵੇਗੀ ਪਰ ਮੈਨੂੰ ਤੇ ਮੇਰੇ ਨਿਆਣਿਆਂ ਨੂੰ ਤੇਰੀ ਬਹੁਤ ਲੋੜ ਐ।"

ਇਸੇ ਗੱਲ ਤੇ ਭਾਵੁਕ ਹੁੰਦੀ ਸੁਸ਼ਮਾ ਡਾਕਟਰ ਨਾਲ ਐਪੁਆਇੰਟਮਿੰਟ ਬਣਾ ਲੈਂਦੀ ਹੈ। ਡਾਕਟਰ ਦਰਦ ਦਬਾਉਣ ਦੀਆਂ ਸਖਤ ਜਿਹੀਆਂ ਗੋਲੀਆਂ ਦੇ ਦਿੰਦਾ ਹੈ। ਕੁਝ ਕੁ ਅਰਾਮ ਰਹਿੰਦਾ ਹੈ ਪਰ ਫਿਰ ਉਹ ਦਰਦ ਸ਼ੁਰੂ। ਉਹੋ ਦੋ ਦੋ ਦਿਨ ਜਿਵੇਂ ਦੁਨੀਆਂ ਨਾਲੋਂ ਨਾਤਾ ਹੀ ਟੁੱਟ ਗਿਆ ਹੋਵੇ। ਵਿਜੈ ਨੂੰ ਇਕ ਹੋਰ ਜੋ ਗੁੱਸਾ ਸੁਸ਼ਮਾ ਨਾਲ ਹੈ ਉਹ ਇਹ ਹੈ ਕਿ ਉਹ ਆਪਣੇ ਵਧਦੇ ਭਾਰ ਬਾਰੇ ਚਿੰਤਾ ਨਹੀਂ ਕਰਦੀ। ਰੋਹਨ ਵੇਲੇ ਬਹੁਤ ਮੋਟੀ ਹੋ ਗਈ ਹੈ। ਫਿਰ ਵਿਧੀ ਦੇ ਜਨਮ ਵੇਲੇ ਤਾਂ ਉਹ ਹੋਰ ਵੀ ਫੁੱਲ ਗਈ। ਇਕ ਵਾਰ ਮੋਟੀ ਹੋਈ ਕਿ ਮੁੜ ਕੇ ਪਤਲੀ ਨਾ ਹੋ ਸਕੀ। ਉਹ ਕੋਈ ਵਰਜਿਸ਼ ਵੀ ਨਹੀਂ ਕਰਦੀ। ਕੰਮ ਨੂੰ ਤਾਂ ਹੁਣ ਹੱਥ ਲਾਉਣ ਹੀ ਜਿਵੇਂ ਛੱਡਿਆ ਹੋਇਆ ਹੋਵੇ। ਵਿਜੈ ਕਹਿ ਕਹਿ ਕੇ ਥੱਕ ਜਾਂਦਾ ਹੈ। ਕਈ ਵਾਰ ਸੁਸ਼ਮਾ ਆਖਣ ਲਗਦੀ ਹੈ,

"ਸ਼ਰਮਾ ਜੀ, ਤੁਸੀਂ ਮੈਨੂੰ ਘਰ ਦਾ ਕੰਮ ਕਰਦੀ ਨੂੰ ਦੇਖਣਾ ਚਾਹੁੰਦੇ ਓ।"

"ਕੰਮ ਤੂੰ ਕਿਸੇ ਦਾ ਕਰਨਾ, ਘਰ ਦਾ ਈ ਕਰਨਾਂ।"

ਸ਼ਾਮ ਵਧੀਆ ਹੋਵੇ ਤਾਂ ਵਿਜੈ ਉਸ ਨੂੰ ਸੀ-ਫਰੰਟ ਉਪਰ ਸੈਰ ਲਈ ਲੈ ਜਾਂਦਾ ਹੈ। ਉਹ ਬਹੁਤ ਅਣਮੰਨੇ ਮਨ ਨਾਲ ਜਾਂਦੀ ਹੈ। ਫਿਰ ਕਹਿਣ ਲਗਦੀ ਹੈ,

"ਸ਼ਰਮਾ ਜੀ, ਮੈਂ ਸਮੁੰਦਰ ਦੇਖ ਦੇਖ ਅਕ ਗਈ ਆਂ, ਕਦੇ ਕਦੇ ਤਾਂ ਠੀਕ ਐ, ਇਹ ਤਾਂ ਹਰ ਵੇਲੇ ਈ ਮਾਈਂਡ ਤੇ ਚੜਿਆ ਰਹਿੰਦੈ।"

"ਚੰਗਾ ਫਿਰ ਕੱਲ ਨੂੰ ਪਾਰਕ ਵਿਚ ਵੌਕ ਕਰਨ ਚਲਾਂਗੇ।"

ਪਰ ਸੁਸ਼ਮਾ ਕੋਈ ਬਹਾਨਾ ਬਣਾਉਣ ਲਗਦੀ ਹੈ। ਕਦੇ ਸਿਰ ਦੁਖਣ ਦਾ, ਕਦੇ ਕਿਸੇ ਪੇਸ਼ੰਟ ਦੇ ਆਉਣ ਦਾ। ਵੈਸੇ ਇਕ ਗੱਲ ਹੈ ਉਹ ਆਪਣੀ ਹਿਕਮਤ ਦੇ ਕੰਮ ਤੋਂ ਕਦੇ ਨਹੀਂ ਅਕਦੀ। ਹਫਤਾਂਤ ਤੇ ਔਰਤਾਂ ਆਉਣ ਲਗਦੀਆਂ ਤਾਂ ਰਾਤ ਦੇ ਗਿਆਰਾਂ ਵਜੇ ਤਕ ਆਉਂਦੀਆਂ ਰਹਿੰਦੀਆਂ ਹਨ ਪਰ ਕਦੇ ਨਹੀਂ ਥਕਦੀ। ਇਵੇਂ ਹੀ ਕੋਈ ਦਵਾਈ ਬਣਾਉਣੀ ਹੋਵੇ ਤਾਂ ਵੀ ਨਹੀਂ ਥਕਦੀ। ਉਸ ਨੇ ਕੁਝ ਦਵਾਈਆਂ ਕੌਰੀਅਰ ਰਾਹੀਂ ਮੰਗਵਾ ਲਈਆਂ ਹਨ ਪਰ ਇਕ ਚੱਕਰ ਹੋਰ ਲਗਾਉਣਾ ਚਾਹੁੰਦੀ ਹੈ। ਜੇਕਰ ਵਿਜੈ ਆਖਦਾ ਹੈ ਕਿ ਹਾਲੇ ਪੈਸੇ ਨਹੀਂ ਹਨ ਤਾਂ ਉਹ ਆਖ ਦਿੰਦੀ ਹੈ ਕਿ ਟਿਕਟ ਪਿਤਾ ਜੀ ਰੱਖ ਦੇਣਗੇ। ਅਸਲ ਵਿਚ ਹੁਣ ਵੀ ਸੁਸ਼ਮਾ ਨੇ ਆਪਣਾ ਹੱਥ ਅਲੱਗ ਰੱਖਿਆ ਹੋਇਆ ਹੈ। ਉਸ ਨੇ ਕੁਝ ਪੈਸੇ ਜੋੜੇ ਹੋਏ ਹਨ। ਇਕ ਦੋ ਵਾਰ ਅੰਮਰਤੀ ਵੀ ਉਸ ਕੋਲੋਂ ਪੈਸੇ ਲੈ ਜਾਂਦੀ ਹੈ। ਅੰਮਰਤੀ ਰਮੇਸ਼ ਦਾ ਕੰਮ ਹੁਣ ਬਹੁਤਾ ਵਧੀਆ ਨਹੀਂ ਹੈ। ਦੋਨਾਂ ਕੋਲ ਹੀ ਕੰਮ ਨਹੀਂ ਹੈ। ਰਮੇਸ਼ ਦੁਕਾਨ ਵਿਚ ਘਾਟਾ ਪੈਣ ਤੋਂ ਬਾਅਦ ਉਠ ਨਹੀਂ ਸਕਿਆ। ਕੰਮ ਕਰਨ ਨੂੰ ਹੁਣ ਉਸ ਦਾ ਦਿਲ ਹੀ ਨਹੀਂ ਕਰਦਾ। ਅਸਲ ਵਿਚ ਗੱਲ ਇਹ ਵੀ ਹੈ ਕਿ ਜਦ ਇਕ ਵਾਰ ਤੁਸੀਂ ਆਪਣਾ ਕੰਮ ਅਰੰਭ ਲਿਆ, ਆਪਣੇ ਬੌਸ ਆਪ ਬਣ ਗਏ ਤਾਂ ਕਿਸੇ ਹੋਰ ਬੌਸ ਅਧੀਨ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਇਕ ਦਿਨ ਹੁਸ਼ਿਆਰ ਦਾ ਫੋਨ ਆਉਂਦਾ ਹੈ। ਉਹ ਬਹੁਤ ਗੁੱਸੇ ਵਿਚ ਹੈ। ਕਹਿੰਦਾ ਹੈ,

"ਸ਼ਰਮਿਆਂ, ਏਡੀ ਵੱਡੀ ਗੱਲ ਹੋ ਗਈ ਤੂੰ ਮੈਨੂੰ ਦਸਿਆ ਈ ਨਹੀਂ, ਤੂੰ ਮੈਨੂੰ ਆਪਣਾ ਨਹੀਂ ਸਮਝਦਾ?"

"ਨਹੀਂ ਭਾਅ, ਇਹ ਗੱਲ ਨਹੀਂ, ਮੈਂ ਸੋਚਿਆ ਤੂੰ ਫਿਕਰ ਕਰਨ ਲਗੇਂਗਾ, ਆਪਾਂ ਹੁਣ ਕੁਸ਼ ਕਰ ਤਾਂ ਸਕਦੇ ਨਹੀਂ।"

"ਇਹ ਤਾਂ ਸੋਹਣ ਬੈਂਸ ਆਇਆ ਹੋਇਆ ਸੀ, ਮਿਲਿਆ ਤਾਂ ਉਹਨੇ ਦਸਿਆ ਕਿ ਤੇਰੇ ਰੈਸਟੋਰੈਂਟ ਨੂੰ ਅੱਗ ਲਗ ਗਈ, ਮੰਗਲ ਵੀ ਮਰ ਗਿਆ।"

"ਸ਼ਰਾਬੀ ਹੋਇਆ ਮੰਗਲ ਕੋਈ ਗੱਲਤੀ ਕਰ ਬੈਠਾ ਤੇ ਮੈਨੂੰ ਤਬਾਹ ਕਰ ਗਿਆ।"

"ਕਿੰਨਾ ਕੁ ਨੁਕਸਾਨ ਹੋ ਗਿਆ?"

"ਜੋ ਕੁਸ਼ ਰੈਸਟੋਰੈਂਟ ਵਿਚ ਸੀ ਸਭ ਤਬਾਹ ਹੋ ਗਿਆ। ਹੇਠੋਂ ਰੈਸਟੋਰੈਂਟ ਵੀ ਤੇ ਉਪਰੋਂ ਫਲੈਟ ਵਿਚ ਜੋ ਕੁਸ਼ ਵੀ ਸੀ, ਕੋਈ ਭਾਂਡਾ ਜਾਂ ਕਰੌਕਰੀ ਤਕ ਸਬੂਤੇ ਨਹੀਂ ਬਚੇ, ਫਰਨੀਚਰ ਤਾਂ ਸੜਨਾ ਈ ਸੀ, ਵਾਈਨ ਵਿਸਕੀ ਦੀਆਂ ਬੋਤਲਾਂ ਤਕ ਪਿਘਲ ਗਈਆਂ, ਬਹੁਤ ਭਿਆਨਕ ਅੱਗ ਸੀ ਭਾਅ!"

"ਇੰਸ਼ੋਅਰੈਂਸ ਵਾਲਿਆਂ ਨੇ ਨਹੀਂ ਕੁਸ਼ ਦਿਤਾ?"

"ਉਹਨਾਂ ਨੇ ਬਿਲਡਿੰਗ ਦੇ ਪੈਸੇ ਦੇ ਦਿਤੇ ਪਰ ਉਹ ਲੈਂਡਲੌਰਡ ਲੈ ਗਿਆ, ਮੇਰਾ ਹਾਲੇ ਕੇਸ ਚਲਦਾ, ਲਗਦਾ ਨਹੀਂ ਕੁਸ਼ ਮਿਲੇ। ਇਹ ਤਾਂ ਭਾਅ, ਤੇਰੇ ਘਰ ਵਿਚ ਬੈਠੇ ਆਂ ਨਹੀਂ ਤਾਂ ਪਤਾ ਨਹੀਂ ਮੇਰਾ ਕੀ ਹੋਣਾ ਸੀ, ਨਿਆਣੇ ਲੈ ਕੇ ਸੜਕ ਤੇ ਬੈਠੇ ਹੋਣਾ ਸੀ।"

"ਇਹ ਤੇਰਾ ਈ ਘਰ ਐ ਸ਼ਰਮਿਆਂ, ਜਿੱਦਾਂ ਮਰਜ਼ੀ ਵਰਤ, ਵੈਸੇ ਅਸੀਂ ਗੇੜਾ ਮਾਰਾਂਗੇ।"

"ਭਾਅ, ਮੈਂ ਤਾਂ ਤੇਰਾ ਫੋਨ ਉਡੀਕਦਾ ਸੀ, ਕਿ ਕੋਈ ਖਬਰ ਦੇਵੇਂਗਾ।"

"ਕਿਹੜੀ ਖਬਰ?"

"ਬਰਫੀ ਖਾਧੀ ਸਫਲ ਜਿਉਂ ਹੋ ਗਈ ਸੀ।"

"ਤੂੰ ਯਾਰ ਜਖ਼ਮਾਂ ਤੇ ਲੂਣ ਨਾ ਛਿੜਕ।"

"ਕੀ ਹੋਇਆ, ਦੱਸ ਕੁਸ਼?"

"ਕੁਛ ਨਾ ਪੁੱਛ! ਇਹ ਬੇਦਰਦ ਦੁਨੀਆਂ ਨੇ ਮੇਰੇ ਸੁਫਨੇ ਚੂਰ ਚੂਰ ਕਰ ਦਿਤੇ। ਮੇਰੇ ਘਰਦਿਆਂ ਨੂੰ ਪਤਾ ਚਲਿਆ ਤਾਂ ਮੇਰੇ ਹਰਦੂ ਲਾਹਣਤ ਪਾਈ ਕਿ ਨੌਕਰ ਕੁੜੀ ਨਾਲ ਤੂੰ ਇਹ ਕੀ ਕੀਤਾ, ਮੈਂ ਕਿਹਾ ਕਿ ਮੈਂ ਇਸ ਕੁੜੀ ਨੂੰ ਇੰਗਲੈਂਡ ਲੈ ਜਾਨਾਂ ਤਾਂ ਤੇਰੀ ਸੁਨੈਨਾ ਨੇ ਪੰਗਾ ਪਾ ਲਿਆ। ਮੈਂ ਬਥੇਰਾ ਕਿਹਾ ਕਿ ਇਹ ਬੱਚਾ ਆਪਾਂ ਅਡੋਪਟ ਕਰ ਲਵਾਂਗੇ ਪਰ ਇਹ ਕਦੋਂ ਮੰਨੇ। ਮੈਂ ਘਰ ਦੇ ਮਨਾਏ ਤਾਂ ਕੁੜੀ ਵਾਲ਼ਿਆਂ ਨੇ ਰੌਲ਼ਾ ਪਾ ਲਿਆ। ਉਹ ਮੈਨੂੰ ਮਾਰਨ ਨੂੰ ਫਿਰਨ ਅਖੇ ਅਸੀਂ ਕੁੜੀ ਕੰਮ ਕਰਨ ਲਈ ਭੇਜੀ ਸੀ ਤੂੰ ਇਹ ਕੀ ਕੀਤਾ। ਅਖੀਰ ਅਬੌਰਸ਼ਨ ਕਰਾਉਣਾ ਪਿਆ ਤੇ ਕੁੜੀ ਵਾਲਿਆਂ ਨਾਲ ਲੈ ਦੇ ਕੇ ਫੈਸਲਾ ਕੀਤਾ ਪਰ ਇਕ ਗੱਲ ਪੱਕ ਹੋ ਗਈ ਸ਼ਰਮਿਆਂ, ਜੱਟ ਵਿਚ ਦਮ ਹੈਗਾ, ਅਜ ਕਲ ਮੈਂ ਸੁਨੈਨਾ ਨੂੰ ਮਨਾ ਰਿਹਾਂ ਤੂੰ ਤੇ ਸੁਸ਼ਮਾ ਵੀ ਮਨਾਓ, ਮੈਨੂੰ ਵਿਆਹ ਹੋਰ ਕਰਾ ਲੈਣ ਦੇਵੇ।"

"ਜਾਣਦੇ ਭਾਅ, ਦੇਵੀ ਵਰਗੀ ਭਰਜਾਈ ਸਾਡੀ!"

"ਤੇ ਮੈਂ ਵੀ ਤਾਂ ਦੇਵਤੇ ਵਰਗਾ ਭਰਾ ਆਂ ਤੇਰਾ!"

ਉਸ ਦੇ ਗੱਲ ਕਰਦਿਆਂ ਹੀ ਸੁਸ਼ਮਾ ਵੀ ਉਸ ਕੋਲ ਆ ਜਾਂਦੀ ਹੈ। ਉਹ ਆਹਿਸਤਾ ਜਿਹੇ ਪੁੱਛਦੀ ਹੈ,

"ਕਿਹਦਾ?"

"ਹੁਸ਼ਿਆਰ ਭਾਅ ਦਾ।"

"ਕਹੋ ਕਿ ਮੈਂ ਸੁਨੈਨਾ ਭੈਣ ਜੀ ਨਾਲ ਗੱਲ ਕਰਨੀ ਆਂ।"

ਫੋਨ ਸੁਨੈਨਾ ਕੋਲ ਚਲੇ ਜਾਂਦਾ ਹੈ। ਰੈਸਟੋਰੈਂਟ ਦੀਆਂ ਗੱਲਾਂ ਤੋਂ ਬਾਅਦ ਸੁਸ਼ਮਾ ਬੋਲਦੀ ਹੈ,

"ਭੈਣ ਜੀ, ਤੁਸੀਂ ਇਥੇ ਆ ਜਾਓ, ਭਾਵੇਂ ਦੋ ਮਹੀਨੇ ਲਈ ਹੀ ਸਹੀ, ਮੈਂ ਤੁਹਾਡੇ ਤੇ ਕੁਸ਼ ਟਰਾਈ ਕਰਨੈਂ, ਮੈਂ ਕੋਈ ਖਾਸ ਦਵਾਈ ਮੰਗਵਾਈ ਐ, ਸ਼ਾਇਦ ਭਗਵਾਨ ਸਾਥ ਦੇ ਜਾਵੇ।"

## ਵੀਹ

ਵਿਜੈ ਦੇ ਦਿਨਾਂ ਦਾ ਰੋਜ਼ਨਾਮਚਾ ਜ਼ਰਾ ਕੁ ਅਜੀਬ ਬਣ ਜਾਂਦਾ ਹੈ। ਉਸ ਨੂੰ ਆਪ ਵੀ ਯਕੀਨ ਨਹੀਂ ਆਉਂਦਾ ਕਿ ਕੀ ਉਹ ਕਦੇ ਅਜਿਹਾ ਵੀ ਹੋ ਸਕਦਾ ਹੈ। ਉਹ ਸਾਰਾ ਦਿਨ ਵਿਹਲਾ ਜਿਹਾ ਰਹਿੰਦਾ ਹੈ। ਹੁਣ ਵਿਹਲਾ ਰਹਿਣਾ ਉਸ ਨੂੰ ਚੰਗਾ ਵੀ ਲਗਣ ਲਗ ਪਿਆ ਹੈ। ਜੇ ਕੋਈ ਚੀਜ਼ ਲੈਣੀ ਹੋਵੇ ਤਾਂ ਪੈਸੇ ਸੁਸ਼ਮਾ ਤੋਂ ਮੰਗਣੇ ਪੈਂਦੇ ਹਨ। ਸੁਸ਼ਮਾ ਖੁਸ਼ੀ ਖੁਸ਼ੀ ਉਸ ਨੂੰ ਜਿੰਨੇ ਮੰਗੇ ਦੇ ਦਿੰਦੀ ਹੈ ਪਰ ਨਾਲ ਹੀ ਕਹਿ ਦਿੰਦੀ ਹੈ ਕਿ ਆਪਾਂ ਘਰ ਲੈਣ ਲਈ ਪੈਸੇ ਜੋੜਨੇ ਸ਼ੁਰੂ ਕਰੀਏ। ਜਦ ਉਹ ਕੰਮ ਲਭਣ ਦੀ ਗੱਲ ਕਰਦਾ ਹੈ ਤਾਂ ਸੁਸ਼ਮਾ ਖਿਝਦੀ ਹੋਈ ਕਹਿੰਦੀ ਹੈ ਕਿ ਉਸ ਕੰਮ ਕਰੀ ਤਾਂ ਜਾ ਰਹੀ ਹੈ। ਕਈ ਵਾਰ ਉਸ ਨੂੰ ਆਪਣੇ ਆਪ ਉਪਰ ਕਰੋਧ ਲਗਦਾ ਹੈ। ਤਾਇਆ ਕਈ ਵਾਰ ਕਹਿ ਚੁੱਕਾ ਹੈ ਕਿ ਕੋਈ ਕੰਮ ਕਰ, ਇਕੱਲੀ ਔਰਤ ਦੀ ਕਮਾਈ ਨਾਲ ਘਰ ਨਹੀਂ ਚਲਦੇ। ਕਦੇ ਉਸ ਨੂੰ ਲਗਦਾ ਹੈ ਕਿ ਤਾਇਆ ਇਸ ਗੱਲ ਰਾਹੀਂ ਕੁਝ ਹੋਰ ਕਹਿ ਰਿਹਾ ਹੈ। ਸ਼ਾਇਦ ਕਹਿਣਾ ਚਾਹੁੰਦਾ ਹੋਵੇ ਕਿ ਪਤਨੀ ਦੀ ਕਮਾਈ ਤੇ ਬੈਠੇ ਰਹਿਣਾ ਚੰਗੀ ਗੱਲ ਨਹੀਂ ਪਰ ਉਸ ਨੂੰ ਲਗਦਾ ਹੈ ਕਿ ਸੁਸ਼ਮਾ ਅਜਿਹੀ ਨਹੀਂ ਹੈ। ਉਹ ਤਾਂ ਇਸੇ ਨਸ਼ੇ ਵਿਚ ਫਿਰਦੀ ਹੈ ਕਿ ਉਹ ਮੁੜ ਆਪਣਾ ਰੁਤਬਾ ਪ੍ਰਾਪਤ ਕਰ ਸਕੀ ਹੈ। ਵਿਜੈ ਨੂੰ ਵੀ ਇਹ ਚੰਗਾ ਲਗਦਾ ਹੈ। ਘਰ ਦਾ ਖਰਚ ਚਲ ਰਿਹਾ ਹੈ। ਸੁਸ਼ਮਾ ਖੁਸ਼ ਹੈ। ਉਸ ਨੇ ਬਹੁਤ ਸਾਲ ਸੁਸ਼ਮਾ ਦੇ ਚਿਹਰੇ ਤੇ ਪਥਰੀਲਾ ਪਨ ਦੇਖਿਆ ਹੈ, ਹੁਣ ਉਸ ਦਾ ਚਿਹਰਾ ਲਚਕਦਾਰ ਹੈ। ਅੰਦਰਲੀ ਲਹਿਰ ਦੇ ਨਾਲ ਬਦਲਦਾ ਹੈ। ਵਿਜੈ ਦਾ ਫਿਕਰ ਹੈ ਤਾਂ ਸੁਸ਼ਮਾ ਦਾ ਸਿਰ ਦਰਦ ਜੋ ਹਾਲੇ ਘਟਿਆ ਨਹੀਂ।

ਸੁਸ਼ਮਾ ਨੂੰ ਘਰ ਦੇ ਹੋਰ ਕੰਮ ਭਾਵੇਂ ਚੰਗੇ ਨਾ ਲਗਦੇ ਹੋਣ ਪਰ ਰੋਟੀ ਉਹ ਬਹੁਤ ਖੁਸ਼ ਹੋ ਕੇ ਬਣਾਉਂਦੀ ਹੈ। ਜਦ ਵਿਜੈ ਜਾਂ ਬੱਚੇ ਉਸ ਦੀ ਬਣੀ ਰੋਟੀ ਖਾਂਦੇ ਹਨ ਤਾਂ ਉਸ ਨੂੰ ਅਜੀਬ ਜਿਹੀ ਖੁਸ਼ੀ ਮਹਿਸੂਸ ਹੁੰਦੀ ਹੈ। ਬੱਚੇ ਤਾਂ ਬਾਹਰ ਦਾ ਖਾਣਾ ਹੀ

ਜ਼ਿਆਦਾ ਪਸੰਦ ਕਰਦੇ ਹਨ। ਮੈਕਡਾਨਲਡ, ਕੰਟੱਕੀ ਜਾਂ ਬਰਗਰ ਕਿੰਗ ਬਗੈਰਾ। ਹੁਣ ਤਾਂ ਵਰਦਿੰਗ ਵਿਚ ਦੇਸੀ ਖਾਣਿਆਂ ਲਈ ਰੈਸਟੋਰੈਂਟ ਵੀ ਖੁਲ੍ਹ ਗਿਆ ਹੈ। ਜਿਥੋਂ ਸਮੋਸੇ, ਪਕੌੜੇ, ਪੂਰੀ-ਛੋਲੇ ਆਦਿ ਸਭ ਮਿਲਦਾ ਹੈ। ਕਦੇ ਵਕਤ ਨਾ ਹੋਵੇ ਤਾਂ ਉਹ ਉਥੋਂ ਵੀ ਖਾਣਾ ਫੜ ਲਿਆਉਂਦੇ ਹਨ। ਸੁਸ਼ਮਾ ਨੂੰ ਚਟਪਟੇ ਖਾਣੇ ਖਾਣ ਦਾ ਬਹੁਤ ਸ਼ੌਂਕ ਹੈ। ਵਿਜੈ ਉਸ ਨੂੰ ਅਜਿਹੇ ਖਾਣਿਆਂ ਤੋਂ ਰੋਕਦਾ ਰਹਿੰਦਾ ਹੈ। ਉਹ ਕਹਿਣ ਲਗਦਾ ਹੈ ਕਿ ਮੁਟਾਪਾ ਤਾਂ ਪਹਿਲਾਂ ਹੀ ਉਸ ਦਾ ਪਿੱਛਾ ਨਹੀਂ ਛੱਡ ਰਿਹਾ। ਵੈਸੇ ਅਜਕਲ ਸੁਸ਼ਮਾ ਆਪਣਾ ਭਾਰ ਘਟਾਉਣ ਲਈ ਬਹੁਤ ਫਿਕਰਵੰਦ ਰਹਿੰਦੀ ਹੈ। ਵਰਜਿਸ਼ ਤੋਂ ਬਿਨਾਂ ਸਭ ਕੁਝ ਕਰਦੀ ਹੈ। ਡਾਈਟਿੰਗ ਕਰਨ ਦੇ ਪੂਰੇ ਯਤਨ ਕਰਦੀ ਰਹਿੰਦੀ ਹੈ।

ਇਕ ਦਿਨ ਮਿਹਰ ਉਸ ਨੂੰ ਮਿਲਣ ਆਉਂਦਾ ਹੈ। ਉਸ ਦੇ ਨਾਲ ਉਸ ਦਾ ਦੋਸਤ ਦਵਿੰਦਰ ਜੈਨ ਵੀ ਹੈ। ਰੈਸਟੋਰੈਂਟ ਵਾਲੀ ਦੁਰਘਟਨਾ ਦਾ ਅਫਸੋਸ ਮਿਹਰ ਫੋਨ ਉਪਰ ਤਾਂ ਕਰ ਚੁੱਕਾ ਹੈ ਪਰ ਉਹ ਉਸ ਨੂੰ ਮਿਲ ਕੇ ਵੀ ਕਰਨਾ ਚਾਹੁੰਦਾ ਹੈ। ਮਿਹਰ ਤੇ ਉਸ ਦਾ ਦੋਸਤ ਬਾਰਾਂ ਕੁ ਵਜੇ ਆ ਜਾਂਦੇ ਹਨ। ਵਿਜੈ ਬੈਠਾ ਟੈਲੀ ਦੇਖ ਰਿਹਾ ਹੈ। ਭਾਰਤ ਤੇ ਨਿਊਜ਼ੀਲੈਂਡ ਵਿਚਕਾਰ ਕ੍ਰਿਕਟ ਦਾ ਮੈਚ ਚਲ ਰਿਹਾ ਹੈ। ਭਾਰਤ ਦਾ ਪਲੜਾ ਭਾਰੀ ਹੈ। ਮਿਹਰ ਵੀ ਕ੍ਰਿਕਟ ਲਈ ਸੈਦਾਈ ਹੈ। ਉਹ ਟੈਲੀ ਵਲ ਦੇਖਦਾ ਹੈ ਤੇ ਵਿਜੈ ਨੂੰ ਪੁੱਛਦਾ ਹੈ,

"ਕੀ ਹੋ ਰਿਹੈ?"

"ਬਸ ਟੈਲੀ ਦੇਖ ਰਿਹਾਂ।"

"ਭਰਜਾਈ?"

"ਉਹਦੇ ਕੋਲ ਪੇਸ਼ੀਅੰਟ ਆਈਆਂ ਹੋਈਆਂ, ਉਹ ਬੀਜ਼ੀ ਐ।"

"ਭਾਈ ਸਾਹਿਬ, ਕਿਆ ਕਿਸਮਤ ਪਾਈ ਏ! ...ਵਾਹ! ਇਹ ਤਾਂ ਮੇਰਾ ਡਰੀਮ ਹੁੰਦਾ ਸੀ, ਮੇਰਾ ਤਾਂ ਪੂਰਾ ਨਹੀਂ ਹੋਇਆ ਪਰ ਚਲੋ ਕਿਸੇ ਦਾ ਤਾਂ ਹੋਇਆ, ਅਸੀਂ ਆਪਣਾ ਡਰੀਮ ਤੁਹਾਡੇ ਰਾਹੀਂ ਹੀ ਦੇਖ ਕੇ ਖੁਸ਼ ਹੋ ਲੈਂਦੇ ਆਂ।"

"ਕਿਹੜਾ ਡਰੀਮ ਮਿਹਰ ਸਿੰਘ ਜੀ?"

"ਮੇਰਾ ਡਰੀਮ ਸੀ ਕਿ ਘਰਵਾਲੀ ਕੰਮ ਤੇ ਗਈ ਹੋਵੇ, ਮੈਂ ਬੱਚੇ ਸਕੂਲੇ ਛੱਡ ਕੇ ਕਿਚਨ ਦਾ ਕੰਮ ਮੁਕਾ ਕੇ ਟੈਲੀ ਮੂਹਰੇ ਬੈਠਾ ਹੋਵਾਂ, ਕ੍ਰਿਕਟ ਦਾ ਮੈਚ ਚਲ ਰਿਹਾ ਹੋਵੇ ਤੇ ਇੰਡੀਆ ਜਿੱਤ ਰਿਹਾ ਹੋਵੇ, ਇਹ ਸਵਰਗ ਨਹੀਂ ਤਾਂ ਹੋਰ ਕੀ ਹੋਵੇਗਾ। ਮੇਰਾ ਇਹ ਸੁਫਨਾ ਪੂਰਾ ਨਹੀਂ ਹੋਇਆ ਹਾਂ, ਤੁਹਾਡਾ ਹੋ ਗਿਆ, ਦੇਖੋ ਨਾ ਸ਼ਾਖਸ਼ਾਤ ਪੂਰਾ ਹੋਇਆ ਦਿਸ ਰਿਹਾ ਏ।"

ਕਹਿ ਕੇ ਮਿਹਰ ਹੱਸਦਾ ਹੈ ਤੇ ਦਵਿੰਦਰ ਜੈਨ ਵੀ। ਵਿਜੈ ਵੀ ਹੱਸੇ ਬਿਨਾਂ ਨਹੀਂ ਰਹਿ ਸਕਦਾ। ਉਹ ਆਖਦਾ ਹੈ,

"ਇਥੇ ਇਕ ਗੱਲ ਜ਼ਰਾ ਕੱਚੀ ਐ ਕਿ ਮੇਰੇ ਤੋਂ ਕਿਚਨ ਦਾ ਕੰਮ ਨਹੀਂ ਕੀਤਾ ਜਾਂਦਾ।"

"ਉਹ ਤੁਹਾਨੂੰ ਮੈਂ ਸਿਖਾ ਦੇਵਾਂਗਾ, ਹਰ ਪਤੀ ਦਾ ਕੰਮ ਏ ਕਿ ਰਸੋਈ ਵਿਚ ਮੁਹਾਰਤ ਹਾਸਿਲ ਕਰੇ, ਆਦਰਸ਼ ਪਤੀ ਬਣਨ ਲਈ ਇਹ ਜ਼ਰੂਰੀ ਏ।"

ਫਿਰ ਰੈਸਟੋਰੈਂਟ ਦੀਆਂ ਗੱਲਾਂ ਹੋਣ ਲਗਦੀਆਂ ਹਨ। ਉਸ ਸਾਰੇ ਦੁਖਾਂਤ ਵਿਚਕਾਰ ਦੀ ਵਿਜੈ ਨੂੰ ਇਕ ਵਾਰ ਫਿਰ ਲੰਘਣਾ ਪੈਂਦਾ ਹੈ। ਫਿਰ ਹੋਰ ਸੁਗਲ ਦੀਆਂ, ਹਾਸੇ ਮਜ਼ਾਕ ਦੀਆਂ ਗੱਲਾਂ ਕਰਦੇ ਹਨ। ਮਿਹਰ ਦਾ ਸੁਭਾਅ ਕੁਝ ਅਜਿਹਾ ਹੈ। ਔਰਤਾਂ ਦੀਆਂ ਗੱਲਾਂ ਕਰੇ ਬਿਨਾਂ ਉਸ ਦਾ ਘਰ ਪੂਰਾ ਨਹੀਂ ਹੁੰਦਾ। ਉਹ ਵਿਜੈ ਨੂੰ ਪੁੱਛਦਾ ਹੈ,

"ਭਾਈ ਸਾਹਿਬ, ਤੁਸੀਂ ਵੀ ਭਰਜਾਈ ਦੀ ਹੈਲਪ ਕਰਦੇ ਓ ਪੇਸ਼ੀਅੰਟ ਦੇਖਣ ਵਿਚ?"

"ਬਈ ਉਹਦੀਆਂ ਪੇਸ਼ੀਅੰਟ ਸਿਰਫ ਔਰਤਾਂ ਈ ਹੁੰਦੀਆਂ।"

"ਤਾਂ ਹੀ ਤਾਂ ਕਹਿੰਨਾ ਕਿ ਉਸ ਦੀ ਹੈਲਪ ਕਰਿਆ ਕਰੋ, ਮਰੀਜ਼ ਨੂੰ ਟੋਹ ਕੇ ਦੇਖਿਆ ਕਰੋ, ਕਈ ਔਰਤਾਂ ਮਰਦ ਦੀ ਛੋਹ ਨਾਲ ਈ ਠੀਕ ਹੋ ਜਾਂਦੀਆਂ।"

ਉਹ ਤਿੰਨੋਂ ਹੱਸਦੇ ਹਨ। ਵਿਜੈ ਉਹਨਾਂ ਨੂੰ ਇਕ ਘਟਨਾ ਸੁਣਾਉਣ ਲਗਦਾ ਹੈ,

"ਇਕ ਦਿਨ ਵਾਈਫ ਬਾਥਰੂਮ ਵਿਚ ਸੀ ਤੇ ਮੈਂ ਇਹਦੀ ਕਲਿਨਿਕ ਵਿਚੋਂ ਕੁਸ਼ ਪੇਪਰ ਲੱਭ ਰਿਹਾ ਸੀ, ਇਕ ਪੇਸ਼ੀਅੰਟ ਆਈ, ਉਹ ਬਿਨਾਂ ਬੋਲੇ ਕਾਊਚ ਤੇ ਪੈ ਗਈ, ਕਮੀਜ਼ ਉਪਰ ਨੂੰ ਚੱਕ ਲਈ ਤੇ ਸ਼ਲਵਾਰ ਵੀ ਢਿੱਲੀ ਕਰਨ ਲਗ ਪਈ। ਮੈਂ ਤਾਂ ਸ਼ਰਮ ਦਾ ਮਾਰਾ ਬਾਹਰ ਭੱਜ ਗਿਆ।"

"ਭਾਈ ਸਾਹਿਬ, ਤੁਸੀਂ ਹੱਥ ਆਏ ਮੌਕੇ ਨੂੰ ਗਵਾ ਦਿਤਾ! ਪ੍ਰਭੂ ਮੈਨੂੰ ਦੇਵੇ ਇਹੋ ਜਿਹਾ ਚਾਂਸ, ਮੇਰੇ ਤਾਂ ਵਾਰੇ ਨਿਆਰੇ ਹੋ ਜਾਣ।"

ਉਹ ਸਾਰੇ ਹੱਸਦੇ ਹਨ। ਵਿਜੈ ਘੜੀ ਦੇਖਦਾ ਹੈ। ਇਕ ਵੱਜਣ ਨੂੰ ਹੈ ਰੋਟੀ ਦਾ ਵਕਤ ਹੋ ਰਿਹਾ ਹੈ। ਸੁਸ਼ਮਾ ਹਾਲੇ ਵੀ ਵਿਅਸਤ ਹੈ। ਉਹ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਾਉਂਦਾ ਹੈ, ਪੁੱਛਦਾ ਹੈ,

"ਕਿੰਨੀ ਕੁ ਦੇਰ ਲਗਣੀ ਐਂ, ਰੋਟੀ ਵੀ ਬਣਾਉਣੀ ਆਂ, ਗੈਸਟ ਆਏ ਆ।"

"ਬਸ ਥੋੜਾ ਕੁ ਟਾਈਮ ਈ ਲਗਣਾ, ਮੈਂ ਆਉਨੀ ਆਂ।"

ਵਿਜੈ ਦਾ ਮਨ ਕਾਹਲਾ ਪੈ ਰਿਹਾ ਹੈ। ਉਸ ਨੂੰ ਪਤਾ ਹੈ ਕਿ ਸੁਸ਼ਮਾ ਇਕ ਇਕ ਪੇਸ਼ੀਅੰਟ ਨੂੰ ਬਹੁਤ ਵਕਤ ਲਗਾ ਦਿੰਦੀ ਹੈ। ਕਈ ਵਾਰ ਜਾਣ ਬੁਝ ਕੇ ਵੀ ਜ਼ਿਆਦਾ ਸਮਾਂ ਲੈਂਦੀ ਹੈ ਕਿ ਪੇਸ਼ੀਅੰਟ ਤੋਂ ਵਧੇਰੇ ਪੈਸੇ ਲਏ ਜਾ ਸਕਣ। ਕਈ ਵਾਰ ਉਹ ਗੱਲੀਂ ਵੀ ਪੈ ਜਾਂਦੀ ਹੈ। ਉਹ ਪੰਦਰਾਂ ਮਿੰਟ ਹੋਰ ਦੇਖਦਾ ਹੈ ਤੇ ਫਿਰ ਦਰਵਾਜ਼ਾ ਖੜਕਾਉਂਦਾ ਹੈ। ਸੁਸ਼ਮਾ ਫਿਰ ਉਹੋ ਉਤਰ ਦਿੰਦੀ ਹੈ। ਵਿਜੈ ਆਖਦਾ ਹੈ,

"ਏਦਾਂ ਕਰ, ਕੁਸ਼ ਪੈਸੇ ਦੇ ਮੈਨੂੰ ਮੈਂ ਬਾਹਰੋਂ ਕੁਸ਼ ਫੜ ਲਿਆਉਂਨਾਂ।"

"ਨਹੀਂ ਸ਼ਰਮਾ ਜੀ, ਮੈਂ ਆਉਨੀ ਆਂ, ਬਾਹਰੋਂ ਕੁਸ਼ ਨਹੀਂ ਲੈਣਾ।"

"ਲਿਆ ਕੁਸ਼ ਪੈਸੇ ਫੜਾ ਅਸੀਂ ਪੱਬ ਜਾ ਆਉਂਨੇ ਆਂ।"

"ਸ਼ਰਮਾ ਜੀ, ਹੁਣ ਕਿਤੇ ਨਹੀਂ ਜਾਣਾ ਮੈਂ ਪੰਜ ਮਿੰਟ ਵਿਚ ਆਈ।"

ਦੋ ਵੱਜਣ ਨੂੰ ਹਨ। ਮਿਹਰ ਤੇ ਦਵਿੰਦਰ ਜੈਨ ਜਾਣ ਲਈ ਉਠ ਖੜਦੇ ਹਨ। ਵਿਜੈ ਹਾਰੇ ਹੋਏ ਜੁਆਰੀਏ ਵਾਂਗ ਖੜਾ ਹੈ। ਉਹ ਆਪਣੇ ਮਹਿਮਾਨਾਂ ਨੂੰ ਰੋਟੀ ਵੀ ਨਹੀਂ ਖਵਾ ਸਕਿਆ। ਉਸ ਦੀ ਜੇਬ੍ਹ ਵਿਚ ਇੰਨੇ ਪੈਸੇ ਵੀ ਨਹੀਂ ਹਨ ਕਿ ਉਹਨਾਂ ਨੂੰ ਕਿਸੇ ਪੱਬ ਲੈ ਜਾਵੇ ਤੇ ਉਥੇ ਖਵਾ ਦੇਵੇ। ਉਸ ਨੂੰ ਪੈਸੇ ਜੇਬ੍ਹ ਵਿਚ ਰੱਖਣ ਦੀ ਆਦਤ ਨਹੀਂ ਹੈ। ਉਹ ਜਦ ਚਾਹੇ ਸੁਸ਼ਮਾ ਤੋਂ ਮੰਗ ਲਿਆ ਕਰਦਾ ਹੈ ਪਰ ਅਜ ਐਨ ਮੌਕੇ ਤੇ ਆ ਕੇ ਜਵਾਬ ਦੇ ਦਿੰਦੀ ਹੈ। ਮਿਹਰ ਮਜ਼ਾਕ ਵਿਚ ਆਖਦਾ ਹੈ,

"ਮੈਂ ਕੀ ਕਿਹਾ ਸੀ, ਮਰਦ ਦੀ ਅਜ਼ਾਦੀ ਇਸੇ ਵਿਚ ਐ ਕਿ ਉਸ ਕਿਚਨ ਦੇ ਕੰਮ ਉਪਰ ਕਾਬੂ ਪਾਵੇ। ਅਜ ਤਾਂ ਮੇਰੇ ਕੋਲ ਟਾਈਮ ਨਹੀਂ, ਨਹੀਂ ਤਾਂ ਮੈਂ ਤੁਹਾਨੂੰ ਸਿਖਾ ਜਾਂਦਾ ਕਿ ਆਪ ਰੋਟੀ ਬਣਾ ਕੇ ਔਰਤ ਦੀ ਗੁਲਾਮੀ ਤੋਂ ਨਿਜਾਤ ਕਿਵੇਂ ਪਾਈ ਜਾਵੇ।"

ਵਿਜੈ ਹੱਸਦਾ ਹੈ ਪਰ ਬਹੁਤ ਓਪਰਾ। ਮਹਿਮਾਨ ਚਲੇ ਜਾਂਦੇ ਹਨ। ਵਿਜੈ ਠਗਿਆ ਹੋਇਆ ਖੜਾ ਦੇਖਦਾ ਰਹਿ ਜਾਂਦਾ ਹੈ। ਉਸ ਨੇ ਸੁਫਨੇ ਵਿਚ ਵੀ ਨਹੀਂ ਸੋਚਿਆ ਕਿ ਉਸ ਨਾਲ ਇਵੇਂ ਹੋਵੇਗੀ। ਮਹਿਮਾਨਾਂ ਸਾਹਮਣੇ ਹੋਈ ਬੇਇਜ਼ਤੀ ਤੰਗ ਕਰਨ ਲਗਦੀ ਹੈ। ਮਹਿਮਾਨ ਜਾਂਦੇ ਹਨ ਤਾਂ ਸੁਸ਼ਮਾ ਵੀ ਆ ਜਾਂਦੀ ਹੈ। ਉਹ ਆਖਦਾ ਹੈ,

"ਹੁਣ ਕੀ ਕਰਨ ਆ ਗਈ ਐਂ।"

"ਚਲੇ ਵੀ ਗਏ, ਇੰਨੀ ਜਲਦੀ!"

"ਦੋ ਘੰਟੇ ਬੈਠ ਕੇ ਗਏ ਆ, ਤੇਰੀ ਪਰੋਬਲਮ ਕੀ ਐ, ਤੂੰ ਮੇਰੀ ਇਹ ਬੇਇਜ਼ਤੀ ਕਿਉਂ ਕੀਤੀ?"

"ਸ਼ਰਮਾ ਜੀ, ਮੈਂ ਤੁਹਾਡੀ ਕੋਈ ਬੇਇਜ਼ਤੀ ਨਹੀਂ ਕੀਤੀ।"

"ਤੂੰ ਮੈਨੂੰ ਪੈਸੇ ਕਿਉਂ ਨਹੀਂ ਫੜਾਏ?"

"ਆਪਣਾ ਫੈਸਲਾ ਹੋਇਆ ਸੀ ਕਿ ਆਪਾਂ ਵੱਧ ਤੋਂ ਵੱਧ ਪੈਸੇ ਬਚਾਉਣ ਦੀ ਕੋਸ਼ਿਸ਼ ਕਰਨੀ ਆਂ।"

"ਰਾਤੀਂ ਤਾਂ ਹਾਲੇ ਤੂੰ ਟੇਕ ਅਵੇਅ ਲੈ ਕੇ ਆਈ ਆਂ, ਤੈਨੂੰ ਮੇਰੇ ਗੈਸਟ ਆਇਆਂ ਤੇ ਈ ਪੈਸੇ ਬਚਾਉਣ ਦੀ ਪੈਣੀ ਸੀ, ਤੂੰ ਜਾਣ ਕੇ ਮੇਰੀ ਬੇਇਜ਼ਤੀ ਕੀਤੀ ਐ, ਜਾਣ ਬੁਝ ਕੇ ਮੈਨੂੰ ਦੱਸਣਾ ਚਾਹਿਆ ਕਿ ਮੈਂ ਕੁਸ਼ ਨਹੀਂ ਪਰ ਤੂੰ ਵੀ ਕੀ ਐਂ? ਦਸ ਸਕਦੀ ਐਂ ਮੈਨੂੰ ਕਿ ਤੂੰ ਕੀ ਚੀਜ਼ ਐਂ, ਦਸਵੀਂ ਫੇਲ੍ਹ ਔਰਤੇ, ਪੰਦਰਾਂ ਸੌ ਰੁਪਏ ਦਾ ਕਾਗਜ਼ ਖਰੀਦ ਕੇ ਆਰ. ਐਮ. ਪੀ. ਬਣੀ ਬੈਠੀ ਐਂ ਤੇ ਆਪਣੇ ਆਪ ਨੂੰ ਐਮ. ਬੀ. ਬੀ. ਐਸ. ਦੀ ਡਾਕਟਰ ਸਮਝਣ ਦੀ ਗਲਤੀ ਕਰੀ ਜਾਨੀ ਐ। ਤੇਰੀ ਹਿੰਮਤ ਕਿੱਦਾਂ ਪਈ ਮੇਰੀ ਬੇਇਜ਼ਤੀ ਕਰਨ ਦੀ!"

"ਸ਼ਰਮਾ ਜੀ, ਮੈਂ ਦਸਵੀਂ ਫੇਲ੍ਹ ਨਹੀਂ, ਮੈਂ ਡਿਗਰੀ ਖਰੀਦੀ ਨਹੀਂ।"

"ਤੂੰ ਮੈਨੂੰ ਕੀ ਦਿਖਾਉਣਾ ਚਾਹੁਨੀ ਐਂ ਕਿ ਮੈਂ ਕੁਸ਼ ਨਹੀਂ, ਮੈਂ ਤੇਰੇ ਕਰਕੇ ਨਹੀਂ ਤੂੰ ਮੇਰੇ ਕਰਕੇ ਐਂ, ਸਾਲ਼ੀ ਕੁਤੀ ਤੀਵੀਂ ਨੂੰ ਕੋਈ ਪੁੱਛਦਾ ਨਹੀਂ ਸੀ ਮੈਂ ਤਰਸ ਕਰ ਲਿਆ, ਇਹੋ ਮੁੱਲ ਪਾਇਆ ਤੂੰ ਮੇਰੀ ਕੁਰਬਾਨੀ ਦਾ, ਮੈਂ ਸਭ ਨੂੰ ਛੱਡ ਕੇ ਤੇਰੇ ਨਾਲ ਵਿਆਹ ਕਰਾਇਆ।"

"ਸ਼ਰਮਾ ਜੀ, ਮੈਂ ਕੋਈ ਐਰਾ ਗੈਰਾ ਕੁੜੀ ਨਹੀਂ ਸੀ, ਖਾਨਦਾਨੀ ਕੁੜੀ ਸੀ।"

"ਮੈਂ ਜਾਣਦਾਂ ਤੇਰੇ ਖਾਨਦਾਨ ਨੂੰ, ਕਿਹੋ ਜਿਹਾ ਖਾਨਦਾਨ ਹੋਏਗਾ ਜਿਹਨੇ ਕੁਆਰੀ ਕੁੜੀ ਨੂੰ ਜਹਾਜੇ ਚੜ੍ਹਾ ਦਿਤਾ, ਹੁਣ ਵੀ ਤੇਰਾ ਖਾਨਦਾਨ ਮੈਂ ਦੇਖ ਲਿਆ! ...ਹੁਸ਼ਿਆਰ ਤੇ ਸੁਨੈਨਾ ਨੇ ਤੇਰੀ ਇਜ਼ਤ ਰੱਖੀ, ਤੈਨੂੰ ਵਾਪਸ ਨਹੀਂ ਜਾਣ ਦਿਤਾ, ਉਹਨਾਂ ਨਾਲ ਤੇ ਮੇਰੇ ਭਰਾ ਤੇ ਮਾਂ ਨਾਲ ਤੇਰੇ ਪਿਓ ਨੇ ਕਿਹੋ ਜਿਹਾ ਵਰਤਾਵ ਕੀਤਾ ਤੇਰੇ ਪਿਓ ਨੇ? ...ਮੈਂ ਤਾਂ ਸਭ ਕੁਸ਼ ਭੁੱਲ ਗਿਆ ਸੀ ਪਰ ਅਜ ਤੂੰ ਮੇਰੀ ਬੇਇਜ਼ਤੀ ਕਰ ਕੇ ਮੈਨੂੰ ਤੇਰੇ ਮੈਨੂੰ ਤੇਰੇ ਬਾਰੇ ਸੋਚਣ ਲਈ ਮਜਬੂਰ ਕਰ ਦਿਤਾ।"

"ਸ਼ਰਮਾ ਜੀ, ਆਈ ਐਮ ਸੌਰੀ! ਨਿਕੀ ਜਿਹੀ ਗੱਲ 'ਤੇ ਮੇਰੇ ਖਾਨਦਾਨ ਨੂੰ ਬੁਰਾ ਭਲਾ ਨਾ ਕਹੀ ਜਾਓ।"

"ਇਹ ਨਿਕੀ ਜਿਹੀ ਗੱਲ ਐ ਕੁਤੇ ਦੀਏ ਨਸਲੇ!"

ਕਹਿ ਕੇ ਉਹ ਸੁਸ਼ਮਾ ਵਲ ਵਧਦਾ ਹੈ। ਸੁਸ਼ਮਾ ਪਹਿਲਾਂ ਹੀ ਤੜਫਣ ਲਗਦੀ ਹੈ ਤੇ ਆਖਦੀ ਹੈ,

"ਮਾਰਨਾ ਨਹੀਂ, ਮਾਰਨਾ ਨਹੀਂ, ਆਈ ਐਮ ਸੌਰੀ!"

ਕੰਬਦੀ ਹੋਈ ਸੁਸ਼ਮਾ ਹੇਠਾਂ ਬੈਠ ਜਾਂਦੀ ਹੈ। ਵਿਜੈ ਕੰਧ ਵਿਚ ਮੁੱਕਾ ਮਾਰ ਕੇ ਬਾਹਰ ਨਿਕਲ ਜਾਂਦਾ ਹੈ। ਉਹ ਬੀਚ ਵਲ ਤੁਰਨ ਲਗਦਾ ਹੈ। ਬੀਚ ਤੇ ਰੌਣਕ ਹੈ। ਲੋਕਾਂ ਦਾ ਸ਼ੋਰ ਹੈ ਪਰ ਉਸ ਨੂੰ ਇਹ ਸ਼ੋਰ ਆਪਣੇ ਸਿਰ ਵਿਚ ਮੇਖ ਵਾਂਗ ਠੋਕ ਹੁੰਦਾ ਮਹਿਸੂਸ ਹੁੰਦਾ ਹੈ। ਉਹ ਸਮੁੰਦਰ ਵਲ ਦੇਖਣ ਲਗਦਾ ਹੈ ਤੇ ਦੇਖਦਾ ਜਾਦਾ ਹੈ। ਫਿਰ ਅਚਾਨਕ ਗਾਉਣ ਲਗਦਾ ਹੈ,

'ਹੇਅਏ, ਨੀਲੇ ਅੰਬਰ ਕੇ ਤਲੇ, ਧਰਤੀ ਕਾ ਪਿਆਰ ਪਲੇ, ਐਸੇ ਹੀ ਆਤੀ ਹੈਂ ਸੁਬਹੇਂ ਐਸੇ ਹੀ ਰਾਤ ਢਲੇ',...

ਉਹ ਘੜੀ ਦੇਖਦਾ ਹੈ। ਰੋਹਨ ਤੇ ਵਿਧੀ ਨੂੰ ਸਕੂਲੋਂ ਲੈਣ ਦਾ ਵਕਤ ਹੋ ਰਿਹਾ ਹੈ ਪਰ ਉਹ ਬੈਠਾ ਰਹਿੰਦਾ ਹੈ ਕਿ ਆਪੇ ਸੁਸ਼ਮਾ ਲੈ ਆਵੇਗੀ। ਕਾਰ ਘਰੇ ਹੀ ਹੈ। ਉਹ ਕਿੰਨੇ ਘੰਟੇ ਉਵੇਂ ਦਾ ਉਵੇਂ ਬੈਠਾ ਲੰਘਾ ਦਿੰਦਾ ਹੈ। ਉਹ ਵਾਰ ਵਾਰ ਆਪਣੇ ਹਉਮੈਂ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਦਿਲ ਨੂੰ ਸਮਝਾਉਂਦਾ ਹੈ ਕਿ ਇਹ ਛੋਟੀ ਜਿਹੀ ਗੱਲ ਹੈ, ਸੁਸ਼ਮਾ ਨੇ ਜਾਣ ਬੁੱਝ ਕੇ ਕੁਝ ਨਹੀਂ ਕੀਤਾ। ਜੇ ਕਰ ਵੀ ਦਿਤਾ ਤਾਂ ਕਿਹੜੀ ਆਫਤ ਆ ਗਈ, ਅਕਸਰ ਉਹ ਕਮਾਉਂਦੀ ਹੈ ਤੇ ਕੁਝ ਮਰਜ਼ੀਆਂ ਵੀ ਉਸ ਦੀਆਂ ਚਲਣੀਆਂ ਹੀ ਚਾਹੀਦੀਆਂ ਹਨ। ਹੁਣ ਉਸ ਨੂੰ ਯਾਦ ਆ ਰਿਹਾ ਹੈ ਕਿ ਤਾਇਆ ਕਿਉਂ ਕਹਿੰਦਾ ਹੈ ਕਿ ਆਦਮੀ ਨੂੰ ਕੰਮ ਜ਼ਰੂਰ ਕਰਨਾ ਚਾਹੀਦਾ ਹੈ, ਪਤਨੀ ਦੇ ਸਿਰ ਤੇ ਨਹੀਂ ਰਹਿਣਾ ਚਾਹੀਦਾ। ਉਸ ਨੇ ਵਿਹਲਾ ਬੈਠ ਕੇ ਬਹੁਤ ਵੱਡੀ ਗਲਤੀ ਕੀਤੀ ਹੈ। ਸੁਸ਼ਮਾ ਨੂੰ ਆਪਣੀ ਬੇਇਜ਼ਤੀ ਕਰਨ ਦਾ ਮੌਕਾ ਦੇ ਦਿਤਾ ਹੈ। ਇਕ ਵਾਰ ਤਾਂ ਉਸ ਦੇ ਮਨ ਵਿਚ ਆਉਂਦਾ ਹੈ ਕਿ ਸੁਸ਼ਮਾ ਨਾਲੋਂ ਨਾਤਾ ਹੀ ਤੋੜ ਲਵੇ। ਜਦ ਉਹ ਉਸ ਦੀ ਇੱਜ਼ਤ ਦੀ ਸਾਂਝੀ ਹੀ ਨਹੀਂ ਰਹੀ ਤਾਂ ਉਸ ਨਾਲ ਰਹਿ ਕੇ ਵੀ ਕੀ ਕਰਨਾ ਹੈ। ਸੁਸ਼ਮਾ ਨੇ ਉਸ ਦੀ ਖੁਸ਼ੀ ਵਿਚ ਕਦੇ ਵੀ ਹਿੱਸਾ ਨਹੀਂ ਪਾਇਆ। ਰੈਸਟੋਰੈਂਟ ਵਿਚ ਵੀ ਓਪਰਿਆਂ ਵਾਂਗ ਫਿਰਦੀ ਹੁੰਦੀ ਸੀ। ਫਿਰ ਉਸ ਨੂੰ ਯਾਦ ਆਉਂਦਾ ਹੈ ਕਿ ਜਿੰਨਾ ਚਿਰ ਸੁਸ਼ਮਾ ਰੈਸਟੋਰੈਂਟ ਵਿਚ ਖੜਦੀ ਰਹੀ ਹੈ ਕਦੇ ਬਹੁਤਾ ਫਾਇਦਾ ਨਹੀਂ ਹੋਇਆ। ਸੁਸ਼ਮਾ ਇੰਡੀਆ ਗਈ ਤਾਂ ਰੈਸਟੋਰੈਂਟ ਥੋੜੀ ਵੱਟਤ ਤੇ ਹੀ ਪੈਸੇ ਛੱਡਣ ਲਗ ਪਿਆ ਸੀ, ਕਿਤੇ ਉਹ ਪੈਸੇ ਹੀ ਨਾ ਕਢਦੀ ਰਹੀ ਹੋਵੇ ਪਰ ਫਿਰ ਆਪੇ ਹੀ ਸੋਚਦਾ ਹੈ ਕਿ ਸੁਸ਼ਮਾ ਅਜਿਹਾ ਨਹੀਂ ਕਰ ਸਕਦੀ। ਉਸ ਦਾ ਪਰਿਵਾਰ ਇੰਨਾ ਘਟੀਆ ਨਹੀਂ ਹੋ ਸਕਦਾ। ਮਣਾਂ ਦੇ ਮਣ ਖਿਆਲ ਉਸ ਦੇ ਮਨ ਵਿਚ ਆ ਜਾ ਰਹੇ ਹਨ। ਸੂਰਜ ਆਹਿਸਤਾ ਜਿਹੇ ਪਲਾ ਛਡਾਉਣ ਲਗਦਾ ਹੈ। ਹਨੇਰਾ ਨੀਲੇ ਪਾਣੀ ਤੇ ਆ ਬੈਠਣ ਲਗਦਾ ਹੈ। ਠੰਡ ਵੀ ਥੋੜੀ ਜਿਹੀ ਕਾਟ ਕਰਨ ਲਗਦੀ ਹੈ। ਉਸ ਨੂੰ ਮਹਿਸੂਸ ਹੋਣ ਲਗਦਾ ਹੈ ਕਿ ਹੁਣ ਉਸ ਨੂੰ ਜਾਣਾ ਚਾਹੀਦਾ ਹੈ ਪਰ ਕਿਥੇ ਜਾਵੇ। ਘਰ ਵਿਚ ਆਪਣਾਪਨ ਨਹੀਂ ਹੈ। ਜਿਥੋਂ ਉਸ ਦੇ ਗੈਸਟਾਂ ਦੀ ਲਾਹ ਪਾਹ ਹੋਈ ਹੋਵੇ ਉਸ ਘਰ ਉਹ ਕਿਵੇਂ ਜਾਵੇ। ਫਿਰ ਜਾਵੇ ਕਿਧਰ। ਤਾਏ ਵਲ ਜਾ ਤਾ ਸਕਦਾ ਹੈ ਪਰ ਕੁਝ ਦੇਰ ਲਈ। ਤਾਏ ਨਾਲ ਆਪਣੇ ਦਿਲ ਦੀ ਅਜਿਹੀ ਗੱਲ ਸਾਂਝੀ ਨਹੀਂ ਕਰ ਸਕਦਾ। ਤਾਇਆ ਤਾਂ ਸਿੱਧਾ ਹੀ ਕਹੇਗਾ ਕਿ ਔਰਤ ਦੀ ਕਮਾਈ ਤੇ ਬੈਠਾ ਹੀ ਕਿਉਂ। ਉਹ ਉਥੋਂ ਉਠ ਕੇ ਤੁਰ ਪੈਂਦਾ ਹੈ। ਉਸ ਦੇ ਕਦਮ ਭਾਗੀ ਦੇ ਘਰ ਵਲ ਤੁਰ ਪੈਂਦੇ ਹਨ। ਪਤਾ ਨਹੀਂ ਭਾਗੀ ਘਰ ਹੋਵੇਗੀ ਵੀ ਜਾਂ ਨਹੀਂ ਪਰ ਭਾਗੀ ਜਾਵੇਗੀ ਵੀ ਕਿਥੇ। ਉਹ ਤੁਰਿਆ ਜਾਂਦਾ ਹੈ ਗਾ ਰਿਹਾ ਹੈ,

'ਦੂਰ ਕਹੀਂ ਜਬ ਦਿਨ ਢਲ ਜਾਏ, ਸ਼ਾਮ ਕੀ ਦੁਲਹਨ ਨਜ਼ਰ ਚੁਰਾਏ, ਚੁਪਕੇ ਸੇ ਆਏ,'...

ਅਜ ਬਹੁਤ ਦਿਨਾਂ ਬਾਅਦ ਉਹ ਇੰਨਾ ਤੁਰਿਆ ਹੈ। ਪਹਿਲਾਂ ਘਰੋਂ ਬੀਚ ਤਕ ਤੇ ਹੁਣ ਵੈਸਟ ਰੋਡ, ਭਾਗੀ ਦੇ ਘਰ ਤਕ, ਸੀ-ਫਰੰਟ ਤੋਂ ਵੀਹ ਮਿੰਟ ਦੀ ਦੂਰੀ ਤੇ ਹੈ। ਉਸ ਦੇ ਮਨ ਵਿਚ ਆਉਂਦਾ ਹੈ ਕਿ ਰਾਹ ਵਿਚੋਂ ਬੀਅਰ ਫੜ ਲਵੇ ਪਰ ਫਿਰ ਉਸ ਨੂੰ ਖਿਆਲ ਆਉਂਦਾ ਹੈ ਕਿ ਉਸ ਦੀ ਜੇਬ੍ਹ ਵਿਚ ਤਾਂ ਕੋਈ ਪੈਸਾ ਹੀ ਨਹੀਂ ਹੈ। ਉਸ ਨੂੰ ਲਗਦਾ ਹੈ ਕਿ ਉਹ ਕਿੰਨਾ ਬੇਵਸ ਤੇ ਮਜਬੂਰ ਹੈ। ਤਾਏ ਵਰਗੇ ਸਿਆਣੇ ਬੰਦੇ ਤੋਂ ਉਹ ਇੰਨੀ ਗੱਲ ਨਹੀਂ ਸਮਝ ਸਕਿਆ। ਭਾਗੀ ਨਿਤ ਵਾਂਗ ਉਸ ਨੂੰ ਬਾਹਾਂ ਖੋਹਲ ਕੇ ਮਿਲਦੀ ਹੈ। ਪੁੱਛਦੀ ਹੈ,

"ਵਿਜੇ, ਤੇਰਾ ਚਿਹਰਾ ਇੰਨਾ ਕਿਉਂ ਉਤਰਿਆ ਹੋਇਐ?"

"ਨਹੀਂ ਤਾਂ, ਤੈਨੂੰ ਓਦਾਂ ਈ ਲਗਦੈ।"

"ਓਦਾਂ ਤਾਂ ਨਹੀਂ, ਕੁਸ਼ ਨਾਲ ਕੁਸ਼ ਹੈ ਜ਼ਰੂਰ। ਕਿਤੇ ਡਾਕਟਰਨੀ ਨੇ ਤਾਂ ਨਹੀਂ ਮਾਰਿਆ!"

"ਉਹਦੀ ਸਾਲ਼ੀ ਦੀ ਇੰਨੀ ਹਿੰਮਤ!"

ਭਾਗੀ ਚੁੱਪ ਕਰ ਜਾਂਦੀ ਹੈ। ਉਹ ਸਮਝ ਜਾਂਦੀ ਹੈ ਕਿ ਕਿਤੇ ਗੜਬੜ ਹੈ ਜ਼ਰੂਰ। ਵਿਜੈ ਸੈਟੀ ਤੇ ਬੈਠ ਜਾਂਦਾ ਹੈ ਉਹ ਉਸ ਦੇ ਬਰਾਬਰ ਬੈਠਦੀ ਉਸ ਦੇ ਮੋਢ੍ਹੇ ਤੇ ਹੱਥ ਫੇਰਦੀ ਉਸ ਦੇ ਕੰਮ-ਕਾਰ ਬਾਰੇ ਪੁੱਛਦੀ ਹੈ,

"ਹੁਣ ਕੀ ਕਰਨ ਦਾ ਵਿਚਾਰ ਐ?"

"ਹਾਲੇ ਤਾਂ ਵਿਹਲਾ ਰਹਿ ਕੇ ਅਕਿਆ ਪਿਆਂ, ਕੱਲ ਨੂੰ ਈ ਜਾਨਾਂ ਅਨਇੰਪਲਾਏਮਿੰਟ ਐਕਸਚੇਂਜ ਵਿਚ, ਦੇਖਦਾਂ ਜਿੱਦਾਂ ਦੀ ਵੀ ਕੋਈ ਜੌਬ ਮਿਲ ਗਈ ਕਰ ਲੈਣੀ ਆਂ, ਵਿਹਲਾ ਰਹਿਣਾ ਵੀ ਇਕ ਬਿਮਾਰੀ ਐ।"

"ਵਿਜੇ, ਦੇਖਲੈ, ਕੋਈ ਹੋਰ ਕੰਮ ਸ਼ੁਰੂ ਕਰ ਲੈ।"

"ਕੰਮ ਵੀ ਤਾਂ ਪੈਸਿਆਂ ਨਾਲ ਸ਼ੁਰੂ ਹੁੰਦੇ ਆ, ਮੇਰੇ ਕੋਲ ਤਾਂ ਇਸ ਵੇਲੇ ਫੁੱਟੀ ਕੌਡੀ ਵੀ ਨਹੀਂ।"

"ਮੇਰੇ ਕੋਲ ਪੰਜ ਕੁ ਹਜ਼ਾਰ ਪੌਂਡ ਪਿਆ, ਜੇ ਚਾਹੀਦਾ ਤਾਂ ਵਰਤ ਲੈ।"

ਵਿਜੈ ਨੂੰ ਭਾਗੀ ਨਾਲ ਬਹੁਤ ਪਿਆਰ ਆਉਂਦਾ ਹੈ। ਉਹ ਉਸ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ। ਫਿਰ ਅਜ ਵਾਲੀ ਸਾਰੀ ਘਟਨਾ ਉਸ ਨੂੰ ਦਸ ਦਿੰਦਾ ਹੈ। ਭਾਗੀ ਉਸ ਨੂੰ ਆਪਣੇ ਪਰਸ ਵਿਚੋਂ ਸੌ ਪੌਂਡ ਦਿੰਦੀ ਆਖਦੀ ਹੈ,
"ਵਿਜੇ, ਆਪਣੀ ਅਣਖ ਨੂੰ ਕਾਇਮ ਰੱਖ, ਇਹਦੇ ਵਿਚ ਈ ਇਨਸਾਨ ਦੀ ਹੋਂਦ ਐ, ਅਣਖ ਗਈ ਤਾਂ ਬਹੁਤ ਕੁਸ਼ ਚਲੇ ਜਾਂਦਾ।"
"ਤੇਰੇ ਤੋਂ ਪੈਸੇ ਲੈਣੇ ਵੀ ਇਸੇ ਅਣਖ ਵਿਚ ਆਉਂਦੇ ਆ।"
"ਵਿਜੇ, ਮੈਂ ਤੇਰੀ ਵਾਈਫ ਨਹੀਂ ਕਿ ਕੋਈ ਅਹਿਸਾਨ ਜਤਾਵਾਂਗੀ, ਮੈਂ ਤੇਰੀ ਭੈਣ ਆਂ, ਦੋਸਤ ਆਂ, ਰਿਮੈਂਬਰ! ਫਿਰ ਇਹ ਜੌਬ ਮੈਨੂੰ ਤੂੰ ਦਵਾਈ, ਪਹਿਲਾਂ ਤੂੰ ਮੈਨੂੰ ਫਲੈਟ ਦਵਾਇਆ ਤੇ ਫਿਰ ਇਹ ਘਰ ਵੀ, ਮੇਰੀ ਇਸ ਲਾਈਫ ਵਿਚ ਜੇ ਕੁਝ ਵਧੀਆ ਹੈ ਤਾਂ ਤੇਰੇ ਕਰਕੇ ਐ, ਜੇ ਤੂੰ ਮੇਰੀ ਹੈਲਪ ਨਾ ਕਰਦਾ ਤਾਂ ਗਵਾਂਢੀ ਈ ਮੈਨੂੰ ਖਾ ਗਏ ਹੁੰਦੇ, ਇਹਨਾਂ ਕੁੜੀਆਂ ਦਾ ਪਿਓ ਈ ਮੈਨੂੰ ਮੁੜ ਮੁੜ ਤੰਗ ਕਰੀ ਜਾਂਦਾ, ਮੇਰੀ ਜ਼ਿੰਦਗੀ ਹੈੱਲ ਬਣੀ ਹੁੰਦੀ।"

## <u>ਇੱਕੀ</u>

ਵਿਜੈ ਫੋਨ ਮਿਹਰ ਨੂੰ ਕਰਦਾ ਹੈ, ਕਹਿੰਦਾ ਹੈ,
"ਹਾਂ ਬਈ ਭਾਈ ਮਿਹਰਬਾਨਾ, ਕੀ ਹਾਲ ਐ?"
"ਠੀਕ ਏ ਭਾਈ ਸਾਹਿਬ, ਤੁਸੀਂ ਸੁਣਾਓ, ਸਵਰਗ ਦੀ ਜ਼ਿੰਦਗੀ ਕਿਹੋ ਜਿਹੀ ਲਗ ਰਹੀ ਏ?"
"ਇਹ ਸਵਰਗ ਨਹੀਂ ਨਰਕ ਐ। ਮਰਦ ਨੂੰ ਮਰਦ ਬਣ ਕੇ ਰਹਿਣਾ ਚਾਹੀਦੈ।"
"ਮਰਦ ਕਈ ਕੰਧਾਂ ਟੱਪਦੇ ਨੇ ਪਰ ਤੁਸੀਂ ਤਾਂ ਕੰਧ ਤੋਂ ਪਾਰ ਦੇਖ ਨਹੀਂ ਸਕਦੇ, ਟੱਪਣਾ ਤਾਂ ਇਕ ਪਾਸੇ।"
"ਹੁਣ ਮੈਂ ਤੈਨੂੰ ਪਹਿਲਾਂ ਸੱਦ ਲਿਆ ਕਰਾਂ ਕਿ ਮਿਹਰਬਾਨਾ, ਮੈਂ ਕੰਧ ਟੱਪਣ ਲਗਿਆਂ, ਦੇਖੀ ਜ਼ਰਾ।"
"ਕੰਧਾਂ ਟੱਪਣ ਵਾਲਿਆਂ ਦੀਆਂ ਅੱਖਾਂ ਦੀ ਅਲੱਗ ਲਿਸ਼ਕੋਰ ਹੋਇਆ ਕਰਦੀ ਏ ਪਰ ਜੇ ਕੁਸ਼ ਹੈ ਵੀ ਤਾਂ ਸਾਨੂੰ ਦਸ ਦਿਆ ਕਰੋ, ਭਰਾਵਾਂ ਵਿਚ ਕਾਹਦਾ ਪਰਦਾ!"
"ਇਹ ਦਿੱਲੀ ਵਾਲਿਆਂ ਨੂੰ ਗੱਲਾਂ ਬਹੁਤ ਆਉਂਦੀਆਂ, ਜਿੱਦਣ ਤੁਸੀਂ ਆਏ ਸੀ ਹੋਰ ਗੱਲਾਂ ਹੁੰਦੀਆਂ ਰਹੀਆਂ, ਕੰਮ ਦੀ ਗੱਲ ਕੋਈ ਹੋ ਨਾ ਸਕੀ, ਮੈਂ ਤੇਰੇ ਤੋਂ ਇਕ ਸਲਾਹ ਲੈਣੀ ਸੀ।"
"ਭਾਈ ਸਾਹਿਬ, ਹੁਕਮ ਕਰੋ।"
"ਰੈਸਟੋਰੈਂਟ ਦੀ ਫਾਇਰ ਵਾਲਾ ਕੇਸ ਇੰਸ਼ੋਅਰੈਂਸ ਵਾਲਿਆਂ ਨਾਲ ਚਲ ਰਿਹੈ, ਪਤਾ ਨਹੀਂ ਕਿੰਨੀ ਦੇਰ ਲਗੇ ਤੇ ਮੈਂ ਕੰਮ ਤੋਂ ਵਿਹਲਾ ਬੈਠਾਂ, ਤੁਹਾਡੇ ਵਾਲੇ ਕੰਮ ਵਿਚ ਕੀ ਚਾਂਸ ਹੈਗੇ ਆ?"
"ਇਹਦੇ ਵਿਚ ਤਾਂ ਬਹੁਤ ਚਾਂਸ ਨੇ, ਤੁਹਾਡਾ ਇਲਾਕਾ ਤਾਂ ਸਾਰਾ ਈ ਵਿਹਲਾ ਪਿਆ। ਫਿਰ ਲੰਡਨ ਵਿਚ ਵੀ ਬਹੁਤੇ ਬੰਦੇ ਇਸ ਬਿਜ਼ਨਸ ਵਿਚ ਨਹੀਂ ਹੈਗੇ।"
"ਇਹਦੇ ਬਾਰੇ ਕੁਸ਼ ਹੋਰ ਜਾਣਕਾਰੀ ਦੇਹ।"
"ਜਿਵੇਂ ਕਹੋਂ ਪਰ ਇਕ ਸ਼ਰਤ ਏ।"
"ਕੀ?"
"ਤੁਹਾਨੂੰ ਮੇਰੇ ਕੋਲ਼ ਆਉਣਾ ਪਵੇਗਾ। ਮੇਰੇ ਕੋਲ ਰਹੋ, ਮੇਰੇ ਨਾਲ ਘੁੰਮ ਫਿਰ ਕੇ ਕੰਮ ਦੇਖ ਲਓ ਤੇ ਫਿਰ ਸ਼ੁਰੂ ਕਰ ਲਓ।"
"ਠੀਕ ਐ। ਲੈ ਫਿਰ ਦਸ ਕਦੋਂ ਆਵਾਂ?"
"ਅਗਲੇ ਵੀਕ ਈ ਆ ਜਾਓ, ਮੰਡੇ ਤੋਂ।"
ਸੁਸ਼ਮਾ ਕੋਲ ਬੈਠੀ ਸੁਣ ਰਹੀ ਹੈ। ਉਹ ਬੋਲਦੀ ਹੈ,
"ਸ਼ਰਮਾ ਜੀ, ਏਦਾਂ ਕਿਉਂ ਕਰਦੇ ਓ, ਇਕ ਗਲਤ ਫਹਿਮੀ ਨੂੰ ਇੰਨੀ ਹਵਾ ਕਿਉਂ ਦੇਈ ਜਾ ਰਹੇ ਓ?"
"ਮੈਂ ਹਵਾ ਨਹੀਂ ਦੇ ਰਿਹਾ, ਕੰਮ ਦੀ ਤਲਾਸ਼ ਕਰ ਰਿਹਾਂ।"
"ਮੈਂ ਕਰ ਤਾਂ ਰਹੀ ਆਂ।"
"ਤੂੰ ਕਿਹਦੇ ਲਈ ਕਰ ਰਹੀ ਐਂ? ਕਿੰਨਾ ਕੁ ਕਰ ਰਹੀ ਐਂ? ਕਿੰਨੇ ਕੁ ਪੈਸੇ ਬਚਾ ਰਹੀ ਐਂ? ਇਹ ਸਾਰੇ ਸਵਾਲ ਮੇਰੀ ਜਾਣਕਾਰੀ ਤੋਂ ਬਹੁਤ ਦੂਰ ਐ, ਮੇਰੇ ਨਾਲ ਤੂੰ ਕਦੇ ਕੁਸ਼ ਵੀ ਸ਼ੇਅਰ ਨਹੀਂ ਕੀਤਾ, ਤੂੰ ਘਰ ਦੀ ਸ਼ੌਪਿੰਗ ਜੋਗੇ ਪੈਸੇ ਮੈਨੂੰ ਦਿੰਦੀ ਰਹੀ ਐਂ, ਜਿੱਦਾਂ ਘਰ ਵਿਚ ਕੰਮ ਕਰਨ ਵਾਲੇ ਮੁੰਡੂ ਨੂੰ ਦੇਈਦੇ ਆ। ਇਕ ਗੱਲ ਦਾ ਤਾਂ ਤੈਨੂੰ ਪਤਾ ਈ ਹੋਏਗਾ ਕਿ ਮੇਰੀ ਕਮਾਈ ਏਸ ਘਰ ਲਈ ਤੇ ਇਹਨਾਂ ਬੱਚਿਆਂ ਲਈ ਹੋਏਗੀ ਜਿੱਦਾਂ ਪਹਿਲਾਂ ਸੀ। ਸਭ ਕੁਸ਼ ਤੇਰਾ ਹੋਏਗਾ ਪਹਿਲਾਂ ਦੀ ਤਰ੍ਹਾਂ।"
"ਮੇਰੀ ਸਾਰੀ ਕਮਾਈ ਵੀ ਤਾਂ ਤੁਹਾਡੀ ਈ ਐ।"

"ਤਾਂ ਹੀ ਪੰਜ ਦਸ ਪੌਂਡ ਬਦਲੇ ਮੇਰੀ ਇਜ਼ਤ ਮਿੱਟੀ ਵਿਚ ਮਿਲਾ ਕੇ ਰੱਖ ਦਿਤੀ।"
"ਸ਼ਰਮਾ ਜੀ, ਤੁਸੀਂ ਇਸ ਗੱਲ ਨੂੰ ਭੁੱਲਦੇ ਕਿਉਂ ਨਹੀਂ?"

ਵਿਜੈ ਕੁਝ ਨਹੀਂ ਬੋਲਦਾ ਤੇ ਸੀ-ਫਰੰਟ ਵਲ ਨੂੰ ਨਿਕਲ ਜਾਂਦਾ ਹੈ। ਸੁਸ਼ਮਾ ਮੁੜ ਆਪਣਾ ਸਿਰ ਫੜ ਲੈਂਦੀ ਹੈ। ਘੰਟੇ ਕੁ ਬਾਅਦ ਜਦ ਵਿਜੈ ਵਾਪਸ ਮੁੜਦਾ ਹੈ ਤਾਂ ਸੁਸ਼ਮਾ ਬੱਤੀ ਬੁਝਾਈ ਸੈਟੀ ਤੇ ਪਈ ਹੈ। ਦੋਵੇਂ ਬੱਚੇ ਡਰੇ ਜਿਹੇ ਕੋਲ ਬੈਠੇ ਹਨ। ਉਸ ਨੂੰ ਦੇਖ ਕੇ ਬੱਚੇ ਰੋਣ ਲਗਦੇ ਹਨ। ਉਹ ਦੋਵਾਂ ਨੂੰ ਚੁੱਕ ਕੇ ਚੁੱਪ ਕਰਾਉਂਦਾ ਹੈ ਤੇ ਉਹਨਾਂ ਨੂੰ ਲੈ ਕੇ ਬਾਹਰ ਤੁਰ ਪੈਂਦਾ ਹੈ ਕਿ ਉਹਨਾਂ ਨੂੰ ਕੁਝ ਖਵਾ ਸਕੇ। ਉਸ ਨੂੰ ਪਤਾ ਹੈ ਕਿ ਸੁਸ਼ਮਾ ਨੇ ਕੁਝ ਨਹੀਂ ਦਿਤਾ ਹੋਣਾਂ। ਉਹ ਤਾਂ ਚੰਗੀ ਭਲੀ ਹੋਵੇ ਤਾਂ ਘਾਉਲ ਕਰ ਜਾਂਦੀ ਹੈ ਹੁਣ ਤਾਂ ਸਿਰ ਦੁਖਣ ਦਾ ਬਹਾਨਾ ਹੈ। ਉਹ ਉਸ ਨਾਲ ਕਿਸੇ ਕਿਸਮ ਦੀ ਬਹਿਸ ਨਹੀਂ ਕਰਦਾ। ਤੇ ਬੱਚਿਆਂ ਦੇ ਕਮਰੇ ਵਿਚ ਸੌਂ ਜਾਂਦਾ ਹੈ। ਸੁਸ਼ਮਾ ਰਾਤ ਭਰ ਹੂੰਗਾ ਮਾਰਦੀ ਰਹਿੰਦੀ ਹੈ ਪਰ ਵਿਜੈ ਚੁੱਪ ਚਾਪ ਸੁਤਾ ਰਹਿੰਦਾ ਹੈ। ਉਸ ਨੂੰ ਪਤਾ ਹੈ ਕਿ ਸੁਸ਼ਮਾ ਦਾ ਇਹ ਹੂੰਗਾ ਉਸ ਦਾ ਧਿਆਨ ਖਿਚਣ ਲਈ ਹੈ। ਉਹ ਸਵੇਰੇ ਉਠਦੇ ਹਨ। ਸਭ ਠੀਕ ਹੈ। ਵਿਜੈ ਸੁਸ਼ਮਾ ਨੂੰ ਆਖਦਾ ਹੈ,
"ਲੈ ਬਈ ਤੂੰ ਸੰਭਾਲ ਆਪਣਾ ਘਰ ਤੇ ਬੱਚੇ, ਮੈਂ ਹੁਣ ਕੰਮ ਕਰਨ ਲਗਿਆਂ, ਸੋਮਵਾਰ ਦਾ ਗਿਆ ਕੁਝ ਦਿਨ ਲਾ ਕੇ ਮੁੜਾਂਗਾ।"
"ਅੱਧੋਂ ਵੱਧ ਸਿਰ ਤਾਂ ਮੇਰਾ ਤੁਹਾਡੀਆਂ ਗੱਲਾਂ ਕਰਕੇ ਦੁਖਦਾ ਰਹਿੰਦੈ।"
"ਮੈਂ ਤਾਂ ਤੈਨੂੰ ਕਦੇ ਕੁਸ਼ ਨਹੀਂ ਕਿਹਾ।"
"ਆਹ ਹੁਣ ਕੀ ਕਰ ਰਹੇ ਓ!"
"ਕੰਮ ਕਰਨ ਦੀ ਕੋਸ਼ਿਸ਼ ਕਰ ਰਿਹਾਂ।"
"ਮੈਂ ਕਰੀ ਤਾਂ ਜਾ ਰਹੀ ਆਂ।"
"ਆਪਾਂ ਕਲ ਦੇ ਕਿੰਨੀ ਵਾਰ ਇਸ ਸਵਾਲ ਵਿਚਦੀ ਲੰਘ ਚੁੱਕੇ ਆਂ?"

ਸ਼ਾਮ ਤਕ ਸੁਸ਼ਮਾ ਠੀਕ ਹੋ ਕੇ ਉਸ ਨਾਲ ਲੜਨ ਦੇ ਮੂਡ ਵਿਚ ਉਸ ਦੇ ਆਲੇ ਦੁਆਲੇ ਮੰਡਲਾ ਰਹੀ ਹੈ ਪਰ ਉਹ ਬੀਅਰ ਦੇ ਘੁੱਟ ਭਰਦਾ ਬੱਚਿਆਂ ਦੇ ਵਿਚਕਾਰ ਬੈਠਾ ਟੈਲੀ ਦੇਖਦਾ ਰਹਿੰਦਾ ਹੈ। ਸੁਸ਼ਮਾ ਨੇ ਹੁਣ ਉਸ ਦਾ ਕੌਅ ਪਾ ਲਿਆ ਹੈ। ਜੇ ਉਹ ਜ਼ਿਆਦਾ ਗੁੱਸੇ ਵਿਚ ਹੋਵੇ ਤਾਂ ਉਸ ਦੀ 'ਹਾਂ' ਵਿਚ 'ਹਾਂ' ਮਿਲਾਉਂਦੀ ਰਹਿੰਦੀ ਹੈ ਤੇ ਵਿਜੈ ਦਾ ਮੂਡ ਠੀਕ ਹੋਵੇ ਤਾਂ ਲੜਾਈ ਵੀ ਕਰ ਲੈਂਦੀ ਹੈ। ਸੁਸ਼ਮਾ ਰੋਟੀ ਬਣਾਉਂਦੀ ਤਾਂ ਖਾ ਉਹ ਲੈਂਦਾ ਹੈ। ਰੋਹਨ ਨੂੰ ਰੋਟੀ ਪਸੰਦ ਨਹੀਂ ਹੈ, ਵਿਜੈ ਉਸ ਨੂੰ ਆਪ ਫਰੀਜ਼ਰ ਵਿਚੋਂ ਬਰਗਰ ਕੱਢ ਕੇ ਬਣਾ ਦਿੰਦਾ ਹੈ। ਵਿਧੀ ਵਿਜੈ ਦੇ ਨਾਲ ਹੀ ਉਸ ਦੀ ਪਲੇਟ ਵਿਚੋਂ ਰੋਟੀ ਖਾ ਲੈਂਦੀ ਹੈ।

ਅਗਲੇ ਦਿਨ ਸੁਸ਼ਮਾ ਉਸ ਦਾ ਮਿਜਾਜ਼ ਦੇਖਦੀ ਕਹਿਣ ਲਗਦੀ ਹੈ,
"ਸ਼ਰਮਾ ਜੀ, ਤੁਹਾਨੂੰ ਕੀ ਪਤਾ ਮੇਰੇ ਕੋਲ ਰੰਗ ਬਰੰਗੀਆਂ ਔਰਤਾਂ ਆਉਂਦੀਆਂ ਸਭ ਘਰਾਂ ਦੀਆਂ ਮਾਲਕਣਾਂ ਤੇ ਅਸੀਂ ਬੇਗਾਨੇ ਘਰ ਵਿਚ ਰਹਿੰਨੇ ਆਂ, ਮੈਨੂੰ ਬਹੁਤ ਸ਼ਰਮ ਆਉਂਦੀ ਐ।"
"ਇਹਦੇ ਵਿਚ ਮੈਂ ਕੀ ਕਰ ਸਕਦਾਂ, ਕਦੇ ਮੈਂ ਵੀ ਘਰ ਦਾ ਮਾਲਕ ਸੀ, ਹੁਣ ਕਿਸਮਤ ਨੇ ਬਾਜੀ ਪੁੱਠੀ ਪਾ ਦਿਤੀ।"
"ਚਲੋ ਉਹ ਤਾਂ ਜੋ ਹੋ ਗਿਆ ਹੋ ਗਿਆ ਪਰ ਆਪਾਂ ਨੂੰ ਹੁਣ ਘਰ ਲੈਣ ਬਾਰੇ ਸੋਚਣਾ ਪੈਣਾਂ, ਤਾਂ ਹੀ ਤਾਂ ਮੈਂ ਪੈਸੇ ਜੋੜਨ ਦੀ ਗੱਲ ਕਰ ਰਹੀ ਆਂ ਤੇ ਤੁਸੀਂ ਓਦਣ ਮੇਰੇ ਨਾਲ ਐਵੇਂ ਈ ਗੁੱਸੇ ਹੋ ਗਏ, ਜਿਹੜੇ ਮੈਂ ਪੈਸੇ ਜੋੜੇ ਆ ਉਸ ਦਿਨ ਦਸ ਪੌਂਡ ਘਟਦੇ ਸੀ ਏਸ ਲਈ ਮੈਂ ਬਾਹਰੋਂ ਨਹੀਂ ਸੀ ਮੰਗਾਉਣਾ ਚਾਹੁੰਦੀ।"
"ਇਹ ਹੁਣ ਟੋਪੀ ਵਿਚੋਂ ਕਬੂਤਰ ਕੱਢਣ ਵਾਂਗ ਡਰਾਮਾ ਕਰ ਰਹੀ ਐਂ।"
"ਡਰਾਮਾ ਨਹੀਂ, ਮੈਂ ਕੁਸ਼ ਪੈਸੇ ਜੋੜ ਕੇ ਤੁਹਾਨੂੰ ਸਰਪਰਾਈਜ਼ ਦੇਣਾਂ ਚਾਹੁੰਦੀ ਸੀ।"
"ਕੋਈ ਨਵੀਂ ਚਾਲ?"
"ਚਾਲ ਨਹੀਂ, ਸਰਪਰਾਈਜ਼!"
"ਹਕੀਮ ਸੁਸ਼ਮਾ ਕੁਮਾਰੀ, ਕਿਤੇ ਨਾ ਕਿਤੇ ਟੇਢ ਹੈਗੀ ਐ, ਤੂੰ ਬਹੁਤ ਕੁਝ ਲੁਕਾ ਰਹੀ ਐਂ, ਮੈਨੂੰ ਲਗਦੈ ਤੂੰ ਆਪਣੇ ਆਪ ਨੂੰ ਮੇਰੀ ਪਤਨੀ ਨਹੀਂ ਸਮਝ ਰਹੀ ਜਾਂ ਫਿਰ ਮੈਨੂੰ ਆਪਣਾ ਹਸਬੈਂਡ ਨਹੀਂ ਮੰਨ ਰਹੀ। ਚੱਲ ਇਹ ਦੱਸ ਤੂੰ ਆਪਣੇ ਪਿਤਾ ਨੂੰ ਕਿੰਨੇ ਪੈਸੇ ਭੇਜੇ ਆ?"
"ਮੈਂ ਤਾਂ ਓਨੇ ਕੁ ਈ ਭੇਜੇ ਆ ਜਿੰਨੀਆਂ ਮੈਨੂੰ ਦਵਾਈਆਂ ਚਾਹੀਦੀਆਂ ਸੀ।"
"ਤੇਰਾ ਪਿਤਾ ਤਾਂ ਪੌਂਡਾਂ ਦਾ ਭਾਅ ਉਦੋਂ ਵੀ ਪੁੱਛਦਾ ਫਿਰਦਾ ਸੀ ਜਦੋਂ ਤੂੰ ਇੰਡੀਆ ਗਈ ਸੈਂ, ਉਦੋਂ ਤੂੰ ਕੰਮ ਵੀ ਨਹੀਂ ਸੀ ਕਰਦੀ ਇਹਦਾ ਮਤਲਬ ਤੂੰ ਰੈਸਟੋਰੈਂਟ ਵਿਚੋਂ ਪੈਸੇ ਕੱਢ ਕੇ ਲੈ ਗਈ ਸੈਂ, ਇਸੇ ਲਈ ਮੇਰੇ ਖਚਰੇ ਪੂਰੇ ਨਹੀਂ ਸੀ ਹੋ ਰਹੇ ਤੇ ਤੇਰੇ ਜਾਣ ਤੋਂ ਬਾਅਦ ਰੈਸਟੋਰੈਂਟ ਠੀਕ ਹੋ ਗਿਆ ਸੀ।"
"ਪਤਾ ਨਹੀਂ ਤੁਸੀਂ ਕਿਹੜੀਆਂ ਗੱਲਾਂ ਕਰੀ ਜਾ ਰਹੇ ਓ।"
"ਮੈਨੂੰ ਗੱਲਾਂ ਸਾਫ ਹੋ ਰਹੀਆਂ, ਸਪੱਸ਼ਟ ਦਿਸਦੀਆਂ, ਹੁਣ ਕੀ ਵਿਚਾਰ ਐ?"
"ਕੀ ਮਤਲਬ?"

"ਕੀ ਮੇਰੇ ਨਾਲ ਰਹਿਣੈ ਜਾਂ ਹੁਣ ਅਲੱਗ ਹੋਣੈਂ, ਤੇਰੇ ਕੰਮ ਤਾਂ ਹੋ ਗਏ, ਤੂੰ ਇੰਗਲੈਂਡ ਵਿਚ ਪੱਕੀ ਹੋ ਗਈ ਐਂ, ਕੰਮ ਸੁਰੂ ਕਰ ਲਿਆ, ਚਾਹੇਂ ਤਾਂ ਅਜਾਦੀ ਲੈ ਸਕਦੀ ਐਂ, ਤੈਨੂੰ ਕੋਈ ਵੀ ਪੁੱਛਣ ਵਾਲਾ ਨਹੀਂ ਹੋਏਗਾ, ਜੋ ਮਰਜ਼ੀ ਕਰੀਂ, ਪੈਸੇ ਪਿਓ ਨੂੰ ਭੇਜੀਂ ਜਾਂ ਭਰਾ ਨੂੰ।"

"ਸ਼ਰਮਾ ਜੀ, ਤੁਸੀਂ ਮੇਰਾ ਸਿਰ ਪਾੜ ਕੇ ਹਟਣਾ?"

ਆਖਦੀ ਹੋਈ ਸੁਸ਼ਮਾ ਆਪਣਾ ਸਿਰ ਫੜਦੀ ਹੋਈ ਉਠ ਖੜਦੀ ਹੈ ਤੇ ਬੈਡਰੂਮ ਨੂੰ ਚਲੇ ਜਾਂਦੀ ਹੈ।

ਵਿਜੈ ਸੋਚਦਾ ਹੈ ਕਿ ਇਸ ਨੇ ਪੈਸੇ ਅਮੈਰਿਕਾ ਆਪਣੇ ਭਰਾ ਨੂੰ ਵੀ ਭੇਜੇ ਹੋਣਗੇ ਕਿਉਂਕਿ ਭਰਾ ਦਾ ਕਈ ਵਾਰ ਫੋਨ ਆਇਆ ਕਰਦਾ ਹੈ ਉਹ ਉਥੇ ਦੀ ਜ਼ਿੰਦਗੀ ਨੂੰ ਬਹੁਤ ਔਖੀ ਦਸਦਾ ਹੈ ਤੇ ਇਹ ਵੀ ਕਹਿੰਦਾ ਹੈ ਕਿ ਉਸ ਕੋਲ ਕੋਈ ਕੰਮ ਨਹੀਂ ਹੈ ਜੇ ਕੰਮ ਨਹੀਂ ਹੈ ਤਾਂ ਉਹ ਖਰਚ ਕਿਥੋਂ ਕਰਦਾ ਹੋਇਆ। ਵਿਜੈ ਨੂੰ ਸਾਰੀ ਸਥਿਤੀ ਤੇ ਗੁੱਸਾ ਆਉਣ ਲਗਦਾ ਹੈ ਪਰ ਫਿਰ ਉਹ ਗੁੱਸੇ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਸੋਚਦਾ ਹੈ ਕਿ ਪਹਿਲਾਂ ਹੀ ਘਰ ਵਿਚ ਕਲਾ ਖੜੀ ਹੋਈ ਪਈ ਹੈ। ਹੁਣ ਹੋਰ ਝਗੜਾ ਨਹੀਂ ਵਧਾਉਣਾ ਚਾਹੀਦਾ। ਜੇਕਰ ਸੱਚ ਹੀ ਸੁਸ਼ਮਾ ਦਾ ਸਿਰ ਦਰਦ ਕਰ ਰਿਹਾ ਹੋਵੇਗਾ ਤਾਂ ਕੋਈ ਨਵੀਂ ਮੁਸੀਬਤ ਵੀ ਖੜੀ ਹੋ ਸਕਦੀ ਹੈ। ਹਾਲੇ ਉਹ ਇਸ ਸੋਚ ਨੂੰ ਹੀ ਹੋਰ ਪਰਪੱਕ ਕਰਨਾ ਚਾਹੁੰਦਾ ਹੈ ਕਿ ਕੀ ਹੁਣ ਉਹ ਪਰਿੰਟਿੰਗ ਦੇ ਕੰਮ ਵਿਚ ਹੀ ਪਵੇਗਾ। ਅਸ਼ੋਕ ਨਾਲ ਨਿਤ ਰਾਬਤਾ ਹੋਵੇਗਾ। ਸ਼ਾਇਦ ਕਾਮਯਾਬ ਹੀ ਹੋ ਜਾਵੇ। ਮਿਹਨਤ ਤਾਂ ਉਹ ਕਰ ਹੀ ਸਕਦਾ ਹੈ। ਇਹ ਵੀ ਠੀਕ ਹੈ ਕਿ ਉਸ ਨੂੰ ਕਾਫੀ ਸਮਾਂ ਘਰ ਤੋਂ ਬਾਹਰ ਰਹਿਣਾ ਪਵੇਗਾ, ਬੱਚਿਆਂ ਨੂੰ ਵੀ ਉਹ ਹੁਣ ਵਾਂਗ ਬਹੁਤਾ ਸਮਾਂ ਨਹੀਂ ਦੇ ਸਕੇਗਾ ਪਰ ਕੰਮ ਵੀ ਤਾਂ ਕਰਨਾ ਹੋਇਆ।

ਅਗਲੇ ਦਿਨ ਉਹ ਬੱਚਿਆਂ ਨੂੰ ਸਕੂਲ ਛੱਡ ਕੇ ਤਾਏ ਦੇ ਘਰ ਜਾਂਦਾ ਹੈ। ਉਹ ਚਾਹੁੰਦਾ ਹੈ ਕਿ ਤਾਏ ਨੂੰ ਵੀ ਆਪਣੇ ਇਸ ਨਵੇਂ ਕੰਮ ਬਾਰੇ ਦਸ ਦੇਵੇ। ਤਾਏ ਨੂੰ ਉਸ ਦੇ ਵਿਹਲੇ ਹੋ ਜਾਣ ਬਾਰੇ ਬਹੁਤ ਫਿਕਰ ਰਹਿੰਦਾ ਹੈ। ਉਹ ਤਾਏ ਦੇ ਘਰ ਪੁੱਜਦਾ ਹੈ ਤਾਂ ਦੇਖਦਾ ਹੈ ਕਿ ਘਰ ਵਿਚ ਤਾਂ ਬਹਿਸੋ ਬਹਿਸ ਚਲ ਰਹੀ ਹੈ। ਦੀਪਕ ਗੁੱਸੇ ਵਿਚ ਕਮਲਾ ਜਿਹਾ ਹੋਇਆ ਬੈਠਾ ਹੈ। ਉਸ ਕੋਲੋਂ ਆਉਂਦੀ ਬਦਬੂ ਤੋਂ ਪਤਾ ਚਲਦਾ ਹੈ ਉਸ ਨੇ ਸਵੇਰੇ ਹੀ ਡਰੱਗ ਲਏ ਹੋਏ ਹਨ। ਵਿਜੈ ਨੂੰ ਜ਼ਰਾ ਕੁ ਗੁੱਸਾ ਆਉਂਦਾ ਹੈ ਪਰ ਉਹ ਕੁਝ ਨਹੀਂ ਕਹਿੰਦਾ। ਡਰੱਗ ਕਿਹੜੇ ਉਸ ਨੇ ਪਹਿਲੀ ਵਾਰ ਲਏ ਹਨ। ਦੀਪਕ ਨਿਤ ਵਾਂਗ ਪੈਸੇ ਮੰਗ ਰਿਹਾ ਹੈ। ਉਸ ਨੇ ਹਜ਼ਾਰ ਪੌਂਡ ਮੰਗਣੇ ਸ਼ੁਰੂ ਕੀਤੇ ਤੇ ਹੁਣ ਸੌ ਪੌਂਡ ਤੇ ਆ ਗਿਆ ਹੈ। ਤਾਇਆ ਪੈਸੇ ਦੇਣ ਤੋਂ ਸਾਫ ਇਨਕਾਰੀ ਹੈ। ਤਾਈ ਵੀ ਨਾਂਹ ਕਰ ਚੁੱਕੀ ਹੈ। ਉਹ ਵਿਜੈ ਤੋਂ ਮੰਗਣ ਲਗਦਾ ਹੈ। ਵਿਜੈ ਆਖਦਾ ਹੈ,

"ਦੀਪਕ, ਮੈਂ ਤਾਂ ਬਹੁਤ ਦਿਨਾਂ ਤੋਂ ਵਿਹਲਾ ਬੈਠਾਂ, ਮੈਂ ਤਾਂ ਆਪ ਕਿਸੇ ਤੋਂ ਪੰਜਾਹ ਪੌਂਡ ਮੰਗ ਕੇ ਲਿਆਇਆਂ, ਮੈਨੂੰ ਕੋਈ ਕੰਮ ਸ਼ੁਰੂ ਕਰ ਲੈਣ ਦੇ ਤੈਨੂੰ ਮੈਂ ਆਪਣੇ ਨਾਲ ਈ ਰੱਖ ਲੈਣਾਂ।"

ਦੀਪਕ ਉਸ ਦੀ ਗੱਲ ਸੁਣੇ ਬਿਨਾਂ ਤਾਏ ਨੂੰ ਕਹਿੰਦਾ ਹੈ,

"ਡੈਡ, ਕਮ ਔਨ ਗਿਵ ਮੀ ਹੰਡਰਡ ਕੁਇਡ, ਆਏ ਨੀਡ ਵੈਰੀ ਬੈਡਲੀ।"

"ਘੰਟਾ ਹੋ ਗਿਆ ਮੈਂ ਕਹੀ ਜਾਨਾਂ ਮੇਰੇ ਕੋਲ ਪੈਸੇ ਹੈ ਨਹੀਂ।"

"ਯੂ ਹੈਵ ਐਵਰੀਥਿੰਗ, ਕਮ ਔਨ, ਡੌਂਟ ਪੁੱਟ ਪਰੈਸ਼ਰ ਔਨ ਮੀ।"

ਦੀਪਕ ਆਪਣੇ ਪਿਉ ਵਲ ਇਵੇਂ ਹੱਥ ਵਧਾਉਂਦਾ ਹੈ ਜਿਵੇਂ ਹਫਤਾ ਲੈਣ ਆਇਆ ਬਦਮਾਸ਼ ਹੋਵੇ। ਤਾਇਆ ਗੁੱਸੇ ਵਿਚ ਆਇਆ ਤਾਈ ਨੂੰ ਕਹਿਣ ਲਗਦਾ ਹੈ,

"ਨਿਰਮਲਾ, ਏਹਨੂੰ ਕਹਿ ਏਥੋਂ ਚਲੇ ਜਾਵੇ ਨਹੀਂ ਤਾਂ ਮੈਂ ਪੁਲੀਸ ਸੱਦ ਲੈਣੀ ਆਂ, ਇਹਨੇ ਤਾਂ ਨੱਕ ਵਿਚ ਦਮ ਕੀਤਾ ਪਿਐ।"

ਤਾਈ ਦੇ ਬੋਲਣ ਤੋਂ ਪਹਿਲਾਂ ਹੀ ਦੀਪਕ ਤਾਏ ਵਲ ਵਧਦਾ ਕਹਿੰਦਾ ਹੈ,

"ਯੂ ਫੱਕਨ ਓਲਡ ਮੈਨ, ਵਾਏ ਨੌਟ ਯੂ ਅੰਡਰਸਟੈਂਡ ਮਾਈ ਪੇਨ!"

ਆਖਦਾ ਹੋਇਆ ਉਹ ਤਾਏ ਦੇ ਚੁਪੇੜ ਦੇ ਮਾਰਦਾ ਹੈ। ਵਿਜੈ ਜੋ ਹਾਲੇ ਤਕ ਸੁੰਨ ਹੋਇਆ ਦੇਖਦਾ ਜਾ ਰਿਹਾ ਸੀ ਇਕ ਦਮ ਦੀਪਕ ਤੇ ਝਪਟ ਪੈਂਦਾ ਹੈ ਉਸ ਦੇ ਮੂੰਹ ਤੇ ਜ਼ੋਰਦਾਰ ਮੁੱਕਾ ਮਾਰਦਾ ਹੈ। ਫਿਰ ਇਕ ਹੋਰ, ਇਕ ਹੋਰ। ਦੀਪਕ ਹੇਠਾਂ ਡਿਗ ਪੈਂਦਾ ਹੈ ਪਰ ਵਿਜੈ ਉਸ ਨੂੰ ਮਾਰਦਾ ਜਾ ਰਿਹਾ ਹੈ। ਦੀਪਕ ਦੇ ਨੱਕ ਤੇ ਮੂੰਹ ਵਿਚੋਂ ਖੂਨ ਵਗਣ ਲਗਦਾ ਹੈ। ਤਾਈ ਵਿਜੈ ਨੂੰ ਫੜ ਕੇ ਪਰਾਂਹ ਕਰਦੀ ਹੈ ਤੇ ਕਹਿੰਦੀ ਹੈ,

"ਵੇ ਵਿਜੇ, ਮਰ ਜਾਊ, ਇਹ ਤਾਂ ਪਾਗਲ ਹੋ ਗਿਆ, ਸਾਰਾ ਟੱਬਰ ਕਿਉਂ ਕਮਲ਼ੇ ਹੋਈ ਜਾਨੇ ਓ!"

ਵਿਜੈ ਦੀਪਕ ਨੂੰ ਉਠਾ ਕੇ ਖੜਾ ਕਰਦਾ ਹੈ ਤੇ ਦਰਵਾਜ਼ਾ ਖੋਹਲ ਕੇ ਉਸ ਧਕਦਾ ਹੋਇਆ ਬਾਹਰ ਸੁੱਟ ਦਿੰਦਾ ਹੈ। ਤਾਏ ਦੀ ਹਾਲਤ ਅਜੀਬ ਹੈ। ਉਸ ਨੇ ਇਹ ਸਥਿਤੀ ਪਹਿਲਾਂ ਦੇਖੀ ਹੀ ਨਹੀਂ। ਕਦੇ ਕਿਸੇ ਨੂੰ ਓਏ ਤਕ ਨਹੀਂ ਆਖਿਆ ਕਿਸੇ ਨੇ ਇਵੇਂ ਚੁਪੇੜ ਮਾਰਨੀ ਤਾਂ ਦੂਰ ਦੀ ਗੱਲ ਹੈ ਉਹ ਵੀ ਆਪਣੇ ਪੁੱਤਰ ਵਲੋਂ। ਵਿਜੈ ਆ ਕੇ ਤਾਏ ਨੂੰ ਜੱਫੀ ਵਿਚ ਲੈ ਲੈਂਦਾ ਹੈ ਤੇ ਰੋਣ ਲਗਦਾ ਹੈ। ਤੇ ਆਖਦਾ ਹੈ,

"ਤਾਇਆ, ਆਏ ਐਮ ਸੌਰੀ, ਕੋਈ ਮੇਰੇ ਹੁੰਦੇ ਹੋਏ ਤੇਰੇ ਤੇ ਹੱਥ ਚੁੱਕ ਗਿਆ! ਆਏ ਐਮ ਸੌਰੀ, ਤਾਇਆ।"

"ਕਰਮਾਂ ਦੀ ਸਜ਼ਾ ਐ ਵਿਜੇ, ਪਤਾ ਨਹੀਂ ਕਿਹੜੇ ਗੁਨਾਹ ਕੀਤੇ ਸੀ ਕਿ ਇਹ ਜੰਮ ਪਿਆ। ਅਗੇ ਵੀ ਇਕ ਦਿਨ ਆਇਆ ਸੀ, ਨਿਰਮਲਾ ਨੂੰ ਡਰਾ ਕੇ ਇਹਦੇ ਗਹਿਣੇ ਲੈ ਗਿਆ, ਮੈਨੂੰ ਲਗਦੈ ਇਹਨੂੰ ਵੀ ਕੁੱਟ ਮਾਰ ਕੇ ਈ ਏਹਦੇ ਗਹਿਣੇ ਖੋਹੇ ਆ।"

ਉਸ ਦੀ ਗੱਲ ਸੁਣਦੀ ਤਾਈ ਰੋਣ ਲਗਦੀ ਹੈ। ਤਾਇਆ ਫਿਰ ਆਖਦਾ ਹੈ,

"ਹੁਣ ਘਰ ਦੇ ਨੇੜੇ ਵੀ ਆਇਆ ਤਾਂ ਮੈਂ ਪੁਲੀਸ ਸੱਦ ਲੈਣੀ ਆਂ।"

"ਤਾਇਆ ਫਿਕਰ ਨਾ ਕਰ, ਮੈਂ ਜੀਂਦਾਂ ਹਾਲੇ, ਇਹਨੂੰ ਐਸਾ ਸਬਕ ਦੇਊਂ ਕਿ ਸਾਰੀ ਉਮਰ ਚੇਤੇ ਰੱਖੇਗਾ।"

"ਮੈਂ ਤਾਂ ਹੁਣ ਇਹਦਾ ਮੂੰਹ ਤਕ ਨਹੀਂ ਦੇਖਣਾ, ਜੀਂਦੇ ਜੀ ਇਹਨੂੰ ਘਰ ਵੀ ਨਹੀਂ ਵੜਨ ਦੇਣਾਂ, ਮੇਰੇ ਮਰਨ ਤੋਂ ਬਾਅਦ ਤਾਂ ਸਭ ਏਹਦਾ ਹੈਗਾ ਈ ਆ, ਇਹਦੇ ਡਰੱਗ ਪੀ ਲਏ ਜਾਂ ਕੁਸ਼ ਹੋਰ ਕਰ ਲਏ ਪਰ ਜੀਂਦੇ ਜੀ ਨਹੀਂ।"

ਗੁੱਸੇ ਵਿਚ ਤਾਏ ਦੀਆ ਮੁੱਠੀਆਂ ਮੀਚ ਹੋ ਰਹੀਆਂ ਹਨ। ਵਿਜੈ ਨੂੰ ਬਹੁਤ ਪਛਤਾਵਾ ਹੋ ਰਿਹਾ ਹੈ ਕਿ ਉਹ ਸਮੇਂ ਸਿਰ ਅਗੇ ਕਿਉਂ ਨਹੀਂ ਵਧਿਆ ਤੇ ਦੀਪਕ ਨੂੰ ਰੋਕ ਸਕਿਆ।

## ਬਾਈ

ਦੀਪਕ ਵਾਲੀ ਘਟਨਾ ਕਾਰਨ ਵਿਜੈ ਪਹਿਲੇ ਸੋਮਵਾਰ ਮਿਹਰ ਕੋਲ ਨਹੀਂ ਜਾ ਸਕਦਾ ਸੋ ਉਸ ਤੋਂ ਅਗਲੇ ਸੋਮਵਾਰ ਜਾਂਦਾ ਹੈ। ਜਦ ਤਕ ਘਰ ਵਿਚ ਸੁਸ਼ਮਾ ਨਾਲ ਸਬੰਧ ਵੀ ਸੁਖਾਵੇਂ ਹੋ ਜਾਂਦੇ ਹਨ। ਵਿਜੈ ਚਾਹੁੰਦਾ ਹੈ ਕਿ ਉਹ ਸੁਸ਼ਮਾ ਨੂੰ ਤੰਗ ਕਰਕੇ ਨਾ ਜਾਵੇ। ਕਿਤੇ ਅਜਿਹਾ ਨਾ ਹੋਵੇ ਕਿ ਉਹ ਬੱਚਿਆਂ ਦੀਂ ਸੰਭਾਲ ਵਿਚ ਕੋਈ ਕੁਤਾਹੀ ਕਰ ਜਾਵੇ। ਮਿਹਰ ਉਸ ਨੂੰ ਬਹੁਤ ਪਿਆਰ ਨਾਲ ਮਿਲਦਾ ਹੈ। ਉਸ ਦੀ ਪਤਨੀ ਤੇ ਬੱਚੇ ਵੀ ਉਸ ਦੇ ਆਉਣ ਤੇ ਖੁਸ਼ ਹਨ। ਵਿਜੈ ਪੁੱਛਦਾ ਹੈ,

"ਮਿਹਰ ਜੀ, ਤੁਸੀਂ ਰਾਜਧਾਨੀ ਦੇ ਲੋਕ ਤੁਹਾਡਾ ਬਰਮੀਘੰਮ ਵਿਚ ਦਿਲ ਕਿੱਦਾਂ ਲਗ ਗਿਆ?"

"ਕਿਥੋਂ ਲਗ ਗਿਆ ਭਾਈ ਸਾਹਿਬ, ਇਹ ਤਾਂ ਮੇਰਾ ਕੰਮ ਇਥੇ ਵੇ, ਨਹੀਂ ਤਾਂ ਇਹ ਲੋਕ ਪੰਜਾਬੀ ਈ ਬੋਲੀ ਜਾਂਦੇ ਨੇ, ਸ਼ਰਾਬ ਈ ਪੀਵੀ ਜਦੇ ਨੇ, ਗਾਲ੍ਹਾਂ ਈ ਕੱਢੀ ਜਾਂਦੇ ਨੇ, ਅਨਪੜ ਲੋਕ!"

ਵਿਜੈ ਹੱਸਣ ਲਗਦਾ ਹੈ ਤੇ ਕਹਿੰਦਾ ਹੈ,

"ਇਹ ਮਲਟੀਕਰਚਰਲ ਸੁਸਾਇਟੀ ਐ।"

"ਕਾਹਦੀ ਮਲਟੀਕਰਚਰਲ ਹੋਈ, ਰੇਡੀਓ ਤੇ ਪੰਜਾਬੀ ਗੀਤ ਚਲਦੇ ਰਹਿੰਦੇ ਨੇ, ਮੁਹੰਮਦ ਰਫੀ ਨੂੰ ਸੁਣੇ ਨੂੰ ਤਾਂ ਮੁੱਦਤਾਂ ਹੋ ਗਈਆਂ!"

"ਰਫੀ ਸਾਹਿਬ ਨੂੰ ਸੁਣਿਆਂ ਤਾਂ ਮੈਨੂੰ ਵੀ ਬਹੁਤ ਦੇਰ ਹੋ ਗਈ, ਮੈਂ ਵੀ ਉਹਨਾਂ ਦਾ ਫੈਨ ਆਂ।"

"ਮੈਨੂੰ ਪਤੈ, ਤਾਂ ਈ ਮੈਂ ਤੁਹਾਡੀ ਦੁਖਦੀ ਰਗ ਤੇ ਹੱਥ ਰਖਿਆ ਏ।"

"ਮਿਹਰ ਜੀ, ਇਥੇ ਪੰਜਾਬੀਆਂ ਦੀ ਬਹੁਗਿਣਤੀ ਐ, ਇਹ ਪੰਜਾਬੀ ਹੀ ਸਨ ਜਿਹਨਾਂ ਨੇ ਇਸ ਮੁਲਕ ਦੀਆਂ ਸੰਭਾਵਨਾਵਾਂ ਨੂੰ ਐਕਸਪਲੋਅਰ ਕਰਨ ਦੀ ਕੋਸ਼ਿਸ਼ ਕੀਤੀ, ਇਹਨਾਂ ਨੇ ਬਹੁਤ ਪਰੇਸ਼ਾਨੀਆਂ ਝੱਲੀਆਂ, ਜਿਹੜਾ ਕਲਚਰ ਪੰਜਾਬੀਆਂ ਨੇ ਇਸਟੇਬਲਿਸ਼ਡ ਕੀਤੈ ਇਹਨੂੰ ਤੁਸੀਂ ਇਗਨੋਅਰ ਨਹੀਂ ਕਰ ਸਕਦੇ।"

"ਚਲੋ ਨਾ ਸਹੀ ਪਰ ਮੁਹੰਮਦ ਰਫੀ ਵਾਲੀ ਤੁਹਾਡੀ ਦੁਖਦੀ ਰਗ ਦਾ ਮੈਨੂੰ ਉਸ ਵਕਤ ਈ ਪਤਾ ਚਲ ਗਿਆ ਸੀ ਕਿ ਤੁਹਾਡੇ ਕੋਲ ਰਫੀ, ਲਤਾ ਦੀ ਜ਼ਿਆਦਾ ਸਿਲੈਕਸ਼ਨ ਏ।"

"ਤੇ ਤੁਹਾਡੀ ਕੀ ਪਸੰਦ ਐ?"

"ਮੇਰੀ ਕਾਰ ਵਿਚ ਬੈਠੋਂਗੇ ਤਾਂ ਪਤਾ ਚਲੇਗਾ।"

ਕਹਿ ਕੇ ਮਿਹਰ ਮੁਸਕਰਾਉਂਦਾ ਹੈ। ਫਿਰ ਮਿਹਰ ਉਸ ਨੂੰ ਆਪਣੇ ਕੰਮ ਬਾਰੇ ਦਸਦਾ ਹੋਇਆ ਕਹਿੰਦਾ ਹੈ,

"ਸਭ ਤੋਂ ਪਹਿਲਾਂ ਤਾਂ ਇਸ ਬਿਜਨਸ ਵਿਚ ਕੰਪਿਊਟਰ ਦੀ ਲੋੜ ਐ, ਇੰਟਰਨੈਟ ਦੀ।"

"ਇਹ ਤਾਂ ਮੈਨੂੰ ਥੋੜਾ ਬਹੁਤ ਈ ਆਉਂਦਾ।"

"ਇਹ ਬਹੁਤ ਸੌਖਾ ਕੰਮ ਏ, ਕੈਲਕੂਲੇਟਰ ਚਲਾਉਣ ਜਿੰਨਾ ਸੌਖਾ, ਮੈਂ ਬੇਸਿਕ ਗੱਲਾਂ ਦਸ ਦੇਵਾਂਗਾ, ਇਹ ਕੋਈ ਮਸਲਾ ਨਹੀਂ। ਆਪਾਂ ਸਾਰਾ ਕੰਮ ਈ-ਮੇਲ ਰਾਹੀਂ ਈ ਭੇਜਣਾ ਹੁੰਦਾ ਏ ਜਾਂ ਫਿਰ ਫੈਕਸ ਰਾਹੀਂ।"

"ਫੈਕਸ ਤਾਂ ਮੇਰੇ ਕੋਲ ਹੈ ਵੇ।"

"ਆਪਾਂ ਅਸ਼ੋਕ ਨੂੰ ਆਪਣੀ ਲੋੜ ਫੈਕਸ ਕਰ ਦੇਣੀ ਆਂ ਜਾਂ ਈ-ਮੇਲ ਕਰ ਦੇਣੀ ਆਂ, ਉਹ ਪਰਿੰਟ ਕਰਕੇ ਵਾਪਸ ਸਾਨੂੰ ਭੇਜ ਦੇਵੇਗਾ, ਆਪਾਂ ਇਸ ਦੀ ਪਰੂਫ ਰੀਡਿੰਗ ਕਰਕੇ ਵਾਪਸ ਭੇਜ ਦੇਣੀ ਹੁੰਦੀ ਏ, ਹੋ ਸਕੇ ਤਾਂ ਇਕ ਵਾਰ ਕਸਟਮਰ ਨੂੰ ਦਿਖਾ ਲਈਏ ਕਿ ਉਹ ਖੁਸ਼ ਏ। ਬਸ ਫਿਰ ਮਾਲ ਛੱਪ ਕੇ ਪਹੁੰਚ ਜਾਵੇਗਾ ਤੇ ਆਪਣੇ ਪੈਸੈ ਹਰੇ।"

"ਇਸ ਕੰਮ ਵਿਚ ਸਭ ਤੋਂ ਅਹਿਮ ਪਹਿਲੂ ਤਾਂ ਕੰਮ ਦੀ ਛਪਾਈ ਹੋਇਆ।"

"ਸਭ ਤੋਂ ਵੱਡਾ ਪੱਖ ਏ ਕੰਮ ਇਕੱਠਾ ਕਰਨਾ। ਕਿਸੇ ਵੀ ਬਿਜਨਸ ਵਿਚ ਕੰਮ ਇਕੱਠਾ ਕਰਨਾ ਵੱਡੀ ਗੱਲ ਹੁੰਦੀ ਏ, ਭਾਵ ਕਿ ਸੇਲਜ਼ਮੈਨਸ਼ਿਪ।"

ਮਿਹਰ ਉਸ ਨੂੰ ਇਕ ਫਾਈਲ ਦਿਖਾਉਂਦਾ ਹੈ ਜਿਸ ਵਿਚ ਉਹ ਸਭ ਕੁਝ ਹੈ ਜੋ ਉਹ ਛਾਪਦੇ ਹਨ। ਵਿਜ਼ਟਿੰਗ ਕਾਰਡਜ਼, ਕਈ ਸਾਈਜ਼ਾਂ ਦੇ ਲੀਫਲੈੱਟਸ ਜਿਵੇਂ ਕਿ ਸਾਈਜ਼ ਏ ਥਰੀ, ਏ ਫੋਰ, ਏ ਫਾਈਵ ਆਦਿ, ਸ਼ਪੈਸ਼ਲ ਇਫੈਕਟਸ ਵਾਲੇ ਲੀਫ ਲੈਟਸ, ਕੰਪਨੀਆਂ ਦੇ ਨਾਂ ਨਾਲ ਛਪੇ ਹੋਏ ਕੈਰੀਅਰ ਬੈਗਜ਼, ਰਸੀਦ ਬੁੱਕਾਂ, ਨਾਮ ਲਿਖੇ ਪੈਨ ਜਾਂ ਪੈਨਸਲਾਂ ਆਦਿ ਭਾਵ ਕਿ ਆਪਣੇ ਵਿਓਪਾਰ ਦੀ ਮਸ਼ਹੂਰੀ ਲਈ ਤੁਸੀਂ ਕੁਝ ਵੀ ਛਪਵਾ ਸਕਦੇ ਹੋ। ਉਸੇ ਦਿਨ ਮਿਹਰ ਦਾ ਮਾਲ ਕੌਰੀਅਰ ਰਾਹੀਂ ਆ ਰਿਹਾ ਹੈ। ਵਿਜੈ ਉਸ ਨਾਲ ਬਰਮੀਘੰਮ ਏਅਰਪੋਰਟ ਜਾਂਦਾ ਹੈ। ਉਹ ਬਿਲਟੀ ਛਡਵਾ ਕੇ ਲਿਆਉਂਦੇ ਹਨ। ਸ਼ਾਮ ਨੂੰ ਉਹ ਆਰਡਰ ਮੁਤਾਬਕ ਮਾਲ ਦੇਣ ਜਾਂਦੇ ਹਨ। ਇਕ ਬਿਊਟੀ ਪਾਰਪਰ ਦੇ ਲੀਫਲੈੱਟਸ ਹਨ ਸਾਈਜ਼ ਏ ਥਰੀ ਵਿਚ, ਇਕ ਰੈਸਟੋਰੈਂਟ ਦੇ ਮੈਨਿਓ ਹਨ। ਇਕ ਦੁਕਾਨਦਾਰ ਦੇ ਵਿਜ਼ਟਿੰਗ ਕਾਰਡਜ਼ ਹਨ। ਉਹ ਮਾਲ ਥਾਓਂ ਥਾਈਂ ਪਹੁੰਚਾ ਕੇ ਚੈੱਕ ਲੈ ਕੇ ਦੋ ਕੁ ਘੰਟੇ ਵਿਚ ਵਿਹਲੇ ਹੋ ਜਾਂਦੇ ਹਨ। ਫਿਰ ਉਹ ਇਕ ਚਾਈਨੀਜ਼ ਰੈਸਟੋਰੈਂਟ ਵਿਚ ਖਾਣਾ ਖਾਣ ਜਾਂਦੇ ਹਨ। ਮਿਹਰ ਖਾਣੇ ਦਾ ਆਰਡਰ ਦੇ ਕੇ ਮੈਨੇਜਰ ਨੂੰ ਮਿਲਣ ਲਈ ਬੁਲਾਉਂਦਾ ਹੈ ਤੇ ਆਪਣੇ ਵਲੋਂ ਛਾਪੀਆਂ ਜਾ ਰਹੀਆਂ ਚੀਜ਼ਾਂ ਦੀ ਲਿਸਟ ਤੇ ਕੀਮਤ ਦਿਖਾਉਂਦਾ ਉਸ ਨੂੰ ਆਪਣਾ ਵਿਜ਼ਟਿੰਗ ਕਾਰਡ ਦਿੰਦਾ ਹੈ। ਮੈਨੇਜਰ ਨੂੰ ਯਕੀਨ ਦਵਾਉਂਦਾ ਹੈ ਕਿ ਉਸ ਦੀਆਂ ਕੀਮਤਾਂ ਸਭ ਤੋਂ ਸਸਤੀਆਂ ਹਨ। ਮੈਨੇਜਰ ਸੋਚਾਂ ਵਿਚ ਪੈ ਜਾਂਦਾ ਹੈ। ਮਿਹਰ ਵਿਜੈ ਨੂੰ ਆਖਦਾ ਹੈ,

"ਇੰਜੈਕਸ਼ਨ ਲਗਾ ਦਿਤਾ ਏ ਅਸਰ ਹੋ ਜਾਏਗਾ ਪਰ ਹੌਲੀ ਹੌਲੀ।"

ਹਾਲੇ ਉਹ ਘਰ ਹੀ ਪੁੱਜਦੇ ਹਨ ਕਿ ਮਿਹਰ ਦੇ ਮੁਬਾਈਲ ਤੇ ਫੋਨ ਆ ਜਾਂਦਾ ਹੈ। ਦੇਖਦਾ ਹੋਇਆ ਮਿਹਰ ਵਿਜੈ ਨੂੰ ਆਖਣ ਲਗਦਾ ਹੈ,

"ਇਹ ਓਸ ਚੀਨੇ ਦਾ ਈ ਲਗਦਾ ਏ।"

ਸੱਚ ਉਸੇ ਦਾ ਫੋਨ ਹੈ। ਮਿਹਰ ਨੂੰ ਪੰਜ ਹਜ਼ਾਰ ਏ ਥਰੀ ਸਾਈਜ਼ ਦੇ ਲੀਫ ਲੈਟਸ ਦਾ ਆਰਡਰ ਮਿਲ ਜਾਂਦਾ ਹੈ। ਆਰਡਰ ਭਾਵੇਂ ਛੋਟਾ ਹੈ ਪਰ ਮਿਹਰ ਖੁਸ਼ ਹੈ ਕਿ ਨਵਾਂ ਗਾਹਕ ਤਾਂ ਮਿਲਿਆ। ਵਿਜੈ ਨੂੰ ਲਗਦਾ ਹੈ ਕਿ ਇਹ ਕੰਮ ਤਾਂ ਸੌਖਾ ਹੀ ਹੈ। ਉਹ ਇਹ ਕਰ ਲਵੇਗਾ। ਉਹ ਇਕ ਦਿਨ ਹੋਰ ਮਿਹਰ ਕੋਲ ਰੁਕਦਾ ਹੈ। ਮਿਹਰ ਉਸ ਨੂੰ ਕਈ ਜਗਾਵਾਂ ਦਿਖਾ ਦਿੰਦਾ ਹੈ। ਉਹ ਰੰਗੀਨ ਤਬੀਅਤ ਦਾ ਮਾਲਕ ਹੈ ਤੇ ਵਿਜੈ ਨੂੰ ਉਸ ਦੀ ਇਹ ਰੰਗੀਨੀ ਚੰਗੀ ਲਗਦੀ ਹੈ। ਵਿਜੈ ਅਸ਼ੋਕ ਨੂੰ ਫੋਨ ਕਰਕੇ ਆਪਣੇ ਇਸ ਨਵੇਂ ਕਾਰੋਬਾਰ ਅਰੰਭਣ ਬਾਰੇ ਦਸ ਦਿੰਦਾ ਹੈ। ਅਸ਼ੋਕ ਉਸ ਨੂੰ ਕੁਝ ਦਿਨਾਂ ਵਿਚ ਹੀ ਵਿਜ਼ਟਿੰਗ ਕਾਰਡ ਭੇਜਣ ਦਾ ਵਾਅਦਾ ਕਰਦਾ ਹੈ। ਨਵੇਂ ਕਾਰੋਬਾਰ ਲਈ ਤੁਹਾਡੇ ਕੋਲ ਤੁਹਾਡਾ ਬਿਜ਼ਨਿਸ ਕਾਰਡ ਹੋਣਾ ਬਹੁਤ ਲਾਜ਼ਮੀ ਹੈ ਤਾਂ ਕਿ ਤੁਸੀਂ ਅਗਲੇ ਨੂੰ ਦਸ ਸਕੋਂ ਕਿ ਤੁਸੀਂ ਕੌਣ ਹੋ। ਤੁਹਾਡਾ ਕਾਰਡ ਦੇਖਦੇ ਹੀ ਅਗਲਾ ਸਮਝ ਜਾਵੇਗਾ ਕਿ ਤੁਸੀਂ ਕੀ ਚਾਹੁੰਦੇ ਹੋ। ਮਿਹਰ ਉਸ ਨੂੰ ਆਪਣੀ ਫਾਈਲ ਵਰਗੀ ਇਕ ਫਾਈਲ ਤਿਆਰ ਕਰ ਦਿੰਦਾ ਹੈ ਜਿਸ ਵਿਚ ਉਹਨਾਂ ਸਾਰੀਆਂ ਚੀਜ਼ਾਂ ਦੀ ਤਫਸੀਲ ਹੈ ਕਿ ਉਹ ਕੀ ਕੀ ਛਾਪਦੇ ਹਨ।

ਉਹ ਮਿਹਰ ਕੋਲ ਇਕ ਰਾਤ ਰਹਿ ਕੇ ਮੁੜ ਆਉਂਦਾ ਹੈ। ਉਸ ਨੇ ਇਹ ਕੰਮ ਸ਼ੁਰੂ ਕਰਨ ਦਾ ਫੈਸਲਾ ਕਰ ਲੈਂਦਾ ਹੈ ਤੇ ਫਿਰ ਵਕਤ ਗੁਆਉਣ ਦੀ ਕੀ ਲੋੜ ਹੈ। ਵਾਪਸ ਵਰਦਿੰਗ ਆ ਕੇ ਉਹ ਸਭ ਤੋਂ ਪਹਿਲਾਂ ਮਹਾਰਾਜਾ ਦੇ ਮਾਲਕ ਸ਼ੌਕਤ ਨੂੰ ਮਿਲਦਾ ਹੈ। ਉਹ ਆਪਣੇ ਚਿਨਾਰ ਨੂੰ ਵੀ ਦੇਖਦਾ ਹੈ। ਉਸ ਦੇ ਦਿਲ ਵਿਚ ਖੋਹ ਜਿਹੀ ਪੈਣ ਲਗਦੀ ਹੈ। ਉਹ ਸੋਚਦਾ ਹੈ ਕਿ ਜੇਕਰ ਇੰਸ਼ੋਅਰੈਂਸ ਵਾਲੇ ਪੈਸੇ ਦੇ ਦੇਣ ਤਾਂ ਉਹ ਮੁੜ ਕੇ ਰੈਸਟੋਰੈਂਟ ਖੋਹਲ ਲਵੇ ਪਰ ਪਤਾ ਨਹੀਂ ਪੈਸੇ ਮਿਲਦੇ ਵੀ ਹਨ ਕਿ ਨਹੀਂ। ਸ਼ੌਕਤ ਉਸ ਨੂੰ ਪਿਆਰ ਨੂੰ ਮਿਲਦਾ ਹੈ। ਇਸ ਦੀ ਉਸ ਨੂੰ ਆਸ ਨਹੀਂ ਹੈ ਕਿਉਂਕਿ ਉਸ ਦੇ ਆਪਣੇ ਰੈਸਟੋਰੈਂਟ ਵਿਚ ਆਏ ਸ਼ੌਕਤ ਨਾਲ ਉਹ ਬਹੁਤਾ ਵਧੀਆ ਵਿਵਹਾਰ ਨਹੀਂ ਸੀ ਕੀਤਾ, ਉਸ ਨਾਲ ਹੱਥ ਤਕ ਨਹੀਂ ਮਿਲਾਇਆ। ਸ਼ੌਕਤ ਲਈ ਇਹੋ ਵੱਡੀ ਗੱਲ ਹੈ ਕਿ ਉਸ ਦੇ ਰੈਸਟੋਰੈਂਟ ਨੂੰ ਅੱਗ ਲਗੀ ਤੇ ਬੰਦ ਹੋਇਆ ਤੇ ਉਸ ਦਾ ਕੰਮ ਚਲ ਪਿਆ। ਉਹ ਉਸ ਨਾਲ ਰੈਸਟੋਰੈਂਟ ਦੇ ਸੜਨ ਅਤੇ ਮੰਗਲ ਦੀ ਮੌਤ ਦਾ ਅਫਸੋਸ ਕਰਦਾ ਹੈ। ਵਿਜੈ ਉਸ ਨੂੰ ਆਪਣੇ ਆਉਣ ਦਾ ਮਕਸਦ ਦਸਦਾ ਹੈ। ਸ਼ੌਕਤ ਉਸ ਨੂੰ ਇਕ ਸੌ ਪੰਜਾਹ ਮੈਨਿਓ ਛਪਵਾਉਣ ਦਾ ਛੋਟਾ ਜਿਹਾ ਆਰਡਰ ਦਿੰਦਾ ਹੈ ਕਿਉਂਕਿ ਉਹ ਆਪਣੀਆਂ ਕੀਮਤਾਂ ਬਦਲਣੀਆਂ ਚਾਹੁੰਦਾ ਹੈ। ਵਿਜੈ ਖੁਸ਼ ਹੈ ਕਿ ਸ਼ੁਰੂਆਤ ਤਾਂ ਹੋਈ। ਉਹ ਬਰਾਈਟਨ ਦੇ ਕੁਝ ਹੋਰ ਰੈਸਟੋਰੈਂਟਾਂ ਵਿਚ ਵੀ ਜਾਂਦਾ ਹੈ। ਹਾਲੇ ਉਸ ਕੋਲ ਆਪਣੇ ਵਿਜ਼ਟਿੰਗ ਕਾਰਡ ਨਾ ਹੋਣ ਕਰਕੇ ਕੁਝ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਕਿਸੇ ਕਾਗਜ਼ ਉਪਰ ਆਪਣਾ ਫੋਨ ਨੰਬਰ ਲਿਖ ਕੇ ਅਗਲੇ ਨੂੰ ਦੇਈ ਜਾਂਦਾ ਹੈ ਉਹ ਦਸ ਕੁ ਜਗਾਵਾਂ ਤੇ ਜਾਂਦਾ ਹੈ ਪਰ ਕੋਈ ਹੋਰ ਆਰਡਰ ਨਹੀਂ ਮਿਲਦਾ। ਅਗਲੀ ਸਵੇਰ ਉਹ ਸ਼ੌਕਤ ਵਾਲਾ ਆਰਡਰ ਅਸ਼ੋਕ ਨੂੰ ਫੈਕਸ ਕਰ ਦਿੰਦਾ ਹੈ। ਅਸ਼ੋਕ ਖੁਸ਼ ਹੈ।

ਵਿਜੈ ਕੰਪਿਊਟਰ ਲੈਣ ਬਾਰੇ ਸੋਚਦਾ ਹੈ ਪਰ ਉਸ ਨੂੰ ਕੁਝ ਵੀ ਨਹੀਂ ਪਤਾ। ਕੰਪਿਊਟਰ ਅਗਲੀ ਪੀੜ੍ਹੀ ਦਾ ਹਥਿਆਰ ਹੈ ਜਿਹੜੀ ਕੰਪਿਊਟਰ ਦੇ ਨਾਲ ਨਾਲ ਜੰਮੀ ਹੈ। ਜੇ ਰੋਹਨ ਜਾਂ ਵਿਧੀ ਥੋੜੇ ਵੱਡੇ ਹੁੰਦੇ ਤਾਂ ਇਹਨਾਂ ਤੋਂ ਹੀ ਸਿਖ ਲੈਂਦਾ ਕਿਉਂਕਿ ਅਜ ਕਲ ਬਹੁਤੇ ਮਾਂ ਪਿਓ ਬੱਚਿਆਂ ਤੋਂ ਹੀ ਇਸ ਨੂੰ ਚਲਾਉਣੇ ਸਿਖਦੇ ਹਨ। ਇਸ ਬਾਰੇ ਕਈ ਕਿਸਮ ਦੇ ਕਾਰਟੂਨ ਵੀ ਅਖਬਾਰਾਂ ਵਿਚ

ਦੇਖਣ ਨੂੰ ਮਿਲ ਜਾਂਦੇ ਹਨ ਕਿ ਜੇ ਬੱਚੇ ਦੀ ਮੰਗ ਨਹੀਂ ਮੰਨੀ ਜਾਂਦੀ ਤਾਂ ਉਹ ਕੰਪਿਊਟਰ ਸਿਖਾਉਣ ਤੋਂ ਇਨਕਾਰ ਕਰ ਦਿੰਦਾ ਹੈ। ਪਹਿਲਾਂ ਤਾਂ ਉਹ ਸੋਚਦਾ ਹੈ ਕਿ ਕਿਸੇ ਇੰਨਸਟੀਚੂਟ ਵਿਚ ਜਾ ਕੇ ਕੰਪਿਊਟਰ ਦੀ ਬਕਾਇਦਾ ਸਿਖਿਆ ਲਵੇ ਪਰ ਫਿਰ ਸੋਚਦਾ ਹੈ ਕਿ ਹੁਣ ਉਸ ਕੋਲ ਇੰਨਾ ਵਕਤ ਨਹੀਂ ਹੈ। ਉਹ ਵਧ ਤੋਂ ਵਧ ਸਮਾਂ ਆਪਣੇ ਇਸ ਨਵੇਂ ਕੰਮ ਨੂੰ ਦੇਣਾ ਚਾਹੁੰਦਾ ਹੈ। ਉਹ ਵਿਉਂਤ ਬਣਾਉਣ ਲਗਦਾ ਹੈ ਕਿ ਕਿਵੇਂ ਆਲੇ ਦੁਆਲੇ ਸਾਰੇ ਸ਼ਹਿਰਾਂ ਵਿਚ ਆਪਣੇ ਕਾਰਡ ਵੰਡਗਾ।

ਇਕ ਦਿਨ ਭਾਗੀ ਦਾ ਫੋਨ ਆਉਂਦਾ ਹੈ। ਭਾਗੀ ਵਲ ਗਿਆਂ ਉਸ ਨੂੰ ਕਈ ਦਿਨ ਹੋ ਗਏ ਹਨ। ਭਾਗੀ ਕਹਿੰਦੀ ਹੈ,

"ਵਿਜੇ, ਮਾਗਾਂ ਕੰਪਿਊਟਰ ਲੈਣ ਲਈ ਕਹਿ ਰਹੀ ਐ, ਮੈਨੂੰ ਇਹਦੇ ਬਾਰੇ ਕੁਸ਼ ਪਤਾ ਨਹੀਂ, ਤੂੰ ਇਹਨੂੰ ਨਾਲ ਹੋ ਕੇ ਲੈ ਦੇ।"

ਵਿਜੈ ਹੱਸਣ ਲਗਦਾ ਹੈ ਤੇ ਕਿੰਨਾ ਚਿਰ ਹੱਸਦਾ ਰਹਿੰਦਾ ਹੈ। ਭਾਗੀ ਗੁੱਸੇ ਵਿਚ ਆਉਂਦੀ ਪੁੱਛਦੀ ਹੈ,

"ਇਹਦੇ ਵਿਚ ਹੱਸਣ ਵਾਲੀ ਕਿਹੜੀ ਗੱਲ ਐ?"

"ਹੱਸਣ ਵਾਲੀ ਗੱਲ ਇਹ ਐ ਕਿ ਮੈਂ ਵੀ ਇਸ ਵੇਲੇ ਕੰਪਿਊਟਰ ਲੈਣ ਬਾਰੇ ਈ ਸੋਚ ਰਿਹਾ ਸੀ ਪਰ ਮੈਨੂੰ ਇਹਦੇ ਬਾਰੇ ਕੁਸ਼ ਨਾ ਪਤਾ ਹੋਣ ਕਰਕੇ ਸੋਚ ਰਿਹਾ ਸੀ ਕਿ ਕਿਹਦੀ ਸਲਾਹ ਲਵਾਂ।"

"ਚਲ ਨਿਆਣਿਆਂ ਨੇ ਤਾਂ ਹੁਣ ਸਕੂਲ ਦਾ ਕੰਮ ਕਰਨਾ ਹੁੰਦਾ ਪਰ ਤੂੰ ਕੰਪਿਊਟਰ ਕੀ ਕਰਨੈਂ!"

"ਮੈਂ ਵੀ ਕੁਸ਼ ਅਜਿਹਾ ਈ ਕੰਮ ਸ਼ੁਰੂ ਕਰਨ ਲਗਿਆਂ ਜਿਹਦੇ ਵਿਚ ਕੰਪਿਊਟਰ ਦੀ ਲੋੜ ਪੈਂਦੀ ਐ ਨਾਲੇ ਮੈਂ ਸੋਚੀ ਜਾ ਰਿਹਾ ਸੀ ਕਿ ਇਹਨੂੰ ਚਲਾਉਣਾ ਕਿਥੋਂ ਸਿਖਾਂਗਾ ਪਰ ਹੁਣ ਤਾਂ ਸਾਰਾ ਮਸਲਾ ਹੀ ਹੱਲ ਹੋ ਗਿਆ, ਮੈਂ ਮਾਗਾਂ ਤੋਂ ਈ ਸਿਖ ਲਵਾਂਗਾ।"

ਉਹ ਟੈਪੋ ਨਾਂ ਦੇ ਇਕ ਵੱਡੇ ਸਟੋਰ ਵਿਚ ਜਾਂਦੇ ਹਨ ਜਿਥੇ ਕੰਪਿਊਟਰ ਸੇਲ ਤੇ ਲਗੇ ਹੋਏ ਹਨ। ਐਚ ਪੀ ਨਾਂ ਦੀ ਕੰਪਨੀ ਦਾ ਕੰਪਿਊਟਰ ਇਕ ਹਜ਼ਾਰ ਪੌਂਡ ਦਾ ਹੈ। ਇਹ ਪੂਰੇ ਪੈਕੇਜ-ਡੀਲ ਹੈ ਭਾਵ ਮੌਨੀਟਰ, ਟੌਵਰ, ਕੀ-ਬੋਰਡ, ਮਾਊਸ ਤੇ ਨਾਲ ਹੀ ਪਰਿੰਟਰ। ਕੈਸ਼ ਲੈਣਾ ਚਾਹੋਂ ਤਾਂ ਕੈਸ਼ ਲੈ ਲਵੋ ਨਹੀਂ ਤਾਂ ਕਿਸ਼ਤਾਂ ਵੀ ਕਰ ਦਿੰਦੇ ਹਨ। ਇਸ ਦੀ ਮੈਮਰੀ ਕਿੰਨੀ ਹੈ, ਇਸ ਦੀ ਸਪੀਡ ਕਿੰਨੀ ਹੈ ਜਾਂ ਇਹ ਦੇ ਨਾਲ ਕਿਹੜਾ ਕਿਹੜਾ ਸੌਫਟ ਵੇਅਰ ਸ਼ਾਮਲ ਹੈ ਇਸ ਦੀ ਵਿਜੈ ਨੂੰ ਕੋਈ ਜਾਣਕਾਰੀ ਨਹੀਂ ਹੈ ਤੇ ਉਹ ਪੁੱਛਦਾ ਵੀ ਨਹੀਂ। ਇਹੋ ਕਾਰਨ ਬਾਅਦ ਵਿਚ ਜਾ ਕੇ ਦੋ ਸੌ ਪੌਂਡ ਹੋਰ ਖਰਚਣ ਦੀ ਮਜਬੂਰੀ ਆ ਖੜਦੀ ਹੈ ਜਦੋਂ ਔਫਿਸ ਮਾਈਕਰੋਸੌਫਟ ਅਲੱਗ ਖਰੀਦਣਾ ਪੈਂਦਾ ਹੈ। ਭਾਗੀ ਨੇ ਕੰਪਿਊਟਰ ਲਈ ਪੈਸੇ ਜੋੜੇ ਹੋਏ ਹਨ, ਉਹ ਕੈਸ਼ ਹੀ ਖਰੀਦ ਲੈਂਦੀ ਹੈ। ਭਾਗੀ ਨੂੰ ਪੈਸੇ ਸਾਂਭਣੇ ਆਉਂਦੇ ਹਨ। ਉਹ ਥੋੜਿਆਂ ਪੈਸਿਆਂ ਵਿਚ ਗੁਜ਼ਾਰਾ ਕਰ ਲੈਂਦੀ ਹੈ। ਇਸੇ ਲਈ ਤਾਂ ਉਹ ਵਿਜੈ ਨੂੰ ਵੀ ਮਦਦ ਦੀ ਪੇਸ਼ਕਸ਼ ਕਰਦੀ ਰਹਿੰਦੀ ਹੈ। ਸਟੋਰ ਦਾ ਇਕ ਕਰਮਚਾਰੀ ਵਿਜੈ ਨੂੰ ਸਮਝਾ ਦਿੰਦਾ ਹੈ ਕਿ ਕੰਪਿਊਟਰ ਨੂੰ ਆਪਸ ਵਿਚ ਜੋੜਨਾ ਕਿਵੇਂ ਹੈ ਤੇ ਚਾਲੂ ਕਿਵੇਂ ਕਰਨਾ ਹੈ। ਹਰ ਪਲੱਗ ਦਾ ਵੱਖਰਾ ਰੰਗ ਹੈ ਤੇ ਉਸ ਪਲੱਗ ਨੂੰ ਜਿਥੇ ਲਾਉਣ ਹੈ ਉਸ ਜਗਾਹ ਦਾ ਵੀ ਉਹੋ ਰੰਗ ਹੈ ਸੋ ਕੰਮ ਬਹੁਤ ਸੌਖਾ ਹੈ। ਬਾਕੀ ਸਭ ਮਾਗਾਂ ਨੂੰ ਪਤਾ ਹੀ ਹੈ। ਵਿਜੈ ਕੰਪਿਊਟਰ ਲਿਆ ਕੇ ਕੁੜੀਆਂ ਦੇ ਕਮਰੇ ਵਿਚ ਫਿੱਟ ਕਰ ਦਿੰਦਾ ਹੈ। ਮਾਗਾਂ ਨੂੰ ਵੀ ਓਨਾ ਕੁ ਹੀ ਪਤਾ ਹੈ ਜਿੰਨਾ ਕੁ ਸਕੂਲ ਵਿਚ ਕੰਪਿਊਟਰ ਵਿਚ ਸਿਖਣ ਨੂੰ ਮਿਲਦਾ ਹੈ। ਵਿਜੈ ਆਪ ਵੀ ਕੋਸ਼ਿਸ਼ਾਂ ਕਰਦਾ ਜਾਂਦਾ ਹੈ। ਇਕ ਵਾਰ ਫਿਰ ਉਸ ਨੂੰ ਮਿਹਰ ਕੋਲ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉਸ ਨੂੰ ਮੁਢਲੀਆਂ ਗੱਲਾਂ ਹੋਰ ਵਿਸਥਾਰ ਵਿਚ ਦਸ ਦਿੰਦਾ ਹੈ। ਦੋ ਕੁ ਹਫਤਿਆਂ ਵਿਚ ਹੀ ਉਸ ਨੂੰ ਲਗਣ ਲਗਦਾ ਹੈ ਕਿ ਉਹ ਤਾਂ ਇਸ ਡੱਬੇ ਦਾ ਮਾਸਟਰ ਹੋ ਗਿਆ ਹੈ। ਇਕ ਦਿਨ ਉਹ ਸੁਸ਼ਮਾ ਨੂੰ ਕਹਿੰਦਾ ਹੈ,

"ਸਾਰੇ ਲੋਕਾਂ ਦੇ ਨਿਆਣਿਆਂ ਕੋਲ ਹੈਗੇ ਆ ਸਿਰਫ ਤੇਰੇ ਨਿਆਣੇ ਟੈਲੀ 'ਤੇ ਗੇਮਾਂ ਖੇਡ ਕੇ ਈ ਕੰਮ ਚਲਾਉਂਦੇ ਆ।"

"ਲੈ ਦਿਓ ਫਿਰ।"

"ਮੇਰੇ ਕੋਲ ਤਾਂ ਹਾਲੇ ਪੈਸੇ ਹੈ ਨਹੀਂ, ਨਹੀਂ ਤਾਂ ਮੈ ਕਦੋਂ ਦਾ ਲੈ ਦਿੰਦਾ, ਤੇਰੇ ਕੋਲ ਹੈਗੇ ਆ ਤੂੰ ਲੈ ਦੇ।"

ਸੁਸ਼ਮਾ ਉਸ ਵਲ ਹੋਰਵੇਂ ਦੇਖਦੀ ਹੈ। ਵਿਜੈ ਮਜ਼ਾਕ ਦੇ ਲਹਿਜ਼ੇ ਵਿਚ ਫਿਰ ਆਖਦਾ ਹੈ,

"ਜੇ ਨਹੀਂ ਹੈਗੇ ਤਾਂ ਆਪਣੇ ਪਿਓ ਤੋਂ ਮੰਗਾ ਲੈ, ਹਜ਼ਾਰ ਪੌਂਡ ਦੀ ਗੱਲ ਐ ਸਾਰੀ, ਬਥੇਰੇ ਭੇਜੇ ਹੋਏ ਆ, ਅੱਧਾ ਚਿਨਾਰ ਉਹਦੀਆਂ ਮੁੱਛਾਂ ਵਿਚ ਪਿਐ!"

ਸੁਸ਼ਮਾ ਕੁਝ ਬੋਲੇ ਬਿਨਾਂ ਉਸ ਵਲ ਭੈੜਾ ਭੈੜਾ ਦੇਖਦੀ ਉਠ ਖੜਦੀ ਹੈ ਤੇ ਦੂਜੇ ਕਮਰੇ ਵਿਚ ਚਲੇ ਜਾਂਦੀ ਹੈ। ਕੁਝ ਦੇਰ ਬਾਅਦ ਮੁੜਦੀ ਹੈ ਉਸ ਦੇ ਹੱਥ ਵਿਚ ਟੇਡੇ ਮੇਡੇ ਜਿਹੇ ਨੋਟ ਹਨ। ਉਹ ਵਿਜੈ ਸਾਹਮਣੇ ਰੱਖਦੀ ਕਹਿੰਦੀ ਹੈ,

"ਆਹ ਲਓ, ਸਾਰੇ ਲੈ ਲਓ, ਨੌਂ ਸੌ ਐ, ਜਿਥੇ ਮਰਜ਼ੀ ਖਰਚੋ।"

"ਮੈਂ ਆਪਣੇ ਤੇ ਨਈਂ ਖਰਚਣੇ, ਮੈਨੂੰ ਤਾਂ ਤੂੰ ਸਬਕ ਦੇ ਚੁੱਕੀ ਐਂ, ਮੈਂ ਤਾਂ ਨਿਆਣਿਆਂ ਲਈ ਕਹਿੰਨਾਂ।"

"ਸ਼ਰਮਾ ਜੀ, ਬਸ ਵੀ ਕਰੋ, ਬਥੇਰਾ ਹੋ ਗਿਆ ਹੁਣ।"

"ਸੌ ਪੌਂਡ ਹੋਰ ਕੱਢ, ਹਜ਼ਾਰ ਆ ਆਉਂਦੈ ਕੰਪਿਊਟਰ।"

"ਇੰਨੀ ਮਹਿੰਗੀ ਚੀਜ਼ ਇਹਨਾਂ ਨੇ ਹੁਣੇ ਕੀ ਕਰਨੀ ਆਂ!"

"ਤੂੰ ਲੈ ਕੇ ਦੇ ਸਕਦੀ ਆਂ ਤਾਂ ਲੈ ਦੇ ਨਹੀਂ ਤਾਂ ਰਹਿਣ ਦੇ, ਐਵੇਂ ਗੱਲਾਂ ਬਹੁਤੀਆਂ ਨਾ ਮਾਰ।"

ਸੁਸ਼ਮਾ ਪੰਜਾਹ ਪੌਂਡ ਹੋਰ ਲਿਆ ਦਿੰਦੀ ਹੈ। ਵਿਜੈ ਹੋਰਸ਼ੈਮ ਦੇ ਪੀਸੀ ਵਰਲਡ ਜਾਂਦਾ ਹੈ। ਬੱਚਿਆਂ ਨੂੰ ਨਾਲ ਲੈ ਜਾਂਦਾ ਹੈ। ਅਜਿਹੇ ਮੌਕਿਆਂ ਤੇ ਸੁਸ਼ਮਾ ਉਸ ਨਾਲ ਬਹੁਤ ਘੱਟ ਬਾਹਰ ਜਾਂਦੀ ਹੈ, ਉਦੋਂ ਹੀ ਜਾਂਦੀ ਹੈ ਜਦ ਕਦੇ ਘਰ ਬੈਠੀ ਅੱਕ ਗਈ ਹੋਵੇ। ਉਸ ਨੂੰ ਆਪਣੇ ਮਰੀਜ਼ਾਂ ਦੀ ਉਡੀਕ ਰਹਿੰਦੀ ਹੈ। ਇਸ ਵਾਰ ਵਿਜੈ ਚੰਗੀ ਤਰ੍ਹਾਂ ਪਰਖ ਕਰ ਕੇ ਕੰਪਿਊਟਰ ਖਰੀਦਦਾ ਹੈ। ਇਹ ਵੀ ਦੇਖਦਾ ਹੈ ਕਿ ਉਸ ਦੀ ਮੈਮਰੀ ਤੇ ਸਪੀਡ ਬਾਰੇ ਵੀ ਪੁੱਛਦਾ ਹੈ। ਇਸ ਦੇ ਨਾਲ ਕਿਹੜੇ ਕਿਹੜੇ ਸੌਫਟ ਵੇਅਰ ਮਿਲ ਰਹੇ ਹਨ। ਕੰਪਿਊਟਰ ਕੀ ਘਰ ਆਉਂਦਾ ਹੈ ਜਿਵੇਂ ਕੋਈ ਜੀਅ ਆ ਗਿਆ ਹੋਵੇ। ਰੋਹਨ ਤੇ ਵਿਧੀ ਨੂੰ ਅਲੱਗ ਚਾਅ ਹੈ, ਵਿਜੈ ਨੂੰ ਅਲੱਗ। ਸੁਸ਼ਮਾ ਤੇ ਇਸ ਦਾ ਕੋਈ ਅਸਰ ਨਹੀਂ ਹੈ। ਉਹ ਬਾਕੀਆਂ ਨੂੰ ਦੇਖਦੀ ਖੁਸ਼ ਹੈ। ਉਸ ਦੀ ਜ਼ਿਆਦਾ ਦਿਲਚਸਪੀ ਆਪਣੇ ਕੰਮ ਵਿਚ ਹੁੰਦੀ ਹੈ। ਘਰ ਦੇ ਕੰਮ ਵੀ ਚੰਨੀ ਕਰ ਜਾਂਦੀ ਹੈ ਜੇ ਕੁਝ ਕਰਨ ਵਾਲਾ ਹੋਵੇ ਤਾ ਠੀਕ ਹੈ ਨਹੀਂ ਤਾਂ ਟੈਲੀ ਦੇਖਦੀ ਰਹਿੰਦੀ ਹੈ ਜਾਂ ਫਿਰ ਸੈਟੀ ਤੇ ਬੈਠੀ ਹੀ ਸੌਂ ਜਾਂਦੀ ਹੈ। ਇਕ ਦਿਨ ਮਿਹਰ ਆਉਂਦਾ ਹੈ ਤਾਂ ਉਹ ਏ. ਓ. ਐਲ. ਦੇ ਇੰਟਰ ਨੈਟ ਦੀ ਸੌਫਟ ਵੇਅਰ ਲਿਆ ਕੇ ਉਸ ਨੂੰ ਇੰਟਰਨੈਟ ਵੀ ਲਵਾ ਦਿੰਦਾ ਹੈ। ਨਾਲ ਹੀ ਇੰਟਰਨੈਟ ਚਲਾਉਣਾ ਵੀ ਦਸ ਜਾਂਦਾ ਹੈ। ਆਪਣਾ ਈ-ਮੇਲ ਐਡਰਸ ਬਣਾ ਲੈਂਦਾ ਹੈ। ਹੁਣ ਵਿਜੈ ਆਪਣੀ ਵਿਹਲ ਦਾ ਇਕ ਇਕ ਪਲ ਕੰਪਿਊਟਰ ਤੇ ਬੈਠ ਕੇ ਬਿਤਾਉਂਦਾ ਹੈ। ਉਹ ਖ਼ੁਰੇ ਪਰ੍ਹੇ ਹੁੰਦਾ ਹੈ ਤਾਂ ਰੋਹਨ ਜਾਂ ਵਿਧੀ ਆ ਬੈਠਦੇ ਹਨ। ਮਿਹਰ ਦਾ ਲਗਵਾਇਆ ਇੰਟਰਨੈਟ ਤਾਂ ਸੀਮਤ ਘੰਟਿਆਂ ਲਈ ਹੈ, ਉਹ ਬਰੌਡਬੈਂਡ ਲਗਵਾ ਲੈਂਦਾ ਹੈ ਜੋ ਚੌਵੀ ਘੰਟੇ ਚਲਦਾ  ਹੈ ਤੇ ਹੈ ਵੀ ਤੇਜ਼। ਉਸ ਨੂੰ ਕੰਪਿਊਟਰ ਨਾਲ ਅਜੀਬ ਜਿਹਾ ਪਿਆਰ ਜਾਗ ਪੈਂਦਾ ਹੈ। ਸੁਸ਼ਮਾ ਆਖਣ ਲਗਦੀ ਹੈ-'ਕਿਥੋਂ ਆ ਗਈ ਮੇਰੀ ਸੌਂਕਣ!'

ਵਿਜੈ ਦਾ ਪਰਿੰਟਿੰਗ ਦਾ ਕੰਮ ਚਲ ਨਿਕਲਦਾ ਹੈ। ਉਹ ਸਮੁੰਦਰ ਦੇ ਕੰਢ ਕੰਢੇ ਪੰਜਾਹ ਮੀਲ ਤਕ ਦੀ ਦੂਰੀ ਦੇ ਸਾਰੇ ਸ਼ਹਿਰਾਂ ਵਿਚ ਆਪਣੇ ਕਾਰਡ ਵੰਡ ਦਿੰਦਾ ਹੈ। ਕੋਈ ਨਾ ਕੋਈ ਆਰਡਰ ਉਸ ਨੂੰ ਮਿਲ ਹੀ ਜਾਂਦਾ ਹੈ। ਕਈ ਲੋਕ ਬਾਅਦ ਵਿਚ ਵੀ ਫੋਨ ਕਰ ਦਿੰਦੇ ਹਨ। ਮਹੀਨੇ ਦੇ ਕੰਮ ਨਾਲ ਖਰਚੇ ਕੱਢ ਕੇ ਉਸ ਦੀ ਤਨਖਾਹ ਬਣ ਜਾਂਦੀ ਹੈ। ਉਸ ਨੂੰ ਇਕ ਹੋਰ ਤਰੀਕਾ ਸੁਝਦਾ ਹੈ। ਉਹ ਯੈਲੋ ਪੇਜਜ਼ ਦੇਖਦਾ ਹੋਇਆ ਛੋਟੇ ਕਾਰਬਾਰਾਂ ਦੇ ਈ-ਮੇਲ ਐਡਰਸ ਲੱਭਣ ਲਗਦਾ ਹੈ ਤੇ ਉਹਨਾਂ ਸਾਰਿਆਂ ਨੂੰ ਆਪਣੀਆਂ ਕੀਮਤਾਂ ਈ-ਮੇਲ ਕਰ ਦਿੰਦਾ ਹੈ। ਉਹ ਦੋ ਸੌ ਦੇ ਕਰੀਬ ਈਮੇਲ ਕਰਦਾ ਹੈ, ਉਸ ਨੂੰ ਦੋ ਆਰਡਰ ਮਿਲ ਜਾਂਦੇ ਹਨ। ਉਹ ਮਿਹਰ ਨਾਲ ਵੀ ਫੋਨ ਤੇ ਗੱਲਬਾਤ ਕਰਦਾ ਰਹਿੰਦਾ ਹੈ। ਉਸ ਨੂੰ ਆਪਣੀਆਂ ਗਤੀਵਿਧੀਆਂ ਦੀ ਜਾਣਕਾਰੀ ਦੇਣ ਲਗਦਾ ਹੈ ਤੇ ਉਸ ਤੋਂ ਉਸ ਦੇ ਕੰਮ ਕਾਰ ਬਾਰੇ ਪੁੱਛਦਾ ਰਹਿੰਦਾ ਹੈ। ਮਿਹਰ ਆਪਣੇ ਵਰਗੇ ਛਪਾਈ ਦਾ ਕੰਮ ਕਰਨ ਵਾਲੇ ਲੋਕਾਂ ਦੀ ਛਪਾਈ ਵੀ ਇੰਡੀਆ ਤੋਂ ਕਰਾ ਦਿੰਦਾ ਹੈ ਜੋ ਕਿ ਇੰਗਲੈਂਡ ਨਾਲੋਂ ਸਸਤੀ ਪੈਂਦੀ ਹੈ। ਇਵੇਂ ਮਿਹਰ ਨੂੰ ਵਿਚੋਂ ਕੁਝ ਨਾ ਕੁਝ ਕਮਿਸ਼ਨ ਬਚ ਜਾਂਦਾ ਹੈ। ਵਿਜੈ ਵੀ ਛਪਾਈ ਵਾਲੀਆਂ ਫਰਮਾਂ ਨਾਲ ਰਾਬਤਾ ਕਾਇਮ ਕਰ ਲੈਂਦਾ ਹੈ। ਸਗੋਂ ਇਹਨਾਂ ਵਸੀਲਿਆਂ ਤੋਂ ਉਸ ਨੂੰ ਵਧੇਰੇ ਕੰਮ ਮਿਲਣ ਲਗਦਾ ਹੈ। ਛੇ ਮਹੀਨਿਆਂ ਵਿਚ ਉਹ ਹੰਢੇ ਹੋਏ ਵਪਾਰੀ ਵਾਂਗ ਵਿਚਰਨ ਲਗਦਾ ਹੈ।

ਉਸ ਦਾ ਬਹੁਤਾ ਭੁਗਤਾਨ ਚੈੱਕਾਂ ਰਾਹੀ ਹੀ ਹੁੰਦਾ ਹੈ। ਉਹ ਅਗੇ ਵੀ ਅਸ਼ੋਕ ਨੂੰ ਚੈਕ ਹੀ ਭੇਜਦਾ ਹੈ ਪਰ ਕਈ ਲੋਕ ਉਸ ਨੂੰ ਕੈਸ਼ ਦੇ ਦਿੰਦੇ ਹਨ। ਜਿਹੜਾ ਕੈਸ਼ ਮਿਲਦਾ ਹੈ ਉਹ ਸਾਰਾ ਸੁਸ਼ਮਾ ਨੂੰ ਦੇ ਦਿੰਦਾ ਹੈ ਤੇ ਕਹਿ ਦਿੰਦਾ ਹੈ,

"ਆਪਣੇ ਪਿਓ ਨੂੰ ਭੇਜਣ ਤੋਂ ਬਾਅਦ ਜਿਹੜੇ ਪੈਸੇ ਤੂੰ ਬਚਾਏ ਆ ਇਹ ਵੀ ਉਹਨਾਂ ਦੇ ਨਾਲ ਈ ਰਖ ਲੈ।"

ਸੁਸ਼ਮਾ ਥੋੜਾ ਖਿਝ ਕੇ ਤੇ ਥੋੜਾ ਮੁਸਕਰਾ ਕੇ ਪੈਸੇ ਫੜ ਲੈਂਦੀ ਹੈ ਤੇ ਨਾਲ ਹੀ ਕਹਿੰਦੀ ਹੈ,

"ਸ਼ਰਮਾ ਜੀ, ਘਰ ਦਾ ਸੁਫਨਾ ਪੂਰਾ ਹੋਏਗਾ ਕਿ ਨਹੀਂ।"

"ਕਿੰਨੇ ਪੈਸੇ ਆ ਤੇਰੇ ਕੋਲ਼?"

"ਮੇਰੇ ਕੋਲ਼ ਹੁਣ ਕੀ ਐ, ਮੈਨੂੰ ਟਾਈਮ ਈ ਕਿੰਨਾ ਮਿਲਦੈ, ਮੇਰੀ ਸਵੇਰ ਸ਼ਾਮ ਤਾਂ ਤੁਹਾਡੇ ਬੱਚੇ ਖਾ ਜਾਂਦੇ ਆ।"

"ਘਰ ਲਈ ਡਿਪੌਜ਼ਟ ਚਾਹੀਦੈ, ਉਹ ਆਪਣੇ ਕੋਲ ਹੈ ਨਹੀਂ।"

"ਕਿੰਨਾ ਡਿਪੌਜ਼ਟ ਚਾਹੀਦੈ?"

"ਲੱਖ ਦੇ ਕਰੀਬ ਘਰ ਹੈਗੇ ਆ ਅਜਕਲ, ਤੀਹ ਤੋਂ ਚਾਲੀ ਗਰੈਂਡ ਚਾਹੀਦੈ।"

"ਇੰਨਾ!"

"ਜਿਹੜਾ ਤੂੰ ਫਗਵਾੜੇ ਭੇਜਿਆ ਉਹ ਸਾਰਾ ਤਾਂ ਇੰਨਾ ਹੋਣੈਂ।"

"ਉਹ ਤੁਹਾਡੇ ਪੈਸੇ ਦੇ ਈ ਭੁੱਖੇ ਆ?"

"ਨਹੀਂ, ਪਰ ਧੀ ਦੀ ਕਮਾਈ ਦਾ ਸੁਆਦ ਈ ਕੁਸ਼ ਹੋਰ ਹੁੰਦੈ!"

ਵਿਜੈ ਸਵਾਦ ਲੈਂਦਾ ਆਖਦਾ ਹੈ। ਸੁਸ਼ਮਾ ਉਸ ਦੀ ਗੱਲ ਨੂੰ ਅਣਗੌਲ ਕੇ ਆਪਣੇ ਕੰਮ ਲਗੀ ਰਹਿੰਦੀ ਹੈ। ਉਹ ਵਿਜੈ ਦੀਆਂ ਇਹਨਾਂ ਗੱਲਾਂ ਦਾ ਗੁੱਸਾ ਨਹੀਂ ਕਰਦੀ। ਉਸ ਨੂੰ ਪਤਾ ਹੈ ਕਿ ਵਿਜੈ ਕੁਝ ਨਹੀਂ ਜਾਣਦਾ, ਇਹ ਸਭ ਉਸ ਦੇ ਅਟਕਲ-ਪੱਚੂ ਹੀ ਹਨ। ਵਿਜੈ ਦੇ ਇੰਸ਼ੋਅਰੈਂਸ ਵਾਲੇ ਮੁਕੱਦਮੇ ਦੀ ਤਰੀਕ ਆਉਂਦੀ ਹੈ। ਉਸ ਨੂੰ ਆਸ ਹੈ ਕਿ ਜੇਕਰ ਇਸ ਪਾਸਿਓਂ ਕੁਝ ਮਿਲ ਜਾਵੇ ਤਾਂ ਸ਼ਾਇਦ ਘਰ ਲੈਣ ਵਿਚ ਅਸਾਨੀ ਹੋ ਜਾਵੇ। ਪੰਜ ਹਜ਼ਾਰ ਉਸ ਦੇ ਖਾਤੇ ਵਿਚ ਪਿਆ ਹੈ। ਉਸ ਨੂੰ ਆਸ ਹੈ ਕਿ ਪੰਜ ਕੁ ਹੀ ਸੁਸ਼ਮਾ ਕੋਲ ਹੋਵੇਗਾ। ਜੇਕਰ ਤੀਹ ਹਜ਼ਾਰ ਇੰਸ਼ੋਅਰੈਂਸ ਵਾਲੇ ਦੇ ਦੇਣ ਤਾਂ ਘਰ ਲੈਣਾ ਖਰੀਦਿਆ ਜਾ ਸਕਦਾ ਹੈ। ਉਸ ਸਾਰਾ

ਹਿਸਾਬ ਲਗਾਉਂਦਾ ਰਹਿੰਦਾ ਹੈ। ਸੱਤਰ ਹਜ਼ਾਰ ਦਾ ਚਿਨਾਰ ਰੈਸਟੋਰੈਂਟ। ਜਿਸ ਵਿਚੋਂ ਤੀਹ ਹਜ਼ਾਰ ਕੈਸ਼ ਪਾਇਆ ਹੈ ਤੇ ਬਾਕੀ ਕਰਜ਼ਾ। ਪਿਛਲੇ ਅੱਠਾਂ ਮਹੀਨਿਆਂ ਦੀਆਂ ਕਿਸ਼ਤਾਂ ਪਾ ਕੇ ਬੈਂਕ ਦਾ ਚਾਲੀ ਦਾ ਚਾਲੀ ਹਾਲੇ ਖੜ੍ਹਾ ਹੈ। ਜੇ ਸੱਤਰ ਦਾ ਸੱਤਰ ਮਿਲ ਜਾਵੇ ਤਾਂ ਉਸ ਨੂੰ ਮੁੜ ਤੀਹ ਹਜ਼ਾਰ ਬਚ ਸਕਦਾ ਹੈ ਜੋ ਕਿ ਘਰ ਲੈਣ ਦੇ ਕਾਬਲ ਕਰ ਸਕਦਾ ਹੈ। ਥੋੜ੍ਹੀ ਮੌਰਟਗੇਜ ਵੱਧ ਜਾਵੇਗੀ ਪਰ ਆਪਣੇ ਘਰ ਵਿਚ ਤਾਂ ਬੈਠਾ ਹੋਵੇਗਾ।

ਮੁਕੱਦਮੇ ਦੀ ਤਰੀਕ ਤੋਂ ਪਹਿਲਾਂ ਉਸ ਦੇ ਵਕੀਲ ਦੀ ਚਿੱਠੀ ਆਉਂਦੀ ਹੈ। ਉਸ ਨੇ ਮਿਲਣ ਲਈ ਲਿਖਿਆ ਹੈ। ਉਹ ਵਕੀਲ ਦੇ ਦਫਤਰ ਜਾਂਦਾ ਹੈ। ਵਕੀਲ ਦਸਦਾ ਹੈ ਕਿ ਇੰਸ਼ੋਅਰੈਂਸ ਕੰਪਨੀ ਅਦਾਲਤ ਤੋਂ ਬਾਹਰੋ ਬਾਹਰ ਸਮਝੌਤਾ ਕਰਨਾ ਚਾਹੁੰਦੀ ਹੈ। ਕੰਪਨੀ ਬੈਂਕ ਦੇ ਅਤੇ ਹੋਰ ਸਾਰੇ ਲੈਣ ਦੇਣ ਕਰਕੇ ਵਿਜੈ ਨੂੰ ਵੀਹ ਹਜ਼ਾਰ ਪੌਂਡ ਦੇਣ ਲਈ ਤਿਆਰ ਹੈ ਪਰ ਕੰਪਨੀ ਮੰਗਲ ਲਈ ਕੁਝ ਨਹੀਂ ਦੇ ਰਹੀ। ਵਿਜੈ ਵਕੀਲ ਨੂੰ ਇਹ ਆਖ ਕੇ ਆ ਜਾਂਦਾ ਹੈ ਕਿ ਉਹ ਸੋਚ ਕੇ ਜਵਾਬ ਦੇਵੇਗਾ। ਉਹ ਤਾਏ ਨੂੰ ਜਾ ਸਾਰੀ ਗੱਲ ਦਸਦਾ ਹੈ। ਤਾਇਆ ਆਖਦਾ ਹੈ,

"ਵਿਜੇ, ਮੈਂ ਸੋਚਦਾਂ ਕਿ ਇਹ ਔਫਰ ਇੰਨੀ ਬੁਰੀ ਨਹੀਂ, ਕੰਮ ਤਾਂ ਹੁਣ ਦੁਬਾਰਾ ਤੂੰ ਤੋਰ ਈ ਲਿਐ, ਇਹ ਰਕਮ ਤੇਰੇ ਘਰ ਲੈਣ ਵਿਚ ਮਦਦ ਕਰ ਸਕਦੀ ਐ, ਕੋਰਟ ਕੀ ਫੈਸਲਾ ਕਰੇ ਇਹਦਾ ਆਪਾਂ ਨੂੰ ਕੁਝ ਨਹੀਂ ਪਤਾ। ਜੇ ਕੰਪਨੀ ਨੇ ਇਹ ਸਾਬਤ ਕਰ ਦਿਤਾ ਕਿ ਅੱਗ ਸਾਡੀ ਗਲਤੀ ਨਾਲ ਲਗੀ ਆ ਤਾਂ ਕੁਝ ਨਹੀਂ ਮਿਲਣਾ। ਵਕੀਲ ਨੂੰ ਕਹਿ ਕਿ ਥੋੜ੍ਹਾ ਕੁ ਅੜੇ ਤੇ ਇਸ ਰਕਮ ਨੂੰ ਕੁਝ ਵਧਾਉਣ ਦੀ ਕੋਸ਼ਿਸ਼ ਕਰੇ, ਜਿੰਨਾ ਚਿਰ ਤੂੰ ਵਿਹਲਾ ਰਿਹਾਂ ਇਹਦਾ ਕਲੇਮ ਵੀ ਪਾਵੇ ਤੇ ਫਿਰ ਵਿਚਕਾਰ ਜਿਹੇ ਸਮਝੌਤਾ ਕਰ ਲਵੇ।"

ਘਰ ਆ ਕੇ ਵਿਜੈ ਸੁਸ਼ਮਾ ਨੂੰ ਕਹਿੰਦਾ ਹੈ,

"ਆਪਾਂ ਬਹੁਤ ਛੇਤੀ ਘਰ ਲੈ ਸਕਦੇ ਆਂ।"

"ਸੱਚ! ਕਦੋਂ ਕੁ?"

"ਆਪਾਂ ਕੱਲ ਨੂੰ ਈ ਦੇਖਣਾ ਸ਼ੁਰੂ ਕਰ ਸਕਦੇ ਆਂ ਪਰ ਇਹ ਦੱਸ ਤੇਰੇ ਕੋਲ ਕਿੰਨੇ ਆਂ?"

"ਸ਼ਰਮਾ ਜੀ, ਤੁਹਾਡੇ ਵਾਲੇ ਪਾ ਕੇ ਮੇਰੇ ਕੋਲ ਦਸ ਹਜ਼ਾਰ ਪੌਂਡ ਐ।"

"ਸਮਝ ਲੈ ਕੇ ਆਪਾਂ ਘਰ ਲੈ ਲਿਆ, ਦਸ ਇਹ ਹੈਗਾ, ਪੰਜ ਮੇਰੇ ਕੋਲ ਤੇ ਵੀਹ ਇੰਸ਼ੋਅਰੈਂਸ ਵਾਲੇ ਦੇਣਾ ਮੰਨਦੇ ਆ ਪਰ ਹੋਰ ਵਧਣਗੇ।"

ਸੁਸ਼ਮਾ ਉਠ ਕੇ ਵਿਜੈ ਨੂੰ ਬਾਹਾਂ ਵਿਚ ਘੁੱਟ ਲੈਂਦੀ ਹੈ।

## ਤੇਈ

ਵਿਜੈ ਦਾ ਹਰ ਸ਼ਨਿਚਰਵਾਰ ਮੰਦਿਰ ਜਾਣਾ ਹਾਲੇ ਵੀ ਤਹਿ ਹੈ। ਭਾਵੇਂ ਲੋਕਲ ਕੌਂਸਲ ਵਲੋਂ ਲੋਕਾਂ ਦੀ ਕਾਗਜ਼ੀ ਕਾਰਵਾਈਆਂ ਵਿਚ ਸਹਾਇਤਾ ਕਰਨ ਲਈ ਇਕ ਵਿਅਕਤੀ ਦੀ ਡਿਊਟੀ ਲਗੀ ਹੋਈ ਹੈ ਜੋ ਕਿ ਵੀਰਵਾਰ ਨੂੰ ਮੰਦਿਰ ਵਿਚ ਆਉਂਦਾ ਹੈ ਤੇ ਸ਼ੁਕਰਵਾਰ ਨੂੰ ਗੁਰਦਵਾਰੇ ਜਾਂਦਾ ਹੈ ਪਰ ਫਿਰ ਵੀ ਬਹੁਤੇ ਲੋਕਾਂ ਦੀ ਤਸੱਲੀ ਵਿਜੈ ਦੀ ਮੱਦਦ ਨਾਲ ਹੀ ਹੁੰਦੀ ਹੈ। ਅਸਲ ਵਿਚ ਜਿਹਨਾਂ ਦੇ ਕੰਮ ਸਿਰੇ ਚੜ੍ਹ ਗਏ ਹੁੰਦੇ ਹਨ ਉਹ ਵਿਜੈ ਤੇ ਜ਼ਿਆਦਾ ਭਰੋਸਾ ਕਰਦੇ ਹਨ। ਵਿਜੈ ਨੂੰ ਵੀ ਅਜਿਹੀ ਸਹਾਇਤਾ ਵਿਚ ਖੁਸ਼ੀ ਹੁੰਦੀ ਹੈ। ਤਾਇਆ ਉਸ ਦੇ ਇਸ ਉੱਦਮ ਨੂੰ ਉਸ ਦੀ ਹਿੰਮਤ ਕਿਹਾ ਕਰਦਾ ਹੈ। ਜੇਕਰ ਵਿਜੈ ਦੀ ਜਗਾਹ ਕੋਈ ਹੋਰ ਹੁੰਦਾ ਤਾਂ ਰੈਸਟੋਰੈਂਟ ਵਾਲੇ ਹਾਦਸੇ ਨਾਲ ਟੁੱਟ ਗਿਆ ਹੁੰਦਾ। ਉਸ ਨੂੰ ਸਾਰੀ ਦੁਨੀਆਂ ਹੀ ਬੁਰੀ ਲਗਣ ਲਗ ਪਈ ਹੁੰਦੀ ਪਰ ਵਿਜੈ ਕਾਇਮ ਰਹਿੰਦਾ ਹੈ।

ਹੁਣ ਵਿਜੈ ਮੁੜ ਪੈਰਾਂ ਤੇ ਆ ਖੜਿਆ ਹੈ। ਉਹ ਮੰਦਿਰ ਤਾਂ ਜਾਂਦਾ ਹੀ ਹੈ ਪਰ ਹੁਣ ਉਹ ਆਪਣੀ ਇਸ ਵਾਕਫੀ ਨੂੰ ਆਪਣੇ ਕੰਮ ਲਈ ਵੀ ਵਰਤਦਾ ਹੈ। ਆਪਣੇ ਵਿਜ਼ਟਿੰਗ ਕਾਰਡ ਲੋਕਾਂ ਨੂੰ ਦਿੰਦਾ ਜਾਂਦਾ ਹੈ। ਮੰਦਿਰ ਵਾਲੇ ਕਿਸੇ ਕਾਰਨ ਕੁਝ ਛਪਾਈ ਦਾ ਕੰਮ ਕਰਵਾਉਂਦੇ ਹਨ ਤਾਂ ਉਹਨਾਂ ਤੋਂ ਪੂਰੇ ਪੈਸੇ ਲੈਂਦਾ ਹੈ। ਸੁਸ਼ਮਾ ਦੇ ਕੰਮ ਲਈ ਤਾਂ ਇਸ ਮੰਚ ਨੂੰ ਉਹ ਪਹਿਲਾਂ ਵੀ ਵਰਤਦਾ ਰਿਹਾ ਹੈ। ਵੈਸੇ ਹੁਣ ਆਮ ਲੋਕਾਂ ਵਿਚ ਸੁਸ਼ਮਾ ਨਾਂ ਵਿਜੈ ਤੋਂ ਵੱਡਾ ਬਣ ਚੁੱਕਾ ਹੈ। ਕਈ ਔਰਤਾਂ ਜਿਹਨਾਂ ਨੂੰ ਡਾਕਟਰਾਂ ਨੇ ਇਕ ਕਿਸਮ ਨਾਲ ਜਵਾਬ ਦਿਤਾ ਹੋਇਆ ਹੈ ਉਸ ਨੇ ਠੀਕ ਕਰ ਦਿਤੀਆਂ ਹਨ। ਕਈ ਲੋਕ ਵਿਜੈ ਨੂੰ ਸੁਸ਼ਮਾ ਦੇ ਪਤੀ ਦੇ ਤੌਰ 'ਤੇ ਜਾਣਦੇ ਹਨ। ਸੁਸ਼ਮਾ ਨੂੰ ਇਹ ਗੱਲ ਬਹੁਤ ਚੰਗੀ ਲਗਦੀ ਹੈ। ਇਹੋ ਉਸ ਦੀ ਤਮੰਨਾ ਹੈ।

ਵਿਜੈ ਦਾ ਕੰਮ ਹੁਣ ਇੰਨਾ ਕੁ ਹੋ ਗਿਆ ਹੈ ਕਿ ਹਫਤੇ ਵਿਚ ਇਕ ਜਾਂ ਦੋ ਬਿਲਟੀਆਂ ਉਸ ਦੀਆਂ ਹਵਾਈ ਜਹਾਜ਼ ਰਾਹੀਂ ਆ ਜਾਇਆ ਕਰਦੀਆਂ ਹਨ। ਉਹ ਇਕੱਲਾ ਇਕੱਲਾ ਆਰਡਰ ਨਹੀਂ ਮੰਗਵਾਉਂਦਾ ਸਗੋਂ ਉਸ ਦੇ ਕਈ ਆਰਡਰ ਇਕੱਠੇ ਆਉਂਦੇ ਹਨ, ਇਸ ਤਰ੍ਹਾਂ ਕੌਰੀਅਰ ਸਸਤਾ ਪੈਂਦਾ ਹੈ। ਮਿਹਰ ਨਾਲੋਂ ਉਸ ਨੇ ਕੰਮ ਵਧਾ ਲਿਆ ਹੈ। ਉਹ ਹੁਣ ਦੱਖਣੀ ਲੰਡਨ ਤਕ ਪਹੁੰਚ

ਕਰਨ ਲਗਿਆ ਹੈ। ਕਰੌਏਡਨ ਦੇ ਵਿਚ ਉਸ ਦੇ ਕੁਝ ਖਾਸ ਕਲਾਇੰਟ ਹਨ ਜਿਥੇ ਉਹ ਆਏ ਦਿਨ ਗਿਆ ਰਹਿੰਦਾ ਹੈ। ਅਨਿਲ ਚੰਦਰਨ ਨਾਲ ਤਾਂ ਉਸ ਦੀ ਖਾਸ ਦੋਸਤੀ ਪੈ ਜਾਂਦੀ ਹੈ। ਅਨਿਲ ਦੇ ਤੇ ਉਸ ਦੇ ਵਾਕਫਾਂ ਦੇ ਕਈ ਰੈਸਟੋਰੈਂਟ ਹਨ, ਉਹਨਾਂ ਦਾ ਸਾਰਾ ਕੰਮ ਹੀ ਵਿਜੈ ਪਾਸ ਹੈ। ਵਿਜੈ ਦਾ ਆਪਣਾ ਵਾਹ ਰੈਸਟੋਰੈਂਟ ਨਾਲ ਰਿਹਾ ਹੋਣ ਕਰਕੇ ਕਈ ਵਾਰ ਉਹਨਾਂ ਨੂੰ ਸਲਾਹ ਦੇਣ ਲਗਦਾ ਹੈ।ਇਕ ਦਿਨ ਵਿਜੈ ਰਮੇਸ਼ ਨੂੰ ਆਖਦਾ ਹੈ,

"ਕਿਉਂ ਨਹੀਂ ਤੂੰ ਨਵੀਂ ਡਿਸ਼ ਸ਼ੁਰੂ ਕਰਦਾ ਜਿਸ ਦੇ ਨਾਂ ਮੂਹਰੇ ਜਾਲ ਲਗਾ ਦੇਵੇਂ ਤੇ ਇਸ ਦੀ ਕੀਮਤ ਪੰਜਾਹ ਪੈਨੀਆਂ ਵਧਾ ਦੇਵੇਂ।"

"ਉਹ ਕਿਵੇਂ?"

"ਆਓ, ਮੈਂ ਦਿਖਾਉਨਾਂ।"

ਵਿਜੈ ਅਨਿਲ ਨਾਲ ਉਸ ਦੇ ਰੈਸਟੋਰੈਂਟ ਦੀ ਰਸੋਈ ਵਿਚ ਚਲੇ ਜਾਂਦਾ ਹੈ। ਇਕ ਆਂਡਾ ਭੰਨ ਕੇ ਉਸ ਦੇ ਘੋਲ਼ ਵਿਚ ਹੱਥ ਭਿਉਂ ਕੇ ਗਰਮ ਗਰਮ ਤਿਆਰ ਡਿਸ਼ ਉਪਰ ਇਵੇਂ ਝਿਣਕਦਾ ਹੈ ਕਿ ਡਿਸ਼ ਉਪਰ ਇਕ ਜਾਲ਼ ਜਿਹਾ ਬਣ ਜਾਂਦਾ ਹੈ। ਅਨਿਲ ਹੈਰਾਨ ਹੁੰਦਾ ਉਸ ਦਾ ਕਾਇਲ ਹੋਣ ਲਗਦਾ ਹੈ। ਉਸ ਨਾਲ ਦੋਸਤੀ ਪੈ ਜਾਂਦੀ ਹੈ ਤੇ ਉਹ ਆਪਣੇ ਅਗੇ ਵਾਕਫਾਂ ਨੂੰ ਵਿਜੈ ਦੇ ਗਾਹਕ ਬਣਾ ਦਿੰਦਾ ਹੈ।

ਵਿਜੈ ਹੁਣ ਆਪਣਾ ਕੰਮ ਜਲਦੀ ਕਢਵਾਉਣ ਲਈ ਜਾਂ ਫਿਰ ਕਦੇ ਆਰਡਰ ਵੱਡਾ ਮਿਲ ਜਾਵੇ ਤਾਂ ਆਪ ਵੀ ਦਿੱਲੀ ਲਈ ਚੜ੍ਹ ਜਾਂਦਾ ਹੈ। ਹਫਤਾ ਖੰਡ ਆਪਣੀ ਮਾਂ ਤੇ ਭਰਾ-ਭਰਜਾਈ ਤੇ ਉਹਨਾਂ ਦੇ ਬੱਚਿਆਂ ਨਾਲ ਰਹਿ ਆਉਂਦਾ ਹੈ। ਕਦੇ ਕਦੇ ਉਹ ਰੋਹਨ ਤੇ ਵਿਧੀ ਨੂੰ ਵੀ ਆਪਣੇ ਨਾਲ ਲੈ ਜਾਇਆ ਕਰਦਾ ਹੈ। ਦੋਵੇਂ ਬੱਚੇ ਉਸ ਨਾਲ ਰਹਿ ਕੇ ਜ਼ਿਆਦਾ ਖੁਸ਼ ਰਹਿੰਦੇ ਹਨ। ਉਹ ਉਹਨਾਂ ਨੂੰ ਖੂਬ ਘੁਮਾਉਂਦਾ ਫਿਰਾਉਂਦਾ ਹੈ। ਤਰ੍ਹਾਂ ਤਰ੍ਹਾਂ ਦੇ ਖਾਣੇ ਖਵਾਉਂਦਾ ਹੈ ਇਹੋ ਕੁਝ ਬੱਚਿਆਂ ਨੂੰ ਪਸੰਦ ਹਨ। ਸੁਸ਼ਮਾ ਵੀ ਹਰ ਸਾਲ ਇੰਡੀਆ ਜਾਂਦੀ ਹੈ ਪਰ ਬੱਚੇ ਉਸ ਨਾਲ ਜਾਣ ਤੋਂ ਇਨਕਾਰੀ ਹੋ ਜਾਂਦੇ ਹਨ। ਸੁਸ਼ਮਾ ਨੂੰ ਵੀ ਬੱਚੇ ਵਾਧੂ ਜਿਹਾ ਬੋਝ ਹੀ ਜਾਪਦੇ ਰਹਿੰਦੇ ਹਨ। ਜੇ ਉਹ ਇਕੱਲੀ ਜਾਵੇ ਤਾਂ ਮਨ ਪਸੰਦ ਸ਼ੌਪਿੰਗ ਕਰ ਸਕਦੀ ਹੈ। ਸਾਰੀਆਂ ਸਹੇਲੀਆਂ ਆਦਿ ਨੂੰ ਮਿਲ ਸਕਦੀ ਹੈ। ਕਈ ਵਾਰ ਆਪਣੀਆਂ ਦਵਾਈਆਂ ਇਕੱਤਰ ਕਰਨ ਲਈ ਉਹ ਦੂਰ ਤਕ ਜਾ ਸਕਦੀ ਹੈ। ਅਜਕਲ ਅੰਮ੍ਰਿਤਸਰ ਵਾਲਾ ਏਅਰ ਪੋਰਟ ਚਾਲੂ ਹੋ ਜਾਣ ਕਰਕੇ ਉਹ ਰਾਜਾ ਸਾਂਸੀ ਏਅਰ ਪੋਰਟ ਤੇ ਹੀ ਉਤਰਦੀ ਹੈ। ਇਸ ਦਾ ਫਾਇਦਾ ਇਹ ਹੁੰਦਾ ਹੈ ਕਿ ਉਸ ਨੂੰ ਵਿਜੈ ਦੀ ਮਾਂ ਤੇ ਭਰਾ ਨੂੰ ਮਿਲਣ ਦੀ ਮਜਬੂਰੀ ਸਾਹਮਣੇ ਨਹੀਂ ਆਉਂਦੀ। ਵਿਜੈ ਵੀ ਦਿੱਲੀ ਤੋਂ ਹੀ ਮੁੜ ਆਇਆ ਕਰਦਾ ਹੈ। ਉਹ ਵਿਆਹ ਤੋਂ ਬਾਅਦ ਸਿਰਫ ਇਕ ਵਾਰੀ ਹੀ ਆਪਣੇ ਸੁਹਰੀਂ ਜਾਂਦਾ ਹੈ। ਉਹ ਵੀ ਸ਼ਾਇਦ ਨਾ ਜਾਂਦਾ ਜੇ ਉਸ ਨੂੰ ਆਪਣੇ ਪਿੰਡ ਮੁਕੰਦ ਪੁਰ ਜਾਣ ਦੀ ਹੁੜਕ ਨਾ ਉਠਦੀ। ਦਿੱਲੀ ਗਿਆ ਵਿਜੈ ਅਚਾਨਕ ਉਹ ਆਪਣੀ ਜਨਮ ਭੂਮੀ ਲਈ ਬਿਲਹਲ ਹੋ ਓਠਦਾ ਹੈ ਤੇ ਪੰਜਾਬ ਨੂੰ ਤੁਰ ਪੈਂਦਾ ਹੈ ਇਸ ਤਰ੍ਹਾਂ ਉਸ ਨੂੰ ਫਗਵਾੜੇ ਵੀ ਜਾਣਾ ਪੈਂਦਾ ਹੈ।

ਇੰਡੀਆ ਗਈ ਸੁਸ਼ਮਾ ਇੰਡੀਆ ਗਈ ਸੁਨੈਨਾ ਭਰਜਾਈ ਨੂੰ ਮਿਲਣ ਜ਼ਰੂਰ ਜਾਂਦੀ ਹੈ ਤੇ ਹਰ ਵਾਰ ਕਹਿ ਆਉਂਦੀ ਹੈ,

"ਸੁਨੈਨਾ ਭੈਣ ਜੀ, ਇਕ ਵਾਰ ਤੁਸੀਂ ਓਥੇ ਆਓ, ਇਕ ਵਾਰ ਮੈਨੂੰ ਕੋਸ਼ਿਸ਼ ਕਰਨ ਦਿਓ, ਸ਼ਾਇਦ ਪ੍ਰਭੂ ਜੀ ਕ੍ਰਿਪਾ ਕਰ ਦੇਣ।"

"ਸੁਸ਼ਮਾ ਤੂੰ ਜੋ ਕਰਨਾ ਇਥੇ ਈ ਕਰ ਲੈ।"

"ਨਹੀਂ ਭੈਣ ਜੀ, ਮੈਨੂੰ ਤੁਸੀਂ ਦੋਵੇਂ ਮੇਰੇ ਕੰਟਰੋਲ ਵਿਚ ਚਾਹੀਦੇ ਓ ਜੋ ਇਥੇ ਨਹੀਂ ਹੋ ਸਕਦਾ।"

ਹੁਸ਼ਿਆਰ ਹੋਰਾਂ ਦਾ ਵੀ ਵਕਤ ਨਹੀਂ ਲਗ ਰਿਹਾ। ਉਹ ਅਮੀਰ ਆਦਮੀ ਹੋਣ ਕਰਕੇ ਥੋੜਾ ਬਹੁਤ ਸਿਆਸਤ ਵਿਚ ਵੀ ਹਿੱਸਾ ਲੈਣ ਲਗਿਆ ਹੈ। ਇਕ ਵਾਰ ਤਾਂ ਸੁਸ਼ਮਾ ਸੁਨੈਨਾ ਨੂੰ ਇਥੋਂ ਤਕ ਕਹਿ ਦਿੰਦੀ ਹੈ,

"ਮੇਨੋਪਾਜ਼ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਆ ਜਾਓ, ਸ਼ਇਦ ਪ੍ਰਭੂ ਮੇਰੀ ਵੀ ਇਜ਼ਤ ਰੱਖ ਲਵੇ।"

ਆਪਣਾ ਘਰ ਲੈਣ ਤੋਂ ਬਾਅਦ ਦੋਨਾਂ ਦੀ ਜ਼ਿੰਦਗੀ ਬਦਲ ਚੁੱਕੀ ਹੈ। ਹੁਣ ਦੋਨਾਂ ਨੂੰ ਸਭ ਕੁਝ ਆਪਣਾ ਆਪਣਾ ਮਹਿਸੂਸ ਹੁੰਦਾ ਹੈ। ਸੁਸ਼ਮਾ ਵੀ ਹੁਣ ਘਰ ਵਲ ਜ਼ਿਆਦਾ ਧਿਆਨ ਦਿੰਦੀ ਹੈ। ਘਰ ਦੀ ਸਫਾਈ ਲਈ ਚੰਨੀ ਨੂੰ ਪੱਕੇ ਤੌਰ ਤੇ ਰੱਖ ਲਿਆ ਹੈ ਜੋ ਹਰ ਸਵੇਰ ਕੁਝ ਘੰਟੇ ਲਾ ਜਾਂਦੀ ਹੈ। ਸੁਸ਼ਮਾ ਘਰ ਦੀ ਸਜਾਵਟ ਲਈ ਨਵੀਆਂ ਨਵੀਆਂ ਚੀਜ਼ਾਂ ਲੈ ਕੇ ਆਉਂਦੀ ਹੈ। ਇਕ ਮਾਲੀ ਲੱਭ ਕੇ ਬਗੀਚੇ ਵਿਚ ਰੰਗ ਰੰਗ ਦੇ ਫੁੱਲ ਲਗਵਾਉਂਦੀ ਹੈ। ਇਕ ਗੱਲ ਇਹ ਹੈ ਕਿ ਘਰ ਬਾਰੇ ਕਿਸੇ ਕਿਸਮ ਦੀ ਸਿਰ ਦਰਦੀ ਉਹ ਨਹੀਂ ਲੈ ਸਕਦੀ ਮਸਲਨ ਘਰ ਦੀ ਕਿਸ਼ਤ ਕਿੰਨੀ ਹੈ, ਬਿਜਲੀ ਦਾ ਬਿੱਲ ਕਿੰਨਾ ਹੈ, ਗੈਸ ਤੇ ਟੈਲੀਫੋਨ ਦਾ ਕਿੰਨਾ ਤੇ ਕੌਂਸਲ ਟੈਕਸ ਕਿੰਨਾ। ਜੇਕਰ ਵਿਜੈ ਕੁਝ ਦਸਣ ਦੀ ਕਸ਼ਿਸ਼ ਵੀ ਕਰਦਾ ਹੈ ਤਾਂ ਉਹ ਕਹਿਣ ਲਗਦੀ ਹੈ,

"ਸ਼ਰਮਾ ਜੀ, ਮੈਂ ਤਾਂ ਪਹਿਲਾਂ ਹੀ ਸਿਰ ਦਰਦ ਦੀ ਮਾਰੀ ਹੋਈ ਆਂ ਮੈਨੂੰ ਹੋਰ ਨਾ ਮਾਰੋ।"

ਇਸ ਪੂਰੇ ਸਮੇਂ ਵਿਚ ਕੁਝ ਨਹੀਂ ਬਦਲਿਆ ਤਾਂ ਉਹ ਹੈ ਸੁਸ਼ਮਾ ਦਾ ਸਿਰ ਦਰਦ। ਇਸ ਸਿਰ ਦਰਦ ਕਾਰਨ ਪੈ ਜਾਣ ਨੂੰ ਵਿਜੈ ਕਿਹਾ ਕਰਦਾ ਹੈ ਕਿ ਉਹ ਖੱਟੀ ਦੁਪੱਟੀ ਲੈ ਕੇ ਪੈ ਗਈ ਹੈ। ਪਿੰਡਾਂ ਵਿਚ ਇਹ ਮੁਹਾਵਰਾ ਕਿਸੇ ਰੁੱਸੀ ਔਰਤ ਲਈ ਵਰਤਿਆ ਜਾਂਦਾ ਹੈ। ਕਈ ਵਾਰ ਤਾਂ ਉਹ ਇਸ ਸਿਰ ਦਰਦ ਨੂੰ ਮਾਮੂਲੀ ਜਿਹੀ ਚੀਜ਼ ਹੀ ਸਮਝਦਾ ਹੈ ਪਰ ਕਦੇ ਕਦੇ ਵਿਜੈ ਡਰਨ ਵੀ ਲਗਦਾ ਹੈ ਕਿ ਕਿਤੇ ਹੀ ਸੱਚ ਮੁੱਚ ਗੰਭੀਰ ਗੱਲ ਨਾ ਹੋਵੇ। ਇਕ ਹੋਰ ਗੱਲ ਸੁਸ਼ਮਾ ਨੂੰ ਆਪਣੇ ਘਰ ਆ ਕੇ ਮੁੜ ਤੰਗ ਕਰ

ਰਹੀ ਹੈ ਉਹ ਹੈ ਉਸ ਦਾ ਆਪਣਾ ਮੁਟਾਪਾ। ਹੁਸ਼ਿਆਰ ਦੇ ਘਰ ਰਹਿੰਦਿਆਂ ਤਾਂ ਉਹ ਕਈ ਆਸਾਂ ਛੱਡੀ ਬੈਠੀ ਸੀ। ਉਸ ਨੂੰ ਲਗਦਾ ਸੀ ਕਿ ਸ਼ਾਇਦ ਹੁਣ ਜ਼ਿੰਗਦੀ ਇਵੇਂ ਹੀ ਨਿਕਲੇਗੀ, ਲੋਕਾਂ ਦੇ ਘਰ ਜਾਂ ਕਿਰਾਏ ਦੇ ਘਰਾਂ ਵਿਚ ਰਹਿ ਕੇ, ਇਸ ਲਈ ਉਸ ਨੇ ਕਈ ਫਿਕਰ ਸਥਿਗਤ ਕੀਤੇ ਹੋਏ ਸਨ ਪਰ ਹੁਣ ਉਹ ਆਪਣੀ ਸਿਹਤ ਬਾਰੇ ਜ਼ਿਆਦਾ ਚਿੰਤਾ ਕਰਨ ਲਗੀ ਹੈ। ਉਹ ਵਿਜੈ ਨੂੰ ਦਸਣ ਲਗਦੀ ਹੈ,

"ਸ਼ਰਮਾ ਜੀ, ਮੇਰੇ ਕੋਲ ਕਈ ਤੀਵੀਆਂ ਆਉਂਦੀਆਂ, ਚਾਰ ਚਾਰ ਬੱਚੇ ਜਣੇ ਹੋਏ ਆ ਪਰ ਸਲਿਮ ਉਂਗਲੀ ਵਰਗੀਆਂ ਪਰ ਮੈਨੂੰ ਤਾਂ ਰੋਹਨ ਨੇ ਈ ਢਾਅ ਲਿਆ ਸੀ ਤੇ ਬਾਕੀ ਕੰਮ ਵਿਧੀ ਨੇ ਪੂਰਾ ਕਰ ਦਿਤਾ।"

"ਸਿਆਣੇ ਕਹਿੰਦੇ ਆ ਕਿ ਔਰਤ ਕਿੰਨੀ ਵੀ ਸੋਹਣੀ ਹੋਵੇ ਦੋ ਨਿਆਣਿਆਂ ਤੋਂ ਬਾਅਦ ਟੁੱਟੀ ਹੋਈ ਮਰੂਤੀ ਵਰਗੀ ਹੋ ਜਾਂਦੀ ਐ।"

"ਥੈਂਕਿਊ ਸ਼ਰਮਾ ਜੀ, ਇੰਨੀ ਕੁ ਈ ਇਜ਼ਤ ਐ ਔਰਤ ਦੀ ਤੁਹਾਡੇ ਮਰਦਾਂ ਦੇ ਮਨ ਵਿਚ!"

"ਤੁਹਾਡੀ ਔਰਤਾਂ ਦੀ ਪਰੋਬਲਮ ਇਹ ਐ ਕਿ ਤੁਸੀਂ ਆਦਮੀ ਤੋਂ ਆਸਾਂ ਤਾਂ ਬਹੁਤ ਰੱਖਦੀਆਂ ਪਰ ਦੇਣਾ ਕੁਝ ਨਹੀਂ ਜਾਣਦੀਆਂ।"

"ਆਦਮੀ ਕੀ ਆਸ ਰੱਖਦੈ?"

"ਇਹੋ ਕਿ ਔਰਤ ਪਤਲੀ ਰਹੇ, ਖ਼ੂਬਸੂਰਤ ਰਹੇ ਤਾਂ ਜੋ ਆਦਮੀ ਨੂੰ ਖਾਣ ਪੀਣ ਲਈ ਬਰਫੀ ਮਿਲੇ ਨਾ ਕਿ ਆਹ ਲੋਗੜ...!"

ਵਿਜੈ ਗੱਲਾਂ ਕਰਦਾ ਕਰਦਾ ਉਸ ਦੇ ਮੋਟੇ ਜਿਸਮ 'ਤੇ ਹੱਥ ਫੇਰਨ ਲਗਦਾ ਹੈ। ਸੁਸ਼ਮਾ ਬੋਲਦੀ ਹੈ,

"ਸ਼ਰਮਾ ਜੀ, ਯੂ ਆਰ ਸੋ ਮੀਨ! ਚਲੋ, ਇਹ ਦੱਸੋ ਕਿ ਤੁਹਾਡਾ ਆਪਣੇ ਵਧੇ ਹੋਏ ਢਿਡ ਬਾਰੇ ਕੀ ਖਿਆਲ ਐ?"

"ਮੈਂ ਮਰਦ ਆਂ, ਮਰਦਾਂ ਦੇ ਵਧੇ ਢਿਡ ਸਦਾ-ਬਹਾਰ ਹੁੰਦੇ ਆ, ਔਰਤਾਂ ਦੇ ਢਿਡ ਸਮੇਂ ਸਿਰ ਈ ਵਧਦੇ ਆ, ਜੇ ਕਿਸੇ ਔਰਤ ਦਾ ਹਰ ਵੇਲੇ ਵਧਿਆ ਰਹੇ ਤਾਂ ਉਸ ਔਰਤ ਦੇ ਮਰਦ ਦੀ ਮਾੜੀ ਕਿਸਮਤ! ਜਿਵੇਂ ਕਿ ਮੇਰੀ ਐ।"

ਸੁਸ਼ਮਾ ਹੱਸਦੀ ਹੈ ਤੇ ਸੋਚਣ ਲਗਦੀ ਹੈ ਕਿ ਇਹ ਉਲ੍ਹਾਮਾ ਵੀ ਲਾਹ ਹੀ ਦੇਵੇਗੀ। ਜਲਦੀ ਹੀ ਭਾਰ ਘਟਾ ਕੇ ਦਿਖਾਵੇਗੀ। ਭਾਰ ਘਟਾਉਣ ਦੀ ਗੱਲ ਤੋਂ ਉਸ ਨੂੰ ਭਾਗੀ ਯਾਦ ਆ ਜਾਂਦੀ ਹੈ। ਉਹ ਕਹਿੰਦੀ ਹੈ,

"ਤੁਹਾਡੇ ਪਿੰਡ ਵਾਲੀ ਭਾਗੀ ਆਈ ਸੀ ਅਜ, ਉਹ ਲਗਦੀ ਈ ਨਹੀਂ ਦੋ ਨਿਆਣਿਆਂ ਦੀ ਮਾਂ।"

"ਉਹ ਕੀ ਕਰਨ ਆ ਗਈ?"

"ਅਜ ਤਾਈ ਨਾਲ ਆਈ ਸੀ, ਚੈੱਕ ਕਰਾਉਣ।"

ਗੱਲ ਕਰਦੀ ਸੁਸ਼ਮਾ ਵਿਜੈ ਵਲ ਬਹੁਤ ਤਿਖੀ ਨਜ਼ਰ ਨਾਲ ਦੇਖ ਰਹੀ ਹੈ। ਕਦੇ ਕਦੇ ਵਿਜੈ ਆਪਣੇ ਘਰ ਭਾਗੀ ਦੀਆਂ ਗੱਲਾਂ ਕਰਦਾ ਉਸ ਦੀ ਤਰੀਫ ਕਰਨ ਲਗਦਾ ਹੈ। ਵਿਜੈ ਚੁੱਪ ਰਹਿੰਦਾ ਹੈ। ਉਸ ਨੂੰ ਪਤਾ ਹੈ ਕਿ ਸੁਸ਼ਮਾ ਕੁਝ ਲੱਭ ਰਹੀ ਹੈ। ਉਹ ਕੁਝ ਦੇਰ ਰੁਕ ਕੇ ਆਖਦੀ ਹੈ,

"ਮੈਨੂੰ ਲਗਦੈ ਉਸ ਦਾ ਮੇਨੋਪਾਜ਼ ਸ਼ੁਰੂ ਹੋ ਰਿਹੈ।"

"ਇਹ ਤਾਂ ਮੋਟੀਆਂ ਔਰਤਾਂ ਨੂੰ ਹੁੰਦੈ ਪਰ ਉਹ ਤਾਂ ਇੰਨੀ ਮੋਟੀ ਨਹੀਂ।"

"ਸ਼ਰਮਾ ਜੀ, ਕਿਥੇ ਉਂਗਲ ਰੱਖ ਰਹੇ ਓ, ਮੈਂ ਤਾਂ ਹਾਲੇ ਕਈ ਪੈਡ ਗਿਲੇ ਕਰਦੀ ਆਂ।"

"ਤੂੰ ਮੈਨੂੰ ਕਿਉਂ ਗੰਦੀਆਂ ਜਿਹੀਆਂ ਗੱਲਾਂ ਵਿਚ ਉਲਝਾਈ ਜਾਨੀ ਐਂ?"

"ਨਹੀਂ ਸ਼ਰਮਾ ਜੀ, ਇਥੇ ਕੁਦਰਤ ਦੇ ਨੇੜੇ ਰਹਿਣਾ ਬਹੁਤ ਜ਼ਰੂਰੀ ਐ, ਜਦ ਤਕ ਕੁਦਰਤੀ ਸਭ ਕੁਝ ਠੀਕ ਰਹੇ ਵਧੀਐ, ਭਾਗੀ ਦੀ ਹਾਲੇ ਉਮਰ ਨਹੀਂ।"

"ਪਲੀਜ਼ ਚੁੱਪ, ਉਹ ਸਾਡੇ ਪਿੰਡ ਦੀ ਕੁੜੀ ਐ, ਉਹਦੇ ਬਾਰੇ ਏਦਾਂ ਦੀਆਂ ਗੱਲਾਂ ਨਾ ਕਰ!"

"ਸੌਰੀ ਸ਼ਰਮਾ ਜੀ, ਮੈਂ ਤਾਂ ਸਧਾਰਨ ਗੱਲ ਕੀਤੀ ਸੀ।"

ਕਹਿ ਕੇ ਸੁਸ਼ਮਾ ਚੁੱਪ ਕਰ ਜਾਂਦੀ ਹੈ। ਵਿਜੈ ਨੂੰ ਗੁੱਸਾ ਆ ਰਿਹਾ ਹੈ ਕਿ ਭਾਗੀ ਉਸ ਕੋਲ ਆਈ ਹੀ ਕਿਉਂ। ਅਗਲੀ ਵਾਰ ਭਾਗੀ ਮਿਲਦੀ ਹੈ ਤਾਂ ਆਪ ਹੀ ਦੱਸਣ ਲਗ ਪੈਂਦੀ ਹੈ,

"ਵਿਜੇ, ਮੈਂ ਤਾਂ ਤਾਈ ਨੂੰ ਦਸ ਬੈਠੀ ਕਿ ਮੇਰਾ ਸਿਰ ਭਾਰਾ ਭਾਰਾ ਰਹਿੰਦਾ ਤੇ ਬੱਖੀ ਵਿਚ ਦਰਦ ਹੋਈ ਜਾਂਦਾ ਉਹ ਕਹਿੰਦੀ ਸੁਸ਼ਮਾ ਕੋਲ ਚਲਦੇ ਆਂ ਪਰ ਵਿਜੇ, ਉਹਨੇ ਮੇਰੀ ਬਿਮਾਰੀ ਇਕ ਦਮ ਫੜ ਲਈ ਤੇ ਉਹਦੀ ਦਵਾਈ ਨਾਲ ਮੈਂ ਠੀਕ ਵੀ ਆਂ।"

ਵਿਜੈ ਧਿਆਨ ਨਾਲ ਭਾਗੀ ਵਲ ਦੇਖਦਾ ਹੈ। ਉਹ ਵਾਕਿਆ ਹੀ ਇੰਨੀ ਉਮਰ ਦੀ ਨਹੀਂ ਲਗਦੀ। ਉਸ ਦਾ ਦਿਲ ਕਰਦਾ ਹੈ ਕਿ ਭਾਗੀ ਨੂੰ ਲੈ ਕੇ ਕਿਧਰੇ ਬਾਹਰ ਜਾਵੇ। ਕੱਲ ਉਸ ਨੇ ਲੰਡਨ ਜਾਣਾ ਹੈ ਕਿਉਂ ਨਾ ਭਾਗੀ ਨੂੰ ਨਾਲ ਹੀ ਲੈ ਜਾਵੇ ਪਰ ਫਿਰ ਉਹ ਸੋਚਦਾ ਹੈ ਕਿ ਕੋਈ ਭਾਗੀ ਨਾਲ ਉਸ ਨੂੰ ਇਵੇਂ ਦੇਖ ਲਵੇਗਾ ਤਾਂ ਬਾਤ ਦਾ ਬਤੰਗੜ ਬਣ ਜਾਵੇਗਾ। ਹੁਣ ਤਾਂ ਉਹ ਭਾਗੀ ਦੇ ਘਰ ਚੁੱਪ ਚਾਪ ਜਾ ਬੈਠਦਾ ਹੈ ਤੇ ਕਿਸੇ ਨੂੰ ਪਤਾ ਵੀ ਨਹੀਂ ਚਲਦਾ। ਸਾਰਾ ਵਰਦਿੰਗ ਜਾਣਦਾ ਹੈ ਕਿ ਭਾਗੀ ਉਹਨਾਂ ਦੇ ਪਿੰਡ ਦੀ ਕੁੜੀ ਹੈ ਪਰ ਜੇ ਜ਼ਿਆਦਾ ਖੁਲ੍ਹ ਲਵੇਗਾ ਤਾਂ ਲੋਕ ਗੱਲਾਂ ਵੀ ਬਣਾਉਣਗੇ।

## ਚੌਵੀ

ਹੁਸ਼ਿਆਰ ਦੇ ਵਾਪਸ ਵਰਦਿੰਗ ਆਉਣ ਨਾਲ ਵਿਜੈ ਦੀ ਜ਼ਿੰਦਗੀ ਵਿਚ ਜਿਵੇਂ ਬਹਾਰ ਵਾਪਸ ਆ ਗਈ ਹੋਵੇ। ਉਹ ਕਹਿੰਦਾ ਹੈ,

"ਭਾਅ, ਮੇਰੇ ਚਾਰੇ ਪਾਸੇ ਅਜੀਬ ਜਿਹੀ ਖੁਸ਼ਬੋ ਪਸਰ ਗਈ ਐ। ਤੂੰ ਵਾਪਸ ਨਹੀਂ ਆਇਆ ਮੇਰਾ ਸਭ ਕੁਸ਼ ਵਾਪਸ ਆ ਗਿਐ, ਮੈਂ ਇਕੱਲ ਸੀ ਹੁਣ ਆਪਾਂ ਗਿਆਰਾਂ।"

"ਸ਼ਰਮਿਆਂ ਮੈਂ ਕਿਥੋਂ ਆਉਣਾ ਸੀ ਇਹ ਤਾਂ ਬਰਫੀ ਖਾਣ ਦੀਆਂ ਗੱਲਤੀਆਂ!"

ਹੁਸ਼ਿਆਰ ਵਾਪਸ ਆ ਕੇ ਬਹੁਤਾ ਖੁਸ਼ ਨਹੀਂ ਹੈ ਪਰ ਸੁਨੈਨਾ ਖੁਸ਼ ਹੈ। ਉਹ ਸਭ ਨੂੰ ਭੱਜ ਭੱਜ ਕੇ ਮਿਲ ਰਹੀ ਹੈ। ਉਸ ਨੂੰ ਸੁਸ਼ਮਾ ਦੇ ਸੱਦੇ ਦਾ ਚਾਅ ਵੀ ਹੈ। ਸ਼ਾਇਦ ਉਹ ਕੁਸ਼ ਕਰ ਹੀ ਸਕਦੀ ਹੋਵੇ। ਸ਼ਾਇਦ ਉਹ ਮਾਂ ਬਣ ਸਕਦੀ ਹੋਵੇ। ਹੁਸ਼ਿਆਰ ਨੂੰ ਇਹ ਗੱਲ ਤਾਂ ਹੁਣ ਯਕੀਨੀ ਹੈ ਕਿ ਉਸ ਵਿਚ ਨੁਕਸ ਨਹੀਂ ਹੈ ਪਰ ਉਸ ਨੂੰ ਸੁਸ਼ਮਾ 'ਤੇ ਇੰਨਾ ਭਰੋਸਾ ਨਹੀਂ ਹੈ। ਉਸ ਨੂੰ ਇਹ ਜ਼ਰੂਰ ਹੈ ਕਿ ਸਾਇੰਸ ਨੇ ਕੁਝ ਹੋਰ ਲੱਭਤਾਂ ਲੱਭੀਆਂ ਹਨ ਜਿਸ ਕਰਕੇ ਸ਼ਾਇਦ ਕੁਝ ਹੋ ਸਕੇ। ਉਹ ਸੁਨੈਨਾ ਦਾ ਪਰਾਈਵੇਟ ਇਲਾਜ ਕਰਾਉਣ ਦੀ ਤਿਆਰੀ ਕਰ ਕੇ ਆਇਆ ਹੈ। ਸਰਕਾਰੀ ਇਲਾਜ ਦੀਆਂ ਆਪਣੀਆਂ ਸੰਭਾਵਨਾਵਾਂ ਹਨ। ਹੁਸ਼ਿਆਰ ਨੇ ਮੁੜ ਕੇ ਆਪਣਾ ਟੈਕਸੀ ਦਾ ਕੰਮ ਸ਼ੁਰੂ ਕਰ ਲੈਂਦਾ ਹੈ। ਹੁਸ਼ਿਆਰ ਨੂੰ ਇਹ ਗੱਲ ਬਹੁਤ ਚੰਗੀ ਲਗਦੀ ਹੈ ਕਿ ਵਿਜੈ ਨੇ ਉਸ ਦੇ ਘਰ ਦੀ ਸਹੀ ਦੇਖ ਭਾਲ ਕੀਤੀ ਹੈ। ਉਸ ਦੇ ਘਰੋਂ ਜਾਂਦਾ ਹੋਇਆ ਵਿਜੈ ਨਵਾਂ ਪੇਪਰ-ਪੇਂਟ ਕਰਵਾ ਦਿੰਦਾ ਹੈ।

ਵਿਜੈ ਦਾ ਆਪਣਾ ਘਰ ਹੁਸ਼ਿਆਰ ਦੇ ਘਰ ਜਿੱਡਾ ਹੀ ਹੈ। ਟੈਰਿੰਗ ਰੋਡ ਉਪਰ। ਉਸ ਨੇ ਘਰ ਅਜਿਹੀ ਜਗਾਹ ਖਰੀਦਿਆ ਹੈ ਕਿ ਸੁਸ਼ਮਾ ਨੂੰ ਮਿਲਣ ਆਉਣ ਵਾਲੀਆਂ ਔਰਤਾਂ ਨੂੰ ਸੌਖ ਰਹੇ। ਟੈਰਿੰਡ ਰੋਡ ਮੁਖ ਰੋਡ ਹੈ ਤੇ ਬੱਸ ਸਟੌਪ ਵੀ ਘਰ ਦੇ ਨਜ਼ਦੀਕ ਹੀ ਹੈ। ਚੈਸਵੁੱਡ ਰੋਡ ਵਾਲਾ ਹੁਸ਼ਿਆਰ ਦਾ ਘਰ ਕਈ ਲੋਕਾਂ ਨੂੰ ਬਹੁਤ ਮੁਸ਼ਕਲ ਨਾਲ ਲੱਭਦਾ ਹੁੰਦਾ। ਵਿਜੈ ਜਾਣ ਬੁਝ ਕੇ ਖੂੰਜੇ ਵਾਲਾ ਘਰ ਚੁਣਦਾ ਹੈ ਕਿਉਂਕਿ ਇਸ ਨਾਲ ਕਾਫੀ ਜਗਾਹ ਹੈ ਤੇ ਜਦ ਕਦੇ ਪੈਸਿਆਂ ਦੀ ਗੁੰਜ਼ਾਇਸ਼ ਹੋਈ ਤਾਂ ਇਥੇ ਸੁਸ਼ਮਾ ਲਈ ਅਲੱਗ ਕਮਰਾ ਬਣਾ ਦੇਵੇਗਾ। ਸੁਸ਼ਮਾ ਕਈ ਵਾਰ ਹਾਈ ਸਟਰੀਟ ਤੇ ਦੁਕਾਨ ਲੈਣ ਦੀਆਂ ਗੱਲਾਂ ਕਰਨ ਲਗਦੀ ਹੈ। ਵਿਜੈ ਨੂੰ ਪਤਾ ਹੈ ਕਿ ਹਾਈ ਸਟਰੀਟ ਦੀ ਦੁਕਾਨ ਦੇ ਉਪਰਲੇ ਖਰਚ ਬਹੁਤ ਵਧ ਜਾਣੇ ਹਨ। ਉਹ ਹੁਸ਼ਿਆਰ ਦੇ ਘਰ ਵਾਂਗ ਹੀ ਮੁਹਰਲੀ ਬੈਠਕ ਨੂੰ ਕਲਿਨਿਕ ਬਣਾ ਲੈਂਦੇ ਹਨ। ਹੁਣ ਆਪਣਾ ਘਰ ਹੋਣ ਕਰਕੇ ਕੁਝ ਖੁੱਲ੍ਹਾਂ ਵੀ ਲੈ ਲੈਂਦੇ ਹਨ ਜਿਵੇਂ ਕਿ ਕੰਧਾਂ ਨਾਲ ਸ਼ੈਲਫਾਂ ਟੰਗ ਦਿੰਦੇ ਹਨ। ਕੁਝ ਕੁ ਇਸ਼ਤਿਹਾਰ ਜਿਹੇ ਵੀ ਲਾ ਦਿੰਦੇ ਹਨ। ਛੱਤ ਨਾਲ ਹੁੱਕਾਂ ਗੱਡ ਕੇ ਮਰੀਜ਼ ਨੂੰ ਚੈਕ ਕਰਨ ਵਾਲੀ ਕੈਬਨ ਬਣਾ ਦਿੰਦੇ ਹਨ।

ਉਹਨਾਂ ਦੋਨਾਂ ਨੇ ਘਰ ਦੇ ਕੰਮਾਂ ਨੂੰ ਇਕ ਕਿਸਮ ਨਾਲ ਵੰਡ ਜਿਹਾ ਲਿਆ ਹੈ। ਵਿਜੈ ਸਵੇਰੇ ਹੀ ਆਪਣੇ ਕੰਮ ਲਈ ਨਿਕਲ ਜਾਂਦਾ ਹੈ। ਇਸ ਲਈ ਬੱਚਿਆਂ ਨੂੰ ਸਕੂਲ ਛੱਡਣ ਲਿਆਉਣ ਦੀ ਜ਼ਿੰਮੇਵਾਰੀ ਸੁਸ਼ਮਾ ਦੀ ਹੈ। ਜਦ ਵਿਜੈ ਵਾਪਸ ਘਰ ਆ ਜਾਂਦਾ ਹੈ ਤਾਂ ਬੱਚੇ ਉਹ ਸੰਭਾਲ ਲੈਂਦਾ ਹੈ ਇਵੇਂ ਹੀ ਛੁੱਟੀ ਵਾਲੇ ਦਿਨ ਵੀ ਨਿਆਣਿਆਂ ਦੀ ਦੇਖਭਾਲ ਉਹੀ ਕਰਦਾ ਹੈ। ਉਹਨਾਂ ਲਈ ਦੇਸੀ ਤਰੀਕੇ ਨਾਲ ਮੀਟ ਵੀ ਬਣਾਉਂਦਾ ਹੈ। ਵੈਸੇ ਉਹਨਾਂ ਦੇ ਘਰ ਮੀਟ ਘਟ ਬਣਦਾ ਹੈ ਜੇ ਬਣਾਉਣਾ ਵੀ ਹੋਵੇ ਤਾਂ ਉਹ ਆਪ ਹੀ ਬਣਾਇਆ ਕਰਦਾ ਹੈ। ਛੁੱਟੀ ਵਾਲੇ ਦਿਨ ਉਸ ਨੇ ਕਿਤੇ ਵੀ ਜਾਣਾ ਹੋਵੇ ਉਹ ਬੱਚਿਆਂ ਨੂੰ ਨਾਲ ਲੈ ਜਾਂਦਾ ਹੈ। ਤਾਏ ਵਲ ਜਾਣਾ ਹੋਵੇ ਜਾਂ ਮੰਦਿਰ। ਤਾਏ ਦੀ ਸਿਹਤ ਹਾਲੇ ਵਧੀਆ ਹੈ ਪਰ ਤਾਈ ਬਹੁਤ ਰਹਿ ਗਈ ਹੈ। ਤਾਇਆ ਦੀਪਕ ਨੂੰ ਮਜ਼ਾਕ ਵਿਚ ਦੀਮਕ ਆਖਦਾ ਹੈ ਤੇ ਕਹਿੰਦਾ ਹੈ ਕਿ ਨਿਰਮਲਾ ਦੀ ਸਿਹਤ ਨੂੰ ਦੀਮਕ ਲਗ ਗਿਆ ਹੈ। ਦੀਪਕ ਮੁੜ ਕਦੇ ਘਰ ਨਹੀਂ ਆਉਂਦਾ। ਲੰਡਨ ਹੀ ਕਿਧਰੇ ਰਹਿੰਦਾ ਹੈ। ਜੇ ਆਉਂਦਾ ਤਾਂ ਤਾਏ ਨੇ ਵੜਨ ਵੀ ਨਹੀਂ ਦੇਣਾਂ। ਤਾਏ ਨੇ ਵੌਲਸ ਰੋਡ ਵਾਲਾ ਘਰ ਜੋ ਕਿਰਾਏ ਕਿਰਾਏ ਤੇ ਦਿਤਾ ਹੋਇਆ ਸੀ ਵੇਚ ਦਿਤਾ ਹੈ। ਉਹ ਸੋਚਦਾ ਹੈ ਕਿ ਬਹੁਤ ਕਰ ਲਿਆ। ਕਦੇ ਕਦੇ ਉਸ ਦਾ ਦਿਲ ਕਰਦਾ ਹੈ ਕਿ ਪਿੰਡ ਜਾ ਕੇ ਰਹੇ ਪਰ ਫਿਰ ਸੋਚਣ ਲਗਦਾ ਹੈ ਕਿ ਪਿੰਡ ਵਿਚ ਉਸ ਦਾ ਹੈ ਹੀ ਕੌਣ। ਅਸ਼ੋਕ ਦਿੱਲੀ ਜਾ ਕੇ ਵਸ ਗਿਆ ਹੈ। ਉਹ ਇਕੱਲਾ ਪਿੰਡ ਵਿਚ ਕੀ ਕਰੇਗਾ। ਕਦੇ ਕਦੇ ਤਾਏ ਨੂੰ ਦੀਪਕ ਦੀ ਯਾਦ ਆਉਂਦੀ ਹੈ ਪਰ ਉਸ ਕੋਲ ਦੀਪਕ ਲਈ ਮੁਆਫੀ ਨਹੀਂ ਹੈ। ਵੈਸੇ ਤਾਂ ਵਿਜੈ ਦੀ ਹੋਂਦ ਦੀਪਕ ਦੀ ਜਗਾਹ ਪੂਰੀ ਤਰ੍ਹਾਂ ਭਰੀ ਜਾਂਦੀ ਹੈ ਪਰ ਤਾਈ ਲਈ ਇਹ ਕਾਫੀ ਨਹੀਂ। ਉਹ ਕਈ ਵਾਰ ਰਾਤ ਨੂੰ ਉਠ ਕੇ ਬਹਿ ਜਾਂਦੀ ਹੈ ਕਿ ਪਤਾ ਨਹੀਂ ਦੀਪਕ ਕਿਹੜੇ ਹਾਲ ਵਿਚ ਹੋਵੇਗਾ। ਵਿਜੈ ਵੀ ਤਾਈ ਵਲ ਦੇਖਕੇ ਉਦਾਸ ਹੋ ਜਾਂਦਾ ਹੈ ਪਰ ਉਹ ਬਹੁਤਾ ਕੁਝ ਕਰ ਨਹੀਂ ਸਕਦਾ। ਦੀਪਕ ਦਾ ਇਹਨਾਂ ਵਲ ਰਵੱਈਆ ਠੀਕ ਹੁੰਦਾ ਤਾਂ ਉਹ ਦੀਪਕ ਨੂੰ ਵਾਪਸ ਲੱਭ ਲਿਆਉਂਦਾ। ਕਈ ਵਾਰ ਤਾਈ ਤਾਏ ਨੂੰ ਕਹਿਣ ਲਗਦੀ ਹੈ,

"ਜੀ, ਪਤਾ ਨਹੀਂ ਮੈਂ ਕਿਹੜੇ ਵੇਲੇ ਮਰ ਜਾਣਾਂ, ਇਕ ਵਾਰ ਉਸ ਕਮਲ਼ੇ ਨੂੰ ਮਿਲਾ ਤਾਂ ਦਿਓ।"

"ਮੈਨੂੰ ਹੁਣ ਕੀ ਪਤਾ ਉਹ ਕਿਥੇ ਆ।"

"ਵਿਜੇ ਨੂੰ ਕਹੋ ਕਿ ਲੱਭ ਲਿਆਵੇ।"

"ਏਦਾਂ ਕਰ ਜਿਥੇ ਵੀ ਹੈਗਾ ਤੂੰ ਹੀ ਜਾ ਕੇ ਉਹਦੇ ਕੋਲ ਹਫਤਾ ਖੰਡ ਲਾਏਆ।"

ਇਕ ਦਿਨ ਤਾਇਆ ਵਿਜੈ ਨੂੰ ਆਖਣ ਲਗਦਾ ਹੈ,

"ਜੇ ਕਿਤੇ ਦੀਪਕ ਮਿਲਦਾ ਤਾਂ ਆਪਣੀ ਤਾਈ ਨੂੰ ਮਿਲਾ ਦੇ ਪਰ ਘਰ ਨਹੀਂ ਲਿਆਉਣਾ।"

"ਉਹ ਤਾਂ ਠੀਕ ਐ ਪਰ ਪਤਾ ਨਹੀਂ ਉਹ ਹੋਏਗਾ ਕਿਥੇ?"

"ਵਿਜੇ, ਮੈਂ ਇਕ ਗੱਲ ਹੋਰ ਸੋਚਦਾਂ ਕਿ ਤੇਰੀ ਤਾਈ ਨੂੰ ਉਹਦੇ ਗਮ ਨੇ ਖਾ ਲਿਆ, ਜੇ ਆਪਾਂ ਏਦਾਂ ਕਰੀਏ ਕਿ ਇਕ ਘਰ ਉਹਨੂੰ ਅਲੱਗ ਲੈ ਦੇਈਏ ਜਿਥੇ ਤੇਰੀ ਤਾਈ ਉਹਦੇ ਨਾਲ ਰਹੀ ਜਾਵੇ, ਮੈਨੂੰ ਕੋਈ ਫਰਕ ਨਹੀਂ, ਮੈਂ ਇਕੱਲਾ ਰਹਿ ਲਊਂ।"

"ਦੇਖ ਲੈ ਤਾਇਆ, ਜਿੱਦਾਂ ਤੂੰ ਸੋਚਦਾਂ ਠੀਕ ਈ ਐ।"

"ਤੂੰ ਉਹਦਾ ਖੁਰਾ ਖੋਜ ਕੱਢ ਤੇ ਮੇਰੇ ਤੋਂ ਬਿਨਾਂ ਬਿਨਾਂ ਇਹ ਕਰ ਕੇ ਦੇਖ, ਮੈਂ ਚਾਹੁੰਨਾ ਕਿ ਤੇਰੀ ਤਾਈ ਦਿਲ ਦੀ ਮਰੀਜ਼ ਆ, ਕਿਤੇ ਜਾਹ ਜਾਂਦੀ ਹੋ ਗਈ ਤਾਂ ਇਹਦੀਆਂ ਬਹੁਤ ਸਾਰੀਆਂ ਹਸਰਤਾਂ ਵਿਚੇ ਰਹਿ ਜਾਣਗੀਆਂ।"

"ਮੈਂ ਦੇਖਦਾਂ, ਇਕ ਉਹਦੀ ਪੁਰਾਣੀ ਵਾਕਫ ਕੁੜੀ ਐ, ਅਵਾਰਾ ਜਿਹੀ, ਬੀਚ ਤੇ ਫਿਰਦੀ ਰਹਿੰਦੀ ਐ, ਉਹਨੂੰ ਪੁੱਛਦਾਂ ਸ਼ਾਇਦ ਉਹਨੂੰ ਪਤਾ ਹੋਵੇ ਜਾਂ ਫਿਰ ਮਲਕੀਤੇ ਦੇ ਚਾਚੇ ਦਾ ਮੁੰਡਾ ਵੀ ਉਹਦੇ ਗਰੁੱਪ ਵਿਚ ਹੁੰਦਾ ਸੀ, ਪਤਾ ਕਰਦਾਂ।"

ਹੌਲੀ ਹੌਲੀ ਵਿਜੈ ਦੀਪਕ ਦੀ ਪੈੜ ਨੱਪਦਾ ਨੱਪਦਾ ਉਸ ਦਾ ਫੋਨ ਨੰਬਰ ਲੱਭ ਲੈਂਦਾ ਹੈ। ਉਸ ਨੂੰ ਫੋਨ ਕਰਦਾ ਹੈ। ਦੀਪਕ ਅਗੋਂ ਆਖਦਾ ਹੈ,

"ਵੌਟ'ਸ ਦਾ ਪਰੋਬਲਮ?"

"ਤੂੰ ਮੇਰਾ ਭਰਾ ਐਂ, ਫੋਨ ਨਹੀਂ ਕਰ ਸਕਦਾ!"

"ਵੌਟ ਬਰੱਦਰ! ਯੂ ਬੀਟ ਮੀ ਅੱਪ, ਰਿਮੈਂਬਰ?"

"ਤੂੰ ਆਪਣੇ ਡੈਡ ਤੇ ਹੱਥ ਚੁੱਕਿਆ ਸੀ, ਰਿਮੈਂਬਰ?"

"ਆਏ ਵਿਲ ਡੂ ਅਗੇਨ।"

"ਆਏ ਵਿਲ ਬੀਟ ਯੂ ਅਗੇਨ, ਸਿੰਪਲ!"

"ਫੱਕ ਔਫ!"

ਕਹਿ ਕੇ ਦੀਪਕ ਫੋਨ ਰੱਖ ਦਿੰਦਾ ਹੈ। ਵਿਜੈ ਮੁੜ ਫੋਨ ਕਰਦਾ ਹੈ। ਦੀਪਕ ਬਹੁਤ ਖਿਝ ਵਿਚ ਬੋਲਦਾ ਹੈ। ਵਿਜੈ ਉਸ ਨੂੰ ਸ਼ਾਂਤ ਕਰਾਉਂਦਾ ਕਹਿੰਦਾ ਹੈ,

"ਤੂੰ ਮੇਰੀ ਗੱਲ ਤਾਂ ਸੁਣ ਲੈ।"

"ਕੁਇਕਲੀ, ਆਏ'ਮ ਬੀਜ਼ੀ।"

"ਤਾਇਆ ਕਹਿੰਦਾ ਕਿ ਤੈਨੂੰ ਘਰ ਲੈ ਦਿੰਨੇ ਆਂ, ਤੂੰ ਅਲੱਗ ਰਹਿ ਲੈ ਪਰ ਇਥੇ ਆ ਜਾ।"

"ਨਹੀਂ ਮੇਰੀ ਜੋਬ ਇਥੇ ਆ, ਮੇਰੇ ਮੇਟ ਇਥੇ ਆ।"

"ਜੌਬ ਤੂੰ ਮੈਨੇਜਰ ਲਗਿਆਂ!"

"ਆਏ'ਮ ਮਕੈਨਿਕ।"

"ਜੌਬ ਤੈਨੂੰ ਇਥੇ ਵੀ ਮਿਲ ਜਾਣੀ ਆਂ, ਤੇਰੇ ਮੇਟ ਇਥੇ ਵੀ ਹੈਗੇ।"

"ਆਸਕ ਹਿਮ, ਇਫ ਹੀ ਰੀਅਲੀ ਵਾਂਟ ਟੂ ਬਾਈ, ਬਾਈ ਮੀ ਏ ਗੈਰਿਜ ਇਨ ਲੰਡਨ।"

"ਚਲ ਪਹਿਲਾਂ ਆਪਣੀ ਮੰਮੀ ਨੂੰ ਤਾਂ ਮਿਲ ਲੈ, ਆਪਣਾ ਐਡਰਸ ਦੇ ਮੈਂ ਓਥੇ ਭੇਜ ਦਿੰਨਾਂ।"

"ਨੋ, ਨੋਟ ਹੇਅਰ।"

"ਦੈੱਨ ਵੇਅਰ?"

"ਆਏ ਵਿਲ ਲੈੱਟ ਯੂ ਨੋ।"

ਵਿਜੈ ਨੂੰ ਖੁਸ਼ੀ ਹੈ ਕਿ ਦੀਪਕ ਨਾਲ ਮੁੜ ਕੇ ਗੱਲ ਹੋਈ ਤਾਂ। ਉਹ ਚਾਹੁੰਦਾ ਕਿ ਦੀਪਕ ਕਿਸੇ ਤਰ੍ਹਾਂ ਸਿਧੇ ਰਾਹ ਆ ਜਾਵੇ। ਹੁਣ ਤਕ ਤਾਂ ਉਸ ਨੇ ਬਹੁਤ ਕੁਝ ਦੇਖ ਲਿਆ ਹੋਵੇਗਾ। ਹੁਣ ਪਹਿਲਾਂ ਵਾਲੀ ਉਮਰ ਵੀ ਨਹੀਂ ਰਹੀ, ਹੁਣ ਉਸ ਨੂੰ ਬਦਲ ਜਾਣਾ ਚਾਹੀਦਾ ਹੈ। ਉਹ ਦੀਪਕ ਨੂੰ ਫੋਨ ਕਰਦਾ ਰਹਿੰਦਾ ਹੈ। ਉਹ ਈਸਟ ਲੰਡਨ ਵਿਚ ਰਹਿੰਦਾ ਹੈ। ਵਿਜੈ ਇਕ ਦਿਨ ਉਸ ਨੂੰ ਮਿਲਣ ਵੀ ਚਲੇ ਜਾਂਦਾ ਹੈ। ਦੀਪਕ ਉਸ ਨੂੰ ਚਾਅ ਨਾਲ ਮਿਲਦਾ ਹੈ। ਆਪਣੀ ਰਿਹਾਇਸ਼ ਤੇ ਲੈ ਜਾਂਦਾ ਹੈ। ਗੰਦਾ ਜਿਹਾ ਫਲੈਟ ਹੈ ਜਿਥੇ ਦੀਪਕ ਰਹਿ ਰਿਹਾ ਹੈ। ਉਸ ਨਾਲ ਇਕ ਗੋਰੀ ਵੀ ਰਹਿ ਰਹੀ ਹੈ ਜੋ ਦੇਖਣ ਨੂੰ ਅਲਕੋਹਲਕ ਜਿਹੀ ਲਗਦੀ ਹੈ। ਘਰ ਵਿਚੋਂ ਆਉਂਦੀ ਡਰੱਗ ਦੀ ਸੁੰਘ ਨੂੰ ਦੇਖ ਉਹ ਦੀਪਕ ਨੂੰ ਆਖਦਾ ਹੈ,

"ਮਾੜੀ ਆਦਤ ਹਾਲੇ ਛੱਡੀ ਨਹੀਂ।"

"ਇਟ ਵਿਲ ਗੋ ਵਿਦ ਮੀ।"

"ਮੈਂ ਤਾ ਤਾਈ ਨੂੰ ਨਾਲ ਲੈ ਕੇ ਆਉਣ ਲਗਾ ਸੀ ਪਰ ਉਹ ਇਥੇ ਕਿੱਦਾਂ ਆਉਂਦੀ!"

"ਦੈਟ'ਸ ਵਾਏ ਆਏ ਟੋਲਡ ਯੂ ਡੌਂਟ ਬਰਿੰਗ ਹਰ।"

"ਸੋ ਵੈਨ ਆਰ ਯੂ ਕਮਿੰਗ ਟੂ ਵਰਦਿੰਗ?"

"ਆਏ ਡੌਂਟ ਵੌਂਟਾ ਸੀ ਮਾਈ ਓਲਡ ਮੈਨ।"

"ਮੈਂ ਘਰ ਲੈ ਲਿਆ, ਤੂੰ ਮੇਰੇ ਘਰ ਆ ਜਾ, ਜਿੰਨੇ ਦਿਨ ਤੇਰਾ ਦਿਲ ਕਰਦਾ ਰਹਿ, ਤਾਈ ਨੂੰ ਓਥੇ ਈ ਸੱਦ ਲਵਾਂਗੇ।"

"ਟੈੱਲ ਹਿਮ ਟੂ ਗਿਵ ਮੀ ਮਨੀ, ਆਏ ਵਿਲ ਬਾਏ ਏ ਗੈਰਾਜ।"

"ਹੀ'ਜ਼ ਰੈਡੀ ਟੂ ਬਾਈ ਏ ਹਾਊਸ।"

ਵਿਜੈ ਦੱਸਦਾ ਹੈ। ਦੀਪਕ ਮੋਢ੍ਹੇ ਜਿਹੇ ਮਾਰ ਕੇ ਗੱਲ ਟਾਲ ਦਿੰਦਾ ਹੈ। ਵਿਜੈ ਘੰਟਾ ਕੁ ਉਸ ਕੋਲ ਠਹਿਰਦਾ ਹੈ। ਉਸ ਕੋਲੋਂ ਤੁਰਨ ਵੇਲੇ ਉਹ ਪੁੱਛਦਾ ਹੈ,

"ਦੀਪਕ, ਯੂ ਨੀਡ ਐਨੀ ਮਨੀ?"

"ਹੂ ਵਿਲ ਸੇ ਨੋਅ!"

ਦੀਪਕ ਹੱਸਦਾ ਹੋਇਆ ਬੋਲਦਾ ਹੈ। ਵਿਜੈ ਉਸ ਨੂੰ ਸੌ ਪੌਂਡ ਦਿੰਦਾ ਫਿਰ ਪੁੱਛਦਾ ਹੈ,

"ਤੇਰੀ ਜੌਬ ਕਿੱਦਾਂ?"

"ਇਟ'ਸ ਓਕੇ।"

ਕੁਝ ਦਿਨਾਂ ਬਾਅਦ ਦੀਪਕ ਵਰਦਿੰਗ ਆਉਂਦਾ ਹੈ। ਵਿਜੈ ਦੇ ਘਰ ਠਹਿਰਦਾ ਹੈ। ਵਿਜੈ ਤਾਈ ਨੂੰ ਆਪਣੇ ਘਰ ਲੈ ਆਉਂਦਾ ਹੈ। ਤਾਈ ਆਖਦੀ ਹੈ,

"ਦੀਪਕ, ਪੁੱਤ ਚਲ ਘਰ ਚਲ, ਆਪਣੇ ਡੈਡੀ ਨੂੰ ਸੌਰੀ ਕਹਿ ਦੇ, ਉਹਦਾ ਗੁੱਸਾ ਠੀਕ ਹੋ ਜਾਣਾਂ।"

"ਮੰਮੀ, ਤੂੰ ਜੋਕ ਕਰਦੀ ਆਂ! ਮੈਂ ਕਿਉਂ ਸੌਰੀ ਸੇਅ ਕਰਾਂ, ਉਹ ਮੈਨੂੰ ਮਨੀ ਨਹੀਂ ਦਿੰਦਾ।"

"ਤੂੰ ਇਥੇ ਆ ਜਾ, ਤੈਨੂੰ ਘਰ ਲੈ ਦਿੰਨੇ ਆਂ।"

"ਮਨੀ ਮੇਰੇ ਹੈਂਡ ਤੇ ਦੇਵੋ, ਮੇਰੀ ਮਰਜ਼ੀ ਮੈਂ ਕੀ ਕਰਨਾ ਮੰਗਦਾਂ।"

ਗੱਲ ਉਥੇ ਦੀ ਉਥੇ ਹੀ ਰਹਿ ਜਾਂਦੀ ਹੈ। ਸਭ ਨੂੰ ਇੰਨੀ ਕੁ ਤਸੱਲੀ ਜ਼ਰੂਰ ਹੈ ਕਿ ਦੀਪਕ ਆਇਆ ਤਾਂ ਸਹੀ। ਤਾਈ ਜਾ ਕੇ ਤਾਏ ਨੂੰ ਸਾਰੀ ਗੱਲ ਦਸਦੀ ਹੈ। ਤਾਇਆ ਆਖਣ ਲਗਦਾ ਹੈ,

"ਇਹਨੇ ਨਹੀਂ ਸੁਧਰਨਾ। ਹੱਥ ਤੇ ਪੈਸੇ ਉਹਨੂੰ ਮੇਰੇ ਤੋਂ ਬਾਅਦ ਈ ਮਿਲਣਗੇ।"

ਵਿਜੈ ਸੋਚਦਾ ਹੈ ਕਿ ਦੀਪਕ ਬਹੁਤ ਦੂਰ ਨਿਕਲ ਗਿਆ ਹੈ ਪਰ ਉਸ ਨਾਲ ਰਾਬਤਾ ਜਿਹਾ ਬਣਿਆਂ ਰਹਿਣਾ ਚਾਹੀਦਾ ਹੈ ਤਾਂ ਜੋ ਉਸ ਨੇ ਵਾਪਸ ਮੁੜਨਾ ਹੋਵੇ ਤਾਂ ਉਸ ਨੂੰ ਔਖਾ ਨਾ ਲਗੇ। ਵਿਜੈ ਨੂੰ ਪਤਾ ਹੈ ਕਿ ਦੀਪਕ ਦਾ ਤਾਏ ਨਾਲ ਰਹਿਣਾ ਹੁਣ ਬਹੁਤ ਮੁਸ਼ਕਲ ਹੈ। ਤਾਏ ਵਲ ਜਾਂਦਾ ਹੈ ਤਾਂ ਇਕ ਵਾਰੀ ਦੀਪਕ ਦੀ ਗੱਲ ਕਰਕੇ ਉਹ ਚੁੱਪ ਕਰ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਦੀਪਕ ਤਾਏ ਦੀ ਦੁਖਦੀ ਰਗ ਹੈ ਇਸ ਲਈ ਉਹ ਇਸ ਨੂੰ ਛੇੜਦਾ ਹੀ ਨਹੀਂ।...

ਸੁਸ਼ਮਾ ਦਾ ਸਿਰ ਜਦ ਦੁਖਣ ਲਗਦਾ ਹੈ ਤਾਂ ਇਵੇਂ ਜਾਪਦਾ ਹੈ ਜਿਵੇਂ ਜਿਵੇਂ ਇਸ ਨੇ ਫਟ ਜਾਣਾ ਹੋਵੇ। ਵਿਜੈ ਦੇਖ ਸਕਦਾ ਹੈ ਕਿ ਉਹ ਕਿੰਨੇ ਦਰਦ ਵਿਚ ਹੈ। ਉਹ ਖਿਝਦਾ ਹੋਇਆ ਆਖਦਾ ਹੈ,

"ਚਲ ਮੇਰੇ ਨਾਲ, ਜਾ ਕੇ ਐਕਸਰੇ ਕਰਾਈਏ, ਸ਼ਾਇਦ ਐਕਸਰੇ ਵਿਚ ਕੁਝ ਆ ਜਾਵੇ।"

"ਨਹੀਂ ਸ਼ਰਮਾ ਜੀ, ਮੇਰੇ ਕੋਲ ਇਹਦੀ ਦਵਾਈ ਹੈ ਵੇ।"

"ਐਵੇਂ ਜ਼ਿਦ ਨਾ ਕਰ, ਮੈਂ ਮੰਨ ਲੈਨਾਂ ਕਿ ਤੂੰ ਵਧੀਆ ਡਾਕਟਰ ਏਂ ਪਰ ਹਰ ਬਿਮਾਰੀ ਦਾ ਇਲਾਜ ਅਯੂਰਵੈਦਿਕ ਵਿਚ ਨਹੀਂ, ਘੱਟੋ ਘੱਟ ਤੇਰੇ ਸਿਰ ਦਰਦ ਦਾ।"

"ਸ਼ਰਮਾ ਜੀ, ਇਕ ਵਾਰ ਮੈਨੂੰ ਸੁਨੈਨਾ ਦੀਦੀ ਉਪਰ ਆਪਣੀ ਦਵਾਈ ਟਰਾਈ ਕਰ ਲੈਣ ਦਿਓ, ਫਿਰ ਦੇਖਾਂਗੀ ਕਿ ਕੀ ਕਰਨੈ।"

ਸੁਸ਼ਮਾ ਸੁਨੈਨਾ ਉਪਰ ਆਪਣੀ ਕਿਸੇ ਦਵਾਈ ਨੂੰ ਅਜਮਾਉਣ ਜਾ ਰਹੀ ਹੈ। ਵਿਜੈ ਇਸ ਬਾਰੇ ਬਹੁਤ ਉਤਸੁਕਤ ਹੈ, ਵਿਜੈ ਤੋਂ ਜ਼ਿਆਦਾ ਹੁਸ਼ਿਆਰ ਤੇ ਸੁਨੈਨਾ ਵੀ। ਸੁਸ਼ਮਾ ਨੂੰ ਹੈ ਕਿ ਜੇਕਰ ਉਹ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਦੀ ਪਰੈਕਟਿਸ ਨੂੰ ਬਹੁਤ ਫਾਇਦਾ ਹੋ ਜਾਵੇਗਾ। ਉਹ ਇਕ ਖਾਸ ਦਵਾਈ ਲਿਆਈ ਹੈ। ਇਹ ਦਵਾਈ ਔਰਤ ਨੂੰ ਗਰਭ ਧਾਰਨ ਕਰਨ ਵਿਚ ਸਹਾਈ ਹੁੰਦੀ ਹੈ। ਇਹ ਦਵਾਈ ਸੁਨੈਨਾ ਮਾਂਹਵਾਰੀ ਤੋਂ ਇਕ ਹਫਤਾ ਪਹਿਲਾਂ ਖਾਣੀ ਸ਼ੁਰੂ ਕਰੇਗੀ। ਮਾਂਹਵਾਰੀ ਖਤਮ ਹੋਣ ਤੋਂ ਬਾਅਦ ਸੁਨੈਨਾ ਤੇ ਹੁਸ਼ਿਆਰ ਲਗਾਤਾਰ ਕੁਝ ਦਿਨਾਂ ਲਈ ਸਹਿਵਾਸ ਕਰਨਗੇ। ਸਹਿਵਾਸ ਤੋਂ ਇਕ ਦਮ ਬਾਅਦ ਸੁਸ਼ਮਾ ਸੁਨੈਨਾ ਤੋਂ ਖਾਸ ਕਿਸਮ ਦੀ ਵਰਜਿਸ਼ ਕਰਵਾਏਗੀ। ਵਿਜੈ ਆਖਦਾ ਹੈ,

"ਇਹ ਤਾਂ ਬਹੁਤ ਬੇਸ਼ਰਮੀ ਜਿਹੀ ਵਾਲ਼ੀ ਗੱਲ ਹੋਏਗੀ।"

"ਇਹ ਤਾਂ ਹੈ ਪਰ ਸ਼ਰਮਾ ਜੀ ਮੈਂ ਡਾਕਟਰ ਆਂ, ਮੈਨੂੰ ਲਗਦੈ ਕਿ ਸ਼ਾਇਦ ਗੱਲ ਬਣ ਜਾਵੇ।"

ਹੁਸ਼ਿਆਰ ਵਿਜੈ ਨੂੰ ਆਖਦਾ ਹੈ,
"ਇਹ ਯਾਰ ਸੁਸ਼ਮਾ ਕੀ ਕਰਨ ਡਹੀ ਐ?"
"ਭਾਅ, ਟਰਾਈ ਕਰਨ ਵਿਚ ਕੀ ਜਾਂਦੈ।"
"ਬਹੁਤ ਸੰਗ ਆਉਂਦੀ ਆ ਯਾਰ, ਮੈਂ ਤਾਂ ਇਹ ਸਭ ਬੋਤਲ ਪੀ ਕੇ ਈ ਕਰ ਸਕਦਾਂ।"
"ਨਾ ਭਾਅ, ਸ਼ੁਕਰਾਣੂੰ ਸੁਸਤ ਹੋ ਜਾਣਗੇ, ਇਹਨਾਂ ਨੂੰ ਰਾਹ ਨਹੀਂ ਲੱਭਣਾ।"
"ਦੇਖ, ਜਿਥੇ ਰਾਹ ਲਭਿਆ ਸੀ ਇਹਨਾਂ ਸਾਲ਼ਿਆਂ ਨੇ ਸ਼ਰਾਬੀ ਹੋਇਆਂ ਨੇ ਈ ਲੱਭਿਆ ਸੀ।"
ਹੁਸ਼ਿਆਰ ਕਹਿ ਕੇ ਉਚੀ ਸਾਰੀ ਹੱਸਦਾ ਹੈ ਤੇ ਵਿਜੈ ਵੀ ਉਸ ਦਾ ਸਾਥ ਦਿੰਦਾ ਹੈ।

ਤਹਿ ਕੀਤਾ ਦਿਨ ਆ ਜਾਂਦਾ ਹੈ। ਵਿਜੈ ਤੇ ਸੁਸ਼ਮਾ ਬੱਚੇ ਲੈ ਕੇ ਹੁਸ਼ਿਆਰ ਦੇ ਘਰ ਪੁੱਜ ਜਾਂਦੇ ਹਨ। ਹੁਸ਼ਿਆਰ ਪੂਰਾ ਸ਼ਰਾਬੀ ਹੈ ਫਿਰ ਵੀ ਉਹ ਕਿਸੇ ਨਾਲ ਅੱਖਾਂ ਨਹੀਂ ਮਿਲਾ ਰਿਹਾ। ਉਹ ਸੁਨੈਨਾ ਕੋਲ ਜਾ ਕੇ ਸ਼ਰਮਿੰਦਾ ਜਿਹਾ ਹੋਇਆ ਵਾਪਸ ਰਸੋਈ ਵਿਚ ਜਾ ਵੜਦਾ ਹੈ ਤੇ ਭਾਂਡੇ ਦਾ ਖੜਾਕ ਕਰਕੇ ਸੁਸ਼ਮਾ ਨੂੰ ਚਿਤਾਰ ਦਿੰਦਾ ਹੈ ਕਿ ਉਹ ਵਾਪਸ ਆ ਗਿਆ ਹੈ। ਸੁਸ਼ਮਾ ਹੱਥ ਵਿਚ ਸਟੈਥੋਸਕੋਪ ਫੜੀ ਸੁਨੈਨਾ ਦੇ ਕਮਰੇ ਵਿਚ ਜਾ ਵੜਦੀ ਹੈ। ਉਹ ਉਸ ਦੀਆਂ ਲੱਤਾਂ ਇਕੱਠੀਆਂ ਕਰਕੇ ਉਸ ਦੀ ਛਾਤੀ ਨਾਲ ਲਾ ਦਿੰਦੀ ਹੈ ਤੇ ਕੁਝ ਦੇਰ ਉਵੇਂ ਹੀ ਫੜੀ ਰਖਦੀ ਹੈ। ਫਿਰ ਉਸ ਦੀ ਨਬਜ਼ ਪੜਦੀ ਹੈ। ਉਸ ਦੇ ਦਿਲ ਦੀ ਧੜਕਣ ਦਾ ਮੁਆਇਨਾ ਕਰਦੀ ਹੈ। ਉਸ ਦਾ ਬਲੱਡ ਪਰੈਸ਼ਰ ਚੈਕ ਕਰਦੀ ਹੈ। ਇਵੇਂ ਹੀ ਇਕ ਦਿਨ ਛੱਡ ਕੇ ਤਿੰਨ ਦਿਨ ਤਕ ਚਲਦਾ ਹੈ। ਹੁਸ਼ਿਆਰ ਦੀ ਸੰਗ ਹੁਣ ਘਟ ਚੁੱਕੀ ਹੈ। ਤੀਸਰੇ ਦਿਨ ਤਾਂ ਉਹ ਸ਼ਰਾਬ ਵੀ ਨਹੀਂ ਪੀਂਦਾ। ਦਿਨ ਲੰਘਣ ਲਗਦੇ ਹਨ। ਹੁਣ ਸਾਰੇ ਸੁਨੈਨਾ ਦੀਆਂ ਮਾਂਹਵਾਰੀ ਦੀਆਂ ਤਰੀਕਾਂ ਉਡੀਕ ਰਹੇ ਹਨ। ਮਾਂਹਵਾਰੀ ਨਹੀਂ ਆਉਂਦੀ। ਫਿਰ ਸੁਨੈਨਾ ਨੂੰ ਉਲਟੀਆਂ ਵੀ ਆਉਣ ਲਗਦੀਆਂ ਹਨ। ਹੁਸ਼ਿਆਰ ਖੁਸ਼ੀ ਵਿਚ ਪਾਗਲ ਹੋ ਜਾਂਦਾ ਹੈ। ਉਹ ਵਿਜੈ ਨੂੰ ਫੋਨ ਕਰਦਾ ਆਖਦਾ ਹੈ,
"ਓ ਸ਼ਰਮਿਆਂ, ਆ ਜਾ ਓਏ, ਗੱਲ ਬਣ ਗਈ, ਮੇਰੀ ਧੀ ਨੂੰ ਨਾਲ ਲੈ ਕੇ ਆ, ਅਜ ਇਥੇ ਰੋਟੀ ਖਾਨੇ ਆਂ।"

ਜਦੋਂ ਉਹ ਉਸ ਦੇ ਘਰ ਜਾਂਦੇ ਹਨ ਤਾਂ ਹੁਸ਼ਿਆਰ ਸੁਸ਼ਮਾ ਦਾ ਸਿਰ ਚੁੰਮਣ ਲਗਦਾ ਹੈ। ਉਸ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਹਨ। ਵਿਜੈ ਵੀ ਖੁਸ਼ ਹੈ ਪਰ ਇਹ ਖੁਸ਼ੀ ਬਹੁਤੇ ਦਿਨ ਨਹੀਂ ਰਹਿੰਦੀ। ਅਗਲੀ ਮਾਂਹਵਾਰੀ ਤੋਂ ਪਹਿਲਾਂ ਹੀ ਸੁਨੈਨਾ ਅੰਦਰੋਂ ਭਰੂਣ ਵਹਿ ਜਾਂਦਾ ਹੈ। ਸਾਰੇ ਉਦਾਸ ਹੋ ਜਾਂਦੇ ਹਨ। ਹੁਸ਼ਿਆਰ ਇਸ ਉਦਾਸੀ ਨੂੰ ਮੋੜ ਦੇਣ ਲਈ ਸਭ ਨੂੰ ਤਸੱਲੀ ਦਿੰਦਾ ਕਹਿੰਦਾ ਹੈ,
"ਇੰਨਾ ਈ ਬਹੁਤ ਆ ਕਿ ਮਸ਼ੀਨਰੀ ਤਾਂ ਚਲਦੀ ਆ।"

ਅਗਲੀ ਵਾਰ ਫਿਰ ਭਰੂਣ ਵਹਿ ਜਾਂਦਾ ਹੈ ਤੇ ਉਸ ਤੋਂ ਅਗਲੀ ਵਾਰ ਫਿਰ। ਚੌਥੀ ਵਾਰ ਗਰਭ ਸਿਰੇ ਚੜਨ ਲਗਦਾ ਹੈ। ਹੁਸ਼ਿਆਰ ਸੁਸ਼ਮਾ ਨੂੰ ਆਖਦਾ ਹੈ,
"ਕੁੜੀਏ, ਤੇਰਾ ਦੇਣਾ ਮੈਂ ਕਿਥੇ ਦੇਵਾਂਗਾ!"

## ਪੱਚੀ

ਨਵੇਂ ਸਾਲ ਦੀ ਸੰਧਿਆ ਹੈ; ਨਿਊਯੀਅਰ ਈਵ। ਨਵੇਂ ਸਾਲ ਦੀ ਹੀ ਨਹੀਂ ਨਵੀਂ ਸਦੀ ਦੀ ਵੀ ਤੇ ਨਵੀਂ ਦਹਿ-ਸਦੀ ਦੀ ਵੀ। ਹਰ ਪਾਸੇ ਰੌਣਕਾਂ ਹੀ ਰੌਣਕਾਂ ਹਨ। ਟੈਲੀਵੀਯਨ ਵਾਲੇ ਇਸ ਦਿਨ ਦੀ ਮਹੱਤਤਾ ਨੂੰ ਬਹੁਤਾ ਹੀ ਉਛਾਲ ਰਹੇ ਹਨ। ਤਰ੍ਹਾਂ ਤਰ੍ਹਾਂ ਦੇ ਰੰਗਾ ਰੰਗ ਪਰੋਗਰਾਮ ਦਿਖਾ ਰਹੇ ਹਨ। ਪਿਛਲੀ ਸਦੀ ਦੀਆਂ ਵੱਖ ਵੱਖ ਖੇਤਰਾਂ ਵਿਚ ਹੋਈਆਂ ਉਪਲਭਧੀਆਂ ਬਾਰੇ ਦਸ ਰਹੇ ਹਨ। ਨਵੇਂ ਸਾਲ ਦੇ ਜਸ਼ਨਾਂ ਦੀਆਂ ਤਿਆਰੀਆਂ ਚਾਰੇ ਪਾਸੇ ਹੋ ਰਹੀਆਂ ਹਨ। ਪੂਰੇ ਸੰਸਾਰ ਵਿਚ ਹੀ ਇਹ ਦਿਹਾੜਾ ਮਨਾਉਣ ਲਈ ਪੂਰੇ ਜ਼ੋਰ ਸ਼ੋਰ ਨਾਲ ਤਿਆਰੀ ਕੀਤੀ ਗਈ ਹੈ। ਕਰੋੜਾਂ ਪੌਂਡ ਅਜ ਬਿਨਾਂ ਵਜਾਹ ਫੂਕੇ ਜਾਣਗੇ। ਲੱਖਾਂ ਟਨ ਬਰੂਦ ਸਾੜਿਆ ਜਾਵੇਗਾ। ਪੂਰੀ ਦੁਨੀਆਂ ਵਿਚ ਆਤਿਸ਼ਬਾਜ਼ੀ ਹੋਵੇਗੀ। ਇੰਗਲੈਂਡ ਵਿਚ ਵੀ ਨਵੇਂ ਸਾਲ ਨੂੰ ਖੁਸ਼ਆਮਦੀਦ ਕਹਿਣ ਲਈ ਪੂਰੇ ਕਮਰਕੱਸੇ ਕੀਤੇ ਗਏ ਹਨ। ਲੰਡਨ ਕੀ ਇੰਗਲੈਂਡ ਦੇ ਹਰ ਸ਼ਹਿਰ ਵਿਚ ਹੀ। ਇਥੇ ਵਰਦਿੰਗ ਵਿਚ ਵੀ ਹਰ ਸਾਲ ਹੀ ਨਵਾਂ ਸਾਲ ਮਨਾਇਆ ਜਾਂਦਾ ਹੈ। ਬੀਚ ਦੇ ਕੰਢੇ ਨੌਜਵਾਨ ਮੁੰਡੇ ਕੁੜੀਆਂ ਇਕੱਠੇ ਹੋਇਆ ਕਰਦੇ ਹਨ। ਇਸ ਸਾਲ ਦੀ ਗਹਿਮਾ ਗਹਿਮੀ ਦਿਨੇ ਹੀ ਦੇਖੀ ਜਾ ਸਕਦੀ ਹੈ।

ਅਜ ਦਾ ਦਿਨ ਬੱਚਿਆਂ ਲਈ ਜ਼ਿਆਦਾ ਮਹੱਤਵ-ਪੂਰਨ ਹੈ। ਉਹਨਾਂ ਨੂੰ ਤੋਹਫੇ ਮਿਲਣੇ ਹਨ। ਨਵੇਂ ਸਾਲ ਦੇ ਖਿਡਾਉਣੇ, ਗੇਮਾਂ ਆਦਿ। ਰੋਹਨ ਤੇ ਵਿਧੀ ਵੀ ਆਪਣੇ ਤੋਹਫਿਆਂ ਲਈ ਤਿਆਰ ਬੈਠੇ ਹਨ। ਇਕ ਇਕ ਤੋਹਫਾ ਉਹਨਾਂ ਨੂੰ ਕੱਲ ਮਿਲੇਗਾ ਜਿਸ ਨੂੰ ਉਹ ਮਿਲੇਨੀਅਮ ਗਿਫਟ ਕਹਿ ਰਹੇ ਹਨ ਤੇ ਇਕ ਤੋਹਫੇ ਵਜੋਂ ਅਜ ਉਹ ਖਾਸ ਪਰੋਗਰਾਮ ਦੇਖਣ ਜਾ ਰਹੇ ਹਨ। ਬੌਲੀਵੁੱਡ ਦੇ ਵੱਡੇ ਵੱਡੇ ਸਿਤਾਰੇ ਲੰਡਨ ਪੁੱਜੇ ਹੋਏ ਹਨ। ਵੈਂਬਲੀ ਅਰੀਨਾ ਵਿਚ ਉਹਨਾਂ ਦਾ ਪਰੋਗਰਾਮ ਹੋ ਰਿਹਾ ਹੈ। ਇਹ ਸਾਰਾ ਪਰਿਵਾਰ ਜਾ

ਰਿਹਾ ਹੈ। ਰੋਹਨ ਤਾਂ ਸ਼ਾਹਰੁਖ ਖਾਨ ਦਾ ਬਹੁਤ ਵੱਡਾ ਫੈਨ ਹੈ। ਉਸ ਦੀਆਂ ਫਿਲਮਾਂ ਦੇਖਦਾ ਹੈ। ਉਸ ਦੇ ਗੀਤਾਂ ਤੇ ਉਸ ਵਾਂਗ ਹੀ ਜੈਕਟ ਉਤਾਰ ਕੇ ਘੁਮਾਉਂਦਾ ਹੈ। ਇਵੇਂ ਹੀ ਰਿਤਕ ਰੋਸ਼ਨ ਵਾਂਗ ਨੱਚਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਵਿਧੀ ਨੂੰ ਇੰਨਾ ਸ਼ੌਂਕ ਨਹੀਂ ਹੈ। ਉਸ ਲਈ ਇੰਨਾ ਹੀ ਬਹੁਤ ਹੈ ਕਿ ਉਸ ਨੇ ਬਾਹਰ ਜਾਣਾ ਹੈ। ਵਿਜੈ ਨਵੀਂਆਂ ਫਿਲਮਾਂ ਘੱਟ ਦੇਖਦਾ ਹੈ ਪਰ ਫਿਲਮੀ ਸਿਤਾਰਿਆਂ ਨੂੰ ਦੇਖਣ ਜਾਣ ਦਾ ਉਸ ਨੂੰ ਵੀ ਚਾਅ ਹੈ। ਇਵੇਂ ਹੀ ਸੁਸ਼ਮਾ ਨੂੰ ਵੀ। ਉਹ ਸਭ ਇਹਨਾਂ ਸਿਤਾਰਿਆਂ ਨਾਲ ਨਵਾਂ ਸਾਲ ਚੜਾਉਣਗੇ। ਰੋਹਨ ਕਿਸੇ ਦੋਸਤ ਨੂੰ ਫੋਨ ਉਪਰ ਦਸ ਰਿਹਾ ਹੈ,

"ਇਟ'ਸ ਬਲੱਡੀ ਹੰਡਰਡ ਫਿਫਟੀ ਕੁਇਡ ਏ ਟਿਕਟ, ਬਲੱਡੀ ਹੰਡਰਡ ਫਿਫਟੀ ਕੁਇਡ!"

ਵਿਜੈ ਉਸ ਨੂੰ ਆਖਦਾ ਹੈ,

"ਮਿਸਟਰ, ਹੈਵ ਸਮ ਮਿਲਕ।"

"ਨੋਅ ਡੈਡ, ਨੋ ਮਿਲਕ ਟੂਡੇਅ।"

ਵਿਜੈ ਉਸ ਦੀ ਸੁਣਦਾ ਨਹੀਂ ਤੇ ਉਸ ਨੂੰ ਦੁੱਧ ਦਾ ਗਿਲਾਸ ਲਿਆ ਦਿੰਦਾ ਹੈ ਤੇ ਇਕ ਗਿਲਾਸ ਦੁੱਧ ਦਾ ਵਿਧੀ ਨੂੰ ਫੜਾ ਦਿੰਦਾ ਹੈ। ਵਿਧੀ ਇਕ ਛੋਟੀ ਜਿਹੀ ਘੁੱਟ ਭਰਦੀ ਹੈ ਪਰ ਰੋਹਨ ਦੁੱਧ ਇਕ ਪਾਸੇ ਰੱਖ ਟੈਲੀ ਵਿਚ ਖੁਭਿਆ ਰਹਿੰਦਾ ਹੈ। ਫਿਰ ਇਕ ਦਮ ਕਹਿ ਉਠਦਾ ਹੈ,

"ਡੈਡ, ਲੁਕ ਨੀਊਯੀਅਰ ਸਟਾ੍ਟਡ!"

ਰੋਹਨ ਨੂੰ ਪਤਾ ਹੈ ਕਿ ਸੂਰਜ ਨਿਊਜ਼ੀਲੈਂਡ ਵਲ ਦੇ ਪਾਸਿਓਂ ਤੁਰਦਾ ਹੈ, ਨਵਾਂ ਸਾਲ ਚੜ੍ਹਨਾ ਵੀ ਉਧਰੋਂ ਹੀ ਸ਼ੁਰੂ ਹੋਵੇਗਾ ਤੇ ਉਥੋਂ ਚਲਦਾ ਹੋਇਆ ਅਸਟਰੇਲੀਆ, ਸਿੰਘਾ ਪੁਰ, ਇੰਡੀਆ, ਚਾਇਨਾ, ਰਸ਼ੀਆ, ਯੌਰਪ ਹੁੰਦਾ ਹੋਇਆ ਇੰਗਲੈਂਡ ਪੁੱਜੇਗਾ। ਲੰਡਨ ਦੇ ਰਿਵਰ ਥੇਮਜ਼ ਵਿਚ ਖੜੀਆਂ ਕਿਸ਼ਤੀਆਂ ਵਿਚੋਂ ਆਤਿਸ਼ਬਾਜ਼ੀ ਕੀਤੀ ਜਾਵੇਗੀ। ਮਿਲੇਨੀਅਮ ਵੀਲ ਵਿਚੋਂ ਵੀ ਫਾਇਰ-ਵਰਕਸ ਹੋਵੇਗਾ। ਮੀਡੀਆ ਕਹਿ ਰਿਹਾ ਹੈ ਕਿ ਥੇਮਜ਼ ਦਰਿਆ ਇਵੇਂ ਲਗੇਗਾ ਜਿਵੇਂ ਇਹ ਅੱਗ ਦਾ ਦਰਿਆ ਹੋਵੇ ਪਰ ਉਹਨਾਂ ਤਾਂ ਇਹ ਸਭ ਦੇਖਣਾ ਨਹੀਂ ਹੈ। ਉਹਨਾਂ ਤਾਂ ਇਸ ਵਕਤ ਬੌਲੀਵੁੱਡ ਦੇ ਸਿਤਾਰਿਆਂ ਸੰਗ ਹੋਣਾ ਹੈ। ਨਿਉਜ਼ੀਲੈਂਡ ਵਿਚ ਚਲਦੀ ਆਤਿਸ਼ਬਾਜ਼ੀ ਵਿਚੋਂ ਧੂਏਂ ਦੇ ਬਦਲ ਉਡਦੇ ਦਿਸਦੇ ਹਨ। ਸੁਸ਼ਮਾ ਕਹਿੰਦੀ ਹੈ,

"ਇਹਨਾਂ ਲੋਕਾਂ ਨੂੰ ਹੁਣ ਓਜ਼ੋਨ ਲੇਅਰ ਦਾ ਕੋਈ ਫਿਕਰ ਨਹੀਂ!"

ਉਸ ਦਾ ਇਸ਼ਾਰਾ ਕੁਝ ਦਿਨ ਟੈਲੀ ਉਪਰ ਚਲਦੀ ਬਹਿਸ ਵਲ ਹੈ ਜਿਸ ਵਿਚ ਮਾਹਰ ਲੋਕ ਕਹਿ ਰਹੇ ਸਨ ਕਿ ਧੂਆਂ ਓਜ਼ੋਨ ਲੇਅਰ ਵਿਚ ਛੇਕ ਕਰ ਰਿਹਾ ਹੈ ਜਿਸ ਕਾਰਨ ਸੂਰਜ ਦੀ ਗਰਮੀ ਜ਼ਿਆਦਾ ਮਾਤਰਾ ਵਿਚ ਧਰਤੀ ਤੇ ਪੁੱਜ ਰਹੀ ਹੈ ਤੇ ਧਰਤੀ ਦੇ ਵਾਤਾਵਰਣ ਨੂੰ ਖਰਾਬ ਕਰ ਰਹੀ ਹੈ। ਇਸ ਲਈ ਧੂਆਂ ਘੱਟ ਤੋਂ ਘੱਟ ਮਾਤਰਾ ਵਿਚ ਹੋਣਾ ਚਾਹੀਦਾ ਹੈ। ਮਾਹਰ ਧੂਆਂ ਕਰਨ ਵਾਲੀਆਂ ਫੈਕਟਰੀਆਂ, ਕਾਰਾਂ ਆਦਿ ਨੂੰ ਨਿੰਦ ਰਹੇ ਸਨ ਪਰ ਇਸ ਧੂਏਂ ਬਾਰੇ ਕੋਈ ਗੱਲ ਨਹੀਂ ਕਰਦਾ। ਇਕ ਪਲ ਲਈ ਤਾਂ ਵਿਜੈ ਹੈਰਾਨ ਹੁੰਦਾ ਹੈ ਕਿ ਸੁਸ਼ਮਾ ਇਸ ਬਾਰੇ ਵੀ ਸੋਚਦੀ ਹੈ ਫਿਰ ਉਹ ਉਸ ਨਾਲ ਸਹਿਮਤ ਹੁੰਦਾ ਆਖਦਾ ਹੈ,

"ਇਹ ਸਭ ਕੁਸ਼ ਮੀਡੀਏ ਦੇ ਹੱਥ ਵਿਚ ਐ, ਗੱਲ ਨੂੰ ਜਿਧਰ ਨੂੰ ਮਰਜ਼ੀ ਮਰੋੜ ਲੈਣ, ਮੀਡੀਆ ਅਮੀਰ ਵਿਓਪਾਰੀਆਂ ਦੇ ਹੱਥ ਵਿਚ ਐ, ਵਿਓਪਾਰੀ ਇਸ ਮੌਕੇ ਤੇ ਆਪਣਾ ਮਾਲ ਵੇਚਣ ਵਿਚ ਬੀਜ਼ੀ ਐ, ਇਹ ਓਜ਼ੋਨ ਦਾ ਫਿਕਰ ਵੀ ਬਸ ਜਾਬ੍ਹਾਂ ਦਾ ਭੇੜ ਐ।"

ਕੁਝ ਦੇਰ ਬਾਅਦ ਸੁਸ਼ਮਾ ਫਿਰ ਆਖਦੀ ਹੈ,

"ਸ਼ਰਮਾ ਜੀ, ਤੁਸੀਂ ਰੋਟੀ ਖਾ ਲਓ ਨਾਲ਼ੇ ਬੱਚਿਆਂ ਨੂੰ ਵੀ ਆਪਣੇ ਨਾਲ ਖਵਾ ਲਓ, ਓਦਾਂ ਇਹਨਾਂ ਨੇ ਕੁਸ਼ ਨਹੀਂ ਖਾਣਾ।"

"ਹੁਣੇ ਈ! ਹਾਲੇ ਤਾਂ ਬਾਰਾਂ ਵੱਜੇ ਆ।"

"ਫੇਰ ਮੇਰੇ ਕੋਲ ਪੇਸ਼ੀਅੰਟ ਆ ਜਾਣੀਆਂ।"

"ਅਜ ਕਾਹਨੂੰ ਕਿਸੇ ਨੂੰ ਟਾਈਮ ਦੇਣਾ ਸੀ। ਛੇ ਵਜੇ ਤਾਂ ਆਪਾਂ ਨੂੰ ਨਿਕਲਣਾ ਪੈਣਾਂ।"

"ਬਸ ਐਵੇਂ ਦੋ ਔਰਤਾਂ ਈ ਸੱਦੀਆਂ, ਮੈਂ ਕਿਹਾ ਏਨੇ ਪੈਸੇ ਲੱਗੇ ਆ ਕੁਸ਼ ਨਾ ਕੁਸ਼ ਤਾਂ ਮੁੜਨ।"

ਉਸ ਦਾ ਮਤਲਬ ਹੈ ਕਿ ਇਸ ਪਰੋਗਰਾਮ ਦੇਖਣ ਲਈ ਬਹੁਤ ਮਹਿੰਗੀਆਂ ਟਿਕਟਾਂ ਜਿਉਂ ਖਰੀਦਣੀਆਂ ਪਈਆਂ ਹਨ। ਰੋਹਨ ਦੁੱਧ ਦੇ ਦੋ ਘੁੱਟ ਭਰ ਕੇ ਫਿਰ ਟੈਲੀ ਦੇਖਣ ਲਗਦਾ ਹੈ। ਸੁਸ਼ਮਾ ਵਿਜੈ ਲਈ ਦੋ ਪਰੌਂਠੇ ਬਣਾ ਲਿਆਉਂਦੀ ਹੈ। ਵਿਜੈ ਆਖਦਾ ਹੈ,

"ਇਹ ਕਿਉਂ ਬਣਾ ਲਏ ਬਿਮਾਰੀ ਦਾ ਘਰ!"

"ਖਾਂਦੇ ਤਾਂ ਬੜੇ ਸਵਾਦ ਨਾਲ ਓ!"

"ਹਾਂ ਪਰ ਤੈਨੂੰ ਇਹਨਾਂ ਦੇ ਨੁਕਸਾਨ ਦਾ ਤਾਂ ਪਤਾ ਈ ਐ।"

ਉਹ ਆਪਣੇ ਢਿਡ ਤੇ ਹੱਥ ਫੇਰਦਾ ਆਖਦਾ ਹੈ। ਉਹ ਦੇਖਦਾ ਹੈ ਕਿ ਉਸ ਦਾ ਭਾਰ ਵੀ ਹੁਣ ਕਾਫੀ ਵੱਧ ਗਿਆ ਹੈ। ਉਸ ਸੁਸ਼ਮਾ ਨੂੰ ਉਸ ਦੇ ਭਾਰ ਬਾਰੇ ਚਿਤਾਵਨੀ ਦਿੰਦਾ ਦਿੰਦਾ ਆਪਣਾ ਭਾਰ ਵੀ ਜ਼ਿਆਦਾ ਕਰ ਬੈਠਦਾ ਹੈ। ਉਹ ਫਿਰ ਆਖਦਾ ਹੈ,

"ਨਵੇਂ ਸਾਲ ਦਾ ਰੈਜ਼ੋਲੂਸ਼ਨ ਐ ਕਿ ਮੈਂ ਭਾਰ ਘਟਾਉਣਾਂ।"

"ਬੀਅਰ ਛੱਡੋ।"
"ਬੀਅਰ ਦੇ ਤਾਂ ਮੈਂ ਦੋ ਡੱਬੇ ਪੀਨਾਂ, ਉਹ ਵੀ ਨਾ ਹੋਏ ਤਾਂ ਨਾ ਸਹੀ, ਓਧਰ ਹੁਸ਼ਿਆਰ ਭਾਅ ਵਲ ਦੇਖ ਵਿਸਕੀ ਦੀ ਬੋਤਲ ਖਿੱਚ ਜਾਂਦਾ ਤੇ ਹਾਲੇ ਵੀ ਫਿੱਟ ਪਿਐ।"

ਸੁਸ਼ਮਾ ਕੁਝ ਨਹੀਂ ਬੋਲਦੀ। ਉਹ ਰੋਟੀ ਖਾ ਜਲਦੀ ਵਿਹਲੀ ਹੋਣਾ ਚਾਹੁੰਦੀ ਹੈ। ਦੋ ਮਰੀਜ਼ ਦੇਖ ਕੇ ਫਿਰ ਉਸ ਨੇ ਤਿਆਰ ਵੀ ਹੋਣਾਂ ਹੈ। ਜਿਵੇਂ ਵਿਜੈ ਕਹਿੰਦਾ ਹੀ ਹੈ ਕਿ ਅੱਠ ਵਜੇ ਪਰੋਗਰਾਮ ਸ਼ੁਰੂ ਹੋਣਾ ਹੈ ਤੇ ਉਹਨਾਂ ਨੂੰ ਛੇ ਵਜੇ ਘਰੋਂ ਤੁਰਨਾ ਪਵੇਗਾ। ਲੰਡਨ ਡੇੜ ਘੰਟੇ ਦਾ ਰਾਹ ਹੈ। ਕੁਝ ਵਾਧੂ ਸਮਾਂ ਹੱਥ ਵਿਚ ਰੱਖਣਾ ਵੀ ਜ਼ਰੂਰੀ ਹੁੰਦਾ ਹੈ।

ਇਸ ਪਰੋਗਰਾਮ ਵਿਚ ਜਾਣ ਲਈ ਉਹ ਹੁਸ਼ਿਆਰ ਨੂੰ ਵੀ ਕਹਿੰਦਾ ਹੈ ਪਰ ਉਹਨਾਂ ਦੀ ਬੇਟੀ ਹਾਲੇ ਛੋਟੀ ਹੈ ਫਿਰ ਉਹ ਰੋਂਦੀ ਵੀ ਬਹੁਤ ਹੈ। ਔਲਾਦ ਪਾ ਕੇ ਉਹ ਪਤੀ-ਪਤਨੀ ਬਹੁਤ ਖੁਸ਼ ਹਨ। ਵਿਆਹ ਤੋਂ ਅਠਾਰਾਂ ਸਾਲ ਬਾਅਦ ਔਲਾਦ ਦਾ ਅਨੰਦ ਬਹੁਤ ਸ਼ਿਦਤ ਨਾਲ ਮਹਿਸੂਸ ਹੋ ਰਿਹਾ ਹੈ। ਇਹ ਸਾਰਾ ਸ਼ਰੇਅ ਉਸ ਸੁਸ਼ਮਾ ਨੂੰ ਹੀ ਦੇ ਰਹੇ ਹਨ। ਇਸ ਗੱਲ ਨਾਲ ਪੂਰੇ ਵਰਦਿੰਗ ਵਿਚ ਹੀ ਸੁਸ਼ਮਾ ਦੀ ਭੱਲ ਬਣ ਜਾਂਦੀ ਹੈ।...

ਵੈਸੇ ਵੀ ਜਿਹੜੀ ਔਰਤ ਇਕ ਵਾਰ ਸੁਸ਼ਮਾ ਕੋਲ ਆ ਕੇ ਜਾਂਦੀ ਹੈ ਉਹ ਅਗੇ ਦਸਾਂ ਹੋਰਨਾਂ ਨੂੰ ਸੁਸ਼ਮਾ ਬਾਰੇ ਦਸਦੀ ਹੈ। ਇਸ ਲਈ ਸੁਸ਼ਮਾ ਕੋਲ ਦੂਰ ਦੂਰ ਤੋਂ ਔਰਤਾਂ ਆ ਜਾਂਦੀਆਂ ਹਨ ਖਾਸ ਤੌਰ ਤੇ ਕਰੌਲੀ ਤੋਂ। ਕਰੌਲੀ ਵਿਚ ਵੀ ਪੰਜਾਬੀਆਂ ਦੀ ਕਾਫੀ ਗਿਣਤੀ ਵਿਚ ਵਸਦੇ ਹਨ। ਹੁਣ ਉਹ ਪੈਸੇ ਜੋੜ ਰਹੇ ਹਨ ਕਿ ਘਰ ਦੇ ਨਾਲ ਪਈ ਜਗਾਹ ਤੇ ਇਕ ਵੱਡਾ ਕਮਰਾ ਛੱਤਿਆ ਜਾਵੇ। ਜਿਸ ਨੂੰ ਸਹੀ ਢੰਗ ਨਾਲ ਕਲਿਨਿਕ ਬਣਾਇਆ ਜਾਵੇ। ਜਿਸ ਵਿਚ ਇਕ ਵੇਟਿੰਗ ਰੂਮ ਵੀ ਹੋਵੇ। ਹੁਣ ਤਾਂ ਕਿਸੇ ਨੇ ਉਡੀਕ ਕਰਨੀ ਹੋਵੇ ਤਾਂ ਮਗਰਲੀ ਬੈਠਕ ਵਿਚ ਹੀ ਬੈਠਣਾ ਪੈਂਦਾ ਹੈ। ਵਿਜੈ ਨੇ ਕੌਂਸਲ ਤੋਂ ਨਕਸ਼ਾ ਪਾਸ ਕਰਵਾ ਲਿਆ ਹੈ। ਹੁਣ ਲੋੜ ਹੈ ਕੁਝ ਕੈਸ਼ ਦੀ ਤੇ ਚੰਗੇ ਮੌਸਮ ਦੀ। ਜੇ ਸਭ ਠੀਕ ਰਿਹਾ ਤਾਂ ਇਹਨਾਂ ਗਰਮੀਆਂ ਵਿਚ ਜਾਂ ਫਿਰ ਅਗਲੀਆਂ ਗਰਮੀਆਂ ਵਿਚ ਸੁਸ਼ਮਾ ਦੀ ਨਵੀਂ ਕਲਿਨਿਕ ਛੱਤ ਹੋ ਜਾਵੇਗੀ। ਨਵੀਂ ਕਲਿਨਿਕ ਨੂੰ ਲੈ ਕੇ ਸੁਸ਼ਮਾ ਬਹੁਤ ਉਤਸ਼ਾਹਿਤ ਹੈ ਪਰ ਇਸ ਉਪਰ ਖਰਚ ਵੀ ਪੰਜਾਹ ਹਜ਼ਾਰ ਪੌਂਡ ਦਾ ਹੈ। ਇੰਨੇ ਪੈਸੇ ਜੋੜਨੇ ਸੌਖੇ ਨਹੀਂ ਹਨ। ਵਿਜੈ ਸੋਚਦਾ ਹੈ ਕਿ ਕੁਝ ਕੁ ਉਹ ਜੋੜ ਲੈਣਗੇ ਤੇ ਕੁਝ ਉਹ ਘਰ ਉਪਰ ਮੌਰਟਗੇਜ ਵਧਾ ਹੋ ਜਾਵੇਗੀ। ਘਰ ਨਾਲ ਹੋਰ ਜਗਾਹ ਛੱਤਣ ਬਾਰੇ ਤਾਏ ਨਾਲ ਜਦ ਸਲਾਹਾਂ ਕਰਨ ਬੈਠਦਾ ਹੈ ਤਾਂ ਤਾਇਆ ਖੁਸ਼ ਹੋ ਜਾਂਦਾ ਹੈ। ਉਸ ਨੂੰ ਇਹ ਗੱਲ ਵੀ ਬਹੁਤ ਚੰਗੀ ਲਗਦੀ ਹੈ ਕਿ ਵਿਜੈ ਮੁੜ ਕੇ ਪੈਰਾਂ ਤੇ ਖੜ ਗਿਆ ਹੈ। ਸਭ ਕੁਝ ਗਵਾ ਕੇ ਮੁੜ ਤਾਬੇ ਆ ਜਾਣਾ ਕੋਈ ਆਮ ਗੱਲ ਨਹੀਂ ਹੈ। ਤਾਇਆ ਸੁਸ਼ਮਾ ਤੋਂ ਵੀ ਬਹੁਤ ਖੁਸ਼ ਹੈ। ਸੁਸ਼ਮਾ ਦੇ ਪਿਓ ਦੀ ਗੱਲ ਕਰਦਿਆਂ ਉਹ ਉਦਾਸ ਜਿਹਾ ਹੋ ਜਾਂਦਾ ਹੈ ਕਿਉਂਕਿ ਉਹ ਉਹਨਾਂ ਨੂੰ ਕੁੜਮਾਂ ਵਾਲੀ ਜਗਾਹ ਨਹੀਂ ਦਿੰਦਾ। ਅਸ਼ੋਕ ਤੋਂ ਉਹਨਾਂ ਦੇ ਵਤੀਰੇ ਬਾਰੇ ਪਤਾ ਚਲ ਚੁੱਕਾ ਹੈ। ਪਰ ਸੁਸ਼ਮਾ ਉਹਨਾਂ ਨੂੰ ਪੂਰੀ ਇਜ਼ਤ ਦਿੰਦੀ ਹੈ। ਡੈਡ ਜੀ ਕਹਿ ਕੇ ਸੰਬੋਧਨ ਹੁੰਦੀ ਹੈ। ਪਹਿਲੀਆਂ ਵਿਚ ਸੁਸ਼ਮਾ ਵਿਜੈ ਨੂੰ ਕਹਿੰਦੀ,

"ਸ਼ਰਮਾ ਜੀ, ਇਹ ਕੀ ਤਾਇਆ ਤਾਇਆ ਲਾਈ ਰੱਖਦੇ ਓ, ਤਾਇਆ ਜੀ ਕਿਉਂ ਨਹੀਂ ਕਹਿੰਦੇ, ਤਾਈ ਜੀ ਕਿਉਂ ਨਹੀਂ ਕਹਿ ਕੇ ਬਹੁਲਾਉਂਦੇ।"
"ਬਈ ਇਹੋ ਆਦਤ ਪਹਿਲਾਂ ਤੋਂ ਪਈ ਹੋਈ ਐ, ਜੇ ਮੈਂ ਤਾਇਆ ਜੀ ਕਹੂੰ ਜਾਂ ਤਾਈ ਜੀ ਕਹੂੰ ਤਾਂ ਲਗਣਾ ਕਿ ਮੈਂ ਝੂਠ ਬੋਲ ਰਿਹਾਂ। ਮੈਨੂੰ ਤਾਂ ਤਾਇਆ ਜਾਂ ਤਾਈ ਕਹਿਣ ਵਿਚ ਈ ਮਜ਼ਾ ਆਉਂਦਾ।"

ਇਵੇਂ ਹੀ ਤਾਈ ਵੀ ਸੁਸ਼ਮਾ ਤੋਂ ਖੁਸ਼ ਹੈ। ਸੁਸ਼ਮਾ ਕੋਲ ਤਾਂ ਉਹ ਦਵਾਈ ਲੈਣ ਤੁਰੀ ਹੀ ਰਹਿੰਦੀ ਹੈ ਜਾਂ ਸੁਸ਼ਮਾ ਨੂੰ ਸੱਦ ਲੈਂਦੀ ਹੈ। ਤਾਈ ਜਦ ਵੀ ਉਸ ਨੂੰ ਮਿਲੇ ਤਾਂ ਕਹਿਣ ਲਗਦੀ ਹੈ,

"ਧੀਏ, ਆਪਣੇ ਸਿਰ ਦਾ ਵੀ ਕੁਝ ਕਰ, ਏਨਾ ਸਿਰ ਦੁਖਣਾ ਚੰਗਾ ਨਹੀਂ ਹੁੰਦਾ।"

ਤਾਏ ਨੇ ਰਮੇਸ਼ ਨੂੰ ਹਾਲੇ ਮੁਆਫ ਨਹੀਂ ਕੀਤਾ। ਰਮੇਸ਼ ਨੂੰ ਕਿਸੇ ਨੇ ਵੀ ਮੁਆਫ ਨਹੀਂ ਕੀਤਾ। ਸੁਸ਼ਮਾ ਦੇ ਮਾਂ ਪਿਓ ਇਸ ਲਈ ਨਰਾਜ਼ ਹਨ ਕਿ ਰਮੇਸ਼ ਨੇ ਪੂਰੀ ਤਰ੍ਹਾਂ ਦਰਿਆਫਤ ਕਰਕੇ ਰਿਸ਼ਤਾ ਨਹੀਂ ਕੀਤਾ। ਇਵੇਂ ਹੀ ਵਿਜੈ ਦੇ ਉਸ ਨਾਲ ਸਬੰਧ ਵੀ ਮੁੜ ਪਹਿਲੇ ਜਿਹੇ ਨਹੀਂ ਹੋਏ। ਅੰਮਰਤੀ ਕਈ ਵਾਰ ਵਿਜੈ ਨਾਲ ਖਹਿਬੜਨ ਤਕ ਜਾਂਦੀ ਹੈ ਕਿ ਉਹਨਾਂ ਨੇ ਉਸ ਦਾ ਕੀ ਮਾੜਾ ਕੀਤਾ ਹੈ। ਜੇ ਹੁਣ ਸੁਸ਼ਮਾ ਤੇ ਉਹ ਆਪਣੇ ਘਰ ਇੰਨੇ ਖੁਸ਼ ਹਨ ਤਾਂ ਉਹਨਾਂ ਨੂੰ ਕਿਉਂ ਅਣਗੌਲਿਆ ਜਾ ਰਿਹਾ ਹੈ। ਦੂਜੀ ਵਾਰ ਦੁਕਾਨ ਫੇਹਲ ਹੋਣ ਤੋਂ ਬਾਅਦ ਰਮੇਸ਼ ਨੂੰ ਸ਼ੋਸ਼ਲ ਸਕਿਉਰਟੀ ਦੇ ਪੈਸਿਆਂ ਨਾਲ ਗੁਜ਼ਾਰਾ ਕਰਨਾ ਪੈ ਰਿਹਾ ਹੈ ਇਸ ਕਾਰਨ ਰਮੇਸ਼ ਤਾਂ ਵੈਸੇ ਹੀ ਬੁਝਿਆ ਬੁਝਿਆ ਰਹਿੰਦਾ ਹੈ। ਅੰਮਰਤੀ ਆਪਣੇ ਆਪ ਵਿਚ ਇਸ ਗੱਲੋਂ ਵੀ ਦੁਖੀ ਹੈ ਕਿ ਸੁਸ਼ਮਾ ਦੇ ਇੰਡੀਆ ਦੇ ਕਈ ਗੇੜੇ ਲਗ ਚੁੱਕੇ ਹਨ ਪਰ ਉਹ ਕੋਲੋਂ ਇੰਡੀਆ ਬਹੁਤ ਘਟ ਜਾ ਹੁੰਦਾ ਹੈ। ਉਹਨਾਂ ਦਾ ਹੱਥ ਹਰ ਵੇਲੇ ਤੰਗ ਰਹਿੰਦਾ ਹੈ। ਇਸ ਤੰਗੀ ਵਿਚੋਂ ਲੜਾਈ ਵੀ ਨਿਕਲਦੀ ਹੈ। ਅੰਮਰਤੀ ਕਹਿਣ ਲਗਦੀ ਹੈ,

"ਦੁੱਗਲ ਸਾਹਿਬ, ਦੇਖੋ ਵਿਜੇ ਸਭ ਕੁਝ ਗਵਾ ਕੇ ਦੁਬਾਰਾ ਪੈਰਾਂ ਤੇ ਖੜ ਗਿਆ, ਤੁਸੀਂ ਕਿਉਂ ਨਹੀਂ ਖੜ ਸਕਦੇ?"
"ਓਹਦੇ ਕੋਲ ਡਾਕਟਰ ਵਾਈਫ ਐ।"

"ਨਹੀਂ, ਇਹ ਮਨ ਹਰਾਮੀ ਹੁੱਜਤਾਂ ਢੇਰ ਵਾਲੀ ਗੱਲ ਐ, ਮੈਨੂੰ ਦਸਦੀ ਐ ਸੁਸ਼ਮਾ ਕਿ ਉਹ ਕਿੰਨੀ ਮਿਹਨਤ ਕਰਦਾ ਪਰ ਤੁਸੀਂ ਹੱਥ ਤੇ ਹੱਥ ਧਰੀ ਬੈਠੇ ਓ।"

"ਮੈਂ ਕਿਥੇ ਨਹੀਂ ਟਰਾਈ ਮਾਰੀ, ਕਿਤੇ ਕੋਈ ਜੌਬ ਮਿਲੇ ਵੀ, ਤੂੰ ਲੱਭ ਲੈ ਜੇ ਕੋਈ ਕੰਮ ਮਿਲਦਾ ਤਾਂ।"

ਅੰਮਰਤੀ ਕਈ ਵਾਰ ਸੁਸ਼ਮਾ ਨੂੰ ਮਿਲਣ ਆ ਜਾਇਆ ਕਰਦੀ ਹੈ ਪਰ ਜਦੋਂ ਵਿਜੈ ਘਰ ਨਾ ਹੋਵੇ। ਕਦੇ ਕਦਾਈਂ ਸੁਸ਼ਮਾ ਵੀ ਬੱਚੇ ਲੈ ਕੇ ਚਲੇ ਜਾਂਦੀ ਹੈ ਪਰ ਉਸ ਕੋਲ ਇੰਨਾ ਵਕਤ ਹੀ ਨਹੀਂ ਹੁੰਦਾ। ਅੰਮਰਤੀ ਨੂੰ ਸੁਸ਼ਮਾ ਦੇ ਸਿਰ ਦਰਦ ਦੀ ਬਹੁਤ ਚਿੰਤਾ ਰਹਿੰਦੀ ਹੈ। ਉਹਨਾਂ ਦੀ ਫੋਨ ਤੇ ਵੀ ਗੱਲ ਹੁੰਦੀ ਰਹਿੰਦੀ ਹੈ। ਅਜ ਦੇ ਪਰੋਗਰਾਮ ਵਿਚ ਜਾਣ ਬਾਰੇ ਅੰਮਰਤੀ ਨੂੰ ਵੀ ਪਤਾ ਹੈ। ਉਸ ਦਾ ਦਿਲ ਵੀ ਕਰਦਾ ਹੈ ਕਿ ਉਹ ਵੀ ਐਕਟਰਾਂ ਦੇ ਇਸ ਪਰੋਗਰਾਮ ਤੇ ਜਾਵੇ ਪਰ ਟਿਕਟ ਡੇਢ ਸੌ ਪੌਂਡ ਦਾ ਹੋਣ ਕਰਕੇ ਉਹ ਨਹੀਂ ਜਾ ਸਕਦੀ। ਉਹ ਮਨ ਹੀ ਮਨ ਈਰਖਾ ਜਿਹੀ ਵੀ ਕਰਦੀ ਹੈ।...

ਅਜ ਦੇ ਪਰੋਗਰਾਮ ਦੀ ਤਿਆਰੀ ਸਾਰਾ ਪਰਿਵਾਰ ਮਾਨਸਿਕ ਤੌਰ ਤੇ ਉਸੇ ਦਿਨ ਤੋਂ ਹੀ ਕਰਨ ਲਗ ਪੈਂਦਾ ਹੈ ਜਿਸ ਦਿਨ ਟਿਕਟਾਂ ਬੁੱਕ ਕਰਵਾਈਆਂ ਹਨ। ਵਿਜੈ ਲਾਈਨ ਤੇ ਹੀ ਟਿਕਟਾਂ ਬੁੱਕ ਕਰਵਾਉਂਦਾ ਹੈ ਭਾਵ ਇੰਟਰਨੈੱਟ ਤੇ। ਸੁਸ਼ਮਾ ਕਦੇ ਕਪੜਿਆਂ ਬਾਰੇ ਬਹੁਤੀ ਉਚੇਚ ਨਹੀਂ ਕਰਿਆ ਕਰਦੀ ਪਰ ਅਜ ਲਈ ਉਸ ਨੇ ਵਿਸ਼ੇਸ਼ ਸਾੜੀ ਕੱਢ ਕੇ ਰੱਖੀ ਹੋਈ ਹੈ ਜਿਹੜੀ ਪਹਿਲਾਂ ਕਦੇ ਨਹੀਂ ਪਹਿਨੀ। ਉਸ ਨੇ ਆਪਣੇ ਗਹਿਣਿਆਂ ਦਾ ਸੈਟ ਵੀ ਬੈਂਕ ਵਿਚੋਂ ਕਢਵਾ ਕੇ ਰਖਿਆ ਹੋਇਆ ਹੈ ਨਹੀਂ ਤਾਂ ਉਸ ਨੂੰ ਇਹਨਾਂ ਚੀਜ਼ਾਂ ਦਾ ਪਹਿਲਾਂ ਜਿੰਨਾ ਸ਼ੌਂਕ ਨਹੀਂ ਹੈ। ਵਿਜੈ ਉਸ ਨੂੰ ਆਖਦਾ ਹੈ,

"ਦੇਖ ਤਿੰਨ ਵੱਜ ਗਏ, ਤੂੰ ਹਾਲੇ ਤਕ ਆਪਣੀ ਪੇਸ਼ੀਅੰਟ ਈ ਉਡੀਕੀ ਜਾਂਨੀ ਆਂ।"

"ਸ਼ਰਮਾ ਜੀ, ਅੱਧਾ ਘੰਟਾ ਹੋਰ ਦਿਓ, ਉਹ ਆਉਂਦੀ ਈ ਹੋਵੇਗੀ, ਦੂਜੀ ਨੂੰ ਮੈਂ ਨਾਂਹ ਕਰ ਦਿਤੀ, ਮੇਰਾ ਪੰਦਰਾਂ ਵੀਹ ਮਿੰਟ ਦਾ ਕੰਮ ਐ, ਫਿਰ ਤੁਸੀਂ ਇਹਨਾਂ ਨੂੰ ਰੈਡੀ ਕਰ ਦਿਓ ਤੇ ਮੈਂ ਵੀ ਤਿਆਰ ਹੋ ਜਾਊਂ, ਮੈਂ ਬਹੁਤਾ ਵਕਤ ਨਹੀਂ ਲਾਉਣਾ।"

ਦਰਵਾਜ਼ੇ ਦੀ ਘੰਟੀ ਵਜਦੀ ਹੈ। ਸੁਸ਼ਮਾ ਆਖਦੀ ਹੈ,

"ਲਓ ਜੀ, ਮੈਂ ਆਈ ਕਿ ਆਈ।"

ਵਿਜੈ ਉਠ ਕੇ ਰੋਹਨ ਨੂੰ ਤਿਆਰ ਹੋਣ ਲਈ ਆਖਦਾ ਹੈ ਤੇ ਵਿਧੀ ਨੂੰ ਵੀ। ਉਹਨਾਂ ਦੀ ਕਪੜੇ ਬਦਲਣ ਵਿਚ ਮਦਦ ਕਰਨ ਲਗਦਾ ਹੈ। ਉਹ ਚਾਹੁੰਦਾ ਹੈ ਕਿ ਛੇ ਵਜੇ ਤੋਂ ਵੀ ਪਹਿਲਾਂ ਹੀ ਤੁਰ ਪੈਣ। ਟੈਲੀ ਉਪਰ ਸਿੰਘਾਪੁਰ ਵਿਚ ਨਵੇਂ ਸਾਲ ਦੇ ਜਸ਼ਨ ਦੀਆਂ ਤਸਵੀਰਾਂ ਦਿਖਾਈਆਂ ਜਾ ਰਹੀਆਂ ਹਨ। ਨਵਾਂ ਸਾਲ ਇਕ ਇਕ ਕਦਮ ਪੁੱਟਦਾ ਇੰਗਲੈਂਡ ਵਲ ਵਧ ਰਿਹਾ ਹੈ। ਜਦੋਂ ਵਿਆਹ ਨਹੀਂ ਸੀ ਹੋਇਆ ਜਾਂ ਫਿਰ ਜਦੋਂ ਬੱਚੇ ਨਹੀਂ ਸਨ ਤਾਂ ਉਹ ਸੀ-ਫਰੰਟ ਤੇ ਮਨਾਏ ਜਾਂਦੇ ਨਵੇਂ ਸਾਲ ਦੀ ਪਾਰਟੀ ਵਿਚ ਹਿੱਸਾ ਲਿਆ ਕਰਦਾ ਸੀ ਪਰ ਬੱਚਿਆਂ ਨੂੰ ਕਦੇ ਨਹੀਂ ਲੈ ਕੇ ਗਿਆ ਕਿਉਂਕਿ ਭੀੜ ਹੀ ਬਹੁਤ ਹੁੰਦੀ ਹੈ। ਵਿਜੈ ਬੱਚਿਆਂ ਦੇ ਕਪੜੇ ਬਦਲਾ ਕੇ ਸੁਸ਼ਮਾ ਨੂੰ ਉਡੀਕਣ ਲਗਦਾ ਹੈ ਕਿਉਕਿ ਉਹ ਆਪ ਤਾਂ ਦਸਾਂ ਮਿੰਟਾਂ ਵਿਚ ਤਿਆਰ ਹੋ ਜਾਵੇਗਾ। ਕਪੜੇ ਕੱਢ ਕੇ ਬਿਸਤਰ ਤੇ ਰੱਖੇ ਹੋਏ ਹਨ। ਘਰ ਦਾ ਮੁੱਖ ਦਰਵਾਜ਼ਾ ਖੁਲ੍ਹਣ ਤੇ ਬੰਦ ਹੋਣ ਦੀ ਅਵਾਜ਼ ਆਉਂਦੀ ਹੈ ਇਸ ਦਾ ਮਤਲਬ ਹੈ ਕਿ ਸੁਸ਼ਮਾ ਕੋਲ ਆਈ ਔਰਤ ਜਾ ਚੁੱਕੀ ਹੈ। ਸੁਸ਼ਮਾ ਆਪਣਾ ਸਿਰ ਫੜੀ ਭੱਜੀ ਹੋਈ ਉਸ ਕੋਲ ਆਉਂਦੀ ਹੈ ਤੇ ਉਸ ਦੀ ਝੋਲੀ ਵਿਚ ਡਿਗਦੀ ਹੋਈ ਕਹਿੰਦੀ ਹੈ,

"ਸ਼ਰਮਾ ਜੀ, ਗਈ!...ਮੈਂ ਗਈ!"

ਉਹ ਉਸ ਦਾ ਸਿਰ ਘੁੱਟਣ ਲਗਦਾ ਹੈ ਤੇ ਕੁਝ ਦੇਰ ਅਰਾਮ ਕਰਨ ਲਈ ਆਖਦਾ ਹੈ ਤੇ ਆਸਰਾ ਦੇ ਕੇ ਸੈਟੀ ਉਪਰ ਲਿਟਾ ਦਿੰਦਾ ਹੈ। ਉਹ ਆਪ ਉਪਰ ਬੈਡ ਰੂਮ ਵਿਚ ਜਾ ਕੇ ਕਪੜੇ ਪਾ ਆਉਂਦਾ ਹੈ। ਹੇਠਾਂ ਉਤਰਦਾ ਪੌੜੀਆਂ ਵਿਚੋਂ ਹੀ ਵਿਧੀ ਨੂੰ ਅਵਾਜ਼ ਦੇ ਕੇ ਆਖਦਾ ਹੈ,

"ਵਿਧੀ, ਟੈਲ ਯੋਅਰ ਮੌਮ ਟੂ ਗੈਟ ਰੈਡੀ।"

"ਡੈਡ, ਲੁਕਸ ਲਾਈਕ ਮੌਮ ਡਾਈਡ! ਨੌਟ ਰਿਸਪੌਂਡਿੰਗ!"

ਉਹ ਭਜ ਕੇ ਸੁਸ਼ਮਾ ਕੋਲ ਆਉਂਦਾ ਹੈ। ਉਸ ਨੂੰ ਜਗਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਕੋਈ ਜਵਾਬ ਨਹੀਂ ਦੇ ਰਹੀ। ਉਹ ਉਸ ਦੀ ਬਾਂਹ ਫੜ ਕੇ ਖਿਚਦਾ ਹੈ ਪਰ ਸੁਸ਼ਮਾ ਨਹੀਂ ਹਿਲਦੀ। ਬਾਂਹ ਨੂੰ ਵਾਪਸ ਛੱਡਦਾ ਹੈ ਤਾਂ ਇਹ ਇਵੇਂ ਡਿਗ ਪੈਂਦੀ ਹੈ ਜਿਵੇ ਇਸ ਵਿਚ ਜਾਨ ਹੀ ਨਾ ਹੋਵੇ।

## <u>ਛੱਬੀ</u>

ਰੋਹਨ ਤੇ ਵਿਧੀ ਛੋਟੇ ਹਨ। ਰੋਹਨ ਸਕੂਲ ਜਾਣ ਲਗਦਾ ਹੈ, ਵਿਧੀ ਹਾਲੇ ਨਰਸਰੀ ਵਿਚ ਹੀ ਹੈ। ਸੁਸ਼ਮਾ ਉਹਨਾਂ ਲਈ ਇਕ ਖਿਡਾਵੀ ਰੱਖ ਲੈਂਦੀ ਹੈ। ਇਹ ਆਈਰੀਨ ਹੈ, ਪੰਜਾਹ ਕੁ ਸਾਲ ਦੀ ਗੋਰੀ। ਅਸਲ ਵਿਚ ਖਿਡਾਵੀ ਦੀ ਲੋੜ ਨਹੀਂ ਹੈ। ਸੁਸ਼ਮਾ

ਜਾਂ ਵਿਜੈ ਇਸ ਦੇ ਹੱਕ ਵਿਚ ਨਹੀਂ ਹਨ ਪਰ ਹਾਲਾਤ ਕੁਝ ਅਜਿਹੇ ਹੋ ਜਾਂਦੇ ਹਨ। ਆਈਰੀਨ ਸੁਸ਼ਮਾ ਕੋਲ ਆਪਣੇ ਇਲਾਜ ਲਈ ਆਉਂਦੀ ਹੈ। ਦਵਾਈ ਲੈ ਲੈਂਦੀ ਹੈ ਪਰ ਉਸ ਕੋਲ ਦੇਣ ਲਈ ਫੀਸ ਨਹੀਂ ਹੈ। ਆਈਰੀਨ ਕੌਂਸਲ ਵਲੋਂ ਰਜਿਸਟਰ ਕੀਤੀ ਹੋਈ ਖਿਡਾਵੀ ਹੈ ਤੇ ਉਹ ਸੁਸ਼ਮਾ ਦੀ ਫੀਸ ਬਦਲੇ ਆਪਣੀਆਂ ਸਵੇਵਾਂ ਪੇਸ਼ ਕਰਦੀ ਹੈ। ਵਿਜੈ ਤੇ ਸੁਸ਼ਮਾ ਸੋਚਣ ਲਗਦੇ ਹਨ ਕਿ ਕੀ ਕਰਨ। ਵਿਜੈ ਨੂੰ ਲਗਦਾ ਹੈ ਕਿ ਬੱਚਿਆਂ ਲਈ ਇਹ ਠੀਕ ਰਹੇਗਾ। ਉਹਨਾਂ ਦਾ ਮਹੌਲ ਬਦਲੇਗਾ। ਆਈਰੀਨ ਆਪਣੇ ਆਪ ਨੂੰ ਵਧੀਆ ਖਿਡਾਵੀ ਸਿਧ ਕਰਦੀ ਹੈ। ਕਦੇ ਉਹ ਬੱਚਿਆਂ ਨੂੰ ਪਾਰਕ ਵਿਚ ਲੈ ਜਾਂਦੀ ਹੈ ਤੇ ਕਦੇ ਆਪਣੇ ਘਰ ਜਿਥੇ ਉਸ ਨੇ ਬੱਚਿਆਂ ਦੇ ਖੇਡਣ ਲਈ ਕਈ ਸਹੂਲਤਾਂ ਰੱਖੀਆਂ ਹੋਈਆਂ ਹਨ। ਬਹੁਤ ਹੀ ਹਸਮੁੱਖ ਸੁਭਾਅ ਵਾਲੀ ਔਰਤ ਹੈ, ਹਰ ਵੇਲੇ ਹਸੂੰ ਹਸੂੰ ਕਰਨ ਵਾਲੀ। ਬੱਚੇ ਖਿਡਾਉਣ ਦਾ ਸਿਲਸਿਲਾ ਕੁਝ ਮਹੀਨਿਆਂ ਤਕ ਚਲਦਾ ਰਹਿੰਦਾ ਹੈ। ਇਕ ਦਿਨ ਆਈਰੀਨ ਨਹੀਂ ਆਉਂਦੀ। ਦੂਜੇ ਦਿਨ ਵੀ ਨਹੀਂ ਤੇ ਤੀਜੇ ਦਿਨ ਵੀ ਨਹੀਂ। ਵਿਜੈ ਸੋਚਦਾ ਹੈ ਕਿ ਸ਼ਾਇਦ ਉਹ ਠੀਕ ਨਾ ਹੋਵੇ ਜਾਂ ਫਿਰ ਕਿਸੇ ਹੋਰ ਪਾਸੇ ਨਿਕਲ ਗਈ ਹੋਵੇ ਜਾਂ ਫਿਰ ਹੋ ਸਕਦਾ ਹੈ ਕਿ ਉਸ ਦੇ ਦਵਾਈ ਵਾਲੇ ਪੈਸੇ ਪੂਰੇ ਹੋ ਗਏ ਹੋਣ ਇਸ ਲਈ ਨਾ ਆਉਂਦੀ ਹੋਵੇ। ਵਿਜੈ ਇਸ ਗੱਲ ਨੂੰ ਲੈ ਕੇ ਆਪਣੇ ਆਪ ਉਪਰ ਕੋਈ ਦਬਾਅ ਵੀ ਨਹੀਂ ਪਾਉਂਦਾ। ਉਸ ਨੂੰ ਆਈਰੀਨ ਦੀ ਲੋੜ ਵੀ ਨਹੀਂ ਹੈ।

ਇਕ ਦਿਨ ਇਕ ਪੁਲੀਸ ਅਫਸਰ ਉਸ ਦੇ ਘਰ ਦਾ ਦਰਵਾਜ਼ਾ ਖੜਕਾਉਂਦਾ ਹੈ। ਵਿਜੈ ਖੋਹਲਦਾ ਹੈ। ਪੁਲੀਸ ਅਫਸਰ ਇਕ ਕਾਰਡ ਦਿਖਾਉਂਦਾ ਪੁੱਛਦਾ ਹੈ,

"ਕੀ ਇਹ ਤੇਰਾ ਹੀ ਕਾਰਡ ਹੈ?"

"ਹਾਂ, ਮੇਰੀ ਪਤਨੀ ਦਾ, ਉਹ ਆਯੂਰਵੈਦਿਕ ਪਰੈਕਟਿਸ ਕਰਦੈ ਐ।"

"ਇਹ ਕਾਰਡ ਸਾਨੂੰ ਇਕ ਔਰਤ ਦੇ ਬੈਗ ਵਿਚੋਂ ਮਿਲਿਆ ਹੈ ਜੋ ਕਿ ਇਸ ਵੇਲੇ ਹਸਪਤਾਲ ਵਿਚ ਹੈ, ਸਖਤ ਬਿਮਾਰ ਹੈ, ਕੀ ਤੁਸੀਂ ਉਸ ਨੂੰ ਜਾਣਦੇ ਓ?"

"ਸਾਡਾ ਕਾਰਡ ਤਾਂ ਬਹੁਤ ਸਾਰੇ ਲੋਕਾਂ ਨੂੰ ਦਿਤਾ ਜਾਂਦਾ ਐ, ਤੁਸੀ ਕੋਈ ਪੱਛਾਣ ਦੱਸੋ ਤਾ ਸ਼ਾਇਦ ਮੈਂ ਕੋਈ ਮਦਦ ਕਰ ਸਕਾਂ।"

"ਇਹ ਅੰਗਰੇਜ਼ ਔਰਤ ਐ, ਉਮਰ ਪੰਜਾਹ ਦੇ ਕਰੀਬ, ਛੋਟੇ ਕੱਟੇ ਹੋਏ ਵਾਲ ਤੇ ਸੁਨਿਹਰੀ ਐਨਕਾਂ।"

"ਇਹ ਤਾਂ ਆਈਰੀਨ ਈ ਹੋ ਸਕਦੀ ਐ, ਮੇਰੇ ਬੱਚਿਆਂ ਦੀ ਖਿਡਾਵੀ, ਕਈ ਦਿਨ ਤੋਂ ਆਈ ਨਹੀਂ।"

"ਇਸ ਵੇਲੇ ਉਹ ਵਰਦਿੰਗ ਦੇ ਮੇਨ ਹਸਪਤਾਲ ਵਿਚ ਹੈ, ਉਸ ਦੀ ਹਾਲਤ ਬਹੁਤ ਗੰਭੀਰ ਹੈ, ਅਸੀਂ ਉਸ ਦੇ ਵਾਰਸਾਂ ਨੂੰ ਲਭਦੇ ਫਿਰਦੇ ਹਾਂ।"

"ਉਸ ਦੇ ਵਾਰਸਾਂ ਬਾਰੇ ਤਾਂ ਮੈਨੂੰ ਕੁਸ਼ ਨਹੀਂ ਪਤਾ ਪਰ ਉਸ ਦਾ ਸਿਰਨਾਵਾਂ ਦੇ ਸਕਦਾਂ।"

ਪੁਲੀਸ ਦੇ ਜਾਣ ਤੋਂ ਬਾਅਦ ਵਿਜੈ ਭਜਦਾ ਹੋਇਆ ਹਸਪਤਾਲ ਜਾਂਦਾ ਹੈ ਜਿਥੇ ਆਈਰੀਨ ਦਾਖਲ ਹੈ। ਆਈਰੀਨ ਨੂੰ ਮਸ਼ੀਨਾਂ ਲਗੀਆ ਹੋਈਆਂ ਹਨ। ਉਹ ਬੇਹੋਸ਼ ਪਈ ਹੈ। ਵਿਜੈ ਉਸ ਵਲ ਕੁਝ ਪਲ ਦੇਖਦਾ ਰਹਿੰਦਾ ਹੈ ਤੇ ਫਿਰ ਡਾਕਟਰ ਨੂੰ ਪੁੱਛਦਾ ਹੈ,

"ਡੌਕ, ਕੀ ਹੋਇਆ ਇਸ ਨੂੰ?"

"ਬਰੇਨ ਹੈਮਰਿਜ! ਇਸ ਦੇ ਸਿਰ ਦੀ ਨਾੜੀ ਫਟ ਗਈ ਹੈ, ਇਹ ਹੁਣ ਲਾਈਫ ਸਪੋਰਟ ਤੇ ਹੈ, ਅਸੀ ਇਸ ਲਈ ਹੁਣ ਕੁਸ਼ ਨਹੀਂ ਕਰ ਸਕਦੇ। ਅਸੀਂ ਇਸ ਦੇ ਕਿਸੇ ਵਾਰਸ ਨੂੰ ਉਡੀਕ ਰਹੇ ਹਾਂ ਤਾਂ ਜੋ ਇਸ ਦੀ ਲਾਈਫ ਸਪੋਰਟ ਮਸ਼ੀਨ ਬੰਦ ਕਰ ਸਕੀਏ।"

ਗੱਲ ਸੁਣ ਵਿਜੈ ਘਬਰਾ ਜਾਂਦਾ ਹੈ ਤੇ ਇਕ ਦਮ ਪਿੱਛੇ ਹਟ ਜਾਂਦਾ ਹੈ। ਉਹ ਖੜਾ ਸੋਚ ਰਿਹਾ ਹੈ ਕਿ ਕੀ ਇਨਸਾਨ ਨਾਲ ਇਕ ਦਮ ਇਵੇਂ ਵੀ ਹੋ ਸਕਦਾ ਹੈ।...

ਅਜ ਸੁਸ਼ਮਾ ਵਲ ਦੇਖ ਉਸ ਨੂੰ ਆਈਰੀਨ ਯਾਦ ਆ ਜਾਂਦੀ ਹੈ। ਉਹ ਸੁਸ਼ਮਾ ਵਾਂਗ ਹੀ ਅਹਿਲ ਪਈ ਸੀ। ਵਿਜੈ ਧੁਰ ਅੰਦਰ ਤਕ ਹਿਲ ਜਾਦਾ ਹੈ। ਜੇ ਇਹ ਵੀ ਆਈਰੀਨ ਵਾਲੀ ਗੱਲ ਹੋਈ ਤਾਂ ਕੀ ਹੋਵੇਗਾ। ਉਸ ਦਾ ਕੀ ਬਣੇਗਾ। ਉਹ ਇਕ ਦਮ ਐਂਬੂਲੈਂਸ ਨੂੰ ਫੋਨ ਕਰਦਾ ਹੈ। ਐਂਬੂਲੈਂਸ ਕੁਝ ਮਿੰਟਾ ਵਿਚ ਹੀ ਆ ਜਾਂਦੀ ਹੈ। ਐਂਬੂਲੈਂਸ ਦੇ ਕਰਮਚਾਰੀ ਇਕ ਦਮ ਸੁਸ਼ਮਾ ਨੂੰ ਚੁੱਕ ਕੇ ਲੈ ਜਾਂਦੇ ਹਨ। ਵਿਜੈ ਬਹੁਤ ਡਰਿਆ ਹੋਇਆ ਹੈ। ਉਹ ਦੋਨਾਂ ਬੱਚਿਆਂ ਨੂੰ ਕਲ਼ਾਵੇ ਵਿਚ ਲੈ ਕੇ ਆਖਦਾ ਹੈ,

"ਯੋਅਰ ਮੌਮ ਇਜ਼ ਵੈਰੀ ਸੀਰੀਅਸ! ਸ਼ੀ ਇਜ਼ ਸਿੱਕ। ਵੀ ਕਾਂਟ ਗੋ ਟੂ ਪਰੋਗਰਾਮ ਨਾਓ।"

ਰੋਹਨ ਤੇ ਵਿਧੀ ਇਕ ਦੂਜੇ ਵਲ ਦੇਖਦੇ ਹਨ। ਵਿਧੀ ਆਖਦੀ ਹੈ,

"ਆਏ ਡੌਂਟ ਲਾਏਕ ਟੂ ਗੋ, ਆਏ'ਮ ਸਲੀਪੀ।"

"ਯੈਸ ਡੈਡ, ਵੀ ਆਰ ਓਕੇਅ।"

ਉਸ ਦੇ ਮਗਰ ਹੀ ਰੋਹਨ ਆਖਦਾ ਹੈ। ਵਿਜੈ ਦੋਨਾਂ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ ਤੇ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ। ਉਹ ਰੋਂਦੀ ਜਿਹੀ ਅਵਾਜ਼ ਵਿਚ ਆਖਦਾ ਹੈ,

"ਆਪਾਂ ਹੌਸਪੀਟਲ ਚਲਦੇ ਆਂ, ਦੇਖਦੇ ਆਂ ਤੁਹਾਡੀ ਮੌਮ ਨੂੰ।"

ਉਹ ਤਿੰਨੋਂ ਹਸਪਤਾਲ ਪੁਜਦੇ ਹਨ। ਸੁਸ਼ਮਾ ਨੂੰ ਐਕਸਰੇ ਰੂਮ ਵਿਚ ਲੈ ਜਾਇਆ ਗਿਆ ਹੈ। ਉਹ ਇਕ ਪਾਸੇ ਬੈਠ ਕੇ ਉਡੀਕਣ ਲਗਦੇ ਹਨ। ਕੁਝ ਦੇਰ ਬਾਅਦ ਸੁਸ਼ਮਾ ਦਾ ਸਟਰੈਚਰ ਆ ਜਾਂਦਾ ਹੈ। ਇਕ ਪੋਰਟਰ ਉਸ ਨੂੰ ਧਕਦਾ ਹੋਇਆ ਲੈ ਕੈ ਆ ਰਿਹਾ ਹੈ। ਹਲਕੀ ਜਿਹੀ ਉਮਰ ਦੀ ਪਾਕਿਸਤਾਨੀ ਕੁੜੀ ਜੋ ਡਾਕਟਰ ਹੈ ਉਸ ਦੇ ਨਾਲ ਚਲ ਰਹੀ ਹੈ। ਡਾਕਟਰ ਵਿਜੈ ਤੇ ਬੱਚਿਆਂ ਵਲ ਦੇਖਦੀ ਸਮਝ ਜਾਂਦੀ ਹੈ ਕਿ ਇਹ ਮਰੀਜ਼ ਦੇ ਰਿਸ਼ਤੇਦਾਰ ਹਨ। ਉਹ ਪੁੱਛਦੀ ਹੈ,

"ਆਰ ਯੂ ਮਿਸਟਰ ਸ਼ਰਮਾ?"

"ਯਾ!"

"ਸ਼ਰਮਾ ਜੀ, ਬਹੁਤ ਬੁਰੀ ਖਬਰ ਵੇ, ਤੁਹਾਡੀ ਬੀਵੀ ਨੂੰ ਬਰੇਨ ਹੈਮਰੇਜ ਹੋਇਆ ਵੇ, ਬਰੇਨ ਦੀ ਇਕ ਵੇਅਨ ਲੀਕ ਕਰ ਗਈ ਏ, ਚੰਗੀ ਗੱਲ ਇਹ ਵੇ ਕਿ ਬਲੀਡਿੰਗ ਰੁਕ ਗਈ ਵੇ, ਜੇ ਨਾ ਰੁਕਦੀ ਤਾਂ ਅਸੀਂ ਕੁਝ ਨਾ ਕਰ ਸਕਦੇ ਪਰ ਹੁਣ ਓਪਰੇਸ਼ਨ ਹੋ ਸਕਦਾ ਵੇ ਤੇ ਸਾਨੂੰ ਇਕ ਦਮ ਓਪਰੇਸ਼ਨ ਕਰਨਾ ਪਏਗਾ, ਇਹ ਬਹੁਤ ਵੱਡਾ ਓਪਰੇਸ਼ਨ ਹੋਵੇਗਾ।"

ਵਿਜੈ ਦਾ ਡਰ ਸੱਚ ਨਿਕਲਦਾ ਹੈ। ਉਹ ਸੰਭਲਦਾ ਹੋਇਆ ਪੁੱਛਦਾ ਹੈ,

"ਮੇਰੀ ਵਾਈਫ ਹੋਸ਼ ਵਿਚ ਐ?"

"ਹਾਂ, ਉਹ ਹੋਸ਼ ਵਿਚ ਆ ਗਈ ਵੇ।"

"ਉਸ ਨੂੰ ਆਪਣੀ ਹਾਲਤ ਬਾਰੇ ਪਤਾ ਏ?"

"ਜੀ, ਸਾਨੂੰ ਦਸਣਾ ਪੈਂਦਾ ਏ, ਵੀ ਹੈਵ ਟੂ।"

"ਅਸੀਂ ਗੱਲ ਕਰ ਸਕਦੇ ਆਂ?"

"ਬਿਲਕੁਲ, ਪੂਰੀ ਹੋਸ਼ ਵਿਚ ਵੇ ਬੱਟ ਵੀ ਆਰ ਸੈਂਡਿੰਗ ਹਰ ਟੂ ਕਿੰਗਜ਼ ਹੌਸਪੀਟਲ, ਬਰਾਈਟਨ। ...ਉਥੇ ਦਾ ਨਿਰਿਓਲੌਜੀ ਡਿਪਾਰਟਮਿੰਟ ਵੱਡਾ ਐ।"

ਵਿਜੈ ਰੋਹਨ ਤੇ ਵਿਧੀ ਨੂੰ ਲੈ ਕੇ ਸੁਸ਼ਮਾ ਦੇ ਸਟਰੈਚਰ ਦੇ ਕੋਲ ਚਲੇ ਜਾਂਦਾ ਹੈ। ਸੁਸ਼ਮਾ ਥੋੜਾ ਕੁ ਮੁਸਕਰਾ ਕੇ ਆਖਦੀ ਹੈ,

"ਸ਼ਰਮਾ ਜੀ, ਲਗਦੈ ਵਕਤ ਆ ਗਿਐ।"

"ਇਹ ਤੇਰੇ ਹੱਥ ਵਿਚ ਐ ਕਿ ਮੇਰੇ ਹੱਥ ਵਿਚ ਐ! ਕੋਈ ਕੁਸ਼ ਨਹੀਂ ਕਹਿ ਸਕਦਾ! ਹਾਲੇ ਤਾਂ ਆਪਣੇ ਪੰਗੇ ਲੰਮੇ ਆਂ, ਹਾਲੇ ਤਾਂ ਤੂੰ ਆਪਣੇ ਮੁੱਛਲ ਪਿਓ ਨੂੰ ਹੋਰ ਪੈਸੇ ਭੇਜਣੇ ਆਂ।"

ਹੁਣ ਤਕ ਉਹਨਾਂ ਵਿਚ ਇੰਡੀਆ ਨੂੰ ਪੈਸੇ ਭੇਜਣ ਦੀ ਗੱਲ ਬਾਰੇ ਬਹੁਤ ਸਹਿਜ ਵਿਚ ਮਜ਼ਾਕ ਹੋਣ ਲਗਿਆ ਹੈ। ਜਿਸ ਬਾਰੇ ਵਿਜੈ ਸੋਚਦਾ ਹੈ ਕਿ ਸੁਸ਼ਮਾ ਦੇ ਵੀ ਕੁਝ ਹੱਕ ਹਨ, ਜੇ ਭੇਜ ਵੀ ਦਿਤੇ ਥੋੜੇ ਬਹੁਤ ਤਾਂ ਐਡੀ ਕਿਹੜੀ ਗੱਲ ਹੋ ਗਈ। ਦੂਜੇ ਪਾਸੇ ਸੁਸ਼ਮਾ ਆਪਣੇ ਆਪ ਨੂੰ ਦੋਸ਼ੀ ਵੀ ਮੰਨਦੀ ਹੋਈ ਆਪਣਾ ਹੱਕ ਵੀ ਸਮਝਦੀ ਹੈ ਤੇ ਇਹ ਮਜ਼ਾਕ ਝੱਲ ਜਾਂਦੀ ਹੈ। ਸੁਸ਼ਮਾ ਉਸ ਦੀ ਗੱਲ ਵਲ ਧਿਆਨ ਦਿਤੇ ਬਿਨਾਂ ਆਖਦੀ ਹੈ,

"ਸ਼ਰਮਾ ਜੀ, ਆਪਣੇ ਬੈਡ ਦੇ ਮੈਟਰਸ ਹੇਠ ਦੋ ਹਜ਼ਾਰ ਪੌਂਡ ਪਿਐ, ਕੱਢ ਕੇ ਸਾਰੇ ਬਿਲ ਕਲੀਅਰ ਕਰ ਦਿਓ।"

"ਤੂੰ ਕੋਈ ਚਿੰਤਾ ਨਾ ਕਰ।"

ਵਿਜੈ ਕਹਿ ਜਾਂਦਾ ਹੈ ਪਰ ਉਸ ਨੂੰ ਗੁੱਸਾ ਆਉਣ ਲਗਦਾ ਹੈ ਕਿ ਇਹ ਦੋ ਹਜ਼ਾਰ ਉਸ ਦੀ ਜਾਣਕਾਰੀ ਤੋਂ ਬਿਨਾਂ ਕਿਵੇਂ ਪਿਆ ਹੋਇਆ। ਉਸ ਨੂੰ ਸੁਸ਼ਮਾ ਨਾਲ ਨਫਰਤ ਵੀ ਹੋਣ ਲਗਦੀ ਹੈ ਕਿ ਉਹ ਇਹ ਪੈਸੈ ਇਸ ਲਈ ਦਸ ਰਹੀ ਹੈ ਕਿ ਉਸ ਨੂੰ ਲਗਦਾ ਹੈ ਕਿ ਸ਼ਾਇਦ ਉਹ ਨਾ ਰਹੇ। ਉਸ ਨੂੰ ਸੁਸ਼ਮਾ ਤੇ ਉਸ ਦੇ ਪਰਿਵਾਰ ਬਾਰੇ ਬੁਰੇ ਖਿਆਲ ਆਉਣ ਲਗਦੇ ਹਨ ਪਰ ਉਹ ਇਹਨਾਂ ਤੇ ਕਾਬੂ ਪਾ ਲੈਂਦਾ ਹੈ। ਸੁਸ਼ਮਾ ਆਖ ਰਹੀ ਹੈ,

"ਮੈਨੂੰ ਲਗਦਾ ਸੀ ਜਿਹੜਾ ਏਨਾ ਸਿਰ ਦੁਖਦੈ ਇਕ ਦਿਨ ਕੋਈ ਵੱਡੀ ਪਰੋਬਲਮ ਪਏਗੀ।"

"ਫਿਕਰ ਨਾ ਕਰ, ਤੂੰ ਠੀਕ ਹੋ ਜਾਵੇਂਗੀ, ਸਿਰ ਵੀ ਹੁਣ ਹਟ ਜਾਵੇਗਾ, ਬਥੇਰਾ ਦੁਖ ਲਿਆ।"

"ਡਾਕਟਰ ਕਹਿੰਦਾ ਸੀ ਕਿ ਬਚਣ ਦੇ ਚਾਂਸ ਫੌਰਟੀ ਪਰਸੈਂਟ ਈ ਆ।"

"ਡਾਕਟਰ ਤਾਂ ਐਵੇਂ ਵਧਾ ਚੜ੍ਹਾ ਕੇ ਗੱਲ ਕਰਦੇ ਹੁੰਦੇ ਆ ਤਾਂ ਜੋ ਬਾਅਦ ਵਿਚ ਕੋਈ ਕੰਪਲੇਨ ਨਾ ਕਰੇ ਕਿ ਪੂਰੀ ਗੱਲ ਨਹੀਂ ਦਸੀ।"

"ਜੋ ਵੀ ਐ ਤੁਸੀਂ ਬੱਚਿਆਂ ਨੂੰ ਸੰਭਾਲ ਲਿਓ, ਕਿਸੇ ਦੇ ਸਿਰ ਤੇ ਨਾ ਛੱਡਿਓ।"

"ਤੂੰ ਕਿਸੇ ਕਿਸਮ ਦਾ ਫਿਕਰ ਨਾ ਕਰ।"

ਵਿਜੈ ਉਸ ਦੇ ਹੱਥ ਫੜ ਕੇ ਆਪਣੇ ਹੱਥਾਂ ਵਿਚ ਘੁੱਟਦਾ ਹੈ। ਸੁਸ਼ਮਾ ਨੂੰ ਅਰਾਮ ਜਿਹਾ ਮਿਲਦਾ ਹੈ। ਉਹ ਬੱਚਿਆਂ ਵਲ ਖਾਸ ਮੋਹ ਨਾਲ ਦੇਖਦੀ ਹੈ। ਉਹ ਉਹਨਾਂ ਦੋਨਾਂ ਦੇ ਚਿਹਰਿਆਂ ਤੇ ਹੱਥ ਫੇਰਦੀ ਹੈ ਤੇ ਕਹਿੰਦੀ ਹੈ,

"ਸੌਰੀ, ਤੁਹਾਡਾ ਪਰੋਗਰਾਮ ਖਰਾਬ ਹੋ ਗਿਆ।"

"ਡੌਂਟ ਵੱਰੀ ਮੌਮ, ਨੈਕਸਟ ਯੀਅਰ।"

"ਹੁਣ ਤੁਸੀਂ ਡੈਡੀ ਨੂੰ ਲਿਸਨ ਕਰਨੈ, ਓਕੇ!"
"ਵੀ ਆਲਵੇਜ਼ ਲਿਸਨ ਹਿਮ, ਇਜ਼ੰਟ ਵਿਧੀ?"
"ਔਫ ਕੋਰਸ ਵੀ ਡੂ।"

ਵਿਧੀ ਰੋਹਨ ਦੀ ਗੱਲ ਦੀ ਤਾਈਦ ਕਰਦੀ ਹੈ। ਡਾਕਟਰ ਕੁੜੀ ਫਿਰ ਉਹਨਾਂ ਪਾਸ ਆਉਂਦੀ ਹੈ ਤੇ ਵਿਜੈ ਨੂੰ ਦਸਦੀ ਹੈ,
"ਹੁਣ ਇਹਨਾਂ ਨੂੰ ਕਿੰਗਜ਼ ਹੌਸਪੀਟਲ ਲੈ ਜਾਇਆ ਜਾਵੇਗਾ, ਤੁਸੀਂ ਉਥੇ ਇਹਨਾਂ ਨੂੰ ਮਿਲ ਸਕਦੇ ਓ। ਦੋ ਕੁ ਘੰਟੇ ਦਾ ਗੈਪ ਦਿਓ।"

ਸੁਸ਼ਮਾ ਨੂੰ ਨੀਂਦ ਆ ਰਹੀ ਹੈ। ਦਵਾਈ ਦਾ ਅਸਰ ਹੈ। ਵਿਜੈ ਘੜੀ ਦੇਖਦਾ ਹੈ। ਹਾਲੇ ਛੇ ਵੱਜੇ ਹਨ। ਉਹ ਸੁਸ਼ਮਾ ਨੂੰ ਅਲਵਿਦਾ ਕਹਿ ਕੇ ਬੱਚਿਆਂ ਨੂੰ ਲੈ ਕਾਰ ਵਲ ਤੁਰ ਪੈਂਦਾ ਹੈ। ਉਹ ਗਾਉਣ ਲਗਦਾ ਹੈ;

'ਮੁਝੇ ਛੂ ਰਹੀ ਹੈਂ, ਨਿਗਾਹੇਂ ਤੁਮਾਹਰੀ, ਮੇਰੇ ਰਾਤ ਔਰ ਦਿਨ ਬਦਲਨੇ ਲਗੇ ਹੈਂ',.....

ਰੋਹਨ ਪੁੱਛਦਾ ਹੈ,
"ਡੈਡ, ਯੂ ਲਾਈਕ ਸਿੰਗਿੰਗ?"
"ਨੌਟ ਰੀਅਲੀ।"
"ਵਾਏ ਯੂ ਸਿੰਗ ਸਮਟਾਈਮਜ਼?"
"ਜਸਟ ਹੈਬਿਟ।"
"ਇਟ ਇਜ਼ ਗੁੱਡ ਹੈਬਿਟ, ਮੇਕ ਇਟ ਹੌਬੀ।"
"ਯੂ ਲਾਈਕ ਸਿੰਗਿੰਗ?"

ਵਿਜੈ ਰੋਹਨ ਨੂੰ ਪੁੱਛਦਾ ਹੈ। ਰੋਹਨ ਸਿਰ ਮਾਰਦਾ 'ਨਾਂਹ' ਕਹਿੰਦਾ ਹੈ। ਵਿਧੀ ਪੁੱਛਦੀ ਹੈ,
"ਡੈਡ, ਵੈੱਨ ਮੌਮ ਕਮਿੰਗ ਹੋਮ?"
"ਇਟ ਵਿਲ ਟੇਕ ਫਿਊ ਡੇਅਜ਼।"

ਕਾਰ ਚਲਾਉਂਦੇ ਸਮੇਂ ਵਿਜੈ ਚੁੱਪ ਹੈ। ਦੋਵੇਂ ਬੱਚੇ ਵੀ ਚੁੱਪ ਹਨ। ਅਚਾਨਕ ਫਿਰ ਵਿਜੈ ਗਾਉਣ ਲਗਦਾ ਹੈ;

'ਜ਼ਿੰਦਗੀ ਔਰ ਕੁਸ਼ ਵੀ ਨਹੀਂ, ਤੇਰੀ ਮੇਰੀ ਕਹਾਨੀ ਹੈ',......

ਉਹ ਘਰ ਮੁਹਰੇ ਪੁੱਜ ਜਾਂਦੇ ਹਨ। ਵਿਜੈ ਉਹਨਾਂ ਦੋਨਾਂ ਨੂੰ ਸਾਂਝੇ ਤੌਰ ਤੇ ਪੁੱਛਦਾ ਹੈ,
"ਕੀ ਖਾਣੈ ਤੁਸੀਂ, ਘਰੋਂ ਕੁਸ਼ ਕਿ ਬਾਹਰੋਂ ਲੈਣਾ?"
"ਐਨੀਥਿੰਗ ਵਿਲ ਡੂ।"

ਰੋਹਨ ਆਖਦਾ ਹੈ ਤੇ ਵਿਧੀ ਵੀ ਉਸ ਦੀ 'ਹਾਂ' ਵਿਚ 'ਹਾਂ' ਮਿਲਾ ਰਹੀ ਹੈ। ਉਹ ਘਰ ਦੇ ਅੰਦਰ ਜਾਂਦੇ ਹਨ। ਵਿਧੀ ਟੈਲੀ ਚਲਾ ਲੈਂਦੀ ਹੈ। ਵਿਜੈ ਸੈਟੀ ਤੇ ਡਿਗ ਪੈਂਦਾ ਹੈ ਤੇ ਸੋਚਣ ਲਗਦਾ ਹੈ ਕਿ ਉਹ ਹੁਣ ਕੀ ਕਰੇ। ਸਥਿਤੀ ਬਹੁਤ ਗੰਭੀਰ ਹੈ। ਕੁਝ ਵੀ ਹੋ ਸਕਦਾ ਹੈ। ਸਿਰ ਦਾ ਓਪਰੇਸ਼ਨ ਹੈ। ਪਤਾ ਨਹੀਂ ਇਹ ਹਾਲਤ ਕਿਵੇਂ ਪੈਦਾ ਹੋ ਗਈ। ਸਿਰ ਦੁਖਣ ਕਰਕੇ ਉਸ ਨੂੰ ਕਈ ਡਰ ਸਨ ਪਰ ਪਤਾ ਨਹੀਂ ਸੀ ਕਿ ਬਰੇਨ ਹੈਮਰੇਜ ਹੀ ਹੋ ਜਾਵੇਗਾ। ਉਹ ਸੋਚਣ ਲਗਦਾ ਹੈ ਕਿ ਕਿਸੇ ਨੂੰ ਫੋਨ ਕਰਕੇ ਸੁਸ਼ਮਾ ਦੀ ਹਾਲਤ ਬਾਰੇ ਦੱਸੇ ਜਾਂ ਨਾ। ਦੱਸਣ ਨੂੰ ਤਾਂ ਰਮੇਸ਼ ਹੈ, ਤਾਇਆ-ਤਾਈ ਹਨ, ਹੁਸ਼ਿਆਰ ਹੈ, ਭਾਗੀ ਹੈ। ਸੁਣਦੇ ਸਾਰ ਇਹ ਸਾਰੇ ਹੀ ਭੱਜੇ ਆਉਣਗੇ ਪਰ ਇਸ ਨਾਲ ਉਸ ਦੀ ਸਿਰਦਰਦੀ ਵਧ ਜਾਵੇਗੀ। ਕਿਸੇ ਨੂੰ ਚਾਹ ਪਿਲਾ ਜਾਂ ਕੁਝ ਹੋਰ। ਘਰ ਆਏ ਦੀ ਸੇਵਾ ਕਰਨੀ ਪਵੇਗੀ। ਇਸ ਨਾਲ ਉਸ ਦਾ ਕੰਮ ਹੋਰ ਖਿਲਰ ਜਾਵੇਗਾ। ਉਪਰੋਂ ਦੀ ਉਹਨਾਂ ਸਭ ਨੂੰ ਹੀ ਭੱਜ ਦੌੜ ਪੈ ਜਾਵੇਗੀ। ਉਹ ਤਹਿ ਕਰ ਲੈਂਦਾ ਹੈ ਕਿ ਓਪਰੇਸ਼ਨ ਹੋਣ ਤੋਂ ਬਾਅਦ ਹੀ ਕਿਸੇ ਨੂੰ ਫੋਨ ਕਰੇਗਾ। ਉਹ ਸੁਸ਼ਮਾ ਵਲੋਂ ਦਸੇ ਦੋ ਹਜ਼ਾਰ ਪੌਂਡ ਕੱਢ ਕੇ ਸੰਭਾਲ ਲੈਂਦਾ ਹੈ। ਹੁਣ ਉਸ ਨੂੰ ਸੁਸ਼ਮਾ ਨਾਲ ਕਿਸੇ ਕਿਸਮ ਦਾ ਗੁੱਸਾ ਨਹੀਂ ਆ ਰਿਹਾ।

ਅੱਠ ਕੁ ਵਜੇ ਉਹ ਬੱਚਿਆਂ ਨੂੰ ਲੈ ਕੇ ਕਿੰਗਜ਼ ਹੌਸਪੀਟਲ ਲੈ ਤੁਰਦਾ ਹੈ। ਹਸਪਤਾਲ ਵਿਚ ਹਨੇਰਾ ਹੀ ਹਨੇਰਾ ਹੈ ਜਿਵੇਂ ਇਥੇ ਕੋਈ ਹੋਵੇ ਹੀ ਨਾ। ਅਜ ਛੁੱਟੀ ਦਾ ਦਿਨ ਹੈ ਇਸ ਕਰਕੇ ਸਟਾਫ ਬਹੁਤ ਘਟ ਹੋਵੇਗਾ। ਇਸੇ ਲਈ ਸਾਰੀਆਂ ਬੱਤੀਆਂ ਵੀ ਨਹੀਂ ਜਗਾਈਆਂ ਹੋਣਗੀਆਂ। ਹਸਪਤਾਲ ਦੇ ਕਾਰ ਪਾਰਕ ਵਿਚ ਵੀ ਐਵੇਂ ਦੋ ਕੁ ਕਾਰਾਂ ਹੀ ਖੜੀਆਂ ਹਨ। ਉਹ ਰਿਸੈਪਸ਼ਨ ਤੇ ਜਾਂਦਾ ਹੈ। ਕੋਈ ਨਹੀਂ ਹੈ। ਇਕ ਬਲਬ ਜ਼ਰੂਰ ਜਗ ਰਿਹਾ ਹੈ। ਅੱਗੇ ਥੋੜੇ ਹੋਰ ਬਲਬ ਜਗਦੇ ਦਿਸਦੇ ਹਨ ਪਰ ਕਿਸੇ ਵਿਅਕਤੀ ਦਾ ਨਾਂ-ਨਿਸ਼ਾਨ ਨਹੀਂ ਹੈ। ਉਹ ਇਸ ਹਸਪਤਾਲ ਕਦੇ ਨਹੀਂ ਆਇਆ ਇਸ ਲਈ ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ। ਹੁਣ ਸੁਸ਼ਮਾ ਨੂੰ ਕਿਥੋਂ ਭਾਲੇ! ਅਗੇ ਲਿਫਟਾਂ ਕੋਲ ਇਕ ਨਰਸ ਤੁਰੀ ਆਉਂਦੀ ਦਿਸ ਪੈਂਦੀ ਹੈ। ਉਹ ਉਸ ਨੂੰ ਪੁੱਛਦਾ ਹੈ,
"ਅਜ ਹਸਪਤਾਲ ਬੰਦ ਤਾਂ ਨਹੀਂ?"
"ਨਹੀਂ, ਐਮਰਜੈਂਸੀ ਸਰਵਿਸ ਹੀ ਚਲ ਰਹੀ ਐ।"
"ਪੇਸ਼ੀਇੰਟ ਕਿਥੇ ਗਏ?"

"ਕਿਸ ਨੂੰ ਮਿਲਣੈ?"

"ਮੇਰੀ ਵਾਈਫ ਐ, ਵਰਦਿੰਗ ਹੌਸਪੀਟਲ ਤੋਂ ਹੁਣੇ ਆਈ ਐ, ਉਹਨੂੰ ਬਰੇਨ ਹੈਮਰਿਜ ਹੋਇਐ।"

"ਸੋ ਸੌਰੀ! ਨੌਵੀਂ ਮੰਜ਼ਲ ਤੇ ਚਲੇ ਜਾਓ, ਅਜਿਹੇ ਗੰਭੀਰ ਕੇਸ ਉਥੇ ਈ ਹੁੰਦੇ ਆ।"

ਨੌਵੀਂ ਮੰਜ਼ਲ ਤੇ ਵੀ ਬੱਤੀਆਂ ਪੂਰੀਆਂ ਨਹੀਂ ਜਗ ਰਹੀਆਂ ਪਰ ਇਥੇ ਕੁਝ ਵਿਅਕਤੀ ਹਾਜ਼ਰ ਹਨ ਤੇ ਆਪੋ ਆਪਣੇ ਕੰਮਾਂ ਨੂੰ ਲਗੇ ਹੋਏ ਹਨ। ਮਹੌਲ ਵਿਚ ਨਵੇਂ ਸਾਲ ਦੀ ਪਾਰਟੀ ਦੀ ਤਿਆਰੀ ਜਿਹੀ ਹੈ। ਵਿਜੈ ਸਮਝਦਾ ਹੈ ਕਿ ਬਿਮਾਰ ਆਪਣੇ ਲਈ ਬਿਮਾਰ ਹਨ, ਉਹਨਾਂ ਨੂੰ ਨਵੇਂ ਸਾਲ ਦਾ ਚਾਅ ਨਹੀਂ ਹੋਵੇਗਾ ਪਰ ਕੰਮ ਕਰਨ ਵਾਲਾ ਸਟਾਫ ਤਾਂ ਇਸ ਦਿਨ ਨੂੰ ਬਾਕੀ ਦੁਨੀਆਂ ਵਾਂਗ ਹੀ ਉਡੀਕ ਰਿਹਾ ਹੋਵੇਗਾ ਤੇ ਬਾਕੀ ਦੁਨੀਆਂ ਵਾਂਗ ਹੀ ਮਨਾਵੇਗਾ। ਉਹ ਕਿਸੇ ਨੂੰ ਸੁਸ਼ਮਾ ਬਾਰੇ ਪੁੱਛਦਾ ਹੈ। ਉਸ ਉਸ ਨੂੰ ਸਾਹਮਣੇ ਕਮਰੇ ਵਲ ਇਸ਼ਾਰਾ ਕਰ ਦਿੰਦਾ ਹੈ। ਕਮਰੇ ਦੇ ਅੰਦਰ ਵੜਦਿਆਂ ਹੀ ਇਕ ਨਰਸ ਬੈਠੀ ਹੈ। ਉਹ ਸੁਸ਼ਮਾ ਬਾਰੇ ਪੁੱਛਦਾ ਹੈ। ਨਰਸ ਉਸ ਨੂੰ ਖੱਬੇ ਹੱਥ ਦੀ ਲਾਈਨ ਵਲ ਇਸ਼ਾਰਾ ਕਰ ਦਿੰਦੀ ਹੈ। ਇਥੇ ਸਾਰੇ ਪਾਸੇ ਚੁੱਪ-ਚਾਂ ਹੈ। ਵੀਹ ਕੁ ਬਿਸਤਰ ਹਨ। ਉਹ ਤਿੰਨੋਂ ਸੁਸ਼ਮਾ ਦੇ ਬਿਸਤਰ ਕੋਲ ਜਾ ਖੜਦੇ ਹਨ। ਸੁਸ਼ਮਾ ਸੁੱਤੀ ਪਈ ਹੈ। ਦਵਾਈ ਦਾ ਹਾਲੇ ਵੀ ਅਸਰ ਹੈ। ਨਰਸ ਉਹਨਾਂ ਕੋਲ ਆਉਂਦੀ ਹੈ ਤੇ ਦਸਦੀ ਹੈ,

"ਹੁਣ ਇਹ ਕੁਝ ਘੰਟੇ ਨਹੀਂ ਜਾਗਣ ਲਗੀ।"

"ਕੀ ਹਾਲਤ ਐ ਇਸਦੀ?"

"ਹਾਲਤ ਗੰਭੀਰ ਹੈ, ਇਹ ਚੰਗੇ ਮੌਕੇ ਤੇ ਹਸਪਤਾਲ ਪੁੱਜ ਗਈ ਨਹੀਂ ਤਾਂ ਸ਼ਾਇਦ...।"

ਉਹ ਆਪਣਾ ਵਾਕ ਪੂਰਾ ਨਹੀਂ ਕਰਦੀ। ਵਿਜੈ ਦੋਨਾਂ ਬੱਚਿਆਂ ਦੇ ਸਿਰਾਂ ਤੇ ਹੱਥ ਫੇਰਦਾ ਹੈ। ਨਰਸ ਫਿਰ ਕਹਿੰਦੀ ਹੈ,

"ਇਸ ਦਾ ਓਪਰੇਸ਼ਨ ਹੋਏਗਾ ਪਰ ਸਾਰੇ ਸਰਜਣ ਛੁੱਟੀ ਤੇ ਹਨ। ਨਵੇਂ ਸਾਲ ਦੀ ਸਾਰੇ ਪਾਸੀਂ ਛੁੱਟੀ ਹੈ ਪਰ ਫਿਰ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਰਜਣ ਮਿਲ ਜਾਣ। ਜਦੋਂ ਵੀ ਇੰਤਜ਼ਾਮ ਹੋ ਗਿਆ ਅਸੀਂ ਤੁਹਾਨੂੰ ਫੋਨ ਕਰਾਂਗੇ। ਤੁਹਾਨੂੰ ਕੁਝ ਫਾਰਮਾਂ ਤੇ ਦਸਤਖਤ ਕਰਨੇ ਹੋਣਗੇ। ਤੁਸੀਂ ਮੈਨੂੰ ਆਪਣਾ ਮੁਬਾਈਲ ਨੰਬਰ ਵੀ ਦੇ ਜਾਓ, ਤੁਹਾਡੇ ਘਰ ਦਾ ਨੰਬਰ ਤਾਂ ਸਾਡੇ ਕੋਲ ਹੈ।"

ਵਿਜੈ ਆਪਣਾ ਮੁਬਾਈਲ ਨੰਬਰ ਦਿੰਦਾ ਪੁੱਛਦਾ ਹੈ,

"ਜੇਕਰ ਓਪਰੇਸ਼ਨ ਲੇਟ ਹੋ ਗਿਆ ਤਾਂ ਇਸ ਦਾ ਕੋਈ ਨੁਕਸਾਨ ਤਾਂ ਨਹੀਂ ਹੋਵੇਗਾ?"

"ਨਹੀਂ, ਤੁਸੀਂ ਬਹੁਤ ਲੱਕੀ ਓ ਕਿ ਜੋ ਖੂਨ ਵਹਿ ਰਿਹਾ ਸੀ ਰੁਕ ਗਿਆ ਹੈ।"

ਉਹ ਘਰ ਨੂੰ ਆ ਜਾਂਦੇ ਹਨ। ਰਾਹ ਵਿਚੋਂ ਖਾਣ ਲਈ ਟੇਕ ਅਵੇਅ ਕਰ ਲੈਂਦੇ ਹਨ। ਘਰ ਟੈਲੀ ਉਪਰ ਨਵੇਂ ਸਾਲ ਦੇ ਸਵਾਗਤ ਦੇ ਜਸ਼ਨ ਚਲ ਰਹੇ ਹਨ। ਬੱਚੇ ਟੈਲੀ ਵਿਚ ਖੁੱਭ ਜਾਂਦੇ ਹਨ। ਉਹ ਭਾਗੀ ਨੂੰ ਫੋਨ ਕਰਦਾ ਹੈ। ਭਾਗੀ ਗੁੱਸੇ ਵਿਚ ਬੋਲਦੀ ਆਖਣ ਲਗਦੀ ਹੈ,

"ਆ ਗਿਆ ਮੇਰਾ ਚੇਤਾ! ਇੰਨੇ ਦਿਨ ਕਿਥੇ ਰਿਹਾਂ?"

"ਭਾਗੀ, ਪਹਿਲਾਂ ਕਿਥੇ ਰਿਹਾਂ ਪਤਾ ਨਹੀਂ ਪਰ ਹੁਣ ਕਿਥੇ ਰਹਿਣਾ ਇਹਦੇ ਬਾਰੇ ਫਿਕਰ ਵਿਚ ਆਂ।"

"ਵਿਜੇ, ਕੀ ਹੋਇਆ? ਤੇਰੀ ਅਵਾਜ਼ ਇੰਨੀ ਉਖੜੀ ਹੋਈ ਕਿਉਂ ਆ?"

"ਸੁਸ਼ਮਾ ਨੂੰ ਬਰੇਨ ਹੈਮਰੇਜ ਹੋ ਗਿਆ, ਸਿਰ ਦੀ ਨਾੜੀ ਫਟ ਗਈ।"

"ਵਿਜੇ, ਤੈਨੂੰ ਪਤਾ ਤੂੰ ਕੀ ਕਹਿ ਰਿਹਾਂ!"

"ਹਾਂ ਭਾਗੀ, ਅਜ ਸ਼ਾਮੀ ਇਹ ਭਾਣਾ ਵਾਪਰ ਗਿਆ। ਬਰਾਈਟਨ ਹਸਪਤਾਲ ਐ, ਓਪਰੇਸ਼ਨ ਹੋਏਗਾ।"

"ਇਹ ਤਾਂ ਬਹੁਤ ਬੁਰੀ ਖਬਰ ਆ, ਤੂੰ ਨਿਆਣੇ ਲੈ ਕੇ ਮੇਰੇ ਵਲ ਆ ਜਾ।"

"ਨਹੀਂ, ਮੈਂ ਫੋਨ ਦੀ ਵੇਟ ਕਰਨੀ ਆਂ, ਜਦ ਡਾਕਟਰ ਓਪਰੇਸ਼ਨ ਲਈ ਤਿਆਰ ਹੋਏ ਤਾਂ ਮੈਨੂੰ ਹਸਪਤਾਲ ਭੱਜਣਾ ਪਵੇਗਾ।"

"ਆਪਣੇ ਤਾਏ ਨੂੰ ਦਸਿਆ?"

"ਨਹੀਂ, ਮੈਂ ਕਿਸੇ ਦਾ ਨਵਾਂ ਸਾਲ ਖਰਾਬ ਨਹੀਂ ਕਰਨਾ ਚਾਹੁੰਦਾ।"

ਭਾਗੀ ਖੁਸ਼ ਹੋ ਜਾਂਦੀ ਹੈ ਕਿ ਵਿਜੈ ਨੇ ਉਸ ਨੂੰ ਆਪਣੇ ਇੰਨੇ ਨੇੜੇ ਸਮਝਿਆ। ਉਹ ਕਹਿੰਦੀ ਹੈ,

"ਦਸ ਵਿਜੈ ਮੈਂ ਤੇਰੇ ਕਿਸੇ ਕੰਮ ਆ ਸਕਦੀ ਹੋਈ। ਬੱਚੇ ਮੇਰੇ ਵਲ ਛੱਡਣੇ ਤਾਂ ਛੱਡ ਦੇ। ਮੈਨੂੰ ਛੁੱਟੀਆਂ ਈ ਆ।"

ਵਿਜੈ ਦਾ ਦਿਲ ਕਰਦਾ ਹੈ ਕਿ ਭਾਗੀ ਵਲ ਚਲੇ ਜਾਵੇ ਪਰ ਬੱਚਿਆਂ ਨੂੰ ਉਹ ਨਾਲ ਨਹੀਂ ਲੈ ਕੇ ਜਾਣਾ ਚਾਹੁੰਦਾ। ਉਹ ਬੱਚਿਆਂ ਨਾਲ ਬੈਠਾ ਟੈਲੀ ਦੇਖਦਾ ਆਉਣ ਵਾਲੇ ਦਿਨਾਂ ਬਾਰੇ ਸੋਚਣ ਲਗਦਾ ਹੈ। ਕਿਸੇ ਵੀ ਤਰ੍ਹਾਂ ਦੇ ਹਾਲਾਤ ਲਈ ਆਪਣੇ ਆਪ ਨੂੰ ਤਿਆਰ ਕਰਨ ਲਗਦਾ ਹੈ। ਨਵਾਂ ਸਾਲ ਚੜਨ ਜਾ ਰਿਹਾ ਹੈ। ਟੈਲੀ ਤੇ ਉਲਟੀ ਗਿਣਤੀ ਗਿਣਨੀ ਸ਼ੁਰੂ ਹੋ ਜਾਂਦੀ ਹੈ। ਟੈਲੀ ਦੀ ਅਵਾਜ਼ ਨਾਲ ਆਪਣੀ ਅਵਾਜ਼ ਰਲਾਉਂਦੇ ਰੋਹਨ ਤੇ ਵਿਧੀ ਗਿਣਨ ਲਗਦੇ ਹਨ—ਫਾਈਵ, ਫੋਰ, ਥਰੀ, ਟੂ, ਵਨ—ਹੈਪੀ ਨੀਊ ਯੀਅਰ! ਉਹ ਉਸ ਨਾਲ ਹੱਥ ਮਿਲਾਉਂਦੇ ਕਹਿ ਰਹੇ ਹਨ,

"ਹੈਪੀ ਨੀਊ ਯੀਅਰ ਡੈਡ!"

## ਸਤਾਈ

ਸਵੇਰੇ ਅੱਠ ਵਜੇ ਹਸਪਤਾਲ ਤੋਂ ਫੋਨ ਆ ਜਾਂਦਾ ਹੈ। ਨੌਂ ਵਜੇ ਸੁਸ਼ਮਾ ਦਾ ਓਪਰੇਸ਼ਨ ਹੈ। ਉਹ ਕਾਹਲੀ ਨਾਲ ਬੱਚਿਆਂ ਨੂੰ ਜਗਾਉਂਦਾ, ਤਿਆਰ ਕਰਦਾ ਲੈ ਤੁਰਦਾ ਹੈ। ਸਵੇਰੇ ਚੰਨੀ ਵੀ ਕੰਮ ਤੇ ਆਇਆ ਕਰਦੀ ਹੈ ਪਰ ਅਜ ਨਵਾਂ ਸਾਲ ਹੋਣ ਕਰਕੇ ਉਸਦੀ ਛੁੱਟੀ ਹੈ। ਹਸਪਤਾਲ ਵਿਚ ਨਵੇਂ ਸਾਲ ਦਾ ਮਹੌਲ ਸਾਫ ਦਿਸਦਾ ਹੈ। ਉਹ ਨੌਵੀਂ ਮੰਜ਼ਲ ਤੇ ਪੁੱਜਦੇ ਹਨ। ਸੁਸ਼ਮਾ ਹੁਣ ਜਾਗਦੀ ਪਈ ਹੈ। ਉਹ ਦਸਦੀ ਹੈ,

"ਡਾਕਟਰ ਆ ਗਿਆ ਤੇ ਓਪਰੇਸ਼ਨ ਦੇ ਪੇਪਰਾਂ ਤੇ ਮੇਰੇ ਸਾਈਨ ਕਰਾ ਲੈ ਗਏ ਆ, ਸ਼ਰਮਾ ਜੀ, ਮੈਨੂੰ ਨਹੀਂ ਲਗਦਾ ਮੈਂ ਬਚੂੰਗੀ।"

ਵਿਜੈ ਉਸ ਦਾ ਹੱਥ ਆਪਣੇ ਹੱਥਾਂ ਵਿਚ ਲੈ ਕੇ ਘੁੱਟਦਾ ਹੈ। ਇਕ ਨਰਸ ਉਸ ਕੋਲ ਆ ਖੜਦੀ ਹੈ। ਡਾਕਟਰ ਵਿਜੈ ਨੂੰ ਮਿਲਣਾ ਚਾਹੁੰਦਾ ਹੈ। ਸਰਜਨ ਓਪਰਸ਼ਨ ਦੀ ਗੰਭੀਰਤਾ ਬਾਰੇ ਗੱਲਾਂ ਕਰਦਾ ਹੈ, ਓਪਰੇਸ਼ਨ ਸਮੇਂ ਕੁਝ ਵੀ ਹੋ ਸਕਦਾ ਹੈ ਇਸ ਲਈ ਮਾੜੀ ਤੋਂ ਮਾੜੀ ਖਬਰ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਹੁਣ ਉਸ ਦੇ ਦਸਤਖਤਾਂ ਦੀ ਜ਼ਰੂਰਤ ਨਹੀਂ ਹੈ, ਸੁਸ਼ਮਾ ਪੂਰੀ ਹੋਸ਼ ਵਿਚ ਹੋਣ ਕਰਕੇ ਉਸ ਤੋਂ ਹੀ ਕਰਾ ਲਏ ਹਨ। ਸਰਜਨ ਉਠਦਾ ਹੋਇਆ ਆਖਦਾ ਹੈ,

"ਤੁਹਾਡੀ ਪਤਨੀ ਨੂੰ ਦਵਾਈ ਦਿਤੀ ਹੋਈ ਹੈ, ਕਿਸੇ ਸਮੇਂ ਵੀ ਥੀਏਟਰ ਵਿਚ ਲੈ ਜਾਇਆ ਸਕਦਾ ਹੈ ਇਸ ਲਈ ਕਾਹਲੀ ਵਿਚ ਮਿਲ ਲਓ ਤੇ ਪੰਜ ਕੁ ਘੰਟੇ ਬਾਅਦ ਆ ਜਾਣਾ। ਚਾਰ ਕੁ ਘੰਟੇ ਦਾ ਓਪਰੇਸ਼ਨ ਹੈ ਤੇ ਘੰਟਾ ਕੁ ਲਗੇਗਾ ਉਸ ਨੂੰ ਹੋਸ਼ ਵਿਚ ਆਉਣ ਨੂੰ।"

ਵਿਜੈ ਸੁਸ਼ਮਾ ਕੋਲ ਆਉਂਦਾ ਹੈ। ਉਸ ਦੇ ਚਿਹਰੇ ਨੂੰ ਆਪਣੇ ਹੱਥਾਂ ਵਿਚ ਲੈਂਦਾ ਰੋਣ ਲਗਦਾ ਹੈ। ਸੁਸ਼ਮਾ ਕਹਿੰਦੀ ਹੈ,

"ਮੈਂ ਤਾਂ ਕੋਈ ਮਾੜਾ ਕੰਮ ਨਹੀਂ ਕੀਤਾ ਪਰ ਪ੍ਰਭੂ ਜੀ ਨੇ ਪਤਾ ਨਹੀਂ ਕਾਹਦੀ ਸਜ਼ਾ ਦਿਤੀ ਐ।"

ਵਿਜੈ ਅੱਖਾਂ ਪੂੰਝਦਾ ਮੁਸਰਾਉਂਦਾ ਆਖਦਾ ਹੈ,

"ਤੂੰ ਬਿਲਕੁਲ ਠੀਕ ਹੋ ਜਾਣੈ, ਬਿਲਕੁਲ ਠੀਕ। ਪਹਿਲੇ ਮਾੜੇ ਕੰਮਾਂ ਦੀ ਸਜ਼ਾ ਇਹ ਮਿਲ ਗਈ ਪਰ ਅਗਾਂਹ ਤੋਂ ਕੋਈ ਐਸਾ ਕੰਮ ਨਾ ਕਰੀਂ ਕਿ ਭਗਵਾਨ ਤੈਨੂੰ ਮੁੜ ਕੇ ਕੋਈ ਸਜ਼ਾ ਦੇਵੇ।"

"ਪਹਿਲੇ ਕਿਹੜੇ ਮਾੜੇ ਕੰਮ?"

ਵਿਜੈ ਮੁੱਛਾਂ ਨੂੰ ਵਟਾ ਦੇਣ ਵਾਂਗ ਮੂੰਹ ਤੇ ਹੱਥ ਫੇਰਦਾ ਹੈ ਤੇ ਆਖਦਾ ਹੈ,

"ਮੁੜ ਕੇ ਨਾ ਭੇਜੀਂ।"

ਸੁਸ਼ਮਾ ਹਲਕੀ ਜਿਹੀ ਮੁਸਕਰਾਹਟ ਦਿੰਦੀ ਹੈ। ਪੋਰਟਰ ਆ ਜਾਂਦਾ ਹੈ। ਉਹ ਬੱਚਿਆਂ ਨੂੰ ਅਲਵਿਦਾ ਕਹਿੰਦੀ ਚਲੇ ਜਾਂਦੀ ਹੈ। ਵਿਜੈ ਘੜੀ ਦੇਖਦਾ ਹੈ। ਨੌਂ ਵਜੇ ਹਨ। ਪੰਜ ਘੰਟੇ ਬਾਅਦ ਉਸ ਨੇ ਮੁੜ ਹਸਪਤਾਲ ਆਉਣਾ ਹੈ। ਉਹ ਚਾਹੁੰਦਾ ਹੈ ਕਿ ਘਰ ਜਾਵੇ ਤੇ ਹੁਣ ਸਭ ਨੂੰ ਫੋਨ ਕਰ ਦੇਵੇ। ਰਾਤੀਂ ਹੁਸ਼ਿਆਰ ਨੇ ਨਵੇਂ ਸਾਲ ਦੀ ਮੁਬਾਰਕ ਦੇਣ ਲਈ ਕਈ ਵਾਰ ਫੋਨ ਕਰਦਾ ਰਿਹਾ ਪਰ ਉਹ ਨੇ ਚੁੱਕਿਆ ਨਹੀਂ ਸੀ। ਹੁਸ਼ਿਆਰ ਤਾਂ ਐਵੇਂ ਹੀ ਸ਼ਰਾਬੀ ਹੋਇਆ ਕਰੀ ਜਾਂਦਾ ਹੋਵੇਗਾ ਨਹੀਂ ਤਾਂ ਉਸ ਨੂੰ ਪਤਾ ਹੈ ਕਿ ਉਹਦੇ ਮੁਤਾਬਕ ਤਾਂ ਉਹ ਕੌਂਨਸਰਟ ਦੇਖਣ ਲੰਡਨ ਗਏ ਹੋਏ ਹਨ।

ਕਾਰ ਨੂੰ ਰੇਸ ਦਿੰਦਾ ਉਹ ਗਾਉਣ ਲਗਦਾ ਹੈ;

'ਯੇ ਸ਼ਾਮ ਮਸਤਾਨੀ, ਮਦਹੋਸ਼ ਕੀਏ ਜਾਏ, ਮੁਝੇ ਡੋਰ ਕੋਈ ਖੀਂਚੇ ਤੇਰੀ ਓਰ ਲੀਏ ਜਾਏ',.....

ਉਹ ਹੱਥ ਮਾਰ ਮਾਰ ਕੇ ਗਾ ਰਿਹਾ ਹੈ। ਸਾਹਮਣੀ ਕਾਰ ਵਿਚ ਆ ਰਿਹਾ ਗੋਰਾ ਉਸ ਨੂੰ ਅੰਗੂਠਾ ਦਿਖਾ ਕੇ ਇਸ਼ਾਰਾ ਕਰਦਾ ਹੈ ਜਿਵੇਂ ਕਹਿ ਰਿਹਾ ਹੋਵੇ ਤੈਨੂੰ ਤੇਰੀ ਖੁਸ਼ੀ ਮੁਬਾਰਕ! ਉਹ ਵੀ ਜਵਾਬ ਵਿਚ ਅੰਗੂਠਾ ਦਿਖਾਉਂਦਾ ਹੈ ਪਰ ਮਨ ਵਿਚ ਕਹਿ ਰਿਹਾ ਹੈ ਕਿ ਭਗਵਾਨ ਕਰੇ ਅਜਿਹੀ ਖੁਸ਼ੀ ਤੈਨੂੰ ਕਦੇ ਨਾ ਮਿਲੇ।

ਉਹ ਤਾਏ ਦੇ ਘਰ ਆ ਜਾਂਦਾ ਹੈ। ਸਾਰੀ ਗੱਲ ਤਾਏ ਤੇ ਤਾਈ ਨੂੰ ਦਸਦਾ ਹੈ। ਤਾਈ ਰੋਣ ਲਗਦੀ ਹੈ, ਆਖਦੀ ਹੈ,

"ਹੇ ਭਗਵਾਨ, ਉਸ ਨੇ ਕਿਸੇ ਦਾ ਵਿਗਾੜਿਆ ਸੀ! ਮੇਰੀ ਫੁੱਲ ਵਰਗੀ ਧੀ ਨੂੰ ਕਿਸ ਦੀ ਨਜ਼ਰ ਲਗ ਗਈ?"

ਤਾਈ ਦੋਨਾਂ ਬੱਚਿਆਂ ਨੂੰ ਕਲਾਵੇ ਵਿਚ ਲੈ ਲੈਂਦੀ ਹੈ। ਤਾਇਆ ਵੀ ਫਿਕਰਾਂ ਵਿਚ ਪੈ ਜਾਂਦਾ ਹੈ। ਉਹ ਸੋਚ ਰਿਹਾ ਹੈ ਕਿ ਹੁਣੇ ਤਾਂ ਵਿਜੈ ਦੀ ਜ਼ਿੰਦਗੀ ਲਾਈਨ ਤੇ ਆਈ ਸੀ ਤੇ ਹੁਣ ਇਹ ਸਭ ਵਾਪਰ ਗਿਆ। ਵਿਜੈ ਰਮੇਸ਼ ਨੂੰ ਫੋਨ ਕਰਨ ਲਗਦਾ ਹੈ। ਰਮੇਸ਼ ਵੀ ਹੈਰਾਨ ਰਹਿ ਜਾਂਦਾ ਹੈ। ਅੰਮਰਤੀ ਰੋਣ ਲਗਦੀ ਹੈ। ਵਿਜੈ ਉਸ ਨੂੰ ਕਹਿ ਦਿੰਦਾ ਹੈ ਕਿ ਇੰਡੀਆ ਨੂੰ ਫੋਨ ਕਰ ਦੇਣ। ਫਿਰ ਉਹ ਹੁਸ਼ਿਆਰ ਨੂੰ ਵੀ ਫੋਨ ਕਰਕੇ ਦਸ ਦਿੰਦਾ ਹੈ। ਹੁਸ਼ਿਆਰ ਉਸੇ ਵੇਲੇ ਤਾਏ ਦੇ ਘਰ ਆ ਜਾਂਦਾ ਹੈ। ਆਉਣ ਨੂੰ ਤਾਂ ਸ਼ਾਇਦ ਰਮੇਸ਼ ਤੇ ਅੰਮਰਤੀ ਵੀ ਆ ਜਾਂਦੇ ਪਰ ਤਾਏ ਦੇ ਘਰ ਸ਼ਾਇਦ ਉਹ ਆਉਣਾ ਨਹੀਂ ਚਾਹੁੰਦੇ। ਸਾਰੇ ਦੁਖੀ ਹਨ। ਵਿਜੈ ਨੂੰ ਹੌਂਸਲਾ ਦੇ ਰਹੇ ਹਨ ਤੇ ਸੁਸ਼ਮਾ ਦੇ ਠੀਕ ਹੋਣ ਲਈ ਦੁਆ ਕਰਨ ਲਗਦੇ ਹਨ। ਦੁਪਿਹਰੋਂ ਬਾਅਦ ਵਿਜੈ ਹਸਪਤਾਲ ਜਾਂਦਾ ਹੈ। ਤਾਇਆ ਤੇ

ਹੁਸ਼ਿਆਰ ਵੀ ਉਸ ਨਾਲ ਹਨ। ਸੁਸ਼ਮਾ ਨੂੰ ਓਪਰੇਸ਼ਨ ਥੀਏਟਰ ਵਿਚੋਂ ਲੈ ਆਏ ਹਨ ਪਰ ਉਸ ਨੂੰ ਹਾਲੇ ਹੋਸ਼ ਨਹੀਂ ਆਈ। ਵਿਜੈ ਨੂੰ ਨਰਸ ਦਸਦੀ ਹੈ ਕਿ ਸਰਜਨ ਉਸ ਨਾਲ ਗੱਲ ਕਰਨੀ ਚਾਹੁੰਦਾ ਹੈ। ਸਰਜਨ ਉਸ ਨੂੰ ਆਖਦਾ ਹੈ,

"ਮਿਸਟਰ ਸ਼ਰਮਾ, ਸਭ ਕੁਝ ਠੀਕ ਹੈ, ਜਿਹੜੀ ਜਗਾਹ ਤੋਂ ਨਾੜੀ ਲੀਕ ਹੋਈ ਸੀ ਅਸੀਂ ਉਥੇ ਕਲਿੱਪ ਪਾ ਕੇ ਠੀਕ ਕਰ ਦਿਤੀ ਹੈ। ਹੁਣ ਕੋਈ ਲੀਕੇਜ ਨਹੀਂ ਹੋਏਗਾ। ਅਸੀਂ ਆਪਣਾ ਕੰਮ ਕਰ ਦਿਤਾ ਹੈ ਹੁਣ ਤੁਸੀਂ ਆਪਣਾ ਕੰਮ ਕਰੋ ਕਿ ਮਰੀਜ਼ ਨੂੰ ਵੱਧ ਤੋਂ ਵੱਧ ਪਾਣੀ ਪਿਆਓ, ...ਉਸ ਦੇ ਜਲਦੀ ਸਿਹਤਯਾਬ ਹੋਣ ਦਾ ਇਹੋ ਤਰੀਕਾ ਹੈ।"

ਵਿਜੈ ਵਾਪਸ ਆਉਂਦਾ ਹੈ ਤਾਂ ਸੁਸ਼ਮਾ ਹੋਸ਼ ਵਿਚ ਆ ਚੁੱਕੀ ਹੈ ਪਰ ਉਹ ਬਹੁਤ ਥੱਕੀ ਹੋਈ ਹੈ। ਵਿਜੈ ਕਹਿੰਦਾ ਹੈ,

"ਮੈਂ ਕਿਹਾ ਸੀ ਨਾ ਕਿ ਤੈਨੂੰ ਕੁਸ਼ ਨਹੀਂ ਹੁੰਦਾ, ਦੇਖਿਆ ਬਚ ਗਈ। ਭਗਵਾਨ ਨੂੰ ਵੀ ਤੇਰੇ ਬੱਚਿਆਂ ਦਾ ਫਿਕਰ ਐ!"

"ਇਹ ਭਗਵਾਨ ਦੇ ਵੀ ਕਦੇ ਗੋਡਾ ਫੇਰਨਾ ਪੈਣਾਂ, ਇਹ ਗਲਤ ਜਗਾਹ ਤੇ ਦਸਤਕ ਦੇਣ ਲਗ ਪੈਂਦਾ! ਜਿਥੇ ਜਾਣਾ ਹੁੰਦਾ ਜਾਂਦਾ ਨਹੀਂ।"

ਹੁਸ਼ਿਆਰ ਆਖਦਾ ਹੈ। ਸੁਸ਼ਮਾ ਹੱਸਣ ਦੀ ਕੋਸ਼ਿਸ਼ ਕਰਦੀ ਹੈ। ਉਹ ਸਭ ਕੁਝ ਦੇਰ ਬੈਠ ਕੇ ਆ ਜਾਂਦੇ ਹਨ। ਸੁਸ਼ਮਾ ਨੂੰ ਅਰਾਮ ਦੀ ਲੋੜ ਹੈ। ਸ਼ਾਮ ਤਕ ਉਸ ਦੇ ਕੁਝ ਬਿਹਤਰ ਹੋ ਜਾਣ ਦੀ ਆਸ ਹੈ। ਵਿਜੈ ਤੁਰਦਾ ਹੋਇਆ ਉਸ ਨੂੰ ਸਰਜਨ ਦੀ ਜ਼ਿਆਦਾ ਪਾਣੀ ਪੀਣ ਵਾਲੀ ਗੱਲ ਯਾਦ ਕਰਾਉਂਦਾ ਹੈ।

ਉਸ ਦੇ ਘਰ ਪੁਜਦਿਆਂ ਹੀ ਅੰਮਰਤੀ ਤੇ ਰਮੇਸ਼ ਘਰ ਆ ਜਾਂਦੇ ਹਨ। ਅੰਮਰਤੀ ਦੋਨਾਂ ਬੱਚਿਆਂ ਨੂੰ ਗੋਦੀ ਵਿਚ ਲੈ ਕੇ ਰੋਣ ਲਗਦੀ ਹੈ। ਉਹ ਇੰਨੀ ਉਦਾਸ ਹੈ ਕਿ ਕੁਝ ਬੋਲ ਹੀ ਨਹੀਂ ਪਾ ਰਹੀ। ਰਮੇਸ਼ ਪੁੱਛ ਰਿਹਾ ਹੈ ਕਿ ਇਹ ਸਭ ਕਿਵੇਂ ਹੋ ਗਿਆ। ਵਿਜੈ ਕੱਲ ਸ਼ਾਮ ਤੋਂ ਲੈ ਕੇ ਸਾਰੀ ਕਹਾਣੀ ਸੁਣਾ ਦਿੰਦਾ ਹੈ। ਅੰਮਰਤੀ ਕਹਿੰਦੀ ਹੈ,

"ਵਿਜੇ, ਤੈਨੂੰ ਆਪ ਚਾਹੀਦਾ ਸੀ ਕਿ ਫਗਵਾੜੇ ਫੋਨ ਕਰਦਾ।"

"ਦੀਦੀ, ਮੈਨੂੰ ਤਾਂ ਕੋਈ ਹੋਸ਼ ਈ ਨਹੀਂ ਸੀ, ਤੁਹਾਨੂੰ ਵੀ ਮੈਂ ਕਰ ਦਿਤਾ ਕਿ ਜੇ ਕੁਸ਼ ਐਸੀ ਵੈਸੀ ਗੱਲ ਹੋ ਗਈ ਤਾਂ ਫਿਰ ਕੀ ਹੋਏਗਾ।"

ਅਜ ਬਹੁਤ ਦੇਰ ਬਾਅਦ ਵਿਜੈ ਅੰਮਰਤੀ ਨੂੰ ਦੀਦੀ ਆਖ ਕੇ ਸੰਬੋਧਤ ਹੁੰਦਾ ਹੈ। ਉਸ ਨੂੰ ਪਤਾ ਹੈ ਕਿ ਅੰਮਰਤੀ ਹਾਲੇ ਹੋਰ ਬਹਿਸ ਦੇ ਮੂਡ ਵਿਚ ਹੋ ਸਕਦੀ ਹੈ ਪਰ ਉਹ ਉਠ ਕੇ ਪਾਣੀ ਪੀਣ ਦੇ ਬਹਾਨੇ ਰਸੋਈ ਵਿਚ ਚਲੇ ਜਾਂਦਾ ਹੈ। ਸ਼ਾਮ ਨੂੰ ਉਹ ਸਾਰੇ ਹਸਪਤਾਲ ਜਾਂਦੇ ਹਨ। ਸੁਸ਼ਮਾ ਹਾਲੇ ਵੀ ਬਹੁਤ ਨਿਢਾਲ ਹੈ। ਚਾਰ ਘੰਟੇ ਦਾ ਓਪਰੇਸ਼ਨ ਵੀ ਵੱਡੀ ਗੱਲ ਹੈ ਫਿਰ ਉਪਰੋਂ ਦਵਾਈਆਂ ਵੀ ਬਹੁਤ ਦਿਤੀਆਂ ਜਾ ਰਹੀਆਂ ਹਨ। ਵਿਜੈ ਬਾਹਰੋਂ ਠੀਕ ਠਾਕ ਬੋਲ ਰਿਹਾ ਹੈ ਪਰ ਅੰਦਰੋਂ ਉਸ ਨੂੰ ਲਗ ਰਿਹਾ ਹੈ ਜਿਵੇਂ ਓਪਰੇਸ਼ਨ ਉਸ ਦਾ ਹੋਇਆ ਹੈ। ਸੁਸ਼ਮਾ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਕਿਵੇਂ ਮਹਿਸੂਸ ਕਰ ਰਹੀ ਹੈ ਪਰ ਉਸ ਦਾ ਦਰਦ ਉਸ ਦੇ ਦਸਣ ਤੋਂ ਕਿਤੇ ਵਧ ਹੈ। ਪਿਛਲੀ ਸਾਰੀ ਰਾਤ ਉਸ ਦਾ ਮੂੰਹ ਸੁਕਦਾ ਰਿਹਾ ਹੈ। ਸੁਸ਼ਮਾ ਦਾ ਉਣੀਂਦਰਾ ਉਸ ਦੀ ਨੀਂਦ ਵਿਚ ਆ ਫਸਦਾ ਹੈ। ਉਸ ਦੇ ਓਪਰੇਸ਼ਨ ਵਾਲੀ ਜਗਾਹ ਜ਼ਖਮ ਇਡਾ ਵੱਡਾ ਹੈ ਕਿ ਪੂਰਾ ਚੱਪਾ ਪੈ ਸਕਦਾ ਹੈ।। ਵਿਜੈ ਨੂੰ ਲਗਦਾ ਹੈ ਕਿ ਸੁਸ਼ਮਾ ਸੱਚ ਮੁੱਚ ਇਸ ਦੀ ਹੱਕਦਾਰ ਨਹੀਂ ਹੈ ਪਰ ਫਿਰ ਵੀ ਸਭ ਠੀਕ ਹੋ ਗਿਆ ਹੈ, ਮੌਕਾ ਸੰਭਾਲਿਆ ਗਿਆ ਹੈ। ਉਹ ਡਾਕਟਰ ਨਾਲ ਸੁਸ਼ਮਾ ਬਾਰੇ ਗੱਲ ਕਰਦਾ ਪੁੱਛਦਾ ਹੈ,

"ਸਾਡੀ ਜ਼ਿੰਦਗੀ ਮੁੜ ਕੇ ਨਾਰਮਲ ਹੋ ਜਾਏਗੀ ਨਾ?"

"ਬਿਲਕੁਲ ਨੌਰਮਲ, ਇਹ ਇਕ ਦਮ ਰਾਜ਼ੀ ਹੋ ਜਾਵੇਗੀ। ਮੁੜ ਕੇ ਬਰੇਨ ਹੈਮਰਜ ਨਹੀਂ ਹੋਏਗਾ।"

ਸੁਸ਼ਮਾ ਹਸਪਤਾਲ ਵਿਚ ਹੈ। ਉਸ ਨੂੰ ਆਪਣੀ ਰੋਜ਼ਾਨਾ ਕੰਮ-ਕਾਰ ਦੀ ਤਰਤੀਬ ਇਸੇ ਹਿਸਾਬ ਨਾਲ ਦੇਣੀ ਪੈਂਦੀ ਹੈ ਕਿ ਹਸਪਤਾਲ ਵੀ ਜਾ ਸਕੇ, ਬੱਚੇ ਵੀ ਸੰਭਾਲ ਸਕੇ ਤੇ ਆਪਣਾ ਕੰਮ ਵੀ ਕਰ ਸਕੇ। ਇਹ ਤਾਂ ਇਹ ਸਭ ਛੁੱਟੀਆਂ ਵਿਚ ਵਾਪਰਨ ਕਾਰਨ ਸਭ ਕੁਝ ਉਸ ਦੇ ਕਾਬੂ ਵਿਚ ਰਿਹਾ ਹੈ ਨਹੀਂ ਤਾਂ ਬਹੁਤ ਔਖਾ ਹੋ ਜਾਂਦਾ। ਛੁੱਟੀਆਂ ਖਤਮ ਹੋਣਗੀਆਂ ਤਾਂ ਫਿਰ ਦੇਖੇਗਾ ਕਿ ਕਿਹੜੇ ਭਾਅ ਵਿਕਦੀ ਹੈ। ਬੱਚਿਆਂ ਨੂੰ ਸਕੂਲ ਛੱਡਣਾ, ਕੰਮ ਇਕੱਠਾ ਕਰਨਾ, ਏਅਰ ਪੋਰਟ ਤੋਂ ਬਿਲਟੀਆਂ ਲੈ ਕੇ ਆਉਣੀਆਂ ਤੇ ਫਿਰ ਕੰਮ ਗਾਹਕਾਂ ਨੂੰ ਦੇਣ ਜਾਣਾ; ਇਹ ਸਭ ਕਿਵੇਂ ਸੰਭਾਲੇਗਾ ਇਸ ਬਾਰੇ ਉਹ ਹਾਲੇ ਸੋਚਣਾ ਵੀ ਨਹੀਂ ਚਾਹੁੰਦਾ। ਵੱਡੀ ਮੁਸ਼ਕਲ ਬੱਚਿਆਂ ਨੂੰ ਸੰਭਾਲਣ ਵਿਚ ਹੀ ਆਵੇਗੀ। ਉਹਨਾਂ ਨੂੰ ਸਕੂਲ ਛੱਡਣ-ਜਾਣ ਜਾਂ ਲੈਣ-ਜਾਣ ਦਾ ਵੇਲਾ ਹੀ ਉਸ ਦੇ ਕੰਮ ਦਾ ਵਕਤ ਹੁੰਦਾ ਹੈ।

ਸ਼ਨਿਚਰਵਾਰ ਉਹ ਮੰਦਿਰ ਜਾਂਦਾ ਹੈ। ਹੁਣ ਮੰਦਿਰ ਵਿਚ ਕੌਂਸਲ ਵਾਲਿਆਂ ਨੇ ਡੇ ਸੈਂਟਰ ਬਣਾ ਦਿਤਾ ਹੈ ਜਿਥੇ ਬਿਜ਼ੁਰਗ ਜਾਂ ਹੋਰ ਲੋਕ ਸਾਰਾ ਦਿਨ ਬੈਠ ਸਕਦੇ ਹਨ। ਵਿਜੈ ਹਾਲੇ ਵੀ ਜਾ ਕੇ ਲੋਕਾਂ ਵਿਚ ਬੈਠਿਆ ਕਰਦਾ ਹੈ ਜੇ ਕਿਸੇ ਨੂੰ ਉਸ ਦੀ ਲੋੜ ਹੋਵੇ ਤਾਂ ਮਦਦ ਕਰ ਦਿੰਦਾ ਹੈ। ਸਭ ਨੂੰ ਪਤਾ ਹੈ ਕਿ ਸੁਸ਼ਮਾ ਬਿਮਾਰ ਹੈ ਤੇ ਹਸਪਤਾਲ ਵਿਚ ਹੈ। ਲੋਕ ਆ ਆ ਕੇ ਉਸ ਦੇ ਦੁੱਖ ਵਿਚ ਸ਼ਰੀਕ ਹੁੰਦੇ ਹਨ। ਸੁਸ਼ਮਾ ਦੀ ਇਕ ਮਰੀਜ਼ ਉਸ ਦੀ ਚੰਗੀ ਸਿਹਤ ਲਈ ਮੰਦਿਰ ਵਿਚ ਕਥਾ ਕਰਾਉਂਦੀ ਹੈ। ਕੁਝ ਹੋਰ ਔਰਤਾਂ ਵੀ ਘਰ ਦੇ ਕੰਮ ਲਈ ਆਪਣੀ ਮਦਦ ਦੀ ਪੇਸ਼ ਕਸ਼ ਕਰਦੀਆਂ ਹਨ ਪਰ ਵਿਜੈ ਨੂੰ ਅਜਿਹੀ ਸਹਾਇਤਾ ਦੀ ਜ਼ਰੂਰਤ ਨਹੀਂ ਹੈ। ਚੰਨੀ ਘਰ ਦੇ ਕੰਮ ਲਈ ਆਉਂਦੀ ਹੀ ਹੈ। ਰੋਟੀ ਤਾਂ ਉਹ ਆਮ ਤੌਰ ਤੇ ਤਾਏ ਵਲ ਹੀ ਖਾਂਦਾ ਹੈ ਜਾਂ ਫਿਰ ਬੱਚਿਆਂ ਨਾਲ ਜੰਕ

ਫੂਡ ਹੀ ਖਾ ਲੈਂਦਾ ਹੈ। ਉਹ ਹਰ ਰੋਜ਼ ਸਵੇਰੇ ਬੱਚੇ ਤਿਆਰ ਕਰਕੇ ਹਸਪਤਾਲ ਦਾ ਗੇੜਾ ਮਾਰਦਾ ਹੈ ਤੇ ਇਵੇਂ ਹੀ ਇਕ ਵਾਰ ਸ਼ਾਮ ਨੂੰ ਵੀ ਸੁਸ਼ਮਾ ਨੂੰ ਦੇਖਣ ਹਸਪਤਾਲ ਜਾਂਦਾ ਹੈ। ਸੁਸ਼ਮਾ ਨੂੰ ਮਿਲਣ ਜਾਣ ਵਾਲਿਆਂ ਦਾ ਤਾਂਤਾ ਲਗਿਆ ਰਹਿੰਦਾ ਹੈ। ਹੁਸ਼ਿਆਰ, ਸੁਨੈਨਾ, ਅੰਮਰਤੀ, ਰਮੇਸ਼, ਤਾਇਆ ਤਾਈ ਤਾਂ ਜਾਂਦੇ ਹੀ ਰਹਿੰਦੇ ਹਨ। ਮਿਹਰ ਤੇ ਉਸ ਦੀ ਪਤਨੀ ਵੀ ਦੋ ਵਾਰ ਆ ਗਏ ਹਨ। ਸੁਸ਼ਮਾ ਦੀਆਂ ਬਹੁਤ ਸਾਰੀਆਂ ਮਰੀਜ਼ ਵੀ ਆ ਜਾਂਦੀਆਂ ਹਨ। ਕਈ ਵਾਰ ਤਾਂ ਇੰਨੇ ਲੋਕ ਹੋ ਜਾਂਦੇ ਹਨ ਕਿ ਨਰਸਾਂ ਨੂੰ ਕਹਿਣਾ ਪੈਂਦਾ ਹੈ ਕਿ ਇਕ ਸਮੇਂ ਸਿਰਫ ਦੋ ਵਿਜ਼ਟਰ ਹੀ ਮਰੀਜ਼ ਕੋਲ ਬੈਠ ਸਕਦੇ ਹਨ। ਸੁਸ਼ਮਾ ਦੀ ਹਾਲਤ ਸੁਧਰ ਤਾਂ ਰਹੀ ਹੈ ਪਰ ਹੌਲੇ ਹੌਲੇ। ਡਾਕਟਰ ਮੁਤਾਬਕ ਹਾਲੇ ਦੋ ਹਫਤੇ ਹੋਰ ਹਸਪਤਾਲ ਵਿਚ ਰਹਿਣਾ ਪਵੇਗਾ।

ਛੁੱਟੀਆਂ ਖਤਮ ਹੋ ਜਾਂਦੀਆਂ ਹਨ। ਉਸ ਬੱਚਿਆਂ ਨੂੰ ਸਕੂਲ ਛੱਡ ਕੇ ਆਪਣੇ ਕੰਮ ਲਈ ਨਿਕਲਦਾ ਹੈ। ਬਹੁਤੇ ਔਰਡਰ ਤਾਂ ਉਹ ਫੋਨ ਉਪਰ ਹੀ ਲੈ ਲੈਂਦਾ ਹੈ ਪਰ ਨਵੇਂ ਗਾਹਕਾਂ ਨੂੰ ਤਾਂ ਜਾ ਕੇ ਹੀ ਮਿਲਣਾ ਪੈਂਦਾ ਹੈ। ਇਹ ਕੰਮ ਅਜਿਹਾ ਹੈ ਕਿ ਨਵੇਂ ਗਾਹਕ ਨਾਲ ਜੁੜਦੇ ਰਹਿਣੇ ਚਾਹੀਦੇ ਹਨ। ਹੁਣ ਪਰਿੰਟਿੰਗ ਦੇ ਕੰਮ ਵਿਚ ਲੋਕ ਬਹੁਤ ਆ ਰਹੇ ਹਨ। ਇਸ ਲਈ ਪੁਰਾਣੇ ਗਾਹਕਾਂ ਦੇ ਟੁੱਟਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸੇ ਡਰ ਨਾਲ ਉਸ ਨੇ ਆਪਣੇ ਕੰਮ ਦਾ ਦਾਇਰਾ ਲੰਡਨ ਤਕ ਕੀਤਾ ਹੋਇਆ ਹੈ। ਲੰਡਨ ਦੇ ਟਰੈਫਿਕ ਤੋਂ ਬਚਣ ਲਈ ਦੱਖਣੀ ਲੰਡਨ ਤਕ ਹੀ ਰਹਿੰਦਾ ਹੈ ਪਰ ਸਮੁੰਦਰ ਦੇ ਕੰਢਲਾ ਇੰਗਲੈਂਡ ਉਸ ਨੇ ਸਾਰਾ ਹੀ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਹੁਣ ਉਹ ਬਹੁਤੀ ਦੂਰ ਤਕ ਨਹੀਂ ਜਾ ਸਕੇਗਾ, ਸਾਢੇ ਤਿੰਨ ਵਜੇ ਤਕ ਉਸ ਨੇ ਵਾਪਸ ਸਕੂਲ ਮੁਹਰੇ ਪੁਜਣਾ ਹੁੰਦਾ ਹੈ, ਬੱਚਿਆਂ ਨੂੰ ਚੁੱਕਣਾ ਹੁੰਦਾ ਹੈ। ਉਹ ਘਰੋਂ ਵੀ ਜਲਦੀ ਨਹੀਂ ਨਿਕਲ ਸਕਦਾ। ਪਹਿਲਾਂ ਤਾਂ ਉਹ ਸਵੇਰੇ ਸੱਤ ਵਜੇ ਹੀ ਨਿਕਲਦਾ ਰਿਹਾ ਹੈ ਪਰ ਹੁਣ ਨੌਂ ਵਜੇ ਤਾਂ ਸਕੂਲ ਖੁਲ੍ਹਦਾ ਹੈ। ਨੌਂ ਤੋਂ ਤਿੰਨ ਕੁ ਵਜੇ ਦਾ ਸਮਾਂ ਜ਼ਿਆਦਾ ਨਹੀਂ ਹੈ। ਫਿਰ ਉਸ ਨੇ ਸੁਸ਼ਮਾ ਨੂੰ ਦੇਖਣ ਹਸਪਤਾਲ ਵੀ ਜਾਣਾ ਹੁੰਦਾ ਹੈ। ਕੁਝ ਦਿਨਾਂ ਬਾਅਦ ਹੀ ਉਸ ਨੂੰ ਆਪਣੇ ਕੰਮ ਉਪਰ ਅਸਰ ਪੈਂਦਾ ਸਾਫ ਦਿਸਣ ਲਗਦਾ ਹੈ। ਸਾਊਥੈਂਪਟਨ ਦੇ ਦੋ ਰੈਸਟੋਰੈਂਟਾਂ ਦੇ ਕੰਮ ਦੀ ਬਿਲਟੀ ਏਅਰਪੋਰਟ ਤੇ ਆਈ ਪਈ ਹੈ ਪਰ ਉਹ ਬਿਲਟੀ ਛਡਵਾਉਣ ਵੀ ਨਹੀਂ ਜਾ ਸਕਦਾ। ਜਿਹੜੀਆਂ ਡਿਲਵਰੀਆਂ ਉਹ ਇਕ ਦਿਨ ਵਿਚ ਕਰਦਾ ਰਿਹਾ ਹੈ ਹੁਣ ਤਿੰਨ ਦਿਨ ਲਗਦੇ ਹਨ। ਪਰਸੋਂ ਉਹ ਕਰੌਏਡਨ ਵਾਲੇ ਸ਼ੁਕਲੇ ਦੇ ਆਰਡਰ ਦੀ ਡਲਿਵਰੀ ਦੇ ਕੇ ਆਇਆ ਹੈ ਤੇ ਕੱਲ ਰਾਮਜ਼ਗੇਟ ਵਾਲੇ ਪਟੇਲ ਦੀ ਤੇ ਅੱਜ ਪੋਰਟਸਮਾਊਥ ਵਾਲੇ ਬਰਾੜ ਦੀ। ਨਹੀਂ ਤਾਂ ਇਹ ਤਿੰਨੋਂ ਜਗਾਹ ਸਵੇਰ ਵੇਲੇ ਸਿਰ ਦਾ ਤੁਰਿਆ ਸ਼ਾਮ ਤਕ ਮੁਕਾ ਦਿਆ ਕਰਦਾ ਹੈ। ਇਹਨਾਂ ਆਰਡਰਾਂ ਦੇ ਚੱਕਰ ਵਿਚ ਨਵੀਂ ਬਿਲਟੀ ਛੁਡਵਾ ਕੇ ਲਿਆਉਣ ਵਿਚ ਖੁੰਝ ਰਿਹਾ ਹੈ। ਜਦੋਂ ਸਾਊਥੈਂਪਟਨ ਵਾਲੇ ਆਰਡਰ ਦੀ ਬਿਲਟੀ ਲੈ ਕੇ ਮਾਲ ਦੇਣ ਜਾਂਦਾ ਹੈ ਤਾਂ ਗਾਹਕ ਗੁੱਸੇ ਵਿਚ ਅੱਗ ਬਬੂਲਾ ਹੋਏ ਮਿਲਦੇ ਹਨ। ਉਹਨਾਂ ਨੇ ਲੀਫ ਲੈਟਸ ਛਪਵਾਏ ਹਨ ਕਿ ਹਫਤਾਂਤ ਤੇ ਸੁਪੈਸ਼ਲ ਔਫਰ ਲਾ ਰਹੇ ਹਨ, ਇਹ ਲੀਫ ਲੈਟਸ ਆਲੇ ਦੁਆਲੇ ਦੇ ਘਰਾਂ ਵਿਚ ਵੰਡਣੇ ਹੁੰਦੇ ਹਨ ਪਰ ਹਫਤਾਂਤ ਤਾਂ ਲੰਘ ਚੁੱਕਾ ਹੈ। ਵਿਜੈ ਬਹੁਤ ਮੁਸ਼ਕਲ ਨਾਲ ਆਪਣੀ ਸਥਿਤੀ ਉਹਨਾਂ ਸਮਝਾ ਸਕਦਾ ਹੈ। ਵਿਜੈ ਨੂੰ ਦੁੱਖ ਹੈ ਕਿ ਉਸ ਨੂੰ ਕਿਸੇ ਦੇ ਇੰਨੇ ਤਰਲੇ ਕਰਨੇ ਪਏ ਹਨ।

ਨਵੇਂ ਆਰਡਰ ਲੈਣ ਵਿਚ ਮੁਸ਼ਕਲ ਵੀ ਆ ਰਹੀ ਹੈ। ਉਸ ਦੇ ਕੰਮ ਦੇ ਬਹੁਤੇ ਰੈਸਟੋਰੈਂਟ ਤੇ ਹੋਰ ਕਾਰੋਬਾਰ ਸ਼ਾਮ ਨੂੰ ਮਿਲਦੇ ਹਨ ਪਰ ਸ਼ਾਮ ਨੂੰ ਉਸ ਨੇ ਹਸਪਤਾਲ ਜਾਣਾ ਹੁੰਦਾ ਹੈ। ਉਸ ਨੇ ਆਪ ਤਾਂ ਜਾਣਾ ਹੀ ਹੁੰਦਾ ਹੈ ਨਾਲ ਤਾਈ ਤਾਏ ਨੂੰ ਵੀ ਲਿਜਾਣਾ ਪੈਂਦਾ ਹੈ। ਇਕ ਦਿਨ ਭਾਗੀ ਨੂੰ ਵੀ ਲੈ ਜਾਂਦਾ ਹੈ। ਭਾਗੀ ਨੂੰ ਦੇਖ ਕੇ ਸੁਸ਼ਮਾ ਬਹੁਤੀ ਖੁਸ਼ ਨਹੀਂ ਹੁੰਦੀ। ਸੁਸ਼ਮਾ ਦੀ ਸਿਹਤ ਵਿਚ ਸੁਧਾਰ ਬਹੁਤ ਮੱਧਮ ਹੋ ਰਿਹਾ ਹੈ। ਜਿਵੇਂ ਪਹਿਲਾਂ ਸਾਰੇ ਸੋਚਦੇ ਸਨ ਕਿ ਉਹ ਇਕ ਦਮ ਠੀਕ ਹੋ ਕੇ ਘਰ ਆ ਜਾਵੇਗੀ ਉਵੇਂ ਹੁੰਦਾ ਨਹੀਂ।

ਸੁਸ਼ਮਾ ਹਸਪਤਾਲ ਦੀ ਜ਼ਿੰਦਗੀ ਤੋਂ ਅੱਕ ਜਾਂਦੀ ਹੈ। ਉਹ ਘਰ ਜਾਣਾ ਚਾਹੁੰਦੀ ਹੈ। ਉਸ ਨੂੰ ਪਤਾ ਹੈ ਕਿ ਉਸ ਨੂੰ ਲੋੜ ਤੋਂ ਜ਼ਿਆਦਾ ਦਵਾਈ ਦਿਤੀ ਜਾ ਰਹੀ ਹੈ। ਨੀਂਦ ਦੀਆਂ ਗੋਲੀਆਂ ਤਾਂ ਉਹ ਖਾਣੀਆਂ ਹੀ ਨਹੀਂ ਚਾਹੁੰਦੀ ਪਰ ਹਸਪਤਾਲ ਹੈ, ਖਾਣੀਆਂ ਪੈਂਦੀਆਂ ਹਨ। ਉਹ ਸੋਚ ਰਹੀ ਹੈ ਜੇ ਘਰ ਹੋਵੇਗੀ ਤਾਂ ਕੁਝ ਆਪਣੀਆਂ ਦਵਾਈਆਂ ਵਰਤੇਗੀ ਤੇ ਜਲਦੀ ਠੀਕ ਹੋ ਜਾਵੇਗੀ। ਉਹ ਵਿਜੈ ਨੂੰ ਕਹਿਣ ਲਗਦੀ ਹੈ,

"ਸ਼ਰਮਾ ਜੀ, ਡਾਕਟਰ ਨੂੰ ਕਹੋ ਕਿ ਮੈਨੂੰ ਘਰ ਭੇਜ ਦੇਵੇ। ਘਰ ਜਾ ਕੇ ਮੈਂ ਜਲਦੀ ਠੀਕ ਹੋ ਜਾਵਾਂਗੀ।"

"ਮੈਂ ਡਾਕਟਰ ਨੂੰ ਪੁੱਛਿਆ ਸੀ ਕਿ ਕਿੰਨੇ ਦਿਨ ਲਗਣਗੇ, ਉਹ ਕਹਿੰਦਾ ਕਿ ਹਾਲੇ ਜ਼ਖਮ ਪੂਰੀ ਤਰ੍ਹਾਂ ਠੀਕ ਨਹੀਂ।"

"ਸਭ ਠੀਕ ਐ, ਇਥੇ ਇਹ ਮੈਨੂੰ ਪੂਰੀ ਤਰ੍ਹਾਂ ਰੈੱਸਟ ਨਹੀਂ ਕਰਨ ਦਿੰਦੇ, ਰਾਤ ਨੂੰ ਉਠਾ ਉਠਾ ਕੇ ਦਵਾਈ ਦੇਈ ਜਾਂਦੇ ਆ, ਪਾਣੀ ਪਿਲਾਈ ਜਾ ਰਹੇ ਆ।"

"ਕੋਈ ਗੱਲ ਨਹੀਂ ਕੁਸ਼ ਦਿਨ ਹੋਰ ਦੇਖ, ਮੈਂ ਫੀਲ ਕਰ ਸਕਦਾਂ ਜੋ ਕੁਸ਼ ਤੇਰੇ ਅੰਦਰ ਵਾਪਰ ਰਿਹੈ, ਅਸੀਂ ਵੀ ਤਾਂ ਤੈਨੂੰ ਘਰ ਦੇਖਣਾ ਚਾਹੁੰਦੇ ਆਂ। ਪੂਰਾ ਘਰ ਤੇਰੇ ਬਿਨਾਂ ਓਦਰਿਆ ਪਿਐ।"

"ਫੇਰ ਮੈਨੂੰ ਲੈ ਚਲੋ।"

"ਜਿਹੜੀ ਤੇਰੀ ਦੇਖਭਾਲ ਇਥੇ ਹੋ ਰਹੀ ਐ ਘਰ ਨਹੀਂ ਹੋ ਸਕਣੀ, ਇਹ ਕੋਈ ਮਮੂਲੀ ਗੱਲ ਤਾਂ ਹੈ ਨਹੀਂ ਸਿਰ ਦਾ ਓਪਰੇਸ਼ਨ ਐ। ਓਪਰੇਸ਼ਨ ਵਾਲੀ ਜਗਾਹ ਚਾਰ ਉਂਗਲਾਂ ਪੈ ਜਾਂਦੀਆਂ, ਤੂੰ ਜਲਦੀ ਘਰ ਜਾਣ ਲਈ ਰੌਲ਼ਾ ਪਾਈ ਜਾਨੀ ਆਂ!"

ਇਕ ਦਿਨ ਅੰਮਰਤੀ ਵਿਜੈ ਨੂੰ ਆਖਦੀ ਹੈ,
"ਪਿਤਾ ਜੀ ਤੇ ਭਾਈ ਸੁਸ਼ਮਾ ਦਾ ਬਹੁਤ ਫਿਕਰ ਕਰਦੇ ਆ।"
"ਕੁਦਰਤੀ ਐ, ਫਿਕਰ ਆਪਾਂ ਸਾਰੇ ਈ ਕਰਦੇ ਆਂ ਪਰ ਕੀ ਕਰੀਏ, ਆਪਣੇ ਵੱਸ ਵਿਚ ਕੁਸ਼ ਨਹੀਂ, ਫੇਰ ਵੀ ਸ਼ੁਕਰ ਕਰੀਏ ਭਗਵਾਨ ਦਾ ਕਿ ਬਚਾਅ ਹੋ ਗਿਆ।"
"ਉਹ ਸੁਸ਼ਮਾ ਨੂੰ ਦੇਖਣ ਆਉਣਾ ਚਾਹੁੰਦੇ ਆ।"
"ਆ ਜਾਣ।"
"ਟਿਕਟ ਭੇਜ ਦੇ।"
"ਕਿਉਂ, ਉਹਨਾਂ ਕੋਲ ਪੈਸੇ ਹੈ ਨਹੀਂ?"
ਵਿਜੈ ਰੁੱਖੇ ਲਹਿਜ਼ੇ ਵਿਚ ਆਖਦਾ ਹੈ। ਅੰਮਰਤੀ ਗੁੱਸੇ ਵਿਚ ਮੂੰਹ ਘੁਮਾ ਲੈਂਦੀ ਹੈ। ਕੁਝ ਦੇਰ ਬਾਅਦ ਫਿਰ ਆਖਦੀ ਹੈ,
"ਜੇ ਸਾਡੇ ਕੋਲ ਤੇਰੇ ਵਾਂਗੂ ਬਿਜ਼ਨਸ ਹੁੰਦਾ ਤਾਂ ਅਸੀਂ ਭੇਜ ਦਿੰਦੇ।"
"ਤੁਹਾਡੇ ਕੋਲ ਬਿਜ਼ਨਸ ਰਿਹਾ ਈ ਐ, ਉਦੋਂ ਕਿੰਨੇ ਕੁ ਟਿਕਟ ਭੇਜ ਦਿਤੇ ਤੁਸੀਂ, ਨਾਲ਼ੇ ਹੁਣ ਤੁਸੀਂ ਮੇਰੀ ਪਰੌਬਲਮ ਨੂੰ ਘਟਾਉਣਾ ਚਾਹੁੰਦੇ ਹੋ ਜਾਂ ਵਧਾਉਣਾ?"

## ਅਠਾਈ

ਅੰਤ ਸੁਸ਼ਮਾ ਨੂੰ ਹਸਪਤਾਲ ਤੋਂ ਛੁੱਟੀ ਮਿਲ ਜਾਂਦੀ ਹੈ। ਉਹ ਹੌਲੀ ਹੌਲੀ ਤੁਰ ਕੇ ਕਾਰ ਤੀਕ ਆਉਂਦੀ ਹੈ। ਫਿਰ ਘਰ ਜਾ ਕੇ ਵੀ ਵਿਜੈ ਉਸ ਨੂੰ ਆਸਰਾ ਦੇ ਕੇ ਅੰਦਰ ਲੈ ਜਾਂਦਾ ਹੈ। ਉਹ ਹਾਲੇ ਬਹੁਤ ਕਮਜ਼ੋਰ ਹੈ। ਸੁਸ਼ਮਾ ਆਖਦੀ ਹੈ,
"ਸ਼ਰਮਾ ਜੀ, ਮੈਨੂੰ ਮੇਰੇ ਕਮਰੇ ਵਿਚ ਲੈ ਚਲੋ।"
"ਤੈਨੂੰ ਅਰਾਮ ਕਰਨ ਲਈ ਕਿਹਾ ਗਿਆ।"
"ਮੈਨੂੰ ਆਪਣੀ ਕੁਰਸੀ ਤੇ ਬੈਠ ਕੇ ਜ਼ਿਆਦਾ ਅਰਾਮ ਆਏਗਾ।"
ਵਿਜੈ ਉਸ ਨੂੰ ਉਸ ਕੁਰਸੀ ਤੇ ਬਿਠਾ ਦਿੰਦਾ ਹੈ ਜਿਥੇ ਬੈਠ ਕੇ ਉਹ ਮਰੀਜ਼ ਦੇਖਿਆ ਕਰਦੀ ਹੈ। ਉਹ ਬੜੇ ਮਜ਼ੇ ਵਿਚ ਆਲੇ ਦੁਆਲੇ ਦੀਆਂ ਚੀਜ਼ਾਂ ਦੇਖ ਰਹੀ ਹੈ। ਬੱਚੇ ਹਾਲੇ ਸਕੂਲ ਹੀ ਹਨ। ਵਿਜੈ ਉਹਨਾਂ ਨੂੰ ਦਸਦਾ ਨਹੀਂ ਤਾਂ ਕਿ ਸਰਪਰਾਈਜ਼ ਦੇ ਸਕੇ। ਸੁਸ਼ਮਾ ਵੀ ਬੱਚਿਆਂ ਬਾਰੇ ਨਹੀਂ ਪੁੱਛਦੀ। ਉਸ ਨੂੰ ਪਤਾ ਹੀ ਹੈ ਕਿ ਇਸ ਵਕਤ ਸਕੂਲ ਹੋਣਗੇ। ਉਹ ਆਖਦੀ ਹੈ,
"ਕਿਸੇ ਔਰਤ ਦਾ ਫੋਨ ਆਵੇ ਤਾਂ ਕਹਿ ਦੇਣਾਂ ਕਿ ਆ ਜਾਵੇ, ਮੈਂ ਦੇਖ ਲਵਾਂਗੀ।"
"ਜਾਣੀ ਕਿ ਮਰੀਜ਼ ਕੋਲ ਮਰੀਜ਼!"
ਕਹਿ ਕੇ ਵਿਜੈ ਹੱਸਦਾ ਹੈ। ਸੁਸ਼ਮਾ ਵੀ ਮੁਸਕਰਾਉਣ ਦੀ ਕੋਸ਼ਿਸ਼ ਕਰਦੀ ਹੈ। ਫਿਰ ਪੁੱਛਦੀ ਹੈ,
"ਜਿਹੜੇ ਮੈਂ ਪੌਂਡ ਕਹੇ ਸੀ ਚੁੱਕ ਲਏ ਸੀ?"
"ਹਾਂ, ਹੋਰ ਦਸ ਕਿਥੇ ਕਿਥੇ ਲੁਕੋਏ ਆ।"
"ਤੁਸੀਂ ਲੱਭ ਲੈਣੇ ਸੀ।"
"ਜੇ ਮੈਂ ਲੱਭਣ ਵਾਲੇ ਸੁਭਾਅ ਦਾ ਹੁੰਦਾ ਤਾਂ ਤੈਨੂੰ ਲੁਕਾਉਣ ਈ ਕਿਉਂ ਦਿੰਦਾ।"
"ਸ਼ਰਮਾ ਜੀ, ਪਹਿਲਾਂ ਤਾਂ ਮੈਂ ਸੋਚਿਆ ਕਿ ਤੁਹਾਨੂੰ ਨਾ ਦੱਸਾਂ ਕਿਉਂਕਿ ਮੇਰੇ ਮਰਨ ਤੋਂ ਬਾਅਦ ਸਾਰੀਆਂ ਚੀਜ਼ਾ ਦੀ ਤਲਾਸ਼ੀ ਤਾਂ ਤੁਸੀਂ ਲਓਗੇ ਈ ਪਰ ਫਿਰ ਸੋਚਿਆ ਕਿ ਤੁਹਾਨੂੰ ਤਲਾਸ਼ੀ ਲੈਣ ਦੀ ਆਦਤ ਨਹੀਂ ਤੇ ਇਵੇਂ ਨਾ ਹੋਵੇ ਕਿ ਕੋਈ ਹੋਰ ਈ ਹੱਥ ਮਾਰ ਜਾਵੇ।"
ਸੁਸ਼ਮਾ ਉਸ ਕੁਰਸੀ ਤੇ ਬੈਠੀ ਥੱਕਣ ਲਗਦੀ ਹੈ ਤੇ ਵਿਜੈ ਉਸ ਨੂੰ ਫੜ ਕੇ ਪਿਛਲੇ ਬੈਠਣ ਕਮਰੇ ਵਿਚ ਲੈ ਆਉਂਦਾ ਹੈ ਤੇ ਸੈਟੀ ਤੇ ਲਿਟਾ ਦਿੰਦਾ ਹੈ। ਉਸ ਨੂੰ ਇਹੋ ਖੁਸ਼ੀ ਬਹੁਤ ਹੈ ਕਿ ਅਜ ਉਸ ਨੂੰ ਹਸਪਤਾਲ ਨਹੀਂ ਜਾਣਾ ਪਵੇਗਾ। ਬੱਚੇ ਉਸ ਨੂੰ ਦੇਖ ਕੇ ਬਹੁਤ ਖੁਸ਼ ਹੁੰਦੇ ਹਨ। ਦੋਵੇਂ ਹੀ ਭੱਜ ਕੇ ਉਸ ਨੂੰ ਚੁੰਬੜ ਜਾਂਦੇ ਹਨ। ਵਿਧੀ ਆਖਦੀ ਹੈ,
"ਡੈਡ, ਵੀ ਗੌਟ ਅਵਰ ਮਿਲੇਨੀਅਮ ਗਿਫਟ!"
"ਵੌਟ?"
"ਮੌਮ ਕੇਮ ਹੋਮ, ਦੈਟ'ਸ ਵੌਟ!"
ਰੋਹਨ ਵੀ ਉਸ ਦੀ 'ਹਾਂ' ਵਿਚ 'ਹਾਂ' ਮਿਲਾਉਂਦਾ ਹੈ। ਵਿਜੈ ਖੁਸ਼ ਹੋ ਜਾਂਦਾ ਹੈ ਕਿ ਬੱਚੇ ਹਾਲਤ ਦੀ ਨਾਜ਼ਕੁਤਾ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦੇ ਹਨ। ਸੁਸ਼ਮਾ ਆਖਦੀ ਹੈ,

"ਆਪਾਂ ਮੰਦਿਰ ਜਾ ਕੇ ਆਈਏ ਤਾਂ ਜੋ ਲੋਕਾਂ ਨੂੰ ਪਤਾ ਚਲ ਜਾਵੇ ਕਿ ਮੈਂ ਹੁਣ ਠੀਕ ਆਂ ਤੇ ਘਰ ਆ ਗਈ ਆਂ।"
"ਤੂੰ ਹਾਲੇ ਠੀਕ ਕਿਥੋਂ ਆਂ? ...ਕੁਝ ਦਿਨ ਰੈਸਟ ਕਰ, ਫਿਰ ਕਿਸੇ ਸੈਚਰਡੇ ਵਾਲੇ ਦਿਨ ਆਪਾਂ ਚਲਾਂਗੇ।"
"ਹਾਏ, ਇੰਨੀ ਵੇਟ!"

ਵਿਜੈ ਕੁਝ ਨਹੀਂ ਬੋਲਦਾ। ਉਸ ਨੂੰ ਸੁਸ਼ਮਾ ਦਾ ਆਪਣੇ ਕੰਮ ਪ੍ਰਤੀ ਇੰਨਾ ਮੋਹ ਚੰਗਾ ਵੀ ਲਗਦਾ ਹੈ। ਚਾਹੁੰਦਾ ਤਾਂ ਉਹ ਵੀ ਹੈ ਕਿ ਸੁਸ਼ਮਾ ਜਲਦੀ ਠੀਕ ਹੋ ਕੇ ਆਪਣਾ ਕੰਮ ਸੰਭਾਲੇ। ਉਸ ਤੋਂ ਇਕੱਲੇ ਤੋਂ ਘਰ ਦੇ ਖਰਚੇ ਪੂਰੇ ਕਰਨੇ ਔਖੇ ਹੋਏ ਪਏ ਹਨ। ਉਸ ਦਾ ਆਪਣਾ ਕੰਮ ਵੀ ਅਣਗੌਲਿਆ ਪਿਆ ਹੈ। ਉਸ ਨੂੰ ਤਾਂ ਇਹ ਵੀ ਡਰ ਹੈ ਕਿ ਜੇ ਇਵੇਂ ਹੀ ਰਿਹਾ ਤਾਂ ਉਹ ਇਸ ਕਾਰੋਬਾਰ ਵਿਚੋਂ ਹੀ ਬਾਹਰ ਹੋ ਜਾਵੇਗਾ ਤੇ ਕੋਈ ਹੋਰ ਨੌਕਰੀ ਭਾਲਣੀ ਪਵੇਗੀ। ਸੁਸ਼ਮਾ ਆਏ ਦਿਨ ਸਿਹਤਯਾਬ ਹੋਣ ਲਗਦੀ ਹੈ। ਉਹ ਪੂਰੀ ਤਰ੍ਹਾਂ ਸਹੀ ਨਹੀਂ ਪਰ ਮਰੀਜ਼ਾਂ ਨੂੰ ਦੇਖਣ ਲਗਦੀ ਹੈ। ਕਈ ਔਰਤਾਂ ਉਸ ਦੀ ਖਬਰ ਨੂੰ ਆਈਆਂ ਦਵਾਈ ਵੀ ਲੈ ਜਾਂਦੀਆਂ ਹਨ। ਹੁਣ ਵਿਜੈ ਬੱਚਿਆਂ ਨੂੰ ਸਕੂਲੋਂ ਲਿਆ ਕੇ ਫਿਰ ਆਪਣੇ ਕੰਮ ਲਈ ਨਿਕਲ ਜਾਇਆ ਕਰਦਾ ਹੈ। ਪਹਿਲਾਂ ਨਾਲੋਂ ਕੰਮ ਹੁਣ ਕੁਝ ਕਾਬੂ ਵਿਚ ਹੈ ਪਰ ਕੁਝ ਗਾਹਕ ਟੁੱਟ ਗਏ ਹਨ। ਉਸ ਨੂੰ ਯਕੀਨ ਹੈ ਕਿ ਹੋਰ ਜੋੜ ਲਵੇਗਾ। ਹੌਲੀ ਹੌਲੀ ਸੁਸ਼ਮਾ ਕਾਰ ਚਲਾਉਣ ਜੋਗੀ ਹੋ ਜਾਂਦੀ ਹੈ। ਵਿਜੈ ਪਹਿਲਾਂ ਵਾਂਗ ਪੂਰਾ ਸਮਾਂ ਕੰਮ ਕਰਨ ਲਗਦਾ ਹੈ। ਜ਼ਿੰਦਗੀ ਮੁੜ ਪਹਿਲਾਂ ਵਰਗੀ ਹੋ ਜਾਂਦੀ ਹੈ। ਬਾਕੀ ਸਭ ਕਾਸੇ ਦੇ ਨਾਲ ਨਾਲ ਸੁਸ਼ਮਾ ਦਾ ਸਿਰ ਦਰਦ ਵੀ ਵਾਪਸ ਆ ਜਾਂਦਾ ਹੈ। ਪਹਿਲਾਂ ਦੀ ਤਰ੍ਹਾਂ ਹੀ ਸਿਰ ਫਟਣ ਲਗਦਾ ਹੈ। ਉਹ ਡਾਕਟਰ ਕੋਲ ਜਾਂਦੇ ਹਨ। ਡਾਕਟਰ ਆਖਦਾ ਹੈ ਕਿ ਇਸ ਦਾ ਬਰੇਨ ਹੈਮਰਜ ਨਾਲ ਕੋਈ ਵਾਹ ਨਹੀਂ ਹੈ। ਵਿਜੈ ਇੰਟਰਨੈੱਟ ਤੋਂ ਬਰੇਨ ਹੈਮਰਜ ਦੀ ਜਾਣਕਾਰੀ ਲੈਂਦਾ ਰਹਿੰਦਾ ਹੈ। ਉਸ ਨੇ ਪੜ੍ਹਿਆ ਹੈ ਕਿ ਜ਼ਿਆਦਾ ਸਿਰ ਦਰਦ ਜਾਂ ਮਾਈਗਰੇਨ ਸਟਰੋਕ ਜਾਂ ਬਰੇਨ ਹੈਮਰਜ ਦੇ ਸਕਦਾ ਹੈ।

ਵਿਜੈ ਕਈ ਵਾਰ ਸੋਚਣ ਲਗ ਪੈਂਦਾ ਹੈ ਕਿ ਜੇ ਮੁੜ ਇਹੋ ਜਿਹੀ ਹਾਲਤ ਹੋ ਜਾਵੇ ਤਾਂ ਉਸ ਨਾਲ ਕਿਵੇਂ ਸਿਝਣਾ ਚਾਹੀਦਾ ਹੈ। ਉਸ ਕੋਲ ਤਾਂ ਕੋਈ ਜਮ੍ਹਾਂ ਪੂੰਜੀ ਵੀ ਨਹੀਂ ਹੈ ਕਿ ਔਖੇ ਵੇਲੇ ਵਰਤ ਸਕੇ। ਉਹ ਸੁਸ਼ਮਾ ਨਾਲ ਗੱਲ ਕਰਦਾ ਹੈ,
"ਆਪਾਂ ਨੂੰ ਕੁਸ਼ ਮਨੀ ਏਦਾਂ ਦੀ ਐਮਰਜੈਂਸੀ ਲਈ ਜੋੜਨੀ ਚਾਹੀਦੀ ਐ।"
"ਹਾਂ, ਕੋਈ ਅਲੱਗ ਜਿਹਾ ਅਕਾਊਂਟ ਖੁਲਵਾਓ।"
"ਕਿਸੇ ਦਿਨ ਤੂੰ ਖੁਲਵਾ ਆ, ਮੇਰੇ ਤਾਂ ਹੁਣ ਸਾਰੇ ਬਿਜ਼ਨਸ ਅਕਾਊਂਟਸ ਹੈਗੇ ਆ।"
"ਮੇਰੇ ਕੋਲ ਇਕ ਅਕਾਊਂਟ ਹੈਗਾ ਜਿਹੜਾ ਪਹਿਲੀਆਂ ਵਿਚ ਦੀਦੀ ਦੇ ਘਰ ਖੁਲਵਾਇਆ ਸੀ, ਉਸੇ ਨੂੰ ਰਿਵਾਈਵ ਕਰ ਲੈਂਨੇ ਆ ਤੇ ਆਪਾਂ ਨੂੰ ਪੈਸੇ ਮੇਰੀ ਨਵੀਂ ਕਲਿਨਿਕ ਲਈ ਵੀ ਚਾਹੀਦੇ ਆ, ਉਹਦੇ ਲਈ ਵੀ ਜੋੜੀਏ।"

ਜਿਹੜੇ ਦਸ ਹਜ਼ਾਰ ਸੁਸ਼ਮਾ ਨੇ ਰੈਸਟੋਰੈਂਟ ਵੇਲੇ ਜੋੜੇ ਸਨ ਉਹ ਤਾਂ ਹੁਣ ਲਗਭਗ ਖਤਮ ਹੋ ਚੁੱਕੇ ਹਨ। ਕੁਝ ਉਹ ਇੰਡੀਆ ਗਈ ਖਰਚ ਚੁੱਕੀ ਹੈ। ਦੋ ਕੁ ਵਾਰ ਉਸ ਨੇ ਆਪਣੇ ਭਰਾ ਨੂੰ ਵੀ ਭੇਜੇ ਹਨ ਤੇ ਹਜ਼ਾਰ ਪੌਂਡ ਅੰਮਰਤੀ ਵੀ ਉਸ ਤੋਂ ਉਧਾਰ ਲੈ ਚੁੱਕੀ ਹੈ ਜੋ ਕਿ ਉਸ ਨੇ ਮੋੜੇ ਨਹੀਂ ਤੇ ਨਾ ਹੀ ਆਸ ਹੈ ਕਿ ਮੁੜਨਗੇ।

ਇਕ ਦਿਨ ਉਹ ਵਿਜੈ ਨੂੰ ਆਖਦੀ ਹੈ,
"ਸ਼ਰਮਾ ਜੀ, ਤੁਹਾਡਾ ਕੰਮ ਮੇਰੇ ਕੰਮ ਦੇ ਰਾਹ ਅੜਿਕਾ ਬਣਿਆਂ ਪਿਐ।"
"ਓਹ ਕਿੱਦਾਂ ਬਈ?"
"ਦੇਖੋ, ਓਧਰੋਂ ਤਾਂ ਮੇਰੇ ਮਰੀਜ਼ਾਂ ਦਾ ਟਾਈਮ ਹੁੰਦੈ ਤੇ ਮੈਨੂੰ ਤੁਹਾਡੇ ਨਿਆਣੇ ਲੈਣ ਜਾਣਾ ਪੈਂਦਾ। ਓਧਰੋਂ ਕਈ ਮਰੀਜ਼ ਆ ਕੇ ਬੈਠੀ ਹੁੰਦੀ ਐ ਤੇ ਇਹਨਾਂ ਨੂੰ ਭੁੱਖ ਲਗ ਜਾਂਦੀ ਐ। ਜੇ ਇਹਨਾਂ ਨੂੰ ਤੁਸੀਂ ਸੰਭਾਲੋ ਤਾਂ ਮੈਨੂੰ ਵਿਹਲੀ ਕਰ ਦਿਓ।"
"ਤਾਂ ਕਿ ਤੇਰੇ ਵਰਗੀ ਹਲਕੀ ਔਰਤ ਮੇਰੀ ਦੋ ਬੰਦਿਆਂ ਵਿਚ ਬੇਇਜ਼ਤੀ ਕਰਨ ਦੇ ਕਾਬਲ ਹੋ ਜਾਵੇ!"

ਵਿਜੈ ਉਸ ਨੂੰ ਪੁਰਾਣੀ ਗੱਲ ਚੇਤੇ ਕਰਵਾਉਂਦਾ ਹੈ। ਸੁਸ਼ਮਾ ਇਸ ਗੱਲ ਤੇ ਕੁਝ ਨਹੀਂ ਬੋਲਦੀ ਪਰ ਕੁਝ ਰੁਕ ਕੇ ਆਖਣ ਲਗਦੀ ਹੈ,
"ਸ਼ਰਮਾ ਜੀ, ਤੁਸੀਂ ਮੇਰੇ ਵਾਲੇ ਪਰੋਫੈਸ਼ਨ ਵਿਚ ਕਿਉਂ ਨਹੀਂ ਆ ਜਾਂਦੇ, ਦੇਖੋ ਕਿੰਨੇ ਮੇਲ ਪੇਸ਼ੀਅੰਟ ਫੋਨ ਕਰਦੇ ਆ। ਤੁਸੀਂ ਮੇਰੇ ਨਾਲ ਈ ਪਰੈਕਟਿਸ ਸ਼ੁਰੂ ਕਰ ਦਿਓ, ਦੇਖੋ ਸਭ ਕੁਸ਼ ਅਸਾਨ ਹੋ ਜਾਏਗਾ।"
"ਮੇਰੇ ਕੋਲ ਕਿਹੜੀ ਕੁਆਲੀਫੀਕੇਸ਼ਨ ਐ ਕਿ ਮੈਂ ਇਕ ਦਮ ਉਠ ਕੇ ਡਾਕਟਰ ਹਕੀਮ ਬਣ ਜਾਵਾਂ?"
"ਜੇ ਤਾਂ ਸਿਰਫ ਸਰਟੀਫਿਕੇਟ ਦੀ ਗੱਲ ਕਰਦੇ ਓ ਤਾਂ ਇਹ ਮੈਂ ਇਥੇ ਬੈਠੀ ਈ ਇੰਤਜ਼ਾਮ ਕਰ ਸਕਦੀ ਆਂ।"
"ਕਿੰਨੇ ਕੁ ਪੈਸੇ ਲਗਣਗੇ?"
"ਦੋ ਕੁ ਹਜ਼ਾਰ ਰੁਪਏ।"

ਸੁਸ਼ਮਾ ਦੇ ਦਸਣ ਤੇ ਵਿਜੈ ਹੱਸਣ ਲਗਦਾ ਹੈ ਤੇ ਕਿੰਨਾ ਚਿਰ ਹਸਦਾ ਰਹਿੰਦਾ ਹੈ। ਉਹ ਫਿਰ ਪੁੱਛਦੀ ਹੈ,
"ਇਹਦੇ ਵਿਚ ਹੱਸਣ ਵਾਲੀ ਕਿਹੜੀ ਗੱਲ ਐ, ਪੰਜਾਬ ਭਰਿਆ ਪਿਆ ਇਹੋ ਜਿਹੇ ਡਾਕਟਰਾਂ ਨਾਲ।"
"ਕਹਿੰਦੇ ਹੁੰਦੇ ਆ ਕਿ ਕਿਸੇ ਵਲ ਇਕ ਉਂਗਲ ਉਠਾਈਏ ਤਾਂ ਤਿੰਨ ਉਂਗਲਾਂ ਤੁਹਾਡੇ ਵਲ ਉਠਦੀਆਂ।"

"ਮੇਰੇ ਕੋਲ ਡਿਗਰੀ ਐ।"

ਵਿਜੈ ਨਹੀਂ ਚਾਹੁੰਦਾ ਕਿ ਉਹ ਸੁਸ਼ਮਾ ਮਾਨਸਿਕ ਤੌਰ ਤੇ ਤੰਗ ਕਰੇ। ਉਹ ਗੱਲ ਬਦਲਦਾ ਆਖਦਾ ਹੈ,

"ਮੈਂ ਏਦਾਂ ਦਾ ਡਾਕਟਰ ਬਣਨੋਂ ਬਾਜ ਆਇਆ। ਕੋਈ ਪੰਗਾ ਪਾ ਬੈਠੂੰ, ਨਾਲੇ ਘਰ ਵਿਚ ਇਕ ਡਾਕਟਰ ਬਹੁਤ ਹੁੰਦੈ। ਤੂੰ ਮੈਨੂੰ ਮੇਰਾ ਕੰਮ ਕਰੀ ਜਾਣ ਦੇ। ਇਹ ਬੱਚਿਆਂ ਦੀ ਜ਼ਿੰਮੇਵਾਰੀ ਤਾਂ ਤੇਰੀ ਈ ਐ, ਮਾਂ ਬਣਨਾ ਸੌਖਾ ਨਹੀਂ।"

"ਜਾਂ ਫਿਰ ਆਪਾਂ ਕਿਸੇ ਨੂੰ ਰੱਖ ਲਈਏ।"

"ਸਭ ਤੋਂ ਪਹਿਲਾਂ ਤੂੰ ਨੌਂ ਬਰ ਨੌਂ ਹੋ ਫਿਰ ਦੇਖਾਂਗੇ।"

ਇਕ ਦਿਨ ਇੰਡੀਆ ਤੋਂ ਫੋਨ ਆਉਂਦਾ ਹੈ। ਫਗਵਾੜੇ ਤੋਂ ਹੈ। ਸੁਸ਼ਮਾ ਗੱਲਾਂ ਕਰਦੀ ਹੈ। ਵੈਸੇ ਤਾਂ ਸੁਸ਼ਮਾ ਹਸਪਤਾਲ ਵਿਚ ਆਪਣੇ ਪਿਤਾ ਜੀ ਤੇ ਭਾਈ ਨਾਲ ਗੱਲਾਂ ਕਰਦੀ ਰਹੀ ਹੈ। ਨਰਸ ਤੋਂ ਇਜਾਜ਼ਤ ਲੈ ਕੇ ਵਿਜੈ ਆਪਣੇ ਮੁਬਾਈਲ ਤੋਂ ਨੰਬਰ ਮਿਲਾ ਦਿਆ ਕਰਦਾ। ਘਰ ਆ ਕੇ ਵੀ ਫੋਨ ਤੇ ਗੱਲ ਹੁੰਦੀ ਹੀ ਰਹਿੰਦੀ ਹੈ ਪਰ ਬਹੁਤੀ ਵਾਰ ਵਿਜੈ ਘਰ ਨਹੀਂ ਹੁੰਦਾ, ਅਜ ਹੈ ਤੇ ਪਿਤਾ ਜੀ ਉਸ ਨਾਲ ਗੱਲ ਕਰਨੀ ਚਾਹੁੰਦੇ ਹਨ। ਜਦ ਸੁਸ਼ਮਾ ਗੱਲ ਕਰ ਰਹੀ ਹੈ ਤਾਂ ਵਿਜੈ ਮੁੱਛਾਂ ਨੂੰ ਵਟਾ ਦੇਣ ਦਾ ਅਭਿਨਯ ਕਰਦਾ ਇਸ਼ਾਰੇ ਨਾਲ ਪੁੱਛਦਾ ਹੈ ਕਿ ਇਹ ਮੁੱਛਲ ਹੀ ਹੈ। ਸੁਸ਼ਮਾ ਹਲਕਾ ਜਿਹਾ ਸਿਰ ਮਾਰਦੀ ਉਸ ਨੂੰ ਫੋਨ ਫੜਾ ਦਿੰਦੀ ਹੈ। ਵਿਜੈ ਅਵਾਜ਼ ਸੁਣਦਾ ਆਖਦਾ ਹੈ,

"ਪੈਰੀਂ ਪੈਨਾ ਪਿਤਾ ਜੀ।"

"ਜੀਉਂਦੇ ਰਹੋ, ਅਸੀਂ ਸੁਸ਼ਮਾ ਨੂੰ ਦੇਖਣਾ ਚਾਹੁੰਨੇ ਆਂ।"

"ਠੀਕ ਐ ਪਿਤਾ ਜੀ, ਮੈਂ ਇਹਨੂੰ ਜਲਦੀ ਈ ਭੇਜ ਦਿੰਨਾ, ਥੋੜੀ ਜਿਹੀ ਠੀਕ ਹੋ ਲੈਣ ਦਿਓ।"

ਵਿਜੈ ਸਮਝ ਜਾਂਦਾ ਹੈ ਕਿ ਉਹ ਅਗੇ ਕੀ ਕਹਿਣਗੇ। ਅੰਮਰਤੀ ਗੱਲ ਕਰ ਚੁੱਕੀ ਹੈ ਕਿ ਉਹ ਇਥੇ ਆਉਣਾ ਚਾਹੁੰਦੇ ਹਨ। ਉਸ ਵਕਤ ਤਾਂ ਟਿਕਟ ਵੀ ਮੰਗੀ ਜਾ ਰਹੀ ਸੀ। ਕਿਸੇ ਨੂੰ ਇਹ ਖਿਆਲ ਨਹੀਂ ਸੀ ਕਿ ਵਿਜੈ ਕਿਹੋ ਜਿਹੀ ਮਾਨਸਿਕ ਤੇ ਆਰਥਿਕ ਸਥਿਤੀ ਵਿਚ ਦੀ ਲੰਘ ਰਿਹਾ ਹੋਵੇਗਾ ਉਹਨਾਂ ਨੂੰ ਆਪਣੀ ਮੁਫਤ ਦੀ ਇੰਗਲੈਂਡ ਫੇਰੀ ਦੀ ਪਈ ਹੋਈ ਸੀ। ਉਹ ਫੋਨ ਰੱਖਦਾ ਆਖਦਾ ਹੈ,

"ਲੈ ਬਈ ਤੂੰ ਹੁਣ ਕਦੇ ਵੀ ਇੰਡੀਆ ਦਾ ਚੱਕਰ ਮਾਰ ਇਆ, ਉਹ ਸਭ ਵੀ ਤੇਰਾ ਫਿਕਰ ਕਰਦੇ ਹੋਣਗੇ।"

"ਹਾਂ, ਹੁਣ ਇੰਡੀਆ ਦਾ ਜਾਣਾ ਤਾਂ ਡਿਊ ਐ, ਮੇਰੀਆਂ ਦਵਾਈਆਂ ਵੀ ਮੁੱਕਣ ਕਿਨਾਰੇ ਆ, ਨਾਲੇ ਇਸ ਭਵਸਾਗਰ ਵਿਚੋਂ ਨਿਕਲਣ ਤੋਂ ਬਾਅਦ ਮੇਰਾ ਜਾਣਾ ਵੀ ਬਣਦਾ ਐ।"

ਉਹ ਬੈਠ ਕੇ ਇੰਡੀਆ ਜਾਣ ਦਾ ਪਰੋਗਰਾਮ ਬਣਾਉਣ ਲਗਦੇ ਹਨ। ਇੰਡੀਆ ਜਾਣ ਦੀ ਗੱਲ ਨਾਲ ਸੁਸ਼ਮਾ ਭਾਵੁਕ ਹੋਣ ਲਗਦੀ ਹੈ। ਹਸਪਤਾਲ ਵਿਚ ਉਹ ਬਹੁਤ ਸਾਰੇ ਜਜ਼ਬਾਤੀ ਉਤਰਾਅ ਚੜਾਅ ਵਿਚ ਦੀ ਲੰਘੀ ਹੈ। ਕਈ ਵਾਰ ਉਸ ਨੇ ਆਪਣੇ ਆਪ ਨੂੰ ਬਹੁਤ ਇਕੱਲੀ ਮਹਿਸੂਸ ਕੀਤਾ ਹੈ। ਅੰਮਰਤੀ ਤੋਂ ਬਿਨਾਂ ਇਸ ਮੁਲਕ ਵਿਚ ਉਸ ਦਾ ਕੋਈ ਵੀ ਨਹੀਂ ਹੈ। ਅੰਮਰਤੀ ਵੀ ਉਸ ਨੂੰ ਮਿਲਣ ਨਿਰੰਤਰ ਨਹੀਂ ਆਈ। ਉਸ ਦਾ ਕਈ ਵਾਰ ਦਿਲ ਕੀਤਾ ਸੀ ਕਿ ਪਿਤਾ ਜੀ ਜਾਂ ਭਾਈ ਉਸ ਨੂੰ ਦੇਖਣ ਆਉਣ ਪਰ ਉਹ ਤਾਂ ਹਜ਼ਾਰਾਂ ਮੀਲ ਦੂਰ ਬੈਠੇ ਹਨ। ਹੁਣ ਉਸ ਦਾ ਦਿਲ ਕਰਦਾ ਹੈ ਕਿ ਉਹਨਾਂ ਨੂੰ ਉਡ ਕੇ ਜਾ ਮਿਲੇ। ਸੁਸ਼ਮਾ ਆਖਦੀ ਹੈ,

"ਮੈਂ ਮਈ ਵਿਚ ਜਾ ਆਵਾਂ?"

"ਮਈ ਵਿਚ ਬਹੁਤ ਗਰਮੀ ਹੁੰਦੀ ਐ, ਤੂੰ ਈਸਟਰ ਦੀਆਂ ਛੁੱਟੀਆਂ ਵਿਚ ਜਾ ਆ ਪਰ ਸਭ ਤੋਂ ਪਹਿਲਾਂ ਆਪਣੀ ਸਿਹਤ ਬਾਰੇ ਦੇਖ, ਸਫਰ ਕਰਨ ਦੇ ਕਾਬਲ ਵੀ ਹੈਂ?"

"ਸਿਹਤ ਹੁਣ ਮੇਰੀ ਠੀਕ ਐ, ਸਗੋਂ ਇੰਡੀਆ ਜਾ ਕੇ ਜ਼ਿਆਦਾ ਠੀਕ ਹੋ ਜਾਣੈਂ।"

"ਡਾਕਟਰ ਨਾਲ ਗੱਲ ਕਰਕੇ ਹੀ ਜਾਵੀਂ।"

"ਡਾਕਟਰ ਨੂੰ ਕੀ ਪਤੈ! ...ਮੈਂ ਬੱਚੇ ਲੈ ਕੇ ਜਾਵਾਂ?"

"ਬੱਚੇ ਇਥੇ ਰਹੇ ਤਾਂ ਮੈਂ ਕੰਮ ਨਹੀਂ ਕਰ ਸਕਣਾ, ਆਪਾਂ ਅਗੇ ਈ ਪੈਸੇ ਵਲੋਂ ਤੰਗ ਆਂ।"

ਇਕ ਦਿਨ ਭਾਗੀ ਸੁਸ਼ਮਾ ਦੀ ਖਬਰ ਲੈਣ ਆਉਂਦੀ ਹੈ। ਸੁਸ਼ਮਾ ਨੂੰ ਉਸ ਦਾ ਆਉਣਾ ਬਹੁਤਾ ਚੰਗਾ ਨਹੀਂ ਲਗਦਾ। ਉਸ ਦੇ ਜਾਣ ਤੋਂ ਬਾਅਦ ਸੁਸ਼ਮਾ ਅੰਮਰਤੀ ਨੂੰ ਫੋਨ ਕਰਕੇ ਪੁੱਛਦੀ ਹੈ,

"ਦੀਦੀ, ਤੂੰ ਭਾਗੀ ਨੂੰ ਜਾਣਦੀ ਐਂ?"

"ਹਾਂ, ਚੰਗੀ ਤਰ੍ਹਾਂ, ਵਿਜੈ ਦੇ ਪਿੰਡ ਦੀ ਐ, ਆਦਮੀ ਛੱਡ ਗਿਆ, ਹੁਣ ਤਾਂ ਕੁੜੀਆਂ ਵੀ ਵੱਡੀਆਂ ਹੋ ਗਈਆਂ ਹੋਣਗੀਆਂ। ਕਿਉਂ ਕੀ ਗੱਲ ਹੋ ਗਈ।"

"ਮੇਰੇ ਕੋਲ ਕਈ ਵਾਰ ਦਵਾਈ ਲੈਣ ਆਉਂਦੀ ਐ, ਮੇਰੇ ਵਲ ਬਹੁਤ ਈ ਟੇਡੀ ਨਜ਼ਰ ਨਾਲ ਦੇਖਦੀ ਐ ਜਿੱਦਾਂ ਮੈਨੂੰ ਲਾਈਕ ਨਾ ਕਰਦੀ ਹੋਵੇ, ਕਈ ਗੱਲਾਂ ਵਿਚ ਸ਼ਰਮਾ ਜੀ ਦੀ ਸਾਈਡ ਲੋੜ ਤੋਂ ਜ਼ਿਆਦਾ ਲਈ ਜਾਂਦੀ ਐ, ਉਸ ਦੀਆ ਅਲਾਮਤਾਂ ਏਦਾਂ ਦੀਆਂ ਕਿ ਉਸ ਕੋਲ ਬੁਆਏ ਫਰਿੰਡ ਹੈਗਾ।"

"ਹੋਏਗਾ।"
"ਮੈਨੂੰ ਡਰ ਐ ਕਿ ਸ਼ਰਮਾ ਜੀ ਈ ਨਾ ਓਧਰ ਜਾਂਦੇ ਹੋਣ।"
"ਮੈਨੂੰ ਨਹੀਂ ਲਗਦਾ ਵਿਜੈ ਏਦਾਂ ਦਾ ਹੋਏਗਾ ਪਰ ਇਹਨਾਂ ਮਰਦਾਂ ਤੇ ਯਕੀਨ ਵੀ ਨਹੀਂ ਕਰਨਾ ਚਾਹੀਦਾ।"

## ਉਣੱਤੀ

ਇੰਡੀਆ ਤੋਂ ਵਾਪਸ ਮੁੜਦੀ ਸੁਸ਼ਮਾ ਜ਼ਰਾ ਕੁ ਗੁੱਸੇ ਵਿਚ ਹੈ। ਵਿਜੈ ਪੁੱਛਦਾ ਹੈ,
"ਇਹ ਤੇਵਰ ਕਿਉਂ ਬਦਲੇ ਹੋਏ ਆ?"
"ਤੁਹਾਨੂੰ ਪਿਤਾ ਜੀ ਨੇ ਕਿਹਾ ਸੀ ਕਿ ਉਹ ਮੈਨੂੰ ਦੇਖਣ ਆਉਣਾ ਚਾਹੁੰਦੇ ਆ।"
"ਤੇਰੇ ਸਾਹਮਣੇ ਈ ਤਾਂ ਗੱਲ ਹੋਈ ਸੀ ਕਿ ਉਹ ਤੈਨੂੰ ਦੇਖਣਾ ਚਾਹੁੰਦੇ ਆ ਤੇ ਮੈਂ ਤੈਨੂੰ ਉਸੇ ਵੇਲੇ ਕਹਿ ਦਿਤਾ ਕਿ ਜਾਏਆ ਪਰ ਉਹਨਾਂ ਨੇ ਇਹ ਕਦੇ ਨਹੀਂ ਕਿਹਾ ਕਿ ਉਹ ਆਉਣਾ ਚਾਹੁੰਦੇ ਆ।"
"ਦੀਦੀ ਨੇ ਤੁਹਾਨੂੰ ਸੁਨੇਹਾ ਦਿਤਾ ਤਾਂ ਸੀ।"
"ਦੀਦੀ ਨੇ ਕਿਹਾ ਸੀ ਕਿ ਟਿਕਟ ਭੇਜਾਂ ਤੇ ਮੈਂ ਕਿਹਾ ਸੀ ਕਿ ਉਹਨਾਂ ਕੋਲ ਕਿਹੜੇ ਪੈਸਿਆਂ ਦੀ ਕਮੀ ਐ!"
"ਉਹ ਜਿਹੜਾ ਮੈਂ ਦੋ ਹਜ਼ਾਰ ਦਸਿਆ ਸੀ।"
"ਉਹ ਮੇਰੇ ਨਿਆਣਿਆਂ ਦੇ ਪੈਸੇ ਸੀ, ਮੇਰੇ ਘਰ ਦੇ, ਕਿਸ਼ਤਾਂ ਬਿੱਲਾਂ ਦੇ, ਤੈਨੂੰ ਘਰ ਦੀ ਕੋਈ ਗੱਲ ਦਸਦਾਂ ਤਾਂ ਤੇਰਾ ਸਿਰ ਦੁੱਖਣ ਲਗ ਪੈਂਦਾ, ਇਹ ਤਾਂ ਕਿਸੇ ਨੇ ਨਹੀਂ ਸੋਚਿਆ ਕਿ ਮੈਂ ਕਿਹੜੀ ਹਾਲਤ ਵਿਚ ਦੀ ਲੰਘ ਰਿਹਾਂ।"

ਵਿਜੈ ਦੀ ਅਵਾਜ਼ ਕੁਝ ਉੱਚੀ ਹੋ ਜਾਂਦੀ ਹੈ। ਸੁਸ਼ਮਾ ਗੱਲ ਨੂੰ ਜ਼ਰਾ ਕੁ ਬਦਲ ਲੈਂਦੀ ਹੈ। ਪੁੱਛਦੀ ਹੈ,
"ਤੁਸੀਂ ਪਿਤਾ ਜੀ ਨੂੰ ਲਾਈਕ ਕਿਉਂ ਨਹੀਂ ਕਰਦੇ?"

ਵਿਜੈ ਸੋਚਣ ਲਗਦਾ ਹੈ ਤੇ ਫਿਰ ਬੋਲਦਾ ਹੈ,
"ਉਹ ਮੈਨੂੰ ਕਰਦੇ ਆ?"

ਸੁਸ਼ਮਾ 'ਨਾਂਹ' ਵਿਚ ਹਲਕਾ ਜਿਹਾ ਸਿਰ ਮਾਰਦੀ ਹੈ। ਵਿਜੈ ਆਖਣ ਲਗਦਾ ਹੈ,
"ਅਸਲ ਵਿਚ ਸਾਡੇ ਵਿਚ ਜਿਹੜਾ ਰਿਸ਼ਤਾ ਸਥਾਪਤ ਹੋਣਾ ਚਾਹੀਦਾ ਉਹ ਨਹੀਂ ਹੋ ਸਕਿਆ, ਕਾਰਨ ਇਹਦਾ ਇਹ ਕਿ ਆਪਣਾ ਵਿਆਹ ਆਮ ਹਾਲਾਤ ਵਿਚ ਨਹੀਂ ਸੀ ਹੋਇਆ, ਉਹ ਇਸ ਦਾ ਕਸੂਰਵਾਰ ਮੈਨੂੰ ਜਾਂ ਮੇਰਿਆਂ ਘਰਦਿਆਂ ਨੂੰ ਮੰਨਦੇ ਰਹੇ। ਇਹ ਗੱਲ ਉਹਨਾਂ ਦੀ ਪਕੜ ਵਿਚ ਨਹੀਂ ਆਈ ਕਿ ਅਸੀਂ ਕਦੇ ਇਸ ਵਿਆਹ ਲਈ 'ਹਾਂ' ਕੀਤੀ ਹੀ ਨਹੀਂ ਸੀ।"
"ਸ਼ਰਮਾ ਜੀ, ਮੈਂ ਤਾਂ ਸਾਰੀ ਗੱਲ ਸਮਝਦੀ ਸੀ।"
"ਗੱਲ ਤੇਰੇ ਪਿਤਾ ਜੀ ਦੀ ਹੋ ਰਹੀ ਐ। ਫਿਰ ਉਹਨਾਂ ਮੇਰੇ ਘਰਦਿਆਂ ਨੂੰ ਕਦੇ ਕੋਈ ਆਦਰ ਨਹੀਂ ਦਿਤਾ, ਕੁੜਮਾਂ ਵਾਲਾ ਤਾਂ ਇਕ ਪਾਸੇ ਸਧਾਰਨ ਰਿਸ਼ਤੇਦਾਰਾਂ ਵਾਲਾ ਵੀ ਨਹੀਂ।"
"ਤੁਸੀਂ ਵੀ ਤਾਂ ਉਹਨਾਂ ਨੂੰ ਮਿਲਣ ਨਹੀਂ ਗਏ।"
"ਇਹ ਰੋਸਾ ਅਗਾਂਹ ਵਧਦਾ ਰਿਹਾ, ਉਹਨਾਂ ਨੇ ਤੈਨੂੰ ਦਿੱਲੀ ਨਹੀਂ ਜਾਣ ਦਿਤਾ।"
"ਮੈਂ ਤਾਂ ਜਾ ਕੇ ਆਈ ਆਂ।"
"ਓਦਾਂ ਨਹੀਂ ਨਾ ਜਿੱਦਾਂ ਕੋਈ ਕੁੜੀ ਸੁਹਰੀਂ ਜਾਂਦੀ ਹੁੰਦੀ ਐ।"
"ਸ਼ਰਮਾ ਜੀ, ਤੁਸੀਂ ਸਿਆਣੇ ਓ, ਏਸ ਤਲਖੀ ਨੂੰ ਘਟਾਓ, ਮੈਨੂੰ ਤਕਲੀਫ ਹੁੰਦੀ ਐ।"
"ਤੂੰ ਚਿੰਤਾ ਨਾ ਕਰ, ਹੌਲੀ ਹੌਲੀ ਸਭ ਠੀਕ ਹੋ ਜਾਏਗਾ। ਥੋੜਾ ਹੱਥ ਠੀਕ ਹੋ ਜਾਏ ਆਪਾਂ ਦੋਨੋਂ ਇਕੱਠੇ ਇੰਡੀਆ ਚਲਾਂਗੇ, ਦਿੱਲੀ ਵੀ ਰਹਾਂਗੇ ਤੇ ਫਗਵਾੜੇ ਵੀ।"

ਵਿਜੈ ਉਸ ਨੂੰ ਤਸੱਲੀ ਦਿੰਦਾ ਆਖਦਾ ਹੈ ਪਰ ਅੰਦਰੋਂ ਉਸ ਨੂੰ ਪਤਾ ਹੈ ਕਿ ਦਿਲਾਂ ਵਿਚ ਫਰਕ ਪੈ ਚੁੱਕਾ ਹੈ। ਉਸ ਨੂੰ ਯਕੀਨ ਜਿਹਾ ਹੈ ਕਿ ਸੁਸ਼ਮਾ ਉਹਨਾਂ ਨੂੰ ਪੈਸੇ ਭੇਜਦੀ ਹੈ ਭਾਵੇਂ ਥੋੜੇ ਹੀ ਭੇਜੇ। ਇਥੇ ਉਹ ਆਪਣੇ ਆਪ ਨੂੰ ਤਸੱਲੀ ਦੇਣ ਲਈ ਸੁਸ਼ਮਾ ਨੂੰ ਮੁਆਫ ਕਰ ਦਿੰਦਾ ਕਿ ਜੇਕਰ ਉਹ ਥੋੜੀ ਬਹੁਤ ਮਰਜ਼ੀ ਕਰ ਵੀ ਜਾਂਦੀ ਹੈ ਤਾਂ ਕਿਹੜੀ ਏਡੀ ਆਫਤ ਆ ਗਈ, ਅਕਸਰ ਉਹ ਵੀ ਬਰਾਬਰ ਕੰਮ ਕਰਦੀ ਹੈ ਪਰ ਪਿਤਾ ਜੀ ਦਾ ਕਸੂਰ ਹੈ ਕਿ ਉਹ ਸੁਸ਼ਮਾ ਨੂੰ ਪੈਸੇ ਭੇਜਣ ਲਈ ਉਕਸਾਉਂਦੇ ਹੋਣਗੇ। ਫਿਰ ਵਿਜੈ ਦਾ ਸੁਭਾਅ ਵੀ ਕੁਝ ਅਜਿਹਾ ਹੈ ਕਿ ਉਹ ਰਿਸ਼ਤਿਆਂ ਨੂੰ ਸੁਧਾਰਨ ਦੀ ਬਹੁਤੀ ਕੋਸ਼ਿਸ਼ ਨਹੀਂ ਕਰਿਆ ਕਰਦਾ। ਜੇ ਕਿਸੇ ਨਾਲ ਵਿਗੜ ਗਈ ਤਾਂ ਵਿਗੜ ਗਈ। ਰਮੇਸ਼ ਨਾਲ ਵੀ ਸਬੰਧ ਮੁੜ ਕੇ ਸੁਧਰ ਨਹੀਂ ਸਕੇ। ਸੁਸ਼ਮਾ ਦੇ ਬਿਮਾਰ ਹੋਣ ਸਮੇਂ ਉਹ ਲਗਾਤਾਰ ਆਉਂਦੇ ਰਹੇ ਹੁਣ ਸੁਸ਼ਮਾ ਠੀਕ ਹੈ ਤਾਂ ਸਬੰਧ ਮੁੜ ਪਹਿਲਾਂ ਵਾਲੀ ਖਰਾਬ-ਜਗਾਹ ਚਲੇ ਗਏ ਹਨ।

ਅਸਲ ਵਿਚ ਅੰਮਰਤੀ ਉਡੀਕਦੀ ਰਹੀ ਹੈ ਕਿ ਉਹ ਇੰਨੀ ਵਾਰ ਹਸਪਤਾਲ ਸੁਸ਼ਮਾ ਨੂੰ ਦੇਖਣ ਜਾਂਦੇ ਰਹੇ ਹਨ ਹੁਣ ਵਿਜੈ ਦਾ ਫਰਜ਼ ਹੈ ਕਿ ਉਹਨਾਂ ਦੇ ਘਰ ਆਵੇ ਪਰ ਵਿਜੈ ਆਪਣੀ ਆਦਤ ਮੂਜਬ ਪਰਵਾਹ ਨਹੀਂ ਕਰਦਾ।

ਹੁਣ ਉਹਨਾਂ ਸਾਹਮਣੇ ਨਿਸ਼ਾਨਾ ਘਰ ਦੇ ਨਾਲ ਕਮਰਾ ਪਾ ਕੇ ਸੁਸ਼ਮਾ ਦਾ ਕੰਮ ਉਥੇ ਲੈ ਜਾਣਾ ਹੈ। ਉਹ ਪੈਸੇ ਜੋੜ ਰਹੇ ਹਨ। ਦੋਨੋ ਹੀ ਆਪਣਾ ਇੰਡੀਆ ਜਾਣਾ ਦੋ ਸਾਲ ਲਈ ਸਥਿਗਤ ਕਰ ਦਿੰਦੇ ਹਨ। ਸੁਸ਼ਮਾ ਦੀ ਕਲਿਨਿਕ ਦੀਆਂ ਦਵਾਈਆਂ ਉਹ ਕੋਰੀਅਰ ਰਾਹੀਂ ਮੰਗਵਾ ਲੈਣਗੇ। ਹੋਰ ਖਰਚੇ ਤੇ ਵੀ ਕਾਬੂ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਸਾਲ ਨਿਕਲ ਜਾਂਦਾ ਹੈ ਪਰ ਪੈਸੇ ਖਾਸ ਨਹੀਂ ਜੁੜੇ। ਵਿਜੈ ਬਿਲਡਰ ਨੂੰ ਸੱਦ ਕੇ ਆਉਣ ਵਾਲੀ ਲਾਗਤ ਦਾ ਅੰਦਾਜ਼ਾ ਲੈਂਦਾ ਹੈ। ਪੰਜਾਹ ਹਜ਼ਾਰ ਦਾ ਅੰਦਾਜ਼ਾ ਹੈ ਪਰ ਉਹਨਾਂ ਕੋਲ ਤਾਂ ਸਿਰਫ ਦਸ ਹਜ਼ਾਰ ਹੀ ਹੈ। ਇਹ ਗਰਮੀਆਂ ਵੀ ਗਈਆਂ। ਹੁਣ ਅਗਲੀਆਂ ਗਰਮੀਆਂ ਤਕ ਹੀ ਕੁਝ ਕਰ ਹੋਵੇਗਾ। ਸੁਸ਼ਮਾ ਹਰ ਰੋਜ਼ ਨਕਸ਼ਾ ਜਿਹਾ ਵਾਹ ਕੇ ਵਿਜੈ ਨੂੰ ਦਸਣ ਲਗਦੀ ਹੈ ਕਿ ਉਸ ਨੂੰ ਕਮਰੇ ਵਿਚ ਇਸ ਤਰ੍ਹਾਂ ਦੇ ਕੈਬਿਨ ਚਾਹੀਦੇ ਹਨ। ਇਕ ਮਰੀਜ਼ ਦਾ ਮੁਆਇਨਾ ਕਰਨ ਵਾਲਾ, ਇਕ ਦਵਾਈਆਂ ਵਾਲਾ, ਇਕ ਵੇਟਿੰਗ ਰੂਮ ਬਗੈਰਾ। ਆਪਣੇ ਕਮਰੇ ਵਿਚ ਹੀ ਉਸ ਨੂੰ ਇਕ ਸਿੰਕ ਵੀ ਚਾਹੀਦੀ ਹੈ। ਇਕ ਟੁਆਇਟ ਵੀ ਨਾਲ ਲਗਵੀਂ।

ਅਗਲੀਆਂ ਗਰਮੀਆਂ ਪੁਜ ਰਹੀਆਂ ਹਨ। ਲੋੜੀਂਦੇ ਪੈਸੇ ਜੁੜਨੇ ਦੂਰ ਦੀ ਗੱਲ ਹੈ। ਸੁਸ਼ਮਾ ਨਵੇਂ ਕਮਰੇ ਲਈ ਕਾਹਲੀ ਪੈ ਰਹੀ ਹੈ। ਇਹਨਾਂ ਦਿਨਾਂ ਵਿਚ ਇਕ ਹੋਰ ਗੱਲ ਹੁੰਦੀ ਹੈ ਕਿ ਕੋਈ ਉਹਨਾਂ ਦੀ ਸ਼ਿਕਾਇਤ ਕਰ ਦਿੰਦਾ ਹੈ ਕਿ ਉਹ ਘਰੋਂ ਹੀ ਦਵਾਖਾਨਾ ਚਲਾ ਰਹੇ ਹਨ। ਗੱਲ ਤਾਂ ਵੱਡੀ ਨਹੀਂ ਹੈ ਕਿਉਂਕਿ ਵਿਜੈ ਨੇ ਕੌਂਸਲ ਕੋਲ ਇਹ ਸਭ ਰਜਿਸਟਰ ਕਰਵਾ ਰੱਖਿਆ ਹੈ ਪਰ ਹੈਲਥ ਵਾਲੇ ਹੁਣ ਲਗਾਤਾਰ ਚੱਕਰ ਮਾਰਨ ਲਗੇ ਹਨ ਤੇ ਕਈ ਕਿਸਮ ਦੇ ਨੁਕਸ ਵੀ ਕੱਢ ਗਏ ਹਨ। ਸੁਸ਼ਮਾ ਆਖ ਰਹੀ ਹੈ ਕਿ ਜੇਕਰ ਨਵਾਂ ਕਮਰਾ ਪੈ ਜਾਵੇ ਤਾਂ ਉਸ ਨੂੰ ਕੌਂਸਲ ਦੀ ਮੰਗ ਮੁਤਾਬਕ ਤਿਆਰ ਕਰਵਾ ਲੈਣ। ਉਹ ਆਖਰੀ ਹਥਿਆਰ ਘਰ ਨੂੰ ਰੀਮੌਰਟਗੇਜ ਕਰਨ ਬਾਰੇ ਸੋਚਦੇ ਹਨ। ਪਹਿਲਾਂ ਹੀ ਸੱਤਰ ਹਜ਼ਾਰ ਦੀ ਮੌਰਟਗੇਜ ਹੈ ਤੇ ਸੱਤ ਸੌ ਪੌਂਡ ਮਹੀਨੇ ਦੀ ਕਿਸ਼ਤ। ਹੁਣ ਜੇ ਚਾਲੀ ਹਜ਼ਾਰ ਹੋਰ ਕਰਜ਼ਾ ਲੈ ਲੈਣਗੇ ਤਾਂ ਕਿਸ਼ਤ ਗਿਆਰਾਂ ਸੌ ਪੌਂਡ ਮਹੀਨੇ ਦੀ ਹੋ ਜਾਵੇਗੀ। ਬਾਕੀ ਸਾਰੇ ਬਿਲ ਪਾ ਕੇ ਉਹਨਾਂ ਪਰਿਵਾਰਕ ਖਰਚਾ ਬਹੁਤ ਵਧ ਜਾਵੇਗਾ। ਵਿਜੈ ਸੋਚ ਰਿਹਾ ਹੈ ਕਿ ਕੀ ਉਹ ਇਹ ਸਭ ਭਾਰ ਉਠਾ ਸਕਣਗੇ। ਉਸ ਨੂੰ ਪਤਾ ਹੈ ਕਿ ਸੁਸ਼ਮਾ ਦੀ ਆਮਦਨ ਠੀਕ ਹੈ। ਇਹ ਸਾਰਾ ਭਾਰ ਸਹਿਜੇ ਚੁੱਕ ਹੋ ਸਕੇਗਾ ਪਰ ਜੇ ਕਿਤੇ ਉਹ ਬਿਮਾਰ ਹੋ ਗਈ ਤਾਂ ਫਿਰ ਕੀ ਬਣੇਗਾ। ਇਕੱਲਾ ਏਨੀ ਕਿਸ਼ਤ ਕਿਵੇਂ ਭਰੇਗਾ? ਆਪਣੀ ਇਹ ਸੋਚ ਤਾਏ ਨਾਲ ਸਾਂਝੀ ਵੀ ਕਰਦਾ ਹੈ। ਤਾਇਆ ਕਹਿੰਦਾ ਹੈ,

"ਵਿਜੇ, ਤੂੰ ਸਿਆਣਾਂ ਐਂ, ਸਭ ਕੁਝ ਪੂਰੀ ਤਰ੍ਹਾਂ ਸੋਚ ਕੇ ਕਰੀਂ। ...ਸੁਸ਼ਮਾ ਦੀ ਸਿਹਤ ਹੁਣ ਸ਼ਾਇਦ ਪਹਿਲਾਂ ਵਰਗੀ ਨਾ ਰਹੇ। ਸਿਰ ਦਾ ਓਪਰੇਸ਼ਨ ਕੋਈ ਮਾਮੂਲੀ ਗੱਲ ਨਹੀਂ ਹੁੰਦੀ!"

ਉਹ ਸੁਸ਼ਮਾ ਨਾਲ ਗੱਲ ਕਰਦਾ ਹੈ ਤੇ ਪੂਰੇ ਖਰਚੇ ਬਾਰੇ ਦੱਸਦਾ ਹੋਇਆ ਆਖਦਾ ਹੈ,

"ਦੇਖ, ਇਹ ਤੇਰਾ ਘਰ ਐ, ਆਪਣੀ ਸਾਰੀ ਮਿਹਨਤ ਤੂੰ ਇਥੇ ਖਰਚਣੀ ਹੋਏਗੀ, ਜੇ ਨਹਿਰ ਦਾ ਪਾਣੀ ਰਾਹ ਵਿਚ ਚੋਣ ਲਗ ਪਏ ਤਾਂ ਧੁਰ ਪੁੱਜ ਕੇ ਕੀ ਸਿੰਜਾਈ ਕਰੇਗਾ।"

"ਤੁਸੀਂ ਕੀ ਗੱਲ ਕਰਦੇ ਓ?"

ਉਹ ਜਵਾਬ ਵਿਚ ਮੁਸਕਰਾ ਕੇ ਮੁੱਛਾਂ ਨੂੰ ਵਟਾ ਦੇਣ ਵਾਂਗ ਮੂੰਹ ਤੇ ਹੱਥ ਘੁਮਾਉਂਦਾ ਹੈ। ਸੁਸ਼ਮਾ ਕਹਿੰਦੀ ਹੈ,

"ਕੋਈ ਤੁਹਾਡੇ ਪੌਂਡਾਂ ਦਾ ਭੁੱਖਾ ਨਹੀਂ।"

"ਫਿਰ ਆਪਣਾ ਕਿਰਾਇਆ ਤਕ ਜੁਆਈ ਤੋਂ ਰਖਾਉਣਾ ਚਾਹੁੰਦੇ ਆ, ਦੇਣਾ ਤਾਂ ਕਿਸੇ ਨੂੰ ਕੀ ਐ!"

"ਕਿਰਾਏ ਦੀ ਗੱਲ ਤਾਂ ਦੀਦੀ ਨੇ ਆਪ ਕਹੀ ਹੋਵੇਗੀ ਇਹ ਸੋਚ ਕੇ ਪਤਾ ਨਹੀਂ ਤੁਸੀਂ ਕਿੰਨੀ ਕੁ ਕਮਾਈ ਕਰੀ ਜਾਂਦੇ ਓ, ਬਾਕੀ ਤੁਹਾਨੂੰ ਐਵੇਂ ਵਹਿਮ ਐ, ਵਹਿਮ ਦਾ ਇਲਾਜ ਤਾਂ ਲੁਕਮਾਨ ਕੋਲ ਵੀ ਹੈ ਨਾ ਸੀ, ਤੁਸੀਂ ਇਕ ਵਾਰ ਮੈਨੂੰ ਰੂਮ ਬਣਾ ਦਿਓ ਸਾਰੀ ਕਮਾਈ ਤੁਸੀਂ ਆਪ ਫੜਿਆ ਕਰਿਓ, ਤਾਂਹੀ ਤਾਂ ਮੈਂ ਕਹਿੰਨੀ ਆਂ ਕਿ ਮੇਰੇ ਨਾਲ ਆ ਜਾਓ ਤੇ ਸਭ ਕੁਸ਼ ਆਪਣੇ ਹੱਥੀਂ ਕਰੋ।"

"ਚਲ ਹੁਣ ਅਗਲਾ ਮਸਲਾ, ਪਹਿਲਾਂ ਤਾਂ ਬਿੱਲਾਂ ਦੀ ਲਿਸਟ ਸੁਣ ਜਿਹੜੇ ਕਿ ਮੌਰਟਗੇਜ ਵਧਾਈ ਤੇ ਵਧ ਜਾਣੇ ਆਂ।"

"ਇਸ ਲਿਸਟ ਵਿਚ ਮੇਰੀ ਕੋਈ ਦਿਲਚਸਪੀ ਨਹੀਂ, ਮੈਂ ਮੁੜ ਕੇ ਸਿਰ ਨਹੀਂ ਦੁਖਾਉਣਾ।"

"ਅਗਲਾ ਮਸਲਾ ਇਹ ਐ ਕਿ ਜੇ ਤੂੰ ਮੁੜ ਬਿਮਾਰ ਹੋ ਗਈ ਤਾਂ ਕੀ ਬਣੇਗਾ?"

"ਸ਼ਰਮਾ ਜੀ, ਤੁਸੀਂ ਨੈਗਟਿਵ ਕਿਉਂ ਸੋਚਦੇ ਓ, ਪੌਜ਼ਟਿਵ ਕਿਉਂ ਨਹੀਂ ਸੋਚਦੇ।"

"ਮੈਂ ਸੱਚ ਦੇ ਨੇੜੇ ਰਹਿਣਾ ਚਾਹੁੰਨਾ, ਤੇਰਾ ਸਿਰ ਦਰਦ ਹਾਲੇ ਨਹੀਂ ਹਟਿਆ, ਭਾਰ ਵੀ ਤੇਰਾ ਓਨਾ ਈ ਆ।"

"ਫਿਕਰ ਨਾ ਕਰੋ, ਮੈਨੂੰ ਕੁਸ਼ ਨਹੀਂ ਹੁੰਦਾ ਹੁਣ, ਭਾਰ ਦਾ ਇੰਤਜ਼ਾਮ ਵੀ ਮੈਂ ਕਰਦੀ ਆਂ।"

"ਕਸਰਤ ਕਰਨ ਤੋਂ ਡਰਦੀ ਐਂ, ਹੋਰ ਭਾਰ ਦਾ ਕੀ ਇੰਤਜ਼ਾਮ ਕਰੇਂਗੀ?"

"ਮੈਨੂੰ ਕਿਸੇ ਨੇ ਗੋਲ਼ੀਆਂ ਦਸੀਆਂ।"

"ਗੋਲੀਆਂ ਨਾ ਖਾਈਂ, ਜੇ ਗੋਲ਼ੀਆਂ ਖਾਧੀਆਂ ਤਾਂ ਜੇ ਕੁਸ਼ ਨਹੀਂ ਵੀ ਹੋਣਾ ਤਾਂ ਵੀ ਹੋ ਜਾਣਾਂ। ਮੈਂ ਇੰਟਰਨੈੱਟ ਇਹਦੇ ਬਾਰੇ ਪੜਿਆ, ਇਹ ਗੋਲ਼ੀਆਂ ਸਰੀਰ ਦੀ ਚਰਬੀ ਖੋਰਨ ਵਿਚ ਸਹਾਈ ਹੁੰਦੀਆਂ ਪਰ ਸਰੀਰ ਦੇ ਬਹੁਤ ਸਾਰੇ ਹਿੱਸੇ ਅਜਿਹੇ ਹੁੰਦੇ ਆ ਜਿਥੇ

ਚਰਬੀ ਜ਼ਰੂਰੀ ਹੁੰਦੀ ਐ, ਜਿਵੇਂ ਦਿਲ ਦੇ ਦੁਆਲੇ ਜਿੰਨੀ ਚਾਹੀਦੀ ਐ ਜੇ ਉਸ ਤੋਂ ਘਟ ਗਈ ਤਾਂ ਨੁਕਸਾਨ ਹੋਵੇਗਾ, ਤੇ ਜੇ ਇਹ ਗੋਲ਼ੀਆਂ ਕੰਮ ਕਰਦੀਆਂ ਹੋਈਆਂ ਤਾਂ ਸਾਰੇ ਪਾਸਿਆਂ ਤੋਂ ਈ ਚਰਬੀ ਖੋਰ ਦੇਣਗੀਆਂ।"

"ਸ਼ਰਮਾ ਜੀ, ਤੁਹਾਨੂੰ ਤਾਂ ਮੌਕਾ ਚਾਹੀਦੈ ਲੈਕਚਰ ਦੇਣ ਲਈ।"

"ਤੂੰ ਕਿਹੜੀ ਮੰਨਣੀ ਐਂ ਕਿਸੇ ਦੀ!"

"ਤੁਸੀਂ ਬਿਲਡਰ ਨਾਲ ਗੱਲ ਕਰਕੇ ਕੰਮ ਸ਼ੁਰੂ ਕਰਾਓ, ਆਪਾਂ ਲੇਟ ਹੋਈ ਜਾਨੇ ਆਂ।"

ਵਿਜੈ ਨੇ ਮੋਹਨ ਨਾਲ ਗੱਲ ਕਰ ਲੈਂਦਾ ਹੈ। ਉਹਨਾਂ ਜਦ ਕੰਮ ਸ਼ੁਰੂ ਕਰਨਾ ਹੈ ਤਾਂ ਛੇ ਹਫਤੇ ਵਿਚ ਖਤਮ ਕਰ ਦੇਣਾ ਹੈ। ਸੋ ਉਹ ਚਾਹੁੰਦਾ ਹੈ ਕਿ ਪਹਿਲਾਂ ਪੈਸੇ ਹੱਥ ਵਿਚ ਆ ਜਾਣ। ਉਹ ਬਿਲਡਿੰਗ ਸੁਸਾਇਟੀ ਦੇ ਮੈਨੇਜਰ ਨੂੰ ਮਿਲ ਕੇ ਹੋਰ ਕਰਜ਼ੇ ਦਾ ਇੰਤਜ਼ਾਮ ਕਰ ਲੈਂਦਾ ਹੈ। ਇਸ ਕਾਗਜ਼ੀ ਕਾਰਵਾਈ ਨੂੰ ਮਹੀਨਾ ਕੁ ਲਗ ਜਾਂਦਾ ਹੈ ਜਦ ਤਕ ਮੋਹਨ ਵੀ ਆਪਣਾ ਕੰਮ ਸ਼ੁਰੂ ਕਰ ਦਿੰਦਾ ਹੈ। ਸੁਸ਼ਮਾ ਹਵਾ ਵਿਚ ਉਡੀ ਫਿਰਦੀ ਹੈ। ਜਦ ਵਿਹਲ ਲਗੇ ਤਾਂ ਬਿਲਡਰਾਂ ਕੋਲ ਜਾ ਖੜਦੀ ਹੈ ਤੇ ਕਹਿਣ ਲਗਦੀ ਹੈ ਕਿ ਭਾਅ ਜੀ ਕੰਮ ਜਲਦੀ ਤੋਂ ਜਲਦੀ ਖਤਮ ਕਰ ਦਿਓ। ਮੋਹਨ ਵਿਜੈ ਦਾ ਪੁਰਾਣਾ ਵਾਕਫ ਹੈ। ਮਲਕੀਤੇ ਦਾ ਰਿਸ਼ਤੇਦਾਰ ਹੀ ਹੈ। ਉਹ ਸੁਸ਼ਮਾ ਦੀ ਕਾਹਲ ਨੂੰ ਸਮਝਦਾ ਕਹਿ ਦਿਆ ਕਰਦਾ ਹੈ ਕਿ ਭੈਣ ਜੀ ਫਿਕਰ ਨਾ ਕਰੋ। ਸੁਸ਼ਮਾ ਵਿਜੈ ਨੂੰ ਆਖਦੀ ਹੈ,

"ਆਪਾਂ ਨਵਾਂ ਕਲਿਨਿਕ ਖੋਹਲਣ ਤੋਂ ਪਹਿਲਾਂ ਇਕ ਵੱਡੀ ਪਾਰਟੀ ਕਰਾਂਗੇ। ਸ਼ਹਿਰ ਦੇ ਸਾਰੇ ਸਿਰ-ਕਢਦੇ ਲੋਕਾਂ ਨੂੰ ਬੁਲਾਵਾਂਗੇ, ਗੋਰਿਆਂ ਨੂੰ ਵੀ ਸੱਦਾਂਗੇ। ਇਕ ਵਾਰ ਹਿਲਜੁਲ ਹੋ ਜਾਵੇ, ਜਿਵੇਂ ਪੰਜਾਬ ਭਰ ਤੋਂ ਮੇਰੇ ਕੋਲ਼ ਔਰਤਾਂ ਆਉਂਦੀਆਂ ਸੀ ਇਵੇਂ ਹੀ ਪੂਰੇ ਇੰਗਲੈਂਡ ਤੋਂ ਆਇਆ ਕਰਨਗੀਆਂ, ਫਿਰ ਆਪਾਂ ਫੀਸ ਵੀ ਵਧਾ ਦੇਵਾਂਗੇ। ਮੈਂ ਚਾਹੁੰਨੀ ਆਂ ਕਿ ਮੈਨੂੰ ਸਿਰ ਖੁਰਕਣ ਦਾ ਵਿਹਲ ਨਾ ਮਿਲੇ।"

"ਫੇਰ ਤੂੰ ਮੇਰੇ ਜੋਗੀ ਕਿਥੋਂ ਰਹਿ ਜਾਏਗੀਂ, ਤੂੰ ਤਾਂ ਮਰੀਜ਼ਾ ਜੋਗੀ ਹੀ ਹੋਏਂਗੀ। ...ਹਾਂ, ਮੇਰੇ ਜੋਗੀ ਤਾਂ ਤੂੰ ਹੁਣ ਵੀ ਹੈ ਨਹੀਂ!"

ਕਹਿੰਦਾ ਵਿਜੈ ਹੱਸਦਾ ਹੈ।

ਇਕ ਦਿਨ ਸੁਸ਼ਮਾ ਬਹੁਤ ਹੀ ਚਾਅ ਵਿਚ ਹੈ। ਉਹ ਵਿਜੈ ਦੇ ਮੋਢੇ ਤੇ ਸਿਰ ਰੱਖਦੀ ਕਹਿਣ ਲਗਦੀ ਹੈ,

"ਸ਼ਰਮਾ ਜੀ, ਮੈਂ ਸਾਰਾ ਫਰਨੀਚਰ ਵੀ ਨਵਾਂ ਲੈਣ, ਨਵਾਂ ਕਾਊਚ, ਨਵੀਆਂ ਚੇਅਰਾਂ ਤੇ ਨਵਾਂ ਵੇਟਿੰਗ ਰੂਮ ਦਾ ਸਮਾਨ, ਵੇਟਿੰਗ ਰੂਮ ਲਈ ਇਕ ਟੈਲੀ ਵੀ।"

"ਹੌਲੀ ਹੌਲੀ ਲੈ ਲਵਾਂਗੇ।"

"ਨਹੀਂ ਇਹ ਸਭ ਖੋਹਲਣ ਵੇਲੇ ਚਾਹੀਦੈ, ਜਦ ਖੁਲ੍ਹੇ ਤਾਂ ਪੂਰੇ ਰੋਅਬ ਨਾਲ ਖੁਲ੍ਹੇ।"

"ਠੀਕ ਐ ਪਰ ਤੂੰ ਹੁਣ ਪਰੈਸ਼ਰ ਨਾ ਲੈ, ਇਵੇਂ ਨਾ ਹੋਵੇ ਕਿ ਖੋਹਲਣ ਤੋਂ ਪਹਿਲਾਂ ਈ ਪਟਾਕਾ ਪੈ ਜਾਵੇ।"

"ਇਕ ਗੱਲ ਹੋਰ।"

"ਉਹ ਵੀ ਕਰ ਲੈ।"

"ਪਿਤਾ ਜੀ ਤੇ ਭਾਈ ਨੂੰ ਵੀ ਸੱਦਾਂਗੇ।"

"ਸੱਦ ਲਈ ਬਾਬਾ ਸੱਦ ਲਈਂ ਪਰ ਰਿਲੈਕੱਸ ਕਰ।"

ਵਿਜੈ ਉਸ ਦੇ ਇਹ ਅਜੀਬ ਜਿਹੇ ਚਾਅ ਤੇ ਹੈਰਾਨ ਹੋਣ ਲਗਦਾ ਹੈ। ਇਕ ਦਿਨ ਹੁਸ਼ਿਆਰ ਵੀ ਉਸ ਨੂੰ ਇਹੋ ਗੱਲ ਕਹਿੰਦਾ ਹੈ ਕਿ ਅਜ ਕਲ ਸੁਸ਼ਮਾ ਬਹੁਤ ਚਾਮ੍ਹਲ ਚਾਮ੍ਹਲ ਕੇ ਗੱਲਾਂ ਕਰਿਆ ਕਰਦੀ ਹੈ। ਵਿਜੈ ਦਸਦਾ ਹੈ ਕਿ ਉਹ ਆਪਣੇ ਨਵੇਂ ਕਲਿਨਿਕ ਦੀ ਖੁਸ਼ੀ ਵਿਚ ਬਾਂਵਲੀ ਹੋਈ ਫਿਰਦੀ ਹੈ। ਸੁਸ਼ਮਾ ਤਾਈ ਦੇ ਘਰ ਆਪਣੇ ਨਵੇਂ ਕਲਿਨਿਕ ਦੀ ਖੁਸ਼ੀਂ ਸਾਂਝੀ ਕਰਨ ਵਿਸ਼ੇਸ਼ ਤੌਰ ਤੇ ਜਾਂਦੀ ਹੈ। ਤਾਇਆ ਵਿਜੈ ਨੂੰ ਪੁੱਛਦਾ ਹੈ,

"ਇਹ ਸੁਸ਼ਮਾ ਕੋਈ ਖਾਸ ਕਿਸਮ ਦੀ ਦਵਾਈ ਤਾਂ ਨਹੀਂ ਖਾਂਦੀ?"

"ਪਤਾ ਨਹੀਂ ਤਾਇਆ ਪਰ ਤੂੰ ਕਿਵੇਂ ਕਹਿੰਨਾਂ?"

"ਉਹ ਤਾਂ ਏਦਾਂ ਗੱਲਾਂ ਕਰਦੀ ਆਂ ਜਿੱਦਾਂ ਕੋਈ ਨਸ਼ਾ ਕੀਤਾ ਹੋਵੇ, ਮੈਂ ਸੋਚਦਾ ਸੀ ਕਿ ਡਾਕਟਰਾਂ ਨੇ ਕੋਈ ਦਵਾ ਨਾ ਬਦਲ ਦਿਤੀ ਹੋਵੇ।"

"ਤਾਇਆ, ਮੈਂ ਬਹੁਤਾ ਨੋਟ ਤਾਂ ਨਈਂ ਕੀਤਾ ਪਰ ਉਹਨੂੰ ਆਪਣੇ ਨਵੇਂ ਰੂਮ ਦਾ ਚਾਅ ਈ ਨਈਂ ਟਿਕਣ ਦਿੰਦਾ।"

ਜੁਲਾਈ ਦਾ ਮਹੀਨਾ ਹੈ। ਸ਼ਾਮ ਦੇ ਛੇ ਕੁ ਵਜੇ ਹਨ। ਧੁੱਪ ਹਾਲੇ ਪੂਰੇ ਜ਼ੋਰ ਤੇ ਹੈ। ਬਿਲਡਰ ਆਪਣਾ ਰੋਜ਼ਾਨਾ ਕੰਮ ਖਤਮ ਕਰ ਕੇ ਚਲੇ ਗਏ ਹਨ। ਸੁਸ਼ਮਾ ਰੋਹਨ ਨੂੰ ਕਹਿੰਦੀ ਹੈ,

"ਆ ਜਾ ਰੋਟੀ ਖਾ ਲੈ।"

ਰੋਹਨ ਕੁਝ ਕਹਿਣ ਦੀ ਥਾਵੇਂ ਕਲੌਕ ਵਲ ਇਸ਼ਾਰਾ ਕਰਕੇ ਕੇ ਸਮਝਾਉਂਦਾ ਹੈ ਕਿ ਹਾਲੇ ਰੋਟੀ ਦਾ ਟਾਈਮ ਨਹੀਂ ਹੈ। ਫਿਰ ਉਹ ਵਿਧੀ ਤੇ ਰੋਟੀ ਖਾਣ ਦਾ ਜ਼ੋਰ ਪਾਉਣ ਲਗਦੀ ਹੈ। ਵਿਧੀ ਵੀ ਤਿਆਰ ਨਹੀਂ ਹੈ। ਅਸਲ ਵਿਚ ਨੌਂ ਵਜੇ ਤੋਂ ਪਹਿਲਾਂ ਉਹ ਖਾਣਾ ਖਾਂਦੇ ਹੀ ਨਹੀਂ ਹਨ। ਫਿਰ ਓਹ ਵਿਜੈ ਨੂੰ ਰੋਟੀ ਖਾਣ ਲਈ ਅਵਾਜ਼ ਮਾਰਦੀ ਹੈ। ਵਿਜੈ ਪੁੱਛਦਾ ਹੈ,

"ਤੂੰ ਠੀਕ ਵੀ ਐਂ?"
"ਮੈਨੂੰ ਕੀ ਹੋਇਆ!"
"ਤੈਨੂੰ ਰੋਟੀ ਦੀ ਕਾਹਲ਼ੀ ਕੀ ਪਈ ਹੋਈ ਐ! ਜਾਣਾਂ ਕਿਤੇ?"
"ਮੈਂ ਕਹਿੰਨੀ ਆਂ ਕਿ ਖਾਣਾ ਖਾ ਕੇ ਵਿਹਲੇ ਹੋਈਏ।"

ਉਹ ਆਪਣਾ ਖਾਣਾ ਬਣਾ ਕੇ ਡਾਈਨਿੰਗ ਟੇਬਲ ਤੇ ਰੱਖ ਖਾਣ ਲਗਦੀ ਹੈ ਤੇ ਨਾਲ ਹੀ ਵਿਜੈ ਨਾਲ ਉੱਚੀ ਉੱਚੀ ਗੱਲਾਂ ਕਰੀ ਜਾ ਰਹੀ ਹੈ। ਰੋਹਨ ਉਸ ਨੂੰ ਹੌਲੀ ਬੋਲਣ ਲਈ ਆਖਦਾ ਹੈ ਕਿਉਂਕਿ ਉਸ ਨੂੰ ਟੈਲੀ ਚੰਗੀ ਤਰ੍ਹਾਂ ਨਹੀਂ ਸੁਣ ਰਿਹਾ ਪਰ ਉਹ ਰੋਹਨ ਦੀ ਪਰਵਾਹ ਕੀਤੇ ਬਿਨਾਂ ਬੋਲੀ ਜਾ ਰਹੀ ਹੈ। ਵਿਜੈ ਸੋਚ ਰਿਹਾ ਹੈ ਕਿ ਤਾਇਆ ਸੱਚ ਹੀ ਕਹਿ ਰਿਹਾ ਹੈ। ਹੁਸ਼ਿਆਰ ਨੇ ਵੀ ਇਸ ਦਾ ਇਹੋ ਪੱਖ ਦੇਖਿਆ ਹੋਵੇਗਾ। ਉਸ ਨੂੰ ਡਰ ਲਗਣ ਲਗਦਾ ਹੈ। ਉਹ ਉਸ ਨੂੰ ਕਹਿੰਦਾ ਹੈ,
"ਜਲਦੀ ਖਾਣਾ ਖਾ, ਆਪਾਂ ਸੀ-ਫਰੰਟ ਤੇ ਘੁੰਮ ਕੇ ਆਈਏ।"

ਉਹ 'ਹਾਂ' ਵਿਚ ਸਿਰ ਮਾਰਦੀ ਹੈ। ਫਿਰ ਇਕ ਦਮ ਚੁੱਪ ਜਿਹਾ ਕਰ ਜਾਂਦੀ ਹੈ। ਫਿਰ ਵਿਜੈ ਵਲ ਟਿਕਟਿਕੀ ਲਗਾ ਕੇ ਦੇਖਣ ਲਗਦੀ ਹੈ। ਉਸ ਦੀਆਂ ਨਜ਼ਰਾ ਜਿਵੇਂ ਵਿਜੈ ਨੂੰ ਕੁਝ ਕਹਿ ਰਹੀਆਂ ਹੋਣ। ਉਹ ਮੂੰਹ ਵਿਚ ਪਾਈ ਗੁਰਾਹੀ ਵੀ ਨਹੀਂ ਚਿੱਥ ਰਹੀ। ਵਿਜੈ ਪੁੱਛਦਾ ਹੈ,
"ਤੂੰ ਠੀਕ ਐਂ?"

ਉਹ ਕੁਝ ਨਹੀਂ ਬੋਲਦੀ। ਫਿਰ ਕੁਰਸੀ ਤੇ ਬੈਠੀ ਬੈਠੀ ਹੇਠਾਂ ਡਿਗ ਪੈਂਦੀ ਹੈ। ਬੱਚੇ ਹੱਸਣ ਲਗਦੇ ਹਨ। ਵਿਜੈ ਉਠ ਕੇ ਉਸ ਦੀ ਮਦਦ ਲਈ ਭੱਜਦਾ ਹੈ। ਸੁਸ਼ਮਾ ਕੁਝ ਨਹੀਂ ਬੋਲ ਰਹੀ। ਉਸੁ ਦਾ ਸਾਰਾ ਸਰੀਰ ਜਿਵੇਂ ਝੂਠਾ ਜਿਹਾ ਪੈ ਗਿਆ ਹੋਵੇ। ਆਪਣੇ ਕਿਸੇ ਅੰਗ ਤੇ ਕਾਬੂ ਨਹੀਂ ਹੈ। ਉਹ ਵਿਜੈ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਕਹਿ ਨਹੀਂ ਪਾ ਰਹੀ ਪਰ ਉਹ ਉਸੇ ਵਲ ਦੇਖਦੀ ਜਾ ਰਹੀ ਹੈ। ਵਿਜੈ ਉਸ ਨੂੰ ਉਠਾਲ ਕੇ ਕੁਰਸੀ ਤੇ ਬੈਠਾਉਣ ਦਾ ਯਤਨ ਕਰਦਾ ਹੈ ਪਰ ਸੁਸ਼ਮਾ ਦਾ ਕਿਸੇ ਵੀ ਅੰਗ ਤੇ ਕਾਬੂ ਨਹੀਂ ਹੈ। ਵਿਜੈ ਆਪਣੇ ਮੁਬਾਈਲ ਤੋਂ ਹੀ ਐਂਬੂਲੈਂਸ ਨੂੰ ਫੋਨ ਕਰਨ ਲਗਦਾ ਹੈ। ਸੁਸ਼ਮਾ ਦੇ ਕਪੜੇ ਗਿਲੇ ਹਨ। ਵਿਜੈ ਉਸ ਕੋਲ ਬੈਠਦਾ ਪੁੱਛਦਾ ਹੈ,
"ਟੁਆਇਲਟ ਜਾਣੈ?"

ਸੁਸ਼ਮਾ 'ਹਾਂ' ਵਿਚ ਸਿਰ ਮਾਰਦੀ ਹੈ। ਵਿਜੈ ਉਸ ਦਾ ਬੇਵਸ ਚਿਹਰਾ ਦੇਖਦਾ ਉਸ ਨੂੰ ਬਾਹਾਂ ਵਿਚ ਘੱਟ ਲੈਂਦਾ ਹੈ। ਉਹ ਇਕ ਵਾਰ ਫਿਰ ਉਸ ਨੂੰ ਉਠਾਲਣ ਦੀ ਕੋਸ਼ਿਸ਼ ਕਰਦਾ ਹੈ। ਰੋਹਨ ਤੇ ਵਿਧੀ ਉਸ ਦੀ ਮੱਦਦ ਲਈ ਆਉਂਦੇ ਹਨ। ਜਦ ਤਕ ਬਾਹਰ ਦਰਵਾਜ਼ੇ ਦੀ ਘੰਟੀ ਹੁੰਦੀ ਹੈ। ਕਾਰ ਵਾਲੀ ਐਂਬੂਲੈਂਸ ਆ ਜਾਂਦੀ ਹੈ। ਕਰਮਚਾਰੀ ਉਸ ਨੂੰ ਮੁਢਲੀ ਸਹਾਇਤਾ ਦੇਣ ਲਗਦੇ ਹਨ। ਵਿਜੈ ਪੁੱਛਦਾ ਹੈ,
"ਇਹ ਸਟਰੋਕ ਤਾਂ ਨਹੀਂ?"
"ਲਗਦਾ ਤਾਂ ਸਟਰੋਕ ਈ ਐ ਪਰ ਕੁਝ ਕਹਿ ਨਹੀਂ ਸਕਦੇ, ਇਹ ਤਾਂ ਡਾਕਟਰ ਈ ਦਸ ਸਕਦਾ।"

ਜਦ ਤਕ ਦੂਜੀ ਵੈਨ ਐਂਬੂਲੈਂਸ ਵੀ ਆ ਜਾਂਦੀ ਹੈ। ਵਿਜੈ ਸੁਸ਼ਮਾ ਦੇ ਗਿਲੇ ਕਪੜਿਆਂ ਵਲ ਇਸ਼ਾਰਾ ਕਰ ਕੇ ਉਸ ਦੀ ਟੁਆਇਲਟ ਜਾਣ ਦੀ ਲੋੜ ਵਲ ਧਿਆਨ ਦਵਾਉਂਦਾ ਹੈ ਪਰ ਐਂਬੂਲੈਂਸ ਵਾਲੀ ਔਰਤ ਇਸ਼ਾਰੇ ਨਾਲ ਆਖਦੀ ਹੈ ਕਿ ਇਹ ਸਭ ਅਸੀਂ ਹਸਪਤਾਲ ਜਾ ਕੇ ਕਰਾਂਗੇ। ਕਰਮਚਾਰੀ ਸੁਸ਼ਮਾ ਨੂੰ ਸਟਰੈਚਰ ਤੇ ਪਾ ਕੇ ਬਾਹਰ ਨਿਕਲ ਜਾਂਦੇ ਹਨ। ਵਿਜੈ ਖਲੋਤਾ ਦੇਖ ਰਿਹਾ ਹੈ। ਦੋਵੇਂ ਬੱਚੇ ਉਸ ਨੂੰ ਚੁੰਬੜੇ ਖੜੇ ਹਨ। ਵਿਜੈ ਮੂੰਹ ਵਿਚ ਗੁਣਗੁਣਾਉਣ ਲਗਦਾ ਹੈ;

'ਜਾਨੇ ਕਿਉਂ ਲੋਗ ਮੁਹੱਬਤ ਕੀਆ ਕਰਤੇ ਹੈਂ, ਦਿਲ ਕੇ ਬਦਲੇ ਮੇਂ ਦਿਲ ਦੀਆ ਕਰਤੇ ਹੈਂ',.....

## ਤੀਹ

ਵਿਜੈ ਹੌਲੀ ਸੈਟੀ ਤੇ ਆ ਬੈਠਦਾ ਹੈ। ਰੋਹਨ ਤੇ ਵਿਧੀ ਵੀ ਉਸ ਦੇ ਨਾਲ ਆ ਲਗਦੇ ਹਨ। ਰੋਹਨ ਸੱਜੇ ਪਾਸੇ, ਵਿਧੀ ਖੱਬੇ ਪਾਸੇ। ਉਹ ਦੋਵਾਂ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ। ਟੈਲੀ ਤੇ ਕਾਰਟੂਨ ਚਲ ਰਹੇ ਹਨ। ਟੌਮ ਐਂਡ ਜੈਰੀ। ਬੱਚਿਆਂ ਦੇ ਮਨ ਪਸੰਦੀਦਾ ਕਾਰਟੂਨ। ਟੌਮ ਤੇ ਜੈਰੀ ਇਕ ਦੂਜੇ ਦੇ ਦੁਸ਼ਮਣ ਹਨ। ਸਦਾ ਹੀ ਇਕ ਦੂਜੇ ਨੂੰ ਖਤਮ ਕਰਨ ਲਈ ਇਕ ਦੂਜੇ ਦੇ ਪਿੱਛੇ ਭਜਦੇ ਰਹਿੰਦੇ ਹਨ। ਵਿਜੈ ਨੂੰ ਲਗਦਾ ਹੈ ਕਿ ਉਹ ਤੇ ਜ਼ਿੰਦਗੀ ਟੌਮ ਐਂਡ ਜੈਰੀ ਵਾਂਗ ਹਨ, ਇਕ ਦੂਜੇ ਨੂੰ ਤੰਗ ਕਰਦੇ ਦੋ ਕਿਰਦਾਰ। ਦੋਵੇਂ ਇਕ ਦੂਜੇ ਨੂੰ ਟਿਕ ਕੇ ਬੈਠਿਆਂ ਨਹੀਂ ਦੇਖਣਾ ਚਾਹੁੰਦੇ। ਜਾਂ ਫਿਰ ਸੁਸ਼ਮਾ ਤੇ ਬਿਮਾਰੀ। ਸੁਸ਼ਮਾ ਬਿਮਾਰੀ ਨੂੰ ਹਰਾਉਣ ਵਿਚ ਲਗੀ ਹੈ ਤੇ ਬਿਮਾਰੀ ਸੁਸ਼ਮਾ ਨੂੰ ਜਿੱਤਣਾ ਚਾਹੁੰਦੀ ਹੈ। ਬਿਮਾਰੀਆਂ ਵੀ ਸਿੱਧੀਆਂ ਜਾਨ ਲੇਵਾ। ਪਹਿਲਾਂ ਬਰੇਨ ਹੈਮਰਜ ਤੇ ਹੁਣ ਸਟਰੋਕ। ਸੁਸ਼ਮਾ ਜਿੱਤੇਗੀ! ਉਹ ਸੁਸ਼ਮਾ ਨੂੰ ਜਿਤਾਵੇਗਾ!

ਬੱਚੇ ਮੁੜ ਕਾਰਟੂਨਾਂ ਵਿਚ ਖੁੱਭ ਜਾਂਦੇ ਹਨ। ਵਿਜੈ ਘੜੀ ਦੇਖਦਾ ਹੈ। ਸਵਾ ਸੱਤ ਹੋਏ ਹਨ। ਉਹ ਹੁਣ ਹਸਪਤਾਲ ਜਾਵੇਗਾ। ਦੇਖੇਗਾ ਕਿ ਡਾਕਟਰ ਕੀ ਕਹਿੰਦੇ ਹਨ। ਇਹ ਸਟਰੋਕ ਹੀ ਹੈ ਇਸ ਦਾ ਤਾਂ ਉਸ ਨੂੰ ਯਕੀਨ ਹੈ ਹੀ। ਉਸ ਨੇ ਇੰਟਰਨੈੱਟ ਤੋਂ ਸਾਰੀ ਖੋਜ ਕੀਤੀ ਹੋਈ ਹੈ। ਜਦੋਂ ਦੀ ਸੁਸ਼ਮਾ ਬਿਮਾਰ ਹੋਈ ਹੈ ਉਹ ਵੱਖ ਵੱਖ ਬਿਮਾਰੀਆਂ ਬਾਰੇ ਪੜਦਾ ਰਹਿੰਦਾ ਹੈ। ਹੁਣ ਇਸ ਦਾ ਕੀ ਇਲਾਜ ਹੋਵੇਗਾ, ਕਿੰਨੀ ਦੇਰ ਲਗੇਗੀ ਇਸ ਬਾਰੇ ਉਸ ਨੂੰ ਨਹੀਂ ਪਤਾ। ਇੰਨਾ ਜ਼ਰੂਰ ਹੈ ਕਿ ਗੱਲ ਮਹੀਨਿਆਂ ਤੇ ਜਾ ਪਈ ਹੈ। ਜਿਸ ਦਾ ਡਰ ਸੀ ਉਹੋ ਹੋਇਆ। ਉਹ ਬੱਚਿਆਂ ਪੁੱਛਦਾ ਹੈ,

"ਯੈਸ ਚਿਲਡਰਨ, ਕੀ ਖਾਣੈ?"

"ਡੈਡ, ਐਨੀਥਿੰਗ ਵਿਲ ਡੂ। ਮੌਮ ਨੇ ਕਦੋਂ ਆਉਣਾ?"

ਰੋਹਨ ਪੁੱਛਦਾ ਹੈ। ਵਿਧੀ ਵੀ ਅੱਖਾਂ ਵਿਚ ਇਹੀ ਸਵਾਲ ਲਈ ਵਿਜੈ ਵਲ ਦੇਖਦੀ ਹੈ। ਵਿਜੈ ਆਖਦਾ ਹੈ,

"ਸ਼ੋਅਰ ਨਹੀਂ, ਕੱਲ ਜਾਂ ਪਰਸੋਂ ਜਾਂ ਕੁਸ਼ ਦਿਨ ਬਾਅਦ। ਯੂ ਮਾਈਂਡ?"

"ਨੋ ਡੈਡ, ਆਇ ਡੌਂਟ ਮਾਈਂਡ।"

ਰੋਹਨ ਡੱਟ ਕੇ ਉਤਰ ਦਿੰਦਾ ਹੈ। ਮਾਂ ਦਾ ਹਸਪਤਾਲ ਜਾਣਾ ਉਹਨਾਂ ਲਈ ਕੋਈ ਨਵੀਂ ਗੱਲ ਨਹੀਂ ਹੈ। ਬਰੇਨ ਹੈਮਰੇਜ ਤੋਂ ਬਾਅਦ ਜਦ ਕਦੇ ਵੀ ਸਿਰ ਜ਼ਿਆਦਾ ਦੁਖਦਾ ਤਾਂ ਵਿਜੈ ਸੁਸ਼ਮਾ ਨੂੰ ਇਕ ਦਮ ਹਸਪਤਾਲ ਲੈ ਜਾਂਦਾ ਸੀ। ਉਹ ਕਿਸੇ ਕਿਸਮ ਦਾ ਜੋਖਮ ਨਹੀਂ ਸਨ ਲੈਣਾ ਚਾਹੁੰਦਾ। ਦੋ ਦਿਨ ਰਹਿ ਕੇ ਉਸ ਦਾ ਸਿਰ ਠੀਕ ਹੋ ਜਾਂਦਾ ਤੇ ਵਾਪਸ ਆ ਜਾਂਦੀ। ਬੱਚੇ ਉਸ ਦੇ ਹਸਪਤਾਲ ਜਾਣ ਦੇ ਆਦੀ ਹੋ ਚੁੱਕੇ ਹਨ। ਵਿਜੈ ਉਹਨਾਂ ਨੂੰ ਫਿਰ ਪੁੱਛਦਾ ਹੈ,

"ਜੇ ਮੈਂ ਹੌਸਪੀਟਲ ਤੁਹਾਡੀ ਮੌਮ ਕੋਲ ਜਾਵਾਂ ਤਾਂ ਤੁਸੀਂ ਇਕੱਲੇ ਰਹਿ ਲਵੋਗੇ?"

ਵਿਜੈ ਸੋਚਦਾ ਹੈ ਕਿ ਇਹਨਾਂ ਨੂੰ ਕੁਝ ਖਾਣ ਨੂੰ ਦੇ ਕੇ ਉਹ ਅੱਠ ਵਜੇ ਤਕ ਹਸਪਤਾਲ ਜਾ ਸਕੇਗਾ। ਉਥੇ ਇਕ ਦੋ ਘੰਟੇ ਸਹਿਜੇ ਹੀ ਲਗ ਸਕਦੇ ਹਨ ਪਰ ਇਹ ਵਕਤ ਬੱਚਿਆਂ ਦੇ ਸੌਣ ਦਾ ਹੈ। ਸੋ ਜੇ ਕਿਸੇ ਤਰਾਂ ਇਹਨਾਂ ਨੂੰ ਘਰ ਹੀ ਰਹਿਣ ਦੇਵੇ। ਰੋਹਨ ਛਾਤੀ ਅਕੜਾਉਂਦਾ ਜਵਾਬ ਦਿੰਦਾ ਕਹਿੰਦਾ ਹੈ,

"ਵਾਏ ਨੌਟ, ਆਏ'ਮ ਬਿੱਗ ਨਾਓ।"

"ਨੌਟ ਮੀ, ਆਏ'ਮ ਸਕੇਅਰਡ!"

ਵਿਧੀ ਮੂੰਹ ਤੇ ਹੱਥ ਰੱਖਦੀ ਬੋਲਦੀ ਹੈ। ਰੋਹਨ ਉਸ ਨੂੰ ਆਖਦਾ ਹੈ,

"ਆਏ'ਮ ਹੇਅਰ, ਨੋ ਨੀਡ ਟੂ ਬੀ ਸਕੇਅਰਡ, ...ਡੈਡ ਯੂ ਗੋ, ਵੀ ਵੈਲ ਬੀ ਔਲਰਾਈਟ।"

ਫਿਰ ਰੋਹਨ ਵਿਧੀ ਨੂੰ ਘਰ ਰਹਿਣ ਲਈ ਮਨਾਉਣ ਲਗਦਾ ਹੈ। ਵਿਧੀ ਮੰਨ ਜਾਂਦੀ ਹੈ। ਵਿਜੈ ਦੁਚਿੱਤੀ ਵਿਚ ਹੈ ਕਿ ਇਹਨਾਂ ਨੂੰ ਘਰ ਛੱਡੇ ਕਿ ਨਾ। ਉਸ ਕੋਲ ਹੋਰ ਕੋਈ ਚਾਰਾ ਵੀ ਨਹੀਂ ਹੈ। ਤਾਏ ਵਲਾਂ ਛੱਡ ਸਕਦਾ ਹੈ ਪਰ ਤਾਈ ਆਪ ਬਿਮਾਰ ਹੈ ਤੇ ਕਈ ਵਾਰੀ ਤਾਈ ਇਹਨਾਂ ਨੂੰ ਦਬਕ ਵੀ ਦਿੰਦੀ ਹੈ ਜੋ ਉਸ ਨੂੰ ਪਸੰਦ ਨਹੀਂ ਹੈ। ਰਮੇਸ਼ ਤਾਂ ਉਸ ਦੇ ਕਿਸੇ ਕੰਮ ਦਾ ਹੈ ਹੀ ਨਹੀਂ। ਜੇਕਰ ਅੰਮਰਤੀ ਬੱਚਿਆਂ ਨੂੰ ਸੰਭਾਲ ਵੀ ਲਵੇਗੀ ਤਾਂ ਮਿਹਣੇ ਵੀ ਮਾਰਨ ਲਗੇਗੀ। ਅੰਮਰਤੀ ਵਲ ਬੱਚਿਆਂ ਨੂੰ ਛੱਡਣ ਦਾ ਉਸ ਦਾ ਮਨ ਨਹੀਂ ਹੈ। ਭਾਗੀ ਨੂੰ ਸੁਸ਼ਮਾ ਪਸੰਦ ਨਹੀਂ ਕਰਦੀ। ਐਵੇਂ ਵਿਚੋਂ ਕੋਈ ਹੋਰ ਗੱਲ ਕੱਢ ਮਾਰੇਗੀ। ਹੁਸ਼ਿਆਰ ਇਸ ਵੇਲੇ ਕੰਮ ਤੇ ਹੁੰਦਾ ਹੈ। ਉਹ ਰਾਤ ਦੇ ਦਸ ਕੁ ਵਜੇ ਤਕ ਟੈਕਸੀ ਕਰਿਆ ਕਰਦਾ ਹੈ। ਸੁਨੈਨਾ ਆਪਣੀ ਕੁੜੀ ਦੀ ਦੇਖਭਾਲ ਵਿਚ ਲਗੀ ਰਹਿੰਦੀ ਹੈ। ਮਸਾਂ ਮਸਾਂ ਦੀ ਕੁੜੀ ਹੈ ਤੇ ਉਪਰੋਂ ਬਿਮਾਰ ਜਿਹੀ ਹੀ ਰਹਿੰਦੀ ਹੈ। ਉਹਨੂੰ ਸੋਚਾਂ ਵਿਚ ਪਏ ਨੂੰ ਦੇਖ ਕੇ ਰੋਹਨ ਫਿਰ ਕਹਿੰਦਾ ਹੈ,

"ਡੈਡ, ਡੌਂਟ ਵੱਰੀ, ਵੀ ਵੈਲ ਬੀ ਔਲਰਾਈਟ। ਇਫ ਵੀ ਨੀਡ, ਵੀ ਵੈਲ ਰਿੰਗ ਯੂ, ਵੀ ਨੋਅ ਯੋਅਰ ਮੁਬਾਈਲ ਨੰਬਰ, ਡੌਂਟ ਵੀ ਵਿਧੀ?"

ਵਿਧੀ 'ਹਾਂ' ਵਿਚ ਸਿਰ ਮਾਰਦੀ ਹੈ। ਵਿਜੈ ਬੱਚਿਆਂ ਲਈ ਚਿਪਸ ਤਲ਼ਦਾ ਹੈ ਤੇ ਨਾਲ ਹੀ ਚਿਕਨ ਬਰਗਰ। ਉਹਨਾਂ ਨੂੰ ਖਵਾਉਂਦਾ ਹੈ ਤੇ ਨਾਲ ਹੀ ਆਪ ਬੈਠ ਕੇ ਖਾਂਦਾ ਹੈ ਤੇ ਫਿਰ ਦੁਚਿਤੇ ਮਨ ਨਾਲ ਹਸਪਤਾਲ ਨੂੰ ਤੁਰ ਪੈਂਦਾ ਹੈ। ਉਹ ਕਾਰ ਦੀ ਰੇਸ ਇਵੇਂ ਦੇ ਰਿਹਾ ਹੈ ਜਿਵੇਂ ਉਡ ਕੇ ਹਸਪਤਾਲ ਪਹੁੰਚ ਜਾਣਾ ਹੋਵੇ।

ਸੁਸ਼ਮਾ ਨੂੰ ਹਾਲੇ ਕਿਸੇ ਵਾਰਡ ਵਿਚ ਨਹੀਂ ਲੈ ਕੇ ਗਏ। ਉਸ ਦਾ ਸਟਰੈਚਰ ਇਕ ਅਲੱਗ ਕਮਰੇ ਵਿਚ ਹੈ। ਇਕ ਗੁਜਰਾਤਣ ਦਿਸਦੀ ਡਾਕਟਰ ਉਸ ਉਪਰ ਝੁਕੀ ਹੋਈ ਹੈ। ਕੋਈ ਨਰੀਖਣ ਕਰ ਰਹੀ ਹੈ। ਉਹ ਵਿਜੈ ਨੂੰ ਦੇਖਦੀ ਪੁੱਛਦੀ ਹੈ,

"ਮਿਸਟਰ ਸ਼ਰਮਾ?"

"ਯਾਅ, ਹਾਓ'ਜ਼ ਸੀ ਨਾਓ?"

"ਬਿਟ ਸਟੈਡੀ!"

"ਕੀ ਸਟਰੋਕ ਈ ਐ?"

"ਹਾਲੇ ਅਸੀਂ ਡਾਇਗਨੋਜ਼ ਨਹੀਂ ਕਰ ਸਕੇ, ਦੋ ਵਾਰ ਸਕੈਨ ਕਰ ਚੁੱਕੇ ਆਂ।"

ਡਾਕਟਰ ਦਸਦੀ ਹੈ। ਵਿਜੈ ਸੁਸ਼ਮਾ ਵਲ ਵਧਦਾ ਹੈ। ਉਹ ਅਹਿਲ ਪਈ ਹੈ ਪਰ ਹੋਸ਼ ਵਿਚ ਹੈ। ਉਸ ਨੂੰ ਡਰਿਪ ਲਗਿਆ ਹੋਇਆ ਹੈ। ਉਹ ਵਿਜੈ ਵਲ ਦੇਖਦੀ ਅੱਖਾਂ ਭਰ ਲੈਂਦੀ ਹੈ। ਫਿਰ ਅਚਾਨਕ ਸੱਜੀ ਲੱਤ ਤੇ ਸੱਜੀ ਬਾਂਹ ਚੁੱਕ ਚੁੱਕ ਕੇ ਮਾਰਨ ਲਗਦੀ ਹੈ। ਇਵੇਂ ਇਕ ਵਾਰ ਉਸ ਨੇ ਕਿਧਰੇ ਇਕ ਮਿਰਗੀ ਦੇ ਮਰੀਜ਼ ਨੂੰ ਕਰਦਿਆਂ ਦੇਖਿਆ ਹੋਇਆ ਹੈ। ਉਹ ਉਸ ਦੀ ਲੱਤ ਨੂੰ ਰੋਕਣ ਲਈ ਫੜਦਾ ਹੈ ਪਰ ਫੜ ਨਹੀਂ ਸਕਦਾ। ਡਾਕਟਰ ਆਖਦੀ ਹੈ,

"ਇਹ ਫਿਟਸ ਵੀ ਹੋ ਸਕਦੀ ਐ।"

"ਕੋਈ ਦਵਾਈ ਵੀ ਦਿਤੀ?"

"ਦਵਾਈ ਅਸੀਂ ਲੋੜ ਅਨੁਸਾਰ ਈ ਦਿਤੀ ਹੈ, ਜਦ ਤਕ ਬਿਮਾਰੀ ਡਾਇਗਨੋਜ਼ ਨਹੀਂ ਹੋ ਜਾਂਦੀ ਅਸੀਂ ਕੋਈ ਦਵਾਈ ਨਹੀਂ ਦੇ ਸਕਦੇ।"

"ਹੁਣ ਕਿਸ ਚੀਜ਼ ਦਾ ਇੰਤਜ਼ਾਰ ਕਰ ਰਹੇ ਓ?"

"ਅਸੀਂ ਇਕ ਹੋਰ ਸਕੈਨ ਕਰ ਕੇ ਹਟੇ ਆਂ, ਉਸ ਦੇ ਨਤੀਜੇ ਦੀ ਉਡੀਕ ਕਰ ਰਹੇ ਆਂ, ਫੇਰ ਈ ਕਿਸੇ ਸਿੱਟੇ ਤੇ ਪੁੱਜਣ ਦੀ ਕੋਸ਼ਿਸ਼ ਕਰ ਸਕਾਂਗੇ, ਹਾਲੇ ਤਕ ਸਾਨੂੰ ਕੋਈ ਲੀਕੇਜ ਨਹੀਂ ਮਿਲਿਆ ਕਿ ਕਹਿ ਸਕੀਏ ਇਹ ਸਟਰੋਕ ਹੈ ਭਾਵੇਂ ਅਲਾਮਤਾਂ ਸਟਰੋਕ ਵਾਲੀਆਂ ਈ ਨੇ।"

ਸੁਸ਼ਮਾ ਆਪਣਾ ਸੱਜਾ ਪਾਸਾ ਹਾਲੇ ਵੀ ਹਿਲਾਈ ਜਾ ਰਹੀ ਹੈ ਪਰ ਉਸ ਦਾ ਖੱਬਾ ਪਾਸਾ ਅਹਿਲ ਪਿਆ ਹੈ ਜਿਵੇਂ ਕੋਈ ਜਾਨ ਹੀ ਨਾ ਹੋਵੇ। ਜਦ ਤਕ ਇਕ ਹੋਰ ਡਾਕਟਰ ਆ ਜਾਂਦਾ ਹੈ। ਆਪਣਾ ਨਾਂ ਦਸਦੇ ਹੋਏ ਉਹ ਵਿਜੈ ਨਾਲ ਹੱਥ ਮਿਲਾਉਂਦਾ ਹੈ। ਉਸ ਦੀ ਅੰਗਰੇਜ਼ੀ ਬਹੁਤੀ ਵਧੀਆ ਨਹੀਂ ਹੈ। ਉਹ ਕਿਸੇ ਯੋਰਪੀਅਨ ਮੁਲਕ ਤੋਂ ਹੈ। ਯੋਰਪ ਤੋਂ ਡਾਕਟਰਾਂ ਨਰਸਾਂ ਦੀਆਂ ਹੇੜਾਂ ਇੰਗਲੈਂਡ ਵਿਚ ਆ ਰਹੀਆਂ ਹਨ। ਇਹਨਾਂ ਦੀ ਕਮਜ਼ੋਰ ਅੰਗਰੇਜ਼ੀ ਕਿਸੇ ਵੇਲੇ ਕੋਈ ਮੁਸ਼ਕਲ ਵੀ ਖੜੀ ਕਰ ਸਕਦੀ ਹੈ। ਵਿਜੈ ਸੋਚਦਾ ਹੈ ਕਿ ਏਸ਼ੀਆ ਤੋਂ ਆਉਣ ਵਾਲੇ ਡਾਕਟਰਾਂ ਦੇ ਇਹ ਪੰਜਾਹ ਟੈਸਟ ਲੈਂਦੇ ਹਨ ਪਰ ਇਹਨਾਂ ਬਾਰੇ ਸ਼ਾਇਦ ਹੀ ਬਹੁਤੀ ਪੁੱਛ ਪੜਤਾਲ ਕਰਦੇ ਹੋਣਗੇ। ਰੰਗ ਜਿਉਂ ਚਿੱਟਾ ਹੈ ਅੰਗਰੇਜ਼ਾਂ ਨਾਲ ਮੇਲ ਖਾਂਦਾ ਹੈ। ਉਹ ਵਿਜੈ ਤੇ ਲੇਡੀ ਡਾਕਟਰ ਨੂੰ ਸਾਂਝੇ ਜਿਹੇ ਆਖਦਾ ਹੈ,

"ਸਕੈਨ ਵਿਚ ਕੁਝ ਨਹੀਂ ਮਿਲ ਰਿਹਾ।"

"ਇਹ ਤਾਂ ਬੁਰੀ ਖਬਰ ਨਹੀਂ।"

"ਪਰ ਡਾਕਟਰ ਮੈਂ ਤਾਂ ਇਹ ਸਭ ਸ਼ੁਰੂ ਹੁੰਦਾ ਦੇਖਿਆ ਤੇ ਮੈਨੂੰ ਤਾਂ ਇਹ ਸਟਰੋਕ ਲਗਦੈ।"

"ਹਾਂ ਮਿਸਟਰ ਸ਼ਰਮਾ, ਪਰ ਲੀਕੇਜ ਨਹੀਂ ਮਿਲਿਆ, ਹੋ ਸਕਦਾ ਕਿ ਫਿਟਸ ਦੀ ਕੋਈ ਸਟੇਜ ਹੋਵੇ।"

ਕਹਿੰਦੀ ਡਾਕਟਰ ਸੁਸ਼ਮਾ ਦੀ ਨਬਜ਼ ਦੇਖਣ ਲਗਦੀ ਹੈ ਤੇ ਫਿਰ ਅੱਖ ਪੁੱਟ ਕੇ ਦੇਖਦੀ ਹੈ। ਸੁਸ਼ਮਾ ਦੀ ਗੱਲ੍ਹ ਥਪ ਥਪਾ ਕੇ ਉਹ ਨੂੰ ਉਸ ਦਾ ਨਾਂ ਪੁੱਛਦੀ ਹੈ। ਉਸ ਦੀ ਜਨਮ ਤਰੀਕ ਤੇ ਬੱਚਿਆਂ ਦੇ ਨਾਂ ਤੇ ਘਰ ਦਾ ਸਿਰਨਾਵਾਂ। ਫਿਰ ਪੁੱਛਦੀ ਹੈ ਕਿ ਉਹ ਇਸ ਵੇਲੇ ਕਿਥੇ ਹੈ ਤੇ ਉਸ ਨੂੰ ਕੀ ਹੋਇਆ ਹੈ। ਇੰਗਲੈਂਡ ਦਾ ਪਰਧਾਨ ਮੰਤਰੀ ਕੌਣ ਹੈ ਤੇ ਅਜ ਕਿੰਨੀ ਤਰੀਕ ਤੇ ਕਿਹੜਾ ਦਿਨ ਹੈ। ਉਹ ਦੇਖਣਾ ਚਾਹੁੰਦੀ ਹੈ ਕਿ ਮਰੀਜ਼ ਹੋਸ਼ ਵਿਚ ਹੈ ਕਿ ਨਹੀਂ। ਸੁਸ਼ਮਾ ਨੂੰ ਪੂਰੀ ਹੋਸ਼ ਹੈ, ਦਵਾਈਆਂ ਕਾਰਨ ਨਿਢਾਲ ਹੈ। ਦੋਵੇਂ ਡਾਕਟਰ ਆਪਸ ਵਿਚ ਕੋਈ ਗੱਲ ਕਰਨ ਲਗਦੇ ਹਨ। ਵਿਜੈ ਸੁਸ਼ਮਾ ਨੂੰ ਪੁੱਛਦਾ ਹੈ,

"ਕੀ ਹਾਲ ਐ ਤੇਰਾ?"

"ਨੀਂਦ ਬਹੁਤ ਆਉਂਦੀ ਐ।"

"ਕੁਸ਼ ਦੁੱਖਦਾ ਤਾਂ ਨਹੀਂ?"

"ਪਤਾ ਨਹੀਂ ਚਲ ਰਿਹਾ।"

"ਲੱਤ ਹਿਲਦੀ ਫੀਲ ਹੁੰਦੀ ਐ?"

"ਹਾਂ, ਰੋਕ ਨਹੀਂ ਹੁੰਦੀ, ਕੀ ਕਹਿੰਦੀ ਐ ਡਾਕਟਰ?"

"ਕਹਿੰਦੀ ਐ ਕਿ ਸਾਇਦ ਸਟਰੋਕ ਨਾ ਹੋਵੇ ਸਿਰਫ ਮਿਰਗੀ ਦੀ ਈ ਕੋਈ ਸਟੇਜ ਹੋਵੇ।"

ਵਿਜੈ ਆਖਦਾ ਹੈ ਪਰ ਸੁਸ਼ਮਾ ਅੱਖਾ ਮੀਟ ਲੈਂਦੀ ਹੈ। ਵਿਜੈ ਉਸ ਦਾ ਹੱਥ ਆਪਣੇ ਹੱਥ ਵਿਚ ਘੁੱਟ ਲੈਂਦਾ ਹੈ। ਉਹ ਅੱਖਾਂ ਮੁੜ ਖੋਹਲਦੀ ਹੈ ਤੇ ਕਹਿੰਦੀ ਹੈ,

"ਮੈਂ ਸੋਚਿਆ ਕਿ ਸ਼ਾਇਦ ਤੁਸੀਂ ਨਾ ਆਵੋਂ।"

"ਕਿਉਂ ਨਹੀਂ ਆਵਾਂਗਾ?"

"ਬੱਚਿਆਂ ਕਰਕੇ।"

"ਮੈਂ ਤਾਂ ਆਉਣਾ ਈ ਸੀ, ਪਰ ਉਹ ਇਕੱਲੇ ਛੱਡਣੇ ਪਏ।"

ਵਿਜੈ ਆਖਦਾ ਹੈ। ਯੋਰਪੀਅਨ ਡਾਕਟਰ ਦੀ ਬਲੀਪ ਵੱਜਣ ਲਗਦੀ ਹੈ। ਉਹ ਬਲੀਪ ਤੋਂ ਸੁਨੇਹਾ ਪੜ੍ਹਦਾ ਹੈ ਤੇ ਬੋਲਦਾ ਹੈ,

"ਇਹ ਸਟਰੋਕ ਈ ਐ, ਲੀਕੇਜ ਮਿਲ ਗਿਆ।"

ਦਸਦਾ ਹੋਇਆ ਉਹ ਤੁਰ ਜਾਂਦਾ ਹੈ। ਜ਼ਾਹਰ ਹੈ ਕਿ ਕੋਈ ਹੋਰ ਡਾਕਟਰ ਐਕਸਰੇ ਦੀ ਘੋਖ ਕਰ ਰਹੇ ਹੋਣਗੇ। ਲੇਡੀ ਡਾਕਟਰ ਵੀ ਉਸ ਦੇ ਮਗਰ ਹੀ ਤੁਰ ਜਾਂਦੀ ਹੈ। ਸੁਸ਼ਮਾ ਵਿਜੈ ਦਾ ਹੱਥ ਹੋਰ ਜ਼ੋਰ ਨਾਲ ਘੁੱਟਦੀ ਪੁੱਛਦੀ ਹੈ,

"ਸ਼ਰਮਾ ਜੀ, ਮੈਂ ਠੀਕ ਵੀ ਹੋ ਜਾਊਂ?"

"ਹੋ ਜਾਏਂਗੀ, ਹੌਂਸਲਾ ਰੱਖ।"

"ਬੱਚੇ ਕਿੱਦਾਂ ਠੀਕ ਐ?"

"ਸਭ ਠੀਕ ਐ, ਤੂੰ ਫਿਕਰ ਨਾ ਕਰ ਬਸ ਅਰਾਮ ਕਰ।"

ਵਿਜੈ ਦਾ ਇਕ ਹੱਥ ਸੁਸ਼ਮਾ ਨੇ ਫੜਿਆ ਹੋਇਆ ਹੈ ਉਹ ਦੂਜੇ ਹੱਥ ਨਾਲ ਜੇਬ੍ਹ ਵਿਚੋਂ ਮੁਬਾਈਲ ਕੱਢ ਕੇ ਪਰਦੇ ਜਿਹੇ ਨਾਲ ਘਰ ਨੂੰ ਫੋਨ ਕਰਦਾ ਹੈ। ਹਸਪਤਾਲ ਵਿਚ ਥਾਂ ਥਾਂ ਲਿਖ ਕੇ ਲਾਇਆ ਹੋਇਆ ਹੈ ਕਿ ਇਥੇ ਮੁਬਾਈਲ ਫੋਨ ਦੀ ਵਰਤੋਂ ਮਨ੍ਹਾਂ ਹੈ। ਫੋਨ ਰੋਹਨ ਚੁੱਕਦਾ ਹੈ। ਵਿਜੈ ਪੁੱਛਦਾ ਹੈ,

"ਕਿੱਦਾਂ ਪੁੱਤ, ਤੁਸੀਂ ਠੀਕ ਓ?"

"ਡੌਂਟ ਵੱਰੀ ਡੈਡ, ਵੀ ਆਰ ਫਾਈਨ, ਟੇਕ ਯੋਅਰ ਟਾਈਮ, ਹਾਓ'ਜ਼ ਮੌਮ?"

"ਉਹ ਠੀਕ ਐ। ਯੂ ਲੁਕ ਆਫਟਰ ਯੋਅਰ ਸੈਲਫ ਐਂਡ ਵਿਧੀ।"

"ਨੋ ਪਰੋਬਲਮ ਡੈਡ, ਆਏ ਸੀ ਯੂ ਲੇਟਰ।"

ਵਿਜੈ ਫੋਨ ਬੰਦ ਕਰਕੇ ਜੇਬ੍ਹ ਵਿਚ ਪਾ ਲੈਂਦਾ ਹੈ। ਸੁਸ਼ਮਾ ਆਖਦੀ ਹੈ,

"ਸ਼ਰਮਾ ਜੀ, ਹੁਣ ਤੁਸੀਂ ਕਿਤੇ ਨਹੀਂ ਜਾਣਾ, ਮੇਰੇ ਕੋਲ ਠਹਿਰਨਾ, ਜਦ ਮੈਂ ਅੱਖਾਂ ਬੰਦ ਕਰਦੀ ਆਂ ਤਾਂ ਬਹੁਤ ਡਰ ਲਗਦੈ, ਮੈਨੂੰ ਕੁਸ਼ ਦਿਸਣ ਲਗਦੈ, ਹੁਣ ਤੁਸੀਂ ਮੇਰੇ ਕੋਲ ਠਹਿਰਨੈ!"

"ਫਿਕਰ ਨਾ ਕਰ, ਮੈਂ ਕਿਤੇ ਨਹੀਂ ਜਾਂਦਾ।"

ਕੁਝ ਦੇਰ ਬਾਅਦ ਡਾਕਟਰ ਫਿਰ ਆ ਜਾਂਦੀ ਹੈ। ਕਹਿੰਦੀ ਹੈ,

"ਮਿਸਟਰ ਸ਼ਰਮਾ, ਇਹ ਡੈਫੀਨੈਟਲੀ ਸਟਰੋਕ ਐ। ਅਸੀਂ ਤੇਰੀ ਵਾਈਫ ਨੂੰ ਐਡਮਿਟ ਕਰਨ ਜਾ ਰਹੇ ਆਂ ਲੋੜੀਂਦੀ ਦਵਾਈ ਦੇਵਾਂਗੇ ਤੇ ਇਸ ਨੂੰ ਓਬਜ਼ਰਬੇਸ਼ਨ ਹੇਠ ਰਖਾਂਗੇ।"

ਵਿਜੈ ਕੁਝ ਨਹੀਂ ਕਹਿੰਦਾ। ਉਸ ਦਾ ਫੋਨ ਵੱਜਣ ਲਗਦਾ ਹੈ। ਉਹ ਦੇਖਦਾ ਹੈ। ਘਰੋਂ ਹੈ। ਵਿਧੀ ਦਾ ਹੈ। ਉਹ ਰੋ ਰਹੀ ਹੈ। ਕਹਿਣ ਲਗਦੀ ਹੈ,

"ਡੈਡ, ਕੰਮ ਹੋਮ ਸੂਨ, ਆਏ ਐਮ ਸਕੇਅਰਡ।"

"ਡੌਂਟ ਵੱਰੀ, ਆਏ'ਮ ਕੰਮਿੰਗ ਸੂਨ।"

"ਡੈਡ, ਲੁਕਸ ਲਾਈਕ ਸਮਬੌਡੀ ਨੌਕਿੰਗ ਅਵਰ ਡੋਰ।"

"ਡੌਂਟ ਓਪਨ, ਆਏ'ਮ ਕਮਿੰਗ ਸੂਨ, ਕਮਿੰਗ ਸੂਨ!"

ਕਹਿੰਦਾ ਵਿਜੈ ਫੋਨ ਬੰਦ ਕਰ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਓਪਰੇ ਜਿਹੇ ਲੋਕ ਸਮਾਨ ਵੇਚਣ ਦੇ ਬਹਾਨੇ ਦੇਰ ਰਾਤ ਤਕ ਦਰਵਾਜ਼ੇ ਖੜਕਾਉਂਦੇ ਰਹਿੰਦੇ ਹਨ। ਡਾਕਟਰ ਉਸ ਵਲ ਅੱਖਾਂ ਜਿਹੀਆ ਕੱਢ ਰਹੀ ਹੈ ਪਰ ਕਹਿੰਦੀ ਕੁਝ ਨਹੀਂ। ਵਿਜੈ ਬਹੁਤ ਘਬਰਾਇਆ ਹੋਇਆ ਹੈ। ਸੁਸ਼ਮਾ ਸਮਝਦੀ ਹੋਈ ਬੋਲਦੀ ਹੈ,

"ਸ਼ਰਮਾ ਜੀ ਨਾ ਜਾਓ, ਪਲੀਜ਼ ਨਾ ਜਾਓ। ਮੇਰੇ ਕੋਲ ਠਹਿਰੋ।"

"ਓਕੇਅ ਪਰ ਘਰ ਬੱਚੇ ਇਕੱਲੇ ਆ।"

"ਇਥੇ ਮੈਂ ਇਕੱਲੀ ਆਂ, ਉਹਨਾਂ ਨੂੰ ਕੁਸ਼ ਨਹੀਂ ਹੁੰਦਾ।"

ਕਹਿੰਦੀ ਹੋਈ ਸੁਸ਼ਮਾ ਵਿਜੈ ਦਾ ਹੱਥ ਹੋਰ ਘੁੱਟ ਲੈਂਦੀ ਹੈ ਤੇ ਛਾਤੀ ਨਾਲ ਲਾ ਲੈਂਦੀ ਹੈ ਜਿਵੇਂ ਮੁੜ ਕੇ ਛੱਡਣਾ ਹੀ ਨਾ ਹੋਵੇ। ਫੋਨ ਫਿਰ ਵੱਜਦਾ ਹੈ। ਘਰੋਂ ਹੀ ਹੈ। ਵਿਜੈ ਕੱਟ ਦਿੰਦਾ ਹੈ ਤੇ ਡਾਕਟਰ ਨੂੰ ਪੁੱਛਦਾ ਹੈ,

"ਇਹਨੂੰ ਵਾਰਡ ਵਿਚ ਕਦੋਂ ਲੈ ਕੇ ਜਾ ਰਹੇ ਓ?"

"ਇਨ ਐਨੀ ਮਿਨਟ। ਤੂੰ ਜਾਣਾਂ ਤੇ ਜਾਹ।"

"ਮੇਰੇ ਬੱਚੇ ਘਰ ਇਕੱਲੇ ਆ, ਬਹੁਤ ਡਰਦੇ ਆ, ਮੈਂ ਗਲਤੀ ਕਰ ਬੈਠਾ ਉਹਨਾਂ ਨੂੰ ਛੱਡ ਆਇਆ।"

ਡਾਕਟਰ ਤੋਂ ਪਹਿਲਾਂ ਸੁਸ਼ਮਾ ਕਹਿੰਦੀ ਹੈ,

"ਸ਼ਰਮਾ ਜੀ, ਨਾ ਜਾਓ, ਭਗਵਾਨ ਦੇ ਵਾਸਤੇ ਨਾ ਜਾਓ।"

"ਦੇਖ ਇਥੇ ਇੰਨਾ ਸਟਾਫ ਐ ਤੇਰੇ ਕੋਲ, ਓਧਰ ਬੱਚੇ ਇਕੱਲੇ ਤੇ ਡਰੇ ਬੈਠੇ ਆ।"
"ਮੈਂ ਕੀ ਕਰਾਉਣਾ ਸਟਾਫ ਤੋਂ, ਤੁਸੀਂ ਨਾ ਜਾਓ, ਮੈਨੂੰ ਲਗਦੈ ਮੈ ਨਹੀਂ ਬਚਣਾ!"

ਵਿਜੈ ਆਪਣਾ ਹੱਥ ਛੁਡਾਉਣ ਦੀ ਕਸ਼ਿਸ਼ ਕਰਦਾ ਹੈ ਪਰ ਸੁਸ਼ਮਾ ਛੱਡ ਨਹੀਂ ਰਹੀ। ਫੋਨ ਦੀ ਘੰਟੀ ਫਿਰ ਵੱਜਣ ਲਗਦੀ ਹੈ। ਹੁਣ ਰੋਹਨ ਦਾ ਹੈ। ਉਹ ਵੀ ਰੋ ਰਿਹਾ ਹੈ। ਇਕ ਨਰਸ ਆਉਂਦੀ ਹੈ, ਆਖਣ ਲਗਦੀ ਹੈ,
"ਹੁਣ ਇਸ ਨੂੰ ਅਸੀਂ ਨਾਈਟਿੰਗੇਲ ਵਾਰਡ ਵਿਚ ਲੈ ਜਾਵਾਂਗੇ, ਬਸ ਅਸੀਂ ਖਾਲੀ ਬੈਡ ਦੀ ਉਡੀਕ ਕਰ ਰਹੇ ਆਂ।"

ਵਿਜੈ ਸੁਸ਼ਮਾ ਦੇ ਚਿਹਰੇ ਤੇ ਹੱਥ ਫੇਰਦਾ ਕਹਿੰਦਾ ਹੈ,
"ਦੇਖ, ਇਹਨਾਂ ਨੇ ਤੈਨੂੰ ਹੁਣ ਵਾਰਡ ਵਿਚ ਲੈ ਜਾਣਾਂ, ਮੈਂ ਘਰ ਜਾ ਕੇ ਉਹਨਾਂ ਨੂੰ ਦੇਖਾਂ, ਅਸੀਂ ਸਵੇਰੇ ਆਵਾਂਗੇ।"

ਸੁਸ਼ਮਾ ਚੁੱਪ ਰਹਿੰਦੀ ਹੈ ਪਰ ਉਸ ਦਾ ਹੱਥ ਨਹੀਂ ਛੱਡਦੀ। ਵਿਜੈ ਜਬਰਦਸਦੀ ਆਪਣਾ ਹੱਥ ਛੁਡਵਾ ਲੈਂਦਾ ਹੈ ਤੇ ਉਸ ਵਲ ਦੇਖਦਾ ਹੌਲੀ ਹੌਲੀ ਬਾਹਰ ਨੂੰ ਤੁਰਨ ਲਗਦਾ ਹੈ। ਫੋਨ ਦੀ ਘੰਟੀ ਹਾਲੇ ਵੱਜ ਰਹੀ ਹੈ। ਕਮਰੇ ਤੋਂ ਬਾਹਰ ਆ ਕੇ ਵਿਜੈ ਕਾਰ ਵਲ ਨੂੰ ਦੌੜ ਤੁਰਦਾ ਹੈ। ਕਾਰ ਨੂੰ ਇੰਨੀ ਤੇਜ਼ ਚਲਾਉਂਦਾ ਹੈ ਕਿ ਉਸ ਨੂੰ ਪੁਲੀਸ ਵਲੋਂ ਫੜੇ ਜਾ ਰੋਕੇ ਜਾਣ ਦੀ ਕੋਈ ਪਰਵਾਹ ਨਹੀਂ ਹੈ। ਉਹ ਬੱਚਿਆਂ ਦੀ ਸੁਰੱਖਿਆ ਲਈ ਬਹੁਤ ਡਰਿਆ ਹੋਇਆ ਹੈ। ਘਰ ਪੁੱਜ ਕੇ ਉਹ ਕਾਹਲੀ ਨਾਲ ਦਰਵਾਜ਼ਾ ਖੋਹਲ ਕੇ ਬੱਚਿਆਂ ਵਲ ਨੂੰ ਭਜਦਾ ਹੈ। ਦੋਵੇਂ ਬੱਚੇ ਦੁਬਕੇ ਬੈਠੇ ਹਨ। ਉਸ ਨੂੰ ਦੇਖ ਚੀਕਾਂ ਮਾਰਦੇ ਉਸ ਨਾਲ ਚੁੰਬੜ ਜਾਂਦੇ ਹਨ ਤੇ ਉਚੀ ਉਚੀ ਰੋਣ ਲਗਦੇ ਹਨ। ਉਹ ਬੱਚਿਆਂ ਨੂੰ ਚੁੰਮਦਾ ਆਪ ਵੀ ਹੁਬਕੀਂ ਉਤਰ ਆਉਂਦਾ ਹੈ।

## ਇਕੱਤੀ

ਵਿਜੈ ਨੇ ਔਕਸਫੋਰਡ ਡਿਲਿਵਰੀ ਦੇਣ ਜਾਣਾ ਹੈ। ਔਕਸਫੋਰਡ ਬਹੁਤ ਦੂਰ ਹੈ। ਏਨੀ ਦੂਰ ਦਾ ਕੰਮ ਉਹ ਮਿਹਰ ਨੂੰ ਦੇ ਦਿਆ ਕਰਦਾ ਹੈ ਪਰ ਇਹ ਆਰਡਰ ਵੱਡਾ ਹੈ ਤੇ ਇਹ ਪਾਰਟੀ ਵੀ ਉਸ ਦੀ ਕਾਫੀ ਪੁਰਾਣੀ ਵਾਕਫ ਹੈ। ਇੰਡੀਆ ਤੋਂ ਮਾਲ ਤਿਆਰ ਹੋ ਕੇ ਆਇਆ ਪਿਆ ਹੈ। ਅਜ ਦਾ ਵਾਅਦਾ ਹੈ। ਉਹਨਾਂ ਤੋਂ ਪਿਛਲੇ ਮਾਲ ਦਾ ਤੇ ਇਸ ਦਾ ਚੈੱਕ ਵੀ ਲੈਣਾ ਹੈ। ਪਹਿਲਾਂ ਹੀ ਗੱਲ ਹੋ ਚੁੱਕੀ ਹੈ ਕਿ ਉਹ ਦਸ ਵਜੇ ਔਕਸਫੋਰਡ ਪੁੱਜ ਜਾਵੇਗਾ। ਢਾਈ ਤਿੰਨ ਘੰਟੇ ਦਾ ਸਫਰ ਹੈ। ਸੁਸ਼ਮਾ ਘਰ ਹੁੰਦੀ ਤਾਂ ਉਸ ਨੇ ਚੁੱਪ ਕਰ ਕੇ ਸਵੇਰੇ ਵੇਲੇ ਸਿਰ ਨਿਕਲ ਜਾਣਾ ਸੀ ਪਰ ਹੁਣ ਤਾਂ ਕਹਾਣੀ ਹੋਰ ਹੀ ਬਣ ਗਈ ਹੈ। ਇਹ ਵੀ ਚੰਗਾ ਹੈ ਕਿ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹਨ ਤੇ ਬੱਚੇ ਘਰ ਹੀ ਰਹਿਣਗੇ। ਕਈ ਵਾਰ ਉਹ ਸੋਚਦਾ ਹੈ ਕਿ ਉਪਰ ਅਸਮਾਨ ਵਿਚ ਬੈਠਾ ਜਿਹੜਾ ਵੀ ਉਸ ਨੂੰ ਇਹ ਮੁਸੀਬਤਾਂ ਦਿੰਦਾ ਹੈ ਉਹ ਇਹ ਜ਼ਰੂਰ ਸੋਚ ਲੈਂਦਾ ਹੈ ਇਹ ਮੁਸੀਬਤ ਬੱਚਿਆਂ ਦੀਆਂ ਛੁੱਟੀਆਂ ਵਿਚ ਆਵੇ, ਲਗਦਾ ਹੈ ਕਿ ਉਪਰ ਵਾਲੇ ਨੂੰ ਉਸ ਨਾਲ ਥੋੜੀ ਕੁ ਹਮਦਰਦੀ ਹੈ। ਉਹ ਰਾਤ ਹੀ ਸਕੀਮ ਬਣਾ ਲੈਂਦਾ ਹੈ ਕਿ ਬੱਚਿਆਂ ਨੂੰ ਨਾਲ ਹੀ ਲੈ ਜਾਵੇਗਾ। ਉਹ ਰਾਤ ਦੇ ਬਹੁਤ ਡਰੇ ਹੋਏ ਹਨ। ਸੁੱਤੇ ਵੀ ਉਸ ਨਾਲ ਹੀ ਹਨ। ਹੁਣ ਉਹ ਉਹਨਾਂ ਨੂੰ ਕਿਸੇ ਵੀ ਕੀਮਤ ਤੇ ਇਕੱਲੇ ਨਹੀਂ ਛੱਡੇਗਾ। ਉਹ ਛੇ ਵਜੇ ਉਠਦਾ ਹੈ। ਆਪ ਤਿਆਰ ਹੋ ਕੇ ਬੱਚਿਆਂ ਨੂੰ ਜਗਾਉਂਦਾ ਹੈ। ਉਹ ਗੂੜ੍ਹੀ ਨੀਂਦ ਵਿਚੋਂ ਮਸਾਂ ਉਠਦੇ ਹਨ। ਘੰਟਾ ਲਗ ਜਾਂਦਾ ਹੈ ਉਹਨਾਂ ਨੂੰ ਉਠਾਉਂਦਿਆਂ ਤੇ ਤਿਆਰ ਕਰਦਿਆਂ। ਉਹ ਉਹਨਾਂ ਨੂੰ ਸੀਰੀਅਲ ਖਵਾਉਂਦਾ ਹੈ ਤੇ ਕਾਰ ਵਿਚ ਬੈਠਾ ਲੈਂਦਾ ਹੈ। ਮਾਲ ਕੁਝ ਜ਼ਿਆਦਾ ਹੈ। ਗਾਹਕਾਂ ਨੂੰ ਟੇਕ ਅਵੇਅ ਦੇਣ ਵਾਲੇ ਬੈਗ ਹਨ ਜੋ ਕਿ ਆਮ ਤੋਂ ਭਾਰੇ ਹੁੰਦੇ ਹਨ। ਇੰਨੇ ਮਾਲ ਲਈ ਉਹ ਆਮ ਤੌਰ ਤੇ ਵੈਨ ਲੈ ਕੇ ਜਾਂਦਾ ਹੈ ਪਰ ਵੈਨ ਇਕੋ ਸਵਾਰੀ ਸੀਟ ਵਾਲੀ ਹੈ, ਰੋਹਨ ਤੇ ਵਿਧੀ ਇਕੱਠੇ ਨਹੀਂ ਬੈਠ ਸਕਣਗੇ, ਇਸ ਲਈ ਉਸ ਨੂੰ ਕਾਰ ਲੈ ਕੇ ਜਾਣੀ ਪੈ ਰਹੀ ਹੈ। ਭਾਵੇਂ ਕਾਰ ਇਸਟੇਟ ਹੈ ਪਰ ਸਮਾਨ ਜ਼ਿਆਦਾ ਹੋਣ ਕਰਕੇ ਕਾਰ ਹੇਠਾਂ ਬੈਠੀ ਹੋਈ ਹੈ। ਰਾਹ ਵਿਚ ਪੁਲੀਸ ਰੋਕ ਵੀ ਸਕਦੀ ਹੈ। ਜੁਰਮਾਨਾ ਵੀ ਹੋ ਸਕਦਾ ਹੈ ਤੇ ਲਾਇਸੰਸ ਤੇ ਸਟੈਂਪ ਵੀ ਲਗੇਗੀ ਪਰ ਹੋਰ ਕਰੇ ਵੀ ਕੀ।

ਸਾਢੇ ਸੱਤ ਨਿਕਲ ਪੈਂਦਾ ਹੈ। ਵਰਦਿੰਗ ਤੋਂ ਨਿਕਲ ਕੇ ਏ-ਤੇਈ ਵਿਚ ਪਿਆ ਹੀ ਹੈ ਕਿ ਉਸ ਨੂੰ ਯਾਦ ਆ ਜਾਂਦਾ ਹੈ ਕਿ ਘਰ ਤਾਂ ਬਿਲਡਰ ਲੱਗੇ ਹੋਏ ਹਨ। ਅੱਠ ਵਜੇ ਚੰਨੀ ਵੀ ਘਰ ਦੀ ਸਫਾਈ ਕਰਨ ਆਉਂਦੀ ਹੈ। ਉਹ ਕਾਰ ਮੋੜਨ ਲਗਦਾ ਹੈ ਪਰ ਫਿਰ ਸੋਚਦਾ ਹੈ ਕਿ ਜੇਕਰ ਉਹ ਵਾਪਸ ਮੁੜਿਆ ਤਾਂ ਬਹੁਤ ਲੇਟ ਹੋ ਜਾਵੇਗਾ। ਜੇਕਰ ਚੰਨੀ ਇਕ ਦਿਨ ਆ ਕੇ ਮੁੜ ਵੀ ਜਾਵੇਗੀ ਤਾਂ ਕੋਈ ਫਰਕ ਨਹੀਂ ਪੈਣ ਲਗਾ। ਜਿਹੜੀ ਹਨੇਰੀ ਝੁੱਲਣੀ ਸੀ ਉਹ ਤਾਂ ਝੁੱਲ ਹੀ ਚੁੱਕੀ ਹੈ। ਉਹ ਮੋਹਨ ਨੂੰ ਫੋਨ ਕਰਦਾ ਹੈ। ਸੁਸ਼ਮਾ ਦੀ ਸਿਹਤ ਬਾਰੇ ਦਸਦਾ ਕਹਿ ਦਿੰਦਾ ਹੈ ਕਿ ਉਸ ਨੂੰ ਬਹੁਤ ਜ਼ਰੂਰੀ ਕੰਮ ਕਿਧਰੇ ਜਾਣਾ ਪਿਆ ਹੈ ਸੋ ਅਜ ਬਾਹਰੋ ਬਾਹਰੋਂ ਹੀ ਕੰਮ ਕਰ ਲੈਣ। ਜੇਕਰ ਚੰਨੀ ਦਾ ਮੁਬਾਈਲ ਨੰਬਰ ਉਸ ਕੋਲ ਹੁੰਦਾ ਤਾਂ ਉਹ ਉਸ ਨੂੰ ਵੀ ਫੋਨ ਕਰ ਕੇ ਕਹਿ ਦਿੰਦਾ ਕਿ ਅਜ ਨਾ ਆਵੇ। ਹਾਲੇ ਉਹ ਚੰਨੀ ਬਾਰੇ ਸੋਚ ਹੀ ਰਿਹਾ ਹੈ ਕਿ ਉਸ ਦਾ ਫੋਨ ਆ ਜਾਂਦਾ ਹੈ। ਸ਼ਾਇਦ ਮੋਹਨ ਵੀ ਪੁੱਜ ਗਿਆ ਹੋਵੇਗਾ ਚੰਨੀ ਨੇ ਉਸ ਤੋਂ ਹੀ ਲਿਆ ਹੋਵੇਗਾ। ਉਹ ਕਹਿੰਦੀ ਹੈ,
"ਭਾ ਜੀ ਤੁਸੀਂ ਕਿਥੇ ਓ? ਮੈਂ ਬਾਹਰ ਖੜੀ ਆਂ।"

ਉਹ ਉਸ ਨੂੰ ਸਾਰੀ ਕਹਾਣੀ ਸੁਣਾ ਦਿੰਦਾ ਹੈ। ਚੰਨੀ ਆਖਦੀ ਹੈ,

"ਚਾਬੀ ਤਾਂ ਭੈਣ ਜੀ ਨੇ ਇਕ ਮੈਨੂੰ ਦਿਤੀ ਹੋਈ ਐ, ਜੇ ਕਹੋਂ ਮੈਂ ਦਰਵਾਜ਼ਾ ਖੋਹਲ ਕੇ ਕੰਮ ਕਰ ਜਾਂਨੀ ਆਂ।"

"ਕਿਉਂ ਨਹੀਂ, ਇਹ ਤਾਂ ਚੰਗੀ ਗੱਲ ਐ, ਤੁਸੀਂ ਫਿਰ ਚੰਗੀ ਤਰ੍ਹਾਂ ਦਰਵਾਜ਼ਾ ਬੰਦ ਕਰ ਜਾਇਓ, ਮੈਨੂੰ ਵਾਪਸ ਆਉਂਦਿਆਂ ਬਾਰਾਂ ਇਕ ਵੱਜ ਜਾਵੇਗਾ।"

ਉਹ ਕਾਰ ਨੂੰ ਔਕਸਫਰਡ ਵਲ ਸਪੀਡੀਂ ਪਾ ਲੈਂਦਾ ਹੈ। ਐਮ-ਪੱਚੀ ਤੇ ਫਿਰ ਐਮ-ਚਾਲੀ। ਪੂਰੇ ਦਸ ਵਜੇ ਬੌਂਬੇ ਨਾਈਟਸ ਮੂਹਰੇ ਜਾ ਖੜਦਾ ਹੈ। ਕਾਹਲੀ ਕਾਹਲੀ ਕਰਦਾ ਅੱਧੇ ਘੰਟੇ ਵਿਚ ਵਿਹਲਾ ਹੋ ਕੇ ਸਾਢੇ ਦਸ ਵਜੇ ਵਾਪਸੀ ਚਾਲੇ ਪਾ ਲੈਂਦਾ ਹੈ। ਜਾਂਦੇ ਹੋਏ ਤਾਂ ਬੱਚੇ ਸੁੱਤੇ ਹੀ ਗਏ ਹਨ ਪਰ ਹੁਣ ਉਹ ਉਠ ਖੜਦੇ ਹਨ। ਉਹ ਰਸਤੇ ਵਿਚ ਇਕ ਕੈਫੇ ਤੇ ਕਾਰ ਰੋਕ ਕੇ ਉਹਨਾਂ ਨੂੰ ਟੁਆਇਲਟ ਬਗੈਰਾ ਲੈ ਕੇ ਜਾਂਦਾ ਹੈ। ਕੁਝ ਖਾਣ ਨੂੰ ਲੈ ਕੇ ਦਿੰਦਾ ਹੈ। ਇਕ ਵਜੇ ਮੁੜ ਵਰਦਿੰਗ ਪੁੱਜ ਜਾਂਦਾ ਹੈ। ਚੰਨੀ ਅੰਦਰ ਬੈਠੀ ਉਸ ਨੂੰ ਉਡੀਕ ਰਹੀ ਹੈ। ਉਸ ਨੂੰ ਇਹ ਬਹੁਤ ਚੰਗਾ ਲਗਦਾ ਹੈ; ਐਡੇ ਮਾਰੂਥਲ ਵਿਚ ਕੋਈ ਤਾਂ ਰੁੱਖ ਹੋਇਆ। ਬੱਚੇ ਕੁਝ ਕੁ ਦੇਰ ਸੁਸਤਾਉਣ ਤੋਂ ਬਾਅਦ ਫਿਰ ਤੇਜ਼ ਹੋ ਜਾਂਦੇ ਹਨ ਤੇ ਇਧਰ ਓਧਰ ਭੱਜਣ ਲਗਦੇ ਹਨ। ਚੰਨੀ ਨੂੰ ਸੁਸ਼ਮਾ ਦੀ ਸਿਹਤ ਦਾ ਸੁਣ ਕੇ ਬਹੁਤ ਦੁੱਖ ਲਗਦਾ ਹੈ। ਮੋਹਨ ਵੀ ਸੁਸ਼ਮਾ ਦੀਆਂ ਤਰੀਫਾਂ ਕਰਦਾ ਜਾ ਰਿਹਾ ਹੈ।

ਉਹ ਅਨਸਰਿੰਗ ਮਸ਼ੀਨ ਚਲਾ ਕੇ ਦੇਖਦਾ ਹੈ। ਸੁਸ਼ਮਾ ਦੇ ਹੀ ਜ਼ਿਆਦਾ ਫੋਨ ਹਨ। ਇਕ ਫੋਨ ਹੁਸ਼ਿਆਰ ਦਾ ਹੈ। ਉਹ ਹੁਸ਼ਿਆਰ ਦੇ ਘਰ ਫੋਨ ਕਰਦਾ ਹੈ। ਸੁਨੈਨਾ ਫੋਨ ਉਠਾਉਂਦੀ ਹੈ। ਉਹ ਉਸ ਨੂੰ ਸੁਸ਼ਮਾ ਬਾਰੇ ਦਸਦਾ ਹੈ ਤੇ ਫਿਰ ਰਮੇਸ਼ ਦੇ ਘਰ ਫੋਨ ਕਰ ਦਿੰਦਾ ਹੈ। ਇਵੇਂ ਹੀ ਤਾਏ ਨੂੰ ਵੀ ਫੋਨ ਕਰਕੇ ਦਸ ਦਿੰਦਾ ਹੈ। ਫਗਵਾੜੇ ਨੂੰ ਵੀ ਫੋਨ ਕਰ ਦਿੰਦਾ ਹੈ ਤੇ ਅਸ਼ੋਕ ਨੂੰ ਵੀ। ਇਕ ਵਾਰ ਫਿਰ ਸਾਰੇ ਪਾਸੇ ਭੱਜ ਦੌੜ ਪੈ ਜਾਂਦੀ ਹੈ।

ਉਹ ਹਸਪਤਾਲ ਜਾਣ ਤੋਂ ਪਹਿਲਾਂ ਤਾਏ ਵਲ ਜਾਂਦਾ ਹੈ। ਤਾਈ ਉਸ ਨੂੰ ਦੇਖਦਿਆਂ ਹੀ ਰੋਣ ਲਗ ਪੈਂਦੀ ਹੈ। ਆਖਦੀ ਹੈ,

"ਏਸ ਗਊ ਨੇ ਭਗਵਾਨ ਦਾ ਕੀ ਗੁਨਾਹ ਕਰ ਦਿਤਾ, ਕਿਵੇਂ ਮੁੜ ਮੁੜ ਕੇ ਵਿਚਾਰੀ ਨੂੰ ਤਕਲੀਫ ਤੇ ਤਕਲੀਫ ਦੇ ਰਿਹਾ।"

ਵਿਜੈ ਕੁਝ ਨਹੀਂ ਕਹਿੰਦਾ। ਉਹ ਸੋਚ ਰਿਹਾ ਹੈ ਕਿ ਤਾਈ ਦੀ ਆਪਣੀ ਸਿਹਤ ਠੀਕ ਨਹੀਂ ਰਹਿੰਦੀ, ਸੁਸ਼ਮਾ ਦੀ ਬਿਮਾਰੀ ਇਸ ਨੂੰ ਹੋਰ ਨਿਢਾਲ ਕਰ ਦੇਵੇਗੀ। ਤਾਇਆ ਕਹਿਣ ਲਗਦਾ ਹੈ,

"ਵਿਜੇ, ਭਗਵਾਨ ਤੇਰਾ ਇਮਤਿਆਨ ਲੈ ਰਿਹੈ ਪਰ ਤੂੰ ਸਬਰ ਦਾ ਪੱਲਾ ਫੜੀ ਰੱਖ, ਇਕ ਦਿਨ ਸਭ ਠੀਕ ਹੋ ਜਾਏਗਾ।"

"ਕੋਈ ਗੱਲ ਨਹੀਂ ਤਾਇਆ, ਭਗਵਾਨ ਨੇ ਵੀ ਜਿਹੜਾ ਜ਼ੋਰ ਲਾਉਣਾ ਲਾ ਲਵੇ, ਕੱਢ ਲਏ ਜਿਹੜੀ ਦੁਸ਼ਮਣੀ ਕੱਢਣੀ ਐਂ।"

"ਸਾਡੇ ਸਾਰੇ ਟੱਬਰ ਨੂੰ ਈ ਸਰਾਪ ਐ, ਸਾਡੀ ਜ਼ਿੰਦਗੀ ਕਦੇ ਸੌਖੀ ਨਹੀਂ ਹੋ ਸਕਦੀ। ਸ਼ਾਮ ਲਾਲ ਵੀ ਏਦਾਂ ਦੁੱਖਾਂ ਤਕਲੀਫਾਂ ਵਿਚ ਚਲੇ ਗਿਆ, ਇਧਰ ਸਾਡੇ ਵਲ ਦੇਖ ਕਿਦਾਂ ਬਿਮਾਰੀਆਂ ਦੇ ਝੰਬੇ ਬੈਠੇ ਆਂ ਤੇ ਉਪਰੋਂ ਆਹ ਹੋਰ ਦੁੱਖ ਆ ਪਿਆ, ਹਾਲੇ ਤਾਂ ਪਹਿਲੀ ਸੱਟ ਈ ਤਾਬੇ ਨਹੀਂ ਸੀ ਆਈ।"

ਅੱਖਾਂ ਸਾਫ ਕਰਦੀ ਤਾਈ ਬੋਲਦੀ ਹੈ,

"ਸੱਚ ਕਹਿੰਦੇ ਓ, ਦੀਪਕ ਵੀ ਉਸੇ ਸਰਾਪ ਦੀ ਕੜੀ ਆ, ਸਭ ਕੁਸ਼ ਹੁੰਦੇ ਸੁੰਦੇ ਵਿਚਾਰਾ ਕਿਦਾਂ ਰੁਲ਼ਦਾ ਫਿਰਦਾ।"

"ਕੋਈ ਗੱਲ ਨਹੀਂ ਤਾਈ, ਇਕ ਦਿਨ ਅਸੀਂ ਵੀ ਇਸ ਸਰਾਪ ਨੂੰ ਸਰਾਪ ਬਣ ਕੇ ਟਕਰਾਂਗੇ।"

ਹੱਸਦਾ ਹੋਇਆ ਵਿਜੈ ਕਹਿੰਦਾ ਹੈ ਤੇ ਫਿਰ ਅਚਾਨਕ ਸਿਰ ਫੜ ਲੈਂਦਾ ਹੈ। ਤਾਇਆ ਉਸ ਵਲ ਦੇਖਦਾ ਪੁੱਛਦਾ ਹੈ,

"ਕੀ ਹੋਇਆ?"

"ਜਿੱਦਾਂ ਚੱਕਰ ਆ ਗਿਆ ਹੋਵੇ, ਕਦੇ ਕਦੇ ਹੋ ਜਾਂਦਾ ਏਦਾਂ।"

"ਬਲੱਡ ਪਰੈਸ਼ਰ ਨਾ ਹੋਵੇ, ਜਾਹ ਰੋਹਨ, ਮੇਰੇ ਕਮਰੇ ਵਿਚੋਂ ਬੀ. ਪੀ. ਚੈਕ ਕਰਨ ਵਾਲੀ ਮਸ਼ੀਨ ਲੈ ਕੇ ਆ, ਬੈੱਡ ਨਾਲ ਦੇ ਮੇਜ਼ ਤੇ ਪਈ ਐ।"

ਰੋਹਨ ਤੇ ਵਿਧੀ ਦੋਨੋ ਹੀ ਦੌੜਦੇ ਹੋਏ ਪੌੜੀਆਂ ਚੜ ਜਾਂਦੇ ਹਨ ਤੇ ਕਾਹਲੀ ਨਾਲ ਮਸ਼ੀਨ ਚੁੱਕ ਲਿਆਉਂਦੇ ਹਨ। ਤਾਇਆ ਮਸ਼ੀਨ ਦਾ ਪਟਾ ਵਿਜੈ ਦੀ ਖੱਬੀ ਬਾਂਹ ਨੂੰ ਲਪੇਟ ਕੇ ਬਟਨ ਦਬ ਦਿੰਦਾ ਹੈ। ਪਟੇ ਦੀ ਘੋਟ ਜ਼ਿਆਦਾ ਹੋਣ ਲਗਦੀ ਹੈ, ਮਸ਼ੀਨ ਤੇ ਨੰਬਰ ਵਧਣ ਲਗਦੇ ਹਨ ਤੇ ਫਿਰ ਇਕ ਥਾਂ ਜਾ ਕੇ ਘਟਣ ਲਗਦੇ ਹਨ। ਫਿਰ ਇਕ ਥਾਂ ਆ ਕੇ ਰੁਕ ਜਾਂਦੇ ਹਨ। ਤਾਇਆ ਕਹਿਣ ਲਗਦਾ ਹੈ,

"ਤੇਰਾ ਤਾਂ ਬਈ ਬਲੱਡ ਬਹੁਤ ਹਾਈ ਐ, ਹੇਠਲਾ ਇਕ ਸੌ ਦਸ ਤੇ ਉਪਰਲਾ ਇਸ ਸੌ ਸੱਤਰ! ਇਹ ਖਤਰਨਾਕ ਐ, ਤੂੰ ਅਜ ਈ ਡਾਕਟਰ ਕੋਲ ਜਾ ਕੇ ਆ। ਕੋਈ ਐਸੀ ਵੈਸੀ ਗੱਲ ਨਾ ਹੋ ਜਾਏ!"

"ਡਾਕਟਰ ਦੇ ਤਾਂ ਐਪੁਆਏਂਟਮਿੰਟ ਬਣਾਉਣੀ ਪਵੇਗੀ।"

"ਇਹ ਬੀ. ਪੀ. ਤਾਂ ਨਰਸ ਨੇ ਈ ਚੈਕ ਕਰ ਦੇਣਾਂ ਤੇ ਡਾਕਟਰ ਤੋਂ ਦਵਾਈ ਲਿਖਵਾ ਦੇਵੇਗੀ।"

ਉਹਨਾਂ ਦੀਆਂ ਗੱਲਾਂ ਸੁਣਦੀ ਤਾਈ ਦਾ ਮਨ ਕਾਹਲਾ ਪੈਣ ਲਗਦਾ ਹੈ। ਉਹ ਬੋਲਦੀ ਹੈ,

"ਪੁੱਤ, ਡਾਕਟਰ ਦੇ ਅਜ ਈ ਜਾਹ, ਜੇ ਤੈਨੂੰ ਕੁਸ਼ ਹੋ ਗਿਆ ਤਾਂ ਇਹਨਾਂ ਨੂੰ ਕੌਣ ਸਾਂਭੂ, ਅਸੀਂ ਤਾਂ ਹੁਣ ਕੁਸ਼ ਕਰਨ ਜੋਗੇ ਨਹੀਂ ਇਹਨਾਂ ਦੇ ਨਾਨਕੇ ਪਹਿਲਾਂ ਈ ਖਾਊ ਪੀਊ ਜਿਹੇ ਆ।"

ਵਿਜੈ ਨੂੰ ਵੀ ਆਪਣਾ ਫਿਕਰ ਹੋਣ ਲਗਦਾ ਹੈ, ਕਿਤੇ ਸੱਚੀਂ ਹੀ ਨਾ ਜਾਹ ਜਾਂਦੀ ਹੋ ਜਾਵੇ। ਉਸ ਨੇ ਪਹਿਲਾਂ ਇਹ ਗੱਲ ਸੋਚੀ ਹੀ ਨਹੀਂ ਹੈ ਕਿ ਉਸ ਦਾ ਵੀ ਬਲੱਡ ਪਰੈਸ਼ਰ ਵਧ ਸਕਦਾ ਹੈ। ਉਹ ਸੋਚ ਰਿਹਾ ਹੈ ਕਿ ਅਜ ਹੀ ਡਾਕਟਰ ਦੇ ਜਾ ਕੇ ਆਵੇਗਾ।

ਉਹ ਹਸਪਤਾਲ ਜਾਣ ਲਈ ਉਠ ਖੜਦਾ ਹੈ। ਤਾਇਆ ਤੇ ਤਾਈ ਵੀ ਉਸ ਦੇ ਨਾਲ ਹੋ ਲੈਂਦੇ ਹਨ। ਉਹ ਹਸਪਤਾਲ ਦੇ ਕਾਰ ਪਾਰਕ ਵਿਚ ਕਾਰ ਖੜੀ ਕਰ ਦਿੰਦੇ ਹਨ। ਤਾਈ ਹੌਲੀ ਹੌਲੀ ਕਾਰ ਵਿਚੋਂ ਨਿਕਲਦੀ ਹੈ। ਤਾਏ ਵਿਚ ਵੀ ਹੁਣ ਪਹਿਲਾਂ ਵਾਲੀ ਤੇਜ਼ੀ ਨਹੀਂ ਹੈ ਪਰ ਬੱਚਿਆਂ ਨੂੰ ਜਿਵੇਂ ਕਾਹਲ ਜਿਹੀ ਪੈ ਰਹੀ ਹੈ। ਉਹ ਕਿਸੇ ਕੰਮ ਨੂੰ ਹੌਲੀ ਕਰਨ ਦੇ ਆਦੀ ਨਹੀਂ ਹਨ ਜਾਂ ਉਮਰ ਹੀ ਅਜਿਹੀ ਹੈ। ਵਿਜੈ ਉਹਨਾਂ ਦੀ ਕਾਹਲ ਸਮਝਦਾ ਹੈ ਤੇ ਪੁੱਛਣ ਲਗਦਾ ਹੈ,

"ਯੂ ਨੋ ਨਾਈਟਿੰਗੇਲ ਵਾਰਡ?

"ਆਏ ਡੌਂਟ ਨੋ ਬਟ ਆਏ ਕੈਨ ਫਾਈਂਡ ਇਟ।"

ਰੋਹਨ ਪੂਰੇ ਆਤਮ ਵਿਸ਼ਵਾਸ ਨਾਲ ਆਖਦਾ ਹੈ। ਹੁਣ ਇਹ ਹਸਪਤਾਲ ਉਹਨਾਂ ਲਈ ਨਵਾਂ ਨਹੀਂ ਹੈ। ਕੋਈ ਵੀ ਵਾਰਡ ਲੱਭਣ ਦਾ ਕੰਮ ਮੁਸ਼ਕਲ ਨਹੀਂ ਹੈ। ਸਾਈਨ ਮਿਲ ਜਾਂਦੇ ਹਨ। ਉਹਨਾਂ ਦੇ ਪਿੱਛੇ ਪਿੱਛੇ ਤੁਰਦੇ ਜਾਵੋ। ਵਿਜੈ ਕਹਿੰਦਾ ਹੈ,

"ਠੀਕ ਐ ਫਿਰ ਜਾਓ, ਤੁਹਾਡੀ ਮੌਮ ਇਸੇ ਵਾਰਡ ਵਿਚ ਐ, ਇਫ ਯੂ ਲੌਸਟ ਕੰਮ ਬੈਕ ਟੂ ਰਿਸੈਪਸ਼ਨ।"

ਉਸ ਦੇ ਕਹਿਣ ਦੀ ਦੇਰ ਹੈ ਕਿ ਉਹ ਦੋਵੇਂ ਦੌੜ ਤੁਰਦੇ ਹਨ। ਤਾਇਆ ਉਹਨਾਂ ਨੂੰ ਦੇਖ ਕੇ ਖੁਸ਼ ਹੋ ਰਿਹਾ ਹੈ ਤੇ ਆਖਣ ਲਗਦਾ ਹੈ,

"ਇਹਨੂੰ ਕਿਹਾ ਜਾਂਦਾ ਉਮਰਾਂ ਦਾ ਫਰਕ! ਉਹਨਾਂ ਨੂੰ ਸਾਡੀ ਤੋਰ ਪਸੰਦ ਨਹੀਂ, ਅਸੀਂ ਉਹਨਾਂ ਦੀ ਤੋਰ ਤੁਰ ਨਹੀਂ ਸਕਦੇ।"

ਤਾਈ ਸੋਚ ਰਹੀ ਹੈ ਕਿ ਜੇ ਦੀਪਕ ਵੀ ਵਿਆਹ ਕਰਾ ਲੈਂਦਾ ਤਾਂ ਹੁਣ ਨੂੰ ਉਹਦੇ ਬੱਚੇ ਵੀ ਇਵੇਂ ਹੀ ਭੱਜੇ ਫਿਰਦੇ। ਉਸਦੇ ਮੂੰਹੋਂ 'ਹੇ ਰਾਮ' ਨਿਕਲਦਾ ਹੈ ਤੇ ਉਹ ਸੋਟੀ ਦਾ ਆਸਰਾ ਲੈ ਕੇ ਚਲੀ ਜਾਂਦੀ ਹੈ। ਉਹ ਨਾਈਟਿੰਗੇਲ ਵਾਰਡ ਮੁਹਰੇ ਪੁੱਜ ਜਾਂਦੇ ਹਨ। ਰੋਹਨ ਤੇ ਵਿਧੀ ਵਾਰਡ ਦੇ ਬਾਹਰ ਖੜੇ ਹਨ। ਵਿਧੀ ਆਖਦੀ ਹੈ,

"ਡੈਡ, ਮੌਮ'ਜ਼ ਸਲੀਪਿੰਗ।"

"ਲੈਟ'ਸ ਵੇਕ ਹਰ ਅੱਪ।"

ਉਹ ਸਾਰੇ ਸੁਸ਼ਮਾ ਦੇ ਬੈੱਡ ਦੇ ਕੋਲ ਜਾਂਦੇ ਹਨ। ਉਸ ਦਾ ਬੈੱਡ ਚੁੱਕਵਾਂ ਕੀਤਾ ਹੋਇਆ ਹੈ। ਨਾਲ ਹੀ ਬਿਜਲੀ ਦੀ ਸਵਿਚ ਹੈ ਕਿ ਜਿੰਨਾ ਉਚਾ ਨੀਵਾਂ ਤੁਸੀਂ ਕਰਨਾ ਚਾਹੋ ਕਰ ਲਵੋ। ਸੁਸ਼ਮਾ ਸੁੱਤੀ ਪਈ ਹੈ। ਉਸ ਦਾ ਚਿਹਰਾ ਸੁਜਿਆ ਹੋਇਆ ਹੈ। ਬੁੱਲ੍ਹਾਂ ਤੇ ਪੇਪੜੀ ਜਿਹੀ ਜੰਮੀ ਹੋਈ ਹੈ। ਗੁਲੂਕੋਜ਼ ਦਾ ਡਰਿੱਪ ਲਗਿਆ ਹੋਇਆ ਹੈ। ਵਿਜੈ ਇਕ ਪਲ ਲਈ ਉਸ ਵਲ ਦੇਖਦਾ ਹੈ। ਤਾਈ ਉਸ ਦੀ ਸੱਜੀ ਬਾਂਹ ਹਿਲਉਂਦੀ ਕਹਿੰਦੀ ਹੈ,

"ਧੀਏ ਸੁਸ਼ਮਾ, ਹੁਣ ਤੂੰ ਕਿੱਦਾਂ?"

ਸੁਸ਼ਮਾ ਅੱਖਾਂ ਖੋਹਲਦੀ ਹੈ। ਸੱਜੀ ਅੱਖ ਤਾਂ ਸਹਿਜੇ ਹੀ ਖੁਲ੍ਹ ਜਾਂਦੀ ਹੈ ਪਰ ਖੱਬੀ ਅੱਖ ਆਪਣੀ ਮਰਜ਼ੀ ਨਾਲ ਖੁਲ੍ਹਦੀ ਹੈ। ਸੁਸ਼ਮਾ ਦੀਆਂ ਅੱਖਾਂ ਖਾਲੀ ਹਨ। ਉਹ ਆਲੇ ਦੁਆਲੇ ਦੇਖਣ ਲਗਦੀ ਹੈ। ਸਭ ਨੂੰ ਪਛਾਨਣ ਲਗਦੀ ਹੈ ਜਿਵੇਂ ਪਹਿਲੀ ਵਾਰ ਦੇਖ ਰਹੀ ਹੋਵੇ। ਤਾਈ ਉਸ ਦੀ ਬਾਂਹ ਨੂੰ ਫਿਰ ਫੜਦੀ ਹੈ ਤੇ ਆਖਦੀ ਹੈ,

"ਸੁਸ਼ਮਾ, ਮੈਂ ਤੇਰੀ ਤਾਈ ਨਿਰਮਲਾ, ਤੇਰੀ ਮੰਮੀ ਜੀ, ਆਹ ਤੇਰੇ ਡੈਡੀ ਜੀ, ਆਹ ਦੇਖ ਰੋਹਨ ਤੇ ਵਿਧੀ ਤੇ ਆਹ ਵਿਜੇ!"

ਸੁਸ਼ਮਾ ਦੀਆਂ ਅੱਖਾਂ ਵਿਚ ਕੁਝ ਜਾਨ ਜਿਹੀ ਆਉਂਦੀ ਹੈ। ਲਗਦਾ ਹੈ ਹੁਣ ਉਹ ਸਭ ਨਾਲ ਜੁੜਨ ਲਗੀ ਹੈ। ਤਾਈ ਫਿਰ ਪੁੱਛਦੀ ਹੈ,

"ਧੀਏ, ਤੂੰ ਕਿਦਾਂ?"

"ਠੀਕ ਆਂ।"

ਉਹ ਹੌਲੇ ਜਿਹੇ ਬੋਲਦੀ ਹੈ। ਉਸ ਦੀ ਖੱਬੀ ਅੱਖ ਸੱਜੀ ਨਾਲੋਂ ਬਹੁਤ ਜ਼ਿਆਦਾ ਸੁਸਤ ਹੈ। ਉਸ ਦੇ ਜਿਸਮ ਦਾ ਖੱਬਾ ਪਾਸਾ ਤਾਂ ਜਿਵੇਂ ਨਿਰਜਿੰਦ ਹੋਵੇ। ਉਹ ਅੱਖਾਂ ਮੀਟਣ ਲਗਦੀ ਹੈ। ਤਾਈ ਉਸ ਦੀ ਖੱਬੀ ਬਾਂਹ ਦੀ ਮਾਲਸ਼ ਕਰਨ ਲਗ ਪੈਂਦੀ ਹੈ। ਵਿਧੀ ਤੇ ਰੋਹਨ ਆਪਸ ਵਿਚ ਮੰਮੀ ਦੀ ਹਾਲਤ ਬਾਰੇ ਕੁਝ ਘੁਸਰ ਮੁਸਰ ਕਰਦੇ ਹਨ। ਵਿਜੈ ਤੋਂ ਉਸ ਵਲ ਬਹੁਤੀ ਦੇਰ ਦੇਖਿਆ ਨਹੀਂ ਜਾਂਦਾ। ਉਹ ਦੂਰ ਖੜੀ ਨਰਸ ਵਲ ਨੂੰ ਤੁਰ ਪੈਂਦਾ ਹੈ ਤੇ ਜਾ ਕੇ ਪੁੱਛਦਾ ਹੈ,

"ਕੀ ਹਾਲ ਹੈ ਮੇਰੀ ਵਾਈਫ ਮਿਸਜ਼ ਸ਼ਰਮਾ ਦਾ?"

"ਤੁਹਾਡੇ ਸਾਹਮਣੇ ਈ ਹੈ, ਬਹੁੱਤ ਵੱਡਾ ਅਟੈਕ ਹੋਇਆ ਹੈ, ਤੁਹਾਨੂੰ ਤੇ ਤੁਹਾਡੀ ਪਤਨੀ ਨੂੰ ਬਹੁਤ ਮਜਬੂਤ ਹੋਣਾ ਪਵੇਗਾ, ਬਾਕੀ ਗੱਲ ਤੁਸੀਂ ਡਾਕਟਰ ਨਾਲ ਕਰੋ।"

"ਡਾਕਟਰ ਕਿਥੇ ਮਿਲੇਗਾ?"

"ਆਉਣ ਵਾਲਾ ਈ ਐ, ਮੈਂ ਤੁਹਾਨੂੰ ਬੁਲਾ ਲਵਾਂਗੀ।"

ਵਿਜੈ ਵਾਪਸ ਸੁਸ਼ਮਾ ਕੋਲ ਆ ਜਾਂਦਾ ਹੈ। ਉਹ ਹਾਲੇ ਵੀ ਉਸ ਵਲ ਤੇ ਬੱਚਿਆਂ ਵਲ ਦੇਖੀ ਜਾ ਰਹੀ ਹੈ। ਜਿਹੜੀ ਗੱਲ ਤਾਈ ਕਰਦੀ ਹੈ ਉਸ ਦਾ ਜਵਾਬ ਦੇ ਦਿੰਦੀ ਹੈ ਨਹੀਂ ਤਾਂ ਉਹ ਚੁੱਪ ਹੈ। ਸਭ ਵਲ ਵਾਰੀ ਵਾਰੀ ਦੇਖੀ ਜਾ ਰਹੀ ਹੈ। ਵਿਜੈ ਸਰੀਰ ਦੇ ਖੱਬੇ ਪਾਸੇ ਵਲ ਦੇਖਦਾ ਹੋਇਆ ਹੋਏ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਗਦਾ ਹੈ। ਉਸ ਨੂੰ ਲਗਦਾ ਹੈ ਕਿ ਸੁਸ਼ਮਾ ਹੁਣ ਸਾਬਤ ਘਰ ਨਹੀਂ ਮੁੜਨ ਲਗੀ। ਉਹ ਸੁਸ਼ਮਾ ਦਿਸਦੀ ਹੀ ਨਹੀਂ। ਨਰਸ ਉਸ ਨੂੰ ਆ ਕੇ ਕਹਿੰਦੀ ਹੈ,

"ਮਿਸਟਰ ਸ਼ਰਮਾ, ਡਾਕਟਰ ਹੋਲਡਿੰਗ ਆਪਣੇ ਔਫਿਸ ਵਿਚ ਤੁਹਾਡੀ ਇੰਤਜ਼ਾਰ ਕਰ ਰਿਹੈ।"

ਡਾਕਟਰ ਵਿਜੈ ਨਾਲ ਬੜੀ ਗਰਮਜੋਸ਼ੀ ਨਾਲ ਹੱਥ ਮਲਾਉਂਦਾ ਹੈ। ਸੁਸ਼ਮਾ ਦੀ ਫਾਈਲ ਫਰੋਲਦਾ ਪੁੱਛਦਾ ਹੈ,

"ਇਹਨਾਂ ਦੇ ਪਰਿਵਾਰ ਵਿਚ ਪਹਿਲਾਂ ਵੀ ਕਦੇ ਕਿਸੇ ਨੂੰ ਸਟਰੋਕ ਹੋਇਆ?"

"ਮੇਰੀ ਜਾਣਕਾਰੀ ਮੁਬਤਾਕ ਕਦੇ ਨਹੀਂ ਹੋਇਆ।"

ਫਿਰ ਉਹ ਸੁਸ਼ਮਾ ਦੀ ਸਿਹਤ ਬਾਰੇ ਤੇ ਰੋਜ਼-ਮਰਾਹ ਦੇ ਜੀਵਨ ਬਾਰੇ ਹੋਰ ਜਾਣਕਾਰੀ ਲੈਂਦਾ ਹੈ। ਵਿਜੈ ਉਸ ਦੇ ਮਾਈਗਰੇਨ ਦੇ ਦਰਦ ਬਾਰੇ ਵਿਸ਼ੇਸ਼ ਤੌਰ ਤੇ ਦਸਦਾ ਹੈ ਤੇ ਨਾਲ ਹੀ ਪੁੱਛਦਾ ਹੈ,

"ਇਸ ਸਟਰੋਕ ਦਾ ਸਬੰਧ ਪਹਿਲਾਂ ਹੋਏ ਬਰੇਨ ਹੈਮਰੇਜ ਨਾਲ ਤਾਂ ਨਹੀਂ?"

"ਬਿਲਕੁਲ ਨਹੀਂ, ਓਹ ਓਪਰੇਸ਼ਨ ਪੂਰੀ ਤਰ੍ਹਾਂ ਕਾਮਯਾਬ ਸੀ।"

"ਫਿਰ ਹੋਰ ਕੀ ਕਾਰਨ ਹੋ ਸਕਦੈ?"

"ਇਹੋ ਅਸੀਂ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਆਂ ਪਰ ਅਸੀਂ ਹਾਲੇ ਕਿਸੇ ਠੋਸ ਨਤੀਜੇ ਤੇ ਨਹੀਂ ਪੁੱਜੇ, ਇੰਨਾ ਜ਼ਰੂਰ ਹੈ ਕਿ ਇਹ ਬਹੁਤ ਵੱਡਾ ਸਟਰੋਕ ਹੈ।"

"ਪਰ ਡੌਕ, ਜੇ ਇਹ ਵੱਡਾ ਸਟਰੋਕ ਸੀ ਤਾਂ ਇਕ ਦਮ ਡਾਇਗਨੋਜ਼ ਕਿਉਂ ਨਹੀਂ ਹੋਇਆ ਤੇ ਮੌਕੇ ਤੇ ਪਕੜਿਆ ਕਿਉਂ ਨਹੀਂ ਗਿਆ?"

"ਕਈ ਵਾਰ ਇਵੇਂ ਹੋ ਜਾਂਦੈ ਕਿ ਇਕ ਡਾਕਟਰ ਦੀ ਰਾਏ ਕਾਫੀ ਨਹੀਂ ਹੁੰਦੀ ਇਸ ਲਈ ਜਲਦੀ ਨਾਲ ਕੋਈ ਫੈਸਲਾ ਨਹੀਂ ਕੀਤਾ ਜਾ ਸਕਦਾ ਪਰ ਅਸੀਂ ਜੋ ਕੁਝ ਵੀ ਕਰ ਸਕਦੇ ਆਂ ਕੀਤਾ ਹੈ।"

"ਹੁਣ ਇਹ ਪੂਰੀ ਤਰ੍ਹਾਂ ਠੀਕ ਤਾਂ ਹੋ ਜਾਵੇਗੀ?"

"ਉਮੀਦ ਤਾਂ ਪੂਰੀ ਐ, ਬਾਕੀ ਦੇਖੋ ਪਰ ਵਕਤ ਜ਼ਰੂਰ ਲਗੇਗਾ, ਖੱਬਾ ਪਾਸਾ ਮਾਰ ਹੇਠ ਆਇਆ ਹੈ, ਸਾਨੂੰ ਹੈਰਾਨੀ ਇਹ ਹੈ ਕਿ ਅਜਿਹਾ ਸਟਰੋਕ ਸੱਠ ਸਾਲ ਦੀ ਉਮਰ ਤੋਂ ਬਾਅਦ ਹੀ ਹੋਇਆ ਕਰਦਾ ਹੈ, ਇਸ ਉਮਰ ਵਿਚ ਨਹੀਂ।"

ਉਹ ਕੁਝ ਹੋਰ ਗੱਲਾਂ ਕਰ ਉਠ ਆਉਂਦਾ ਹੈ। ਉਸ ਨੂੰ ਸਟਰੋਕ ਦੀ ਗੰਭੀਰਤਾ ਬਾਰੇ ਪਤਾ ਹੈ। ਉਸ ਨੂੰ ਪਤਾ ਹੈ ਕਿ ਸੁਸ਼ਮਾ ਉਮਰ ਭਰ ਲਈ ਇਕ ਕਿਸਮ ਨਾਲ ਨਕਾਰਾ ਹੋ ਜਾਵੇਗੀ। ਜੇ ਠੀਕ ਵੀ ਹੁੰਦੀ ਹੈ ਤਾਂ ਸਾਲਾਂ ਦੇ ਸਾਲ ਲਗ ਜਾਣਗੇ। ਉਹ ਵਾਪਸ ਸੁਸ਼ਮਾ ਕੋਲ ਆ ਜਾਂਦਾ ਹੈ। ਦੋਵੇਂ ਬੱਚੇ ਚਾਮ੍ਹਲੇ ਹੋਏ ਸ਼ਰਾਰਤਾਂ ਕਰੀ ਜਾ ਰਹੇ ਹਨ। ਇਕ ਨਰਸ ਆਉਂਦੀ ਹੈ ਤੇ ਆਖਦੀ ਹੈ,

"ਅਸੀਂ ਤਾਂ ਸਿਰਫ ਦੋ ਵਿਜ਼ਟਰ ਹੀ ਇਕ ਵਕਤ ਆਉਣ ਦਿੰਦੇ ਹਾਂ, ਸਾਨੂੰ ਦੂਜੇ ਮਰੀਜ਼ਾਂ ਦਾ ਵੀ ਧਿਆਨ ਰੱਖਣਾ ਪੈਂਦਾ ਸੋ ਇਸ ਕਰਕੇ ਇਹਨਾਂ ਬੱਚਿਆਂ ਨੂੰ ਬਾਹਰ ਲੈ ਜਾਓ।"

ਉਹ ਦੋਵੇਂ ਕੁਝ ਦੇਰ ਚੁੱਪ ਕਰਦੇ ਹਨ ਪਰ ਫਿਰ ਸ਼ੁਰੂ ਹੋ ਜਾਂਦੇ ਹਨ। ਵਿਜੈ ਉਹਨਾਂ ਨੂੰ ਵੇਟਿੰਗ ਰੂਮ ਵਿਚ ਛੱਡ ਆਉਂਦਾ ਹੈ ਜਿਥੇ ਟੈਲੀ ਲਗਿਆ ਹੋਇਆ ਹੈ ਤੇ ਕਾਰਟੂਨਾਂ ਦੀਆਂ ਕਿਤਾਬਾਂ ਵੀ ਪਈਆਂ ਹਨ। ਦੋ ਨਰਸਾਂ ਆਉਂਦੀਆਂ ਹਨ ਤੇ ਸਭ ਨੂੰ ਹੀ ਬਾਹਰ ਜਾਣ ਲਈ ਕਹਿੰਦੀਆਂ ਹਨ। ਉਹਨਾਂ ਨੇ ਸਫਾਈ ਕਰਨੀ ਹੈ ਤੇ ਸੁਸ਼ਮਾ ਦੇ ਕਪੜੇ ਆਦਿ ਵੀ ਬਦਲਣੇ ਹਨ। ਦੋ ਨਰਸਾਂ ਤੋਂ ਸੁਸ਼ਮਾ ਕੁਝ ਭਾਰੀ ਪੈਣ ਲਗਦੀ ਹੈ ਉਹ ਮਦਦ ਲਈ ਤੀਜੀ ਨਰਸ ਨੂੰ ਬੁਲਾ ਲੈਂਦੀਆਂ ਹਨ। ਤਾਇਆ ਕਹਿਣ ਲਗਦਾ ਹੈ,

"ਵਿਜੇ, ਇਹ ਤਾਂ ਬਈ ਕੰਮ ਬਹੁਤ ਖਰਾਬ ਐ, ਇਹ ਨਈਂ ਤਾਬੇ ਆਉਂਦੀ ਥੋੜੇ ਕੀਤੇ! ਔਖੇ ਦਿਨਾਂ ਲਈ ਤਿਆਰ ਹੋ ਜਾਹ।"

"ਵਿਜੈ ਪੁੱਤ, ਹੁਣ ਤਾਂ ਇਹਨਾਂ ਬੱਚਿਆਂ ਦੀ ਤੂੰ ਈ ਮਾਂ ਐਂ ਤੇ ਤੂੰ ਈ ਪਿਓ, ਕਿਹੜੀ ਉਮਰ ਵਿਚ ਕਿਹੜਾ ਰੋਗ ਲਗ ਗਿਆ!"

ਵਿਜੈ ਉਪਰ ਇਹਨਾਂ ਗੱਲਾਂ ਦਾ ਬਹੁਤਾ ਅਸਰ ਨਹੀਂ ਹੋ ਰਿਹਾ। ਉਹ ਪਹਿਲਾਂ ਹੀ ਆਪਣੇ ਆਪ ਨੂੰ ਤਿਆਰ ਕਰ ਚੁੱਕਾ ਹੈ। ਜਿਵੇਂ ਵੀ ਹੋਵੇਗੀ ਉਹ ਨਿਭੇਗਾ। ਨਰਸਾਂ ਸੁਸ਼ਮਾ ਦੁਆਲੇ ਕੀਤਾ ਪਰਦਾ ਹਟਾ ਦਿੰਦੀਆਂ ਹਨ। ਇਕ ਹੋਰ ਨਰਸ ਆਉਂਦੀ ਹੈ। ਉਹ ਸੁਸ਼ਮਾ ਨੂੰ ਉਸ ਦਾ, ਜਨਮ ਤਰੀਕ, ਘਰ ਦਾ ਸਿਰਨਾਵਾਂ, ਅਜ ਦੀ ਤਰੀਕ ਆਦਿ ਪੁੱਛਣ ਲਗਦੀ ਹੈ। ਉਸ ਦਾ ਮਤਲਬ ਹੈ ਕਿ ਉਹ ਸੁਸ਼ਮਾ ਦੇ ਦਿਮਾਗੀ ਹਾਲਤ ਦਾ ਅੰਦਾਜ਼ਾ ਲਾ ਰਹੀ ਹੈ। ਸੁਸ਼ਮਾ ਦੇ ਦਿਮਾਗ ਉਪਰ ਇਸ ਹਮਲੇ ਦਾ ਬਹੁਤਾ ਅਸਰ ਨਹੀਂ ਹੋਇਆ ਪਰ ਸਰੀਰ ਆਰੀ ਹੋ ਗਿਆ ਹੈ। ਤਾਇਆ ਤੇ ਤਾਈ ਬਾਹਰ ਨੂੰ ਚਲੇ ਜਾਂਦੇ ਹਨ ਤਾਂ ਕਿ ਉਹਨਾਂ ਕੋਈ ਗੱਲ ਕਰਨੀ ਹੋਵੇ ਤਾਂ ਕਰ ਲੈਣ। ਵਿਜੈ ਆਖਦਾ ਹੈ,

"ਤੂੰ ਫਿਕਰ ਨਾ ਕਰ, ਆਪਾਂ ਰਲ਼ ਕੇ ਏਸ ਬਿਮਾਰੀ ਨੂੰ ਵੀ ਡਿਫੀਟ ਕਰ ਦੇਵਾਂਗੇ, ਤੂੰ ਹੌਂਸਲਾ ਰੱਖ!"

"ਸ਼ਰਮਾ ਜੀ, ਮੈਂ ਕਿਹੜਾ ਗੁਨਾਹ ਕੀਤਾ?"

ਕਹਿ ਕੇ ਉਹ ਰੋਣ ਲਗਦੀ ਹੈ। ਉਸ ਤੋਂ ਰੋਇਆ ਵੀ ਨਹੀਂ ਜਾ ਹੁੰਦਾ। ਹੰਝੂਆਂ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਹੈ। ਸੁਸ਼ਮਾ ਫਿਰ ਪੁੱਛਦੀ ਹੈ,

"ਦੀਦੀ ਨੂੰ ਦੱਸਿਆ?"

"ਹਾਂ, ਉਹਨੂੰ ਵੀ ਤੇ ਫਗਵਾੜੇ ਵੀ ਫੋਨ ਕਰ ਦਿਤਾ, ਝਾਈ ਨੇ ਚੁੱਕਿਆ ਸੀ, ਬਹੁਤ ਰੋਂਦੀ ਸੀ। ਪਿਤਾ ਜੀ ਨਾਲ ਗੱਲ ਨਹੀਂ ਹੋਈ। ਮੈਂ ਫਿਰ ਕਿਸੇ ਵੇਲੇ ਕਰਾਂਗਾ।"

ਉਸ ਦੇ ਫੋਨ ਦੀ ਘੰਟੀ ਵਜਦੀ ਹੈ। ਉਹ ਕਾਹਲੀ ਨਾਲ ਸੁਣਦਾ ਹੈ। ਮੋਹਨ ਦਾ ਹੈ। ਕਹਿੰਦਾ ਹੈ,

"ਭਾਜੀ, ਅਸੀਂ ਕੰਮ ਖਤਮ ਕਰ ਕੇ ਜਾਣਾ, ਤੁਸੀਂ ਆ ਕੇ ਆਪਣੇ ਹੱਥੀਂ ਘਰ ਦੇ ਲੌਕ ਲਾ ਲਓ।"

ਵਿਜੈ ਨੂੰ ਬਿਲਡਰਾਂ ਦਾ ਚੇਤਾ ਹੀ ਭੁਲਿਆ ਹੋਇਆ ਹੈ। ਉਹ ਉਠ ਖੜਦਾ ਹੈ। ਤਾਏ ਨੂੰ ਦਸਦਾ ਹੈ ਤਾਂ ਤਾਇਆ ਆਖਦਾ ਹੈ,

"ਤੂੰ ਜਾਹ, ਇਥੇ ਅਸੀਂ ਹੈਗੇ ਆਂ, ਨਾਲੇ ਤੂੰ ਹੁਣੇ ਡਾਕਟਰ ਦੇ ਜਾ ਕੇ ਆਪਣੇ ਲਈ ਦਵਾ ਲੈ ਕੇ ਆ।"

## ਬੱਤੀ

ਅਗਲੀ ਸਵੇਰ ਵਿਜੈ ਬੱਚਿਆਂ ਨੂੰ ਸੁੱਤੇ ਰਹਿਣ ਦਿੰਦਾ ਹੈ। ਗਿਆਰਾਂ ਵਜੇ ਉਠਾਵੇਗਾ। ਜਦ ਤਕ ਆਪਣੇ ਕੰਮ ਖਤਮ ਕਰ ਲਵੇਗਾ। ਉਹ ਨਵੇਂ ਆਏ ਆਰਡਰ ਅਸ਼ੋਕ ਨੂੰ ਈ-ਮੇਲ ਕਰਨ ਲਗਦਾ ਹੈ। ਆਪਣੀ ਈ-ਮੇਲ ਤਾਂ ਉਹ ਦਿਨ ਵਿਚ ਕਈ ਵਾਰ ਚੈੱਕ ਕਰਦਾ ਹੈ। ਉਹ ਦੇਖਦਾ ਹੈ ਕਿ ਪੁਰਾਣੇ ਆਰਡਰ ਕਿਹੜੀ ਸਟੇਜ ਤੇ ਹਨ। ਕੱਲ ਨੂੰ ਬਿਲਟੀ ਆ ਰਹੀ ਹੈ। ਉਸ ਨੂੰ ਲੈਣ ਜਾਣ ਲਈ ਉਹ ਬੱਚਿਆਂ ਨੂੰ ਨਾਲ ਹੀ ਲੈ ਜਾਵੇਗਾ। ਫਿਰ ਨਾਲ ਲੈਜਾ ਕੇ ਹੀ ਡਿਲਿਵਰ ਕਰ ਆਵੇਗਾ। ਕਲ ਨੂੰ ਉਸ ਤੋਂ ਹਸਪਤਾਲ ਲੇਟ ਹੀ ਜਾ ਹੋਵੇਗਾ। ਉਹ ਅਸ਼ੋਕ ਨੂੰ ਫੋਨ ਕਰਦਾ ਹੈ। ਅਸ਼ੋਕ ਸੁਸ਼ਮਾ ਨੂੰ ਦੇਖਣ ਆਉਣਾ ਚਾਹੁੰਦਾ ਹੈ ਪਰ ਵਿਜੈ ਟਰਕਾ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਬਹੁਤ ਖਰਚ ਹੋ ਜਾਵੇਗਾ। ਅਗੋਂ ਸਮਾਂ ਵੀ ਤਾਂ ਬਹੁਤ ਔਖਾ ਆ ਰਿਹਾ ਹੈ।

ਚੰਨੀ ਸਫਾਈ ਕਰਨ ਲਈ ਆ ਜਾਂਦੀ ਹੈ। ਮੋਹਨ ਵੀ ਆਪਣੇ ਬੰਦੇ ਲੈ ਕੇ ਆ ਜਾਂਦਾ ਹੈ ਤੇ ਕੰਮ ਕਰਨ ਲਗਦਾ ਹੈ। ਉਹ ਬੱਚਿਆਂ ਨੂੰ ਜਗਾ ਕੇ ਨਾਸ਼ਤਾ ਕਰਵਾਉਂਦਾ ਹੈ। ਜਦ ਤਕ ਹੁਸ਼ਿਆਰ ਆ ਜਾਂਦਾ ਹੈ। ਦੁੱਖ ਸੁਖ ਦੀਆਂ ਗੱਲਾਂ ਕਰਨ ਲਗਦੇ ਹਨ। ਹੁਸ਼ਿਆਰ ਆਖਦਾ ਹੈ,

"ਸ਼ਰਮਿਆਂ, ਬਹੁਤ ਔਖੀ ਘੜੀ ਆ ਗਈ ਤੇਰੇ ਲਈ ਤਾਂ! ਸੁਸ਼ਮਾ ਏਨੀ ਚੰਗੀ ਕੁੜੀ ਸੀ ਪਰ ਭੈਣ ਦੇਣੇ ਰੱਬ ਨੇ ਕੀ ਕੀਤਾ?"

"ਭਾਅ, ਕੀ ਕਰ ਸਕਦੇ ਆਂ, ਰੱਬ ਤਾਂ ਸੱਚੀਂ ਦੁਸ਼ਮਣ ਬਣਿਆਂ ਖੜਾ।"

"ਚਲ ਦਫਾ ਕਰ ਸਾਲੇ ਨੂੰ, ਖੜਾ ਰਹਿਣ ਦੇਹ ਪਰ ਤੂੰ ਹੌਂਸਲਾ ਨਹੀਂ ਛੱਡਣਾਂ, ਮੈਂ ਹਰ ਤਰ੍ਹਾਂ ਤੇਰੇ ਨਾਲ ਆਂ।"

ਵਿਜੈ ਉਸ ਨੂੰ ਦਸਦਾ ਹੈ ਕਿ ਕੱਲ ਮਾਲ ਡਿਲਿਵਰ ਕਰਨ ਜਾਣ ਲਈ ਉਸ ਨੇ ਕਿਵੇਂ ਮੁਸ਼ਕਲ ਦਾ ਸਾਹਮਣਾ ਕੀਤਾ ਹੈ। ਹੁਸ਼ਿਆਰ ਕਹਿੰਦਾ ਹੈ,

"ਲੈ ਬਈ, ਆਪਣਾ ਇਕ ਕੰਮ ਮੇਰੇ ਜ਼ੁੰਮੇ ਲਾ ਦੇ, ਮੈਂ ਤੇਰਾ ਮਾਲ ਡਿਲਿਵਰ ਕਰ ਦਿਆ ਕਰੂੰ, ਮੈਂ ਸ਼ਾਮ ਨੂੰ ਈ ਕੰਮ ਤੇ ਜਾਨਾਂ, ਸਵੇਰੇ ਸਵੇਰੇ ਤੇਰਾ ਕੰਮ ਕਰ ਦਿਆ ਕਰੂੰ।"

"ਇੰਨੀ ਕੁ ਮਦਦ ਕਰ ਦੇਵੇਂ ਤਾਂ ਭਾਅ ਫਿਰ ਨਹੀਂ ਮੈਂ ਕਿਸੇ ਦੇ ਲੈਣ ਦਾ, ਏਸ ਰੱਬ ਦੇ ਵੀ ਨਹੀਂ।"

ਵਿਜੈ ਦਾ ਦਿਲ ਕਰਦਾ ਹੈ ਕਿ ਹੁਸ਼ਿਆਰ ਨਾਲ ਪੱਬ ਜਾਵੇ ਤੇ ਗਲਾਸ ਬੀਅਰ ਦਾ ਪੀ ਕੇ ਆਵੇ। ਉਹ ਤੇ ਹੁਸ਼ਿਆਰ ਕਦੇ ਕਦੇ ਪੱਬ ਵਿਚ ਜਾ ਬੈਠਿਆ ਕਰਦੇ ਹਨ ਪਰ ਜਦੋਂ ਤੋਂ ਉਸ ਨੇ ਟੈਕਸੀ ਦਾ ਕੰਮ ਸ਼ੁਰੂ ਕੀਤਾ ਹੈ ਤੇ ਉਹ ਵੀ ਸ਼ਾਮ ਦੀ ਸ਼ਿਫਟ ਦਾ, ਉਹ ਇਕੱਠੇ ਪੱਬ ਨੂੰ ਬਹੁਤ ਘੱਟ ਗਏ ਹਨ। ਵਿਜੈ ਦਾ ਦਿਲ ਤਾਂ ਕਰਦਾ ਹੈ ਪਰ ਸਮਾਂ ਢੁਕਵਾਂ ਨਹੀਂ ਹੈ। ਹਸਪਤਾਲ ਵੀ ਜਾਣਾ ਹੈ। ਵਿਜੈ ਉਠ ਕੇ ਫਰਿੱਜ ਵਿਚੋਂ ਬੀਅਰ ਕੱਢ ਲਿਆਉਂਦਾ ਹੈ। ਇਕ ਡੱਬਾ ਹੁਸ਼ਿਆਰ ਨੂੰ ਦਿੰਦਾ ਹੈ ਤੇ ਇਕ ਆਪ ਖੋਹਲ ਲੈਂਦਾ ਹੈ। ਹੁਸ਼ਿਆਰ ਸਲਾਹ ਦਿੰਦਾ ਕਹਿੰਦਾ ਹੈ,

"ਸ਼ਰਮਿਆਂ, ਜਦ ਜ਼ਿੰਦਗੀ ਵਿਚ ਭੀੜ ਪੈਂਦੀ ਆ ਤਾਂ ਇਹ ਸ਼ਰਾਬ ਬਹੁਤ ਮਦਦ ਕਰਦੀ ਆ ਪਰ ਹੋਵੇ ਥੋੜੀ ਜਿਹੀ।"

"ਭਾਅ, ਮੇਰੇ ਤੋਂ ਜ਼ਿਆਦਾ ਪੀਤੀ ਈ ਨਹੀਂ ਜਾਂਦੀ, ਪੱਬ ਵਿਚ ਹਾਲੇ ਫੇਰ ਦੋ ਗਲਾਸ ਪੀ ਹੋ ਜਾਂਦੇ ਆ।"

"ਕਿਸੇ ਦਿਨ ਮੈਂ ਸੁਨੈਨਾ ਨੂੰ ਲਿਆਊਂ, ਉਹ ਨਿਆਣਿਆਂ ਕੋਲ ਰਹਿ ਲਊਂ, ਆਪਾਂ ਪੱਬ ਨੂੰ ਚਲਾਂਗੇ ਤੇ ਰੱਜ ਕੇ ਗੱਲਾਂ ਕਰਾਂਗੇ, ਆਪਾਂ ਨੂੰ ਬੈਠਿਆਂ ਵੀ ਬਹੁਤ ਦੇਰ ਹੋ ਗਈ। ਸੁਸ਼ਮਾ ਨੂੰ ਦੇਖਣ ਅਸੀਂ ਅਜ ਸ਼ਾਮ ਨੂੰ ਜਾਵਾਂਗੇ।"

ਹੁਸ਼ਿਆਰ ਚਲੇ ਜਾਂਦਾ ਹੈ। ਵਿਜੈ ਘੜੀ ਦੇਖਦਾ ਹਸਪਤਾਲ ਜਾਣ ਲਈ ਤਿਆਰ ਹੋਣ ਲਗਦਾ ਹੈ। ਉਸ ਨੂੰ ਇਕ ਵਾਰ ਫਿਰ ਹਸਪਤਾਲ ਜਾਣ ਬਾਰੇ ਰੂਪ-ਰੇਖਾ ਬਣਾਉਣੀ ਪਵੇਗੀ। ਆਪਣੇ ਸਾਰੇ ਵਕਤ ਨੂੰ ਬੱਚਿਆਂ, ਸੁਸ਼ਮਾ ਤੇ ਆਪਣੇ ਕੰਮ ਵਿਚਕਾਰ

ਕਿਸੇ ਢੰਗ ਨਾਲ ਵੰਡਣਾ ਪਵੇਗਾ। ਹੁਣ ਦੋ ਵਜ ਰਹੇ ਹਨ। ਦੋ ਤੋਂ ਅੱਠ ਵਜੇ ਦਾ ਵਕਤ ਹੈ ਹਸਪਤਾਲ ਵਿਚ ਮਰੀਜ਼ਾਂ ਨੂੰ ਮਿਲਣ ਦਾ। ਇਸੇ ਵਿਚ ਉਹ ਕੁਝ ਘੰਟੇ ਸੂਤ ਬੈਠਾ ਲਵੇਗਾ।

ਉਹ ਬੱਚਿਆਂ ਨੂੰ ਲੈ ਕੇ ਹਸਪਤਾਲ ਪੁੱਜਦਾ ਹੈ। ਉਹਨਾਂ ਤੋਂ ਪਹਿਲਾਂ ਹੀ ਅੰਮਰਤੀ ਤੇ ਰਮੇਸ਼ ਆਏ ਬੈਠੇ ਹਨ। ਸੁਸ਼ਮਾ ਅਜ ਕੱਲ ਨਾਲੋਂ ਠੀਕ ਜਾਪਦੀ ਹੈ। ਉਹ ਬਹੁਤ ਉਦਾਸ ਬੈਠੇ ਹਨ। ਰਮੇਸ਼ ਆਖਦਾ ਹੈ,

"ਮਾੜੀ ਕਿਸਮਤ ਪਿੱਛਾ ਨਹੀਂ ਛੱਡ ਰਹੀ!"

"ਕੀ ਕਰੀਏ! ਕਿਥੇ ਲੁਕ ਜਾਈਏ ਮਾੜੀ ਕਿਸਮਤ ਤੋਂ?"

ਵਿਜੈ ਕਹਿੰਦਾ ਹੈ। ਅੰਮਰਤੀ ਬੱਚਿਆਂ ਨੂੰ ਜੱਫੀ ਵਿਚ ਲੈਂਦੀ ਹੈ ਪਰ ਬੱਚੇ ਜਲਦੀ ਨਾਲ ਆਪਣੇ ਆਪ ਨੂੰ ਛੁਡਵਾ ਲੈਂਦੇ ਹਨ। ਉਹ ਆਖਦੀ ਹੈ,

"ਇਹ ਕਿਸੇ ਵਿਚ ਭਿਜਦੇ ਈ ਨਹੀਂ।"

"ਵਿਜੈ ਨੇ ਇਹਨਾਂ ਨੂੰ ਆਪਣੀ ਮਰਜ਼ੀ ਨਾਲ਼ ਪਾਲਿਐ।"

ਰਮੇਸ਼ ਆਖਦਾ ਹੈ। ਵਿਜੈ ਜ਼ਰਾ ਕੁ ਹਿਰਖ ਵਿਚ ਆ ਕੇ ਆਖਦਾ ਹੈ,

"ਮੈਂ ਇਹਨਾਂ ਨੂੰ ਕਿਤੇ ਓਹਲੇ ਲਿਜਾ ਕੇ ਪਾਲ਼ਿਆ, ਇਹ ਤਾਂ ਇਹਨੂੰ ਬਿਮਾਰੀਆਂ ਈ ਨਹੀਂ ਟਿਕਣ ਦਿੰਦੀਆਂ ਏਸ ਲਈ ਬੱਚੇ ਮੈਨੂੰ ਜ਼ਿਆਦਾ ਸੰਭਾਲਣੇ ਪਏ ਆ।"

ਸੁਸ਼ਮਾ ਵਿਧੀ ਵੱਲ ਦੇਖਦੀ ਕਹਿੰਦੀ ਹੈ,

"ਦੀਦੀ, ਤੂੰ ਏਦਾਂ ਦੀ ਹੁੰਦੀ ਸੀ ਨਿਕੀ ਹੁੰਦੀ। ਤੂੰ ਵੀ ਹਰ ਵੇਲੇ ਪਿਤਾ ਜੀ ਦੀ ਘਨੇੜੀ ਚੜੀ ਰਹਿੰਦੀ ਹੁੰਦੀ ਸੀ।"

"ਸੁਸ਼ਮਾ, ਤੂੰ ਬਹੁਤਾ ਬੋਲਦੀ ਨਹੀਂ ਸੀ ਹੁੰਦੀ!"

"ਲੈ ਦੀਦੀ, ਮੈਂ ਕਲਾਸ ਵਿਚ ਮਨੀਟਰ ਹੁੰਦੀ ਸੀ, ਸਵੇਰੇ ਸਕੂਲੇ ਮੈਂ ਪਰਾਰਥਨਾ ਕਰਾਇਆ ਕਰਦੀ। ਫੇਰ ਮੈਂ ਡਿਬੇਟ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿਤਾ ਤੇ ਪਹਿਲੇ ਨੰਬਰ ਤੇ ਆਉਂਦੀ ਰਹੀ ਆਂ, ਬੋਲਦੀ ਕਿਉਂ ਨਹੀਂ ਸੀ ਹੁੰਦੀ।"

"ਤੂੰ ਰੋਂਦੜ ਜਿਹੀ ਵੀ ਬਹੁਤ ਹੁੰਦੀ ਸੀ।"

"ਪਰ ਦੀਦੀ, ਤੂੰ ਲੜਾਕੀ ਬਹੁਤ ਹੁੰਦੀ ਸੀ, ਭਰਾਤਾ ਜੀ ਨਾਲ ਈ ਲੜਦੀ ਰਹਿੰਦੀ ਸੀ, ਨੌਕਰਾਣੀ ਦੀ ਕੁੜੀ ਨੂੰ ਕੁਟ ਸੁੱਟਦੀ ਹੁੰਦੀ ਸੀ, ਮੈਨੂੰ ਵੀ ਮੁਆਫ ਨਹੀਂ ਸੀ ਕਰਦੀ ਹੁੰਦੀ!"

ਸੁਸ਼ਮਾ ਹੱਸਣ ਦੀ ਕੋਸ਼ਿਸ਼ ਕਰਦੀ ਹੈ। ਹੱਸਣ ਦੀ ਕੋਸ਼ਿਸ਼ ਸਮੇਂ ਉਸ ਚਿਹਰੇ ਦੇ ਸੱਜੇ ਪਾਸੇ ਹੀ ਮਮੂਲੀ ਜਿਹੀ ਹਰਕਤ ਹੁੰਦੀ ਹੈ, ਖੱਬਾ ਪਾਸਾ ਅਹਿਲ ਹੈ। ਫਿਰ ਉਹ ਹੋਰ ਬਚਪਨ ਦੀਆਂ ਗੱਲਾਂ ਕਰਨ ਲਗਦੀ ਹੈ; ਕਿਵੇਂ ਉਹ ਆਈਸ ਕਰੀਮ ਖਾਣ ਜਾਂਦੀਆਂ ਹੁੰਦੀਆਂ ਸਨ ਤੇ ਗਊਸ਼ਾਲਾ ਰੋਡ ਤੇ ਰੇਹੜੀ ਵਾਲੇ ਕੋਲ ਖੜ ਕੇ ਗੋਲ ਗੱਪੇ ਤੇ ਚਾਟ ਖਾਇਆ ਕਰਦੀਆਂ ਸਨ। ਵਿਜੈ ਹੈਰਾਨ ਹੋ ਰਿਹਾ ਹੈ ਕਿ ਬੱਚਪਨ ਦੀਆਂ ਘਟਨਾਵਾਂ ਦੇ ਨਿਕੇ ਤੋਂ ਨਿਕੇ ਵਿਵਰਣ ਉਸ ਨੂੰ ਕਿਵੇਂ ਯਾਦ ਆ ਰਹੇ ਹਨ। ਸੁਸ਼ਮਾ ਗੱਲਾਂ ਨੂੰ ਸ਼ੁਰੂ ਹੋਈ ਚੁੱਪ ਕਰਨ ਵਿਚ ਹੀ ਨਹੀਂ ਆ ਰਹੀ। ਅੰਮਰਤੀ ਵੀ ਉਸ ਦੀਆਂ ਯਾਦਾਂ ਵਿਚ ਸ਼ਾਮਲ ਹੋ ਜਾਂਦੀ ਹੈ ਪਰ ਰਮੇਸ਼ ਹੈਰਾਨ ਜਿਹਾ ਹੋਇਆ ਆਲਾ ਦੁਆਲਾ ਦੇਖਦਾ ਜਾ ਰਿਹਾ ਹੈ। ਇਹ ਕੱਲ ਵਾਲੀ ਸੁਸ਼ਮਾ ਨਹੀਂ ਹੈ ਜੋ ਇਸ ਦੁਨੀਆਂ ਤੋਂ ਅਲੱਗ ਥਲੱਗ ਹੋਈ ਦਿਸਦੀ ਸੀ। ਇਹ ਸੁਸ਼ਮਾ ਤਾਂ ਪਹਿਲਾਂ ਵਿਜੈ ਨੇ ਕਦੇ ਦੇਖੀ ਹੀ ਨਹੀਂ ਹੈ। ਉਹ ਉਸ ਨੂੰ ਉਸ ਦੇ ਬਚਪਨ ਵਿਚੋਂ ਕੱਢਣ ਲਈ ਰੋਹਨ ਨੂੰ ਉਸ ਨਾਲ ਕੋਈ ਗੱਲ ਕਰਨ ਲਈ ਕਹਿੰਦਾ ਹੈ ਪਰ ਸੁਸ਼ਮਾ ਆਪਣੀਆਂ ਗੱਲਾਂ ਵਿਚ ਮਘਨ ਹੈ। ਬਚਪਨ ਵਿਚ ਦੇਖੀਆਂ ਫਿਲਮਾਂ ਦੀਆਂ ਗੱਲਾਂ ਕਰ ਰਹੀ ਹੈ। ਆਪਣੇ ਸਕੂਲ ਦੀਆਂ ਸਹੇਲੀਆ ਬਾਰੇ ਦੱਸ ਰਹੀ ਹੈ। ਸਾਈਕਲ ਸਿਖਣ ਵੇਲੇ ਲੱਗੀਆਂ ਸੱਟਾਂ ਨੂੰ ਚੇਤੇ ਕਰ ਰਹੀ ਹੈ। ਵਿਜੈ ਉਸ ਨੂੰ ਘਰ ਬਿਲਡਰਾਂ ਵਲੋਂ ਕੀਤੇ ਜਾ ਰਹੇ ਕੰਮ ਬਾਰੇ ਦਸਦਾ ਹੈ ਪਰ ਉਹ ਸੁਣ ਹੀ ਨਹੀਂ ਰਹੀ। ਵਿਜੈ ਡਰਨ ਲਗਦਾ ਹੈ ਕਿ ਕਿਤੇ ਉਸ ਦੇ ਦਿਮਾਗ ਤੇ ਹੀ ਨਾ ਅਸਰ ਪੈ ਗਿਆ ਹੋਵੇ। ਅੰਮਰਤੀ ਵੀ ਸਮਝਦੀ ਹੈ ਕਿ ਸੁਸ਼ਮਾ ਟਪਲੀਆਂ ਮਾਰਨ ਲਗੀ ਹੈ। ਉਹ ਗੱਲ ਨੂੰ ਹੋਰ ਪਾਸੇ ਮੋੜਨ ਲਈ ਵਿਜੈ ਨੂੰ ਆਖਦੀ ਹੈ,

"ਤੂੰ ਪਿਤਾ ਜੀ ਨੂੰ ਫੋਨ ਨਹੀਂ ਕੀਤਾ?"

"ਝਾਈ ਨਾਲ ਗੱਲ ਹੋਈ ਸੀ।"

"ਪਿਤਾ ਜੀ ਵੀ ਤੇਰਾ ਫੋਨ ਉਡੀਕ ਰਹੇ ਆ।"

"ਕੱਲ ਸਵੇਰੇ ਕਰਾਂਗਾ।"

ਵਿਜੈ ਆਖਦਾ ਹੈ ਪਰ ਸੁਸ਼ਮਾ ਫਿਰ ਆਪਣੇ ਬਚਪਨ ਵਲ ਮੁੜ ਪੈਂਦੀ ਹੈ। ਵਿਜੈ ਉਠ ਕੇ ਡਾਕਟਰ ਨੂੰ ਮਿਲਣ ਚਲੇ ਜਾਂਦਾ ਹੈ ਤੇ ਆਪਣਾ ਡਰ ਉਸ ਨਾਲ ਸਾਂਝਾ ਕਰਦਾ ਹੈ। ਡਾਕਟਰ ਕਹਿੰਦਾ ਹੈ,

"ਮਿਸਟਰ ਸ਼ਰਮਾ, ਚਿੰਤਾ ਦੀ ਗੱਲ ਨਹੀਂ, ਐਡਾ ਵੱਡਾ ਸਟਰੋਕ ਸੀ ਦਿਮਾਗ ਦੇ ਕਈ ਹਿੱਸੇ ਸੁੰਨ ਹੋ ਸਕਦੇ ਹਨ ਤੇ ਕਈ ਖੁਲ਼ ਵੀ ਸਕਦੇ ਹਨ ਪਰ ਆਰਜ਼ੀ ਤੌਰ ਤੇ ਹੀ, ਸਭ ਠੀਕ ਹੋ ਜਾਵੇਗਾ।"

"ਡਾਕਟਰ, ਮੈਂ ਇਕ ਹੋਰ ਗੱਲ ਵੀ ਉਸ ਵਿਚ ਨਵੀਂ ਦੇਖ ਰਿਹਾਂ ਕਿ ਕਈ ਵਾਰ ਕਿਸੇ ਨਾਲ ਗੱਲ ਕਰਨ ਦੀ ਥਾਂ ਅਗਲੇ ਵਲ ਦੇਖੀ ਹੀ ਜਾਂਦੀ ਐ।"

"ਇਸ ਨੂੰ ਫਿਟਸ ਵੀ ਪੈਂਦੀਆਂ ਹਨ, ਕੋਈ ਗੱਲ ਨਹੀਂ ਇਸ ਦੀ ਦਵਾਈ ਅਸੀਂ ਦੇ ਰਹੇ ਆਂ ਜੋ ਲਗਾਤਾਰ ਖਾਣੀ ਪਵੇਗੀ, ਹੁਣ ਦਵਾਈਆਂ ਨਾਲੋਂ ਜ਼ਿਆਦਾ ਇਸ ਦੀ ਵਰਜਿਸ਼ ਦਾ ਕੰਮ ਸ਼ੁਰੂ ਹੋਵੇਗਾ, ਜਿਹੜੇ ਅੰਗ ਖੜ ਗਏ ਹਨ ਉਹਨਾਂ ਨੂੰ ਮੁੜ ਕੇ ਤੋਰਨ ਦੀ ਕੋਸ਼ਿਸ਼ ਕਰਾਂਗੇ, ਸਾਡੇ ਫਿਜ਼ਿਓਥੈਰਿਪਿਸਟ ਸਵੇਰੇ ਸ਼ਾਮ ਇਹ ਕੋਸ਼ਿਸ਼ ਕਰਨਗੇ।"

ਵਿਜੈ ਵਾਪਸ ਆਉਂਦਾ ਹੈ ਤਾਂ ਸੁਸ਼ਮਾ ਰੋ ਰਹੀ ਹੈ। ਹੰਝੂਆਂ ਰਹਿਤ ਰੋਣਾ ਹੈ। ਅੱਖਾਂ ਲਾਲ ਹਨ ਤੇ ਨਾਲ ਕੁਝ ਡੁਸਕੋਰੇ। ਅੰਮਰਤੀ ਵਿਜੈ ਨੂੰ ਦਸਦੀ ਹੈ,

"ਇਹਨੂੰ ਫਿਕਰ ਪਿਆ ਹੋਇਐ ਕਿ ਇਹਨੇ ਹੁਣ ਠੀਕ ਨਹੀਂ ਹੋਣਾਂ।"

"ਹੋ ਜਾਣਾਂ, ਹੋਣਾ ਕਿਉਂ ਨਹੀਂ! ਡਾਕਟਰ ਕਹਿੰਦਾ ਕਿ ਇਸ ਉਮਰ ਵਿਚ ਠੀਕ ਹੋਣ ਤੇ ਪੂਰੇ ਪੂਰੇ ਚਾਂਸ ਆ, ਵੱਰੀ ਦੀ ਕੋਈ ਲੋੜ ਨਹੀਂ। ਇੰਨਾ ਐ ਕਿ ਕੁਝ ਦੇਰ ਕੰਮ ਨਹੀਂ ਕਰ ਹੋਣਾਂ।"

"ਕੋਈ ਗੱਲ ਨਹੀਂ, ਇਹਨੇ ਬਥੇਰੇ ਕਮਾ ਕਮਾ ਕੇ ਢੇਰ ਲਾਏ ਹੋਏ ਆ, ਕੁਸ਼ ਦੇਰ ਨਾ ਵੀ ਕਮਾਏ ਤਾਂ ਕਿਹੜੀ ਗੱਲ ਐ।"

ਰਮੇਸ਼ ਆਖਦਾ ਹੈ। ਵਿਜੈ ਨੂੰ ਉਸ ਦੀ ਗੱਲ ਚੰਗੀ ਨਹੀਂ ਲਗਦੀ। ਵੈਸੇ ਤਾਂ ਸੁਸ਼ਮਾ ਨੂੰ ਵੀ ਥੋੜੀ ਕੁ ਅਜਿਹੀ ਗੱਲ ਕਰਨ ਦੀ ਆਦਤ ਹੈ। ਲੋਕਾਂ ਨੂੰ ਆਖ ਦਿਆ ਕਰਦੀ ਹੈ ਕਿ ਘਰ ਸਿਰਫ ਉਸ ਦੇ ਸਿਰ ਤੇ ਹੀ ਚਲਦਾ ਹੈ। ਪਿਛਲੀ ਵਾਰ ਜਦੋਂ ਉਹ ਬਿਮਾਰ ਪਈ ਸੀ ਤਾਂ ਉਸ ਦੀ ਇਕ ਮਰੀਜ਼ ਅਫਸੋਸ ਕਰਨ ਆਈ ਕਹਿਣ ਲਗੀ ਸੀ ਕਿ ਭੈਣ ਜੀ ਜਲਦੀ ਠੀਕ ਹੋ ਜਾਵੇ ਨਹੀਂ ਤਾਂ ਤੁਸੀਂ ਘਰ ਦੀ ਮੌਰਟਗੇਜ ਕਿੱਦਾਂ ਦੇਵੋਂਗੇ। ਵਿਜੈ ਨੂੰ ਸੁਸ਼ਮਾ ਦੀ ਇਹ ਗੱਲ ਚੰਗੀ ਨਹੀਂ ਲਗਦੀ ਪਰ ਉਸ ਨੇ ਇਸ ਬਾਰੇ ਉਸ ਨੂੰ ਕਦੇ ਕਿਹਾ ਨਹੀਂ ਹੁਣ ਤਾਂ ਮੌਕਾ ਹੀ ਨਹੀਂ ਹੈ। ਅੰਮਰਤੀ ਜਾਣ ਲਈ ਉਠ ਖੜਦੀ ਹੈ। ਮਗਰੇ ਹੀ ਰਮੇਸ਼ ਵੀ। ਅੰਮਰਤੀ ਵਿਜੈ ਨੂੰ ਕਹਿਣ ਲਗਦੀ ਹੈ,

"ਹੁਣ ਤੈਨੂੰ ਬਹੁਤ ਮੁਸ਼ਕਲ ਹੋ ਗਈ ਹੋਵੇਗੀ, ਬੱਚਿਆਂ ਨੂੰ ਸਾਡੇ ਵਲ ਛੱਡ ਜਾਇਆ ਕਰ।"

"ਕੋਈ ਗੱਲ ਨਹੀਂ, ਦੇਖ ਲਵਾਂਗੇ।"

"ਤੇਰੀ ਇਹ ਦੇਖ ਲਵਾਂਗੇ ਨੇ ਮਾਰ ਲਿਆ, ਪਤਾ ਨਹੀਂ ਕਦ ਸੁਧਰੇਂਗਾ! ਮੇਰਾ ਕਹਿਣ ਦਾ ਭਾਵ ਐ ਕਿ ਤੇਰੀ ਹੈਲਪ ਹੋ ਜਾਏਗੀ, ਤੂੰ ਆਪਣੇ ਕੰਮ ਅਸਾਨੀ ਨਾਲ ਕਰ ਸਕੇਂਗਾ।"

"ਹਾਂ, ਇਹ ਠੀਕ ਐ ਤੁਹਾਡੀ ਗੱਲ ਪਰ ਬੱਚੇ ਕਿਤੇ ਜਾ ਕੇ ਖੁਸ਼ ਵੀ ਹੋਣ, ਉਹਨਾਂ ਦਾ ਕਿਤੇ ਦਿਲ ਵੀ ਲੱਗੇ।"

"ਕੱਛ ਚੋਂ ਬਾਹਰ ਕੱਢੇਂਗਾ ਤਾਂ ਈ ਉਹਨਾਂ ਨੂੰ ਕਿਸੇ ਹੋਰ ਦੀ ਆਦਤ ਪਵੇਗੀ!"

"ਚਲੋ ਦੇਖਦੇ ਆਂ, ਜੇ ਲੋੜ ਹੋਈ ਤਾਂ ਮੈਂ ਦਸਾਂਗਾ।"

ਉਹਨਾਂ ਦੇ ਜਾਣ ਤੋਂ ਬਾਅਦ ਵਿਜੈ ਸੁਸ਼ਮਾ ਨੂੰ ਪੁੱਛਦਾ ਹੈ,

"ਅਜ ਤਾਂ ਕੁਸ਼ ਠੀਕ ਲਗਦੀ ਐਂ?"

"ਸ਼ਰਮਾ ਜੀ, ਮੈਂ ਠੀਕ ਵੀ ਹੋ ਜਾਊਂ?"

"ਹੋ ਜਾਏਂਗੀ, ਹੌਸਲਾ ਰੱਖ।"

ਵਿਜੈ ਉਸ ਨਾਲ ਹੋਰ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਸੁਸ਼ਮਾ ਦੀਆਂ ਝਿਮਣੀਆਂ ਭਾਰੀਆਂ ਪੈਣ ਲਗਦੀਆਂ ਹਨ ਤੇ ਅੱਖਾਂ ਮੀਟੀਆਂ ਜਾਂਦੀਆਂ ਹਨ। ਵਿਜੈ ਬੱਚਿਆਂ ਨੂੰ ਲੈ ਕੇ ਤਾਏ ਦੇ ਘਰ ਆ ਜਾਂਦਾ ਹੈ। ਤਾਇਆ ਤੇ ਤਾਈ ਪਿਛੇ ਗਾਰਡਨ ਵਿਚ ਹਨ ਇਸ ਲਈ ਉਹਨਾਂ ਨੂੰ ਡੋਰ ਬੈਲ ਬਹੁਤ ਦੇਰ ਬਾਅਦ ਸੁਣਦੀ ਹੈ। ਵਿਜੈ ਵੀ ਗਾਰਡਨ ਵਿਚ ਹੀ ਚਲੇ ਜਾਂਦਾ ਹੈ। ਤਾਇਆ ਦੱਸਣ ਲਗਦਾ ਹੈ,

"ਤੇਰੀ ਤਾਈ ਨੂੰ ਸਾਹ ਚੰਗੀ ਤਰ੍ਹਾਂ ਨਹੀਂ ਸੀ ਆ ਰਿਹਾ ਤਾਂ ਹੀ ਮੈਂ ਬਾਹਰ ਲੈ ਆਇਆ।"

ਰੋਹਨ ਗਾਰਡਨ ਵਿਚ ਲਗੇ ਸੇਬ ਤੋੜਨ ਲਗਦਾ ਹੈ। ਵਿਧੀ ਫੁੱਲਾਂ ਉਪਰ ਹੱਥ ਫੇਰ ਫੇਰ ਕੇ ਦੇਖ ਰਹੀ ਹੈ। ਤਾਈ ਉਹਨਾਂ ਵਲ ਦੇਖਦੀ ਬੋਲਦੀ ਹੈ,

"ਆਹ ਨਿਆਣੇ ਨਹੀਂ ਦੇਖੇ ਜਾਂਦੇ, ਮੈਂ ਕਹਿੰਨੀ ਆਂ ਭਗਵਾਨ ਮੈਨੂੰ ਲੈ ਜਾਏ ਉਹਨੂੰ ਠੀਕ ਕਰ ਦੇਵੇ।"

"ਨਿਰਮਲਾ, ਜੇ ਏਦਾਂ ਹੁੰਦੀ ਤਾਂ ਦੁਨੀਆਂ ਦੇ ਅੱਧੇ ਮਸਲੇ ਹੱਲ ਹੋ ਜਾਂਦੇ, ਇਹ ਤਾਂ ਆਪਣੇ ਆਪਣੇ ਹਿੱਸੇ ਦੀ ਭੋਗਣੀ ਪੈਂਦੀ ਆ, ਚੰਗੀ ਮਾੜੀ।"

"ਮੇਰਾ ਤਾਂ ਉਹ ਬਹੁਤਾ ਈ ਮੋਹ ਕਰਦੀ ਆ, ਹੁਣ ਨੂੰ ਕਿੰਨੀਆਂ ਈ ਪੁੜੀਆਂ ਮੈਨੂੰ ਦੇ ਚੁੱਕੀ ਹੁੰਦੀ।"

ਵਿਜੈ ਤਾਈ ਨੂੰ ਉਸ ਦੀ ਸਿਹਤ ਬਾਰੇ ਪੁੱਛਦਾ ਹੈ। ਤਾਇਆ ਦੱਸਦਾ ਹੈ,

"ਕੱਲ ਦੀ ਹਸਪਤਾਲੋਂ ਮੁੜ ਕੇ ਈ ਠੀਕ ਨਹੀਂ ਰਹੀ, ਸੁਸ਼ਮਾ ਵਲ ਦੇਖ ਕੇ ਹੋਰਵੇਂ ਹੋ ਗਈ।"

"ਵਿਜੈ ਪੁੱਤ, ਦਿਲ ਧੱਕ ਧੱਕ ਕਰੀ ਜਾਂਦਾ, ਆਹ ਖੱਬੀ ਵੱਖੀ ਵਿਚ ਕੀੜੇ ਜਿਹੇ ਤੁਰੇ ਫਿਰਦੇ ਆ, ਮੈਨੂੰ ਲਗਦਾ ਮੇਰਾ ਟੈਮ ਆ ਗਿਆ, ਉਹ ਕਮਲ਼ਾ ਘਰ ਆ ਜਾਵੇ ਤਾਂ ਮੈਂ ਸੌਖੀ ਮਰ ਸਕਾਂ!"
"ਤਾਈ, ਦੀਪਕ ਨੂੰ ਈ ਨਹੀਂ ਸਾਨੂੰ ਸਾਰਿਆਂ ਨੂੰ ਤੇਰੀ ਬਹੁਤ ਲੋੜ ਐ, ਆਪਣੀ ਸਿਹਤ ਦਾ ਧਿਆਨ ਰੱਖ, ਇਹ ਬਲੱਡ ਪਰੈਸ਼ਰ ਤਾਂ ਆਮ ਜਿਹੀ ਬਿਮਾਰੀ ਐ, ਆਹ ਡਾਕਟਰ ਨੇ ਮੈਨੂੰ ਵੀ ਇਹਦੀ ਦਵਾਈ ਦੇ ਦਿਤੀ ਆ, ...ਜੇ ਤੇਰੀ ਸਿਹਤ ਠੀਕ ਨਹੀਂ ਤਾਂ ਮੈਂ ਹਸਪਤਾਲ ਲੈ ਜਾਨਾਂ।"

ਗੱਲਾਂ ਕਰਦਾ ਉਹ ਤਾਈ ਨੂੰ ਹੌਲੀ ਹੌਲੀ ਤੋਰ ਕੇ ਅੰਦਰ ਲੈ ਆਉਂਦਾ ਹੈ। ਤਾਇਆ ਆਖਦਾ ਹੈ,
"ਗੱਲ ਤਾਂ ਵੱਡੀ ਹੈ ਨਈਂ ਬਸ ਦਿਲ ਨੂੰ ਲਾ ਲੈਂਦੀ ਆ। ਜੇ ਬਹੁਤੀ ਗੱਲ ਹੋਈ ਤਾਂ ਐਂਬੂਲੈਂਸ ਸੱਦ ਲਵਾਂਗੇ, ਹਸਪਤਾਲ ਓਦਾਂ ਚਲੇ ਜਾਈਏ ਤਾਂ ਦੋ ਘੰਟੇ ਤਾਂ ਵਾਰੀ ਈ ਨਹੀਂ ਆਉਂਦੀ ਜਦ ਤਕ ਬੰਦੇ ਦਾ ਕੰਮ ਹੋ ਜਾਂਦਾ।"

ਵਿਜੈ ਦੇ ਫੋਨ ਦੀ ਘੰਟੀ ਵਜਦੀ ਹੈ। ਮੋਹਨ ਦਾ ਹੈ। ਉਹਨਾਂ ਨੇ ਕੰਮ ਖਤਮ ਕਰਕੇ ਜਾਣਾ ਹੈ। ਵਿਜੇ ਬੱਚਿਆਂ ਨੂੰ ਲੈ ਕੇ ਘਰ ਨੂੰ ਤੁਰ ਪੈਂਦਾ ਹੈ। ਸ਼ਾਮ ਨੂੰ ਉਹ ਫਿਰ ਹਸਪਤਾਲ ਜਾਵੇਗਾ। ਸ਼ਾਮ ਨੂੰ ਹੁਸ਼ਿਆਰ ਵੀ ਆਇਆ ਹੋਵੇਗਾ। ਸੁਨੈਨਾ ਤੇ ਉਹਨਾਂ ਦੀ ਕੁੜੀ ਨੂੰ ਦੇਖਿਆਂ ਵੀ ਦੇਰ ਹੋ ਗਈ ਹੈ। ਇਹ ਕੁੜੀ ਤਾਂ ਉਹ ਸੁਸ਼ਮਾ ਦੀ ਦੇਣ ਹੀ ਮੰਨਦੇ ਹਨ। ਮਿਹਰ ਦਾ ਫੋਨ ਵੀ ਆ ਜਾਂਦਾ ਹੈ। ਉਸ ਨੂੰ ਅਸ਼ੋਕ ਰਾਹੀਂ ਪਤਾ ਲਗ ਚੁੱਕਾ ਹੈ।

ਰਾਤ ਨੂੰ ਜਦ ਉਹ ਹਸਪਤਾਲ ਤੋਂ ਵਾਪਸ ਆਉਂਦਾ ਹੈ ਤਾਂ ਅੰਮਰਤੀ ਦਾ ਫੋਨ ਆ ਖੜਕਦਾ ਹੈ। ਅੰਮਰਤੀ ਕਹਿੰਦੀ ਹੈ,
"ਵਿਜੈ, ਪਿਤਾ ਜੀ ਤੇ ਝਾਈ ਜੀ ਆਉਣਾ ਚਾਹੁੰਦੇ ਆ।"
"ਕੋਈ ਗੱਲ ਨਹੀਂ, ਆਉਣ ਦਿਓ, ਚੰਗੀ ਗੱਲ ਐ, ਪਿਛਲੀ ਵਾਰੀ ਵੀ ਨਹੀਂ ਆ ਸਕੇ।"
"ਤੂੰ ਸੱਦ।"
"ਮੈਂ ਕਿੱਦਾਂ ਸੱਦਾਂ? ਉਹਨਾਂ ਨੇ ਆਉਣਾ ਆ ਜਾਣ।"
"ਤੂੰ ਰਾਹਦਾਰੀ ਪਾ।"
"ਉਹਨਾਂ ਨੂੰ ਰਾਹਦਾਰੀਆਂ ਦੀ ਕੀ ਲੋੜ ਐ, ਡਾਕਟਰ ਲੋਕ ਐ, ਅੰਨਾ ਪੈਸਾ ਉਹਨਾਂ ਕੋਲ! ...ਉਹਨਾਂ ਨੂੰ ਠਾਹ ਕਰਕੇ ਵੀਜ਼ਾ ਮਿਲ ਜਾਣਾ, ਰਾਹਦਾਰੀਆਂ ਉਹਨਾਂ ਨੇ ਕੀ ਕਰਨੀਆਂ।"
"ਵਿਜੈ, ਤੂੰ ਬਹੁਤਾ ਤੇਜ਼ ਨਾ ਬਣ, ਤੂੰ ਉਹਨਾਂ ਨੂੰ ਟਿਕਟ ਭੇਜ ਤੇ ਨਾਲ ਸਪੌਂਸਰਸ਼ਿੱਪ।"
"ਦੀਦੀ, ਤੇਰੀ ਮਜ਼ਾਕ ਕਰਨ ਦੀ ਆਦਤ ਜਾਂਦੀ ਨਹੀਂ, ਮੈਂ ਤਾਂ ਤੁਹਾਨੂੰ ਆਪਣੇ ਖੈਰ ਖੁਆਹ ਸਮਝਦਾਂ ਪਰ ਤੁਸੀਂ ਪੂਰੀ ਦੁਸ਼ਮਣੀ ਦਿਖਾਣ ਤੇ ਤੁਲੇ ਹੋਏ ਓ, ਮੇਰੀ ਘਰਵਾਲੀ ਹਸਪਤਾਲ ਪਈ ਐ, ਮੈਂ ਘਰ ਤੇ ਲੋਨ ਲੈ ਕੇ ਘਰ ਐਕਸਟੈਂਡ ਕਰਨ ਲਗ ਪਿਆ ਤੇ ਇਹਦੇ ਚਾਰ ਪੈਸੇ ਜਿਹੜੇ ਆਉਂਦੇ ਸੀ ਉਹਦੇ ਸਿਰ ਤੇ ਮੈਂ ਲੋਨ ਵਧਾਇਆ ਸੀ, ਮੈਨੂੰ ਤਾਂ ਸੰਘੇ ਪਏ ਹੋਏ ਆ ਕਿ ਮੇਰਾ ਘਰ ਨਾ ਬੈਂਕ ਵਾਲੇ ਲੈ ਜਾਣ ਤੇ ਤਸੀਂ ਮੈਨੂੰ ਟਿਕਟ ਭੇਜਣ ਦੀ ਸਲਾਹ ਦਿੰਦੇ ਓ, ...ਫੇਰ ਤੁਸੀਂ ਕਹੋਂਗੇ ਕਿ ਉਹਨਾਂ ਨੂੰ ਆਪਣੇ ਘਰ ਵੀ ਰੱਖਾਂ, ...ਮੁਆਫ ਕਰੋ, ਮੈਂ ਬਾਜ ਆਇਆ ਤੁਹਾਡੀ ਰਿਸ਼ਤੇਦਾਰੀ ਤੋਂ!"

ਕਹਿ ਕੇ ਵਿਜੈ ਫੋਨ ਰੱਖ ਦਿੰਦਾ ਹੈ। ਉਸ ਨੂੰ ਸਮਝ ਆ ਰਹੀ ਹੈ ਕਿ ਇਹਨਾਂ ਦੀ ਸਕੀਮ ਕੀ ਹੈ। ਇਹ ਉਹਨਾਂ ਨੂੰ ਇਥੇ ਸੱਦ ਕੇ ਪੱਕੇ ਕਰਾਉਣਾ ਚਾਹੁੰਦੇ ਹਨ। ਇਥੇ ਸੱਦ ਕਿ ਉਹਨਾਂ ਨੂੰ ਵਿਜੈ ਦੇ ਗੱਲ ਪਾ ਦੇਣਾ ਚਾਹੁੰਦੇ ਹਨ। ਅਗਲੇ ਦਿਨ ਉਹ ਸੁਸ਼ਮਾ ਨੂੰ ਦੇਖਣ ਜਾਂਦਾ ਹੈ ਤਾਂ ਉਹ ਵੀ ਇਹੋ ਗੱਲ ਕਰਦੀ ਹੈ। ਕਹਿੰਦੀ ਹੈ,
"ਸ਼ਰਮਾ ਜੀ, ਪਿਤਾ ਜੀ ਤੇ ਝਾਈ ਬਹੁਤ ਕਮਜ਼ੋਰ ਹੋ ਗਏ ਆ, ਆਪਾਂ ਉਹਨਾਂ ਨੂੰ ਇਥੇ ਸੱਦ ਲਈਏ ਤੇ ਉਹਨਾਂ ਦੀ ਸੇਵਾ ਕਰੀਏ।"
"ਕੌਣ ਕਰੇਗਾ ਸੇਵਾ?"
"ਮੈਂ।"
"ਤੂੰ ਤੇ ਇਥੇ ਪਈ ਐ ਲੰਮੀ ਬਿਮਾਰੀ ਸਹੇੜੀ, ਤੂੰ ਉਹਨਾਂ ਦੀ ਸੇਵਾ ਕੀ ਕਰੇਂਗੀ? ...ਉਹਨੂੰ ਅੰਮਰਤੀ ਨੂੰ ਕਹਿ ਸੱਦੇ ਤੇ ਸੇਵਾ ਕਰੇ, ਜੇਠੀ ਧੀ ਐ।"
"ਮੈਂ ਵੀ ਉਹਨਾਂ ਦੀ ਓਨੀ ਈ ਧੀ ਆਂ, ਮੈਂ ਸੇਵਾ ਕਰਾਂਗੀ।"

ਸੁਸ਼ਮਾ ਗੁੱਸੇ ਵਿਚ ਆਉਂਦੀ ਉੱਚੀ ਅਵਾਜ਼ ਵਿਚ ਬੋਲਦੀ ਹੈ। ਵਿਜੈ ਉਸ ਨੂੰ ਚੁੱਪ ਕਰਾਉਂਦਾ ਕਹਿਣ ਲਗਦਾ ਹੈ,
"ਚੰਗਾ ਬਾਬਾ, ਤੂੰ ਠੀਕ ਹੋ ਕੇ ਘਰ ਤਾਂ ਆ ਜਾ, ਜਿੱਦਾਂ ਕਹੇਂਗੀ ਕਰ ਲਵਾਂਗੇ।"

ਜਦ ਸੁਸ਼ਮਾ ਸ਼ਾਂਤ ਹੋ ਜਾਂਦੀ ਹੈ ਤਾਂ ਉਹ ਇਸ਼ਾਰੇ ਨਾਲ ਮੁੱਛਾਂ ਨੂੰ ਵਟਾ ਦਿੰਦਾ ਹੈ ਤੇ ਫਿਰ ਆਪਣੇ ਆਪ ਨੂੰ ਉਂਗਲ ਲਾਉਂਦਾ ਹੈ ਤੇ ਫਿਰ ਦੋਨਾਂ ਹੱਥਾਂ ਦੀਆਂ ਉਂਗਲਾਂ ਇਕ ਦੂਜੇ ਵਿਚ ਫਸਾ ਕੇ ਖਿਚਦਾ ਹੈ ਇਵੇਂ ਜਿਵੇਂ ਕਹਿ ਰਿਹਾ ਹੋਵੇ ਕਿ ਮੇਰੀ ਤੇ ਮੁੱਛਲ ਦੀ ਆਪਸ ਵਿਚ ਕੱਟੀ ਹੈ। ਸੁਸ਼ਮਾ ਹੱਸਣ ਦੀ ਕੋਸ਼ਿਸ਼ ਕਰਨ ਲਗਦੀ ਹੈ। ਵਿਜੈ ਫਿਰ ਉਸ ਦਾ ਹੱਥ ਫੜ ਕੇ ਕਹਿੰਦਾ ਹੈ,
"ਮੇਰੇ ਟੂਨੂ-ਮੁਨੀ ਦੀ ਮਾਂ, ਪਹਿਲਾ ਠੀਕ ਹੋ ਕੇ ਘਰ ਆ ਫਿਰ ਜਿੱਦਾਂ ਕਹੇਂ ਕਰਾਂਗੇ।"

## ਤੇਤੀ

ਵਿਜੈ ਨੂੰ ਡਾਕਟਰ ਨੇ ਆਪਣੀ ਕੈਬਿਨ ਵਿਚ ਬੁਲਾਉਂਦਾ ਹੈ ਤੇ ਕਹਿਣ ਲਗਦਾ ਹੈ,
"ਮਿਸਟਰ ਸ਼ਰਮਾ, ਅਸੀਂ ਜਿਹੜੀ ਦਵਾਈ ਦੇਣੀ ਸੀ ਦੇ ਚੁੱਕੇ ਆਂ, ਜਿੰਨੀ ਕੁ ਇਸ ਨੇ ਇਥੇ ਠੀਕ ਹੋਣਾ ਸੀ ਹੋ ਚੁੱਕੀ ਐ, ਹੁਣ ਅਸੀਂ ਇਸ ਨੂੰ ਕਿਸੇ ਹੋਰ ਹਸਪਤਾਲ ਭੇਜ ਰਹੇ ਆਂ ਜਿਹੜਾ ਹਸਪਤਾਲ ਅਜਿਹੇ ਰੋਗੀਆਂ ਲਈ ਵਿਸ਼ੇਸ਼ ਤੌਰ ਤੇ ਰਾਖਵਾਂ ਹੈ, ਉਥੇ ਦਵਾਈਆਂ ਦੇ ਨਾਲ ਨਾਲ ਫੀਜ਼ੀਓਥੈਰਪੀ ਵੀ ਚਲੇਗੀ।"

ਫਿਰ ਡਾਕਟਰ ਉਹ ਹਸਪਤਾਲ ਦਾ ਨਕਸ਼ਾ ਤੇ ਸਿਰਨਾਵਾਂ ਦਿੰਦਾ ਹੈ। ਹਿਲਵੇਅ ਹੌਸਪੀਟਲ ਨੇੜਲੇ ਸ਼ਹਿਰ ਹੋਵ ਵਿਚ ਹੈ। ਕੱਲ ਸਵੇਰੇ ਸੁਸ਼ਮਾ ਨੂੰ ਉਥੇ ਲੈ ਜਾਇਆ ਜਾਵੇਗਾ। ਵਿਜੈ ਨੂੰ ਉਸ ਇਲਾਕੇ ਦਾ ਪਤਾ ਹੈ। ਉਹ ਹਸਪਤਾਲ ਤੋਂ ਮੁੜਦਾ ਹੋਵ ਨੂੰ ਚਲੇ ਜਾਂਦਾ ਹੈ। ਹਿਲਵੇਅ ਹੌਸਪੀਟਲ ਦੇ ਬਾਹਰ ਦਾ ਗੇੜਾ ਕੱਢ ਆਉਂਦਾ ਹੈ ਤਾਂ ਜੋ ਕੱਲ ਨੂੰ ਲੱਭਣ ਵਿਚ ਮੁਸ਼ਕਲ ਨਾ ਆਵੇ। ਇਹ ਪਹਾੜੀ ਉਪਰ ਇਕੱਹਰੀ ਮੰਜ਼ਲ ਦੀ ਇਮਾਰਤ ਵਿਚ ਬਣਿਆ ਛੋਟਾ ਜਿਹਾ ਹਸਪਤਾਲ ਹੈ। ਬਹੁਤੀ ਦੂਰ ਨਹੀਂ ਹੈ। ਘਰੋਂ ਵੀਹ ਕੁ ਮਿੰਟ ਕਾਰ ਦੀ ਦੂਰੀ ਤੇ ਹੈ। ਵਿਜੈ ਤਾਏ ਨੂੰ ਇਸ ਨਵੇਂ ਹਸਪਤਾਲ ਬਾਰੇ ਦਸਦਾ ਹੈ। ਤਾਇਆ ਫਿਕਰ ਕਰਦਾ ਕਹਿੰਦਾ ਹੈ,
"ਇਹ ਤਾਂ ਬਈ ਗੱਲ ਕਈ ਮਹੀਨਿਆਂ ਤੇ ਜਾ ਪਈ, ਰਜਿੰਦਰ ਸੂੰਹ ਦਾ ਬੜਾ ਭਰਾ ਓਥੇ ਈ ਸੀ, ਛੇ ਮਹੀਨੇ ਰਹਿ ਕੇ ਆਇਆ, ਕਈ ਸਾਲਾਂ ਦੀ ਗੱਲ ਐ, ਤੁਰਦਾ ਹਾਲੇ ਵੀ ਵਿੰਗਾ ਈ ਆ।"

ਅਗਲੇ ਦਿਨ ਉਹ ਬਾਰਾਂ ਵਜੇ ਰੋਹਨ ਤੇ ਵਿਧੀ ਨੂੰ ਲੈ ਕੇ ਹਿਲਵੇਅ ਹਸਪਤਾਲ ਪੁੱਜ ਜਾਂਦਾ ਹੈ। ਉਹ ਇੰਟਰਨੈੱਟ ਤੋਂ ਹੀ ਹਸਪਤਾਲ ਬਾਰੇ ਕਾਫੀ ਜਾਣਕਾਰੀ ਹਾਸਲ ਕਰ ਲੈਂਦਾ ਹੈ। ਇਹ ਹਸਪਤਾਲ ਸਟਰੋਕ ਵਰਗੀਆਂ ਬਿਮਾਰੀਆਂ ਦੇ ਮਰੀਜ਼ਾਂ ਲਈ ਹੈ। ਇਸ ਦੇ ਖੁਲ੍ਹਣ ਦਾ ਵਕਤ ਸਵੇਰੇ ਗਿਆਰਾਂ ਵਜੇ ਤੋਂ ਲੈ ਕੇ ਸ਼ਾਮ ਦੇ ਸੱਤ ਵਜੇ ਤਕ ਦਾ ਹੈ। ਇਸ ਹਸਪਤਾਲ ਦੀ ਸਕਿਉਰਟੀ ਕਾਫੀ ਸਖਤ ਹੈ। ਇਸ ਦੀ ਇਮਾਰਤ ਦੇ ਅੰਦਰ ਦਾਖਲ ਹੁੰਦਿਆਂ ਹੀ ਦਸਤਖਤ ਕਰਨੇ ਪੈਂਦੇ ਹਨ ਕਿ ਤੁਸੀਂ ਕਿਸ ਵਕਤ ਆਏ ਹੋ, ਕਿਸ ਮਰੀਜ਼ ਨੂੰ ਮਿਲਣ ਆਏ ਹੋ ਤੇ ਤੁਹਾਡਾ ਮਰੀਜ਼ ਨਾਲ ਰਿਸ਼ਤਾ ਕੀ ਹੈ। ਹਸਪਤਾਲ ਦਾ ਵੱਡਾ ਸਾਰਾ ਕਾਰ ਪਾਰਕ ਹੈ। ਉਹ ਕਾਰ ਨੂੰ ਪਾਰਕ ਕਰਕੇ ਹਸਪਤਾਲ ਵਿਚ ਦਾਖਲ ਹੁੰਦੇ ਹਨ। ਵਿਜੈ ਰਜਿਸਟਰ ਵਿਚ ਦਸਤਖਤ ਕਰਨ ਲਗਦਾ ਹੈ ਤੇ ਦੋਨੋਂ ਬੱਚੇ ਸੱਜੇ ਹੱਥ ਬਣੇ ਇਕ ਛੋਟੇ ਜਿਹੇ ਤਲਾ ਦੇ ਕੰਢੇ ਜਾ ਖੜਦੇ ਹਨ। ਇਸ ਤਲਾਅ ਦੇ ਵਿਚਕਾਰ ਇਕ ਫ਼ੁਹਾਰਾ ਚਲ ਰਿਹਾ ਹੈ। ਕੁਝ ਲੋਕ ਇਸ ਦੇ ਆਲੇ ਦੁਆਲੇ ਬਣੇ ਬੈਂਚਾਂ ਤੇ ਬੈਠੇ ਹਨ। ਇਹਨਾਂ ਵਿਚ ਕੁਝ ਤਾਂ ਵੀਅਲ ਚੇਅਰਾਂ ਤੇ ਬੈਠੇ ਹਨ ਤੇ ਕੁਝ ਬੈਂਚਾਂ ਤੇ। ਸਭ ਧੁੱਪ ਸੇਕ ਰਹੇ ਹਨ। ਰੋਹਨ ਖੁਸ਼ੀ ਵਿਚ ਚੀਕਦਾ ਹੋਇਆ ਬੋਲਦਾ ਹੈ,
"ਡੈਡ, ਫਿਸ਼!"
"ਅੱਛਾ! ਕਿੰਨੀਆਂ ਕੁ ਆ?"
"ਮਿਲੀਅਨਜ਼! ਪੂਲ 'ਜ਼ ਫੁੱਲ। ਕਮ ਹੇਅਰ, ਹੈਵ ਏ ਲੁੱਕ।"
"ਆਓ, ਪਹਿਲਾਂ ਤੁਹਾਡੀ ਮੰਮੀ ਨੂੰ ਦੇਖੀਏ।"

ਉਹ ਅਣਮੰਨੇ ਮਨ ਨਾਲ ਆ ਜਾਂਦੇ ਹਨ ਤੇ ਵਿਜੈ ਨਾਲ ਤੁਰ ਪੈਂਦੇ ਹਨ। ਉਹ ਸਾਈਨ ਦੇਖਦੇ ਤੁਰੇ ਜਾਂਦੇ ਹਨ। ਮਰੀਜ਼ਾਂ ਵਾਲੀਆਂ ਵਾਰਡਾਂ ਸੱਜੇ ਹੱਥ ਹਨ ਤੇ ਖੱਬੇ ਹੱਥ ਇਕ ਵੱਡਾ ਸਾਰਾ ਜਿੰਮਨੇਜ਼ੀਅਮ ਹੈ ਜਿਥੇ ਮਰੀਜ਼ਾਂ ਨੂੰ ਮੁੜ ਜ਼ਿੰਦਗੀ ਵਿਚ ਵਿਚਰਨ ਦੇ ਕਾਬਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਡਾਕਟਰ ਦਾ ਕੈਬਿਨ ਹੈ। ਹੋਰ ਦਫਤਰ ਹਨ। ਇਕ ਛੋਟੀ ਜਿਹੀ ਦੁਕਾਨ ਹੈ ਤੇ ਨਾਲ ਹੀ ਇਕ ਰੈਸਟੋਰੈਂਟ ਵੀ, ਜਿਥੇ ਇਸ ਹਸਪਤਾਲ ਦਾ ਸਟਾਫ ਤੇ ਮਰੀਜਾਂ ਨੂੰ ਮਿਲਣ ਆਏ ਲੋਕ ਖਾਣਾ ਖਾ ਸਕਦੇ ਹਨ। ਉਹ ਸੱਜੇ ਪਾਸੇ ਮੁੜ ਜਾਂਦੇ ਹਨ। ਉਹਨਾਂ ਆਖਰੀ ਵਾਰਡ ਵਿਚ ਜਾਣਾ ਹੈ ਜਿਥੇ ਸੁਸ਼ਮਾ ਹੈ। ਸੱਜੇ ਪਾਸੇ ਮਰੀਜ਼ਾਂ ਵਾਲੀਆਂ ਵਾਰਡਾਂ ਹਨ ਜਿਹਨਾਂ ਵਿਚ ਅੱਠ ਅੱਠ ਬਿਸਤਰ ਹਨ। ਖੱਬੇ ਪਾਸੇ ਇਕੱਲੇ ਮਰੀਜ਼ਾਂ ਦੇ ਕਮਰੇ ਹਨ। ਇਹ ਮਰੀਜ਼ ਵਿਸ਼ੇਸ਼ ਬਿਮਾਰੀਆਂ ਵਾਲੇ ਹਨ ਜਾਂ ਵਿਸ਼ੇਸ਼ ਧਿਆਨ ਰੱਖਣ ਵਾਲੇ। ਉਹ ਆਖਰੀ ਵਾਰਡ ਵਿਚ ਜਾ ਪੁੱਜਦੇ ਹਨ। ਵਿਜੈ ਇਸ ਦੀ ਜਰੂਰਤ ਨਹੀਂ ਸਮਝਦਾ ਕਿ ਕਿਸੇ ਨੂੰ ਸੁਸ਼ਮਾ ਬਾਰੇ ਪੁੱਛੇ। ਉਹ ਆਖਰੀ ਵਾਰਡ ਵਿਚ ਜਾਂਦੇ ਹਨ। ਇਸ ਵਿਚ ਬਿਸਤਰਾਂ ਤੇ ਪਏ ਮਰੀਜ਼ਾਂ ਵਿਚੋਂ ਸੁਸ਼ਮਾ ਨੂੰ ਲਭਣ ਦੀ ਕੋਸ਼ਿਸ਼ ਕਰਦੇ ਹਨ। ਬਾਕੀ ਸਾਰੇ ਮਰੀਜ਼ ਓਪਰੇ ਹਨ। ਵਾਰਡ ਦੇ ਖੱਬੇ ਪਾਸਿਓਂ ਦੂਜੇ ਬਿਸਤਰ ਦੇ ਦੁਆਲੇ ਪਰਦੇ ਕੀਤੇ ਹੋਏ ਹਨ। ਵਿਜੈ ਸੋਚਦਾ ਹੈ ਕਿ ਸੁਸ਼ਮਾ ਇਥੇ ਹੀ ਹੋ ਸਕਦੀ ਹੈ। ਉਹ ਪਰਦਾ ਹਟਾਉਣ ਲਗਦਾ ਹੈ, ਸੁਸ਼ਮਾ ਸੁੱਤੀ ਪਈ ਦਿਸਦੀ ਹੈ। ਇਕ ਨਰਸ ਕਾਹਲੀ ਨਾਲ ਉਹਨਾਂ ਕੋਲ ਆਉਂਦੀ ਹੈ ਤੇ ਕਹਿੰਦੀ ਹੈ,
"ਦੇਖਿਓ, ਬਿਸਤਰ ਦੀ ਗਰਿਲ ਨਾ ਹੇਠਾਂ ਕਰ ਦਿਓ, ਇਵੇਂ ਮਰੀਜ਼ ਦੇ ਗਿਰਨ ਦਾ ਖਤਰਾ ਹੋ ਸਕਦਾ ਹੈ।"

ਫਿਰ ਉਹ ਵਿਜੈ ਨੂੰ ਇਸ ਗਰਿਲ ਨੂੰ ਹੇਠ ਉਪਰ ਕਰਨ ਦਾ ਤਰੀਕਾ ਦਸਣ ਲਗਦੀ ਹੈ। ਬਿਸਤਰ ਨੂੰ ਹੇਠ ਉਪਰ ਕਰਨ ਵਾਲੇ ਬੱਟਨਾਂ ਬਾਰੇ ਵੀ ਦਸਦੀ ਹੈ। ਵਿਜੈ ਸੁਸ਼ਮਾ ਨੂੰ  ਜਗਾਉਂਦਾ ਹੈ। ਕਿਸੇ ਵੀ ਭਾਵਨਾ-ਰਹਿਤ ਚਿਰਹੇ ਨਾਲ ਸੁਸ਼ਮਾ ਉਸ ਵਲ ਦੇਖਦੀ ਹੈ। ਵਿਜੈ ਉਸ ਦੇ ਮੂੰਹ ਤੇ ਹੱਥ ਫੇਰਦਾ ਹੈ ਜਿਵੇਂ ਭਾਵਨਾਵਾਂ ਨੂੰ ਮੁੜ ਬੀਜਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਸੁਸ਼ਮਾ ਵਿਚ ਜਿਵੇ ਸਾਹ ਆ ਗਿਆ ਹੋਵੇ। ਉਹ ਰੋਂਦੂ ਅਵਾਜ਼ ਵਿਚ ਕਹਿੰਦੀ ਹੈ,

"ਸ਼ਰਮਾ ਜੀ, ਮੈਂ ਗਈ!"

"ਤੂੰ ਕਿਤੇ ਨਹੀਂ ਗਈ, ਬਸ ਆਹ ਮੁਸੀਬਤ ਪਈ ਆ, ਫਿਕਰ ਨਾ ਕਰ, ਤੂੰ ਨੌਂ ਬਰ ਨੌਂ ਹੋ ਜਾਵੇਂਗੀ।"

"ਨਹੀਂ, ਮੈਂ ਲਾਸ਼ ਆਂ ਜੋ ਸਭ ਕੁਸ਼ ਦੇਖ ਸਕਦੀ ਆਂ, ਮੇਰਾ ਸਰੀਰ ਮਹਿਸੂਸ ਨਾ ਕਰੇ ਪਰ ਮੈਂ ਫੀਲ ਕਰਦੀ ਆਂ, ਸ਼ਰਮਾ ਜੀ ਇਹਨਾਂ ਨੂੰ ਕਰੋ ਕਿ ਜਾਂ ਤਾਂ ਮੇਰਾ ਦਿਮਾਗ ਵੀ ਸੁਲ਼ਾ ਦਿਓ ਜਾਂ ਫਿਰ ਮੈਨੂੰ ਸਦਾ ਲਈ ਸੁਲ਼ਾ ਦਿਓ ਜਾਂ ਫਿਰ ਠੀਕ ਕਰ ਦਿਓ।"

ਵਿਜੈ ਕੁਝ ਬੋਲੇ ਬਿਨਾਂ ਉਸ ਦੇ ਚਿਹਰੇ ਦੇ ਖੱਬੇ ਪਾਸੇ ਦੀ ਮਾਲਸ਼ ਕਰਨ ਲਗਦਾ ਹੈ। ਫਿਰ ਉਸ ਦੀ ਖੱਬੀ ਬਾਂਹ ਦੀ ਮਾਲਸ਼ ਕਰਦਾ ਹੈ ਤੇ ਫਿਰ ਖੱਬੀ ਲੱਤ ਦੀ। ਸੁਸ਼ਮਾ ਨੂੰ ਇਹ ਬਹੁਤ ਚੰਗਾ ਲਗਦਾ ਹੈ। ਉਸ ਵਿਚ ਕੁਝ ਕੁ ਤਾਕਤ ਮੁੜਦੀ ਹੈ। ਉਹ ਆਲੇ ਦੁਆਲੇ ਦੇਖਣ ਲਗਦੀ ਹੈ। ਬੱਚਿਆਂ ਵਲ ਦੇਖਦੀ ਹੈ। ਫਿਰ ਹਿੱਲਣ ਦੀ ਕੋਸ਼ਿਸ਼ ਕਰਦੀ ਹੈ। ਉਸ ਦਾ ਨਿਰਜਿੰਦ ਜਿਹਾ ਖੱਬਾ ਪਾਸਾ ਉਸ ਦੇ ਸੱਜੇ ਪਾਸੇ ਨੂੰ ਵੀ ਹਿੱਲਣ ਨਹੀ ਦੇ ਰਿਹਾ। ਵਿਜੈ ਉਸ ਨੂੰ ਪਾਸਾ ਦਵਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਸੁਸ਼ਮਾ ਤੋਂ ਪਾਸਾ ਪਰਤਿਆ ਨਹੀਂ ਜਾਂਦਾ। ਉਹ ਉਸ ਦਾ ਬੈਡ ਉਪਰ ਨੂੰ ਉਠਾ ਦਿੰਦਾ ਹੈ ਤਾਂ ਜੋ ਗੱਲ ਕਰਦਿਆਂ ਬੱਚਿਆਂ ਨਾਲ ਜਾਂ ਉਸ ਨਾਲ ਅੱਖ ਮਿਲਾ ਕੇ ਗੱਲ ਕਰ ਸਕੇ। ਉਸ ਦੇ ਬਿਸਤਰ ਦੇ ਨਾਲ ਵੀਅਲ ਚੇਅਰ ਪਈ ਹੈ। ਵੀਅਲ ਚੇਅਰ ਵਲ ਦੇਖ ਕੇ ਵਿਜੈ ਦੇ ਮਨ ਨੂੰ ਕੁਝ ਹੋਣ ਲਗਦਾ ਹੈ। ਸੁਸ਼ਮਾ ਵਿਜੈ ਨੂੰ ਇਸ਼ਾਰੇ ਨਾਲ ਆਪਣੀ ਟੁਆਇਲਟ ਦੀ ਹਾਜਤ ਬਾਰੇ ਦਸਦੀ ਹੈ। ਵਿਜੈ ਨਰਸ ਨੂੰ ਬੁਲਾ ਲਿਆਉਂਦਾ ਹੈ। ਦੋ ਨਰਸਾਂ ਆਉਂਦੀਆਂ ਹਨ ਤੇ ਉਸ ਨੂੰ ਹੌਲੀ ਹੌਲੀ ਵੀਅਲ ਚੇਅਰ ਤੇ ਬਿਠਾ ਕੇ ਲੈ ਜਾਂਦੀਆਂ ਹਨ। ਵੀਅਲ ਚੇਅਰ ਤੇ ਉਹ ਸਿਧੀ ਨਹੀਂ ਬੈਠ ਸਕਦੀ। ਓਸ ਦਾ ਸਿਰ ਇਕ ਪਾਸੇ ਨੂੰ ਲੁੜਕਿਆ ਹੋਇਆ ਹੈ। ਵਿਜੈ ਤੇ ਬੱਚੇ ਵਾਰਡ ਵਿਚੋਂ ਨਿਕਲ ਕੇ ਬਾਹਰ ਆ ਜਾਂਦੇ ਹਨ। ਵਿਜੈ ਹੌਲੀ ਹੌਲੀ ਗੁਣਗੁਣਾਉਣ ਲਗਦਾ ਹੈ;

'ਪਿਆਰ ਦੇ ਭੁਲੇਖੇ ਕਿੰਨੇ ਸੁਹਣੇ ਸਹੁਣੇ ਆ ਗਏ, ਦੂਰ ਦੂਰ ਜਾਂਦੇ ਜਾਂਦੇ ਨੇੜੇ ਨੇੜੇ ਆ ਗਏ',.....

ਵਾਰਡ ਦੇ ਸਾਹਮਣੇ ਵੱਡਾ ਸਾਰਾ ਹਾਲ ਹੈ। ਹਾਲ ਵਿਚ ਪੱਚੀ ਤੀਹ ਕੁਰਸੀਆਂ ਪਈਆਂ ਹਨ। ਇਕ ਟੈਲੀ ਲਗਿਆ ਹੋਇਆ ਹੈ। ਕੁਝ ਕਿਤਾਬਾਂ ਵੀ ਪਈਆਂ ਹਨ। ਕੁਝ ਮਰੀਜ਼ ਤੇ ਉਹਨਾਂ ਨੂੰ ਮਿਲਣ ਵਾਲੇ ਬੈਠੇ ਹਨ। ਹਾਲੇ ਦਾ ਇਕ ਦਰਵਾਜ਼ਾ ਬਾਹਰ ਗਾਰਡਨ ਵਲ ਨੂੰ ਖੁਲ੍ਹਦਾ ਹੈ। ਗਾਰਡਨ ਵਿਚ ਧੁੱਪ ਖਿੰਡੀ ਪਈ ਹੈ। ਉਹ ਤਿੰਨੋਂ ਗਾਰਡਨ ਵਿਚ ਆ ਜਾਂਦੇ ਹਨ। ਗਾਰਡਨ ਵਿਚ ਬਹੁਤ ਸਾਰੇ ਮਰੀਜ਼ ਵੀਅਲ ਚੇਅਰਾਂ ਤੇ ਬੈਠੇ ਹਨ। ਕਈ ਵੀਅਲ ਚੇਅਰਾਂ ਨੂੰ ਮਰੀਜ਼ਾਂ ਦੇ ਰਿਸ਼ਤੇਦਾਰ ਇਧਰ ਓਧਰ ਧੱਕੀ ਫਿਰਦੇ ਹਨ। ਇੰਨੀਆਂ ਵੀਅਲ ਚੇਅਰਾਂ ਵਿਜੈ ਨੇ ਪਹਿਲਾਂ ਕਦੇ ਨਹੀਂ ਦੇਖੀਆਂ। ਕੁਝ ਕੁ ਮਰੀਜ਼ ਹੌਲੀ ਹੌਲੀ ਕਿਸੇ ਆਸਰੇ ਨਾਲ ਤੁਰੇ ਵੀ ਫਿਰਦੇ ਹਨ। ਪਿੱਛੇ ਗਾਰਡਨ ਨਾਲ ਇਕ ਹੋਰ ਇਮਾਰਤ ਵੀ ਲਗਦੀ ਹੈ ਜਿਸ ਵਿਚ ਕੱਟੇ ਹੋਏ ਅੰਗਾਂ ਵਾਲੇ ਮਰੀਜ਼ ਹਨ। ਇਹ ਲੋਕ ਵੀ ਗਾਰਡਨ ਵਿਚ ਧੁੱਪ ਦਾ ਮਜ਼ਾ ਲੈ ਰਹੇ ਹਨ। ਕਈ ਲੋਕ ਵਿਜੈ ਵਲ ਅਜੀਬ ਜਿਹੀਆਂ ਨਜ਼ਰਾਂ ਨਾਲ ਦੇਖਣ ਲਗਦੇ ਹਨ। ਕੁਝ ਮਿੰਟਾਂ ਵਿਚ ਨਰਸਾਂ ਸੁਸ਼ਮਾ ਦੀ ਵੀਅਲ ਚੇਅਰ ਧੱਕਦੀਆਂ ਗਾਰਡਨ ਵਿਚ ਆ ਜਾਂਦੀਆਂ ਹਨ। ਵਿਜੈ ਅਗਾਂਹ ਹੋ ਕੇ ਵੀਅਲ ਚੇਅਰ ਉਹਨਾਂ ਤੋਂ ਫੜ ਲੈਂਦਾ ਹੈ ਤੇ ਆਪ ਧੱਕਣ ਲਗਦਾ ਹੈ। ਵਿਜੈ ਤੋਂ ਵੀਅਲ ਚੇਅਰ ਧੱਕੀ ਨਹੀਂ ਜਾ ਰਹੀ। ਨਰਸ ਦਸਦੀ ਹੈ ਕਿ ਇਸ ਦਾ ਖਾਸ ਤਰੀਕਾ ਹੁੰਦਾ ਹੈ। ਵੀਅਲ ਚੇਅਰ ਥੋੜਾ ਕੁ ਪਿੱਛੇ ਨੂੰ ਦਬਾ ਕੇ ਰੱਖਣੀ ਪੈਂਦੀ ਹੈ। ਰੋਹਨ ਤੇ ਵਿਧੀ ਉਸ ਦੀ ਮੱਦਦ ਕਰਦੇ ਹਨ। ਉਹ ਇਕ ਬੈਂਚ ਦੇ ਕੋਲ ਵੀਅਲ ਚੇਅਰ ਦੀ ਬਰੇਕ ਲਾ ਕੇ ਬੈਂਚ ਤੇ ਬੈਠ ਜਾਂਦੇ ਹਨ। ਰੋਹਨ ਤੇ ਵਿਧੀ ਕੁਝ ਕੁ ਦੇਰ ਉਹਨਾਂ ਕੋਲ ਬੈਠਦੇ ਹਨ ਤੇ ਫਿਰ ਘਾਹ ਤੇ ਦੌੜਨ ਲਗਦੇ ਹਨ। ਸੁਸ਼ਮਾ ਆਖਦੀ ਹੈ,

"ਸ਼ਰਮਾ ਜੀ, ਮੈਨੂੰ ਬੈਡ ਤੇ ਈ ਪਾ ਦਿਓ।"

"ਦੇਖ ਧੁੱਪ ਕਿੰਨੀ ਸੁਹਣੀ ਆਂ, ਜ਼ਰਾ ਬੈਠ ਤੇਰਾ ਮੂਡ ਬਦਲੇਗਾ, ਆਹ ਦੇਖ ਬਗੀਚੇ ਦੇ ਫੁੱਲ ਕਿੰਨੇ ਸੁਹਣੇ ਆਂ।"

"ਮੈਨੂੰ ਕੁਸ਼ ਸੁਹਣਾ ਨਹੀਂ ਲਗ ਰਿਹਾ, ਮੈਨੂੰ ਵੀਅਲ ਚੇਅਰ ਨਾਲ ਨਫਰਤ ਸੀ ਤੇ ਇਹਦੇ ਨਾਲ ਈ ਵਾਹ ਪੈ ਗਿਆ। ਮੇਰੇ ਕੋਲ ਜੇ ਕਿਸੇ ਨੇ ਵੀਅਲ ਚੇਅਰ ਵਿਚ ਆਉਣਾ ਤਾਂ ਮੈਂ ਉਸ ਨੂੰ ਕਿਸੇ ਹੋਰ ਡਾਕਟਰ ਕੋਲ ਭੇਜ ਦੇਣਾਂ।"

"ਫਿਕਰ ਨਾ ਕਰ ਇਹ ਟੈਂਪਰੇਰੀ ਆ। ਦੇਖੀਂ ਛੇਤੀਂ ਭੱਜਣ ਲਗੇਂਗੀ।"

"ਪਰ ਇਸ ਵੇਲੇ ਤਾਂ ਸਟੱਕ ਹੋ ਗਈ ਨਾ, ...ਕਿਸੇ ਦਾ ਫੋਨ ਆਇਆ?"

"ਕਿਸੇ ਦਾ ਨਹੀਂ, ਤੇਰੀਆਂ ਔਰਤਾਂ ਦੇ ਫੋਨ ਤਾਂ ਆਉਂਦੇ ਈ ਰਹਿੰਦੇ ਆ, ਇਕ ਦਿਨ ਇਕ ਤੀਵੀਂ ਆਈ ਸੀ, ਕਹਿੰਦੀ ਪੰਜ ਲਾਲ ਗੋਲੀਆਂ ਦੇ ਦੇ ਤੇ ਪੰਜ ਨੀਲੀਆਂ। ਬਹੁਤ ਜ਼ਿਦ ਕਰ ਰਹੀ ਸੀ, ਮਸਾਂ ਗਲ਼ੋ ਲਾਹਿਆ।"

"ਬੱਚੇ ਉਦਾਸ ਤਾਂ ਨਹੀਂ ਹੁੰਦੇ?"

"ਨਹੀਂ, ਪਰ ਤੂੰ ਵੀ ਤਾਂ ਉਹਨਾਂ ਨੂੰ ਬਹੁਤਾ ਨਹੀਂ ਬੁਲਾਉਂਦੀ।"

"ਉਹ ਵੀ ਤਾਂ ਚੁੱਪ ਰਹਿੰਦੇ ਆ, ਬਸ ਦੇਖੀ ਜਾਂਦੇ ਆ ਮੇਰੇ ਵਲ।"

"ਉਹ ਤਾਂ ਹੈਰਾਨ ਹੋਈ ਜਾਂਦੇ ਆ ਕਿ ਮੰਮੀ ਨੂੰ ਕੀ ਹੋ ਗਿਆ।"

ਵਿਜੈ ਬੱਚਿਆਂ ਨੂੰ ਅਵਾਜ਼ ਦਿੰਦਾ ਹੈ। ਉਹ ਭੱਜ ਕੇ ਆ ਜਾਂਦੇ ਹਨ। ਸੁਸ਼ਮਾ ਉਹਨਾਂ ਦੇ ਚਿਹਰੇ ਤੇ ਸੱਜਾ ਹੱਥ ਫੇਰਨ ਦੀ ਕੋਸ਼ਿਸ਼ ਕਰਦੀ ਹੈ ਤੇ ਕਹਿੰਦੀ ਹੈ,

"ਸ਼ਰਮਾ ਜੀ, ਮੈਨੂੰ ਬੈੱਡ ਤੇ ਪਾ ਦਿਓ, ਮੈਨੂੰ ਨੀਂਦ ਆ ਰਹੀ ਆ।"

ਵਿਜੈ ਵੀਅਲ ਚੇਅਰ ਧੱਕਦਾ ਹੋਇਆ ਵਾਪਸ ਵਾਰਡ ਵਿਚ ਲੈ ਆਉਂਦਾ ਹੈ। ਇਕ ਨਰਸ ਉਸ ਨੂੰ ਦੇਖਦੀ ਹੈ ਤੇ ਆ ਜਾਂਦੀ ਹੈ। ਉਹ ਹੌਲੀ ਹੌਲੀ ਸਹਾਰਾ ਦੇ ਕੇ ਉਸ ਨੂੰ ਬਿਸਤਰ ਤੇ ਪਾ ਦਿੰਦੀ ਹੈ। ਬਿਸਤਰ ਵਿਚ ਪੈਂਦਿਆਂ ਹੀ ਉਸ ਦੀਆਂ ਅੱਖਾਂ ਮੀਟ ਹੋਣ ਲਗਦੀਆਂ ਹਨ। ਨਰਸ ਉਸ ਨੂੰ ਦਵਾਈ ਖਵਾਉਂਦੀ ਹੈ ਤੇ ਸੁਸ਼ਮਾ ਸੌਂ ਜਾਂਦੀ ਹੈ। ਉਹ ਘਰ ਨੂੰ ਆ ਜਾਂਦੇ ਹਨ। ਸ਼ਾਮ ਨੂੰ ਫਿਰ ਜਾਂਦੇ ਹਨ। ਤਾਇਆ ਉਹਨਾਂ ਦੇ ਨਾਲ ਜਾਂਦਾ ਹੈ। ਤਾਈ ਦੀ ਸਿਹਤ ਠੀਕ ਨਹੀਂ ਹੈ ਇਸ ਲਈ ਜਾ ਨਹੀਂ ਸਕਦੀ।

ਅਗਲੇ ਦਿਨ ਜਦ ਉਹ ਸੁਸ਼ਮਾ ਨੂੰ ਦੇਖਣ ਜਾਂਦਾ ਹੈ ਤਾਂ ਰਮੇਸ਼ ਤੇ ਅੰਮਰਤੀ ਵੀ ਆਏ ਬੈਠੇ ਹਨ। ਉਹਨਾਂ ਦੇ ਬੱਚੇ ਵੀ ਨਾਲ ਹਨ। ਇਸ ਹਸਪਤਾਲ ਦੀ ਖਾਸ ਗੱਲ ਇਹ ਹੈ ਕਿ ਤੁਸੀਂ ਕਿੰਨੇ ਵੀ ਲੋਕ ਮਿਲਣ ਆ ਸਕਦੇ ਹੋ ਤੇ ਜਿੰਨਾ ਚਿਰ ਚਾਹੋ ਬੈਠ ਸਕਦੇ ਹੋ। ਇਥੇ ਜਾਣ ਬੁੱਝ ਕੇ ਪਰਿਵਾਰਿਕ ਮਹੌਲ ਬਣਾਇਆ ਗਿਆ ਹੈ। ਇਸ ਹਸਪਤਾਲ ਦਾ ਮਕਸਦ ਹੈ ਮਰੀਜ਼ ਨੂੰ ਜ਼ਿੰਦਗੀ ਵਿਚ ਰੀਹੈਬਲੀਟੇਟ ਕਰਨਾ ਭਾਵ ਮੁੜ ਕੇ ਆਪਣੇ ਪੈਰਾਂ ਤੇ ਖੜਾ ਕਰਨਾ। ਸੁਸ਼ਮਾ ਅੰਮਰਤੀ ਨਾਲ ਗੱਲਾਂ ਕਰਦੀ ਪਰਸੰਨ ਦਿਸ ਰਹੀ ਹੈ। ਗੱਲਾਂ ਉਹੀ ਬਚਪਨ ਦੀਆਂ ਹੋ ਰਹੀਆਂ ਹਨ। ਵਿਜੈ ਸਾਰਿਆਂ ਨੂੰ ਹੈਲੋ ਕਹਿੰਦਾ ਹੈ। ਰਮੇਸ਼ ਵਿਜੈ ਨੂੰ ਇਸ਼ਾਰੇ ਨਾਲ ਬਾਹਰ ਲੈ ਜਾਂਦਾ ਹੈ। ਦੋਵੇਂ ਗਾਰਡਨ ਵਿਚ ਆ ਜਾਂਦੇ ਹਨ। ਮੌਸਮ ਸੁਹਾਵਣਾ ਹੈ। ਰਮੇਸ਼ ਕਹਿੰਦਾ ਹੈ,

"ਇਹ ਤੇਰੀ ਗੱਲ ਠੀਕ ਆ ਕਿ ਸੁਸ਼ਮਾ ਆਪਣੇ ਬਚਪਨ ਵਿਚ ਪੁੱਜੀ ਹੋਈ ਆ। ਉਹਨੇ ਮੇਰੇ ਨਾਲ ਵੀ ਬਹੁਤੀ ਗੱਲ ਨਹੀਂ ਕੀਤੀ ਤੇ ਬੱਚਿਆਂ ਨਾਲ ਵੀ ਨਹੀਂ, ਬਸ ਆਪਣੀ ਦੀਦੀ ਨਾਲ ਫਗਵਾੜੇ ਈ ਘੁੰਮੀ ਜਾਂਦੀ ਆ।"

"ਹੋ ਜਏਗੀ ਠੀਕ, ਡਾਕਟਰ ਕਹਿੰਦਾ ਸੀ ਕਿ ਥੋੜਾ ਟਾਈਮ ਲਗੂ।"

"ਭਗਵਾਨ ਕਰੇ ਜਲਦੀ ਠੀਕ ਹੋਵੇ! ...ਹੁਣ ਫਿਰ ਉਹਨਾਂ ਦਾ ਕੀ ਕਰਨਾ?"

"ਕਿਹਨਾਂ ਦਾ?"

"ਬਿਜ਼ੁਰਗਾਂ ਦਾ, ਕਹੀ ਜਾਂਦੇ ਆ ਕਿ ਸਾਨੂੰ ਸੱਦੋ, ਫੋਨ ਤੇ ਫੋਨ ਕਰੀ ਜਾਂਦੇ ਆ।"

"ਸੱਦ ਲਓ, ਇਹਦੇ ਵਿਚ ਕਿਹੜੀ ਔਖੀ ਗੱਲ ਐ। ਆ ਜਾਣ ਰਹਿ ਜਾਣ ਮਹੀਨਾ ਖੰਡ।"

"ਤੂੰ ਨਹੀਂ ਸੱਦੇਂਗਾ?"

"ਨਹੀਂ, ਮੈਂ ਨਹੀਂ ਸੱਦਾਂਗਾ।"

"ਨਾਲ਼ ਤਾਂ ਖੜੇਂਗਾ ਈ?"

"ਨਹੀਂ ਬਈ, ਮੈਂ ਨਈਂ ਖੜ ਸਕਦਾ, ਕਿਸੇ ਤਰ੍ਹਾਂ ਵੀ ਨਹੀਂ, ਕਹਿੰਦੇ ਨਾ ਕਿ ਸਖੀ ਨਾਲੋਂ ਸੂਮ ਚੰਗਾ ਜਿਹੜਾ ਤੁਰਤ ਦੇਵੇ ਜਵਾਬ।"

"ਪਰ ਤੇਰਾ ਵੀ ਤਾਂ ਫਰਜ਼ ਬਣਦਾ।"

"ਮੇਰਾ ਕਾਹਦਾ ਫਰਜ਼! ਮੇਰੇ ਕਿਹੜੇ ਉਹਨਾਂ ਨੇ ਚਾਅ ਕੀਤੇ ਹੋਏ ਆ! ਮੇਰਾ ਤਾਂ ਕੋਈ ਰਿਸ਼ਤੇਦਾਰ ਉਹਨਾਂ ਨੂੰ ਮਿਲਣ ਚਲੇ ਜਾਵੇ ਤਾਂ ਸਿੱਧੇ ਮੂੰਹ ਬਲੁਉਂਦੇ ਤਕ ਨਹੀਂ, ਸੁਸ਼ਮਾ ਨੂੰ ਦਿੱਲੀ ਨਹੀਂ ਜਾਣ ਦਿਤਾ, ਮੇਰਾ ਉਹਨਾਂ ਪ੍ਰਤੀ ਕੋਈ ਫਰਜ਼ ਨਹੀਂ, ਤੂੰ ਉਹਨਾਂ ਦਾ ਲਾਡਲਾ ਜਵਾਈ ਐ, ਕਾਰ ਵੀ ਤੈਨੂੰ ਈ ਮਿਲੀ ਸੀ, ਹੁਣ ਸੱਦ ਵੀ ਤੂੰ ਹੀ।"

"ਗੱਲ ਤਾਂ ਇਹ ਆ ਕਿ ਇਥੇ ਪੱਕੇ ਰਹਿਣਾ ਚਾਹੰਦੇ ਆ।"

"ਮੈਂ ਉਹਨਾਂ ਦਾ ਸਾਰਾ ਈਕੁਅਲ ਟੂ ਕੱਢਿਆ ਹੋਇਐ, ਪਹਿਲਾਂ ਤਾਂ ਤੂੰ ਉਹਨਾਂ ਨੂੰ ਟਿਕਟ ਭੇਜ, ਫੇਰ ਉਹਨਾਂ ਨੂੰ ਇਥੇ ਪੱਕੇ ਕਰਾ, ਫੇਰ ਉਹਨਾਂ ਨੂੰ ਪੈਸੇ ਲਗਵਾ ਕੇ ਦੇ। ਦੁੱਗਲ ਸਾਹਿਬ ਇਹ ਵੱਡੀ ਗੇਮ ਐ, ਅਜਕਲ ਜਿਹੜਾ ਬੰਦਾ ਕਿਸੇ ਨੂੰ ਇਥੇ ਪੱਕਾ ਕਰਵਾਂਉਂਦਾ ਉਹ ਫਸ ਜਾਂਦਾ, ਤੂੰ ਬਚ ਜੇ ਬਚ ਸਕਦਾਂ, ਨਹੀਂ ਤਾਂ ਰੋਏਂਗਾ।"

"ਮੈਂ ਤਾਂ ਹੁਣ ਈ ਫਸਿਆ ਹੋਇਆਂ, ਪਲੀਜ਼ ਮੇਰੀ ਮਦਦ ਕਰ, ਪੈਸਿਆਂ ਵਲੋਂ ਨਹੀਂ ਮੌਰਲੀ ਹੈਲਪ ਕਰ।"

"ਮੈਂ ਤੇਰੀ ਇਹ ਮਦਦ ਕਰ ਸਕਦਾਂ ਕਿ ਆਪਾਂ ਉਹਨਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰੀਏ ਕਿ ਇੰਡੀਆ ਵਿਚ ਸਿਆਣੇ ਬੰਦੇ ਦੀ ਜ਼ਿੰਦਗੀ ਇਥੋਂ ਨਾਲੋਂ ਬਹੁਤ ਵਧੀਆ ਐ।"

"ਤੂੰ ਉਹਨਾਂ ਨੂੰ ਰਾਹਦਾਰੀ ਭੇਜ ਤੇ ਇਥੇ ਆਇਆਂ ਨੂੰ ਸਾਂਭ।"

"ਮੇਰਾ ਕੋਰਾ ਜਵਾਬ ਸਮਝ ਪਰ ਮੈਨੂੰ ਤੇਰੇ ਨਾਲ ਹਮਦਰਦੀ ਆ।"

ਰਮੇਸ਼ ਧਰਤੀ ਤੇ ਪੈਰ ਮਾਰਦਾ ਤੁਰ ਪੈਂਦਾ ਹੈ। ਵਿਜੈ ਨੂੰ ਇਹ ਪਤਾ ਹੈ ਕਿ ਹੁਣ ਤਕ ਸੁਸ਼ਮਾ ਨਾਲ ਵੀ ਇਹ ਗੱਲ ਹੋ ਚੁੱਕੀ ਹੋਵੇਗੀ। ਰਮੇਸ਼ ਉਸ ਤੋਂ ਪਹਿਲਾਂ ਹੀ ਸੁਸ਼ਮਾ ਦੇ ਬਿਸਤਰ ਕੋਲ ਪੁੱਜ ਜਾਂਦਾ ਹੈ ਤੇ ਅੰਮਰਤੀ ਨੂੰ ਅੱਖਾਂ ਅੱਖਾਂ ਰਾਹੀਂ ਹੀ ਵਿਜੈ ਦੇ ਜਵਾਬ ਬਾਰੇ ਦਸ ਦਿੰਦਾ ਹੈ। ਅੰਮਰਤੀ ਬਹੁਤ ਹੀ ਭੈੜੀ ਜਿਹੀ ਤਕਣੀ ਵਿਜੈ ਵਲ ਸੁੱਟ ਸੁਸ਼ਮਾ ਨੂੰ ਕਹਿੰਦੀ ਹੈ,

"ਚੰਗਾ ਅਸੀਂ ਚਲਦੇ ਆਂ, ਫਿਰ ਕਿਸੇ ਦਿਨ ਆਵਾਂਗੇ।"

ਉਹਨਾਂ ਦੇ ਜਾਣ ਤੋਂ ਬਾਅਦ ਰੋਹਨ ਪੁੱਛਦਾ ਹੈ,
"ਡੈਡ, ਕੈਨ ਵੀ ਵੌਚ ਟੈਲੀ?"
"ਜਾਓ।"
ਉਹ ਦੋਵੇਂ ਹਾਲ ਵਿਚ ਚਲਦੇ ਟੈਲੀ ਮੁਹਰੇ ਜਾ ਬੈਠਦੇ ਹਨ। ਵਿਜੈ ਅੰਮਰਤੀ ਬਾਰੇ ਪੁੱਛਦਾ ਹੈ,
"ਇਹ ਤਾਂ ਬਈ ਬੜੀ ਔਖੀ ਗਈ ਐ, ਸੁੱਖ ਐ?"
"ਪਿਤਾ ਜੀ ਤੇ ਭ੍ਰਾਈ ਜੀ ਆਉਣਾ ਚਾਹੁੰਦੇ ਆ, ਤੁਸੀਂ ਉਹਨਾਂ ਨੂੰ ਸੱਦ ਲਓ।"
"ਆਪਾਂ ਕਿੱਦਾਂ ਸੱਦ ਸਕਦੇ ਆਂ, ਰਾਹਦਾਰੀ ਭੇਜਣ ਲਈ ਤੁਹਾਡੇ ਕੋਲ ਪੱਕੀ ਜੌਬ ਹੋਣੀ ਚਾਹੀਦੀ ਹੈ ਤੇ ਬੈਂਕ ਵਿਚ ਪੈਸੇ ਹੋਣੇ ਚਾਹੀਦੇ ਆ, ਆਪਾਂ ਬਿਜਨਸ ਵਿਚ ਕਦੇ ਖਾਸ ਪਰੌਫਿਟ ਨਹੀਂ ਦਿਖਾਇਆ ਤੇ ਮੇਰੇ ਬੈਂਕ ਵਿਚ ਖਾਸ ਪੈਸੇ ਨਹੀਂ।"
"ਚਲੋ, ਤੁਸੀਂ ਟਿਕਟ ਈ ਭੇਜ ਦਿਓ।"
"ਤੂੰ ਆਪੇ ਹੀ ਕਹਿੰਨੀ ਐਂ ਕਿ ਉਹ ਕਰੋੜਪਤੀ ਐ, ਹੁਣ ਪੈਸੇ ਮੁੱਕ ਗਏ ਕੀ?"
ਵਿਜੈ ਦੀ ਗੱਲ ਸੁਣ ਕੇ ਉਹ ਕੁਝ ਚੁੱਸਤ ਹੋ ਜਾਂਦੀ ਹੈ ਤੇ ਬੋਲਦੀ ਹੈ,
"ਸ਼ਰਮਾ ਜੀ, ਮੈਂ ਉਹਨਾਂ ਦੀ ਧੀ ਆਂ ਤੇ ਤੁਹਾਡੇ ਬਰਾਬਰ ਕੰਮ ਕਰਦੀ ਆਂ, ਮੇਰਾ ਵੀ ਆਪਣੇ ਮਾਂਪਿਓ ਵਲ ਕੋਈ ਫਰਜ਼ ਬਣਦਾ।"
"ਉਹਨਾਂ ਦੇ ਵੀ ਕਈ ਫਰਜ਼ ਬਣਦੇ ਆ ਕਿ ਧੀ ਬਿਮਾਰ ਪਈ ਐ ਤੇ ਉਹਨੂੰ ਟਿਕਟ ਲਈ ਨਾ ਆਖਣ।"
ਸੁਸ਼ਮਾ ਲੜਨ ਦੇ ਮੂਡ ਵਿਚ ਵਿਜੈ ਵਲ ਨੂੰ ਅਹੁਲਦੀ ਹੈ ਤੇ ਬਿਸਤਰ ਦੇ ਕੰਢੇ ਨੂੰ ਆ ਜਾਂਦੀ ਹੈ। ਵਿਜੈ ਉਸ ਨੂੰ ਫੜ ਕੇ ਠੀਕ ਕਰ ਪਾਉਂਦਾ ਕਹਿੰਦਾ ਹੈ,
"ਤੂੰ ਜਿਦਾਂ ਕਹੇਂਗੀ ਕਰ ਲਵਾਂਗੇ ਬਾਬਾ, ਤੂੰ ਆਪਣੀ ਸਿਹਤ ਦਾ ਧਿਆਨ ਰੱਖ।"
"ਦੀਦੀ ਦਾ ਹੱਥ ਬਹੁਤ ਤੰਗ ਐ ਨਹੀਂ ਤਾਂ ਜੀਜਾ ਜੀ ਕਦੇ ਵੀ ਨਾਂਹ ਨਾ ਕਰਦੇ।"
"ਹਾਲ ਦੀ ਘੜੀ ਤੂੰ ਸਾਰੇ ਫਿਕਰ ਛੱਡ ਦੇ, ਜੇ ਉਹਨਾਂ ਦਾ ਹੱਥ ਤੰਗ ਐ ਤਾਂ ਢਿੱਲਾ ਸਾਡਾ ਵੀ ਨਹੀਂ, ਤੈਨੂੰ ਆਪਣੇ ਘਰ ਦੇ ਖਚਰਾਂ ਦਾ ਪਤਾ! ਮੈਂ ਦਸਦਾ ਨਹੀਂ, ਤੂੰ ਤਾਂ ਪਹਿਲਾਂ ਈ ਬਿਮਾਰ ਪਈ ਐਂ, ਘਰ ਦੀ ਹੁਣ ਕਿਸ਼ਤ ਵੱਡੀ ਹੋ ਗਈ ਐ ਤੇ ਤੇਰੀ ਆਮਦਨ ਇਸ ਵੇਲੇ ਬੰਦ ਆ ਤੇ ਮੈਨੂੰ ਤਾਂ ਫਿਕਰ ਆ ਕਿ ਘਰ ਹੁਣ ਕਿਦਾਂ ਚੱਲੇਗਾ!"
"ਉਪਰ ਕੱਪਬੋਰਡ ਵਿਚ ਪਏ ਮੇਰੇ ਕੋਟ ਦੀ ਜੇਬ੍ਹ ਵਿਚ ਹਜ਼ਾਰ ਪੌਂਡ ਪਿਆ, ਵਰਤ ਲਓ, ਪੰਦਰਾਂ ਕੁ ਸੌ ਪੌਂਡ ਰੋਹਨ ਦੇ ਬੈਡ ਦੇ ਮੈਟਰਸ ਹੇਠ ਪਿਆ।"
ਸੁਸ਼ਮਾ ਹਾਸਾ ਰੋਕਦੀ ਕਹਿੰਦੀ ਹੈ। ਵਿਜੈ ਨੂੰ ਗੱਸਾ ਵੀ ਆਉਂਦਾ ਹੈ ਤੇ ਹੱਸਦਾ ਵੀ ਹੈ। ਉਹ ਆਖਦਾ ਹੈ,
"ਤੂੰ ਤੇ ਬਈ ਬਹੁਤ ਚਲਾਕ ਔਰਤ ਐਂ, ਤੇਰੇ ਨਾਲ ਹੁਣ ਏਦਾਂ ਨਹੀਂ ਵਰਤਿਆ ਜਾਣਾ, ਤੇਰਾ ਧਿਆਨ ਰੱਖਣ ਦੀ ਲੋੜ ਐ, ਹੋਰ ਦਸਦੇ ਕਿਥੇ ਕਿਥੇ ਲਕੋਏ ਆ।"
"ਹੋਰ ਹੈ ਨਹੀਂ।"
"ਮੇਰੇ ਟੂਨੂ-ਮੁਨੀ ਦੀ ਮਾਂ, ਇਕ ਗੱਲ ਧਿਆਨ ਨਾਲ ਸੁਣ ਇਸ ਵੇਲੇ ਇਹ ਪੈਸੇ ਵੀ ਮੇਰੇ ਲਈ ਥੋੜੇ ਆ, ਮੈਂ ਉਹਨਾਂ ਨੂੰ ਟਿਕਟ ਨਹੀਂ ਭੇਜ ਸਕਦਾ, ਤੂੰ ਠੀਕ ਹੋ ਕੇ ਘਰ ਆ ਜਾਹ, ਜਿਦਾਂ ਕਹੇਂਗੀ ਕਰ ਲਵਾਂਗੇ।"
ਸੁਸ਼ਮਾ ਗੁੱਸੇ ਵਿਚ ਅੱਖਾਂ ਮੀਟ ਲੈਂਦੀ ਹੈ। ਸੱਤ ਵਜਣ ਵਾਲੇ ਹਨ। ਹੁਣ ਹਸਪਤਾਲ ਬੰਦ ਹੋਣ ਦਾ ਸਮਾਂ ਹੋ ਗਿਆ ਹੈ। ਵਿਜੈ ਕੁਝ ਬੋਲੇ ਬਿਨਾਂ ਬੱਚਿਆਂ ਨੂੰ ਲੈ ਕੇ ਤੁਰ ਪੈਂਦਾ ਹੈ। ਸਾਰੇ ਰਸਤੇ ਕੁਝ ਨਹੀਂ ਬੋਲਦਾ। ਬੱਚੇ ਵੀ ਉਸ ਵਲ ਦੇਖਦੇ ਚੁੱਪ ਰਹਿੰਦੇ ਹਨ। ਉਸ ਅੰਦਰ ਬਹੁਤ ਕੁਝ ਹੈ, ਗੁੱਸਾ ਵੀ, ਹਮਦਰਦੀ ਵੀ, ਡਰ ਵੀ। ਉਹ ਘਰ ਆ ਕੇ ਵੀ ਕੁਝ ਦੇਰ ਚੁੱਪ ਰਹਿੰਦਾ ਹੈ। ਬੱਚੇ ਟੈਲੀ ਲਾ ਕੇ ਆਪਣੇ ਪਰੋਗਰਾਮ ਵਿਚ ਖੋ ਜਾਂਦੇ ਹਨ। ਉਹ ਉਠ ਕੇ ਸੁਸ਼ਮਾ ਦੇ ਦੱਸੇ ਪੌਂਡ ਆਪਣੇ ਕਾਬੂ ਵਿਚ ਕਰਦਾ ਹੈ। ਇਹ ਪੈਸੇ ਉਸ ਦੇ ਗੁੱਸੇ ਨੂੰ ਕੁਝ ਕੁ ਘੱਟ ਕਰਦੇ ਹਨ।
ਉਹ ਬੀਅਰ ਦਾ ਇਕ ਡੱਬਾ ਖੋਹਲਣਾ ਹੈ ਪੀਂਦਾ ਹੈ। ਉਹ ਸੁਸ਼ਮਾ ਦੇ ਦਵਾਈਆ ਵਾਲੇ ਕਮਰੇ ਵਿਚ ਜਾਂਦਾ ਹੈ। ਉਸ ਕੁਰਸੀ ਨੂੰ ਛੋਹ ਕੇ ਦੇਖਦਾ ਹੈ ਜਿਸ ਤੇ ਸੁਸ਼ਮਾ ਬੈਠਿਆ ਕਰਦੀ ਹੈ। ਉਹ ਕੁਰਸੀ ਤੇ ਬੈਠਣ ਲਈ ਕੁਰਸੀ ਹਿਲਾਉਂਦਾ ਹੈ। ਕੁਰਸੀ ਦੇ ਘਿਸਰਨ ਦੀ ਅਵਾਜ਼ ਉਸ ਨੂੰ ਇਵੇਂ ਲਗਦੀ ਹੈ ਜਿਵੇਂ ਸੁਸ਼ਮਾ ਨੇ ਕਿਹਾ ਹੋਵੇ- 'ਸ਼ਰਮਾ ਜੀ।' ਉਹ ਸੋਚਣ ਲਗਦਾ ਹੈ ਕਿ ਸੁਸ਼ਮਾ ਇਸ ਵਕਤ ਕੀ ਕਰ ਰਹੀ ਹੋਵੇਗੀ। ਉਸ ਨੂੰ ਜਾਪਦਾ ਹੈ ਕਿ ਉਹ ਸੁਸ਼ਮਾ ਦੇ ਬਿਸਤਰ ਨਾਲ ਲਗਦੀ ਖਿੜਕੀ ਵਿਚ ਖੜਾ ਹੈ। ਸੁਸ਼ਮਾ ਆਪਣੇ ਖੱਬੇ ਪਾਸੇ ਨੂੰ ਸੱਜੇ ਹੱਥ ਨਾਲ ਸਹਿਲਾ ਰਹੀ ਹੈ ਤੇ ਫਿਰ ਛੱਤ ਵਲ ਦੇਖਣ ਲਗਦੀ ਹੈ। ਉਸ ਦਾ ਦਿਲ ਕਰਦਾ ਹੈ ਕਿ ਸੁਸ਼ਮਾ ਨੂੰ ਬਲਾਵੇ ਪਰ ਉਹ ਉਸ ਨਾਲ ਨਰਾਜ਼ ਹੈ। ਉਸ ਸੋਚਦਾ ਹੈ ਕਿ ਅਜ ਇਸ ਨੂੰ ਨਰਾਜ਼ ਰਹਿਣ ਦਿਓ ਆਪੇ ਕਲ ਤਕ ਠੀਕ ਹੋ ਜਾਵੇਗੀ।

## ਚੌਤੀ

ਸਕੂਲ ਖੁਲ੍ਹ ਜਾਂਦੇ ਹਨ। ਰੋਹਨ ਤੇ ਵਿਧੀ ਸਕੂਲ ਜਾਣ ਲਗਦੇ ਹਨ। ਰੋਹਨ ਤਾਂ ਹੁਣ ਹਾਈ ਸਕੂਲ ਵਿਚ ਹੈ। ਵਿਧੀ ਹਾਲੇ ਪਰਾਇਮਰੀ ਸਕੂਲ ਵਿਚ ਹੀ ਹੈ। ਅਗਲੇ ਸਾਲ ਉਹ ਵੀ ਹਾਈ ਸਕੂਲ ਚਲੇ ਜਾਵੇਗੀ। ਵਿਜੈ ਦੀ ਜ਼ਿੰਦਗੀ ਕੁਝ ਸਾਲ ਪਹਿਲਾਂ ਜਿਹੀ ਹੋ ਜਾਂਦੀ ਹੈ। ਸਵੇਰੇ ਬੱਚਿਆਂ ਨੂੰ ਤਿਆਰ ਕਰ ਸਕੂਲ ਛੱਡਣਾ ਤੇ ਆਪਣੇ ਕੰਮ ਤੇ ਨਿਕਲਣਾ। ਸਕੂਲ ਬੰਦ ਹੋਣ ਤੋਂ ਪਹਿਲਾਂ ਪਹਿਲਾਂ ਸਕੂਲਾਂ ਮੂਹਰੇ ਆ ਖੜਨਾ। ਪਹਿਲਾ ਵਿਧੀ ਤੇ ਫਿਰ ਰੋਹਨ ਨੂੰ ਲੈਣਾ। ਬੱਚਿਆਂ ਦੇ ਘਰ ਆਉਣ ਤੇ ਉਹਨਾਂ ਨੂੰ ਕੁਝ ਖੁਵਾਉਣਾ, ਪਿਲਾਉਣਾ, ਸਕੂਲ ਦੀ ਯੂਨੀਫਾਰਮ ਬਦਲਵਾ, ਕੁਝ ਅਰਾਮ ਕਰ ਹਸਪਤਾਲ ਜਾਣਾ। ਸੱਤ ਵਜੇ ਤਕ ਸੁਸ਼ਮਾ ਕੋਲ ਬੈਠ ਘਰ ਆ ਜਾਣਾ। ਵਾਪਸ ਘਰ ਆ ਕੇ ਰਾਤ ਦੇ ਖਾਣੇ ਦੀ ਤਿਆਰੀ ਕਰਨੀ। ਇਸ ਵਕਤ ਨੂੰ ਵਿਜੈ ਆਪਣੇ ਵਿਓਪਾਰ ਲਈ ਵੀ ਵਰਤ ਲੈਂਦਾ ਹੈ। ਉਹ ਬੱਚਿਆਂ ਨੂੰ ਲੈ ਕੇ ਕਿਸੇ ਨਾ ਕਿਸੇ ਰੈਸਟੋਰੈਂਟ ਵਿਚ ਖਾਣਾ ਖਾਣ ਚਲੇ ਜਾਂਦਾ ਹੈ। ਆਪਣਾ ਬਿਜ਼ਨਸ ਕਾਰਡ ਦਿਖਾਉਂਦਾ ਆਪਣੇ ਕੰਮ ਮਸ਼ਹੂਰੀ ਵੀ ਕਰ ਲੈਂਦਾ ਹੈ। ਕਦੇ ਕਦਾਈਂ ਕੋਈ ਨਵਾਂ ਆਰਡਰ ਮਿਲ ਵੀ ਜਾਂਦਾ ਹੈ।

ਸਵੇਰੇ ਚੰਨੀ ਆਪਣੇ ਹਿਸਾਬ ਨਾਲ ਆ ਕੇ ਘਰ ਦੀ ਸਫਾਈ ਕਰ ਜਾਂਦੀ ਹੈ। ਮੋਹਨ ਹਾਲੇ ਵੀ ਕੰਮ ਕਰੀ ਜਾ ਰਿਹਾ ਹੈ। ਉਸ ਨੇ ਕਹੇ ਹੋਏ ਵਕਤ ਤੋਂ ਵਕਤ ਲਮਕਾ ਲਿਆ ਹੈ। ਜਿਵੇਂ ਵਾਅਦਾ ਕਰਦਾ ਹੈ ਕਿ ਜਲਦੀ ਖਤਮ ਕਰ ਦੇਵੇਗਾ ਪਰ ਉਹ ਵਾਧੂ ਵਕਤ ਲਈ ਜਾ ਰਿਹਾ ਹੈ। ਵਿਜੈ ਨੂੰ ਵੀ ਬਹੁਤਾ ਫਰਕ ਨਹੀਂ ਪੈਂਦਾ ਕਿਉਂਕਿ ਜੇ ਸੁਸ਼ਮਾ ਦੀ ਸਿਹਤ ਠੀਕ ਹੁੰਦੀ ਤਾਂ ਉਹ ਖੁਦ ਹੀ ਆਪਣੇ ਨਵੇਂ ਕਮਰੇ ਲਈ ਕਾਹਲੀ ਪੈ ਗਈ ਹੁੰਦੀ ਪਰ ਵਿਜੈ ਬਹੁਤੀ ਪਰਵਾਹ ਨਹੀਂ ਕਰਦਾ। ਵੈਸੇ ਵੀ ਬਿਲਡਰ ਨੂੰ ਇਮਾਰਤ ਬਣਾਉਂਦੇ ਸਮੇਂ ਪੜਾਅ ਦਰ ਪੜਾਅ ਬਣਾ ਕੇ ਕੌਂਸਲ ਤੋਂ ਪਾਸ ਕਰਾਉਣੀ ਪੈਂਦੀ ਹੈ ਤਾਂ ਹੀ ਅਗੇ ਵਧਿਆ ਜਾ ਸਕਦਾ ਹੈ। ਮੋਹਨ ਦੇ ਹਾਲੇ ਵੀ ਕੰਮ ਕਰਨ ਦੀ ਇਕ ਮੁਸ਼ਕਲ ਇਹ ਹੈ ਕਿ ਮੋਹਨ ਪੰਜ ਵਜੇ ਕੰਮ ਖਤਮ ਕਰਦਾ ਹੈ ਤੇ ਤਦ ਤਕ ਵਿਜੈ ਕੋਲ ਹਸਪਤਾਲ ਜਾਣ ਦਾ ਵਕਤ ਬਹੁਤ ਥੋੜਾ ਬਚਦਾ ਹੈ। ਵੈਸੇ ਵਿਜੈ ਦਾ ਸਮਾਂ ਬਹੁਤ ਔਖਾ ਲੰਘ ਰਿਹਾ ਹੈ। ਸਕੂਲ ਦੇ ਸਮੇਂ ਦੇ ਵਿਚਕਾਰ ਹੀ ਉਸ ਨੇ ਆਪਣੇ ਸਾਰੇ ਕੰਮ ਖਤਮ ਕਰਨੇ ਹੁੰਦੇ ਹਨ। ਸ਼ਾਮ ਤਾਂ ਉਸ ਦੀ ਹਸਪਤਾਲ ਵਿਚ ਹੀ ਲੰਘਦੀ ਹੈ। ਕਈ ਵਾਰ ਉਹ ਹਸਪਤਾਲ ਜਾਣ ਵਿਚ ਲੇਟ ਵੀ ਹੋ ਜਾਂਦਾ ਹੈ। ਇਵੇਂ ਸੁਸ਼ਮਾ ਨਰਾਜ਼ ਹੋਣ ਲਗਦੀ ਹੈ ਕਿਉਂਕਿ ਸੁਸ਼ਮਾ ਨੂੰ ਲਗਣ ਲਗਦਾ ਹੈ ਕਿ ਉਹ ਇਕੱਲੀ ਰਹਿ ਗਈ ਹੈ ਇਸ ਲਈ ਉਸ ਦਾ ਮਨ ਕਾਹਲਾ ਪੈਣ ਲਗਦਾ ਹੈ। ਉਸ ਨੂੰ ਪਤਾ ਵੀ ਹੈ ਕਿ ਵਿਜੈ ਕੋਲ ਵਕਤ ਦੀ ਕਿੰਨੀ ਘਾਟ ਹੈ ਪਰ ਉਹ ਚਾਹੁੰਦੀ ਹੈ ਕਿ ਵਿਜੈ ਹਰ ਵੇਲੇ ਉਸ ਕੋਲ ਹੀ ਬੈਠਾ ਰਹੇ।

ਇੰਡੀਆ ਤੋਂ ਸੁਸ਼ਮਾ ਦੇ ਪਿਤਾ ਤੇ ਝਾਈ ਦਾ ਆਉਣਾ ਕੁਝ ਕੁ ਅਗੇ ਪੈ ਜਾਂਦਾ ਹੈ। ਵਿਜੈ ਟਿਕਟ ਭੇਜਣ ਤੋਂ ਇਨਕਾਰ ਕਰ ਦਿੰਦਾ ਹੈ ਤੇ ਦੂਜੇ ਪਾਸੇ ਰਮੇਸ਼ ਵੀ ਇੰਨਾ ਖਰਚ ਕਰਨ ਦੇ ਕਾਬਲ ਨਹੀਂ ਹੈ ਪਰ ਉਹ ਉਹਨਾਂ ਨੂੰ ਸਪੌਂਸਰ ਕਰ ਦਿੰਦਾ ਹੈ। ਉਹ ਵੀਜ਼ੇ ਲਈ ਅਪਲਾਈ ਕਰਦੇ ਹਨ। ਵੀਜ਼ਾ ਮਿਲ ਜਾਂਦਾ ਹੈ ਪਰ ਉਹ ਇਕ ਦਮ ਨਹੀਂ ਆਉਂਦੇ। ਉਹ ਆਪਣੇ ਘਰ ਦਾ ਖਿਲਾਰਾ ਵੀ ਸਮੇਟਣਾ ਚਾਹੁੰਦੇ ਹਨ। ਉਹਨਾਂ ਦਾ ਇਰਾਦਾ ਲੰਮੇ ਸਮੇਂ ਲਈ ਰੁਕਣ ਦਾ ਹੈ। ਹੋ ਸਕੇ ਤਾਂ ਪੱਕੇ ਤੌਰ ਤੇ ਹੀ। ਸੁਸ਼ਮਾ ਕੁਝ ਦਿਨ ਵਿਜੈ ਨਾਲ ਨਰਾਜ਼ ਰਹਿੰਦੀ ਹੈ ਪਰ ਫਿਰ ਠੀਕ ਹੋ ਜਾਂਦੀ ਹੈ। ਵਿਜੈ ਜਦ ਵੀ ਰਮੇਸ਼ ਨੂੰ ਮਿਲੇ ਤਾਂ ਉਹ ਉਸ ਨੂੰ ਮਜ਼ਾਕ ਵਿਚ ਬਲੀ ਦਾ ਬਕਰਾ ਕਹਿ ਕੇ ਛੇੜਦਾ ਹੈ। ਰਮੇਸ਼ ਚੁੱਪ ਰਹਿੰਦਾ ਹੈ।

ਸੁਸ਼ਮਾ ਦੀ ਸਿਹਤ ਪਹਿਲਾਂ ਨਾਲੋਂ ਕੁਝ ਕੁ ਬਿਹਤਰ ਹੈ। ਹੁਣ ਉਹ ਥੋੜਾ ਬਹੁਤ ਹਿੱਲ ਲੈਂਦੀ ਹੈ। ਉਸ ਦੀ ਬਿਮਾਰੀ ਨਾਲ ਕਰਾਈ ਜਾ ਰਹੀ ਵਰਜਿਸ਼ ਕਾਫੀ ਸਹਾਈ ਹੈ। ਡਾਕਟਰ ਆਖਦੇ ਹਨ ਕਿ ਕੁਝ ਮਹੀਨਿਆਂ ਵਿਚ ਉਹ ਤੁਰਨ ਦੇ ਕਾਬਲ ਹੋ ਜਾਵੇਗੀ। ਸੁਸ਼ਮਾ ਹੁਣ ਆਪ ਵੀ ਠੀਕ ਹੋਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਸਭ ਕੁਝ ਕਰਦਿਆਂ ਵੀ ਸਿਹਤ ਵਿਚ ਸੁਧਾਰ ਆਮ ਦੇ ਮੁਕਾਬਲੇ ਸੁਸਤ ਹੈ। ਵੈਸੇ ਸੁਸ਼ਮਾ ਹੁਣ ਖੁਸ਼ ਹੈ। ਹਸਪਤਾਲ ਤੋਂ ਇੰਨੀ ਨਹੀਂ ਅੱਕੀ। ਇਸ ਸਭ ਕਾਸੇ ਨੂੰ ਉਸ ਨੇ ਕਿਸੇ ਹੱਦ ਤਕ ਮਨਜ਼ੂਰ ਕਰ ਲਿਆ ਹੈ। ਉਸ ਨੂੰ ਪੂਰੀ ਉਮੀਦ ਹੈ ਕਿ ਇਕ ਦਿਨ ਉਹ ਠੀਕ ਹੋ ਜਾਵੇਗੀ। ਇਹ ਆਸ ਤਾਂ ਸਭ ਨੂੰ ਹੈ, ਵਿਜੈ ਨੂੰ ਵੀ ਹੈ। ਵਿਜੈ ਚਾਹੁੰਦਾ ਹੈ ਕਿ ਉਹ ਜਲਦ ਤੋਂ ਜਲਦ ਆਪਣੀ ਕਿਰਿਆ ਸੋਧਣ ਜੋਗੀ ਹੋ ਜਾਵੇ। ਜਿੰਨਾ ਕੁ ਹੋ ਸਕਦਾ ਹੈ ਘਰ ਨੂੰ ਸੰਭਾਲੇ। ਉਸ ਦੀ ਘਰ ਵਿਚ ਹਾਜ਼ਰੀ ਹੀ ਕਾਫੀ ਹੋਵੇਗੀ। ਹੁਣ ਉਸ ਦੇ ਕੰਮ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਅਸ਼ੋਕ ਉਸ ਨੂੰ ਕਹਿਣ ਲਗਦਾ ਹੈ ਕਿ ਉਸ ਦੇ ਆਰਡਰਾਂ ਵਿਚ ਕਮੀ ਆ ਰਹੀ ਹੈ। ਕਿਥੇ ਇੰਨੇ ਆਰਡਰ ਹੁੰਦੇ ਸਨ ਕਿ ਉਹ ਆਪ ਇੰਡੀਆ ਲਈ ਚੜ੍ਹ ਜਾਇਆ ਕਰਦਾ ਤੇ ਹੁਣ ਟੈਲੀਫੋਨ ਜਾ ਈ-ਮੇਲ ਰਾਹੀਂ ਵੀ ਘਟ ਪੈ ਰਹੇ ਹਨ। ਸੁਸ਼ਮਾ ਦੇ ਬਿਮਾਰ ਹੋਣ ਤੋਂ ਪਹਿਲਾਂ ਉਸ ਦੀ ਕੋਈ ਨਾ ਕੋਈ ਬਿਲਟੀ ਆਈ ਹੀ ਰਹਿੰਦੀ ਹੈ ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਹੈ। ਉਹ ਸੱਤ ਵਜੇ ਤਾਂ ਹਸਪਤਾਲ ਤੋਂ ਹੀ ਵਿਹਲਾ ਹੁੰਦਾ ਹੈ। ਫਿਰ ਘਰ ਆ ਕੇ ਬੱਚੇ ਵੀ ਸੰਭਾਲਣੇ ਹੁੰਦੇ ਹਨ। ਹੁਣ ਉਸ ਨੂੰ ਇਕ ਫਾਇਦਾ ਹੈ ਕਿ ਹੁਸ਼ਿਆਰ ਉਸ ਦੇ ਆਰਡਰ ਛੱਡ ਆਇਆ ਕਰਦਾ ਹੈ ਜਿਸ ਨਾਲ ਉਸ ਨੂੰ ਕੁਝ ਕੁ ਰਾਹਤ ਮਿਲੀ ਹੈ। ਕਦੇ ਕਦੇ ਉਹ ਸੋਚਣ ਵੀ ਲਗਦਾ ਹੈ ਕਿ

ਹੁਸ਼ਿਆਰ ਨੂੰ ਇਸ ਕੰਮ ਵਿਚ ਸਾਂਝੀਦਾਰ ਬਣਾ ਲਵੇ ਪਰ ਫਿਰ ਸੋਚਦਾ ਹੈ ਕਿ ਇਸ ਤਰ੍ਹਾਂ ਅੱਧਾ ਮੁਨਾਫਾ ਵੀ ਦੇਣਾ ਪਵੇਗਾ, ਕੰਮ ਤਾਂ ਪਹਿਲਾਂ ਹੀ ਘਟਿਆ ਹੋਇਆ ਹੈ। ਸੁਸ਼ਮਾ ਦੇ ਠੀਕ ਹੋਣ ਦੀ ਦੇਰ ਹੈ ਕੰਮ ਉਸ ਨੇ ਇਕੱਲੇ ਨੇ ਹੀ ਸੰਭਾਲ ਲੈਣਾ ਹੈ।

ਇਕ ਦਿਨ ਉਹ ਘਰ ਬੈਠਾ ਨਵੇਂ ਆਰਡਰ ਅਸ਼ੋਕ ਨੂੰ ਈਮੇਲ ਕਰ ਰਿਹਾ ਹੈ ਕਿ ਅਚਾਨਕ ਡੋਰ ਬੈੱਲ ਹੁੰਦੀ ਹੈ। ਵੈਸੇ ਤਾਂ ਸੁਸ਼ਮਾ ਦੀ ਕੋਈ ਮਰੀਜ਼ ਜਿਸ ਨੂੰ ਨਹੀਂ ਪਤਾ ਕਿ ਉਹ ਹਸਪਤਾਲ ਵਿਚ ਹੈ ਆ ਜਾਇਆ ਕਰਦੀ ਹੈ ਪਰ ਇਹ ਆਉਣ ਵਾਲਾ ਕਈ ਵਾਰ ਡੋਰ ਬੈੱਲ ਕਰਦਾ ਹੈ ਜਾਪਦਾ ਹੈ ਕਿ ਕੋਈ ਵਾਕਫ ਹੈ ਜਾਂ ਬਹੁਤ ਕਾਹਲਾ। ਉਹ ਦਰਵਾਜ਼ਾ ਖੋਲ੍ਹਦਾ ਹੈ। ਇਕ ਔਰਤ ਮੀਂਹ ਤੋਂ ਹੱਥ ਵਿਚ ਛਤਰੀ ਫੜੀ ਖੜੀ ਹੈ। ਮੀਂਹ ਤੇਜ਼ ਹੈ ਕਿ ਛਰਾਟਾ ਅੰਦਰ ਵਲ ਨੂੰ ਆ ਰਿਹਾ ਹੈ। ਉਹ ਔਰਤ ਨੂੰ ਅੰਦਰ ਲੰਘ ਆਉਣ ਲਈ ਕਹਿੰਦਾ ਹੈ। ਉਹ ਉਸ ਦਾ ਧੰਨਵਾਦ ਕਰ ਆਪਣੀ ਛਤਰੀ ਇਕੱਠੀ ਕਰਦੀ ਕਹਿੰਦੀ ਹੈ,

"ਇਹ ਵੈਦਰ ਵੀ ਕਮਾਲ ਕਰੀ ਜਾ ਰਿਹੈ!"

"ਕਈ ਦਿਨ ਦੀ ਗਰਮੀ ਵੀ ਤਾਂ ਬਹੁਤ ਸੀ।"

ਉਹ ਕਹਿੰਦਾ ਹੈ ਤੇ ਪਿਛਲੀ ਬੈਠਕ ਵਿਚ ਨੂੰ ਤੁਰ ਪੈਂਦਾ ਹੈ। ਉਹ ਔਰਤ ਉਸ ਦੇ ਮਗਰ ਆਉਂਦੀ ਪੁੱਛਦੀ ਹੈ,

"ਕੀ ਹਾਲ ਐ ਭੈਣ ਜੀ ਦਾ ਹੁਣ?"

"ਥੋੜੀ ਥੋੜੀ ਰਿਕਵਰੀ ਹੋ ਰਹੀ ਐ, ਪਹਿਲਾਂ ਨਾਲੋਂ ਕੁਝ ਕੁ ਬੇਹਤਰ ਐ।"

"ਮੇਰਾ ਨਾਂ ਬਲਜੀਤ ਐ, ਮੈਂ ਉਹਨਾਂ ਦੀ ਖਾਸ ਫਰਿੰਡ ਆਂ, ਮੈਨੂੰ ਉਹਨਾਂ ਦਾ ਬਹੁਤ ਫਿਕਰ ਐ।"

ਪਹਿਲਾਂ ਤਾਂ ਉਹ ਪੱਛਾਣਦਾ ਨਹੀਂ ਪਰ ਫਿਰ ਸਮਝ ਜਾਂਦਾ ਹੈ ਕਿ ਉਹ ਕੌਣ ਹੈ। ਸੁਸ਼ਮਾ ਵੀ ਕਈ ਵਾਰ ਉਸ ਦਾ ਜ਼ਿਕਰ ਕਰ ਚੁੱਕੀ ਹੈ। ਬਲਜੀਤ ਫਿਰ ਆਖਦੀ ਹੈ,

"ਮੈਂ ਵਰਦਿੰਗ ਵਾਲੇ ਹਸਪਤਾਲ ਵਿਚ ਤਾਂ ਕਈ ਵਾਰ ਗਈ ਆਂ ਪਰ ਹੁਣ ਵਾਲੇ ਹਸਪਤਾਲ ਦਾ ਮੈਨੂੰ ਪਤਾ ਨਹੀਂ।"

"ਇਹ ਹਿਲਵੇਅ ਹੌਸਪੀਟਲ ਐ, ਹੋਵ ਵਿਚ ਐ,... ਚਾਹ ਪੀਓਗੇ ਤੁਸੀਂ?... ਮੀਂਹ ਵਿਚ ਆਏ ਓ।"

"ਤੁਸੀਂ ਬੈਠੋ, ਮੈਂ ਬਣਾਉਂਨੀ ਆਂ, ਮੈਂ ਤੁਹਾਡੀ ਕਿਚਨ ਦੀ ਭੇਤੀ ਆਂ, ਕਈ ਵਾਰ ਰੋਟੀ ਵੀ ਬਣਾ ਜਾਂਨੀ ਆਂ, ਤੁਸੀਂ ਤਾਂ ਕੰਮ ਤੇ ਹੁੰਦੇ ਓ।"

ਕਹਿੰਦੀ ਉਹ ਰਸੋਈ ਵਲ ਤੁਰ ਪੈਂਦੀ ਹੈ। ਉਸ ਦੇ ਵਾਲਾਂ ਵਿਚ ਮੀਂਹ ਦਾ ਪਾਣੀ ਹਾਲੇ ਵੀ ਮੋਤੀਆਂ ਵਾਂਗ ਟਿਮਕ ਰਿਹਾ ਹੈ। ਕੁਝ ਮਿੰਟਾਂ ਵਿਚ ਹੀ ਉਹ ਦੋ ਕੱਪ ਚਾਹ ਤੇ ਕੁਝ ਬਿਸਕੁਟ ਲੈ ਆਉਂਦੀ ਹੈ। ਵਿਜੈ ਨੂੰ ਪਤਾ ਹੀ ਨਹੀਂ ਘਰ ਵਿਚ ਬਿਸਕੁਟ ਵੀ ਪਏ ਹਨ। ਚਾਹ ਦੀ ਚੁਸਕੀ ਭਰਦੀ ਬਲਜੀਤ ਆਖਦੀ ਹੈ,

"ਬਹੁਤ ਪੇਨਫੁੱਲ ਹੁੰਦੈ ਜਦ ਜੀਵਨ ਸਾਥੀ ਹਸਪਤਾਲ ਵਿਚ ਹੋਵੇ, ਮਨਜਿੰਦਰ ਵੀ ਛੇ ਮਹੀਨੇ ਬਿਮਾਰ ਰਿਹੈ, ਐਕਸੀਡੈਂਟ ਹੋ ਗਿਆ ਸੀ, ਮੈਂ ਬੜੇ ਔਖੇ ਦਿਨ ਕੱਢੇ, ਇਸ ਲਈ ਮੈਂ ਤੁਹਾਡਾ ਦੁੱਖ ਫੀਲ ਕਰ ਸਕਦੀ ਆਂ। ਬੱਚੇ ਵੀ ਮੈਂ ਇਕੱਲੀ ਨੇ ਤੁਹਾਡੇ ਵਾਂਗ ਸੰਭਾਲੇ।"

"ਭੈਣ ਜੀ, ਕੀ ਕਰ ਸਕਦੇ ਆਂ ਹਲਾਤ ਨਾਲ ਸਮਝੌਤਾ ਤਾਂ ਕਰਨਾ ਈ ਪੈਂਦਾ। ਬੱਚੇ ਸੰਭਾਲਣੇ ਮੈਨੂੰ ਕੋਈ ਔਖੇ ਨਹੀਂ ਲਗਦੇ, ਉਹ ਤੰਗ ਵੀ ਨਹੀਂ ਕਰਦੇ।"

"ਹਾਂ, ਮੈਨੂੰ ਪਤਾ ਕਿ ਉਹ ਤੁਹਾਡੇ ਨਾਲ ਜ਼ਿਆਦਾ ਜੁੜੇ ਹੋਏ ਆ, ਭੈਣ ਜੀ ਤਾਂ ਹਰ ਵੇਲੇ ਆਪਣੀ ਡਾਕਟਰੀ ਵਿਚ ਫਸੀ ਰਹਿੰਦੀ ਸੀ। ਓਦਾਂ ਵੀ ਭੈਣ ਜੀ ਦੇ ਸੁਭਾਅ ਵਿਚ ਇੰਡੀਆ ਵਾਲੀ ਡਾਕਟਰੀ ਬੁਰੀ ਤਰ੍ਹਾਂ ਫਸੀ ਹੋਈ ਐ ਕਿ ਨੌਕਰ ਹੋਣ ਕੰਮ ਕਰਨ ਲਈ, ਖਿਡਾਵੀ ਹੋਵੇ ਬੱਚੇ ਸੰਭਾਲਣ ਲਈ।"

"ਚਲੋ, ਕੋਈ ਗੱਲ ਨਹੀਂ, ਉਹਦਾ ਇਹ ਸੁਭਾਅ ਮੈਨੂੰ ਕੋਈ ਤਕਲੀਫ ਨਹੀਂ ਦਿੰਦਾ।"

"ਮੇਰੇ ਨਾਲ ਤਾਂ ਸਾਰੀ ਗੱਲ ਕਰ ਲੈਂਦੀ ਸੀ, ਘਰ ਦੀ ਤੇ ਬਾਹਰ ਦੀ।"

ਵਿਜੈ ਨੂੰ ਲਗਦਾ ਹੈ ਕਿ ਇਹ ਔਰਤ ਤਾਂ ਕੋਈ ਖਾਸ ਗੱਲ ਕਰਨੀ ਚਾਹੁੰਦੀ ਹੈ। ਉਹ ਉਸ ਨੂੰ ਕੁਰੇਦਣਾ ਸ਼ੁਰੂ ਕਰਦਾ ਹੈ ਕਿ ਕਿਹੜੀ ਗੱਲ ਕਰ ਕਰਦੀ ਰਹੀ ਹੈ ਸੁਸ਼ਮਾ। ਉਹ ਕਹਿੰਦਾ ਹੈ,

"ਇਹਦਾ ਮਤਲਬ ਕਿ ਤੁਸੀਂ ਤਾਂ ਉਸ ਦੇ ਖਾਸ-ਮ-ਖਾਸ ਹੋਏ।"

"ਹਾਂ ਜੀ, ਉਹਨੂੰ ਲਗਦਾ ਕਿ ਜਿਵੇਂ ਉਹ ਕੋਈ ਕੈਦਣ ਹੋਵੇ, ਉਹ ਸਭ ਕੁਸ਼ ਛੱਡ ਕੇ ਅਜ਼ਾਦ ਹੋਣਾ ਚਾਹੁੰਦੀ ਸੀ।"

"ਮੈਂ ਤਾਂ ਉਹਨੂੰ ਕਦੇ ਰੋਕਿਆ ਨਹੀਂ, ਜੇ ਉਹ ਮੇਰੇ ਨਾਲ ਨਹੀਂ ਸੀ ਰਹਿਣਾ ਚਾਹੁੰਦੀ ਤਾਂ ਦਸ ਦਿੰਦੀ, ਮੈਂ ਉਸ ਨੂੰ ਤਲਾਕ ਦੇ ਦਿੰਦਾ।"

"ਏਦਾਂ ਵੀ ਨਹੀਂ, ਤੁਹਾਨੂੰ ਉਹ ਪਸੰਦ ਤਾਂ ਬਹੁਤ ਕਰਦੀ ਆ ਪਰ ਉਹਨੂੰ ਗੁੱਸਾ ਕਿ ਤੁਸੀਂ ਵਿਆਹ ਲਈ ਉਸ ਦੀਆਂ ਮਿੰਨਤਾ ਬਹੁਤ ਕਰਾਈਆਂ, ਮੈਨੂੰ ਦੱਸੀ ਸਾਰੀ ਗੱਲ ਕਿ ਕਿੱਦਾਂ ਕਿੱਦਾਂ ਤੁਹਾਡਾ ਵਿਆਹ ਸਿਰੇ ਚੜ੍ਹਿਆ।"

"ਹੋਰ ਕੀ ਕਹਿੰਦੀ ਸੀ?"

"ਉਹ ਕਹਿੰਦੀ ਤੁਸੀਂ ਉਸ ਦੇ ਉਚੇ ਰੁਤਬੇ ਨਾਲ ਈਰਖਾ ਕਰਦੇ ਓ, ਬਹੁਤ ਸਾਲ ਕੰਮ ਈ ਨਹੀਂ ਕਰਨ ਦਿਤਾ।"

"ਨਹੀਂ ਭੈਣ ਜੀ, ਇਹ ਗੱਲ ਉਸ ਦੀ ਗਲਤ ਐ, ਮੈਂ ਉਸ ਦੇ ਰੁਤਬੇ ਨੂੰ ਕਦੇ ਆਪਣੇ ਤੋਂ ਉਚਾ ਸਮਝਿਆ ਈ ਨਹੀਂ, ਜੇ ਉਹ ਐਮ. ਬੀ. ਬੀ. ਐਸ. ਡਾਕਟਰ ਹੁੰਦੀ ਤਾਂ ਗੱਲ ਹੋਰ ਹੁੰਦੀ, ਉਸ ਤਾਂ ਦਸਵੀਂ ਪਾਸ ਐ ਤੇ ਮੈਂ ਬੀ ਏ ਕੀਤੀ ਹੋਈ ਐ ਤੇ ਐਮ ਏ ਵਿਚ ਵੀ ਇਕ ਸਾਲ ਲਾਇਆ, ਕੰਮ ਤੋਂ ਕਦੇ ਨਹੀਂ ਰੋਕਿਆ, ਸ਼ੁਰੂ ਵਿਚ ਉਪਰੋ-ਥਲ਼ੀ ਦੋ ਬੱਚੇ ਆ ਗਏ ਤੇ ਇਹਨਾਂ ਨੇ ਈ ਮੱਤ ਮਾਰ ਰੱਖੀ।"

"ਉਹ ਕਹਿੰਦੀ ਸੀ ਕਿ ਘਰ ਦਾ ਖਰਚ ਸਿਰਫ ਉਸ ਦੇ ਸਿਰ ਤੇ ਆ।"

"ਭੈਣ ਜੀ, ਇਹ ਸੱਚ ਨਹੀਂ, ਮੈਂ ਵੀ ਠੀਕ ਠਾਕ ਕਮਾਉਂਨਾ ਪਰ ਉਹ ਤਾਂ ਆਪਣੀ ਕਮਾਈ ਮੇਰੇ ਤੋਂ ਚੋਰੀ ਰੱਖਦੀ ਰਹੀ ਐ। ਮੈਨੂੰ ਤਾਂ ਪਤਾ ਈ ਨਹੀਂ ਕਿ ਉਹ ਕਿੰਨੇ ਕਮਾਉਂਦੀ ਐ, ਕਦੇ ਦਸਦੀ ਈ ਨਹੀਂ।"

"ਇਹ ਵੀ ਮੈਨੂੰ ਪਤਾ, ਮੈਂ ਇੰਡੀਆ ਗਈ ਤਾਂ ਇਹਨੇ ਆਪਣੇ ਘਰ ਨੂੰ ਪੈਸੇ ਭੇਜੇ ਸੀ ਦੋ ਵਾਰ ਹਜ਼ਾਰ ਹਜ਼ਾਰ ਪੌਂਡ। ਦਸਦੀ ਸੀ ਕਿ ਤੁਹਾਨੂੰ ਇਹਨਾਂ ਪੈਸਿਆਂ ਦਾ ਨਹੀਂ ਪਤਾ।"

"ਮੈਨੂੰ ਲਗਦਾ ਤਾਂ ਸੀ ਪਰ ਯਕੀਨ ਨਹੀਂ ਸੀ ਪਰ ਇਹ ਤਾਂ ਕਹਿੰਦੀ ਕਿ ਇਹਦੇ ਮਾਪੇ ਅਮੀਰ ਪਾਰਟੀ ਐ।"

"ਅਮੀਰ ਹੋਣਾਂ ਤੇ ਭੁੱਖੇ ਹੋਣਾਂ ਦੋ ਵਖਰੀਆਂ ਗੱਲਾਂ ਹੁੰਦੀਆਂ ਭਾਜੀ, ਪੈਸੇ ਇਹਨੇ ਤੁਹਾਡੇ ਰੈਸਟੋਰੈਂਟ ਵਿਚੋਂ ਕੱਢ ਕੇ ਵੀ ਭੇਜੇ ਆ।"

"ਥੈਂਕਿਉ ਭੈਣ ਜੀ, ਇਹ ਸਭ ਦੱਸਣ ਲਈ ਤੁਹਾਡਾ ਬਹੁਤ ਬਹੁਤ ਸ਼ੁਕਰੀਆ।"

"ਨਹੀਂ ਭਾਜੀ, ਮੇਰੇ ਮਨ ਤੇ ਇਕ ਬੋਝ ਸੀ, ਅਸਲ ਵਿਚ ਮੈਂ ਤੁਹਾਨੂੰ ਮੰਦਿਰ ਵਿਚ ਲੋਕਾਂ ਦੀ ਮੱਦਦ ਕਰਦੇ ਵੀ ਦੇਖਿਆ, ਇੰਨੇ ਔਖੇ ਸਮੇਂ ਵਿਚ ਵੀ ਤੁਸੀਂ ਹਰ ਸ਼ਨਿਚਰਵਾਰ ਉਥੇ ਜਾਂਦੇ ਹੋ। ਫਿਰ ਇਕ ਦਿਨ ਮੇਰੀ ਬੇਟੀ ਮੇਰੇ ਨਾਲ ਤੁਹਾਡੇ ਘਰ ਆਈ ਸੀ, ਇਸੇ ਰੂਮ ਵਿਚ ਬੈਠੀ ਸੀ, ਤੁਸੀਂ ਆਪਣੇ ਕੰਪਿਊਟਰ ਤੇ ਕੋਈ ਕੰਮ ਕਰਦੇ ਸੀ ਤੁਸੀਂ ਮੇਰੀ ਬੇਟੀ ਵਲ ਇਕ ਵਾਰ ਵੀ ਨਹੀਂ ਦੇਖਿਆ, ਨਹੀਂ ਤਾਂ ਮਰਦ ਲੋਕ ਕੁੜੀਆਂ ਵਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖਦੇ ਆ ਭਾਵੇਂ ਕੁੜੀ ਕਿਸੇ ਵੀ ਉਮਰ ਦੀ ਹੋਵੇ।"

ਵਿਜੈ ਯਾਦ ਕਰਨ ਲਗਦਾ ਹੈ ਕਿ ਇਸ ਦੀ ਕੁੜੀ ਕਦ ਉਹਨਾਂ ਦੇ ਘਰ ਆਈ ਹੋਵੇਗੀ ਪਰ ਉਸ ਨੂੰ ਕੁਝ ਨਹੀਂ ਚੇਤੇ। ਬਲਜੀਤ ਫਿਰ ਕਹਿੰਦੀ ਹੈ,

"ਭਾਜੀ, ਬੰਦਾ ਈ ਬੰਦੇ ਦਾ ਦਾਰੂ ਐ, ਜੇ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ, ਮੈਨੂੰ ਪਤਾ ਕਿ ਜਦ ਸਾਥੀ ਦੂਰ ਹੋਵੇ ਤਾਂ ਬੰਦੇ ਦੀਆਂ ਕਈ ਕਿਸਮ ਦੀਆਂ ਲੋੜਾਂ ਹੁੰਦੀਆਂ।"

"ਗੱਲ ਤਾਂ ਤੁਹਾਡੀ ਭੈਣ ਜੀ ਠੀਕ ਐ ਪਰ ਮੈਂ ਇੱਦਾਂ ਈ ਖੁਸ਼ ਆਂ। ਵੈਸੇ ਮੇਰੇ ਬਾਰੇ ਇੰਨਾ ਸੋਚਣ ਲਈ ਸ਼ੁਕਰੀਆ।"

"ਮੈਂ ਜੋ ਕੁਸ਼ ਕਿਹਾ ਆਈ ਮੀਨ ਇਟ, ...ਐਨੀਥਿੰਗ, ...ਲੋੜ ਹੋਈ ਤਾਂ ਬਲਜੀਤ ਨੂੰ ਚੇਤੇ ਕਰ ਲਿਓ।"

ਕਹਿੰਦੀ ਹੋਈ ਉਹ ਉਠ ਖੜਦੀ ਹੈ ਤੇ ਬਾਹਰ ਨੂੰ ਤੁਰ ਪੈਂਦੀ ਹੈ। ਬਾਹਰ ਨਿਕਲਣ ਤੋਂ ਪਹਿਲਾਂ ਉਹ ਬੋਲਦੀ ਹੈ,

"ਭਾਜੀ, ਮੇਰੀ ਕੋਈ ਗੱਲ ਗਲਤ ਲਗੀ ਹੋਵੇ ਤਾਂ ਮੈਨੂੰ ਮੁਆਫ ਕਰ ਦੇਣਾ ਪਰ ਮੈਂ ਸਭ ਸੱਚ ਕਿਹਾ ਤੇ ਉਹਨੂੰ ਵੀ ਮੁਆਫ ਕਰ ਦਿਓ, ਉਹਨੂੰ ਹੁਣ ਕੁਸ਼ ਨਾ ਕਿਹੋ ਦੇਖੋ ਰੱਬ ਨੇ ਉਹਨੂੰ ਬਹੁਤ ਵੱਡੀ ਸਜ਼ਾ ਦਿਤੀ ਹੋਈ ਐ!"

ਵਿਜੈ ਕੁਝ ਨਹੀਂ ਕਹਿੰਦਾ ਬਸ ਹੱਥ ਹਿਲਾ ਕੇ ਅਲਵਿਦਾ ਹੀ ਕਰਦਾ ਹੈ। ਵਾਪਸ ਅੰਦਰ ਆਉਂਦਾ ਉਹ ਸੋਚਣ ਲਗਦਾ ਹੈ ਕਿ ਇਸ ਔਰਤ ਦੀ ਇਹ ਸਭ ਦਸਣ ਦਾ ਕੀ ਮਤਲਬ ਹੋਇਆ। ਸੋਚਦਿਆਂ ਸੋਚਦਿਆਂ ਉਹ ਨਿਢਾਲ ਜਿਹਾ ਹੋਣ ਲਗਦਾ ਹੈ। ਘੜੀ ਦੇਖਦਾ ਹੈ। ਬੱਚਿਆਂ ਨੂੰ ਲੈਣ ਦਾ ਵਕਤ ਹੋ ਰਿਹਾ ਹੈ। ਉਹ ਉਹਨਾਂ ਨੂੰ ਸਕੂਲੋਂ ਲੈ ਕੇ ਘਰ ਆ ਜਾਂਦਾ ਹੈ ਤੇ ਅਰਾਮ ਨਾਲ ਸੈਟੀ ਤੇ ਬੈਠ ਜਾਂਦਾ ਹੈ। ਉਸ ਨੂੰ ਜਾਪਦਾ ਹੈ ਅਜ ਸ਼ਾਮ ਦੇ ਢਲ਼ਣ ਦਾ ਰੰਗ ਕੁਝ ਹੋਰ ਹੈ। ਉਹ ਹਸਪਤਾਲ ਜਾਣ ਦੀ ਥਾਵੇਂ ਉਹ ਰੋਹਨ ਤੇ ਵਿਧੀ ਨਾਲ ਸੀ-ਫਰੰਟ ਵਲ ਨੂੰ ਚਲੇ ਜਾਂਦਾ ਹੈ। ਦੋਵੇਂ ਬੱਚੇ ਰਾਈਡਾਂ ਵਲ ਨੂੰ ਭੱਜ ਜਾਂਦੇ ਹਨ ਤੇ ਉਹ ਪੀਅਰ ਦੇ ਡੰਡਿਆਂ ਨਾਲ ਖੜ ਕੇ ਸਮੁੰਦਰ ਵਲ ਦੇਖਣ ਲਗਦਾ ਹੈ। ਸਮੁੰਦਰ ਬਹੁਤ ਸ਼ਾਂਤ ਹੈ। ਨਿਕੀਆਂ ਲਹਿਰਾਂ ਭਜ ਰਹੀਆਂ ਹਨ। ਉਹ ਧਿਆਨ ਨਾਲ ਦੇਖਦਾ ਹੈ ਕਿ ਇਹ ਲਹਿਰਾਂ ਕਿਸ ਪਾਸੇ ਵਲ ਜਾ ਰਹੀਆਂ ਹਨ ਕੁਝ ਸਮਝ ਨਹੀਂ ਪੈ ਰਹੀ। ਅਜ ਸਮੁੰਦਰ ਆਮ ਨਾਲੋਂ ਵੱਧ ਨੀਲਾ ਹੈ ਤੇ ਬਹੁਤ ਸ਼ਾਂਤ ਹੈ। ਸ਼ਾਂਤ ਸਮੁੰਦਰ ਹਮੇਸ਼ਾ ਉਸ ਨੂੰ ਸੋਚਣ ਲਾ ਦਿੰਦਾ ਹੈ ਕਿ ਇਸ ਦੇ ਹੇਠ ਕੀ ਹੋਵੇਗਾ। ਸਮੁੰਦਰ ਦੀ ਖੂਬਸੂਰਤੀ ਇਸੇ ਵਿਚ ਹੈ ਕਿ ਹੇਠਲਾ ਸਭ ਕੁਝ ਹੇਠਾਂ ਹੀ ਰਹਿਣ ਦੇਵੇ। ਰੋਹਨ ਤੇ ਵਿਧੀ ਉਸ ਦੀ ਬਿਰਤੀ ਤੋੜਦੇ ਹਨ। ਉਹਨਾਂ ਨੇ ਹੋਰ ਰਾਈਡਾਂ ਲੈਣੀਆਂ ਹਨ ਇਸ ਲਈ ਪੈਸੇ ਚਾਹੀਦੇ ਹਨ। ਉਹਨਾਂ ਨੂੰ ਕੁਝ ਭਾਨ ਦੇ ਕੇ ਉਹ ਮੁੜ ਸਮੁੰਦਰ ਵਿਚ ਗਵਾਚ ਜਾਂਦਾ ਹੈ। ਮਿਹਰ ਪੁੱਛਦਾ ਹੈ ਕਿ ਤੁਸੀਂ ਸਮੁੰਦਰ ਤੋਂ ਕਦੇ ਅੱਕ ਨਹੀਂ ਜਾਂਦੇ। ਮਿਹਰ ਵੀ ਕਮਲਾ ਹੈ। ਇਸ ਸਮੁੰਦਰ ਨੂੰ ਤਾਂ ਉਸ ਦੀਆਂ ਨਜ਼ਰਾਂ ਨੇ ਜਿਵੇਂ ਮਿਣਿਆ ਹੋਇਆ ਹੋਵੇ। ਕਈ ਵਾਰ ਉਸ ਨੂੰ ਲਗਦਾ ਹੈ ਕਿ ਸਮੁੰਦਰ ਉਸ ਨੂੰ ਕੁਝ ਕਹਿਣਾ ਚਾਹੁੰਦਾ ਹੈ, ਕਦੇ ਉਸ ਦਾ ਦਿਲ ਕਰਦਾ ਹੈ ਕਿ ਉਹ ਸਮੁੰਦਰ ਨੂੰ ਕੁਝ ਕਹੇ, ਉਸ ਨਾਲ ਕੋਈ ਗੱਲ ਸਾਂਝੀ ਕਰੇ ਪਰ ਉਹ ਕੁਝ ਨਹੀਂ ਕਰਦਾ, ਜੇ ਕੋਈ ਉਸ ਨੂੰ ਅਜਿਹਾ ਕਰਦਿਆਂ ਦੇਖੇਗਾ ਤਾਂ ਅਗਲਾ ਆਖੇਗਾ ਕਿ ਵਿਜੈ ਪਾਗਲ ਹੋ ਗਿਆ ਹੈ। ਅਚਾਨਕ ਉਸ ਨੂੰ ਕੋਈ ਧੱਕਾ ਜਿਹਾ ਮਾਰਦਾ ਹੈ। ਉਹ ਡਿਗਣੋਂ ਮਸਾਂ ਬਚਦਾ ਹੈ। ਇਹ ਵੀ ਸ਼ੁਕਰ ਹੈ ਧੱਕਾ ਸਮੁੰਦਰ ਵਲ ਨੂੰ ਨਹੀਂ ਇਕ ਪਾਸੇ ਨੂੰ ਹੈ, ਨਹੀਂ ਤਾਂ ਉਹ ਹੋਰ ਵੀ ਡਰ ਜਾਂਦਾ। ਉਹ ਘੁੰਮ ਕੇ ਦੇਖਦਾ ਹੈ। ਭਾਗੀ ਖੜੀ ਹੱਸ ਰਹੀ ਹੈ। ਉਸ ਦੇ ਨਾਲ ਮਾਗਾਂ ਤੇ ਰਾਜਾਂ ਵੀ

ਹਨ। ਉਹ ਭਾਗੀ ਦੇ ਦੋਵੇਂ ਹੱਥ ਫੜ ਲੈਂਦਾ ਹੈ ਤੇ ਘੁੱਟ ਲੈਂਦਾ ਹੈ। ਜੇ ਕੁੜੀਆਂ ਨਾਲ ਨਾ ਹੁੰਦੀਆਂ ਤਾਂ ਸ਼ਾਇਦ ਉਹ ਭਾਗੀ ਨੂੰ ਬਾਹਾਂ ਵਿਚ ਹੀ ਲੈ ਲੈਂਦਾ। ਅਜ ਭਾਗੀ ਨੂੰ ਵਿਜੈ ਵਿਚ ਕੁਝ ਵੱਖਰਾ ਜਿਹਾ ਲਗ ਰਿਹਾ ਹੈ। ਉਹ ਪੁੱਛਦੀ ਹੈ,

"ਤੂੰ ਠੀਕ ਤਾਂ ਐਂ?"

"ਹਾਂ, ਠੀਕ ਆਂ, ਤੂੰ ਸੁਣਾ।"

"ਤੂੰ ਠੀਕ ਨਹੀਂ ਲਗਦਾ, ਤੇਰੀ ਹਕੀਮਣ ਕਿੱਦਾਂ?"

"ਉਹ ਕੁਸ਼ ਕੁ ਠੀਕ ਐ ਪਹਿਲਾਂ ਨਾਲੋਂ।"

"ਅਜ ਹਸਪਤਾਲ ਨਹੀਂ ਕਿਉਂ ਨਹੀਂ ਗਿਆ?"

"ਬੱਚਿਆਂ ਨੂੰ ਇਧਰ ਆਇਆਂ ਬਹੁਤ ਦਿਨ ਹੋ ਗਏ ਸੀ, ਸੋਚਿਆ ਕਿ ਹਸਪਤਾਲ ਤਾਂ ਰੋਜ਼ ਜਾਈਦਾ।"

"ਤੂੰ ਮੇਰੇ ਵਲ ਵੀ ਨਹੀਂ ਆਇਆ ਕਦੇ?"

"ਮੈਂ ਮਾਗਾਂ ਤੋਂ ਈਮੇਲ ਤੇ ਤੇਰਾ ਹਾਲ ਚਾਲ ਪੁੱਛਦਾ ਰਹਿੰਨਾਂ।"

ਵਿਜੈ ਦਾ ਭਾਗੀ ਦੀਆਂ ਕੁੜੀਆਂ ਨਾਲ ਈਮੇਲ ਰਾਹੀਂ ਕਦੇ ਕਦੇ ਰਾਬਤਾ ਹੋ ਜਾਂਦਾ ਹੈ। ਵੈਸੇ ਭਾਗੀ ਦੇ ਘਰ ਗਏ ਕਈ ਦਿਨ ਹੋ ਗਏ ਹਨ। ਸੁਸ਼ਮਾ ਘਰ ਹੁੰਦੀ ਤਾਂ ਉਹ ਜਾ ਆਉਂਦਾ ਹੈ ਪਰ ਹੁਣ ਬੱਚੇ ਸੰਭਾਲਣੇ ਪੈਂਦੇ ਹਨ। ਭਾਗੀ ਕਹਿੰਦੀ ਹੈ,

"ਚੱਲ ਆ ਜਾਓ, ਸਾਰੇ ਜਾਣੇ, ਮੇਰੇ ਵਲ ਖਾਣਾ ਖਾਓ।"

## ਪੈਂਤੀ

ਸਵੇਰੇ ਉਠਦੇ ਹੀ ਤਾਏ ਦਾ ਫੋਨ ਆ ਜਾਂਦਾ ਹੈ। ਉਹ ਕਾਹਲੀ ਵਿਚ ਆਖਦਾ ਹੈ,

"ਤੇਰੀ ਤਾਈ ਨੂੰ ਹਾਰਟ ਅਟੈਕ ਹੋ ਗਿਆ!"

"ਕਦੋਂ?"

"ਸਵੇਰੇ ਪੰਜ ਕੁ ਵਜੇ।"

"ਕਿੱਦਾਂ ਹੁਣ?"

"ਸਟੇਬਲ ਆ, ਮੈਂ ਹੁਣੇ ਵਾਪਸ ਆਇਆਂ ਹੌਸਪੀਟਲ ਤੋਂ।"

"ਮੈਂ ਆਉਨਾਂ ਹੁਣੇ।"

"ਨਿਆਣਿਆਂ ਨੂੰ ਸਕੂਲ ਛੱਡ ਕੇ ਆ ਜਾਈਂ।"

ਵਿਜੈ ਤਾਏ ਦੇ ਘਰ ਪੁੱਜਦਾ ਹੈ। ਤਾਇਆ ਬੁਝਿਆ ਜਿਹਾ ਬੈਠਾ ਹੈ। ਵਿਜੈ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਬੋਲਦਾ ਹੈ,

"ਕੱਲ ਇਹਨੇ ਦੀਪਕ ਨੂੰ ਫੋਨ ਕੀਤਾ ਸੀ, ਮੈਨੂੰ ਨਹੀਂ ਦਸਿਆ ਕੁਸ਼, ਬਸ ਗੁੰਮ-ਸੁਮ ਜਿਹੀ ਰਹੀ ਸਾਰੀ ਸ਼ਾਮ ਤੇ ਤੜਕਸਾਰ ਅਟੈਕ ਕਰਾ ਬੈਠੀ, ਮਾਂ ਜਿਉਂ ਹੋਈ!"

"ਭਗਵਾਨ ਕਰੇ ਤਾਈ ਠੀਕ ਹੋ ਜਾਵੇ।"

"ਤੂੰ ਇਕ ਗੱਲ ਕਰ, ਇਹਦੇ ਲਾਡਲੇ ਨੂੰ ਇਹਦੇ ਹਾਟਰ ਅਟੈਕ ਬਾਰੇ ਦਸ ਦੇਹ, ਨਾਲੇ ਮੈਂ ਸੋਚਦਾਂ ਬਈ ਜਿਹੜੀ ਚੀਜ਼ ਖਾਤਰ ਉਹ ਏਨਾ ਔਖਾ ਫਿਰਦਾ ਉਹਦੇ ਮੱਥੇ ਮਾਰਾਂ, ਜਿਹੜੇ ਓਸ ਘਰ ਨੂੰ ਵੇਚਣ ਦੀ ਰਕਮ ਸੀ ਉਹ ਉਹੀ ਮੰਗਦਾ।"

"ਦੇਖ ਲੈ ਤਾਇਆ, ਜਿੱਦਾਂ ਕਰਨੀ ਆਂ ਸੋਚ ਲੈ, ਸ਼ਾਇਦ ਇੱਦਾਂ ਈ ਉਹ ਸਿਧੇ ਰਾਹ ਆ ਜਾਏ, ਮੁੜ ਘਰ ਰਹਿਣ ਲਗ ਪਏ।"

"ਘਰ ਨਹੀਂ ਮੈਂ ਉਹਨੂੰ ਰੱਖਣਾ ਚਾਹੁੰਦਾ, ਤੇਰੀ ਤਾਈ ਉਹਦੇ ਕੋਲ ਜਾ ਕੇ ਰਹੀ ਜਾਵੇ ਮੈਨੂੰ ਮਾਈਂਡ ਨਹੀਂ।"

ਵਿਜੈ ਉਸੇ ਵੇਲੇ ਦੀਪਕ ਨੂੰ ਫੋਨ ਕਰਦਾ ਹੈ। ਕੁਝ ਰਸਮੀ ਜਿਹੀਆਂ ਗੱਲਾਂ ਕਰਕੇ ਉਹ ਆਖਦਾ ਹੈ,

"ਤੇਰੀ ਮੰਮੀ ਨੂੰ ਹਾਰਟ ਅਟੈਕ ਹੋ ਗਿਆ।"

"ਸੋ ਵੱਟ!"

"ਇਟ'ਜ਼ ਬਲੱਡੀ ਬਿਗ ਥਿੰਗ, ਯੂ ਆਰ ਸੇਇੰਗ ਸੋ ਵੱਟ!"

"ਉਹ ਮੇਰੇ ਨਾਲ ਮਦਰ ਲਾਈਕ ਡੀਲ ਨਹੀਂ ਕਰਦੀ।"

"ਤੂੰ ਕੀ ਚਾਹੁੰਨਾ ਜਸਟ ਮਨੀ! ਆ ਜਾ ਲੈ ਜਾ ਮਨੀ ਜਿਹੜੀ ਵੀ ਹੈਗੀ।"

ਦੀਪਕ ਇਕ ਪਲ ਲਈ ਬੋਲ ਨਹੀਂ ਸਕਦਾ। ਉਸ ਨੂੰ ਯਕੀਨ ਨਹੀਂ ਜੋ ਕੁਝ ਵਿਜੈ ਕਹਿ ਰਿਹਾ ਹੈ। ਕੁਝ ਦੇਰ ਰੁਕ ਕੇ ਦੀਪਕ ਬੋਲਦਾ ਹੈ,

"ਚੈੱਕ ਮੇਰੇ ਨਾਂ ਤੇ ਸੈਂਡ ਕਰ ਦੇ।"

“ਤੈਨੂੰ ਸਿਰਫ ਮਨੀ ਨਾਲ ਈ ਆ, ਆਪਣੀ ਮੰਮੀ ਨਾਲ ਕੁਸ਼ ਨਹੀਂ, ਇਥੇ ਆ ਕੇ ਚੈੱਕ ਲੈ ਜਾ ਤੇ ਨਾਲੇ ਮੰਮੀ ਨੂੰ ਦੇਖ ਜਾ।”

ਦੀਪਕ ਆਉਣ ਦਾ ਵਾਅਦਾ ਕਰਕੇ ਫੋਨ ਕਟ ਦਿੰਦਾ ਹੈ। ਤਾਇਆ ਕਹਿੰਦਾ ਹੈ,

“ਇਹਦੇ ਨਾਲ ਤੇਰੀ ਤਾਈ ਨੂੰ ਵੀ ਤਸੱਲੀ ਹੋ ਜਾਏਗੀ, ਸ਼ਾਇਦ ਠੀਕ ਵੀ ਹੋ ਜਾਵੇ।”

ਫਿਰ ਉਹ ਦੋਵੇਂ ਅਜਿਹੀਆਂ ਗੱਲਾਂ ਕਰਦੇ ਹਸਪਤਾਲ ਨੂੰ ਤੁਰ ਪੈਂਦੇ ਹਨ। ਵਿਜੈ ਆਖਦਾ ਹੈ,

“ਤਾਇਆ, ਤੂੰ ਕੋਈ ਕਾਰ ਲੈ ਲੈ, ਏਦਾਂ ਦੇ ਮੌਕੇ ਤੇ ਕੰਮ ਆ ਜਾਂਦੀ ਐ।”

“ਹੁਣ ਚਲਦੀ ਨਹੀਂ, ਉਮਰ ਨਾਲ ਬਹੁਤ ਕੁਸ਼ ਬਦਲ ਜਾਂਦਾ।”

ਉਹ ਹਸਪਤਾਲ ਪੁੱਜਦੇ ਹਨ। ਤਾਈ ਅੱਖਾਂ ਮੀਟੀ ਪਈ ਹੈ। ਉਸ ਦੇ ਜਿਸਮ ਤੇ ਥਾਂ ਥਾਂ ਤਾਰਾਂ ਲਗੀਆਂ ਹੋਈਆਂ ਹਨ। ਤਾਇਆ ਉਸ ਦੇ ਉਪਰ ਨੂੰ ਝੁਕਦਾ ਹੋਇਆ ਪੁੱਛਦਾ ਹੈ,

“ਨਿਰਮਲਾ, ਹੁਣ ਕਿੱਦਾਂ?”

ਤਾਈ ਹੌਲੇ ਜਿਹੇ ਅੱਖਾਂ ਖੋਹਲਦੀ ਹੈ। ਉਸ ਤੋਂ ਬੋਲ ਨਹੀਂ ਹੋ ਰਿਹਾ। ਉਹ ਜਵਾਬ ਵਿਚ ਸਿਰ ਹੀ ਹਿਲਾਉਂਦੀ ਹੈ। ਤਾਇਆ ਫਿਰ ਆਖਦਾ ਹੈ,

“ਤੂੰ ਐਵੇਂ ਗੱਲਾਂ ਨੂੰ ਦਿਲ ਤੇ ਲਾਈ ਜਾਨੀ ਆਂ, ਇਧਰ ਦੇਖ, ਵਿਜੈ ਨਾਲ ਜਵਾਨੀ ਵਿਚ ਈ ਕਿੰਨਾ ਕੁਸ਼ ਹੋਈ ਜਾਂਦਾ। ਆਪਾਂ ਤਾਂ ਫੇਰ ਵੀ ਉਮਰਾਂ ਖਾਈ ਬੈਠੇ ਆਂ, ਹੌਸਲਾ ਰੱਖ। ਮੈਂ ਫੈਸਲਾ ਕਰ ਲਿਆ ਕਿ ਜਿੰਨੇ ਓਸ ਘਰ ਚੋਂ ਪੈਸੇ ਨਿਕਲੇ ਸੀ ਦੀਪਕ ਨੂੰ ਦੇ ਦੇਣੇ ਆਂ, ਸਾਡੇ ਵਲੋਂ ਇਸ ਨੂੰ ਖਾਵੇ ਜਾਂ ਉਡਾਵੇ।”

ਤਾਈ ਹਲਕਾ ਜਿਹਾ ਸਿਰ ਮਾਰਦੀ ਹੈ ਪਰ ਕਹਿੰਦੀ ਕੁਝ ਨਹੀਂ। ਉਹ ਤਾਏ ਵਲ ਦੇਖਦੀ ਰਹਿੰਦੀ ਹੈ। ਵਿਜੈ ਨੂੰ ਲਗਦਾ ਹੈ ਕਿ ਤਾਇਆ ਉਸ ਨੂੰ ਕੋਈ ਖਾਸ ਗੱਲ ਕਹਿਣੀ ਚਾਹੁੰਦਾ ਹੈ, ਉਹ ਡਾਕਟਰ ਨੂੰ ਮਿਲਣ ਦੇ ਬਹਾਨੇ ਚਲੇ ਜਾਂਦਾ ਹੈ। ਉਹ ਡਾਕਟਰ ਤੋਂ ਤਾਈ ਬਾਰੇ ਪੁੱਛਦਾ ਹੈ। ਡਾਕਟਰ ਅਨੁਸਾਰ ਤਾਈ ਖਤਰੇ ਤੋਂ ਬਾਹਰ ਹੈ ਪਰ ਹਾਲੇ ਕੁਝ ਦਿਨ ਉਹ ਹਸਪਤਾਲ ਹੀ ਰਹੇਗੀ। ਤਾਈ ਹੌਲੀ ਹੌਲੀ ਗੱਲਾਂ ਕਰਨ ਲਗਦੀ ਹੈ। ਉਹ ਦੀਪਕ ਬਾਰੇ ਪੁੱਛਦੀ ਹੈ। ਵਿਜੈ ਦਸ ਦਿੰਦਾ ਹੈ ਕਿ ਕਿਸੇ ਦਿਨ ਉਹ ਆਵੇਗਾ। ਤਾਈ ਸੁਸ਼ਮਾ ਤੇ ਬੱਚਿਆਂ ਬਾਰੇ ਵੀ ਪੁੱਛਦੀ ਹੈ। ਹੋਰ ਵੀ ਕੁਝ ਕੁ ਗੱਲਾਂ ਹੁੰਦੀਆਂ ਹਨ। ਵਿਜੈ ਘੜੀ ਦੇਖਦਾ ਹੈ। ਗਿਆਰਾਂ ਵੱਜਣ ਵਾਲੇ ਹਨ। ਉਸ ਨੇ ਹਿੱਲਵੇਅ ਹੌਸਪੀਟਲ ਵੀ ਜਾਣਾ ਹੈ। ਉਹ ਹੁਣੇ ਹੀ ਜਾ ਆਵੇਗਾ, ਸ਼ਾਮ ਨੂੰ ਉਹ ਸੁਸ਼ਮਾ ਨੂੰ ਦੇਖਣ ਨਹੀਂ ਜਾ ਸਕੇਗਾ ਕਿਉਂਕਿ ਅਜ ਉਸ ਨੇ ਆਰਡਰ ਲੈਣ ਜਾਣਾ ਹੈ। ਬੱਚਿਆਂ ਨੂੰ ਵੀ ਨਾਲ ਹੀ ਲੈ ਜਾਵੇਗਾ। ਵੈਸੇ ਤਾਂ ਭਾਗੀ ਬਹੁਤ ਕਹਿੰਦੀ ਹੈ ਕਿ ਰੋਹਨ ਤੇ ਵਿਧੀ ਨੂੰ ਉਸ ਕੋਲ ਛੱਡ ਜਾਵੇ ਪਰ ਉਸ ਦਾ ਦਿਲ ਨਹੀਂ ਮੰਨ ਰਿਹਾ। ਅੰਦਰੋਂ ਭਾਵੇਂ ਕੁਝ ਕੁ ਅੱਕਿਆ ਵੀ ਪਿਆ ਹੈ। ਉਹ ਤਾਏ ਨੂੰ ਸਾਰੀ ਗੱਲ ਦਸਦਾ ਉਠਣ ਲਗਦਾ ਹੈ ਤਾਂ ਤਾਇਆ ਆਖਦਾ ਹੈ,

“ਚਲ ਮੈਂ ਵੀ ਸੁਸ਼ਮਾ ਨੂੰ ਦੇਖ ਆਉਨਾਂ, ਵਾਪਸ ਜਾਂਦਾ ਹੋਇਆ ਮੈਨੂੰ ਇਥੇ ਈ ਲਾਹ ਜਾਈਂ।”

ਹਿਲਵੇਅ ਹੌਸਪੀਟਲ ਵਿਚ ਸੁਸ਼ਮਾ ਨੂੰ ਨਰਸਾਂ ਤੁਰਨਾ ਸਿਖਾ ਰਹੀਆਂ ਹਨ। ਬੇਵੀ ਵੌਕਰ ਵਰਗਾ ਵੱਡਾ ਸਾਰਾ ਵੌਕਰ ਹੈ। ਨਰਸਾਂ ਆਸਰਾ ਦੇ ਕੇ ਉਸ ਨੂੰ ਤੋਰਨ ਦੀ ਕੋਸ਼ਿਸ਼ ਵਿਚ ਹਨ। ਦੋ ਕੁ ਕਦਮ ਚਲ ਕੇ ਸੁਸ਼ਮਾ ਥਕਾਵਟ ਮਹਿਸੂਸ ਕਰ ਰਹੀ ਹੈ। ਨਰਸਾਂ ਉਸ ਨੂੰ ਵਾਪਸ ਬਿਸਤਰ ਵਿਚ ਪਾ ਦਿੰਦੀਆਂ ਹਨ। ਇਕ ਨਰਸ ਵਿਜੈ ਨੂੰ ਦਸ ਰਹੀ ਹੈ,

“ਸਭ ਕੁਝ ਪਹਿਲਾਂ ਤੋਂ ਸ਼ੁਰੂ ਕਰਨ ਵਾਂਗ ਹੈ ਜਿਵੇਂ ਇਕ ਬੱਚੇ ਨੂੰ ਤੁਰਨਾ ਸਿਖਾਇਆ ਜਾਂਦਾ।”

ਸੁਸ਼ਮਾ ਦੇ ਖੱਬੇ ਪਾਸੇ ਵਿਚ ਕੁਝ ਕੁ ਹਰਕਤ ਪਰਤੀ ਹੈ। ਹੱਥ ਦੀਆਂ ਉਂਗਲਾਂ ਥੋੜੀਆਂ ਜਿਹੀਆਂ ਹਿਲਣ ਲਗੀਆਂ ਹਨ। ਇਵੇਂ ਜ਼ਰਾ ਜਿੰਨਾ ਪੈਰ ਵੀ ਹਿਲਾ ਲੈਂਦੀ ਹੈ ਪਰ ਲੱਤ ‘ਤੇ ਭਾਰ ਬਿਲਕੁਲ ਨਹੀਂ ਦੇ ਹੋ ਰਿਹਾ। ਇਵੇਂ ਹੀ ਬਾਂਹ ਆਪਣੇ ਆਪ ਨਹੀਂ ਹਿਲ ਰਹੀ। ਖੱਬੇ ਪਾਸੇ ਵਲ ਦੀ ਮਹਿਸੂਸਣਾ ਹਾਲੇ ਵੀ ਗੈਰਹਾਜ਼ਿਰ ਹੈ। ਸੁਸ਼ਮਾ ਦਾ ਮੂਡ ਬਹੁਤ ਖਰਾਬ ਲਗਦਾ ਹੈ। ਇਵੇਂ ਹੈ ਜਿਵੇਂ ਲੜਨ ਲਈ ਤਿਆਰ ਹੋਵੇ। ਤਾਇਆ ਹਾਲ ਚਾਲ ਪੁੱਛਦਾ ਹੈ ਤਾਂ ਸੰਖੇਪ ਜਿਹਾ ਉਤਰ ਹੀ ਦਿੰਦੀ ਹੈ। ਵਿਜੈ ਤਾਈ ਬਾਰੇ ਨਹੀਂ ਦਸਦਾ। ਉਹ ਉਸ ਦਾ ਮੂਡ ਠੀਕ ਕਰਨ ਲਈ ਆਖਦਾ ਹੈ,

“ਬਿਲਡਰ ਕੰਮ ਖਤਮ ਕਰ ਗਏ।”

“ਮੇਰਾ ਰੂਮ ਤਿਆਰ ਐ?”

“ਨਹੀਂ ਹਾਲੇ ਨਹੀਂ।”

“ਕਿਉਂ ਨਹੀਂ ਤਿਆਰ ਕਰਾਇਆ, ਸ਼ਰਮਾ ਜੀ, ਤੁਸੀਂ ਕੀ ਸੋਚਦੇ ਓ ਕਿ ਮੈਂ ਮਰ ਗਈ ਆਂ?”

“ਤੂੰ ਤਾਂ ਭਰੀ ਪਈ ਆਂ, ...ਮੈਨੂੰ ਹੁਣ ਪਤਾ ਨਹੀਂ ਤੈਨੂੰ ਕਿਹੋ ਜਿਹਾ ਰੂਮ ਚਾਹੀਦੈ, ਤੂੰ ਘਰ ਆ ਜਾ ਜਿੱਦਾਂ ਦਾ ਕਹੇਂ ਰੂਮ ਬਣਵਾ ਲਵੀਂ।”

ਵਿਜੈ ਸੋਚ ਰਿਹਾ ਹੈ ਕਿ ਗੁੱਸੇ ਦਾ ਭਰਿਆ ਪੀਤਾ ਤਾਂ ਉਹ ਫਿਰ ਰਿਹਾ ਹੈ। ਬਲਜੀਤ ਦੀਆਂ ਦੱਸੀਆਂ ਗੱਲਾਂ ਵਾਲੀ ਭੜਾਸ ਹਾਲੇ ਉਸ ਦੇ ਮਨ ਵਿਚ ਹੀ ਹੈ ਪਰ ਉਹ ਉਸ ਦੀ ਸਿਹਤ ਦੇਖ ਚੁੱਪ ਰਹਿੰਦਾ ਹੈ। ਬਲਜੀਤ ਵੀ ਕਹਿਣ ਲਗਦੀ ਹੈ ਕਿ ਰੱਬ ਨੇ

ਉਸ ਨੂੰ ਸਜ਼ਾ ਦਿਤੀ ਹੋਈ ਹੈ। ਬਲਜੀਤ ਦਾ ਉਸ ਨੂੰ ਦੋ ਵਾਰ ਫੋਨ ਆ ਚੁੱਕਿਆ ਹੈ। ਮਿਲਣ ਲਈ ਕਹਿੰਦੀ ਹੈ ਪਰ ਵਿਜੈ ਨਾਂਹ ਕਰ ਦਿੰਦਾ ਹੈ। ਉਹ ਸੁਸ਼ਮਾ ਨੂੰ ਕਹਿੰਦਾ ਹੈ,

"ਚੱਲ ਤੈਨੂੰ ਬਾਹਰ ਧੁੱਪ ਵਿਚ ਘੁਮਾ ਕੇ ਲਿਆਵਾਂ।"

ਉਹ ਨਰਸਾਂ ਨੂੰ ਕਹਿ ਕੇ ਸੁਸ਼ਮਾ ਨੂੰ ਵੀਅਲ ਚੇਅਰ ਤੇ ਬਿਠਾਉਣ ਲਗਦਾ ਹੈ। ਤਾਇਆ ਗਾਰਡਨ ਵਿਚ ਬੈਠੇ ਇਕ ਮਰੀਜ਼ ਕੋਲ ਜਾ ਖੜਦਾ ਹੈ। ਵਿਜੈ ਵੀਅਲ ਚੇਅਰ ਨੂੰ ਬਾਹਰ ਲੈ ਆਉਂਦਾ ਹੈ। ਇਕ ਬੈਂਚ ਨੇੜੇ ਵੀਅਲ ਚੇਅਰ ਨੂੰ ਬਰੇਕਾਂ ਲਾ ਕੇ ਆਪ ਬੈਂਚ ਤੇ ਬੈਠ ਜਾਂਦਾ ਹੈ ਤੇ ਪੁੱਛਦਾ ਹੈ,

"ਕੀ ਪਰੋਬਲਮ ਆ ਤੇਰੀ, ਅਜ ਏਨੀ ਔਖੀ ਕਿਉਂ ਐਂ?"

"ਸ਼ਰਮਾ ਜੀ, ਇਹ ਨਰਸਾਂ ਵੀ ਤੇ ਡਾਕਟਰ ਵੀ ਮੇਰੇ ਨਾਲ ਏਦਾਂ ਡੀਲ ਕਰਦੇ ਆ ਜਿੱਦਾਂ ਮੈਂ ਬੱਚੀ ਹੋਵਾਂ!"

"ਤੇਰੀ ਬਿਮਾਰੀ ਅਜਿਹੀ ਐ, ਤੂੰ ਦੇਖਿਆ ਨਹੀਂ ਸਾਹਮਣੇ ਵਾਲੀ ਔਰਤ ਨਾਲ ਕਿੱਦਾਂ ਗੱਲਾਂ ਕਰਦੀਆਂ ਸੀ, ਇਹ ਇਹਨਾਂ ਦੀ ਜੌਬ ਦਾ ਹਿਸਾ ਐ।"

"ਉਹ ਔਰਤ ਬਾਰੇ ਤਾਂ ਉਹਦੇ ਘਰ ਦੇ ਵੀ ਇਦਾਂ ਗੱਲਾਂ ਕਰਦੇ ਆ ਜਿਦਾਂ ਉਹ ਕੋਈ ਡੈਡ ਬੌਡੀ ਹੋਵੇ!"

"ਏਦਾਂ ਹੀ ਹੁੰਦੀ ਐ, ਤੂੰ ਹੌਂਸਲਾ ਰੱਖ, ਠੀਕ ਹੋ ਜਾਊ ਸਭ, ਮੈਂ ਇੰਟਰਨੈੱਟ ਤੇ ਦੇਖਿਆ, ਬਹੁਤੇ ਲੋਕ ਸੌ ਫੀ ਸਦੀ ਠੀਕ ਹੋ ਜਾਂਦੇ ਆ। ਤੂੰ ਵੀ ਮੁੜ ਕੇ ਸਾਰੇ ਕੰਮ ਕਰਨ ਦੇ ਕਾਬਲ ਹੋ ਜਾਵੇਂਗੀ।"

ਤਾਇਆ ਉਹਨਾਂ ਕੋਲ ਆ ਖੜਦਾ ਹੈ। ਉਹ ਦਸਦਾ ਹੈ,

"ਇਹ ਔੜ ਵਾਲਾ ਪਾਖਰ ਸੂੰਹ ਆ, ਇਹਨੂੰ ਵੀ ਸੁਸ਼ਮਾ ਵਾਲਾ ਅਟੈਕ ਹੋ ਗਿਆ, ਦੋ ਮਹੀਨੇ ਹੋ ਗਏ ਇਥੇ ਆਇਆਂ, ਉਮਰ ਜ਼ਿਆਦਾ ਹੋਣ ਕਰਕੇ ਬਹੁਤਾ ਫਰਕ ਨਹੀਂ ਪੈ ਰਿਹਾ।"

ਇਕ ਪੋਰਟਰ ਉਹਨਾਂ ਕੋਲ ਆਉਂਦਾ ਹੈ। ਉਸ ਕੋਲ ਕੁਝ ਪੇਪਰ ਹਨ। ਉਹ ਆਖਦਾ ਹੈ,

"ਮਿਸਜ਼ ਸ਼ਰਮਾ, ਤੇਰਾ ਫਿਜ਼ੀਓਥੈਰੀਪੀ ਦਾ ਵਕਤ ਹੋ ਗਿਐ, ਫਿਜ਼ੀਓ ਤੇਰਾ ਇੰਤਜ਼ਾਰ ਕਰ ਰਹੀ ਐ।"

ਉਹ ਵੀਅਲ ਚੇਅਰ ਧੱਕਦਾ ਹੋਇਆ ਚਲੇ ਜਾਂਦਾ ਹੈ। ਵਿਜੈ ਤੇ ਤਾਇਆ ਘਰ ਨੂੰ ਤੁਰ ਪੈਂਦੇ ਹਨ। ਤਾਇਆ ਰਾਹ ਵਿਚ ਹਸਪਤਾਲ ਮੁਹਰੇ ਉਤਰ ਜਾਂਦਾ ਹੈ। ਉਹ ਹੁਣ ਸ਼ਾਮ ਤਕ ਤਾਈ ਪਾਸ ਠਹਿਰੇਗਾ। ਸ਼ਾਮੀਂ ਬੱਸ ਫੜ ਘਰ ਆ ਜਾਵੇਗਾ। ਬੱਸ ਸਿਧੀ ਹੀ ਆਉਂਦੀ ਹੈ। ਵਿਜੈ ਤਾਏ ਬਾਰੇ ਸੋਚਣ ਲਗਦਾ ਹੈ ਕਿ ਉਹ ਇਕੱਲਾ ਹੀ ਘਰ ਰਹੇਗਾ। ਵੈਸੇ ਤਾਂ ਉਸ ਨੂੰ ਪਤਾ ਹੈ ਕਿ ਤਾਇਆ ਆਲਸੀ ਨਹੀਂ ਹੈ ਇਸ ਲਈ ਉਸ ਦਾ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ ਹੈ। ਆਪਣੇ ਬਹੁਤੇ ਕੰਮ ਉਹ ਆਪ ਹੀ ਕਰਿਆ ਕਰਦਾ ਹੈ। ਰਾਤ ਨੂੰ ਰੋਟੀ ਉਹ ਖਾਂਦਾ ਨਹੀਂ, ਸਿਰਫ ਦੁੱਧ ਦਾ ਇਕ ਗਲਾਸ ਪੀਂਦਾ ਹੈ। ਸ਼ਾਮ ਨੂੰ ਜਿਹੜੀ ਚਾਹ ਪੀਂਦਾ ਹੈ ਉਹ ਦੁੱਧ ਵਿਚ ਪੱਤੀ ਹੀਂ ਹੁੰਦੀ ਹੈ ਇਵੇਂ ਹੀ ਇਕ ਵੱਡਾ ਗਲਾਸ ਚਾਹ ਦਾ ਸਵੇਰੇ। ਉਹ ਵੀ ਦੁੱਧ-ਚਾਹ ਦਾ ਹੀ। ਉਹ ਸਿਰਫ ਦੁਪਿਹਰ ਨੂੰ ਹੀ ਰੋਟੀ ਖਾਂਦਾ ਹੈ ਪਰ ਰੋਟੀ ਵਧੀਆ ਖਾਂਦਾ ਹੈ। ਹਰ ਰੋਜ਼ ਜ਼ੀਰੇ ਦੇ ਛਮਕੇ ਵਾਲੀ ਨਵੀਂ ਸਬਜ਼ੀ ਜਾਂ ਦਾਲ, ਥੋੜਾ ਘਿਓ ਪਾ ਕੇ। ਮੀਟ ਉਸ ਨੇ ਛੱਡ ਦਿਤਾ ਹੋਇਆ ਹੈ।

ਵਿਜੈ ਆਪਣਾ ਨਿਤ-ਨੇਮ ਇਕ ਵਾਰ ਫਿਰ ਬਦਲ ਲੈਂਦਾ ਹੈ। ਦੁਪਿਹਰ ਨੂੰ ਤਾਏ ਨੂੰ ਆਪਣੇ ਘਰ ਲੈ ਆਉਂਦਾ ਹੈ, ਚੰਨੀ ਉਹਨਾਂ ਨੂੰ ਰੋਟੀ ਬਣਾ ਦਿੰਦੀ ਹੈ। ਫਿਰ ਉਹ ਦੋਵੇਂ ਤਾਈ ਕੋਲ ਜਾਂਦੇ ਹਨ। ਉਥੋਂ ਉਠ ਵਿਜੈ ਆਪਣਾ ਕੋਈ ਕੰਮ ਕਰਦਾ ਹੈ ਜਾਂ ਫਿਰ ਸੁਸ਼ਮਾ ਕੋਲ ਜਾਂਦਾ ਹੈ। ਬੱਚਿਆਂ ਦੇ ਸਕੂਲ ਦੇ ਸਮੇਂ ਤੋਂ ਉਹ ਕਦੇ ਨਹੀਂ ਖੁੰਝਣਾਂ ਚਾਹੁੰਦਾ। ਤਾਇਆ ਕਹਿੰਦਾ ਹੈ,

"ਤੇਰੀ ਤਾਂ ਹੁਣ ਹਸਪਤਾਲ ਤੋਂ ਹਸਪਤਾਲ ਤਕ ਚੂਹਾ ਦੌੜ ਲਗ ਗਈ।"

"ਕੋਈ ਗੱਲ ਨਹੀਂ ਤਾਇਆ, ਇਹ ਵੀ ਇਕ ਤਜਰਬਾ ਹੀ ਸਹੀ, ਕੁਸ਼ ਨਾ ਕੁਸ਼ ਸਿਖਾਂਗਾ ਹੀ।"

ਕਹਿ ਕੇ ਵਿਜੈ ਹੱਸਦਾ ਹੈ। ਤਾਏ ਨੂੰ ਪਤਾ ਹੈ ਕਿ ਇਹ ਹਾਸਾ ਪੇਤਲਾ ਹੈ। ਉਹ ਮਨ ਹੀ ਮਨ ਵਿਜੈ ਦੇ ਹੌਂਸਲੇ ਦੀ ਦਾਦ ਦਿੰਦਾ ਹੈ। ਤਾਇਆ ਕਈ ਵਾਰ ਸੋਚਦਾ ਹੈ ਕਿ ਵਿਜੈ ਦੀ ਕੋਈ ਮਦਦ ਕਰੇ ਪਰ ਉਹ ਕੁਝ ਨਹੀਂ ਕਰ ਸਕਦਾ।

ਦੀਪਕ ਆਉਂਦਾ ਹੈ। ਹਸਪਤਾਲ ਆਪਣੀ ਮਾਂ ਨੂੰ ਮਿਲ ਕੇ ਵਾਪਸ ਚਲੇ ਜਾਂਦਾ ਹੈ। ਉਹ ਅਚਾਨਕ ਆਇਆ ਹੋਣ ਕਰਕੇ ਉਸ ਨੂੰ ਚੈੱਕ ਨਹੀਂ ਮਿਲ ਸਕਦਾ। ਚੈੱਕ ਵਿਜੈ ਰਾਹੀਂ ਹੀ ਮਿਲਣਾ ਹੈ ਪਰ ਵਿਜੈ ਆਪਣੇ ਕੰਮ ਲਈ ਸਾਊਥੈਂਪਟਨ ਗਿਆ ਹੋਇਆ ਹੈ। ਬੱਚੇ ਵੀ ਉਸ ਦੇ ਨਾਲ ਹਨ। ਦੀਪਕ ਰਾਤ ਨਹੀਂ ਰਹਿਣਾ ਚਾਹੁੰਦਾ। ਉਸ ਦੀ ਵਿਜੈ ਨਾਲ ਫੋਨ ਉਪਰ ਗੱਲਬਾਤ ਹੁੰਦੀ ਹੈ। ਦੀਪਕ ਨੂੰ ਹੁਣ ਯਕੀਨ ਹੈ ਕਿ ਹੁਣ ਉਸ ਨੂੰ ਪੈਸੇ ਮਿਲ ਜਾਣੇ ਹਨ। ਇਕ ਲੱਖ ਪੌਂਡ ਤੋਂ ਕੁਝ ਘਟ ਦੀ ਰਕਮ ਹੈ। ਤਾਏ ਨੇ ਪੂਰੀ ਰਕਮ ਦਾ ਚੈੱਕ ਲਿਖ ਕੇ ਵਿਜੈ ਨੂੰ ਦਿਤਾ ਹੋਇਆ ਹੈ। ਦੀਪਕ ਜਿਸ ਗੈਰਜ ਵਿਚ ਕੰਮ ਕਰ ਰਿਹਾ ਹੈ ਉਸ ਨੂੰ ਖਰੀਦਣ ਦੀ ਸਕੀਮ ਉਹ ਕਈ ਸਾਲਾਂ ਤੋਂ ਬਣਾਈ ਬੈਠਾ ਹੈ। ਇਕ ਦਿਨ ਵਿਜੈ ਨਾਲ ਸਮਾਂ ਤਹਿ ਕਰਕੇ ਉਹ ਆਉਂਦਾ ਹੈ। ਵਿਜੈ ਉਸ ਨੂੰ ਚੈੱਕ ਦਿੰਦਾ ਆਖਦਾ ਹੈ,

"ਦੀਪਕ, ਤਾਏ ਨੇ ਤੇਰੇ ਲਈ ਚੈੱਕ ਤਾਂ ਲਿਖ ਦਿਤਾ ਪਰ ਤੇਰੀ ਵੀ ਡਿਊਟੀ ਐ ਕਿ ਤੂੰ ਉਹਦੀ ਲੁਕ ਆਫਟਰ ਕਰੇਂ, ਹੁਣ ਉਹ ਓਲਡ ਹੋ ਗਿਆ।"

"ਡੈਡੀ ਮੈਨੂੰ ਲਾਈਕ ਨੀਂ ਕਰਦਾ, ਦੇਖਣਾ ਨਹੀਂ ਮੰਗਦਾ, ਐਂਡ ਆਏ ਨੋਅ, ਯੂ ਆਰ ਹਿਜ਼ ਰੀਅਲ ਸਨ, ਯੂ ਸ਼ੁੱਡ ਲੁਕ ਆਫਟਰ ਹਿੱਮ।"

ਦੀਪਕ ਵਿਅੰਗ ਨਾਲ ਬੋਲਦਾ ਹੈ। ਵਿਜੈ ਉਸ ਵਲ ਦੇਖਦਾ ਰਹਿ ਜਾਂਦਾ ਹੈ। ਉਹ ਆਪਣੇ ਤੇ ਕਾਬੂ ਪਾਉਂਦਾ ਕਹਿੰਦਾ ਹੈ,

"ਜੇ ਮੈਂ ਰੀਅਲ ਸਨ ਹੁੰਦਾ ਤਾਂ ਇਸ ਹੰਡਰਡ ਗਰਾਂਡ ਵਿਚ ਮੇਰਾ ਵੀ ਹਿੱਸਾ ਹੁੰਦਾ।"

"ਤੇਰਾ ਸ਼ੇਅਰ ਹੈਗਾ, ਦੂਜਾ ਹਾਊਸ ਤੇ ਡੈਡ ਦਾ ਹੋਰ ਕੈਸ਼।"

ਦੀਪਕ ਬੇਰੁਖੀ ਨਾਲ ਆਖਦਾ ਤੁਰ ਜਾਂਦਾ ਹੈ। ਵਿਜੈ ਇਵੇਂ ਖੜਾ ਹੈ ਜਿਵੇਂ ਠਗਿਆ ਗਿਆ ਹੋਵੇ। ਜਿਹੜਾ ਵੀ ਉਠਦਾ ਹੈ ਉਸ ਨੂੰ ਇਹੋ ਗੱਲ ਕਹਿੰਦਾ ਹੈ। ਕੁਝ ਪਲਾਂ ਲਈ ਉਸ ਨੂੰ ਗੁੱਸਾ ਜਿਹਾ ਆਉਂਦਾ ਹੈ, ਤਾਏ ਤੇ ਵੀ ਤੇ ਆਪਣੀ ਮਾਂ ਤੇ ਵੀ। ਫਿਰ ਆਪਣੇ ਆਪ ਤਸੱਲੀ ਦੇਣ ਲਗਦਾ ਹੈ ਕਿ ਇਹ ਸੱਚ ਨਹੀਂ ਹੈ, ਘੜੀ ਹੋਈ ਗੱਲ ਹੈ। ਉਹ ਫਿਰ ਸੋਚਦਾ ਹੈ ਕਿ ਜੇ ਉਹ ਸੱਚ ਹੀ ਤਾਏ ਦਾ ਪੁੱਤਰ ਹੈ ਤਾਂ ਤਾਏ ਦੇ ਸਾਰੇ ਦਾ ਸਾਰੇ ਪੱਖਾਂ ਤੋਂ ਹੀ ਧਿਆਨ ਰੱਖਣ ਦੀ ਲੋੜ ਹੈ। ਇਹ ਪੈਸੇ ਵੀ ਦੀਪਕ ਨੂੰ ਨਹੀਂ ਸੀ ਦਿਤੇ ਜਾਣੇ ਚਾਹੀਦੇ। ਫਿਰ ਉਹ ਆਪਣੇ ਆਪ ਨੂੰ ਕਹਿਣ ਲਗਦਾ ਹੈ ਕਿ ਦੀਪਕ ਨੇ ਵੀ ਤਾਈ ਦੇ ਗੁੱਸੇ ਵਿਚੋਂ ਹੀ ਇਹ ਗੱਲ ਫੜੀ ਹੋਵੇਗੀ, ਉਹ ਤਾਏ ਦਾ ਪੁੱਤਰ ਹੋ ਹੀ ਨਹੀਂ ਸਕਦਾ। ਉਹ ਜਦ ਵੀ ਇੰਡੀਆ ਜਾਂਦਾ ਹੈ ਤਾਂ ਬਹਾਨੇ ਬਹਾਨੇ ਆਪਣੀ ਮਾਂ ਨੂੰ ਪੁੱਛਣ ਲਗਦਾ ਹੈ ਕਿ ਉਸ ਦਾ ਵਿਆਹ ਕਿਹੜੇ ਮਹੀਨੇ ਹੋਇਆ ਤੇ ਤਾਇਆ ਕਿਹੜੇ ਸਾਲ ਇੰਗਲੈਂਡ ਆਇਆ। ਇਹ ਸਾਰੀ ਗਿਣਤੀ ਮਿਣਤੀ ਅਨੁਸਾਰ ਉਹ ਤਾਏ ਦਾ ਪੁੱਤਰ ਨਹੀਂ ਹੋ ਸਕਦਾ। ਹੁਣ ਤਾਂ ਉਹ ਇਸ ਬਾਰੇ ਇੰਨੀ ਵਾਰ ਸੋਚ ਚੁੱਕਾ ਹੈ ਕਿ ਇਹ ਗੱਲ ਉਸ ਨੂੰ ਬਹੁਤਾ ਤੰਗ ਨਹੀਂ ਕਰਦੀ।

ਤਾਈ ਘਰ ਆ ਜਾਂਦੀ ਹੈ। ਉਹ ਪੂਰੀ ਤਰ੍ਹਾਂ ਠੀਕ ਤਾਂ ਨਹੀਂ ਪਰ ਪਹਿਲਾਂ ਨਾਲੋਂ ਬਹੁਤ ਬਿਹਤਰ ਹੈ। ਤਾਈ ਦੇ ਆਉਣ ਨਾਲ ਉਸ ਨੂੰ ਇਕ ਵੱਡੀ ਰਾਹਤ ਮਿਲਦੀ ਹੈ।

## ਛੱਤੀ

ਮਿਹਰ ਉਸ ਨੂੰ ਮਿਲਣ ਆਉਂਦਾ ਹੈ। ਉਸ ਦੀ ਪਤਨੀ ਗੋਮਤੀ ਤੇ ਦੋਵੇਂ ਬੱਚੇ ਵੀ ਨਾਲ ਹਨ। ਉਹ ਸਾਰੇ ਸੁਸ਼ਮਾ ਨੂੰ ਦੇਖਣ ਜਾਂਦੇ ਹਨ। ਰਾਤ ਉਹਨਾਂ ਨੇ ਇਥੇ ਹੀ ਰਹਿਣਾ ਹੈ। ਸ਼ਾਮ ਨੂੰ ਉਹ ਸੀ-ਫਰੰਟ ਤੇ ਜਾਂਦੇ ਹਨ। ਮਿਹਰ ਦੇ ਬੱਚੇ ਸਮੁੰਦਰ ਦੇਖ ਕੇ ਚਾਮ੍ਹਲ ਰਹੇ ਹਨ। ਪੀਅਰਜ਼ ਤੇ ਜਾ ਕੇ ਬੱਚੇ ਰਲ ਕੇ ਰਾਈਡਾਂ ਲੈਣ ਲਗਦੇ ਹਨ। ਗੋਮਤੀ ਬੱਚਿਆਂ ਦੇ ਨਾਲ ਨਾਲ ਹੈ। ਮਿਹਰ ਕਹਿੰਦਾ ਹੈ,

"ਭਾਈ ਸਾਹਿਬ, ਇਕ ਜ਼ਾਤੀ ਜਿਹਾ ਸਵਾਲ ਪੁੱਛਾਂ? ਬੁਰਾ ਲਗੇ ਤਾਂ ਛੋਟਾ ਭਰਾ ਸਮਝ ਕੇ ਮੁਆਫ ਕਰ ਦੇਣਾ।"

"ਪੁੱਛ ਯਾਰ, ਜੋ ਮਰਜ਼ੀ ਪੁੱਛ, ਜਾਹ ਤੈਨੂੰ ਪਹਿਲਾਂ ਈ ਮੁਆਫ ਕਰ ਦਿਤਾ।"

"ਤੁਹਾਡੀ ਲਵ ਲਾਈਫ ਕਿਵੇਂ ਏ?"

ਵਿਜੈ ਉਸ ਵਲ ਦੇਖਦਾ ਹੈ ਤੇ ਇਕ ਪਲ ਦੇਖਦਾ ਰਹਿੰਦਾ ਹੈ ਤੇ ਫਿਰ ਹੱਸਣ ਲਗਦਾ ਹੈ। ਪੂਰੇ ਜ਼ੋਰ ਨਾਲ ਹੱਸਦਾ ਹੈ। ਫਿਰ ਕਹਿੰਦਾ ਹੈ,

"ਤੈਨੂੰ ਲਗਦੈ ਕਿ ਮੈਂ ਔਰਤਬਾਜ਼ ਆਦਮੀ ਆਂ?"

"ਨਹੀਂ ਲਗਦੇ ਇਸੇ ਲਈ ਤਾਂ ਪੁੱਛਦਾਂ, ਜੇ ਮੈਨੂੰ ਹੁੰਦਾ ਕਿ ਤੁਸੀਂ ਤੀਵੀਂਬਾਜ਼ ਓ ਤਾਂ ਮੈਂ ਪੁੱਛਣਾ ਹੀ ਨਹੀਂ ਸੀ, ਮੈਨੂੰ ਪਤਾ ਹੋਣਾ ਸੀ ਕਿ ਤੁਸੀਂ ਕਿਤੇ ਨਾ ਕਿਤੇ ਕੁੰਡੀ ਅੜਾਈ ਹੋਣੀਂ ਆਂ। ਹੁਣ ਦੱਸੋ ਕਿ ਕੋਈ ਸਹੇਲੀ ਵੀ ਰੱਖੀ ਹੋਈ ਏ ਕਿ ਨਹੀਂ?"

"ਨਹੀਂ ਬਈ ਕੋਈ ਸਹੇਲੀ ਨਹੀਂ, ਮੈਂ ਇਹਦੇ ਬਾਰੇ ਸੋਚਦਾ ਈ ਨਹੀਂ।"

ਆਖਦਾ ਹੋਇਆ ਉਹ ਬਲਜੀਤ ਵਾਲੀ ਕਹਾਣੀ ਸੁਣਾ ਦਿੰਦਾ ਹੈ ਕਿ ਉਹ ਕਿਵੇਂ ਉਹ ਤਿਆਰ ਬਰ ਤਿਆਰ ਹੈ। ਕਿੰਨੀ ਵਾਰੀ ਫੋਨ ਕਰ ਚੁੱਕੀ ਹੈ। ਮਿਹਰ ਆਖਦਾ ਹੈ,

"ਇਹਦਾ ਮਤਲਵ ਕਿ ਖੀਰ ਸਾਹਮਣੇ ਪਈ ਏ ਤੁਸੀਂ ਖਾਣਾ ਈ ਨਹੀਂ ਚਾਹੁੰਦੇ।"

"ਇੱਦਾਂ ਈ ਕਹਿ ਲਓ।"

"ਭਾਈ ਸਾਹਿਬ, ਮੈਂ ਤਾਂ ਸੁਣਿਆਂ ਕਿ ਪੰਡਤ ਖੀਰ ਨੂੰ ਭੱਜ ਕੇ ਪੈਂਦੇ ਨੇ!"

ਵਿਜੈ ਫਿਰ ਖੁਲ੍ਹ ਕੇ ਹੱਸਦਾ ਹੈ ਤੇ ਪੁੱਛਦਾ ਹੈ,

"ਤੈਨੂੰ ਮੇਰੀ ਲਵ ਲਾਈਫ ਦੀ ਇੰਨੀ ਚਿੰਤਾ ਕਿਉਂ ਐ?"

"ਤੁਸੀਂ ਮੇਰੇ ਵੱਡੇ ਭਰਾ ਓ ਤੇ ਇਸ ਵੇਲੇ ਬਹੁਤ ਪਰੈਸ਼ਰ ਵਿਚ ਓ, ਮੈਨੂੰ ਤੁਹਾਡੀ ਬਹੁਤ ਚਿੰਤਾ ਏ। ਮੈਨੂੰ ਪਤਾ ਏ ਕਿ ਕਿਸੇ ਵੀ ਪਰੈਸ਼ਰ ਨੂੰ ਈਜ਼ ਕਰਨ ਲਈ ਤਿੰਨ ਐਸ਼ਾਂ ਦੀ ਲੋੜ ਹੁੰਦੀ ਹੈ। ਜੇ ਤਿੰਨੋ ਐਸ਼ਾਂ ਮਿਲ ਜਾਣ ਤਾਂ ਬੰਦਾ ਹਰ ਦੁੱਖ ਤਕਲੀਫ ਵਿਚੋਂ ਦੀ

ਨਿਕਲ ਜਾਂਦਾ ਏ, ਜੇ ਦੋ ਨਹੀਂ ਤਾਂ ਪਰੈਸ਼ਰ ਵਿਚ ਬੰਦੇ ਕੋਲ ਇਕ ਐੱਸ ਜ਼ਰੂਰ ਹੋਣੀ ਚਾਹੀਦੀ ਏ, ਨਹੀਂ ਤਾਂ ਓਸ ਬੰਦੇ ਦਾ ਰੱਬ ਹੀ ਰਾਖਾ ਏ।"

"ਕਿਹੜੀਆਂ ਤਿੰਨ ਐੱਸਾਂ ਦੀ ਗੱਲ ਕਰਦਾਂ?"

"ਐੱਸ ਫੌਰ ਸਿਗਰੇਟ, ਐੱਸ ਫੌਰ ਸ਼ਰਾਬ, ਐੱਸ ਫੌਰ ਸੈਕਸ ਤੇ ਭਾਈ ਸਾਹਿਬ ਤੁਹਾਡੇ ਕੋਲ ਇਹ ਤਿੰਨੋ ਹੈ ਨਹੀਂ! ਸਿਗਰੇਟ ਤੁਸੀਂ ਪੀਂਦੇ ਨਹੀਂ। ਸ਼ਰਾਬ ਦੀ ਲਿਮਿਟ ਤੁਹਾਡੀ ਇਕ ਜਾਂ ਦੋ ਗਲਾਸ ਨੇ ਤੇ ਸੈਕਸ ਬਾਰੇ ਤੁਸੀਂ ਦਸ ਈ ਦਿਤਾ। ਸੋ ਮੇਰੀ ਮੰਨੋ ਤਾਂ ਬਲਜੀਤ ਵਾਲੀ ਖੀਰ ਖਾ ਲਓ।"

"ਯਾਰ, ਓਹ ਮੇਰੇ ਟਾਈਪ ਦੀ ਤੀਵੀਂ ਨਹੀਂ।"

"ਤੁਸੀਂ ਵਿਆਹ ਕਰਾਉਣਾਂ? ...ਇਹ ਤਾਂ ਸਿਰਫ ਰਿਲੈਕਸ ਹੋਣ ਦਾ ਤਰੀਕਾ ਏ।"

"ਨਹੀਂ, ਮੈਨੂੰ ਉਹ ਔਰਤ ਅਪੀਲ ਨਹੀਂ ਕਰਦੀ।"

"ਚਲੋ, ਉਹ ਨਾ ਸਹੀ, ਜਿਹੜੀ ਔਰਤ ਘਰ ਕੰਮ ਕਰਨ ਆਉਂਦੀ ਏ, ਉਹਦੇ ਬਾਰੇ ਕੀ ਖਿਆਲ ਏ?"

"ਉਹ ਤਾਂ ਯਾਰ ਹੱਡੀਆਂ ਈ ਹੱਡੀਆਂ।"

"ਹੱਡੀ ਚਰੂੰਡਣ ਦਾ ਆਪਣਾ ਈ ਮਜ਼ਾ ਹੁੰਦਾ ਏ।"

ਉਹਨਾਂ ਦੀ ਗੱਲ ਵਿਚਕਾਰ ਹੀ ਹੈ ਕਿ ਗੋਮਤੀ ਤੇ ਬੱਚੇ ਆ ਜਾਂਦੇ ਹਨ। ਉਹ ਹੋਰ ਰਾਈਡਾਂ ਨਹੀਂ ਲੈਣੀਆਂ ਚਾਹੁੰਦੇ। ਹਵਾ ਕੁਝ ਤੇਜ਼ ਚੱਲਣ ਲਗ ਪਈ ਹੈ ਇਸ ਲਈ ਉਹ ਵਾਪਸ ਜਾਣਾ ਚਾਹੁੰਦੇ ਹਨ। ਰੋਟੀ ਖਾਣ ਤੋਂ ਪਹਿਲਾਂ ਮਿਹਰ ਆਖਦਾ ਹੈ,

"ਭਾਈ ਸਾਹਿਬ, ਬੀਅਰ ਨਹੀਂ ਪਿਲਾਓਗੇ ਕਿਸੇ ਪੱਬ ਵਿਚ।"

"ਕਿਉਂ ਨਹੀਂ ਯਾਰ, ਮੈਨੂੰ ਤਾਂ ਆਪ ਬਹੁਤ ਦੇਰ ਹੋ ਗਈ ਪੱਬ ਗਏ ਨੂੰ।"

ਉਹ ਹੁਸ਼ਿਆਰ ਨੂੰ ਉਸ ਦੇ ਮੁਬਾਈਲ ਤੇ ਫੋਨ ਕਰਦਾ ਹੈ। ਉਹ ਕੰਮ ਤੇ ਹੈ ਪਰ ਜਦ ਵਿਜੈ ਪੱਬ ਚਲਣ ਦੀ ਗੱਲ ਕਰਦਾ ਹੈ ਤਾਂ ਉਹ ਕਹਿੰਦਾ ਹੈ,

"ਪੀਅਰਜ਼ ਵਾਲੇ ਪੱਬ ਵਿਚ ਈ ਪੁੱਜ ਜਾਓ, ਮੈਂ ਵੀਹ ਕੁ ਮਿੰਟ ਵਿਚ ਪੈਸੰਜਰ ਲਾਹ ਕੇ ਆ ਜਾਨਾਂ।"

ਗੱਲਬਾਤ ਤੋਂ ਮਿਹਰ ਸਮਝ ਜਾਂਦਾ ਹੈ ਕਿ ਹੁਸ਼ਿਆਰ ਵਿਜੈ ਦਾ ਖਾਸ ਦੋਸਤ ਹੈ ਜਿਸ ਨਾਲ ਦਿਲ ਦੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਪੱਬ ਵਿਚ ਬੈਠ ਮਿਹਰ ਫਿਰ ਸ਼ਾਮ ਵਾਲੀ ਗੱਲ ਫੜ ਲੈਂਦਾ ਹੈ। ਉਹ ਹੁਸ਼ਿਆਰ ਨੂੰ ਤਿੰਨ ਐੱਸਾਂ ਵਾਲੀ ਗੱਲ ਦਸਦਾ ਆਖਦਾ ਹੈ,

"ਭਾਈ ਸਾਹਿਬ ਤੁਸੀਂ ਦੱਸੋ ਕਿ ਇਹਨਾਂ ਨੂੰ ਆਪਣਾ ਪਰੈਸ਼ਰ ਘਟਾਉਣ ਲਈ ਕੁਝ ਕਰਨਾ ਚਾਹੀਦੈ ਕਿ ਨਹੀਂ?"

"ਸ਼ਰਮਿਆਂ, ਗੱਲ ਤਾਂ ਬਈ ਮਿਹਰ ਸੂੰਹ ਦੀ ਸਹੀ ਆ ਪਰ ਮੈਨੂੰ ਤਾਂ ਲਗਦਾ ਕਿ ਤੁਹਾਡੇ ਪਿੰਡ ਦੀ ਝੀਰਾਂ ਦੀ ਕੁੜੀ, ਕੀ ਨਾਂ ਉਹਦਾ, ਤੇਰੇ ਕੋਲ ਉਹ ਹੈਗੀ ਆ।"

"ਨਹੀਂ ਭਾਅ, ਉਹ ਤਾਂ ਸਾਡੇ ਪਿੰਡ ਦੀ ਕੁੜੀ ਐ।"

"ਪਹਿਲਾ ਇਸ਼ਕ ਤਾਂ ਆਪਾਂ ਆਪਣੇ ਪਿੰਡਾਂ ਦੀਆਂ ਕੁੜੀਆਂ ਨਾਲ਼ ਈ ਕਰਿਆ ਕਰਦੇ ਆਂ।"

"ਨਹੀਂ, ਨਹੀਂ ਭਾਅ, ਏਦਾਂ ਦੀ ਕੋਈ ਗੱਲ ਨਹੀਂ।"

"ਮੈਂ ਤੇਰੀ ਕਾਰ ਤਾਂ ਕਈ ਵਾਰ ਉਹਦੇ ਘਰ ਦੇ ਬਾਹਰ ਖੜੀ ਦੇਖੀ ਆ।"

"ਭਾਅ, ਬੜੀ ਸੀ ਆਈ ਡੀ ਕਰਦਾਂ!"

"ਟੈਕਸੀ ਡਰਾਈਵਰ ਆਂ, ਥਾਂ ਥਾਂ ਦੀ ਖਾਕ ਛਾਣੀਦੀ ਆ।"

"ਮੈਂ ਕਈ ਵਾਰ ਚਲੇ ਜਾਨਾਂ ਉਹਦੇ ਘਰ, ਕਈ ਵਾਰ ਬੱਚਿਆਂ ਨੂੰ ਲੈ ਕੇ, ਕਦੇ ਕਿਸੇ ਹੋਰ ਮਦਦ ਕਰਨ ਪਰ ਉਹ ਮੇਰੇ ਪਿੰਡ ਦੀ ਕੁੜੀ ਐ, ਮੈਂ ਕਦੇ ਵੀ ਏਦਾਂ ਨਹੀਂ ਸੋਚ ਸਕਦਾ।"

"ਸ਼ਰਮਿਆਂ ਸੋਚ, ਕੁਸ਼ ਸੋਚ, ਨਹੀਂ ਤਾਂ ਮਾਰਿਆ ਜਾਵੇਂਗਾ, ਮਿਹਰ ਸੂੰਹ ਬਿਲਕੁਲ ਠੀਕ ਕਹਿੰਦਾ।"

ਵਿਜੈ ਨੂੰ ਓਹਨਾਂ ਦੀਆਂ ਗੱਲਾਂ ਚੰਗੀਆਂ ਲਗ ਰਹੀਆਂ ਹਨ ਪਰ ਭਾਗੀ ਵਾਲੀ ਗੱਲ ਉਸ ਨੂੰ ਪਸੰਦ ਨਹੀਂ ਆਉਂਦੀ। ਭਾਗੀ ਨਾਲ ਉਹ ਕਾਫੀ ਖੁਲ੍ਹ ਲੈ ਲੈਂਦਾ ਹੈ ਪਰ ਇਵੇਂ ਸੋਚਣਾ ਨਹੀਂ ਚਾਹੁੰਦਾ। ਮਿਹਰ ਆਖਦਾ ਹੈ,

"ਚਲੋ ਭਾਈ ਸਾਹਿਬ, ਇਕ ਗੱਲ ਹੋਰ ਦੱਸੋ, ਵੈਸੇ ਤਾਂ ਤੁਸੀ ਫਿੱਟ ਓ ਨਾ?"

ਵਿਜੈ ਫਿਰ ਹੱਸਣ ਲਗਦਾ ਹੈ। ਉਸ ਨੂੰ ਮਿਹਰ ਦੀਆਂ ਗੱਲਾਂ ਜ਼ਰਾ ਕੁ ਅਜੀਬ ਲਗ ਰਹੀਆਂ ਹਨ। ਉਹ ਪੁੱਛਦਾ ਹੈ,

"ਤੂੰ ਇਹ ਕਿਵੇਂ ਸੋਚ ਲਿਆ?"

"ਉਹ ਏਸ ਤਰ੍ਹਾਂ ਕਿ ਤੁਹਾਨੂੰ ਏ ਬਲੱਡ ਪਰੈਸ਼ਰ, ਤੇ ਬਲੱਡ ਪਰੈਸ਼ਰ ਦੀ ਦਵਾਈ ਖਾਂਦਿਆਂ ਕਦੇ ਕਦੇ ਇਹ ਮੁਸ਼ਕਲ ਪੈ ਜਾਂਦੀ ਏ।"

"ਮਿਹਰ ਸਿਆਂ, ਏਨੀ ਵੀ ਨਹੀਂ ਪੈਂਦੀ, ਮੈਂ ਸਾਰੀ ਉਮਰ ਇਹ ਗੋਲ਼ੀਆਂ ਖਾਦਿਆਂ ਈ ਕਈ ਕੰਧਾਂ ਟੱਪੀਆਂ।"

ਹੁਸ਼ਿਆਰ ਵਿਜੈ ਤੋਂ ਪਹਿਲਾਂ ਬੋਲਦਾ ਹੈ। ਉਸ ਨੂੰ ਆਪਣਾ ਫਿਕਰ ਪੈ ਜਾਂਦਾ ਹੈ ਕਿ ਮਿਹਰ ਦੀ ਥਿਊਰੀ ਉਸ ਵਿਚ ਹੀ ਨਾ ਕੋਈ ਨੁਕਸ ਕੱਢ ਮਾਰੇ। ਉਹ ਕਾਫੀ ਦੇਰ ਤਕ ਪੱਬ ਵਿਚ ਬੈਠੇ ਰਹਿੰਦੇ ਹਨ। ਵਿਜੈ ਆਮ ਨਾਲੋਂ ਜ਼ਿਆਦਾ ਬੀਅਰ ਪੀ ਜਾਂਦਾ ਹੈ। ਥੋੜਾ ਕੁ ਸ਼ਰਾਬੀ ਜਿਹਾ ਵੀ ਹੋ ਜਾਂਦਾ ਹੈ। ਮਿਹਰ ਵੀ ਨਸ਼ੇ ਵਿਚ ਹੈ। ਵਾਪਸ ਮੁੜਦਿਆਂ ਉਹ ਵਿਜੈ ਨੂੰ ਪੁੱਛਦਾ ਹੈ,

“ਭਾਈ ਸਾਹਿਬ, ਇਕ ਗੱਲ ਦੱਸੋ, ਤੁਸੀਂ ਭਰਜਾਈ ਨੂੰ ਕਿੰਨਾ ਕੁ ਮਿਸ ਕਰਦੇ ਓ?”

“ਬਹੁਤਾ ਨਹੀਂ।”

“ਤੁਹਾਡੇ ਆਪਸ ਵਿਚ ਸਬੰਧ ਕਿਹੋ ਜਿਹੇ ਨੇ?”

“ਸੁਖਾਵੇਂ, ਬਿਲਕੁਲ ਸੁਖਾਵੇਂ।”

“ਲਗਦਾ ਨਹੀਂ, ਜਿੰਨੇ ਤੁਸੀਂ ਸਹਿਜ ਤੁਰੇ ਫਿਰਦੇ ਓ ਲਗਦਾ ਏ ਕਿ ਹੇਠਾਂ ਦੂਰ ਕਿਧਰੇ ਕੁਝ ਗੜਬੜ ਏ ਜਿਹੜੀ ਤੁਹਾਨੂੰ ਬਚਾਈ ਜਾਂਦੀ ਏ।”

“ਮੈਂ ਸਮਝਿਆ ਨਹੀਂ।”

“ਜੇ ਤੁਹਾਡਾ ਬਹੁਤਾ ਗੂੜ੍ਹਾ ਪਿਆਰ ਹੋਵੇ ਤਾਂ ਸਾਥੀ ਦੇ ਬਿਮਾਰ ਹੋਣ ਨਾਲ ਬੰਦਾ ਜ਼ਿਆਦਾ ਟੁੱਟ ਜਾਂਦਾ।”

“ਤੂੰ ਤੇ ਬਈ ਕੋਈ ਸਾਇਕੌਲੌਜਿਸਟ ਲਗਦੈਂ!”

“ਮੇਰੇ ਭਰਾ ਦੀ ਵਾਈਫ ਬਿਮਾਰ ਰਹੀ ਏ ਸਾਲ ਭਰ, ਮੇਰੇ ਭਰਾ ਦੇ ਵੀ ਇਵੇਂ ਹੀ ਦੋ ਬੱਚੇ ਨੇ, ਅਸੀਂ ਸਾਰਾ ਪਰਿਵਾਰ ਉਸ ਦੇ ਨਾਲ ਸਾਂ ਪਰ ਫਿਰ ਵੀ ਉਹ ਇਵੇਂ ਤੜਫਦਾ ਸੀ ਕਿ ਦੇਖਿਆ ਨਹੀਂ ਜਾਂਦਾ।”

“ਨਹੀਂ ਮਿਹਰ ਭਾਈ, ਮੇਰੇ ਅੰਦਰ ਕੀ ਐ ਇਹ ਤਾਂ ਮੈਨੂੰ ਈ ਪਤਾ।”

“ਹਾਂ, ਕਈ ਵਾਰ ਇਵੇਂ ਵੀ ਹੁੰਦੀ ਏ ਕਿ ਕਈ ਲੋਕ ਉਂਗਲ ਨੂੰ ਖ਼ੂਨ ਲਾ ਕੇ ਈ ਸ਼ਹੀਦ ਬਣੇ ਫਿਰਦੇ ਹੁੰਦੇ ਨੇ।”

ਮਿਹਰ ਦਾ ਇਸ਼ਾਰਾ ਆਪਣੇ ਭਰਾ ਵਲ ਹੈ। ਉਹ ਤਾਂ ਅਗਲੇ ਦਿਨ ਚਲੇ ਜਾਂਦਾ ਹੈ ਪਰ ਵਿਜੈ ਲਈ ਕਈ ਸਵਾਲ ਖੜੇ ਕਰ ਜਾਂਦਾ ਹੈ। ਪਹਿਲਾਂ ਤਾਂ ਉਹ ਇਹੋ ਹੀ ਸੋਚਦਾ ਜਾ ਰਿਹਾ ਹੈ ਕਿ ਸੁਸ਼ਮਾ ਦੀ ਬਿਮਾਰੀ ਕਾਰਨ ਉਹ ਇੰਨਾ ਉਦਾਸ ਕਿਉਂ ਨਹੀਂ ਹੈ ਜਿੰਨੇ ਉਦਾਸ ਹੋਣ ਦੀਆਂ ਆਸਾਂ ਲੋਕ ਰਖਦੇ ਹਨ। ਕੀ ਹੋਰ ਲੋਕ ਵੀ ਮਿਹਰ ਵਾਂਗ ਸੋਚਦੇ ਹੋਣਗੇ। ਸੁਸ਼ਮਾ ਦੀ ਬਿਮਾਰੀ ਦੇ ਅਸਰ ਦਾ ਲੋਕਾਂ ਕੋਲ ਕਿਹੋ ਜਿਹਾ ਇਜ਼ਹਾਰ ਕਰਨਾ ਚਾਹੀਦਾ ਹੈ। ਕੀ ਲੋਕ ਉਸ ਨੂੰ ਟੁੱਟੇ ਹੋਏ ਨੂੰ ਦੇਖਣਾ ਚਾਹੁੰਦੇ ਹਨ। ਫਿਰ ਉਹ ਸੋਚਣ ਲਗਦਾ ਹੈ ਕਿ ਉਸ ਦਾ ਨਿੱਜੀ ਮਸਲਾ ਹੈ। ਪਤਨੀ ਉਸ ਦੀ ਬਿਮਾਰ ਹੈ, ਮੁਸੀਬਤਾਂ ਨਾਲ ਉਹ ਜੂਝ ਰਿਹਾ ਹੈ ਤੇ ਲੋਕ ਕੌਣ ਹੁੰਦੇ ਹਨ ਉਹਦੇ ਬਾਰੇ ਫੈਸਲੇ ਕਰਨ ਵਾਲੇ। ਦੂਜਾ ਸਵਾਲ ਮਿਹਰ ਇਹ ਖੜਾ ਕਰ ਜਾਂਦਾ ਹੈ ਕਿ ਕੀ ਹੁਣ ਉਸ ਨੂੰ ਕਿਸੇ ਔਰਤ ਦੇ ਸਾਥ ਦੀ ਜ਼ਰੂਰਤ ਹੈ। ਉਸ ਨੂੰ ਮਹਿਸੂਸ ਹੋਣ ਲਗ ਪੈਂਦਾ ਹੈ ਕਿ ਉਸ ਨੂੰ ਔਰਤ ਦੇ ਸਾਥ ਦੀ ਲੋੜ ਹੈ। ਬਰਫੀ ਵਾਲਾ ਉਸ ਦਾ ਸੁਫਨਾ ਮੁੜ ਸਾਹ ਲੈਣ ਲਗਦਾ ਹੈ।

ਅਗਲੀ ਸਵੇਰ ਚੰਨੀ ਕੰਮ ਤੇ ਆਉਂਦੀ ਹੈ। ਉਹ ਉਸ ਵਲ ਧਿਆਨ ਨਾਲ ਦੇਖਣ ਲਗਦਾ ਹੈ। ਹੈ ਤਾਂ ਉਹ ਹੱਡੀਆਂ ਦੀ ਮੁੱਠ ਹੀ। ਬੈਠਣ ਵੇਲੇ ਵੀ ਉਸ ਦੀ ‘ਹਾਏ’ ਨਿਕਲਦੀ ਹੈ ਤੇ ਖੜਨ ਵੇਲੇ ਵੀ, ਵੈਸੇ ਉਹ ਜਵਾਨ ਹੈ। ਗੋਰਿਆਂ ਦੀ ਕਹਾਵਤ ਹੈ ਕਿ ਮੀਟ ਇਜ਼ ਸਵੀਟਰ ਕਲੋਜ਼ਰ ਟੂ ਬੋਨਜ਼। ਉਹ ਤੁਰੀ ਫਿਰਦੀ ਚੰਨੀ ਨੂੰ ਦੇਖਣ ਲਗਦਾ ਹੈ। ਉਹ ਆਪਣੇ ਬੈਠਣ ਵਾਲੀ ਜਗਾਹ ਦੇ ਸਾਹਮਣੇ ਇਕ ਸ਼ੀਸ਼ਾ ਅਜਿਹੀ ਥਾਂ ਰੱਖ ਲੈਂਦਾ ਹੈ ਕਿ ਰਸੋਈ ਵਿਚ ਕੰਮ ਕਰਦੀ ਚੰਨੀ ਉਸ ਨੂੰ ਦਿਸਦੀ ਰਹੇ। ਚੰਨੀ ਸਮਝ ਜਾਂਦੀ ਹੈ। ਉਹ ਕਿਸੇ ਬਹਾਨੇ ਨਾਲ ਆ ਕੇ ਸ਼ੀਸ਼ਾ ਘੁਮਾ ਜਾਂਦੀ ਹੈ। ਵਿਜੈ ਡਰ ਜਾਂਦਾ ਹੈ ਕਿ ਕਿਤੇ ਚੰਨੀ ਕੰਮ ਹੀ ਨਾ ਛੱਡ ਜਾਵੇ। ਉਸ ਵਰਗੀ ਵਿਸ਼ਵਾਸ਼ ਵਾਲੀ ਕੰਮ ਵਾਲੀ ਔਰਤ ਮੁੜ ਕੇ ਨਹੀਂ ਮਿਲਣੀ। ਉਸ ਦੀ ਵਿਜੈ ਨੂੰ ਕਾਫੀ ਮਦਦ ਹੈ। ਉਸ ਬਿਨਾਂ ਘਰ ਚਲਣਾ ਮੁਸ਼ਕਲ ਹੋ ਜਾਵੇਗਾ। ਘਰ ਦੀ ਸਫਾਈ ਕੌਣ ਕਰੇਗਾ। ਕਪੜੇ ਕੌਣ ਪਰੈੱਸ ਕਰੇਗਾ।

ਇਕ ਦਿਨ ਮਿਹਰ ਫੋਨ ਕਰਦੇ ਸਮੇਂ ਇਕ ਹੋਰ ਛੁਰਲੀ ਛੱਡ ਜਾਂਦਾ ਹੈ ਕਿ ਇੰਟਰਨੈੱਟ ‘ਤੇ ਬਹੁਤ ਔਰਤਾਂ ਮਿਲ ਜਾਂਦੀਆਂ ਹਨ। ਉਹ ਇੰਟਰਨੈੱਟ ਸਰਫ ਕਰਨ ਲਗਦਾ ਹੈ। ਪਹਿਲਾਂ ਵੀ ਸੁਸ਼ਮਾ ਦੀ ਇਕ ਕੇਅਰਰ ਦੇ ਕਹਿਣ ਤੇ ਅਜਿਹੀਆ ਸਾਈਟਾਂ ਲੱਭ ਚੁੱਕਾ ਹੈ। ਹੁਣ ਇਕ ਵਾਰ ਫਿਰ ਨਵੀਆਂ ਨਵੀਆਂ ਸਾਈਟਾਂ ਫਰੋਲਣ ਲਗਦਾ ਹੈ। ਇਸ ਕੰਮ ਲਈ ਇਕ ਹੋਰ ਈ-ਮੇਲ ਐਡਰੈੱਸ ਬਣਾਉਂਦਾ ਹੈ। ਆਪਣਾ ਨਾਂ ਵੀ ਕੋਈ ਨਕਲੀ ਜਿਹਾ ਲਿਖਵਾਉਂਦਾ ਹੈ। ਕਈ ਔਰਤਾਂ ਉਸ ਨੂੰ ਈ-ਮੇਲ ਕਰਦੀਆਂ ਵੀ ਹਨ ਪਰ ਉਸ ਨੂੰ ਸਭ ਫਿੱਕ ਫਿੱਕਾ ਜਿਹਾ ਲਗਦਾ ਹੈ। ਸਭ ਕੁਝ ਨਕਲੀ ਜਿਹਾ। ਇਕ ਦਿਨ ਉਹ ਬੱਚਿਆਂ ਨੂੰ ਸੁਲਾ ਕੇ ਬੀਚ ਦਾ ਗੇੜਾ ਵੀ ਮਾਰ ਆਉਂਦਾ ਹੈ ਜਿਥੇ ਅਵਾਰਾ ਜਿਹੀਆਂ ਔਰਤਾਂ ਖੜਿਆ ਕਰਦੀਆਂ ਹਨ। ਫਿਰ ਆਪਣੇ ਆਪ ਨੂੰ ਕੋਸਦਾ ਮਿਹਰ ਨੂੰ ਗਾਲ਼ਾਂ ਕੱਢਣ ਲਗਦਾ ਹੈ ਕਿ ਉਹ ਉਸ ਨੂੰ ਕਿਹੜੇ ਕੰਮਾਂ ਵਿਚ ਪਾ ਦਿਤਾ ਹੈ।

ਇੰਟਰਨੈੱਟ ਤੋਂ ਸੁਸ਼ਮਾ ਦੀ ਬਿਮਾਰੀ ਬਾਰੇ ਉਹ ਬਹੁਤ ਕੁਝ ਲੱਭਦਾ ਰਹਿੰਦਾ ਹੈ ਕਿ ਸਟਰੋਕ ਲਈ ਕਿਹੜੀ ਕਿਹੜੀ ਨਵੀਂ ਦਵਾਈ ਨਿਕਲ ਰਹੀ ਹੈ। ਇਸ ਉਤੇ ਕਿਹੋ ਜਿਹੀਆਂ ਖੋਜਾਂ ਹੋ ਰਹੀਆਂ ਹਨ। ਇਸ ਦੇ ਇਲਾਜ ਦੀਆਂ ਕਿਹੜੀਆਂ ਕਿਹੜੀਆਂ ਸੰਭਾਵਨਾਵਾਂ ਹਨ। ਕਈ ਕਿਸਮ ਦੀਆਂ ਜਥੇਬੰਦੀਆਂ ਬਣੀਆਂ ਹੋਈਆਂ ਹਨ। ਸਟਰੋਕ ਹੋਏ ਲੋਕਾਂ ਦੀਆਂ ਜਥਬੰਦੀਆਂ ਤੇ ਮਰੀਜ਼ਾਂ

ਦੇ ਰਿਸ਼ਤੇਦਾਰਾਂ ਦੀਆਂ ਜਥੇਬੰਦੀਆਂ ਵੀ। ਉਹ ਲਾਈਨ ਉਪਰ ਹੀ ਕਈ ਜਥੇਬੰਦੀਆਂ ਦਾ ਮੈਂਬਰ ਬਣ ਜਾਂਦਾ ਹੈ। ਉਹਨਾਂ ਦੀਆਂ ਚਿੱਠੀਆਂ ਤੇ ਹੋਰ ਮਸੌਦਾ ਵੀ ਆਉਣ ਲਗਦਾ ਹੈ।

ਉਹ ਤਾਈ ਨੂੰ ਮਿਲਣ ਹਰ ਰੋਜ਼ ਜਾਂਦਾ ਹੈ। ਕਈ ਵਾਰ ਉਸ ਦਾ ਦਿਲ ਕਰਦਾ ਹੈ ਕਿ ਉਹ ਤਾਈ ਨੂੰ ਪੁੱਛੇ ਕਿ ਉਹ ਕਿਹੜੀ ਬਿਨਾਅ ਤੇ ਉਸ ਨੂੰ ਤਾਏ ਦਾ ਪੁੱਤਰ ਕਹਿੰਦੀ ਹੈ ਪਰ ਉਸ ਦੀ ਹਿੰਮਤ ਨਹੀਂ ਪੈਂਦੀ। ਤਾਈ ਉਸ ਦੇ ਦੇਖ ਕੇ ਖੁਸ਼ ਹੋ ਜਾਂਦੀ ਹੈ। ਤਾਈ ਹੁਣ ਸੋਚਣ ਲਗ ਪਈ ਹੈ ਕਿ ਦੀਪਕ ਨੇ ਤਾਂ ਪੈਸੇ ਲੈ ਕੇ ਵੀ ਉਹਨਾਂ ਵਲ ਨਹੀਂ ਦੇਖਿਆ ਤੇ ਵਿਜੈ ਬਿਨਾਂ ਕਿਸੇ ਲਾਲਚ ਦੇ ਉਹਨਾਂ ਲਈ ਦੀਪਕ ਬਣਿਆ ਹੋਇਆ ਹੈ। ਇਕ ਦਿਨ ਤਾਈ ਵਿਜੈ ਬਾਰੇ ਫਿਕਰ ਕਰਦੀ ਕਹਿਣ ਲਗਦੀ ਹੈ,

"ਇਸ ਰਿਸ਼ਤੇ ਦੀ ਸ਼ੁਰੂਆਤ ਈ ਗਲਤ ਹੋਈ, ਵੱਡੇ ਡਾਕਟਰ ਬਣੇ ਫਿਰਦੇ ਸੀ, ਕੋਈ ਕੁੜੀ ਨੂੰ ਵੀ ਏਦਾਂ ਘਰੋਂ ਤੋਰ ਦਿੰਦਾ ਹੁੰਦਾ!"

"ਨਿਰਮਲਾ, ਹੁਣ ਇਹ ਗੱਲਾਂ ਕਿਉਂ ਕਰਦੀ ਐਂ, ਹੁਣ ਤਾਂ ਸਭ ਕੁਸ਼ ਹੋ ਗਿਆ ਹੁਣ ਤਾਂ ਇਹ ਸੋਚੋ ਕਿ ਇਹਦਾ ਹੱਲ ਕੀ ਹੋਊ!"

"ਹੁਣ ਤਾਂ ਇਹਦਾ ਇਕੋ ਹੱਲ ਆ, ਕੋਈ ਸ਼ਰੀਫ ਜਿਹਾ ਬਾਹਮਣ ਆਪਣੀ ਧੀ ਦਾ ਰਿਸ਼ਤਾ ਦੇ ਦੇਵੇ।"

ਵਿਜੈ ਤਾਈ ਦੀ ਗੱਲ ਤੇ ਸਤਰਕ ਹੁੰਦਾ ਕਹਿੰਦਾ ਹੈ,

"ਤਾਈ, ਭਲਾ ਇਹ ਕਿੱਦਾਂ ਹੋ ਜਾਏਗਾ! ਸੁਸ਼ਮਾ ਨੂੰ ਕਿਥੇ ਸੁਟੂੰ! ਇਹਨਾਂ ਬੱਚਿਆਂ ਦਾ ਕੀ ਬਣੂੰ?"

ਤਾਈ ਵਿਜੈ ਦੀ ਗੱਲ ਦਾ ਧਿਆਨ ਹੀ ਨਹੀਂ ਕਰਦੀ ਤੇ ਅਗਲੀ ਵਾਰ ਫਿਰ ਇਹੋ ਗੱਲ ਕਰਨ ਲਗਦੀ ਹੈ। ਹੁਣ ਵਿਜੈ ਉਸ ਨੂੰ ਟੋਕਦਾ ਨਹੀਂ ਹੈ। ਹੋਰ ਵਿਆਹ ਕਰਾਉਣ ਦਾ ਸੁਖਦ ਜਿਹਾ ਅਹਿਸਾਸ ਆਪਣੇ ਅੰਦਰ ਆ ਲੈਣ ਦਿੰਦਾ ਹੈ ਤੇ ਕੁਝ ਚਿਰ ਲਈ ਇਸ ਨੂੰ ਮਾਣਦਾ ਰਹਿੰਦਾ ਹੈ।

## ਸੈਂਤੀ

ਇਕ ਸਵੇਰ ਉਹ ਬੱਚਿਆਂ ਨੂੰ ਸਕੂਲ ਛੱਡ ਕੇ ਮੁੜਦਾ ਹੀ ਹੈ ਕਿ ਦਰਵਾਜ਼ੇ ਦੀ ਘੰਟੀ ਵਜਦੀ ਹੈ। ਉਹ ਕੁਝ ਦੇਰ ਤਕ ਦਰਵਾਜ਼ਾ ਨਹੀਂ ਖੋਹਲਦਾ। ਉਸ ਨੂੰ ਹੈ ਕਿ ਚੰਨੀ ਖੋਹਲ ਦੇਵੇਗੀ। ਫਿਰ ਉਸ ਨੂੰ ਯਾਦ ਆਉਂਦਾ ਹੈ ਕਿ ਚੰਨੀ ਤਾਂ ਅਜ ਛੁੱਟੀ ਤੇ ਹੈ। ਉਹ ਉਠ ਕੇ ਜਾਂਦਾ ਹੈ। ਬਾਹਰ ਬਲਜੀਤ ਖੜੀ ਹੈ। ਉਹ ਉਸ ਨੂੰ ਖੁਲ੍ਹੀ ਜਿਹੀ ਮੁਸਕਾਨ ਦਿੰਦੀ ਹੈ। ਵਿਜੈ ਬਾਹਰ ਦੇਖਦਾ ਹੈ। ਵੱਡੀ ਸਾਰੀ ਮਰਸਡੀਜ਼ ਬੈਨਜ਼ ਖੜੀ ਹੈ। ਵਿਜੈ ਕਾਰ ਵਲ ਦੇਖ ਕੇ ਉਸ ਵਲ ਦੇਖਦਾ ਹੈ। ਬਲਜੀਤ ਕਹਿਣ ਲਗਦੀ ਹੈ,

"ਇਹ ਮੇਰੀ ਨਹੀਂ, ਮੇਰੀ ਭੈਣ ਦੀ ਆ, ਉਹ ਵੱਡੀ ਹੋਟਲੀਅਰ ਆ, ਬੌਲੀਵੁੱਡ ਦੇ ਵੱਡੇ ਵੱਡੇ ਐਕਟਰ ਉਸ ਦੇ ਹੋਟਲ ਵਿਚ ਆ ਕੇ ਠਹਿਰਦੇ ਆ, ਮੈਂ ਵੀ ਉਥੇ ਈ ਕੰਮ ਕਰਦੀ ਆਂ, ਕਦੇ ਕਦੇ ਇਹ ਕਾਰ ਚਲਾਉਣ ਦੀ ਅਯਾਸ਼ੀ ਵੀ ਕਰ ਲੈਨੀ ਆਂ।"

ਗੱਲ ਕਰਦਿਆਂ ਉਸ ਦੀ ਜ਼ੁਬਾਨ ਉਸ ਦਾ ਪੂਰਾ ਸਾਥ ਨਹੀਂ ਦੇ ਰਹੀ। ਵਿਜੈ ਸੋਚਦਾ ਹੈ ਕਿ ਕਿਧਰੇ ਕੁਝ ਗਲਤ ਹੈ। ਜਦ ਉਹ ਕੁਝ ਹੋਰ ਨੇੜੇ ਆਉਂਦੀ ਹੈ ਤਾ ਵਿਜੈ ਨੂੰ ਅਜੀਬ ਜਿਹੀ ਸੁੰਘ ਆਉਂਦੀ ਹੈ। ਉਸ ਨੂੰ ਲਗਦਾ ਹੈ ਕਿ ਇਹ ਕਿਸੇ ਕਿਸਮ ਦੀ ਸ਼ਰਾਬ ਹੈ। ਉਹ ਆਪਣਾ ਨੱਕ ਸੁੰਕੋੜਨ ਲਗਦਾ ਹੈ। ਬਲਜੀਤ ਸਮਝ ਜਾਂਦੀ ਹੈ ਤੇ ਕਹਿੰਦੀ ਹੈ,

"ਸ਼ਰਮਾ ਜੀ, ਇਹ ਵੋਦਕਾ ਈ ਆ ਐਵੇਂ ਡਰੋ ਨਾ, ਤੁਹਾਨੂੰ ਖਾਂਦਾ ਨਹੀਂ।"

"ਇਹਦੀ ਕੀ ਖਾਸੀਅਤ ਐ?"

"ਇਹ ਵਾਈਟ ਅਲਕੋਹਲ ਆ, ਜਿਹੜੀ ਰੈਡ ਜਾਂ ਬਲੈਕ ਅਲਕੋਹਲ ਹੁੰਦੀ ਆ ਇਹ ਤੁਹਾਨੂੰ ਐਗਰੈਸਿਵ ਬਣਾਉਂਦੀ ਆ, ਮੈਂ ਵੋਦਕਾ ਪੀਨੀਂ ਆ ਵਾਈਟ ਅਲਕੋਹਲ, ਇਹ ਤੁਹਾਨੂੰ ਪਿਆਰ ਹੀ ਪਿਆਰ ਸਿਖਾਉਂਦੀ ਆ। ਵਿਸਕੀ ਪੀ ਕੇ ਲੋਕ ਲੜਦੇ ਆ ਵੋਦਕਾ ਪੀ ਕੇ ਲੋਕ ਪਿਆਰ ਕਰਦੇ ਆ, ਚੇਤੇ ਰੱਖਿਓ, ਵੋਦਕਾ ਤੁਹਾਨੂੰ ਪਿਆਰ ਯੋਗ ਬਣਾਉਂਦੀ ਆ ਜਿਵੇਂ ਹੁਣ ਮੈਂ ਆਂ।"

ਉਹ ਵਿਜੈ ਮਗਰ ਬੈਠਣ-ਕਮਰੇ ਵਿਚ ਆ ਜਾਂਦੀ ਹੈ। ਸੈਟੀ ਤੇ ਬੈਠਦੀ ਕਹਿੰਦੀ ਹੈ,

"ਸੌਰੀ ਭਾਜੀ, ਮੈਂ ਪੀਣ ਦੀ ਆਦੀ ਨਹੀਂ ਪਰ ਕੀ ਕਰਾਂ ਮੈਂ ਬਹੁਤ ਦੁਖੀ ਆਂ, ਏਨੀ ਦੁਖੀ ਕਿ ਦੱਸ ਨਹੀਂ ਸਕਦੀ, ਕੋਈ ਹੋਰ ਰਾਹ ਨਹੀਂ ਲੱਭਿਆ ਤਾਂ ਵੋਦਕੇ ਦਾ ਆਸਰਾ ਲੈ ਲਿਆ।"

"ਐਡਾ ਵੀ ਕਿਹੜਾ ਦੁੱਖ ਐ ਕਿ ਸ਼ਰਾਬ ਦਾ ਸਹਾਰਾ ਲੈਣ ਦੀ ਲੋੜ ਪੈ ਗਈ?"

"ਮਨਜਿੰਦਰ ਮੈਨੂੰ ਬਹੁਤ ਤੰਗ ਕਰਦਾ, ਪੈਰ ਪੈਰ ਤੇ ਮੇਰੇ ਤੇ ਸ਼ੱਕ ਕਰਦਾ, ਮੇਰੀ ਪੂਰੀ ਖਬਰ ਰੱਖਣ ਦੀ ਕੋਸ਼ਿਸ਼ ਕਰਦਾ, ਹੁਣ ਇਧਰ ਆਈ ਆਂ ਤਾਂ ਮਗਰੇ ਈ ਲਭਦਾ ਫਿਰੂ, ਦੇਖਿਓ, ਆਏਗਾ ਮੈਨੂੰ ਦੇਖਣ।"

"ਤੁਸੀਂ ਇਧਰ ਨਹੀਂ ਸੀ ਆਉਣਾ, ਇਥੇ ਅੰਦਰ ਆ ਕੇ ਤੁਹਾਨੂੰ ਕੁਸ਼ ਕਹੇਗਾ।"

"ਅੰਦਰ ਨਹੀਂ ਆਉਣ ਲਗਾ, ਬਾਹਰੋਂ ਗੱਡੀ ਦੇਖ ਕੇ ਮੁੜ ਜਾਏਗਾ, ਮੈਂ ਕੀ ਦੱਸਾਂ! ਉਹ ਆਪ ਇੰਨਾ ਗੰਦਾ ਬੰਦਾ ਐ ਕਿ ਕੁੱਤੇ ਵਾਂਗ ਗੰਦ ਵਿਚ ਮੂੰਹ ਮਾਰਦਾ ਫਿਰਦਾ, ਗੂੰਹ ਵੀ ਮਿਲ ਜਾਏ ਤਾਂ ਖਾ ਲੈਂਦਾ, ...ਗੋਰੀ-ਕਾਲ਼ੀ, ਕੋਈ ਵੀ ਗੰਦੀ ਤੋਂ ਗੰਦੀ ਔਰਤ

ਨਾਲ ਸੌਣ ਲਈ ਤਿਆਰ ਰਹਿੰਦਾ, ਫਿਰ ਉਹੀ ਗੰਦ ਮੰਦ ਲਿਆ ਕੇ ਮੇਰੇ ਅੰਦਰ...! ਹੁਣ ਤੁਸੀਂ ਦੱਸੋ ਕਿ ਮੈਂ ਵੋਦਕਾ ਨਾ ਪੀਵਾਂ ਤਾਂ ਕੀ ਪੀਵਾਂ?"

ਦਸਦੀ ਬਲਜੀਤ ਰੋਣ ਲਗਦੀ ਹੈ ਤੇ ਟੀਸੂ ਨਾਲ ਅੱਖਾਂ ਤੇ ਨੱਕ ਹੰਝੂ ਪੂੰਝਣ ਲਗਦੀ ਹੈ। ਵਿਜੈ ਨੂੰ ਆਪਣੇ ਕੰਨਾਂ ਤੇ ਯਕੀਨ ਨਹੀਂ ਆ ਰਿਹਾ ਕਿ ਉਹ ਕੀ ਸੁਣ ਰਿਹਾ ਹੈ। ਬਲਜੀਤ ਤਾਂ ਉਹ ਬਲਜੀਤ ਨਹੀਂ ਜਿਹੜੀ ਉਸ ਨੇ ਪਹਿਲੇ ਦਿਨਾਂ ਵਿਚ ਦੇਖੀ ਸੀ, ਨੀਵੀਂ ਨਜ਼ਰ ਵਾਲੀ ਬਲਜੀਤ। ਇਹ ਤਾਂ ਖਤਰਨਾਕ ਔਰਤ ਹੈ। ਉਹ ਚਾਹੁੰਦਾ ਹੈ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਜਲਦੀ ਇਥੋਂ ਚਲੀ ਜਾਵੇ। ਉਹ ਪੁੱਛਦਾ ਹੈ,

"ਭੈਣ ਜੀ, ਕੀ ਪੀਓਗੇ, ਚਾਹ ਜਾਂ ਕੋਕ?"

"ਕੋਕ ਬੱਟ ਵਿਦ ਵੋਦਕਾ।"

"ਵੋਦਕਾ ਤਾਂ ਘਰ ਹੈ ਨਹੀਂ।"

"ਵੋਦਕਾ ਤਾਂ ਮੇਰੇ ਕੋਲ ਹੈਗਾ, ਜੇ ਤੁਸੀਂ ਪੀਣਾ ਤਾਂ ਮੈਂ ਕਾਰ ਵਿਚੋਂ ਲੈ ਆਉਨੀਂ ਆਂ।"

"ਨਹੀਂ, ਮੈਂ ਨਹੀਂ ਪੀਂਦਾ।"

"ਮੈਨੂੰ ਸਾਰਾ ਪਤਾ, ਤੁਸੀਂ ਪੀ ਤਾਂ ਲੈਂਦੇ ਓ ਭਾਵੇਂ ਥੋੜੀ ਪੀਂਦੇ ਹੋਵੋਂ।"

"ਸੌਰੀ, ਮੈਂ ਨਹੀਂ ਪੀਣੀ, ਮੈਂ ਇਕ ਅੱਧੀ ਬੀਅਰ ਲੈਂਨਾ ਉਸ ਵੀ ਸ਼ਾਮ ਨੂੰ, ਤੁਸੀਂ ਵੀ ਨਾ ਪੀਓ, ਇਹ ਕੋਈ ਹੱਲ ਨਹੀਂ ਕਿਸੇ ਗੱਲ ਦਾ। ਸ਼ਰਾਬ ਤਾਂ ਤੁਹਾਡੀ ਸਿਹਤ ਵੀ ਖਰਾਬ ਕਰੇਗੀ ਤੇ ਘਰੇਲੂ ਲਾਈਫ ਵੀ।"

ਬਲਜੀਤ ਉਠ ਖੜਦੀ ਹੈ। ਵਿਜੈ ਸ਼ੁਕਰ ਮਨਾਉਂਦਾ ਹੈ ਕਿ ਉਹ ਚੱਲੀ ਹੈ ਪਰ ਉਹ ਆਖਦੀ ਹੈ,

"ਮੈਂ ਕਾਰ ਵਿਚੋਂ ਕੁਸ਼ ਲੈ ਆਵਾਂ।"

ਉਹ ਕਾਰ ਵਿਚੋਂ ਵੋਦਕੇ ਦੀ ਬੋਤਲ ਚੁੱਕ ਲਿਆਂਉਂਦੀ ਹੈ। ਆਪ ਹੀ ਦੋ ਗਲਾਸੀਆਂ ਤੇ ਕੋਕ ਦੀ ਬੋਤਲ ਲੈ ਆਉਂਦੀ ਹੈ। ਵਿਜੈ ਰੋਕਦਾ ਹੈ ਕਿ ਉਹ ਨਹੀਂ ਪੀਵੇਗਾ ਪਰ ਦੋ ਦੋ ਪੈਗ ਬਣਾ ਲੈਂਦੀ ਹੈ। ਇਕ ਵਿਜੈ ਦੇ ਹੱਥ ਫੜਾ ਦਿੰਦੀ ਹੈ ਤੇ ਆਖਦੀ ਹੈ,

"ਜਸਟ ਫੌਰ ਕੰਪਨੀ ਸੇਕ।"

ਵਿਜੈ ਇਕ ਹਲਕਾ ਜਿਹਾ ਘੁੱਟ ਭਰ ਕੇ ਆਪਣਾ ਪੈੱਗ ਇਕ ਪਾਸੇ ਨੂੰ ਰੱਖ ਦਿੰਦਾ ਹੈ ਜਿਵੇਂ ਮੁੜ ਪੀਣਾ ਹੀ ਨਾ ਹੋਵੇ। ਬਲਜੀਤ ਦੱਸਣ ਲਗਦੀ ਹੈ,

"ਭਾਜੀ, ਆਪਣੀ ਕਦੇ ਗੱਲ ਨਹੀਂ ਹੋਈ, ਮੈਂ ਆਮ ਕੁੜੀ ਨਹੀਂ ਆਂ, ਮੇਰੇ ਫਾਦਰ ਮਨਿਸਟਰ ਰਹੇ ਆ ਕਿਸੇ ਵੇਲੇ ਸੁੱਚਾ ਸਿੰਘ ਢੀਂਡਸਾ। ਵੈਸੇ ਸਾਡਾ ਟਰੱਕਾਂ ਦਾ ਕਾਰੋਬਾਰ ਸੀ। ਮੈਂ ਚੰਡੀਗੜ੍ਹ ਯੂਨੀਵਰਸਟੀ ਦੀ ਪੜੀ ਹੋਈ ਆਂ, ਬੈਸਟ ਐਥਲੀਟ ਰਹੀ ਆਂ, ਦੇਖੋ ਮੇਰੀ ਬੌਡੀ, ਚਾਰ ਬੱਚੇ ਜੰਮ ਕੇ ਵੀ ਫਿਟ ਪਈ ਆਂ, ਹਾਲੇ ਵੀ ਪੂਰੀ ਐਕਸਰਸਾਈਜ਼ ਕਰਦੀ ਆਂ ਪਰ ਵਾਹ ਪੈ ਗਿਆ ਸੜੇ ਹੋਏ ਵਲੈਤੀਏ ਨਾਲ, ਸਭ ਕਰਮਾਂ ਦੇ ਖੇਡ ਐ।"

ਵਿਜੈ ਨੇ ਬਲਜੀਤ ਦੇ ਪਿਤਾ ਦਾ ਨਾਂ ਸੁਣਿਆ ਹੋਇਆ ਹੈ। ਇਕ ਪਲ ਲਈ ਤਾਂ ਉਹ ਵੀ ਹੈਰਾਨ ਹੁੰਦਾ ਹੈ ਕਿ ਮੰਤਰੀ ਦੀ ਕੁੜੀ ਦੀ ਇਹ ਹਾਲਤ। ਉਹ ਪੁੱਛ ਹੀ ਲੈਂਦਾ ਹੈ,

"ਤੁਹਾਡਾ ਇਸ ਸਾਧਾਰਨ ਜਿਹੇ ਬੰਦੇ ਨਾਲ ਰਿਸ਼ਤਾ ਕਿੱਦਾਂ ਹੋ ਗਿਆ?"

"ਕਿਹਾ ਨਾ ਕਰਮਾਂ ਦੀ ਖੇਡ, ਮੇਰੀ ਭੈਣ ਇਥੇ ਆਈ ਹੋਈ ਸੀ ਬਸ ਉਸੇ ਨੇ ਫਸਾ ਦਿਤਾ। ਮੈਂ ਸਭ ਕੁਸ਼ ਮਨਜ਼ੂਰ ਕਰ ਲਿਆ ਸੀ ਪਰ ਮੇਰੇ ਤੋਂ ਇਹਦਾ ਬਾਹਰ ਔਰਤਾਂ ਕੋਲ ਜਾਣਾ ਨਹੀਂ ਝੱਲਿਆ ਜਾਂਦਾ।"

ਕਹਿ ਕੇ ਉਹ ਫਿਰ ਰੋਣ ਲਗਦੀ ਹੈ। ਕੁਝ ਦੇਰ ਬਾਅਦ ਕਹਿੰਦੀ ਹੈ,

"ਭਾਜੀ, ਮੈਂ ਇਹਦੀ ਖਾਤਰ ਆਪਣੇ ਆਪ ਨੂੰ ਬਹੁਤ ਬਦਲਿਆ, ਮੈਂ ਇਹਦੀ ਬਹੁਤ ਲੁਕ ਆਫਟਰ ਕੀਤੀ, ਸੈਕਸ ਵਲੋਂ ਵੀ ਇਹਨੂੰ ਬਹੁਤ ਗੁੱਡ ਟਾਈਮ ਦਿਤਾ ਪਰ ਇਹ ਫਿਰ ਵੀ ਨਹੀਂ ਬਦਲਿਆ, ਹੁਣ ਮੇਰੇ ਤੋਂ ਟੌਲਰੇਟ ਨਹੀਂ ਹੁੰਦਾ, ਕੀ ਕਰਾਂ?"

ਉਸ ਨੇ ਆਪਣਾ ਪੈਗ ਮੁਕਾਉਂਦੀ ਹੈ ਤੇ ਟੀਸੂ ਨਾਲ ਮੂੰਹ ਪੂੰਝਦੀ ਕਹਿੰਦੀ ਹੈ,

"ਸੌਰੀ, ਮੈਂ ਤੁਹਾਡੇ ਕੋਲ ਆਪਣੇ ਮਸਲੇ ਲੈ ਬੈਠੀ, ਤੁਹਾਡੇ ਆਪਣੇ ਈ ਬਹੁਤ ਹੈਗੇ ਆ। ਕੀ ਹਾਲ ਐ ਸੁਸ਼ਮਾ ਦਾ ਹੁਣ?"

"ਠੀਕ ਐ, ਹੌਲੀ ਹੌਲੀ ਰਿਕਵਰ ਹੋ ਰਹੀ ਐ, ਟਾਈਮ ਲਗੇਗਾ।"

ਉਹ ਵਿਜੈ ਦਾ ਪੈੱਗ ਉਸ ਨੂੰ ਫੜਾਉਂਦੀ ਹੋਈ ਕਹਿੰਦੀ ਹੈ,

"ਪੰਡਿਤ ਜੀ, ਪੀ ਲਓ, ਕੁਸ਼ ਨਹੀਂ ਹੁੰਦਾ!"

ਵਿਜੈ ਇਕ ਘੁੱਟ ਹੋਰ ਭਰ ਲੈਂਦਾ ਹੈ। ਬਲਜੀਤ ਉਸ ਦਾ ਹੱਥ ਫੜਦੀ, ਉਸ ਦੇ ਨਜ਼ਦੀਕ ਹੁੰਦੀ ਕਹਿੰਦੀ ਹੈ,

"ਮੈਨੂੰ ਪਤਾ ਤੁਹਾਨੂੰ ਇਸ ਵੇਲੇ ਸਾਥ ਦੀ ਲੋੜ ਆ।"

ਵਿਜੈ ਕੁਝ ਪਰਾਂਹ ਹਟ ਜਾਂਦਾ ਹੈ। ਉਹ ਫਿਰ ਆਖਦੀ ਹੈ,

"ਯਕੀਨ ਕਰੋ, ਮੈਂ ਬਹੁਤ ਸਾਫ ਔਰਤ ਆਂ।"

"ਥੈਂਕਿਊ ਫੌਰ ਦਾ ਔਫਰ ਪਰ ਮੈਂ ਠੀਕ ਆਂ, ਮੈਨੂੰ ਕੁਸ਼ ਨਹੀਂ ਚਾਹੀਦਾ।"
"ਕੋਈ ਹੋਰ ਔਰਤ ਹੈ ਤੁਹਾਡੇ ਕੋਲ?"
"ਨਹੀਂ।"
"ਫਿਰ ਕਿਉਂ ਨਹੀਂ?"
"ਬਸ, ਮੈਂ ਅਜਿਹਾ ਨਹੀਂ ਆਂ। ਮੈਨੂੰ ਲੋੜ ਨਹੀਂ, ਜੇ ਮੈਨੂੰ ਲੋੜ ਹੋਈ ਤਾਂ ਤੁਹਾਡੇ ਤਕ ਪਹੁੰਚ ਕਰ ਲਊਂ।"

ਬਲਜੀਤ ਮੋਢੇ ਮਾਰਦੀ ਉਠ ਖੜਦੀ ਹੈ ਤੇ ਆਪਣਾ ਬੈਗ ਚੁੱਕਦੀ ਹੋਈ ਕਹਿੰਦੀ ਹੈ,

"ਅੱਪ ਟੂ ਯੂ! ਮੈਂ ਜ਼ਿੰਦਗੀ ਵਿਚ ਪਹਿਲੀ ਵਾਰੀ ਕਿਸੇ ਨੂੰ ਇਹ ਔਫਰ ਦਿਤੀ ਐ ਤੇ ਤੁਸੀਂ ਵੀ ਸ਼ਾਇਦ ਪਹਿਲੇ ਮਰਦ ਹੋਵੋਂ ਜਿਹਨੇ ਠੁਕਰਾਇਆ ਹੋਵੇ ਫਿਰ ਵੀ ਤੁਹਾਡੇ ਕੋਲ ਮੇਰਾ ਨੰਬਰ ਤਾਂ ਹੈ ਈ, ਕਦੇ ਵੀ ਰਿੰਗ ਮਾਰ ਦਿਓ।"

ਉਹ ਤੁਰਨ ਲਗਦੀ ਹੈ ਤਾਂ ਵਿਜੈ ਆਖਦਾ ਹੈ,

"ਆਪਣਾ ਇਹ ਵੋਦਕਾ ਤਾਂ ਲੈ ਜਾਓ।"
"ਇਹਨੂੰ ਇਥੇ ਈ ਰੱਖੋ, ਮੈਂ ਪੀਣ ਆ ਜਾਵਾਂਗੀ, ਮੈਨੂੰ ਪਤੈ ਤੁਸੀਂ ਮੈਨੂੰ ਫੋਨ ਕਰੋਂਗੇ।"

ਕਹਿ ਉਹ ਤੁਰ ਜਾਂਦੀ ਹੈ। ਵਿਜੈ ਖੜਾ ਦੇਖਦਾ ਰਹਿ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿ ਜ਼ਰੂਰ ਕਿਧਰੇ ਕੁਝ ਗਲਤ ਹੈ। ਜਿਵੇਂ ਮਿਹਰ ਕਹਿੰਦਾ ਹੈ ਕਿ ਉਹ ਕਿਸੇ ਹੋਰ ਯੁਗ ਦਾ ਬੰਦਾ ਹੈ। ਉਹ ਤਿਆਰ ਹੋ ਕੇ ਸੁਸ਼ਮਾ ਨੂੰ ਦੇਖਣ ਚਲੇ ਜਾਂਦਾ ਹੈ। ਸੁਸ਼ਮਾ ਨੂੰ ਆਖਦਾ ਹੈ,

"ਤੇਰੀ ਆਹ ਸਹੇਲੀ ਬਲਜੀਤ ਬਹੁਤ ਰੰਗੀਲੀ ਔਰਤ ਐ।"
"ਓਹਦੀ ਫੈਮਲੀ ਲਾਈਫ ਠੀਕ ਨਹੀਂ ਇਸ ਲਈ ਸ਼ਰਾਬ ਪੀਵੀ ਜਾਂਦੀ ਐ, ਸ਼ਰਾਬ ਪੀ ਕੇ ਝਗੜਾ ਵੀ ਕਰ ਲੈਂਦੀ ਐ, ਪੁਲੀਸ ਕੋਲ ਵੀ ਇਸ ਦਾ ਰਿਕਾਰਡ ਹੈਗਾ।"

ਸੁਸ਼ਮਾ ਨੂੰ ਲਗਦਾ ਹੈ ਕਿ ਸ਼ਾਇਦ ਉਹ ਵਿਜੈ ਤਕ ਪਹੁੰਚ ਕਰ ਰਹੀ ਹੋਵੇ ਇਸ ਲਈ ਕੁਝ ਵਧਾ ਚੜਾ ਕੇ ਵੀ ਕਹਿ ਦਿੰਦੀ ਹੈ। ਵਿਜੈ ਕਹਿੰਦਾ ਹੈ,

"ਫਿਰ ਤਾਂ ਤੂੰ ਬੜੀ ਵਧੀਆ ਔਰਤ ਨਾਲ ਸਹੇਲਪੁਣਾ ਰੱਖਿਆ ਹੋਇਐ?"
"ਇਕ ਦਮ ਕਿਸੇ ਦਾ ਪਤਾ ਨਹੀਂ ਚਲਦਾ, ਹੁਣ ਮੈਂ ਉਹਦੇ ਨਾਲ ਬਹੁਤਾ ਵਾਹ ਨਹੀਂ ਰੱਖਦੀ।"
"ਭੇਦ ਤਾਂ ਆਪਣੇ ਸਾਰੇ ਓਹਦੇ ਨਾਲ ਸਾਂਝੇ ਕਰਦੀ ਆਂ"

ਗੱਲ ਸੁਣ ਕੇ ਉਹ ਵਿਜੈ ਵਲ ਲਗਾਤਾਰ ਦੇਖਦੀ ਘੂਰਨ ਜਿਹੀ ਲਗਦੀ ਹੈ। ਉਹ ਕਈ ਵਾਰ ਇਵੇਂ ਕਰਨ ਲਗਦੀ ਹੈ। ਭਾਗੀ ਕਹਿੰਦੀ ਹੈ ਕਿ ਇਹ ਮਿਰਗੀ ਹੈ। ਡਾਕਟਰ ਵੀ ਕਹਿੰਦੇ ਹਨ ਕਿ ਉਸ ਨੂੰ ਫਿਟਸ ਦੇ ਦੌਰੇ ਪੈਂਦੇ ਹਨ। ਇਸ ਦੀ ਦਵਾਈ ਵੀ ਦਿਤੀ ਜਾ ਰਹੀ ਹੈ। ਵਿਜੈ ਹੋਰ ਕੁਝ ਨਹੀਂ ਕਹਿੰਦਾ। ਭਾਗੀ ਦਸਦੀ ਹੈ ਕਿ ਉਸ ਦੀ ਇਕ ਮਾਸੀ ਨੂੰ ਅਜਿਹੇ ਮਿਰਗੀ ਦੇ ਦੌਰੇ ਪਿਆ ਕਰਦੇ ਸਨ। ਭਾਗੀ ਸੁਸ਼ਮਾ ਨੂੰ ਦੇਖਣ ਦੋ ਵਾਰ ਆ ਚੁੱਕੀ ਹੈ। ਉਹ ਮਾਣ ਜਿਹੇ ਨਾਲ ਕਹਿ ਜਾਇਆ ਕਰਦੀ ਹੈ,

"ਜਲਦੀ ਘਰ ਆਓ, ਜੇ ਤੁਸੀਂ ਈ ਹੌਸਪੀਟਲ ਪਏ ਰਹੇ ਤਾਂ ਸਾਡੇ ਜਿਹਿਆਂ ਦਾ ਇਲਾਜ ਕੌਣ ਕਰੇਗਾ?"

ਉਸ ਦੇ ਇਵੇਂ ਕਹਿਣ ਤੇ ਸੁਸ਼ਮਾ ਖੁਸ਼ ਹੋ ਜਾਂਦੀ ਹੈ ਕਿ ਕੋਈ ਤਾਂ ਹੈ ਜੋ ਉਸ ਦੀ ਲੋੜ ਮਹਿਸੂਸ ਕਰ ਰਿਹਾ ਹੈ। ਵੈਸੇ ਉਹ ਦੋਨੋਂ ਹੀ ਇਕ ਦੂਜੇ ਨੂੰ ਪਸੰਦ ਨਹੀਂ ਕਰਦੀਆਂ। ਜਦੋਂ ਤੋਂ ਵਿਜੈ ਨੇ ਭਾਗੀ ਨੂੰ ਦਸਿਆ ਹੈ ਕਿ ਸੁਸ਼ਮਾ ਚੋਰੀ ਚੋਰੀ ਘਰ ਨੂੰ ਪੈਸੇ ਭੇਜਦੀ ਹੈ ਤਾਂ ਉਹ ਉਸ ਨੂੰ ਨਫਰਤ ਜਿਹੀ ਕਰਨ ਲਗੀ ਹੈ। ਭਾਗੀ ਸੋਚਦੀ ਹੈ ਕਿ ਜੇ ਕੋਈ ਰਿਸ਼ਤੇਦਾਰ ਗਰੀਬ ਹੋਵੇ ਤਾਂ ਉਸ ਦੀ ਮਦਦ ਕਰ ਦੇਣੀ ਚਾਹੀਦੀ ਹੈ ਜਿਵੇਂ ਉਹ ਆਪ ਵੀ ਤਾਂ ਆਪਣੀ ਮਾਂ ਨੂੰ ਕੁਝ ਨਾ ਕੁਝ ਭੇਜ ਦਿੰਦੀ ਹੈ ਪਰ ਸੁਸ਼ਮਾ ਦੇ ਮਾਂਪੇ ਤਾਂ ਪਹਿਲਾਂ ਹੀ ਅਮੀਰ ਹਨ।

ਵਿਜੈ ਹੁਣ ਕਈ ਵਾਰ ਆਪਣੇ ਬੱਚੇ ਲੈ ਕੇ ਭਾਗੀ ਵਲ ਚਲੇ ਜਾਇਆ ਕਰਦਾ ਹੈ। ਰੋਹਨ ਤੇ ਵਿਧੀ ਹੁਣ ਕੰਪਿਊਟਰ ਦੇ ਚੰਗੀ ਤਰ੍ਹਾਂ ਜਾਣੂ ਹੋ ਚੁੱਕੇ ਹਨ। ਭਾਗੀ ਦੀਆਂ ਕੁੜੀਆਂ ਉਹਨਾਂ ਨਾਲ ਖੇਡ ਕੇ ਖੁਸ਼ ਹੁੰਦੀਆਂ ਹਨ। ਉਹ ਇਹਨਾਂ ਨੂੰ ਕੰਪਿਊਟਰ ਦੇ ਨਵੇਂ ਨਵੇਂ ਪੱਖਾਂ ਤੋਂ ਵੀ ਜਾਣੂ ਕਰਾਉਣ ਲਗਦੀਆਂ ਹਨ। ਰੋਹਨ ਤੇ ਵਿਧੀ ਨੂੰ ਚੰਗਾ ਲਗਦਾ ਹੈ।

ਬਲਜੀਤ ਦੀ ਪੇਸ਼ਕਸ਼ ਚੇਤੇ ਕਰਦਾ ਵਿਜੈ ਸੋਚਣ ਲਗਦਾ ਹੈ ਕਿ ਕੀ ਉਸ ਨੇ ਕੋਈ ਗਲਤੀ ਕੀਤੀ ਹੈ। ਘਰੋਂ ਆਏ ਕਿਸੇ ਸੁੱਖ ਨੂੰ ਜਾ ਲੈਣ ਦਿਤਾ ਹੈ। ਇਸ ਸੁੱਖ ਦੀ ਉਸ ਨੂੰ ਜ਼ਰੂਰਤ ਵੀ ਸੀ ਪਰ ਫਿਰ ਸੋਚਣ ਲਗਦਾ ਹੈ ਕਿ ਇਹ ਸੁੱਖ ਆਖਰੀ ਸੁੱਖ ਤਾਂ ਨਹੀਂ ਹੈ। ਉਸ ਦੀ ਜ਼ਿੰਦਗੀ ਤਾਂ ਕਈ ਥਾਵਾਂ ਤੋਂ ਉਲਝੀ ਪਈ ਹੈ, ਇਹ ਕੁਝ ਪਲਾਂ ਦਾ ਸੁੱਖ ਕੁਝ ਨਹੀਂ ਸੁਲਝਾ ਸਕੇਗਾ। ਫਿਰ ਇਹ ਔਰਤ ਵੀ ਸਹੀ ਨਹੀਂ ਹੈ। ਇਸ ਨਾਲ ਸਬੰਧ ਬਣਾ ਕੇ ਉਹ ਹੋਰ ਉਲਝ ਸਕਦਾ ਹੈ। ਉਹ ਬੱਚਿਆਂ ਨੂੰ ਸਕੂਲ ਤੋਂ ਲਿਆ ਕੇ ਵੀ ਅਜਿਹਾ ਹੀ ਕੁਝ ਸੋਚੀ ਜਾ ਰਿਹਾ ਹੈ। ਸ਼ਾਮ ਨੂੰ ਉਹ ਭਾਗੀ ਨੂੰ ਫੋਨ ਕਰ ਲੈਂਦਾ ਹੈ। ਭਾਗੀ ਉਹਨਾਂ ਸਭ ਨੂੰ ਆਪਣੇ ਘਰ ਆਉਣ ਦਾ ਰਾਤ ਦੇ ਖਾਣੇ ਦਾ ਸੱਦਾ ਦਿੰਦੀ ਹੈ। ਉਹ ਬੱਚਿਆਂ ਨੂੰ ਲੇ ਕੇ ਭਾਗੀ ਦੇ ਘਰ ਪੁੱਜ ਜਾਂਦਾ ਹੈ। ਬੱਚੇ ਕੰਪਿਊਟਰ ਨੂੰ ਜਾ ਚੁੱਬੜਦੇ ਹਨ। ਭਾਗੀ ਉਸ ਮੂਹਰੇ ਬੀਅਰ ਲਿਆ ਰੱਖਦੀ ਹੈ ਪਰ ਅਜ ਵਿਜੈ ਦਾ ਮਨ ਵੋਦਕਾ ਪੀਣ ਦਾ ਹੈ। ਪੱਕੀ ਸ਼ਰਾਬ ਵਿਸਕੀ

ਜਾਂ ਵੋਦਕਾ ਉਹ ਬਹੁਤ ਘਟ ਪੀਂਦਾ ਹੈ ਪਰ ਅਜ ਮੁੱਦਤਾਂ ਬਾਅਦ ਉਸ ਨੇ ਵੋਦਕੇ ਸਵਾਦ ਚੱਖਿਆ ਹੈ ਤੇ ਉਸ ਦਾ ਦਿਲ ਕਰਦਾ ਹੈ ਕਿ ਪੀਵੇ। ਵੋਦਕਾ ਭਾਗੀ ਦੇ ਘਰ ਨਹੀਂ ਹੈ। ਭਾਗੀ ਦੇ ਘਰ ਤਾਂ ਸਿਰਫ ਵਿਜੈ ਲਈ ਰੱਖੀ ਬੀਅਰ ਹੁੰਦੀ ਹੈ। ਉਹ ਸ਼ੌਪਿੰਗ ਨੂੰ ਗਈ ਕੁਝ ਡੱਬੇ ਲੈ ਆਇਆ ਕਰਦੀ ਹੈ, ਜਦੋਂ ਮੁੱਕ ਜਾਣ ਤਾਂ ਹੋਰ ਲੈ ਆਉਂਦੀ ਹੈ। ਕਦੇ ਵਿਜੈ ਆਪ ਵੀ ਲਿਆ ਕੇ ਰੱਖ ਲੈਂਦਾ ਹੈ। ਉਹ ਭਾਗੀ ਨੂੰ ਕਹਿੰਦਾ ਹੈ,

"ਮੈਂ ਵੋਦਕੇ ਦੀ ਬੋਤਲ ਫੜ ਲਿਆਵਾਂ, ਅਜ ਜ਼ਰਾ ਮੂਡ ਹੋਰ ਤਰ੍ਹਾਂ ਦਾ ਐ।"

"ਮੈਂ ਲਿਆ ਦਿੰਨੀ ਆਂ, ਆਹ ਤਾਂ ਹੈ ਔਫ ਲਾਇਸੰਸ।"

ਭਾਗੀ ਪੰਜ ਕੁ ਮਿੰਟ ਵਿਚ ਹੀ ਉਸ ਨੂੰ ਲਈ ਵੋਦਕਾ ਤੇ ਸੰਤਰੇ ਦੇ ਰਸ ਦਾ ਡੱਬਾ ਫੜ ਲਿਆਉਂਦੀ ਹੈ। ਨਾਲ ਕੁਝ ਖਾਣ ਲਈ ਵੀ ਬਣਾ ਦਿੰਦੀ ਹੈ। ਵਿਜੈ ਹਲਕਾ ਜਿਹਾ ਪੈਗ ਪਾਉਂਦਾ ਹੈ ਤੇ ਛੋਟੇ ਛੋਟੇ ਘੁੱਟ ਭਰਨ ਲਗਦਾ ਹੈ। ਭਾਗੀ ਪੁੱਛਦੀ ਹੈ,

"ਕੁਸ਼ ਉਖੜਿਆ ਲਗਦੈਂ?"

"ਨਹੀਂ, ਵੈਸੇ ਈ ਤੈਨੂੰ ਪਤੈ ਈ ਐ।"

"ਸੀ-ਫਰੰਟ ਤੇ ਘੁੰਮ ਕੇ ਆਈਏ।"

ਵਿਜੈ ਉਸ ਦੀ ਗੱਲ ਸੁਣਦਾ ਖਿੜਕੀ ਵਿਚੋਂ ਬਾਹਰ ਦੇਖਣ ਲਗਦਾ ਹੈ। ਸੂਰਜ ਭਾਵੇਂ ਛੁੱਪ ਗਿਆ ਹੈ ਪਰ ਰੌਸ਼ਨੀ ਹਾਲੇ ਕਾਫੀ ਹੈ। ਉਹ ਨਹੀਂ ਚਾਹੁੰਦਾ ਕਿ ਉਸ ਨੂੰ ਤੇ ਭਾਗੀ ਨੂੰ ਇਕੱਲਿਆਂ ਘੁੰਮਦਿਆਂ ਦੇਖ ਕੇ ਕੋਈ ਗੱਲ ਘੜੇ ਪਰ ਉਸ ਦਾ ਦਿਲ ਕਰਦਾ ਹੈ ਕਿ ਭਾਗੀ ਨਾਲ ਕੁਝ ਗੱਲਾਂ ਕਰੇ। ਉਸ ਨੂੰ ਭਾਗੀ ਦੇ ਨੇੜੇ ਬੈਠਣਾ ਬਹੁਤ ਚੰਗਾ ਲਗ ਰਿਹਾ ਹੈ। ਉਹ ਇਕ ਹੋਰ ਪੈਗ ਪੀਂਦਾ ਹੈ ਤਾਂ ਸੋਚਦਾ ਹੈ ਕਿ ਕਿਉਂ ਨਾ ਬਰਾਈਟਨ ਜਾ ਆਵੇ। ਉਹ ਭਾਗੀ ਨੂੰ ਕਹਿੰਦਾ ਹੈ,

"ਨਿਆਣਿਆਂ ਕੋਲ ਕੋਈ ਬਹਾਨਾ ਮਾਰ ਤੇ ਚਲ ਬਰਾਈਟਨ ਦਾ ਗੇੜਾ ਕੱਢ ਕੇ ਆਈਏ।"

ਭਾਗੀ ਬੱਚਿਆਂ ਦੇ ਕਮਰੇ ਵਿਚ ਜਾਂਦੀ ਹੈ। ਕਹਿੰਦੀ ਹੈ,

"ਮਾਗਾਂ, ਮੈਂ ਤੇਰੇ ਮਾਮਾ ਜੀ ਨਾਲ ਮੈਡੀਸਨ ਲੈਣ ਚਲੀ ਆਂ, ਬਰਾਈਟਨ ਜਾਣਾ ਪੈਣਾਂ, ਇਥੇ ਸਾਰੇ ਕੈਮਿਸਟ ਬੰਦ ਆ।"

"ਨੌ ਪਰੋਬਲਮ, ਯੂ ਕੈਨ ਗੋ, ਵੀ ਆਰ ਔਲ ਰਾਈਟ ਹੇਅਰ।"

ਵਿਜੈ ਰੋਹਨ ਨੂੰ ਇਹੋ ਪੁੱਛਦਾ ਹੈ ਤਾਂ ਉਹ ਵੀ ਅਜਿਹਾ ਹੀ ਉਤਰ ਦਿੰਦਾ ਹੈ ਤੇ ਵਿਧੀ ਵੀ। ਉਹ ਗੇਮ ਵਿਚ ਖੁੱਭੇ ਪਏ ਹਨ।

ਉਹ ਬਰਾਈਟਨ ਦੇ ਬੀਚ ਤੇ ਆ ਜਾਂਦੇ ਹਨ। ਨਿਕੀ ਜਿਹੀ ਚਟਾਨ ਤੇ ਬੈਠ ਜਾਂਦੇ ਹਨ। ਵਿਜੈ ਕੁਝ ਸੋਚੇ ਬਿਨਾਂ ਸਮੁੰਦਰ ਵਲ ਦੇਖਦਾ ਜਾ ਰਿਹਾ ਹੈ। ਕਿੰਨਾ ਚਿਰ ਚੁੱਪ ਰਹਿੰਦਾ ਹੈ। ਭਾਗੀ ਉਸ ਦੇ ਬਹੁਤ ਨੇੜੇ ਹੋ ਕੇ ਬੈਠ ਜਾਂਦੀ ਹੈ। ਉਸ ਦੀ ਬਾਂਹ ਫੜਦੀ ਹੋਈ ਸਿਰ ਉਸ ਦੇ ਮੋਢੇ ਤੇ ਰੱਖ ਦਿੰਦੀ ਹੈ। ਪੁੱਛਦੀ ਹੈ,

"ਵਿਜੈ, ਕੀ ਸੋਚ ਰਿਹੈਂ।"

"ਭਾਗੀ, ਮੈਨੂੰ ਲਗਦੈ ਕਿ ਹਲਾਤ ਮੇਰਾ ਸ਼ਿਕਾਰ ਕਰਨ ਲਈ ਮੈਨੂੰ ਘੇਰ ਰਹੇ ਆ, ਜਿੰਦਾਂ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਕਿਸੇ ਕੋਨੇ ਵਿਚ ਲਿਜਾਣ ਦੀ ਕੋਸ਼ਿਸ਼ ਕਰਦੈ, ਕੁਸ਼ ਏਦਾਂ ਈ ਮੇਰੇ ਨਾਲ ਹੋ ਰਿਹਾ, ਕੋਈ ਮੈਨੂੰ ਖੂੰਜੇ ਲਾਈ ਜਾਂਦੈ ਤੇ ਮੈ ਇਕੱਲਾ ਰਹੀ ਜਾਨਾਂ।"

"ਮੇਰੇ ਤੋਂ ਵੀ ਇਕੱਲਾ! ਤੇਰੇ ਕੋਲ ਤਾਂ ਆਸ ਹੈ ਕਿ ਤੇਰੀ ਹਕੀਮਣੀ ਠੀਕ ਹੋ ਜਾਣੀ ਆਂ।"

"ਨਹੀਂ, ਠੀਕ ਠਾਕ ਉਹਨੇ ਹੁਣ ਕੀ ਹੋਣੈ, ਹੋਈ ਵੀ ਤਾਂ ਅੱਧੀ ਰਹਿ ਜਾਣੀ ਆਂ।"

ਫਿਰ ਇਕ ਚੁੱਪ ਜਿਹੀ ਪਸਰ ਜਾਂਦੀ ਹੈ। ਭਾਵੇਂ ਸਮੁੰਦਰ ਚੜਿਆ ਹੋਇਆ ਹੈ ਪਰ ਚੁੱਪ ਜਿਹਾ ਹੈ। ਹਵਾ ਦੇ ਨਾ ਚੱਲਣ ਕਾਰਨ ਲਹਿਰਾਂ ਵੀ ਕੋਈ ਸ਼ੋਰ ਨਹੀਂ ਕਰ ਰਹੀਆਂ। ਕੁਝ ਦੇਰ ਬਾਅਦ ਭਾਗੀ ਪੁੱਛਦੀ ਹੈ,

"ਇਸ ਸਮੁੰਦਰ ਦੇ ਦੂਜੇ ਪਾਸੇ ਕੀ ਆ?"

"ਪਤਾ ਨਹੀਂ, ਕੋਈ ਨਾ ਕੋਈ ਮੁਲਕ ਹੋਏਗਾ ਪਰ ਸਮੁੰਦਰ ਐਡਾ ਵੱਡਾ ਐ ਜਿਵੇਂ ਇਹਦਾ ਦੂਜਾ ਪਾਸਾ ਹੋਵੇ ਈ ਨਾ।"

"ਮੈਨੂੰ ਮਾਗਾਂ ਦਸਦੀ ਸੀ ਕਿ ਸਮੁੰਦਰ ਹੇਠ ਵੀ ਬਹੁਤ ਬਚਿੱਤਰ ਧਰਤੀ ਐ।"

"ਹਾਂ, ਸਮੁੰਦਰ ਹੇਠ ਬਹੁਤ ਕੁਸ਼ ਐ, ਧਰਤੀ, ਪਹਾੜ, ਨਦੀਆਂ ਨਾਲ਼ੇ, ਤਾਜ਼ੇ ਪਾਣੀ ਦੇ ਫੁਹਾਰੇ, ਰੰਗ ਬਰੰਗੇ ਜੀਵ, ਹੋਰ ਵੀ ਬਹੁਤ ਕੁਸ਼।"

"ਹੋਰ ਕੀ?"

"ਤਬਾਹ ਹੋਏ ਜਹਾਜ਼, ਗਰਕੇ ਹੋਏ ਟਾਪੂ, ਦਲਦਲਾਂ, ਲਾਵੇ, ਭੁਚਾਲ, ਹੋਰ ਵੀ ਬਹੁਤ ਸਾਰੀ ਹਲਚਲ।"

"ਉਪਰੋਂ ਦੇਖ, ਸਮੁੰਦਰ ਕਿਵੇਂ ਸ਼ਾਂਤ ਆ!।"

"ਚੰਗੀ ਗੱਲ ਐ ਨਾ ਕਿ ਜੇ ਅੰਦਰਲੀ ਗੱਲ ਅੰਦਰ ਹੀ ਦੱਬੀ ਰਹੇ।"

"ਪਰ ਏਦਾਂ ਸੁਨਾਮੀ ਆਉਣ ਦਾ ਵੀ ਖਤਰਾ।"

"ਹਾਂ, ਇਹ ਤਾਂ ਹੈ।"

ਵਿਜੈ ਆਖਦਾ ਹੈ ਤੇ ਫਿਰ ਉਹ ਦੋਵੇਂ ਹੀ ਚੁੱਪ ਹੋ ਜਾਂਦੇ ਹਨ। ਅਚਾਨਕ ਤੇਜ਼ ਹਵਾ ਵਗਣ ਲਗਦੀ ਹੈ। ਭਾਗੀ ਵਿਜੈ ਦੇ ਨਾਲ ਨੂੰ ਚੁੰਬੜ ਜਾਂਦੀ ਹੈ ਤੇ ਕਹਿੰਦੀ ਹੈ,

"ਇਹ ਤਾਂ ਠੰਡ ਹੋ ਗਈ।"

"ਵਾਪਸ ਚਲੀਏ?"

"ਦਿਲ ਤਾਂ ਨਹੀਂ ਕਰਦਾ ਪਰ ਜਾਣਾ ਪੈਣੈ।"

ਉਹ ਉਠ ਖੜਦੇ ਹਨ। ਵਾਪਸ ਆ ਕੇ ਵਿਜੈ ਇਕ ਪੈਗ ਹੋਰ ਲਾਉਂਦਾ ਹੈ। ਭਾਗੀ ਰੋਟੀ ਬਣਾਉਣ ਲਗਦੀ ਹੈ। ਪਹਿਲਾਂ ਬੱਚੇ ਖਾਣਾ ਖਾ ਲੈਂਦੇ ਹਨ ਤੇ ਫਿਰ ਵਿਜੈ ਤੇ ਭਾਗੀ। ਉਹ ਤੁਰਨ ਦੀ ਤਿਆਰੀ ਕਰਨ ਲਗਦੇ ਹਨ ਤਾਂ ਭਾਗੀ ਕਹਿੰਦੀ ਹੈ,

"ਵਿਜੈ, ਅਜ ਇਥੇ ਈ ਸੌਂ ਜਾਓ।"

"ਵਿਧੀ ਨੂੰ ਖੰਘ ਜਿਹੀ ਹੋਈ ਹੋਈ ਐ, ਜਾਕੇ ਦਵਾਈ ਵੀ ਦੇਣੀ ਆਂ।"

"ਉਹ ਤਾਂ ਮੇਰੇ ਕੋਲ ਕੈਲਪੋਲ ਪਈ ਆ।"

"ਇਥੇ ਸੌਣ ਦਾ ਵੀ ਮੁਸ਼ਕਲ ਹੋ ਜਾਣੈ।"

ਭਾਗੀ ਦਾ ਘਰ ਚਾਰ ਕਮਰਿਆਂ ਦਾ ਹੈ। ਇਕ ਇਕ ਕਮਰਾ ਕੁੜੀਆਂ ਕੋਲ ਹੈ ਤੇ ਇਕ ਵਿਚ ਉਹ ਆਪ ਸੌਂਦੀ ਹੈ ਤੇ ਸਿਟਿੰਗ ਕਮਰੇ ਵਿਚ ਸੋਫਾ ਸੈਟੀ ਪਏ ਹਨ। ਭਾਗੀ ਆਖਦੀ ਹੈ,

"ਕੋਈ ਮੁਸ਼ਕਲ ਨਹੀਂ, ਇਕ ਰੂਮ ਵਿਚ ਤੇਰੇ ਨਿਆਣੇ ਤੇ ਇਕ ਵਿਚ ਮੇਰੇ, ਤੂੰ ਮੇਰੇ ਕਮਰੇ ਵਿਚ ਸੌਂ ਜਾ, ਮੈਂ ਇਥੇ ਸੈਟੀ ਤੇ ਪੈ ਜਾਨੀ ਆਂ।"

"ਸੈਟੀ ਤੇ ਤਾਂ ਮੈਂ ਵੀ ਪੈ ਜਾਵਾਂਗਾ।"

ਸਾਰੇ ਬੱਚੇ ਸੌਣ ਚਲੇ ਜਾਂਦੇ ਹਨ। ਭਾਗੀ ਵੀ ਨਾਈਟੀ ਪਾ ਆਉਂਦੀ ਹੈ। ਉਹ ਵਿਜੈ ਨੂੰ ਕਹਿੰਦੀ ਹੈ,

"ਰਿਲੈਕਸ ਹੋ ਕੇ ਸੌਂ, ਇਥੇ ਕਿਸੇ ਨਹੀਂ ਆਉਣਾ, ਕੁੜੀਆਂ ਤਾਂ ਇਕ ਵਾਰੀ ਸੌਂ ਗਈਆਂ ਤਾਂ ਹਾਕਾਂ ਮਾਰੀਆਂ ਵੀ ਨਹੀਂ ਉਠਦੀਆਂ।"

ਭਾਗੀ ਆਪ ਵੀ ਆਪਣੇ ਕਮਰੇ ਵਿਚ ਸੌਂ ਜਾਂਦੀ ਹੈ। ਵਿਜੈ ਟਰਾਉਜ਼ਰ ਤੇ ਕਮੀਜ਼ ਉਤਾਰ ਕੇ ਇਕ ਪਾਸੇ ਰੱਖ ਦਿੰਦਾ ਹੈ ਤੇ ਸੌਣ ਦੀ ਕੋਸ਼ਿਸ਼ ਕਰਨ ਲਗਦਾ ਹੈ। ਸੈਟੀ ਥੋੜੀ ਸਖਤ ਹੈ, ਉਸ ਨੂੰ ਨੀਂਦ ਨਹੀਂ ਆ ਰਹੀ। ਉਹ ਕੁਝ ਦੇਰ ਪਾਸੇ ਮਾਰਦਾ ਹੈ ਪਰ ਫਿਰ ਉਠ ਬੈਠਦਾ ਹੈ। ਉਹ ਆਲਾ ਦੁਆਲਾ ਦੇਖਦਾ ਹੈ ਕਿ ਕੁਝ ਪੜਨ ਲਈ ਹੀ ਮਿਲ ਜਾਵੇ ਤਾਂ ਵਕਤ ਪਾਸ ਹੋ ਜਾਵੇ। ਕੰਪਿਊਟਰ ਵੀ ਕੁੜੀਆਂ ਦੇ ਕਮਰੇ ਵਿਚ ਹੈ। ਭਾਗੀ ਹਿਲਜੁਲ ਸੁਣ ਕੇ ਉਠ ਖੜਦੀ ਹੈ। ਪੁੱਛਦੀ ਹੈ,

"ਨੀਂਦ ਨਹੀਂ ਆ ਰਹੀ?"

"ਹਾਂ।"

"ਉਥੇ ਬੈਡ ਰੂਮ ਵਿਚ ਆ ਜਾ, ਕੁਸ਼ ਨਹੀਂ ਹੁੰਦਾ।"

ਉਹ ਉਠ ਕੇ ਭਾਗੀ ਦੇ ਕਮਰੇ ਵਿਚ ਚਲੇ ਜਾਂਦਾ ਹੈ। ਡਬਲ ਬੈਡ ਹੈ। ਇਕ ਪਾਸੇ ਭਾਗੀ ਪੈ ਜਾਂਦੀ ਹੈ ਤੇ ਦੂਜੇ ਪਾਸੇ ਵਿਜੈ। ਛੇਤੀ ਹੀ ਭਾਗੀ ਦੇ ਨਿਕੇ ਨਿਕੇ ਘੁਰਾੜਿਆਂ ਦੀ ਅਵਾਜ਼ ਆਉਣ ਲਗਦੀ ਹੈ। ਉਹ ਭਾਗੀ ਵਲ ਦੇਖਦਾ ਹੈ। ਭਾਗੀ ਦੀ ਨਾਈਟੀ ਉਸ ਦੇ ਪੱਟਾਂ ਤਕ ਆਈ ਹੋਈ ਹੈ। ਉਸ ਦੀਆਂ ਨਿਗਰ ਗੋਲ ਲੱਤਾਂ ਵਿਜੈ ਦੇ ਮਨ ਵਿਚ ਖੋਹ ਪਾਉਣ ਲਗਦੀਆਂ ਹਨ। ਉਸ ਦੀਆਂ ਸਖਤ ਛਾਤੀਆਂ ਨਾਈਟੀ ਵਿਚ ਫਸੀਆਂ ਪਈਆਂ ਹਨ। ਖਿੜਕੀ ਰਾਹੀਂ ਆ ਰਹੀ ਹਵਾ ਨਾਲ ਉਸ ਦੀਆਂ ਛਾਤੀਆਂ ਕੋਲੋਂ ਲਹਿਰਾਉਂਦੀ ਨਾਈਟੀ ਉਸ ਨੂੰ ਕੁਝ ਕਹਿ ਰਹੀ ਹੈ। ਉਸ ਦਾ ਦਿਲ ਕਰਦਾ ਹੈ ਕਿ ਹੱਥ ਅਗੇ ਵਧਾਵੇ। ਉਹ ਭਾਗੀ ਵਲ ਨੂੰ ਮੂੰਹ ਕਰ ਲੈਂਦਾ ਹੈ। ਉਸ ਨੂੰ ਕੁਝ ਹੋਣ ਲਗਦਾ ਹੈ। ਭਾਗੀ ਵੀ ਉਸ ਵਲ ਨੂੰ ਮੂੰਹ ਕਰ ਲੈਂਦੀ ਹੈ ਤੇ ਪੁੱਛਦੀ ਹੈ,

"ਨੀਂਦ ਨਹੀਂ ਆਉਂਦੀ?"

ਵਿਜੈ ਕੁਝ ਨਹੀਂ ਬੋਲਦਾ ਬਸ ਭਾਗੀ ਵਲ ਦੇਖਦਾ ਰਹਿੰਦਾ ਹੈ। ਭਾਗੀ ਦੀਆਂ ਅੱਖਾਂ ਚਮਕ ਰਹੀਆਂ ਹਨ। ਉਸ ਦੇ ਮੋਟੇ ਬੁਲ੍ਹ ਹੋਰ ਮੋਟੇ ਹੋ ਜਾਂਦੇ ਹਨ ਤੇ ਫਰਕਣ ਲਗਦੇ ਹਨ। ਵਿਜੈ ਦਾ ਹੱਥ ਵਧਣ ਲਗਦਾ ਹੈ, ਭਾਗੀ ਤਕ ਪੁੱਜਦਾ ਹੀ ਹੈ ਕਿ ਵਿਧੀ ਦੇ ਖੰਘਣ ਦੀ ਅਵਾਜ਼ ਆਉਣ ਲਗਦੀ ਹੈ।

## ਅਠੱਤੀ

ਬਹੁਤ ਦਿਨਾਂ ਤੋਂ ਪਿਤਾ ਜੀ ਤੇ ਭਾਈ ਦੇ ਆਉਣ ਦੀ ਗੱਲ ਚਲ ਰਹੀ ਹੈ ਕਿ ਉਹ ਆ ਰਹੇ ਹਨ। ਵਿਜੈ ਨੇ ਇਕ ਚਿੱਠੀ ਹਸਪਤਾਲ ਤੋਂ ਲੈ ਦਿੰਦਾ ਹੈ ਕਿ ਸੁਸ਼ਮਾ ਇਥੇ ਬਿਮਾਰ ਪਈ ਹੈ। ਰਾਹਦਾਰੀ ਰਮੇਸ਼ ਭੇਜ ਦਿੰਦਾ ਹੈ। ਟਿਕਟ ਉਹ ਆਪ ਲੈ ਰਹੇ

ਹਨ। ਸੁਸ਼ਮਾ ਬਥੇਰਾ ਲੜ-ਰੁਸ ਹਟੀ ਪਰ ਵਿਜੈ ਟਿਕਟ ਨਹੀਂ ਭੇਜਦਾ। ਉਸ ਨੂੰ ਪਤਾ ਹੈ ਕਿ ਜੇ ਉਹ ਠੀਕ ਹੁੰਦੀ ਤਾਂ ਹੁਣ ਤਕ ਟਿਕਟਾਂ ਭੇਜ ਚੁੱਕੀ ਹੁੰਦੀ। ਵਿਜੈ ਆਪਣੇ ਮੁਬਾਈਲ ਤੋਂ ਕਈ ਵਾਰ ਸੁਸ਼ਮਾ ਦੀ ਗੱਲ ਪਿਤਾ ਜੀ ਤੇ ਝਾਈ ਨਾਲ ਕਰਾ ਦਿਆ ਕਰਦਾ ਹੈ। ਹੋਰਨਾਂ ਹਸਪਤਾਲਾਂ ਵਾਂਗ ਇਥੇ ਫੋਨ ਦੀ ਵਰਤੋਂ ਦੀ ਮਨਾਹੀ ਨਹੀਂ ਹੈ। ਇਕ ਦਿਨ ਰਮੇਸ਼ ਪੁੱਛਦਾ ਹੈ,

"ਕਿੱਦਾਂ ਬਈ, ਏਅਰਪੋਰਟ ਚਲੇਂਗਾ?"

"ਨਹੀਂ, ਮੇਰੀ ਕੋਈ ਬਿਲਟੀ ਤਾਂ ਹੈ ਨਹੀਂ।"

"ਮੈਨੂੰ ਪਤਾ ਤੂੰ ਬਿਲਟੀਆਂ ਛੁਡਾਉਣ ਏਅਰਪੋਰਟ ਤੇ ਜਾਨਾਂ ਪਰ ਅਜ ਇਨ-ਲੌਅਜ਼ ਆ ਰਹੇ ਆ, ਇਸ ਕਰਕੇ ਕਹਿੰਨਾ।"

"ਮੈਂ ਬਈ ਬਹੁਤ ਬੀਜ਼ੀ ਆਂ। ਮੇਰੇ ਕੋਲ ਵਕਤ ਨਹੀਂ।"

"ਤੂੰ ਕਿਹੜੇ ਵੇਲੇ ਬੀਜ਼ੀ ਐਂ, ਨਾ ਤੂੰ ਟਾਈਮ ਪੁੱਛਿਆ ਤੇ ਨਾ ਈ ਤਰੀਕ, ਤੂੰ ਮੁਫਤ ਵਿਚ ਈ ਬੀਜ਼ੀ ਹੋ ਗਿਆ!"

"ਤੈਨੂੰ ਮੇਰੇ ਸ਼ਡਿਊਲ ਦਾ ਪਤਾ ਚਲੇ ਤਾਂ ਕਹੇਂ।"

"ਤੇਰਾ ਕੀ ਕਰੀਏ ਵਿਜੇ, ਤੂੰ ਸਦਾ ਈ ਆਪਣਾ ਅਲੱਗ ਟਾਪੂ ਬਣਾਈ ਰੱਖਦਾਂ।"

"ਮੈਂ ਤੁਹਾਡੇ ਤੋਂ ਅਲੱਗ ਟਾਪੂ ਦਾ ਬੰਦਾ ਵਾਂ, ਮੇਰੀਆ ਤੁਹਾਡੇ ਤੋਂ ਅਲੱਗ ਕਿਸਮ ਦੀਆਂ ਕੁਮਿੰਟਮਿੰਟਸ ਹੈਗੀਆਂ।"

"ਜਦ ਵੀ ਤੇਰੇ ਵਲ ਹੱਥ ਵਧਾਉਂਦੇ ਆਂ ਤੂੰ ਦੂਰ ਭੱਜਣ ਲਗਦਾਂ, ਪਤਾ ਨਹੀਂ ਕਿਉਂ!"

"ਜਿਹੜੀ ਮੇਰੇ ਤੇ ਮੁਸੀਬਤ ਪਈ ਹੋਈ ਐ ਤੁਸੀਂ ਲੋਕ ਇਹਨੂੰ ਇਗਨੋਅਰ ਕਰ ਰਹੇ ਓ ਤੇ ਆਪਣੀਆਂ ਹੋਰ ਈ ਸਕੀਮਾਂ ਘੜੀ ਫਿਰਦੇ ਓ।"

"ਮਸਲਨ?"

"ਮੇਰੇ ਲਈ ਘਰ, ਬੱਚੇ ਤੇ ਆਪਣਾ ਕੰਮ ਸੰਭਾਲਣੇ ਮੁਸ਼ਕਲ ਹੋਏ ਪਏ ਆ, ਤੇ ਤੈਨੂੰ ਉਹਨਾਂ ਨੂੰ ਸੱਦ ਕੇ ਮੇਰੇ ਗਲ਼ ਮੜ੍ਹਨ ਦੀ ਪਈ ਹੋਈ ਐ।"

"ਇਹ ਮੇਰੀ ਸਕੀਮ ਨਹੀਂ, ਇਹ ਉਹਨਾਂ ਦਾ ਈ ਕਰਿਆ ਕਤਰਿਆ।"

"ਤੈਨੂੰ ਉਹ ਵਰਤ ਰਹੇ ਆ, ਉਹਨਾਂ ਦਾ ਨਿਸ਼ਾਨਾ ਤਾਂ ਮੇਰੇ ਘਰ ਆ ਕੇ ਵੜਨ ਦੀ ਐ ਜੋ ਕਿ ਮੈਂ ਹੋਣ ਨਹੀਂ ਦੇਣਾਂ, ਤੂੰ ਉਹਨਾਂ ਦੇ ਮਨਸੂਬੇ ਦਾ ਜ਼ਰੀਆ ਬਣਿਆਂ, ਇਹੋ ਤੇਰੀ ਗਲਤੀ ਐ ਤੇ ਸਜ਼ਾ ਇਹ ਐ ਕਿ ਤੂੰ ਆਪੇ ਭੁਗਤ।"

ਕਈ ਵਾਰ ਵਿਜੈ ਸੋਚਣ ਲਗਦਾ ਹੈ ਕਿ ਪਿਤਾ ਜੀ ਸੋਚਦੇ ਹੋਣਗੇ ਕਿ ਸੁਸ਼ਮਾ ਹੁਣ ਬਿਮਾਰ ਹੈ। ਉਸ ਥਾਂ ਹੁਣ ਉਹ ਹੀ ਹਿਕਮਤ ਕਰਨ ਲਗਣ। ਇਕ ਇਹ ਵੀ ਉਸ ਨੂੰ ਲਗ ਰਿਹਾ ਹੈ ਕਿ ਹੁਣ ਉਸ ਦਾ ਘਰ ਪੰਜ ਬੈਡਰੂਮ ਦਾ ਬਣ ਗਿਆ ਹੈ ਤੇ ਕਿਸੇ ਦੇ ਰਹਿਣ ਲਈ ਕਾਫੀ ਹੈ। ਕਿਉਂ ਕਿ ਕਈ ਵਾਰ ਸੁਸ਼ਮਾ ਦੀਆਂ ਗੱਲਾਂ ਤੋਂ ਉਸ ਨੂੰ ਅਜਿਹੇ ਇਸ਼ਾਰੇ ਮਿਲਦੇ ਰਹੇ ਹਨ।

ਹਸਪਤਾਲ ਗਏ ਵਿਜੈ ਨੂੰ ਸੁਸ਼ਮਾ ਕਹਿੰਦੀ ਹੈ,

"ਤੁਸੀਂ ਪਿਤਾ ਜੀ ਨੂੰ ਲੈਣ ਏਅਰਪੋਰਟ ਕਿਉਂ ਨਹੀਂ ਜਾ ਸਕਦੇ।"

"ਉਸ ਦਿਨ ਮੈਂ ਆਪਣਾ ਮਾਲ ਡਿਲਿਵਰ ਕਰਨ ਜਾਣਾਂ।"

"ਇਹ ਡਿਲਿਵਰੀ ਅਗੇ ਪਿੱਛੇ ਵੀ ਤਾਂ ਕਰ ਸਕਦੇ ਓ, ਜਾਂ ਹੁਸ਼ਿਆਰ ਭਾਅ ਜੀ ਵੀ ਕਰ ਸਕਦੇ ਆ।"

"ਮੈਂ ਇਹ ਮਾਲ ਦੇ ਕੇ ਹੋਰ ਆਰਡਰ ਵੀ ਲੈਣਾਂ ਜਿਹੜਾ ਹੁਸ਼ਿਆਰ ਭਾਅ ਤੋਂ ਨਹੀਂ ਹੋ ਸਕਣਾ।"

"ਸ਼ਰਮਾ ਜੀ, ਤੁਸੀਂ ਬਹੁਤ ਡਿਫੀਕਲਟ ਹੋਈ ਜਾਂਦੇ ਓ।"

"ਤੂੰ ਇਕ ਵਾਰ ਘਰ ਆ ਜਾ ਸਭ ਕੁਸ਼ ਠੀਕ ਹੋ ਜਾਣੈ।"

ਵਿਜੈ ਉਸ ਦੀ ਬਾਂਹ ਤੇ ਮਾਲਸ਼ ਕਰਦਾ ਆਖਦਾ ਹੈ। ਸੁਸ਼ਮਾ ਨੂੰ ਕੋਈ ਗੱਲ ਜਦ ਦਲੀਲ ਦੇ ਕੇ ਸਮਝਾਏ ਤਾਂ ਉਹ ਸਹਿਜੇ ਸਮਝ ਲੈਂਦੀ ਹੈ। ਨਹੀਂ ਤਾਂ ਅੰਤ ਵਿਚ ਇਹ ਕਹਿ ਕੇ ਖਹਿੜਾ ਛੁਡਾ ਲੈਂਦਾ ਹੈ ਕਿ ਤੂੰ ਘਰ ਆਵੇਂਗੀ ਤਾਂ ਜਿਵੇਂ ਕਹੇਂਗੀ ਉਹ ਕਰੇਗਾ।

ਪਿਤਾ ਜੀ ਤੇ ਝਾਈ ਇੰਡੀਆ ਤੋਂ ਆ ਜਾਂਦੇ ਹਨ। ਰਮੇਸ਼ ਤੇ ਅੰਮਰਤੀ ਉਹਨਾਂ ਨੂੰ ਜਾ ਕੇ ਲੈ ਆਉਂਦੇ ਹਨ। ਉਹ ਸਿੱਧੇ ਹਸਪਤਾਲ ਪੁੱਜਦੇ ਹਨ। ਵਿਜੈ ਨੂੰ ਪਤਾ ਹੈ ਕਿ ਕਿੰਨੇ ਕੁ ਵਜੇ ਉਹਨਾਂ ਆਉਣਾ ਹੈ ਤੇ ਕਦ ਤਕ ਹਸਪਤਾਲ ਹੋਣਗੇ, ਉਹ ਹਸਪਤਾਲ ਜਾਂਦਾ ਹੀ ਨਹੀਂ ਕਿ ਉਥੇ ਬਹੁਤਾ ਰੱਸ਼ ਠੀਕ ਨਹੀਂ ਹੋਵੇਗਾ। ਫਿਰ ਉਹ ਸ਼ਾਮ ਨੂੰ ਬੱਚਿਆਂ ਨਾਲ ਸੁਸ਼ਮਾ ਨੂੰ ਦੇਖਣ ਜਾਂਦਾ ਹੈ। ਉਹ ਦੇਖਦਾ ਹੈ ਕਿ ਪਿਤਾ ਜੀ ਤੇ ਝਾਈ ਹਾਲੇ ਉਥੇ ਹੀ ਬੈਠੇ ਹਨ। ਵਿਜੈ ਅਗੇ ਵਧ ਕੇ ਉਹਨਾਂ ਦੇ ਪੈਰੀਂ ਹੱਥ ਲਾਉਂਦਾ ਹੈ। ਉਹ ਵੀ ਬਹੁਤ ਪਿਆਰ ਨਾਲ ਮਿਲਦੇ ਹਨ। ਉਹ ਰੋਹਨ ਤੇ ਵਿਧੀ ਨੂੰ ਵੀ ਸਿਰਾਂ ਤੇ ਹੱਥ ਫੇਰ ਕੇ ਪਿਆਰ ਦਿੰਦੇ ਹਨ। ਪਰ ਬੱਚੇ ਉਹਨਾਂ ਤੋਂ ਦੂਰ ਭਜਦੇ ਹਾਲ ਵਿਚ ਟੈਲੀ ਦੇਖਣ ਜਾ ਲਗਦੇ ਹਨ। ਪਿਤਾ ਜੀ ਸਿਹਤ ਦੇ ਬਹੁਤ ਕਮਜ਼ੋਰ ਹਨ। ਜਿਵੇਂ ਫੋਟੋ ਵਿਚ ਲਗਦੇ ਹਨ ਉਹੋ ਜਿਹੇ ਬਿਲਕੁਲ ਨਹੀਂ ਹਨ। ਹਾਂ, ਮੁੱਛਾਂ ਜ਼ਰੂਰ ਫੋਟੋ ਵਰਗੀਆਂ ਹਨ। ਭਰਵੀਆਂ ਤੇ ਅਖੀਰ ਤੋਂ ਸੂਲਾਂ ਵਰਗੀਆਂ ਤਿਖੀਆਂ। ਝਾਈ ਦੀ ਸਿਹਤ ਵਾਹਵਾ ਹੈ। ਤਸਵੀਰਾਂ ਵਿਚ ਉਹ ਮਾੜੀ ਦਿਸਦੀ ਰਹੀ ਹੈ। ਪਿਤਾ ਜੀ ਚੁੱਪ ਚੁੱਪ ਹਨ ਪਰ ਝਾਈ ਖੂਬ਼ ਗੱਲਾਂ ਕਰ ਰਹੀ ਹੈ। ਸੁਸ਼ਮਾ ਦੀ ਬਿਮਾਰੀ ਬਾਰੇ ਗੱਲਾਂ ਹੋਣ ਲਗਦੀਆਂ ਹਨ। ਝਾਈ ਕਹਿੰਦੀ ਹੈ,

"ਇਹ ਤਾਂ ਮਾਲਸ਼ਾਂ ਦਾ ਜ਼ੋਰ ਚਾਹੀਦਾ ਤਾਂ ਈ ਕੁੜੀ ਨੇ ਠੀਕ ਹੋਣਾਂ।"

"ਨਹੀਂ ਝਾਈ, ਮਾਲਸ਼ਾਂ ਦੀ ਇੰਨੀ ਲੋੜ ਨਹੀਂ, ਇਹ ਤਾਂ ਦਿਮਾਗ ਵਿਚ ਕੁਝ ਸੈਲ ਮਰ ਗਏ ਆ ਜਿਹੜੇ ਖੱਬੇ ਪਾਸੇ ਦੇ ਅੰਗਾਂ ਨੂੰ ਚਲਾਉਂਦੇ ਹੁੰਦੇ ਆ, ਹੁਣ ਦਿਮਾਗ ਦੇ ਦੂਜੇ ਸੈਲ ਹੌਲੀ ਹੌਲੀ ਇਹਨਾਂ ਨੂੰ ਚਲਾਉਣ ਦਾ ਵੱਲ ਸਿਖਣਗੇ ਤਾਂ ਇਹਨੇ ਠੀਕ ਹੋਣਾਂ, ਟਾਈਮ ਲਗਣਾਂ ਪਰ ਠੀਕ ਹੋ ਜਾਣਾਂ। ਇਸ ਕੰਮ ਲਈ ਇਹ ਡਾਕਟਰ ਲੋਕ ਫੀਜ਼ੀਓਥੈਰਪੀ ਕਰ ਰਹੇ ਆ। ਇਹ ਅੰਗਾਂ ਨੂੰ ਮੁੜ ਚਲਾਉਣ ਦੀ ਕੋਸ਼ਿਸ਼ ਕਰ ਰਹੇ ਆ।"

ਵਿਜੈ ਇੰਟਰਨੈੱਟ ਰਾਹੀਂ ਪ੍ਰਾਪਤ ਕੀਤੀ ਆਪਣੀ ਜਾਣਕਾਰੀ ਅਗਾਂਹ ਉਹਨਾਂ ਨੂੰ ਦਿੰਦਾ ਹੈ। ਝਾਈ ਉਸ ਵਲ ਇਵੇਂ ਦੇਖ ਰਹੀ ਹੈ ਜਿਵੇਂ ਕਹਿ ਰਹੀ ਹੋਵੇ ਕਿ ਆ ਗਿਆ ਵੱਡਾ ਡਾਕਟਰ। ਪਿਤਾ ਜੀ ਵਿਜੈ ਦੀ ਗੱਲ ਧਿਆਨ ਨਾਲ ਸੁਣ ਰਹੇ ਹਨ ਤੇ ਕਹਿਣ ਲਗਦੇ ਹਨ,

"ਦੇਖੋ ਜੀ, ਇੰਨਾ ਤਰੱਕੀ ਯਾਫਤਾ ਮੁਲਕ ਐ, ਕੋਈ ਨਾ ਕੋਈ ਹੱਲ ਤਾਂ ਇਹਦਾ ਲਭਣਗੇ ਈ। ਫੇਰ ਉਪਰ ਭਗਵਾਨ ਵੀ ਦੇਖਦਾ, ਅਸੀਂ ਉਹਦਾ ਕੀ ਵਿਗਾੜਿਐ!"

ਵਿਜੈ ਸ਼ਨਿਚਰਵਾਰ ਨੂੰ ਮੰਦਿਰ ਵਿਚ ਜਾਂਦਾ ਹੈ ਤਾਂ ਪਿਤਾ ਜੀ ਤੇ ਝਾਈ ਜੀ ਵੀ ਉਥੇ ਆ ਜਾਂਦੇ ਹਨ। ਰਮੇਸ਼ ਉਹਨਾਂ ਦੇ ਨਾਲ ਹੈ। ਰਮੇਸ਼ ਉਹਨਾਂ ਨੂੰ ਵਿਜੈ ਵਲੋਂ ਕੀਤੇ ਜਾਂਦੇ ਕੰਮ ਬਾਰੇ ਦਸਦਾ ਹੈ। ਪਿਤਾ ਜੀ ਕਹਿੰਦੇ ਹਨ,

"ਫੇਰ ਤਾਂ ਬਈ ਸਾਡੇ ਵੀ ਫਾਰਮ ਭਰ ਦੇ ਸਾਨੂੰ ਵੀ ਪੱਕੇ ਕਰਾ ਛੱਡ।"

"ਪਿਤਾ ਜੀ, ਮੈਂ ਤਾਂ ਆਹ ਛੋਟੇ ਮੋਟੇ ਫਾਰਮ ਈ ਭਰ ਸਕਦਾਂ, ਇਹ ਕੰਮ ਤਾਂ ਰਮੇਸ਼ ਭਾਈ ਸਾਹਿਬ ਹੀ ਕਰ ਸਕਦੇ ਆ।"

ਕਹਿ ਕੇ ਉਹ ਰਮੇਸ਼ ਵਲ ਦੇਖਦਾ ਹੈ। ਰਮੇਸ਼ ਦੇ ਮੱਥੇ ਦੀਆਂ ਤੀੜੀਆਂ ਡੂੰਘੀਆਂ ਹੋਣ ਲਗਦੀਆਂ ਹਨ। ਝਾਈ ਰੋਹਨ ਤੇ ਵਿਧੀ ਨਾਲ ਗੱਲਾਂ ਕਰਨੀਆਂ ਚਾਹੁੰਦੀ ਹੈ ਪਰ ਉਹ ਵਿਜੈ ਵਿਚ ਨੂੰ ਵੜੀ ਜਾ ਰਹੇ ਹਨ।

ਅਗਲੇ ਦਿਨ ਐਤਵਾਰ ਹੈ। ਰਮੇਸ਼ ਤੇ ਅੰਮਰਤੀ ਉਹਨਾਂ ਨੂੰ ਸਵੇਰੇ ਹੀ ਵਿਜੈ ਦੇ ਘਰ ਲੈ ਆਉਂਦੇ ਹਨ। ਪਿਤਾ ਜੀ ਘਰ ਵਿਚ ਹੋਈ ਨਵੀਂ ਐਕਸਟੈਂਸ਼ਨ ਨੂੰ ਦੇਖਦੇ ਹਨ। ਘਰ ਹੁਣ ਪੰਜ ਬੈਡ ਰੂਮ ਦਾ ਹੈ ਇਸ ਗੱਲ ਦਾ ਉਹਨਾਂ ਨੂੰ ਪਹਿਲਾਂ ਹੀ ਪਤਾ ਚਲ ਚੁੱਕਾ ਹੈ। ਉਹ ਸੁਸ਼ਮਾ ਦੇ ਕੰਮ ਲਈ ਬਣਾਏ ਕਮਰੇ ਨੂੰ ਵੀ ਦੇਖਦੇ ਹਨ। ਜਿਥੋਂ ਹੁਣ ਸੁਸ਼ਮਾ ਕੰਮ ਕਰ ਰਹੀ ਹੈ ਉਹ ਕਮਰਾ ਵੀ ਦੇਖਦੇ ਹਨ। ਝਾਈ ਕਹਿੰਦੀ ਹੈ,

"ਵਿਜੇ, ਘਰ ਤਾਂ ਬਈ ਤੇਰਾ ਹੁਣ ਬਹੁਤ ਖੁਲ੍ਹਾ ਹੋ ਗਿਆ, ਆਏ ਗਏ ਦੇ ਰਹਿਣ ਲਈ ਕੋਈ ਤਕਲੀਫ ਨਹੀਂ ਹੋਣ ਲਗੀ।"

"ਝਾਈ, ਅਸੀਂ ਆਏ ਗਏ ਦੀ ਤਕਲੀਫ ਦੀ ਪਰਵਾਹ ਨਹੀਂ ਕਰੀਦੀ ਅਸੀਂ ਤਾਂ ਆਪਣੀ ਤਕਲੀਫ ਤੋਂ ਡਰਦੇ ਰਹਿੰਦੇ ਆਂ, ਜੇ ਥੋੜੀ ਜਗਾਹ ਹੋਏਗੀ ਤਾਂ ਆਇਆ ਗਿਆ ਆਪੇ ਔਖਾ ਹੋਵੇਗਾ, ਜੇ ਜ਼ਿਆਦਾ ਜਗਾਹ ਹੋਏਗੀ ਤਾਂ ਆਏ ਗਏ ਕਰਕੇ ਅਸੀਂ ਔਖੇ ਹੋਵਾਂਗੇ।"

ਕਹਿ ਕੇ ਵਿਜੈ ਹੱਸਣ ਲਗਦਾ ਹੈ ਪਰ ਉਸ ਦੀ ਗੱਲ ਸੁਣ ਝਾਈ ਹੋਰ ਤਰ੍ਹਾਂ ਦਾ ਮੂੰਹ ਬਣਾ ਲੈਂਦੀ ਹੈ। ਅੰਮਰਤੀ ਵੀ ਉਸ ਵਲ ਔਖਾ ਜਿਹਾ ਹੋ ਦੇਖਣ ਲਗਦੀ ਹੈ। ਵਿਜੈ ਉਹਨਾਂ ਲਈ ਚਾਹ ਬਣਾਉਂਦਾ ਹੈ। ਪਿਤਾ ਜੀ ਟੈਲੀ ਦੇਖਣ ਲਗਦੇ ਹਨ। ਰਮੇਸ਼ ਤੇ ਅੰਮਰਤੀ ਇਕ ਦੂਜੇ ਵਲ ਦੇਖਦੇ ਜਾ ਰਹੇ ਹਨ। ਰਮੇਸ਼ ਅੰਮਰਤੀ ਨੂੰ ਵਿਜੈ ਦੀ ਰਸੋਈ ਵਿਚ ਮਦਦ ਕਰਨ ਲਈ ਆਖ ਰਿਹਾ ਹੈ ਪਰ ਅੰਮਰਤੀ 'ਨਾਂਹ' ਵਿਚ ਸਿਰ ਫੇਰ ਰਹੀ ਹੈ। ਵਿਜੈ ਚਾਹ ਤੇ ਬਿਸਕੁਟ ਮੇਜ਼ ਤੇ ਲਿਆ ਰੱਖਦਾ ਹੈ। ਰੋਹਨ ਤੇ ਵਿਧੀ ਵਿਜੈ ਦੀ ਸਹਾਇਤਾ ਕਰਨ ਲਗਦੇ ਹਨ। ਝਾਈ ਆਖਦੀ ਹੈ,

"ਇੰਡੀਆ ਗਏ ਤਾਂ ਇਹ ਦੋਵੇਂ ਮੇਰੇ ਅਗੇ ਪਿਛੇ ਫਿਰਦੇ ਰਹਿੰਦੇ ਆ ਇਥੇ ਇਹ ਸਿੱਧੇ ਮੂੰਹ ਬੋਲ ਈ ਨਹੀਂ ਰਹੇ।"

"ਝਾਈ, ਇਹ ਜਿਹੜੇ ਹੈਗੇ ਨਾ ਤੁਹਾਡੇ ਦੋਹਤਾ ਦੋਹਤੀ, ਇਹ ਪੂਰੇ ਮੋਮੋਠਗਣੇ ਆਂ, ਪੂਰੇ ਮਤਲਬੀ, ਜਦੋਂ ਇਹ ਉਥੇ ਜਾਂਦੇ ਆ ਤਾਂ ਇਹਨਾਂ ਨੂੰ ਤੁਹਾਡੀ ਲੋੜ ਹੁੰਦੀ ਆ, ਤੁਸੀਂ ਕੁਸ਼ ਲੈ ਵੀ ਦਿੰਦੇ ਹੋਵੋਂਗੇ, ਇਹਨਾਂ ਨੇ ਰਹਿਣਾ ਵੀ ਹੁੰਦਾ ਪਰ ਹੁਣ ਇਹ ਇਹਨਾਂ ਦਾ ਘਰ ਐ, ਇਹਨਾਂ ਨੂੰ ਕਿਸੇ ਦੀ ਲੋੜ ਨਹੀਂ ਏਸ ਲਈ ਮਨ ਆਇਆ ਬੋਲਦੇ ਆ।"

ਵਿਜੈ ਫਿਰ ਹੱਸਦਾ ਹੈ। ਅੰਮਰਤੀ ਹੋਰ ਖਿਝ ਜਾਂਦੀ ਹੈ ਤੇ ਕਹਿੰਦੀ ਹੈ,

"ਸਿੱਧਾ ਕਿਉਂ ਨਹੀਂ ਕਹਿੰਦਾ ਕਿ ਇਹ ਪਿਓ ਦੇ ਚਮਚੇ ਆ।"

"ਤੇ ਹੋਰ ਇਹ ਗਵਾਂਡੀਆਂ ਦੇ ਚਮਚੇ ਬਣ ਜਾਣ! ਕਿਉਂ ਦੁੱਗਲ ਸਾਹਿਬ?"

ਕਹਿ ਵਿਜੈ ਰਮੇਸ਼ ਵਲ ਦੇਖਦਾ ਹੈ। ਅਗਿਓਂ ਰਮੇਸ਼ ਹਲਕਾ ਜਿਹਾ ਮੁਸਰਾਉਂਦਾ ਹੈ। ਪਿਤਾ ਜੀ ਆਪਣੀ ਪਰੈਕਟਿਸ ਬਾਰੇ ਦਸਣ ਲਗਦੇ ਹਨ,

"ਲੱਖਾਂ ਦੀ ਆਮਦਨ ਸੀ, ਨਰਿੰਦਰ ਨੂੰ ਅਮਰੀਕਾ ਨੇ ਮਾਰ ਲਿਆ, ਸੁਸ਼ਮਾ ਇਥੇ ਆ ਵਸੀ, ਮੇਰੇ ਕੋਲੋਂ ਹੁਣ ਕੰਮ ਨਹੀਂ ਹੁੰਦਾ, ਸਭ ਕੁਸ਼ ਭੰਗ ਦੇ ਭਾੜੇ ਗਿਆ, ਥੋੜੀ ਜਿਹੀ ਪਗੜੀ ਨਾਲ ਹਸਪਤਾਲ ਕਿਰਾਏ ਤੇ ਦੇਣਾ ਪਿਆ।"

"ਪਿਤਾ ਜੀ, ਹਰ ਚੀਜ਼ ਦਾ ਇਕ ਸਮਾਂ ਹੁੰਦਾ, ਚਲੋ ਤੁਸੀਂ ਬਥੇਰੇ ਕਮਾ ਲਏ।"

"ਫਿਰ ਵੀ ਝੋਰਾ ਜਿਹਾ ਤਾਂ ਰਹਿੰਦਾ ਈ ਐ, ਹੁਣ ਜੇ ਨਰਿੰਦਰ ਉਥੇ ਪੱਕਾ ਹੋ ਜਾਂਦਾ ਤਾਂ ਜ਼ਰਾ ਸੌਖੇ ਹੋ ਜਾਂਦੇ, ਹੁਣ ਬੁੱਢੇ ਬਾਰੇ ਆਹ ਧੀ ਦਾ ਦੁੱਖ ਆ ਪਿਆ।"

ਪਿਤਾ ਜੀ ਥਾਵੇਂ ਝਾਈ ਕਹਿੰਦੀ ਹੈ। ਫਿਰ ਉਸ ਆਪਣੇ ਪੁੱਤਰ ਬਾਰੇ ਦੱਸਣ ਲਗਦੀ ਹੈ ਕਿ ਉਹ ਉਹਨਾਂ ਦਾ ਸਰਬਣ ਪੁੱਤਰ ਹੈ। ਵਿਜੈ ਸੋਚਦਾ ਹੈ ਕਿ ਇਕੱਲਾ ਇਕੱਲਾ ਪੁੱਤ ਹੋਣ ਕਰਕੇ ਸਰਬਣ ਹੀ ਲਗਦਾ ਹੋਵੇਗਾ। ਉਹ ਕਹਿਣਾ ਚਾਹੁੰਦਾ ਹੈ ਕਿ ਸਰਬਣ ਦੀ ਵਹਿੰਗੀ ਤਾਂ ਧੀਆਂ ਦੇ ਘਰ ਆ ਪੁੱਜੀ ਹੈ ਪਰ ਉਹ ਚੁੱਪ ਰਹਿੰਦਾ ਹੈ। ਇਕ ਪਲ ਲਈ ਉਹ ਸੋਚਦਾ ਹੈ ਕਿ ਉਹ ਲੋੜ ਤੋਂ ਜ਼ਿਆਦਾ ਰੁੱਖਾ ਤਾਂ ਨਹੀਂ ਹੋ ਰਿਹਾ, ਬਿਨਾ ਵਜਾਹ ਹੀ ਨਾਂਹ-ਪੱਖੀ ਰੁੱਖ ਤਾਂ ਨਹੀਂ ਅਪਣਾਈ ਬੈਠਾ।' ਉਹ ਉਹਨਾਂ ਨਾਲ ਕੁਝ ਕੁ ਪਿਆਰ ਨਾਲ ਪੇਸ਼ ਆਉਣ ਦੀ ਕੋਸ਼ਿਸ਼ ਕਰਨ ਲਗਦਾ ਹੈ। ਉਹ ਦੋ ਕੁ ਘੰਟੇ ਬੈਠਦੇ ਹਨ। ਜਦ ਉਠਣ ਲਗਦੇ ਹਨ ਤਾਂ ਵਿਜੈ ਕਹਿੰਦਾ ਹੈ,

"ਕੰਮ ਕਰਨ ਵਾਲੀ ਚੰਨੀ ਐਤਵਾਰ ਨੂੰ ਤਾਂਹੀ ਆਉਂਦੀ ਐ ਜੇ ਅਸੀਂ ਸੱਦੀਏ, ਨਹੀਂ ਤਾਂ ਐਤਵਾਰ ਦੀ ਓਸ ਦੀ ਛੁੱਟੀ ਹੁੰਦੀ ਐ, ਜੇ ਮੈਨੂੰ ਪਤਾ ਹੁੰਦਾ ਕਿ ਤੁਸੀਂ ਆਉਣਾ ਤਾਂ ਮੈਂ ਉਸ ਨੂੰ ਸੱਦ ਲੈਂਦਾ ਤੇ ਤੁਹਾਨੂੰ ਰੋਟੀ ਖਾ ਕੇ ਹੀ ਜਾਣ ਦਿੰਦਾ।"

"ਵਿਜੇ, ਤੂੰ ਇੰਦਾਂ ਕਰ ਬੱਚੇ ਲੈ ਕੇ ਸਾਡੇ ਵਲ ਆ ਜਾ ਤੇ ਰੋਟੀ ਵੀ ਉਥੇ ਈ ਖਾਵਾਂਗੇ।"

ਅੰਮਰਤੀ ਕਾਹਲੀ ਨਾਲ ਆਖਦੀ ਹੈ। ਵਿਜੈ ਕਹਿੰਦਾ ਹੈ,

"ਦੀਦੀ, ਮੇਰੇ ਹਾਲੇ ਕਈ ਕੰਮ ਕਰਨ ਵਾਲੇ ਪਏ ਆ, ਫਿਰ ਹਸਪਤਾਲ ਵੀ ਜਾਣਾਂ।"

"ਓਦਾਂ ਈ ਕਹਿ ਕਿ ਨਹੀਂ ਆਉਣਾ।"

ਅੰਮਰਤੀ ਖਰਾਬ ਜਿਹਾ ਮੂੰਹ ਬਣਾਉਂਦੀ ਬੋਲਦੀ ਹੈ। ਵਿਜੈ ਕੁਝ ਨਹੀਂ ਆਖਦਾ। ਉਹ ਤੁਰ ਪੈਂਦੇ ਹਨ।

ਘਰ ਪੁੱਜ ਕੇ ਅੰਮਰਤੀ ਵਿਜੈ ਨੂੰ ਫੋਨ ਕਰਕੇ ਕਹਿੰਦੀ ਹੈ,

"ਵਿਜੇ, ਤੂੰ ਇਕ ਵਾਰ ਵੀ ਇਹਨਾਂ ਨੂੰ ਆਪਣੇ ਕੋਲ ਰਹਿਣ ਲਈ ਨਹੀਂ ਸੀ ਕਹਿ ਸਕਦਾ?"

"ਮੈਂ ਨਹੀਂ ਸੀ ਕਹਿ ਸਕਦਾ।"

"ਕਿਉਂ?"

"ਦੀਦੀ, ਤੁਸੀਂ ਕਦੇ ਵੀ ਮੇਰੀ ਮੁਸ਼ਕਲ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਮੇਰੇ ਤੇ ਕੰਮ ਦਾ, ਬੱਚਿਆਂ ਦਾ, ਹਸਪਤਾਲ ਜਾਣ ਦਾ ਪਹਿਲਾਂ ਈ ਬਹੁਤ ਬੋਝ ਐ ਤੇ ਇਕ ਇਹਨਾਂ ਦਾ ਵੀ ਬੋਝ ਮੇਰੇ ਤੇ ਆ ਪਏਗਾ ਤਾਂ ਦੱਸੋ ਮੈਂ ਸੌਖਾ ਹੋਵਾਂਗਾ ਕਿ ਔਖਾ?"

ਹਸਪਤਾਲ ਗਏ ਨੂੰ ਸੁਸ਼ਮਾ ਵੀ ਇਹੋ ਸਵਾਲ ਕਰਦੀ ਹੈ ਤੇ ਕਹਿੰਦੀ ਹੈ,

"ਉਹ ਸਾਡੇ ਘਰ ਕਿਉਂ ਨਹੀਂ ਰਹਿ ਸਕਦੇ?"

"ਤੂੰ ਸਮਝਣ ਦੀ ਕੋਸ਼ਿਸ਼ ਕਰ, ਮੇਰਾ ਸਾਰਾ ਸਿਸਟਮ ਖਰਾਬ ਹੋ ਜਾਣਾਂ, ਬੱਚਿਆਂ ਦੇ ਨਾਲ ਨਾਲ ਮੈਨੂੰ ਇਹਨਾਂ ਦਾ ਵੀ ਧਿਆਨ ਰੱਖਣਾ ਪੈਣਾਂ।"

"ਉਹ ਕੋਈ ਬੱਚੇ ਆ ਕਿ ਉਹਨਾਂ ਦਾ ਧਿਆਨ ਰੱਖਣਾ ਪੈਣਾਂ, ਸਾਡਾ ਵੀ ਕੋਈ ਫਰਜ਼ ਬਣਦੈ।"

"ਹਾਲੇ ਇਹ ਫਰਜ਼ ਰਮੇਸ਼ ਨੂੰ ਨਿਭਾਈ ਜਾਣ ਦੇਹ, ਜਿਹੜਾ ਇਹਨਾਂ ਦਾ ਲਾਡਲਾ ਜੁਆਈ ਐ, ਆਖਰ ਕਾਰ ਲਈ ਆ ਉਹਨੇ।"

"ਸ਼ਰਮਾ ਜੀ, ਉਹ ਘਰ ਮੇਰਾ ਵੀ ਐ, ਮੇਰੇ ਮਾਂਪਿਓ ਵੀ ਉਥੇ ਕਿਉਂ ਨਹੀਂ ਰਹਿ ਸਕਦੇ?"

ਸੁਸ਼ਮਾ ਚੀਕ ਕੇ ਆਖਦੀ ਹੈ। ਉਹ ਇੰਨੇ ਜ਼ੋਰ ਨਾਲ ਬੋਲਦੀ ਹੈ ਕਿ ਆਲੇ ਦੁਆਲੇ ਦੇ ਬਿਸਤਰਿਆਂ ਤਕ ਉਸ ਦੀ ਅਵਾਜ਼ ਪੁੱਜ ਜਾਂਦੀ ਹੈ। ਸੁਸ਼ਮਾ ਵਿਚ ਅਚਾਨਕ ਇੰਨੀ ਊਰਜਾ ਆ ਜਾਂਦੀ ਹੈ ਕਿ ਉਹ ਸੱਜੇ ਪਾਸੇ ਨੂੰ ਪਾਸਾ ਲੈ ਕੇ ਉਸ ਨਾਲ ਲੜਨ ਲਈ ਅਹੁਲਦੀ ਹੈ। ਇਸ ਤੋਂ ਪਹਿਲਾਂ ਉਸ ਤੋਂ ਪਾਸਾ ਨਹੀਂ ਲੈ ਹੁੰਦਾ। ਵਿਜੈ ਉਸ ਨੂੰ ਠੰਡੀ ਕਰਨ ਲਈ ਆਖਦਾ ਹੈ,

"ਚੰਗਾ ਬਾਬਾ ਜਿੰਦਾਂ ਤੂੰ ਕਹੇਂਗੀ ਕਰ ਲਵਾਂਗੇ, ਪਹਿਲਾਂ ਤੂੰ ਠੀਕ ਹੋ ਕੇ ਘਰ ਤਾਂ ਆ ਜਾਹ।"

ਇਸ ਤੋਂ ਬਾਅਦ ਵਿਜੈ ਇਕ ਗੱਲ ਦੇਖਦਾ ਹੈ ਕਿ ਜਦ ਸੁਸ਼ਮਾ ਉਸ ਨਾਲ ਲੜਦੀ ਹੈ ਤਾਂ ਉਸ ਦੀ ਸਿਹਤ ਕੁਝ ਕੁ ਠੀਕ ਹੋਣ ਲਗਦੀ ਹੈ। ਸ਼ਾਇਦ ਉਹ ਨੂੰ ਲਗਣ ਲਗਦਾ ਹੈ ਕਿ ਉਹ ਕੁਝ ਹੈ। ਵਿਜੈ ਉਸ ਦੀ ਗੱਲ ਮੰਨ ਲੈਂਦਾ ਹੈ ਤਾਂ ਉਹ ਆਪਣੀ ਤਾਕਤ ਮਹਿਸੂਸ ਕਰਨ ਲਗਦੀ ਹੈ ਨਹੀਂ ਤਾਂ ਆਲੇ ਦੁਆਲੇ ਦੇ ਮਰੀਜ਼ਾਂ ਵਲ ਦੇਖਦੀ ਨਿਢਾਲ ਜਿਹੀ ਹੀ ਹੋਈ ਰਹਿੰਦੀ ਹੈ।

ਉਸ ਤੋਂ ਬਾਅਦ ਇਕ ਦੋ ਵਾਰ ਗੱਲਾਂ ਗੱਲਾਂ ਵਿਚ ਝਾਈ ਕਹਿਣ ਲਗਦੀ ਹੈ,

"ਸਾਨੂੰ ਕਈ ਵਾਰ ਲਗਦਾ ਕਿ ਅਸੀਂ ਸੁਸ਼ਮਾ ਦਾ ਕੁਸ਼ ਕੀਤਾ ਨਹੀਂ, ਹੁਣ ਅਸੀਂ ਸੋਚ ਰਹੇ ਆਂ ਕਿ ਕੁਸ਼ ਕਰੀਏ, ਚੈੱਕ ਬੁੱਕਾਂ ਸਾਡੇ ਕੋਲ ਆ, ਭਲਾ ਪੈਸੇ ਸਾਨੂੰ ਸੁਸ਼ਮਾ ਨਾਲੋਂ ਜ਼ਿਆਦਾ ਐ!"

ਵਿਜੈ ਦੇ ਮਨ ਵਿਚ ਲੱਡੂ ਭੁਰਨ ਲਗਦੇ ਹਨ ਕਿ ਹੁਣ ਕੁਝ ਦੇਣਗੇ। ਅਗਲੀ ਵਾਰ ਫਿਰ ਇਹੋ ਗੱਲ ਝਾਈ ਕਰਦੀ ਹੈ ਤੇ ਇਕ ਵਾਰ ਫਿਰ। ਵਿਜੈ ਨੂੰ ਲਗਦਾ ਹੈ ਕਿ ਇਹ ਤਾਂ ਉਸ ਨੂੰ ਕੋਈ ਦਾਣਾ ਪਾਇਆ ਜਾ ਰਿਹਾ ਹੈ। ਉਹ ਸੁਸ਼ਮਾ ਨਾਲ ਇਸ ਬਾਰੇ ਗੱਲ ਕਰਦਾ ਹੈ। ਉਹ ਕਹਿੰਦੀ ਹੈ,

"ਮੈਨੂੰ ਕੀ ਪਤਾ ਇਹਨਾਂ ਦੇ ਮਨ ਵਿਚ ਕੀ ਐ, ਕਿਉਂ ਕਹਿੰਦੇ ਰਹਿੰਦੇ ਆ ਇਹ ਗੱਲ।"

"ਮੈਨੂੰ ਤਾਂ ਲਗਦਾ ਕਿ ਮੈਨੂੰ ਛੋਟਾ ਬਣਾ ਰਹੇ ਆ, ਨਾਲੇ ਜਿਹੜੇ ਲੋਕ ਧੀ ਦੇ ਪੈਸੇ ਖਾਂਦੇ ਹੋਣ ਉਹ ਕਿਸੇ ਨੂੰ ਕੀ ਦੇ ਸਕਦੇ ਆ।"

ਸੁਸ਼ਮਾ ਜਵਾਬ ਵਿਚ ਕੁਝ ਕਹਿਣ ਲਈ ਮੂੰਹ ਖੋਹਲਦੀ ਹੈ ਪਰ ਉਸ ਤੋਂ ਕੁਝ ਕਿਹਾ ਨਹੀਂ ਜਾਂਦਾ ਤੇ ਉਹ ਟਿਕਟਿਕੀ ਲਗਾ ਕੇ ਵਿਜੈ ਵਲ ਦੇਖਣ ਲਗਦੀ ਹੈ। ਵਿਜੈ ਡਰ ਜਾਂਦਾ ਹੈ ਕਿ ਇਸ ਨੂੰ ਕੀ ਹੋ ਗਿਆ। ਉਹ ਉਸਦੇ ਮੂੰਹ ਥਪਥਪਾਉਂਦਾ ਹੈ। ਸੁਸ਼ਮਾ ਦਾ ਧਿਆਨ ਬਦਲਦਾ ਹੈ। ਉਹ ਕਹਿੰਦੀ ਹੈ,

"ਸ਼ਰਮਾ ਜੀ, ਫਜ਼ੂਲ ਗੱਲਾਂ ਕਰ ਕਰ ਕੇ ਮੇਰੀ ਜਾਨ ਲੈਣ ਤੇ ਕਿਉਂ ਤੁਲੇ ਓ?"

ਵਿਜੈ ਦੀ ਖੱਬੀ ਬਾਂਹ ਦੀ ਮਾਲਸ਼ ਕਰਨ ਲਗਦਾ ਹੈ।

ਉਸ ਦਿਨ ਤੋਂ ਬਾਅਦ ਝਾਈ ਮੁੜ ਕੇ ਅਜਿਹੀ ਕੋਈ ਗੱਲ ਨਹੀਂ ਕਰਦੀ। ਵਿਜੈ ਨੂੰ ਇਹ ਤਰੀਕਾ ਸੌਖਾ ਲਗਦਾ ਹੈ ਕਿ ਜਿਹੜਾ ਸੁਨੇਹਾ ਉਹਨਾਂ ਨੂੰ ਪਹੁੰਚਾਉਣਾ ਹੋਵੇ ਸੁਸ਼ਮਾ ਨੂੰ ਦੇ ਦਿੰਦਾ ਹੈ। ਉਹ ਇਹ ਸੁਨੇਹਾ ਵੀ ਦੇ ਦਿੰਦਾ ਹੈ ਕਿ ਜਦ ਤਕ ਸੁਸ਼ਮਾ ਘਰ ਨਹੀਂ ਆ ਜਾਂਦੀ ਉਹ ਕਿਸੇ ਨੂੰ ਆਪਣੇ ਘਰ ਨਹੀਂ ਰੱਖ ਸਕਦਾ। ਹੁਣ ਪਿਤਾ ਜੀ ਤੇ ਝਾਈ ਬੱਸ ਤੇ ਵੀ ਹਿਲਵੇਅ ਹੌਸਪੀਟਲ ਪੁੱਜ ਜਾਂਦੇ ਹਨ। ਕਦੇ ਰਮੇਸ਼ ਵੀ ਛੱਡ ਆਉਂਦਾ ਹੈ। ਸਾਰਾ ਦਿਨ ਸੁਸ਼ਮਾ ਕੋਲ ਰਹਿੰਦੇ ਹਨ ਤੇ ਸ਼ਾਮ ਦੀ ਬੱਸ ਲੈ ਕੇ ਆ ਜਾਂਦੇ ਹਨ। ਜੇ ਵਿਜੈ ਲੇਟ ਮੁੜੇ ਤਾਂ ਉਹ ਵੀ ਲੈ ਆਉਂਦਾ ਹੈ। ਹੁਣ ਵਿਜੈ ਲਈ ਜ਼ਰਾ ਕੁ ਸੌਖ ਇਹ ਹੋ ਗਈ ਕਿ ਉਸ ਨੂੰ ਹਸਪਤਾਲ ਵਲ ਨੂੰ ਬਹੁਤਾ ਨਹੀਂ ਭੱਜਣਾ ਪੈਂਦਾ। ਉਸ ਨੂੰ ਪਤਾ ਹੈ ਕਿ ਸੁਸ਼ਮਾ ਕੋਲ ਕੋਈ ਹੈ।

ਉਸ ਨੂੰ ਇਕ ਗੱਲ ਬਹੁਤ ਬੁਰੀ ਤਰ੍ਹਾਂ ਰੜਕ ਰਹੀ ਹੈ। ਪਹਿਲਾਂ ਤਾਂ ਇਹ ਰੜਕ ਝੱਲਦਾ ਰਹਿੰਦਾ ਹੈ ਪਰ ਹੁਣ ਉਸ ਤੋਂ ਝੱਲੀ ਨਹੀਂ ਜਾ ਰਹੀ। ਪਿਤਾ ਜੀ ਤੇ ਝਾਈ ਤਾਈ-ਤਾਏ ਨੂੰ ਮਿਲਣ ਨਹੀਂ ਜਾਂਦੇ ਤੇ ਨਾ ਹੀ ਉਹਨਾਂ ਬਾਰੇ ਕੋਈ ਗੱਲ ਕਰਦੇ ਹਨ। ਉਹਨਾਂ ਨੂੰ ਪਤਾ ਹੈ ਕਿ ਤਾਈ ਹਾਰਟ ਅਟੈਕ ਹੋ ਕੇ ਹਟਿਆ ਹੈ। ਉਹ ਸੁਸ਼ਮਾ ਰਾਹੀ ਆਪਣੀ ਇਸ ਰੜਕ ਦਾ ਇਜ਼ਹਾਰ ਕਰਦਾ ਹੈ। ਉਸ ਨੂੰ ਪਤਾ ਹੈ ਕਿ ਸੁਸ਼ਮਾ ਅਗੇ ਸੁਨੇਹਾ ਪਹੁੰਚਾ ਦੇਵੇਗੀ ਪਰ ਅਗਲੇ ਦਿਨ ਸੁਸ਼ਮਾ ਕੋਈ ਖਬਰ ਨਹੀਂ ਲਿਆਉਂਦੀ। ਉਹ ਇਕ ਦੋ ਵਾਰ ਹੋਰ ਆਪਣੀ ਗੱਲ ਕਰਕੇ ਸੁਸ਼ਮਾ ਦੇ ਮਨ ਤੇ ਰਜਿਸਟਰ ਕਰ ਦਿੰਦਾ ਹੈ ਕਿ ਸੁਸ਼ਮਾ ਉਸ ਦੀ ਗੱਲ ਭੁੱਲੇ ਨਾ। ਦੋ ਕੁ ਦਿਨ ਬਾਅਦ ਸੁਸ਼ਮਾ ਕਹਿਣ ਲਗਦੀ ਹੈ,

"ਉਹ ਕਹਿੰਦੇ ਕਿ ਉਹਨਾਂ ਨਹੀਂ ਜਾਣਾਂ।"

"ਤੂੰ ਦੱਸਿਆ ਨਹੀਂ ਕਿ ਉਹ ਮੇਰੇ ਮਾਂਪਿਓ ਈ ਐ, ਜੇ ਉਹਨਾਂ ਦੀ ਰਿਸਪੈਕਟ ਨਾ ਹੋਈ ਤਾਂ ਮੇਰਾ ਕੀ ਫਾਇਦਾ, ਇਹਨਾਂ ਰਿਸ਼ਤਿਆਂ ਦਾ ਕੀ ਫਾਇਦਾ?"

"ਮੈਂ ਦਸਿਆ ਸੀ ਕਿ ਮੈਂ ਉਹਨਾਂ ਨੂੰ ਡੈਡ ਜੀ ਤੇ ਮੰਮ ਜੀ ਕਹਿੰਨੀ ਆਂ ਤੇ ਉਹ ਹੈਗੇ ਵੀ।"

"ਫਿਰ ਕੀ ਕਹਿੰਦੇ?"

"ਕਿਉਂਕਿ ਡੈਡ ਜੀ ਤੇ ਮੰਮ ਜੀ ਇੰਡੀਆ ਗਏ ਇਹਨਾਂ ਨੂੰ ਮਿਲਣ ਨਹੀਂ ਗਏ।"

"ਪਰ ਉਹ ਤਾਂ ਦਿੱਲੀ ਤੋਂ ਈ ਮੁੜ ਆਉਂਦੇ ਆ, ਪੰਜਾਬ ਕਦੇ ਜਾਂਦੇ ਈ ਨਹੀਂ।"

"ਪੰਜਾਬ ਤੇ ਦਿੱਲੀ ਦਾ ਫਰਕ ਈ ਕਿੰਨਾ ਐ!"

"ਫਰਕ ਇੰਨਾ ਕਿ ਤੈਨੂੰ ਇਹਨਾਂ ਕਦੇ ਦਿੱਲੀ ਜਾਣ ਦਿਤਾ, ਜਦ ਕਿ ਤੂੰ ਨੂੰਹ ਸੀ ਉਸ ਘਰ ਦੀ?"

ਵਿਜੈ ਉਥੇ ਹੀ ਚੁੱਪ ਕਰ ਜਾਂਦਾ ਹੈ ਉਸ ਨੂੰ ਪਤਾ ਹੈ ਜੇ ਕੁਝ ਜ਼ਿਆਦਾ ਕਹੇਗਾ ਤਾਂ ਸੁਸ਼ਮਾ ਤੇ ਕੋਈ ਅਸਰ ਹੋ ਸਕਦਾ ਹੈ। ਉਹ ਸੋਚਦਾ ਹੈ ਕਿ ਮੌਕਾ ਆਵੇਗਾ ਤਾਂ ਚਿਤਾਰੇਗਾ। ਕੁਝ ਦਿਨ ਬਾਅਦ ਰਮੇਸ਼ ਦੇ ਘਰ ਕਥਾ ਕਰਾਈ ਜਾਂਦੀ ਹੈ। ਕਥਾ-ਵਾਚਕ ਇੰਡੀਆ ਤੋਂ ਆਇਆ ਕੋਈ ਮੰਨਿਆ ਹੋਇਆ ਗਿਆਨੀ ਹੈ। ਝਾਈ ਕਹਿ ਰਹੀ ਹੈ ਕਿ ਇਸ ਦੀ ਕਥਾ ਵਿਚ ਬਹੁਤ ਅਸਰ ਹੈ। ਅਸਲ ਵਿਚ ਉਹ ਵਿਜੈ ਨੂੰ ਇਸ ਕਥਾ ਕਰਾਉਣ ਬਾਰੇ ਉਕਸਾਉਂਦੀ ਰਹੀ ਹੈ ਕਿ ਇਹ ਕਥਾ ਸੁਸ਼ਮਾ ਦੀ ਚੰਗੀ ਸਿਹਤ ਲਈ ਕਰਾਉਣੀ ਚਾਹੁੰਦੀ ਹੈ। ਅੰਮਰਤੀ ਵਿਜੈ ਨੂੰ ਕਥਾ ਵਿਚ ਹਾਜ਼ਰ ਹੋਣ ਦਾ ਸੱਦਾ ਦਿੰਦੀ ਹੈ ਪਰ ਉਹ ਬਹਾਨਾ ਘੜ ਦਿੰਦਾ ਹੈ। ਕਥਾ ਸ਼ੁਰੂ ਹੋਣ ਤੋਂ ਪਹਿਲਾਂ ਝਾਈ ਆਪ ਫੋਨ ਕਰਦੀ ਹੈ ਪਰ ਵਿਜੈ ਫੋਨ ਉਠਾਉਂਦਾ ਹੀ ਨਹੀਂ। ਫੋਨ ਦਾ ਜਵਾਬ ਨਾ ਮਿਲਣ ਤੇ ਰਮੇਸ਼ ਤੇ ਝਾਈ ਆਪ ਵਿਜੈ ਦੇ ਘਰ ਆ ਜਾਂਦੇ ਹਨ। ਝਾਈ ਆਖਦੀ ਹੈ,

"ਵਿਜੇ ਪੁੱਤ, ਤੈਨੂੰ ਅਸੀਂ ਸੱਦਿਆ ਸੀ, ਤੂੰ ਕਹਿੰਨਾ ਤੂੰ ਨਹੀਂ ਆ ਸਕਦਾ, ਕਿਉਂ?"

"ਝਾਈ, ਤੁਸੀਂ ਮੈਨੂੰ ਅਜ ਸ਼ਾਮੀਂ ਦਸਿਆ ਪਰ ਮੇਰਾ ਕੱਲ ਦਾ ਪਰੋਗਰਾਮ ਬਣਿਆ ਹੋਇਆ ਤਾਈ ਨੂੰ ਮਿਲਣ ਜਾਣ ਦਾ।"

"ਅੱਛਾ, ਚੱਲ ਤੂੰ ਬੱਚਿਆਂ ਨੂੰ ਈ ਸਾਡੇ ਨਾਲ ਭੇਜ ਦੇ।"

"ਨਹੀਂ ਝਾਈ, ਅਸੀਂ ਤਾਏ ਵਲ ਜਾਣ ਦਾ ਪਰੋਗਰਾਮ ਬਣਾਇਆ ਹੋਇਐ।"

"ਤਾਇਆ ਸਾਡੇ ਨਾਲੋਂ ਪਹਿਲਾਂ ਹੋ ਗਿਆ?"

"ਬਹੁਤ ਪਹਿਲਾਂ, ਤੁਹਾਨੂੰ ਤਾਂ ਮਿਲਿਆਂ ਕੁਝ ਹਫਤੇ ਹੋਏ ਆ, ਤਾਏ ਨੂੰ ਮੈਂ ਬਹੁਤ ਸਾਲਾਂ ਤੋਂ ਜਾਣਦਾਂ, ਆਪਣੇ ਜਨਮ ਤੋਂ, ਉਹਦੇ ਮੁਕਾਬਲੇ ਕੋਈ ਹੋਰ ਹੋ ਈ ਨਹੀਂ ਸਕਦਾ।"

ਝਾਈ ਬੁੜਬੁੜ ਕਰਦੀ ਰਮੇਸ਼ ਦੀ ਕਾਰ ਵਿਚ ਜਾ ਬੈਠਦੀ ਹੈ।

ਅਗਲੇ ਦਿਨ ਸੁਸ਼ਮਾ ਰੁੱਸੀ ਬੈਠੀ ਹੈ। ਸੁਸ਼ਮਾ ਦੇ ਨਾਲ ਹੀ ਉਸ ਨਾਲ ਝਾਈ ਤੇ ਪਿਤਾ ਜੀ ਵੀ ਰੁੱਸੇ ਹੋਏ ਹਨ। ਉਹ ਸੋਚਣ ਲਗਦਾ ਹੈ ਕਿ ਅਗੇ ਤਾਂ ਇਕੱਲੀ ਸੁਸ਼ਮਾ ਨੂੰ ਸੱਚਾ ਝੂਠਾ ਵਾਅਦਾ ਕਰਕੇ ਮਨਾ ਲੈਂਦਾ ਹੈ ਹੁਣ ਤਿੰਨਾਂ ਨੂੰ ਕਿਵੇਂ ਮਨਾਵੇਗਾ। ਦੋ ਕੁ ਦਿਨ ਪਿਆਂ ਤੇ ਸੁਸ਼ਮਾ ਮੰਨ ਜਾਂਦੀ ਹੈ ਤਾਂ ਝਾਈ ਤੇ ਪਿਤਾ ਜੀ ਠੀਕ ਹੋ ਜਾਂਦੇ ਹਨ। ਫਿਰ ਕਿਸੇ ਗੱਲੋਂ ਸੁਸ਼ਮਾ ਔਖੀ ਹੁੰਦੀ ਹੈ ਤੇ ਨਾਲ ਹੀ ਉਹ ਦੋਵੇਂ ਵੀ।

## ਉਨਤਾਲੀ

ਸੁਸ਼ਮਾ ਦੀ ਸਿਹਤ ਵਿਚ ਥੋੜਾ ਹੋਰ ਫਰਕ ਪੈਂਦਾ ਹੈ। ਹੁਣ ਉਹ ਸਹਿਜੇ ਹੀ ਪਾਸਾ ਪਰਤ ਸਕਦੀ ਹੈ ਪਰ ਬਿਸਤਰ ਤੋਂ ਡਿਗਣ ਦਾ ਡਰ ਹਾਲੇ ਵੀ ਬਣਿਆ ਹੋਇਆ ਹੈ। ਉਹ ਸਰੀਰ ਦੇ ਖੱਬੇ ਪਾਸੇ ਵਲੋਂ ਹਾਲੇ ਵੀ ਕੁਝ ਮਹਿਸੂਸ ਨਹੀਂ ਕਰ ਸਕਦੀ ਪਰ ਉਸ ਵਿਚ ਤਾਂ ਫਰਕ ਪੈਣ ਦੀ ਸੰਭਾਵਨਾ ਵੀ ਘਟ ਹੈ। ਖੱਬੀ ਲੱਤ ਉਪਰ ਥੋੜਾ ਭਾਰ ਪਾ ਲੈਂਦੀ ਹੈ। ਆਸਰੇ ਨਾਲ ਕੁਝ ਕਦਮ ਚਲ ਵੀ ਲੈਂਦੀ ਹੈ। ਨਰਸਾਂ ਕਹਿੰਦੀਆਂ ਹਨ ਕਿ ਪਹਿਲਾਂ ਉਹ ਲੱਤ ਚਲਦੀ ਕਰਨਾ ਚਾਹੁੰਦੀਆਂ ਹਨ। ਬਾਂਹ ਵਿਚ ਸੁਧਾਰ ਬਹੁਤ ਹੌਲੀ ਹੋਵੇਗਾ। ਹੋਵੇਗਾ ਵੀ ਜਾਂ ਨਹੀਂ ਇਸ ਬਾਰੇ ਵੀ ਉਹ ਬਹੁਤਾ ਨਹੀਂ ਕਹਿੰਦੀਆਂ। ਫੀਜ਼ੀਓ ਵਾਲੀ ਮੋਟੀ ਸੋਨੀਆ ਪਿਛਿਓਂ ਨਵੇਂਸ਼ਹਿਰ ਤੋਂ ਹੈ ਇਸ ਲਈ ਵਿਜੈ ਦੀ ਵਾਕਫ ਬਣੀ ਹੋਈ ਹੈ ਤੇ ਸੁਸ਼ਮਾ ਦਾ ਖਾਸ ਧਿਆਨ ਰੱਖਦੀ ਹੈ। ਉਹ ਵਿਜੈ ਨੂੰ ਵੀ ਫੀਜ਼ੀਓ ਰੂਮ ਵਿਚ ਨਾਲ ਲੈ ਜਾਂਦੀ ਹੈ। ਵਿਜੈ ਸੁਸ਼ਮਾ ਦੇ ਤੁਰਨਾ ਸਿਖਣ ਵਿਚ ਮਦਦ ਕਰਨ ਲਗਦਾ ਹੈ ਪਰ ਉਸ ਨੂੰ ਇਹ ਸਭ ਚੰਗਾ ਨਹੀਂ ਲਗ ਰਿਹਾ। ਹਰ ਵਾਰ ਸੋਨੀਆ ਉਸ ਨੂੰ ਨਾਲ ਚਲਣ ਲਗੀ ਆਖਦੀ ਹੈ ਤਾਂ ਜੋ ਉਸ ਨੂੰ ਪਤਾ ਚਲ ਸਕੇ ਕਿ ਅਜਿਹੇ ਮਰੀਜ਼ ਨਾਲ ਕਿਵੇ ਪੇਸ਼ ਆਇਆ ਜਾਂਦਾ ਹੈ ਪਰ ਉਹ ਟਿਭਣ ਲਗਦਾ ਹੈ। ਉਸ ਤੋਂ ਇੰਨੀ ਬੇਵਸ ਸੁਸ਼ਮਾ ਦੇਖੀ ਨਹੀਂ ਜਾਂਦੀ। ਸੁਸ਼ਮਾ ਤੋਂ ਹਰ ਕੰਮ ਇਵੇਂ ਕਰਾਇਆ ਜਾਂਦਾ ਹੈ ਜਿਵੇਂ ਕੋਈ ਅਧਿਆਪਕਾ ਛੋਟੀ ਬੱਚੀ ਤੋਂ ਕਰਾਉਂਦੀ ਹੈ। ਵਾਰ ਵਾਰ ਉਸ ਨੂੰ ਚੀਜ਼ਾਂ ਦੇ ਰੰਗਾ ਦੇ ਨਾਂ ਪੁੱਛੇ ਜਾਂਦੇ ਹਨ। ਹੋਰ ਕਈ ਤਰ੍ਹਾਂ ਦੇ ਸਵਾਲ ਪੁੱਛਦੇ ਹਨ। ਅਸਲ ਵਿਚ ਉਹਨਾਂ ਦਾ ਮਤਲਬ ਸੁਸ਼ਮਾ ਨੂੰ ਦਿਮਾਗੀ ਤੌਰ ਤੇ ਨਰੀਖ ਕਰਨਾ ਹੁੰਦਾ ਹੈ ਪਰ ਸੁਸ਼ਮਾ ਖਿਝਣ ਲਗਦੀ ਹੈ।

ਦੁਪਿਹਰ ਦਾ ਖਾਣਾ ਸਾਰੇ ਮਰੀਜ਼ਾਂ ਦਾ ਮੇਨ ਹਾਲ ਵਿਚ ਹੁੰਦਾ ਹੈ। ਇਹਨਾਂ ਨਾਲ ਲਗਦੀਆਂ ਤਿੰਨਾਂ ਵਾਰਡਾਂ ਵਿਚ ਬਾਈ-ਚੌਵੀ ਮਰੀਜ਼ ਹੋਣਗੇ। ਹੁਣ ਤਕ ਸਾਰੇ ਇਕ ਦੂਜੇ ਦੇ ਚੰਗੀ ਤਰ੍ਹਾਂ ਵਾਕਫ ਬਣ ਚੁੱਕੇ ਹਨ। ਭਾਵੇਂ ਸੁਸ਼ਮਾ ਦਾ ਅੰਗਰੇਜ਼ੀ ਵਿਚ ਹੱਥ ਤੰਗ ਹੈ ਪਰ ਫਿਰ ਵੀ ਸਭ ਨਾਲ ਗੱਲਾਂ ਕਰ ਲੈਂਦੀ ਹੈ। ਇਕ ਭਾਰਤੀ ਹੈ ਜਿਹੜਾ ਹਰ ਕਿਸੇ ਨੂੰ ਘੂਰਦਾ ਜਿਹਾ ਦੇਖਦਾ ਰਹਿੰਦਾ ਹੈ। ਇਕ ਬੱਢਾ ਅਨਵਰ ਹੈ ਜੋ ਹਰ ਗੱਲ ਤੇ ਹੱਥ ਉਪਰ ਨੂੰ ਚੁੱਕਦਾ ਰੱਬ ਦੀ ਰਜ਼ਾ ਦੀ ਗੱਲ ਕਰਦਾ ਰਹਿੰਦਾ ਹੈ। ਉਸ ਦੀ ਅਵਾਜ਼ ਚੰਗੀ ਤਰ੍ਹਾਂ ਨਹੀਂ ਨਿਕਲਦੀ। ਉਸ ਦੇ ਕਈ ਮੁੰਡੇ ਕੁੜੀਆਂ ਹਨ। ਹਰ ਵੇਲੇ ਕੋਈ ਨਾ ਕੋਈ ਉਸ ਕੋਲ ਆ ਕੇ ਬੈਠਾ ਰਹਿੰਦਾ ਹੈ। ਅਨਵਰ ਹਰ ਇਕ ਨਾਲ ਅੱਖਾਂ ਮਿਲਾ ਕੇ ਹੈਲੋ ਕਹਿੰਦਾ ਹੈ। ਬਦਲੇ ਵਿਚ ਸਾਰੇ ਹੀ ਉਸ ਦਾ ਹਾਲ ਚਾਲ ਪੁੱਛਦੇ ਜਾਂਦੇ ਹਨ। ਜਿਹੜਾ ਤਾਏ ਦਾ ਵਾਕਫ ਮਰੀਜ਼ ਹੈ ਪਾਖਰ ਸਿੰਘ, ਉਹ ਘਰ ਜਾ ਚੁੱਕਾ ਹੈ। ਉਸ ਦੀ ਜਗਾਹ ਇਕ ਹੋਰ ਪੰਜਾਬੀ ਆ ਜਾਂਦਾ ਹੈ। ਇਕ ਨਵਾਂ ਮਰੀਜ਼ ਸੱਈਦ ਆਉਂਦਾ ਹੈ। ਉਸ ਦੀ ਪਤਨੀ ਉਮਰ ਵਿਚ ਉਸ ਤੋਂ ਜਵਾਨ ਹੈ। ਉਹ ਹਰ ਵਕਤ ਆਪਣੀ ਪਤਨੀ ਨੂੰ ਦਬਕੇ ਜਿਹੇ ਮਾਰਦਾ ਰਹਿੰਦਾ ਹੈ। ਵਿਜੈ ਜਾਂਦਾ ਹੈ ਤਾਂ ਸੁਸ਼ਮਾ ਉਸ ਨੂੰ ਆਲੇ ਦੁਆਲੇ ਦੇ ਮਰੀਜ਼ਾਂ ਤੇ ਉਹਨੂੰ ਮਿਲਣ ਆਉਣ ਵਾਲਿਆਂ ਬਾਰੇ ਜਾਣਕਾਰੀ ਦੇਣ ਲਗਦੀ ਹੈ। ਇਕ ਸਤਿਆ ਨਾਂ ਦੀ ਬੁੱਢੀ ਪੰਜਾਬਣ ਆਉਂਦੀ ਹੈ। ਉਸ ਨਾਲ ਸੁਸ਼ਮਾ ਦਾ ਦਿਲ ਵਾਹਵਾ ਲਗ ਜਾਂਦਾ ਹੈ। ਸਤਿਆ ਨੂੰ ਮਿਲਣ ਆਈਆਂ ਔਰਤਾਂ ਸੁਸ਼ਮਾ ਕੋਲ ਵੀ ਆ ਬਹਿੰਦੀਆਂ ਹਨ। ਸੁਸ਼ਮਾ ਦੇ ਨਾਲ ਦੇ ਬਿਸਤਰ ਤੇ ਇਕ ਅਫਰੀਕਨ ਔਰਤ ਆ ਜਾਂਦੀ ਹੈ। ਸੁਸ਼ਮਾ ਦਾ ਉਸ ਨਾਲ ਦਿਲ ਮਿਲਣ ਲਗਦਾ ਹੈ ਪਰ ਛੇਤੀ ਹੀ ਉਸ ਨੂੰ ਇਕ ਹੋਰ ਅਟੈਕ ਹੋ ਜਾਂਦਾ ਹੈ ਤੇ ਉਹ ਮੁੜ ਵੱਡੇ ਹਸਪਤਾਲ ਪੁੱਜ ਜਾਂਦੀ ਹੈ। ਉਹਨਾਂ ਦੀ ਵਾਰਡ ਵਿਚ ਇਕ ਗੋਰੀ ਕਿੱਮ ਵੀ ਹੈ। ਕਿੱਮ ਹਾਲੇ ਤੀਹ ਕੁ ਸਾਲ ਦੀ ਹੀ ਹੈ ਕਿ ਉਸ ਨੂੰ ਸਟਰੋਕ ਹੋ ਗਿਆ ਹੈ। ਹੁਣ ਉਹ ਕਾਫੀ ਠੀਕ ਹੈ ਪਰ ਉਹ ਵਾਪਸ ਘਰ ਜਾਣ ਤੋਂ ਇਨਕਾਰੀ ਹੋ ਰਹੀ ਹੈ। ਉਸ ਦੇ ਦੋ ਬੁਆਏ ਫਰਿੰਡ ਹਨ ਜਿਹਨਾਂ ਨੇ ਉਸ ਨੂੰ ਦੇਖਣ ਆਉਣ ਦਾ ਵਕਤ ਵੰਡਿਆ ਹੋਇਆ ਹੈ। ਕਿੱਮ ਹਰ ਵੇਲੇ ਆਪਣਾ ਸੀ. ਡੀ. ਪਲੇਅਰ ਲਗਾ ਰੱਖਦੀ ਹੈ। ਕਈ ਵਾਰ ਵਿਜੈ ਨੂੰ ਪੁੱਛਣ ਲਗਦੀ ਹੈ,

“ਤੈਨੂੰ ਮੇਰਾ ਸੰਗੀਤ ਬੁਰਾ ਤਾਂ ਨਹੀਂ ਲਗਦਾ?”

“ਨਹੀਂ, ਜੇ ਐਬਾ ਦੀ ਕੋਈ ਸੀ. ਡੀ. ਹੈ ਤਾਂ ਲਗਾ।”

ਕਈ ਵਾਰ ਵਿਜੈ ਉਸ ਦੇ ਬੈਗ ਵਿਚੋਂ ਸੀ. ਡੀ. ਲਭਣ ਵਿਚ ਮਦਦ ਵੀ ਕਰਨ ਲਗਦਾ ਹੈ। ਕਿੱਮ ਹਰ ਵੇਲੇ ਮੇਕ ਅੱਪ ਕਰਦੀ ਰਹਿੰਦੀ ਹੈ। ਉਸ ਵਲ ਦੇਖਦੀ ਸੁਸ਼ਮਾ ਕਹਿੰਦੀ ਹੈ,

“ਸ਼ਰਮਾ ਜੀ, ਦੇਖੋ ਮੇਰੇ ਵਾਲ ਰੰਗਣ ਵਾਲੇ ਹੋ ਗਏ, ਮੈਂ ਕੀ ਕਰਾਂ?”

“ਤੂੰ ਬੜੀ ਚਲਾਕ ਐਂ ਮੈਨੂੰ ਪਤਾ ਈ ਨਹੀਂ ਲਗਣ ਦਿਤਾ ਕਿ ਤੂੰ ਵਾਲ ਰੰਗਦੀ ਐ!”

"ਕਈ ਰਾਜ਼ ਦੀਆਂ ਗੱਲਾਂ ਹੁੰਦੀਆਂ!"

ਫਿਰ ਇਕ ਦਿਨ ਖੁਸ਼ ਹੁੰਦੀ ਦਸਦੀ ਹੈ,

"ਮੈਨੂੰ ਤਾਂ ਪਤਾ ਈ ਨਹੀਂ ਸੀ ਕਿ ਹੇਅਰ ਡਰੈਸਰ ਇਥੇ ਆਉਂਦੀ ਐ, ਹਰੇਕ ਬੁਧਵਾਰ, ਇਸ ਵਾਰ ਮੈਂ ਵਾਲ ਵੀ ਕਟਾਊਂਗੀ ਤੇ ਕਲਰ ਵੀ ਕਰਾ ਲਊਂ, ਮੈਨੂੰ ਅੱਧੀ ਬਿਮਾਰ ਤਾਂ ਇਹਨਾਂ ਵਾਲਾਂ ਨੇ ਕੀਤਾ ਪਿਆ।"

ਦਿਨ ਛੋਟੇ ਹੋਣ ਲਗੇ ਹਨ। ਠੰਡ ਵੀ ਕੁਝ ਕੁ ਵਧੀ ਹੈ। ਧੁੱਪ ਵਧ-ਘਟ ਹੀ ਨਿਕਲਦੀ ਹੈ। ਕਈ ਵਾਰ ਉਸ ਦਾ ਮਨ ਕਾਹਲਾ ਪੈਣ ਲਗਦਾ ਹੈ। ਉਹ ਵਿਜੈ ਨੂੰ ਆਖਦੀ ਹੈ,

"ਸ਼ਰਮਾ ਜੀ, ਮੇਰੀ ਵੀਅਲ ਚੇਅਰ ਬਾਹਰ ਲੈ ਚਲੋ, ਬਹੁਤ ਗਰਮੀ ਲਗ ਰਹੀ ਐ।"

ਵੈਸੇ ਸੁਸ਼ਮਾ ਵੀਅਲ ਚੇਅਰ ਤੇ ਬੈਠਣਾ ਪਸੰਦ ਨਹੀਂ ਕਰਦੀ। ਵਿਜੈ ਨੂੰ ਹੁਣ ਵੀਅਲ ਚੇਅਰ ਧੱਕਣ ਦੀ ਆਦਤ ਪੈ ਚੁੱਕੀ ਹੈ। ਜਦ ਵਿਜੈ ਉਸ ਨੂੰ ਬਾਹਰ ਲਿਜਾਣ ਲਗਦਾ ਹੈ ਤਾਂ ਨਰਸਾਂ ਰੋਕਦੀਆਂ ਹਨ ਕਿ ਬਾਹਰ ਠੰਡ ਹੈ ਪਰ ਸੁਸ਼ਮਾ ਬਾਹਰ ਜਾਣਾ ਚਾਹੁੰਦੀ ਹੈ। ਬਾਹਰ ਜਾ ਕੇ ਇਕ ਦਮ ਵਾਪਸ ਅੰਦਰ ਆਉਣ ਬਾਰੇ ਆਖਣ ਲਗਦੀ ਹੈ। ਤੇ ਫਿਰ ਰੋਣ ਲਗਦੀ ਹੈ। ਹੁਣ ਉਹ ਹਸਪਤਾਲ ਤੋਂ ਅਕਣ ਲਗ ਪਈ ਹੈ। ਤਿੰਨ ਮਹੀਨੇ ਹੋ ਗਏ ਹਨ ਉਸ ਨੂੰ ਹਸਪਤਾਲ ਆਈ ਨੂੰ। ਉਸ ਦੇ ਨਾਲ ਦੇ ਕਈ ਮਰੀਜ਼ ਘਰਾਂ ਨੂੰ ਜਾ ਚੁੱਕੇ ਹਨ। ਕਈ ਹੋਰ ਆ ਗਏ ਹਨ। ਰੇਲ-ਗੱਡੀ ਵਿਚ ਚੜਨ ਵਾਂਗ। ਉਸ ਨੂੰ ਲਗਦਾ ਹੈ ਕਿ ਇਕੱਲੀ ਉਸ ਦਾ ਸ਼ਟੇਸ਼ਨ ਹੀ ਦੂਰ ਹੈ। ਇਹਨਾਂ ਸਵਾਰੀਆਂ ਵਾਂਗ ਹੀ ਇਕ ਪੰਜਾਬੀ ਬੁਢੀ ਔਰਤ ਆਉਂਦੀ ਹੈ। ਉਸ ਦੇ ਸੱਜੇ ਪਾਸੇ ਸਟਰੋਕ ਹੋਇਆ ਹੈ ਜਿਸ ਕਾਰਨ ਉਸ ਦੀ ਅਵਾਜ਼ ਚਲੇ ਗਈ ਹੈ। ਉਸ ਦੇ ਦੋਹਤੇ-ਪੋਤੇ ਉਸ ਨੂੰ ਬੋਲਣਾ ਸਿਖਾਉਂਦੇ ਹਨ। ਬੱਚਿਆਂ ਵਾਂਗ ਪਹਿਲਾਂ ਉਹ ਤੋਤਲਾ ਬੋਲਦੀ ਹੈ ਤੇ ਫਿਰ ਸਾਫ ਬੋਲਣ ਲਗਦੀ ਹੈ ਤੇ ਉਹ ਵੀ ਠੀਕ ਹੋ ਕੇ ਚਲੇ ਜਾਂਦੀ ਹੈ। ਸੁਸ਼ਮਾ ਨਰਸਾਂ ਨੂੰ ਪੁੱਛਣ ਲਗਦੀ ਹੈ ਕਿ ਉਹ ਕਦੋਂ ਘਰ ਜਾਵੇਗੀ।

ਇਕ ਦਿਨ ਦੋ ਨਰਸਾਂ ਵਿਜੈ ਕੋਲ ਸ਼ਿਕਾਇਤ ਕਰਨ ਆਉਂਦੀਆਂ ਹਨ, ਇਕ ਕਹਿਣ ਲਗਦੀ ਹੈ,

"ਮਿਸਟਰ ਸ਼ਰਮਾ, ਤੇਰੀ ਪਤਨੀ ਨੌਟੀ ਬਣਦੀ ਐ, ਇਸ ਨੇ ਰਾਤ ਆਪਣੇ ਆਪ ਈ ਤੁਰਨ ਦੀ ਕੋਸ਼ਿਸ਼ ਕੀਤੀ ਤੇ ਡਿਗ ਪਈ, ਸਾਨੂੰ ਇਸ ਨੂੰ ਉਠਾਉਣ ਲਈ ਖਾਸ ਕਰੇਨ ਲਿਆਉਣੀ ਪਈ, ਇਸ ਤਰ੍ਹਾਂ ਇਸ ਦੀ ਕੋਈ ਹੱਡੀ ਟੁੱਟ ਸਕਦੀ ਐ ਤੇ ਇਹ ਆਪਣੇ ਲਈ ਕੋਈ ਹੋਰ ਨਵੀਂ ਮੁਸੀਬਤ ਖੜੀ ਕਰ ਸਕਦੀ ਐ।"

"ਮੈਂ ਗੁਸਲ ਜਾਣਾ ਸੀ।"

"ਘੰਟੀ ਵਜਾਉਂਦੀ, ਅਸੀਂ ਕਾਹਦੇ ਲਈ ਆਂ।"

"ਘੰਟੀ ਵਜਾਈ ਸੀ ਪਰ ਕਿਸੇ ਗੱਲੋਂ ਵੱਜੀ ਨਹੀਂ।"

"ਮਿਸਜ਼ ਸ਼ਰਮਾ ਤੂੰ ਝੂਠ ਬੋਲ ਰਹੀ ਐਂ, ਘੰਟੀ ਬਿਲਕੁਲ ਠੀਕ ਐ, ਅਸੀਂ ਸਾਰੇ ਤੈਨੂੰ ਠੀਕ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਆਂ। ਜੇ ਤੂੰ ਮੁੜ ਕੇ ਇਵੇਂ ਕੀਤਾ ਤਾਂ ਅਸੀਂ ਤੇਰੀ ਸ਼ਿਕਾਇਤ ਉਪਰ ਔਫਿਸ ਵਿਚ ਕਰ ਦੇਵਾਂਗੀਆਂ।"

ਉਹਨਾ ਦੇ ਜਾਣ ਤੋਂ ਬਾਅਦ ਸੁਸ਼ਮਾ ਰੋਂਦੀ ਹੋਈ ਆਖਦੀ ਹੈ,
"ਸ਼ਰਮਾ ਜੀ, ਦੇਖੋ ਕਿੱਦਾਂ ਝਿੜਕਾਂ ਮਾਰਦੀਆਂ ਜਿਦਾਂ ਮੈਂ ਬੱਚੀ ਹੁੰਨੀ ਆਂ।"
"ਉਹ ਤੇਰੇ ਫਾਇਦੇ ਵਾਸਤੇ ਈ ਕਹਿੰਦੀਆਂ, ਮੈਨੂੰ ਪਤਾ ਕਿ ਤੇਰਾ ਮਨ ਕਾਹਲਾ ਪੈਂਦਾ ਪਰ ਜਿਥੇ ਇੰਨਾ ਚਿਰ ਉਡੀਕਿਆ ਥੋੜਾ ਹੋਰ ਸਬਰ ਕਰ।"
"ਨਹੀਂ ਹੁੰਦਾ ਹੁਣ ਮੇਰੇ ਤੋਂ ਸਬਰ। ਹੁਣ ਮੈਂ ਕਹਿੰਨੀ ਆਂ ਕਿ ਮੈਨੂੰ ਵਧ ਤੋਂ ਵੱਧ ਸਮਾਂ ਫੀਜ਼ੀਓ ਕਰਾਓ ਪਰ ਕਰਾਉਂਦੇ ਨਹੀਂ।"
"ਹਰ ਗੱਲ ਦਾ ਹਿਸਾਬ ਹੁੰਦੈ, ਉਹ ਤੇਰੇ ਅੰਗਾਂ ਤੇ ਓਨਾ ਈ ਪਰੈਸ਼ਰ ਪਾਉਣਗੇ ਜਿੰਨਾ ਇਹ ਬਰਦਾਸ਼ਤ ਕਰ ਸਕਣਗੇ।"

ਹੁਣ ਤਕ ਹਸਪਤਾਲ ਤੋਂ ਉਹ ਇਕੱਲੀ ਹੀ ਨਹੀਂ ਸਾਰੇ ਹੀ ਅੱਕ ਗਏ ਹਨ ਬਲਕਿ ਥੱਕ ਗਏ ਹਨ। ਵਿਜੈ ਤੇ ਬੱਚੇ ਵੀ, ਪਿਤਾ ਜੀ ਤੇ ਝਾਈ ਵੀ, ਰਮੇਸ਼ ਤੇ ਅੰਮਰਤੀ ਵੀ, ਹਾਲਾਂਕਿ ਰਮੇਸ਼ ਤੇ ਅੰਮਰਤੀ ਹਰ ਰੋਜ਼ ਨਹੀਂ ਹਨ ਆਉਂਦੇ। ਵਕਤ ਕਿੰਨਾ ਖਰਾਬ ਹੁੰਦਾ ਹੈ, ਕਿੰਨੇ ਕੰਮ ਛੁੱਟ ਜਾਂਦੇ ਹਨ। ਉਪਰੋਂ ਖਰਚ ਵੀ ਬਹੁਤ ਹੋ ਰਿਹਾ ਹੈ। ਝਾਈ ਤੇ ਪਿਤਾ ਜੀ ਬੱਸ ਵਿਚ ਆਉਣ ਤਾਂ ਅੱਠ ਦਸ ਪੌਂਡ ਦੇ ਕਰੀਬ ਕਿਰਾਇਆ ਹੀ ਲਗ ਜਾਂਦਾ ਹੈ। ਉਪਰੋਂ ਕਾਰਾਂ ਦਾ ਪੈਟਰੌਲ ਅਲੱਗ। ਕਈ ਵਾਰ ਵਿਜੈ ਦਾ ਦਿਲ ਕਰਦਾ ਹੈ ਕਿ ਘੇਸ ਜਿਹੀ ਮਾਰ ਜਾਵੇ, ਜਾਵੇ ਹੀ ਨਾ ਪਰ ਉਸ ਨੂੰ ਲਗਣ ਲਗਦਾ ਕਿ ਉਹ ਕੋਈ ਗੁਨਾਹ ਕਰ ਰਿਹਾ ਹੈ ਤੇ ਚਲੇ ਜਾਂਦਾ ਹੈ। ਪਿਤਾ ਜੀ ਤੇ ਝਾਈ ਨੂੰ ਹਸਪਤਾਲੋਂ ਵਾਪਸ ਲਿਆਉਣਾ ਵਿਜੈ ਆਪਣਾ ਫਰਜ਼ ਸਮਝਦਾ ਹੈ ਪਰ ਜਦੋਂ ਕਦੇ ਉਹ ਰੁੱਸੇ ਹੋਣ ਤਾਂ ਵਿਜੈ ਨੂੰ ਸੌਖ ਰਹਿੰਦੀ ਹੈ। ਰੁੱਸੇ ਹੋਣ ਤਾਂ ਉਹ ਬੱਸ ਵਿਚ ਆਉਂਦੇ ਜਾਂਦੇ ਹਨ। ਡਾਕਟਰ ਹਾਲੇ ਸੁਸ਼ਮਾ ਦੇ ਘਰ ਜਾਣ ਦੇ ਵਕਤ ਵਲ ਕੋਈ ਸੰਕੇਤ ਨਹੀਂ ਕਰ ਰਹੇ। ਸਭ ਲਈ ਸਥਿਤੀ ਬਹੁਤ ਨਿਰਾਸ਼ ਜਨਕ ਹੋ ਰਹੀ ਹੈ। ਵਿਜੈ ਨੂੰ ਤਾਂ ਕਈ ਵਾਰ ਇਹ ਵੀ ਲਗਣ ਲਗਦਾ ਹੈ ਕਿ ਹੁਣ ਇਹੋ ਅਸਲੀ ਜ਼ਿੰਦਗੀ ਹੈ। ਸਵੇਰ ਤੋਂ ਸ਼ਾਮ ਤਕ ਤੇ ਫਿਰ ਸੌਣ ਵੇਲੇ ਤਕ ਅਜੀਬ ਜਿਹਾ ਤਣਾਵ ਉਸ ਦੀ ਹੋਂਦ ਦੁਆਲੇ ਉਣਿਆ ਰਹਿੰਦਾ ਹੈ। ਤਾਇਆ ਉਹ ਨੂੰ ਵਾਰ ਵਾਰ ਕਹਿੰਦਾ ਕਿ ਉਹ ਆਪਣਾ ਧਿਆਨ ਰੱਖੇ। ਉਸ ਦੇ ਬਲੱਡ ਪਰੈਸ਼ਰ ਦੀ ਗੋਲੀ ਹੁਣ ਹੋਰ ਵੱਡੀ ਹੋ ਗਈ ਹੈ। ਉਸ ਦਾ ਡਾਕਟਰ ਵੀ ਉਸ ਨੂੰ ਤਣਾਵ ਤੋਂ ਬਚਣ ਲਈ ਆਖਦਾ ਹੈ ਪਰ ਕੁਝ ਉਸ ਦੇ ਵੱਸ ਵਿਚ ਹੋਵੇ ਤਾਂ ਕਰੇ।

ਵਿਜੈ ਲਈ ਹਸਪਤਾਲ ਜਿੰਨਾ ਹੀ ਜ਼ਰੂਰੀ ਹੈ ਤਾਏ ਦੇ ਘਰ ਜਾਣਾ ਤੇ ਸ਼ਨਿਚਰਵਾਰ ਨੂੰ ਮੰਦਿਰ ਵਿਚ ਲੋਕਾਂ ਦੇ ਕੰਮ ਕਰਨ ਜਾਣਾ, ਭਾਵੇਂ ਹੁਣ ਪਹਿਲਾਂ ਜਿੰਨੇ ਲੋਕ ਨਹੀਂ ਆਉਂਦੇ। ਕਈ ਬਿਜ਼ੁਰਗ ਲੋਕ ਤਾਂ ਜਿਵੇਂ ਉਸ ਦੇ ਆਦੀ ਹੋ ਗਏ ਹੋਣ। ਉਹਨਾਂ ਨੂੰ ਕਿਸੇ ਹੋਰ ਤੇ ਯਕੀਨ ਹੀ ਨਹੀਂ ਆਉਂਦਾ। ਕੌਂਸਲ ਵਲੋਂ ਆਉਂਦੀ ਔਰਤ ਜੋ ਵੀਰਵਾਰ ਵਾਲੇ ਦਿਨ ਲੋਕਾਂ ਦੇ ਲਿਖਤ ਪੜਤ ਵਾਲੇ ਕੰਮਾਂ ਵਿਚ ਮਦਦ ਕਰਦੀ ਹੈ ਲੋਕ ਉਸ ਕੋਲ ਵੀ ਜਾਂਦੇ ਹਨ ਪਰ ਆਪਣੀਆਂ ਚਿੱਠੀਆਂ ਦੇ ਜਵਾਬ ਵਿਜੈ ਤੋਂ ਲਿਖਵਾ ਕੇ ਹੀ ਵਧੇਰੇ ਖੁਸ਼ ਹੁੰਦੇ ਹਨ। ਤਾਇਆ ਵੀ ਉਸ ਨੂੰ ਉਡੀਕਦਾ ਰਹਿੰਦਾ ਹੈ। ਤਾਈ ਦੇ ਬਿਮਾਰ ਹੋਣ ਕਾਰਨ ਉਸ ਅੰਦਰ ਕਈ ਕਿਸਮ ਦੇ ਡਰ ਪੈਦਾ ਹੋ ਗਏ ਹਨ। ਉਹ ਵਿਜੈ ਨੂੰ ਕਹਿਣ ਲਗਦਾ ਹੈ,
"ਜੇ ਤੇਰੀ ਤਾਈ ਨੂੰ ਕੁਸ਼ ਹੋ ਗਿਆ ਤਾਂ ਮੇਰਾ ਕੀ ਬਣੂੰ?"
"ਤਾਇਆ, ਮੈਂ ਜਿਉਂ ਹੈਗਾ ਪਰ ਤਾਈ ਨੂੰ ਕੁਸ਼ ਹੋਏਗਾ ਈ ਕਿਉਂ!"
"ਆਪਣੇ ਕੰਟਰੋਲ ਵਿਚ ਨਹੀਂ ਕੁਸ਼ ਵੀ, ਨਾਲੇ ਤੇਰੀਆਂ ਆਪਣੀਆਂ ਜ਼ਿੰਮੇਵਾਰੀਆਂ ਬਹੁਤ ਆ, ਦੇਖ, ਤੇਰਾ ਕੀ ਹਾਲ ਹੋਇਆ ਪਿਆ! ਕੰਨਾਂ ਦੀਆਂ ਪੁੜਪੁੜੀਆਂ ਕੋਲੋਂ ਵਾਲ ਚਿੱਟੇ ਹੋਣ ਲਗ ਪਏ ਆ।"
"ਤਾਇਆ, ਚਾਲੀ ਟੱਪ ਗਿਆਂ, ਵਾਲ ਹੁਣ ਚਿੱਟੇ ਈ ਹੋਣੇਂ ਆਂ।"
"ਵਿਜੇ, ਸ਼ਕਲ ਦੇਖ ਆਪਣੀ ਸ਼ੀਸ਼ੇ ਵਿਚ, ਇੰਨਾ ਨਾ ਸੋਚਿਆ ਕਰ, ਜਿੱਦਾਂ ਜ਼ਿੰਦਗੀ ਆਉਂਦੀ ਆ ਲਈ ਚਲ, ਕਲ ਬਾਰੇ ਬਹੁਤਾ ਨਾ ਸੋਚ।"

ਉਸ ਨੂੰ ਹੁਸ਼ਿਆਰ ਵੀ ਇਵੇਂ ਹੀ ਕਹਿਣ ਲਗਦਾ ਹੈ,
"ਸ਼ਰਮਿਆਂ, ਤੂੰ ਮਰ ਜਾਣਾ ਇਕ ਦਿਨ! ਤੇਰਾ ਚਿਹਰਾ ਦਸਦਾ ਕਿ ਤੂੰ ਬਹੁਤ ਪਰੈਸ਼ਰ ਵਿਚ ਆਂ, ਦਾਰੂ ਦੇ ਦੋ ਪੈਗ ਠੋਕਵੇਂ ਜਿਹੇ ਮਾਰ ਲਿਆ ਕਰ। ਤੀਵੀਂ ਲੱਭ ਲੈ ਕੋਈ, ਕੋਈ ਹੋਰ ਨਹੀਂ ਤਾਂ ਓਸ ਭਾਗੀ ਨੂੰ ਈ ਸਿੱਧੀ ਕਰ ਲੈ। ਤੀਵੀਂ ਪੰਜਾਹ ਬਿਮਾਰੀਆਂ ਦਾ ਇਲਾਜ ਹੁੰਦੀ ਐ।"
"ਨਹੀਂ ਭਾਅ, ਉਹਦੇ ਬੱਚੇ ਤਾਂ ਮੈਨੂੰ ਮਾਮਾ ਜੀ ਆਖਦੇ ਆ।"
"ਏਦਾਂ ਤਾਂ ਮੈਂ ਸਾਰੇ ਵਰਦਿੰਗ ਦੀਆਂ ਤੀਵੀਆਂ ਨੂੰ ਭੈਣ ਜੀ ਕਹਿੰਨਾ, ਇਹਦਾ ਮਤਲਬ ਇਹ ਤਾਂ ਨਹੀਂ ਕਿ ਮੈਂ ਜਗਤ ਮਾਮਾ ਬਣ ਗਿਆ, ਤੂੰ ਦਾਣਾ ਪਾ ਕੇ ਦੇਖ, ਸ਼ਾਇਦ ਗੱਲ ਬਣ ਜਾਏ।"
"ਛੱਡ ਭਾਅ, ਇੱਦਾਂ ਦੀਆਂ ਗੱਲਾਂ ਨਹੀਂ ਕਰੀਦੀਆਂ।"
"ਕੋਈ ਹੋਰ ਲੱਭ ਲੈ।"

ਵਿਜੈ ਉਸ ਤੋਂ ਪਿੱਛਾ ਛੁਡਾਉਣ ਲਈ ਬਲਜੀਤ ਵਾਲੀ ਕਹਾਣੀ ਸੁਣਾਉਣ ਲਗਦਾ ਹੈ। ਹੁਸ਼ਿਆਰ ਕਾਹਲੀ ਵਿਚ ਕਹਿਣ ਲਗਦਾ ਹੈ,

"ਉਹਤੋਂ ਬਚੀਂ, ਬੜੀ ਖਰਾਬ ਔਰਤ ਆ, ਮਨਜਿੰਦਰ ਨੂੰ ਮੈਂ ਜਾਣਦਾਂ, ਉਹਨੂੰ ਸੂਲੀ ਟੰਗਿਆ ਪਿਆ ਇਹਨੇ। ਦਾਰੂ ਦੀ ਪੂਰੀ ਬੋਤਲ ਪੀ ਜਾਂਦੀ ਆ, ਤੈਨੂੰ ਤਾਂ ਉਹ ਚਰੂੰਡ ਜਾਊ। ਤੈਨੂੰ ਕੋਈ ਸੁਬਕ ਜਿਹੀ ਕੁੜੀ ਚਾਹੀਦੀ ਆ, ਤੇਰੇ ਜਿਹੀ।"

ਮਿਹਰ ਆਉਂਦਾ ਹੈ ਤਾਂ ਉਹ ਵੀ ਕੋਈ ਔਰਤ ਲੱਭਣ ਦੀ ਸਲਾਹ ਦੇਣ ਲਗਦਾ ਹੈ। ਮਿਹਰ ਦਾ ਕਹਿਣਾ ਹੈ ਕਿ ਜੇ ਕੁਝ ਹੋਰ ਨਹੀਂ ਤਾਂ ਬਲਜੀਤ ਵੀ ਠੀਕ ਰਹੇਗੀ। ਉਸ ਨੂੰ ਉਹਨਾਂ ਦੀਆਂ ਗੱਲਾਂ ਚੰਗੀਆਂ ਤਾਂ ਲਗਦੀਆਂ ਹਨ ਪਰ ਉਹ ਅਮਲ ਨਹੀਂ ਕਰਨਾ ਚਾਹੁੰਦਾ ਜਾਂ ਉਸ ਤੋਂ ਅਮਲ ਹੋ ਨਹੀਂ ਰਿਹਾ। ਉਸ ਰਾਤ ਭਾਗੀ ਵਲ ਵਧਾਏ ਕਦਮਾਂ ਕਾਰਨ ਉਹ ਆਪਣੇ ਆਪ ਨੂੰ ਦੋਸ਼ੀ ਸਮਝਣ ਲਗਦਾ ਹੈ। ਭਾਵੇਂ ਉਹ ਸਮਝਦਾ ਹੈ ਕਿ ਭਾਗੀ ਵੀ ਕੋਈ ਅਜਿਹਾ ਰਿਸ਼ਤਾ ਚਾਹੁੰਦੀ ਹੋਵੇਗੀ ਪਰ ਉਹ ਕਿਸੇ ਵੀ ਤਰ੍ਹਾਂ ਪਹਿਲ ਨਹੀਂ ਕਰ ਸਕਦਾ। ਉਸ ਦਿਨ ਤੋਂ ਬਾਅਦ ਉਹ ਉਸ ਦੇ ਘਰ ਜਾਂਦਾ ਹੀ ਨਹੀਂ ਨਾ ਹੀ ਫੋਨ ਕਰਦਾ ਹੈ। ਜੇਕਰ ਉਸ ਦੀ ਕੁੜੀ ਈ-ਮੇਲ ਕਰੇ ਤਾਂ ਉਹ ਭਾਗੀ ਦੀ ਰਾਜ਼ੀ ਖੁਸ਼ੀ ਜ਼ਰੂਰ ਪੁੱਛ ਲੈਂਦਾ ਹੈ। ਕਈ ਦਿਨ ਲੰਘ ਜਾਂਦੇ ਹਨ।

ਇਕ ਦਿਨ ਭਾਗੀ ਹੀ ਫੋਨ ਕਰਕੇ ਆਖਦੀ ਹੈ,

"ਵਿਜੇ, ਅਜ ਸ਼ਾਮ ਨੂੰ ਘਰ ਆਈਂ ਜ਼ਰਾ।"

ਉਹ ਭਾਗੀ ਦੇ ਘਰ ਜਾਂਦਾ ਹੈ ਪਰ ਅੱਖਾਂ ਨੀਵੀਆਂ ਕਰੀ ਬੈਠਾ ਰਹਿੰਦਾ ਹੈ। ਭਾਗੀ ਪੁੱਛਦੀ ਹੈ,

"ਕੁੜੀ ਦੱਬ ਕੇ ਆਇਆਂ?"

"ਭਾਗੀ, ਓਸ ਦਿਨ ਲਈ ਮੈਂ ਸੌਰੀ ਆਂ।"

"ਓਸ ਦਿਨ ਦੀ ਗੱਲ ਓਸ ਦਿਨ ਨਾਲ ਗਈ। ਅਜ ਨਵਾਂ ਦਿਨ ਨਵੀਂ ਗੱਲ। ਦਸ ਕੀ ਪੀਏਂਗਾ, ਚਾਹ, ਬੀਅਰ ਜਾਂ ਤੇਰਾ ਵੋਦਕਾ ਵੀ ਪਿਆ?"

"ਭਾਗੀ, ਅਜ ਤਾਂ ਮੇਰਾ ਦਿਲ ਕੁਝ ਵੀ ਪੀਣ ਨੂੰ ਨਹੀਂ ਕਰ ਰਿਹਾ।"

"ਮਰ ਪਰ੍ਹਾਂ ਫਿਰ!"

## ਚਾਲੀ

ਇਕ ਦਿਨ ਜਦ ਉਹ ਹਸਪਤਾਲ ਪੁੱਜਦਾ ਹੈ ਤਾਂ ਨਰਸ ਉਸ ਵਲ ਦੇਖ ਕੇ ਮੁਸਕਰਾਉਂਦੀ ਹੋਈ ਕਹਿੰਦੀ ਹੈ,

"ਮਿਸਟਰ ਸ਼ਰਮਾ ਵਧਾਈ ਹੋਵੇ! ਅਜ ਤੇਰੀ ਪਤਨੀ ਨੇ ਪਹਿਲਾ ਕਦਮ ਪੁਟਿਆ ਐ, ਬਿਨਾਂ ਕਿਸੇ ਸਹਾਰੇ ਤੋਂ।"

ਵਿਜੈ ਨੂੰ ਯਾਦ ਆਉਂਦਾ ਹੈ ਜਦ ਰੋਹਨ ਨੇ ਤੁਰਨ ਲਈ ਪਹਿਲਾ ਕਦਮ ਪੁਟਿਆ ਸੀ ਤਾਂ ਸੁਸ਼ਮਾ ਨੇ ਉਸ ਨੂੰ ਇਵੇਂ ਹੀ ਵਧਾਈਆਂ ਦਿਤੀਆਂ ਸਨ। ਉਸ ਨੂੰ ਚੰਗਾ ਲਗਦਾ ਹੈ ਕਿ ਇਵੇਂ ਹੀ ਸ਼ਾਇਦ ਜਲਦੀ ਤੁਰਨ ਜੋਗੀ ਹੋ ਜਾਵੇ। ਇਸ ਗੱਲ 'ਤੇ ਸੁਸ਼ਮਾ ਵੀ ਖੁਸ਼ ਹੈ।

ਅਗਲੇ ਦਿਨ ਉਹ ਸੁਸ਼ਮਾ ਕੋਲ ਜਾਂਦਾ ਹੈ ਤਾਂ ਉਹ ਰੁੱਸੀ ਪਈ ਹੈ। ਉਹ ਕਾਰਨ ਪੁੱਛਦਾ ਹੈ ਤਾਂ ਉਹ ਦਸਦੀ ਹੈ,

"ਅਜ ਨਰਸਾਂ ਨੇ ਮੈਨੂੰ ਬਹੁਤ ਝਿੜਕਾਂ ਮਾਰੀਆਂ!"

"ਤੂੰ ਉਹਨਾਂ ਦੀ ਮਰਜ਼ੀ ਤੋਂ ਬਿਨਾਂ ਤੁਰਦੀ ਹੋਵੇਂਗੀ।"

"ਜਦ ਮੈਂ ਹੁਣ ਤੁਰ ਸਕਦੀ ਆਂ ਤਾਂ ਕਿਉਂ ਨਾ ਤੁਰਾਂ?"

ਉਹ ਡਿਊਟੀ ਨਰਸ ਨੂੰ ਜਾ ਕੇ ਪੁੱਛਦਾ ਹੈ,

"ਮੇਰੀ ਪਤਨੀ ਹੁਣ ਕਿੰਨਾ ਕੁ ਤੁਰ ਸਕਦੀ ਐ?"

"ਵੈਸੇ ਤਾਂ ਵੌਕਰ ਨਾਲ ਦਸ ਕਦਮ ਚਲ ਸਕਦੀ ਐ ਪਰ ਇਹਦੇ ਕੋਲ ਕੋਈ ਹੋਣਾ ਚਾਹੀਦਾ, ਇਹ ਕਦੇ ਵੀ ਡਿਗ ਸਕਦੀ ਐ ਪਰ ਅਜ ਤਾਂ ਕਮਾਲ ਹੋ ਗਿਆ ਕਿ ਇਹ ਆਲੇ ਦੁਆਲੇ ਦੇ ਮਰੀਜ਼ਾਂ ਨੂੰ ਤੁਰ ਤੁਰ ਕੇ ਦਿਖਾ ਰਹੀ ਸੀ ਜੋ ਕਿ ਬਹੁਤ ਖਤਰਨਾਕ ਐ, ਜੇ ਇਹਨੂੰ ਕੁਸ਼ ਹੋ ਗਿਆ ਤਾਂ ਸਾਡੀ ਨੌਕਰੀ ਜਾਂਦੀ ਰਹੇਗੀ ਕਿ ਅਸੀਂ ਇਸ ਨੂੰ ਸਾਂਭਿਆ ਨਹੀਂ।"

ਇਹ ਹਸਪਤਾਲ ਅਜਿਹਾ ਹੈ ਕਿ ਇਥੇ ਇਕ ਹੀ ਡਾਕਟਰ ਹੁੰਦਾ ਹੈ। ਅਸਲ ਵਿਚ ਡਾਕਟਰ ਦੀ ਬਹੁਤੀ ਲੋੜ ਨਹੀਂ ਪੈਂਦੀ। ਸਾਰੇ ਮਰੀਜ਼ਾਂ ਦੀਆਂ ਦਵਾਈਆਂ ਲਿਖੀਆ ਹੁੰਦੀਆਂ ਹਨ। ਜੇ ਕੋਈ ਮਰੀਜ਼ ਜ਼ਿਆਦਾ ਗੰਭੀਰ ਹੋ ਜਾਵੇ ਤਾਂ ਉਸ ਨੂੰ ਵੱਡੇ ਹਸਪਤਾਲ ਲੈ ਜਾਇਆ ਜਾਂਦਾ ਹੈ। ਵਿਜੈ ਧਿਆਨ ਰੱਖਦਾ ਹੈ ਕਿ ਡਾਕਟਰ ਕਦ ਆਉਂਦਾ ਹੈ, ਉਹ ਉਸ ਨੂੰ ਮਿਲਣਾ ਚਾਹੁੰਦਾ ਹੈ। ਇਕ ਦਿਨ ਉਹ ਦੇਖਦਾ ਹੈ ਕਿ ਡਾਕਟਰ ਆਪਣੇ ਕੈਬਿਨ ਵਿਚ ਹਾਜ਼ਰ ਹੈ। ਉਹ ਉਸ ਨੂੰ ਪੁੱਛਦਾ ਹੈ,

"ਹਾਲੇ ਕਿੰਨੀ ਕੁ ਦੇਰ ਹੋਰ ਲਗੇਗੀ, ਅਸੀਂ ਤਾਂ ਤੰਗ ਆਏ ਪਏ ਆਂ।"

"ਮਿਸਟਰ ਸ਼ਰਮਾ, ਅਸੀਂ ਵੀ ਬੈੱਡ ਵਿਹਲਾ ਕਰਾਉਣਾ ਚਾਹੁੰਦੇ ਆਂ। ਸਾਡੀ ਅਗਲੇ ਹਫਤੇ ਇਸੇ ਵਿਸ਼ੇ ਨੂੰ ਲੈ ਕੇ ਮੀਟਿੰਗ ਐ, ਅਸੀਂ ਇਹਦਾ ਚੈੱਕਅੱਪ ਕਰਾਂਗੇ ਤੇ ਇਹਨੂੰ ਅਸੈੱਸ ਕਰਾਂਗੇ ਕਿ ਇਸ ਦੀ ਇਸ ਵੇਲੇ ਕੀ ਹਾਲਤ ਹੈ, ਸਿਹਤ ਵਿਚ ਸੁਧਾਰ ਦੀ ਪ੍ਰਗਤੀ ਕਿੰਨੀ ਕੁ ਹੈ।"

ਅਗਲੇ ਹਫਤੇ ਸੁਸ਼ਮਾ ਨੂੰ ਨਰੀਖਣ ਲਈ ਲੈ ਜਾਇਆ ਜਾਂਦਾ ਹੈ। ਗਿਆਰਾਂ ਵਜੇ ਤਕ ਉਸ ਨੂੰ ਵਾਪਸ ਲੈ ਆਉਣ ਦੀ ਆਸ ਹੈ ਪਰ ਸੁਸ਼ਮਾ ਨੂੰ ਪੋਰਟਰ ਬਾਰਾਂ ਵਜੇ ਵਾਪਸ ਲੈ ਕੇ ਆ ਰਿਹਾ ਦਿਸਦਾ ਹੈ। ਸੁਸ਼ਮਾ ਥੱਕੀ ਪਈ ਹੈ। ਨਰਸਾਂ ਉਸ ਦੀ ਮਦਦ ਕਰਕੇ ਬਿਸਤਰ ਤੇ ਪਾ ਦਿੰਦੀਆਂ ਹਨ। ਵਿਜੈ ਉਸ ਦਾ ਹਾਲਚਾਲ ਪੁੱਛਦਾ ਹੈ। ਉਹ ਕਹਿੰਦੀ ਹੈ,

"ਬਹੁਤ ਈ ਫਜ਼ੂਲ ਜਿਹੇ ਸਵਾਲ ਪੁੱਛੀ ਜਾਂਦੇ ਆ ਇਹ ਲੋਕ, ਕਈ ਸਵਾਲਾਂ ਦਾ ਮੇਰੀ ਬਿਮਾਰੀ ਨਾਲ ਕੋਈ ਵਾਹ ਵੀ ਨਹੀਂ।"

ਇਹਨਾਂ ਦਿਨਾਂ ਵਿਚ ਮਾਹਰਾਂ ਦੀ ਇਕ ਹੋਰ ਮੀਟਿੰਗ ਹੁੰਦੀ ਹੈ। ਫਿਰ ਇਕ ਮੀਟਿੰਗ ਵਿਚ ਵਿਜੈ ਨੂੰ ਵੀ ਸੱਦਿਆ ਜਾਂਦਾ ਹੈ। ਇਕ ਗੋਲ ਮੇਜ਼ ਤੇ ਅੱਠ ਦਸ ਜਾਣੇ ਬੈਠੇ ਹਨ। ਦੋ ਡਾਕਟਰ ਹਨ, ਦੋ ਨਰਸਾਂ, ਇਕ ਫੀਜ਼ੀਓਥੈਰੇਪਿਸਟ, ਇਕ ਮਨੋਵਿਗਿਆਨੀ, ਇਕ ਸ਼ੋਸ਼ਲ ਵਰਕਰ ਤੇ ਇਕ ਅਸੈੱਸਮਿੰਟ ਦੇਣ ਵਾਲੀ ਔਰਤ। ਇਕ ਡਾਕਟਰ ਪਹਿਲਾਂ ਸਭ ਦਾ ਉਸ ਨਾਲ ਤੁਆਰਫ ਕਰਾਉਂਦਾ ਹੈ ਤੇ ਫਿਰ ਕਹਿਣ ਲਗਦਾ ਹੈ,

"ਮਿਸਟਰ ਸ਼ਰਮਾ, ਤੈਨੂੰ ਆਪਣੀ ਪਤਨੀ ਦੀ ਸਿਹਤ ਦਾ ਅਹਿਸਾਸ ਤਾਂ ਹੋਵੇਗਾ ਈ, ਇਸ ਦੇ ਪੂਰੀ ਤਰ੍ਹਾਂ ਠੀਕ ਹੋਣ ਦੇ ਮੌਕੇ ਬਹੁਤ ਘਟ ਹਨ, ਇਹ ਵੀ ਹੋ ਸਕਦਾ ਹੈ ਕਿ ਇਹ ਜ਼ਿੰਦਗੀ ਭਰ ਅਪਾਹਜ ਰਹੇ, ਇਸ ਗੱਲ ਲਈ ਤੁਹਾਨੂੰ ਮਾਨਿਸਕ ਤੌਰ ਤੇ ਤਿਆਰ ਰਹਿਣਾ ਪਵੇਗਾ, ਇਸਨੂੰ ਦਵਾਈ ਵੀ ਹੁਣ ਉਮਰ ਭਰ ਖਾਣੀ ਪਵੇਗੀ, ਤੇ ਤੁਹਾਨੂੰ ਇਸ ਦੀ ਦਵਾਈ ਦਾ ਧਿਆਨ ਵੀ ਰੱਖਣਾ ਪਵੇਗਾ, ਲੱਤ ਤਾਂ ਕਿਸੇ ਹੱਦ ਤਕ ਠੀਕ ਹੋ ਜਾਵੇਗੀ, ਹੌਲੀ ਹੌਲੀ ਤੁਰਨ ਫਿਰਨ ਲਗੇਗੀ ਪਰ ਬਾਂਹ ਵਲੋਂ ਅਸੀਂ ਅਸਵੰਦ ਨਹੀ ਹਾਂ।"

ਫਿਰ ਦੂਸਰਾ ਡਾਕਟਰ ਬੋਲਦਾ ਹੈ,

"ਅਸੀਂ ਤਾਂ ਆਪਣਾ ਕੰਮ ਕਰਦੇ ਰਹਾਂਗੇ, ਇਸ ਨੂੰ ਵਕਤ ਵਕਤ ਤੇ ਚੈਕ ਵੀ ਕਰਿਆ ਕਰਾਂਗੇ, ਦਵਾਈ ਵੀ ਲੋੜ ਅਨੁਸਾਰ ਬਦਲਦੇ ਰਹਾਂਗੇ ਪਰ ਸਾਨੂੰ ਤੁਹਾਡੇ ਵਲੋਂ ਵੀ ਸਹਾਇਤਾ ਦੀ ਲੋੜ ਹੈ।"

"ਦੱਸੋ ਕਿਹੋ ਜਿਹੀ ਸਹਾਇਤਾ ਦੀ ਲੋੜ ਐ, ਮੈਂ ਕਰਨ ਨੂੰ ਤਿਆਰ ਆਂ।"

"ਵੈਸੇ ਤਾਂ ਤੁਸੀਂ ਕਰ ਈ ਰਹੇ ਓ, ਤੁਹਾਡੇ ਵਲੋਂ ਉਸ ਨੂੰ ਮੌਰਲ ਸਪੋਟਰ ਦੀ ਜ਼ਰੂਰਤ ਹੈ, ਉਸ ਦੀ ਲੰਮੇ ਸਮੇਂ ਦੀ ਇਸ ਬਿਮਾਰੀ ਨੂੰ ਮਨਜ਼ੂਰ ਕਰਨਾ ਪਵੇਗਾ, ਉਸ ਦੀ ਖੱਬੀ ਬਾਂਹ ਬਹੁਤ ਨਾਜ਼ੁਕ ਹੈ ਤੇ ਇਸ ਦਾ ਪੂਰਾ ਪੂਰਾ ਧਿਆਨ ਰੱਖਣਾ ਹੋਵੇਗਾ।"

"ਬਿਲਕੁਲ, ਅਸੀਂ ਇਸ ਦਾ ਪੂਰਾ ਧਿਆਨ ਰੱਖਾਂਗੇ।"

ਉਸ ਤੋਂ ਬਾਅਦ ਸ਼ੋਸ਼ਲ ਵਰਕਰ ਪੁੱਛਣ ਲਗਦੀ ਹੈ,

"ਤੁਹਾਡੇ ਘਰ ਵਿਚ ਤੁਹਾਡੇ ਦੋ ਬੱਚਿਆਂ ਤੋਂ ਬਿਨਾਂ ਕੋਈ ਹੋਰ ਵੀ ਹੈ?"

"ਨਹੀਂ, ਅਸੀਂ ਕੁਲ ਚਾਰ ਜੀਅ ਹੀ ਹਾਂ।"

"ਮੈਨੂੰ ਤੁਹਾਡੇ ਘਰ ਆ ਕੇ ਮੁਆਇਨਾ ਕਰਨਾ ਪਵੇਗਾ ਕਿ ਉਸ ਦੀ ਸਹੂਲਤ ਦੀ ਕਿਹੜੀ ਕਿਹੜੀ ਚੀਜ਼ ਹੈ ਤੇ ਕਿਹੜੀ ਹੋਰ ਚਾਹੀਦੀ ਹੈ ਤੇ ਅਸੀਂ ਦੇਖਾਂਗੇ ਕਿ ਅਸੀਂ ਹੋਰ ਕੀ ਉਪਲਭਧ ਕਰਾ ਸਕਦੇ ਹਾਂ।"

ਫਿਰ ਮਨੋਵਿਗਆਨੀ ਕਹਿਣ ਲਗਦਾ ਹੈ,

"ਮਿਸਟਰ ਸ਼ਰਮਾ, ਅਸੀਂ ਤੁਹਾਡੇ ਤੋਂ ਆਸ ਰੱਖਾਂਗੇ ਕਿ ਤੁਸੀਂ ਉਸ ਨਾਲ ਵਿਵਹਾਰ ਕਰਦੇ ਸਮੇਂ ਉਸ ਦੀ ਬਿਮਾਰੀ ਨੂੰ ਧਿਆਨ ਵਿਚ ਨਹੀਂ ਰੱਖੋਗੇ, ਉਹ ਘਰ ਦੀ ਅਹਿਮ ਜੀਅ ਹੋਵੇਗੀ, ਘਰ ਦੇ ਸਾਰੇ ਫੈਸਲਿਆਂ ਵਿਚ ਤੁਸੀਂ ਉਸ ਦੀ ਪਹਿਲਾਂ ਵਾਂਗ ਹੀ ਰਾਏ ਲਵੋਂਗੇ।"

"ਬਿਲਕੁਲ ਇਵੇਂ ਹੀ ਕਰਾਂਗੇ।"

ਫਿਰ ਅਸੈੱਸ ਕਰਨ ਵਾਲੀ ਔਰਤ ਕਹਿੰਦੀ ਹੈ,

"ਅਸੀਂ ਇਹ ਵੀ ਆਸ ਰੱਖਦੇ ਆਂ ਕਿ ਤੁਸੀਂ ਉਸ ਦੀ ਸਿਹਤ ਦੇ ਸੁਧਾਰ ਉਪਰ ਵੀ ਨਜ਼ਰ ਰੱਖੋਗੇ, ਜੇ ਤੁਹਾਨੂੰ ਲਗੇ ਕਿ ਕੋਈ ਸੁਧਾਰ ਨਹੀਂ ਹੋ ਰਿਹਾ ਜਾਂ ਕਿਧਰੇ ਕੁਝ ਠੀਕ ਨਹੀਂ ਤਾਂ ਤੁਸੀਂ ਇਕ ਦਮ ਸਾਨੂੰ ਖਬਰ ਕਰੋਂਗੇ।"

"ਬਿਲਕੁਲ, ਨਜ਼ਰ ਰੱਖਾਂਗੇ।"

ਫਿਰ ਫੀਜ਼ੀਓਥੈਰੇਪਿਸਟ ਦੀ ਵਾਰੀ ਆਉਂਦੀ ਹੈ,

"ਇਹਨੂੰ ਵੱਧ ਤੋਂ ਵੱਧ ਤੁਰਨ ਲਈ ਪਰੇਰੋਂਗੇ, ਤੇ ਇਹਦੀ ਬੈਠਨ ਤੇ ਉਠਨ ਵਿਚ ਮਦਦ ਕਰੋਂਗੇ, ਤੇ ਇਹ ਵੀ ਧਿਆਨ ਰਖੋਂਗੇ ਕਿ ਇਹ ਆਪਣੀ ਬਾਂਹ ਦੀ ਜਿੰਨੀ ਵੀ ਹੋ ਸਕੇ ਵਰਤੋਂ ਕਰਨ ਦੀ ਕੋਸ਼ਿਸ਼ ਕਰੇ।"

ਵਿਜੈ ਇਥੇ ਵੀ ਪੂਰੀ ਸਹਿਮਤੀ ਦਿਖਾਉਂਦਾ ਹੈ। ਫਿਰ ਕੁਝ ਪੇਪਰਾਂ ਤੇ ਉਸ ਦੇ ਦਸਤਖਤ ਕਰਾਏ ਜਾਂਦੇ ਹਨ। ਕੁਝ ਕਿਤਾਬਚੇ ਪੜਨ ਲਈ ਦਿਤੇ ਜਾਂਦੇ ਹਨ। ਫਿਰ ਉਹ ਸੁਸ਼ਮਾ ਦੇ ਸਟਰੋਕ ਤੋਂ ਪਹਿਲਾਂ ਦੇ ਜੀਵਨ ਬਾਰੇ ਬਹੁਤ ਸਾਰੀਆਂ ਗੱਲਾਂ

ਪੁੱਛਦੇ ਹਨ। ਸੁਸ਼ਮਾ ਦੇ ਸੁਭਾਅ ਬਾਰੇ ਵੀ। ਉਹਨਾਂ ਦੇ ਆਪਸੀ ਸਬੰਧਾਂ ਬਾਰੇ ਵੀ। ਇਹ ਗੱਲਾਂ ਸੁਸ਼ਮਾ ਦੇ ਇਲਾਜ ਵਿਚ ਸਹਾਈ ਹੋ ਸਕਦੀਆਂ ਹਨ। ਫਿਰ ਅਜਿਹੀਆਂ ਮੀਟਿੰਗਾਂ ਸੁਸ਼ਮਾ ਨਾਲ ਵੀ ਚਲਦੀਆਂ ਹਨ। ਕਦੇ ਕੋਈ ਡਾਕਟਰ ਬਾਹਰੋਂ ਹੋਰ ਵੀ ਆ ਜਾਂਦਾ ਹੈ। ਮਨੋਵਿਗਿਆਨੀ ਤੇ ਸੋਸ਼ਲ ਵਰਕਰ ਤਾਂ ਕਈ ਕਈ ਵਾਰ ਉਸ ਨਾਲ ਗੱਲਬਾਤ ਕਰਨ ਬੈਠ ਜਾਂਦੇ ਹਨ।

ਇਕ ਦਿਨ ਉਹ ਉਸ ਨੂੰ ਮਿਲਣ ਜਾਂਦੇ ਹਨ ਤਾਂ ਸੁਸ਼ਮਾ ਮੂੰਹ ਸੁਜਾਈ ਬੈਠੀ ਹੈ। ਵਿਜੈ ਜਾਂ ਬੱਚਿਆਂ ਨੂੰ ਦੇਖ ਕੇ ਵੀ ਉਸ ਦਾ ਮੂਡ ਠੀਕ ਨਹੀਂ ਹੁੰਦਾ। ਵਿਧੀ ਉਸ ਨੂੰ ਕੋਈ ਲਤੀਫਾ ਸੁਣਾਉਂਦੀ ਹੈ ਪਰ ਸੁਸ਼ਮਾ ਚੁੱਪ ਰਹਿੰਦੀ ਹੈ। ਵਿਧੀ ਖਿਝ ਜਾਂਦੀ ਹੈ ਤੇ ਉਠ ਕੇ ਟੈਲੀ ਦੇਖਣ ਲਗਦੀ ਹੈ। ਰੋਹਨ ਵੀ ਉਸ ਦੇ ਮਗਰ ਚਲੇ ਜਾਂਦਾ ਹੈ। ਵਿਜੈ ਪੁੱਛਦਾ ਹੈ,

"ਹੁਣ ਕੀ ਪਰੋਬਲਮ ਪੈ ਗਈ ਤੈਨੂੰ?"

"ਮੈਨੂੰ ਜ਼ਿੰਦਗੀ ਦੇ ਭੇਤ ਦਾ ਪਤਾ ਚਲ ਗਿਆ।"

"ਅੱਛਾ! ਸਾਨੂੰ ਵੀ ਦਸ, ਇਹ ਤਾਂ ਬਹੁਤ ਵਧੀਆ ਗੱਲ ਹੋ ਗਈ, ਇਸੇ ਭੇਤ ਨੂੰ ਸਾਰੀ ਦੁਨੀਆਂ ਲਭਦੀ ਫਿਰਦੀ ਐ।"

"ਕਿਉਂ ਦੱਸਾਂ? ਮੇਰੀ ਜ਼ਿੰਦਗੀ, ਮੇਰਾ ਭੇਤ!"

"ਮੈਂ ਵੀ ਤੇਰਾ ਕੁਸ਼ ਲਗਦਾਂ, ਤੂੰ ਨਹੀਂ ਚਾਹੁੰਦੀ ਕਿ ਤੂੰ ਆਪਣਿਆਂ ਨਾਲ ਇਹ ਬਹੁਮੁੱਲੀ ਗੱਲ ਸਾਂਝੀ ਕਰੇਂ?"

"ਤੁਹਾਨੂੰ ਕੀ ਦੱਸਾਂ! ਤੁਹਾਡੇ ਬਾਰੇ ਤਾਂ ਭੇਤ ਸਮਝ ਲਗਿਐ।"

"ਕੀ?"

"ਭੇਤ ਇਹ ਕਿ ਤੁਸੀਂ ਮੇਰੇ ਹੁਣ ਕੁਸ਼ ਨਹੀਂ ਲਗਦੇ ਜਿਵੇਂ ਕਿ ਪਹਿਲਾਂ ਲਗਦੇ ਸੀ।"

"ਕਿਉਂ?"

"ਕਿਉਂਕਿ ਮੈਂ ਹੁਣ ਪਹਿਲਾਂ ਵਰਗੀ ਪਰਫੈਕਟ ਨਹੀਂ ਰਹੀ, ਇਸ ਕਰਕੇ ਰਿਲੇਸ਼ਨ ਵੀ ਬਦਲ ਗਏ।"

"ਕੀ ਮੂਰਖਾਂ ਵਾਲੀ ਗੱਲ ਕਰੀ ਜਾਨੀਂ ਆਂ?"

"ਨਹੀਂ, ਇਹੋ ਸੱਚ ਐ, ਇਹੋ ਜ਼ਿੰਦਗੀ ਦਾ ਅਸਲੀ ਭੇਤ ਐ, ਇਸੇ ਦਾ ਪਤਾ ਚਲਿਆ। ਹੁਣ ਤੁਸੀਂ ਕਿਸੇ ਵੀ ਹਾਲਤ ਵਿਚ ਪਹਿਲਾਂ ਜਿਹਾ ਮੋਹ ਨਹੀਂ ਕਰਨ ਲਗੇ। ਹੋ ਸਕਦਾ ਕੋਈ ਹੋਰ ਔਰਤ ਈ ਲਭ ਲਵੋਂ, ਹੋਰ ਵਿਆਹ ਵੀ ਕਰਾ ਲਓਂ।"

"ਪਾਗਲ ਔਰਤ, ਤੈਨੂੰ ਕੌਣ ਕਹਿੰਦਾ ਇਹ ਗੱਲਾਂ?"

"ਪਰ ਸ਼ਰਮਾ ਜੀ, ਇਹ ਇੰਡੀਆ ਤਾਂ ਹੈ ਨਹੀਂ ਕਿ ਮੈਂ ਇਕੱਲੀ ਆਂ।"

"ਕੌਣ ਐ ਬਈ ਤੇਰੇ ਨਾਲ?"

"ਇਹ ਗੌਰਮਿੰਟ, ਇਹ ਸਾਰਾ ਮਹਿਕਮਾ, ਇਹ ਮੇਰਾ ਧਿਆਨ ਰੱਖਣਗੇ, ਇਹ ਮੇਰੀਆਂ ਲੋੜਾਂ ਪੂਰੀਆਂ ਕਰਨਗੇ।"

ਵਿਜੈ ਨੂੰ ਉਸ ਦੀਆਂ ਗੱਲਾਂ ਤੇ ਗੁੱਸਾ ਆਉਣ ਲਗਦਾ ਹੈ। ਉਹ ਸੋਚਦਾ ਹੈ ਕਿ ਜ਼ਰੂਰ ਮੀਟਿੰਗ ਵਿਚ ਅਜਿਹੀਆਂ ਗੱਲਾਂ ਹੋਈਆਂ ਹੋਣਗੀਆਂ। ਉਹ ਇਸ ਨੂੰ ਆਪਣੀ ਲੜਾਈ ਆਪ ਲੜਨ ਦਾ ਹੌਸਲਾ ਦਿੰਦੇ ਅਜਿਹਾ ਕੁਝ ਕਹਿੰਦੇ ਹੋਣਗੇ। ਇਕ ਵਾਰ ਤਾਂ ਉਸ ਦਾ ਦਿਲ ਕਰਦਾ ਹੈ ਕਿ ਸੋਸ਼ਲ ਵਰਕਰ ਤੇ ਮਨੋਵਿਗਿਆਨੀ ਨੂੰ ਜਾ ਕੇ ਪੁੱਛੇ ਕਿ ਇਹ ਕਿਹੋ ਜਿਹੀਆਂ ਗੱਲਾਂ ਕਰਦੇ ਰਹੇ ਹੋ, ਕਿਹੋ ਜਿਹੀ ਸਿਖਿਆ ਦੇਈ ਜਾ ਰਹੇ ਹੋ ਪਰ ਫਿਰ ਉਹ ਸੋਚਦਾ ਹੈ ਕਿ ਹੋ ਸਕਦਾ ਹੈ ਉਹਨਾਂ ਦੀਆਂ ਗੱਲਾਂ ਦੇ ਇਸਨੇ ਇਹ ਅਰਥ ਕੱਢ ਲਏ ਹੋਣ। ਉਹ ਕਹਿੰਦਾ ਹੈ,

"ਇਹ ਮਹਿਕਮੇ ਵਾਲੇ ਤੈਨੂੰ ਮੰਮੀ ਤਾਂ ਨਹੀਂ ਕਹਿਣ ਲਗ ਪੈਣਗੇ, ਤੇਰੇ ਨਾਲ ਰਾਤ ਨੂੰ ਆ ਕੇ ਸੌਇਆਂ ਤਾਂ ਨਹੀਂ ਕਰਨਗੇ?"

"ਸ਼ਰਮਾ ਜੀ, ਅਜ ਉਹਨਾਂ ਨੇ ਮੈਨੂੰ ਕਿਹਾ ਕਿ ਇਹ ਬਿਮਾਰੀ ਮੈਨੂੰ ਇਕੱਲੀ ਨੂੰ ਲਗੀ ਐ ਤੇ ਇਸ ਖਿਲਾਫ ਮੈਂ ਇਕੱਲੀ ਨੇ ਈ ਲੜਨਾ ਤੇ ਭੁਗਤਣਾ, ਮੈਨੂੰ ਕਿਸੇ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ। ਤੁਸੀਂ ਕਦੇ ਵੀ ਦੂਜੇ ਪਾਸੇ ਖੜ ਸਕਦੇ ਓ।"

"ਉਹ ਕਿੱਦਾਂ?"

"ਮੇਰੇ ਤੋਂ ਅੱਕ ਕੇ ਮੇਰੇ ਤੋਂ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕਰ ਸਕਦੇ ਓ, ਜੇ ਏਦਾਂ ਹੋ ਗਿਆ ਤਾਂ ਆਪੇ ਹੋ ਗਏ ਮੇਰੇ ਖਿਲਾਫ ਵਾਲੀ ਧਿਰ।"

"ਇਹ ਤਾਂ ਪੰਡਤਾਂ ਵਾਲੀ ਕਥਾ ਐ, ਭਗਵਾਨ ਈ ਤੁਹਾਡਾ ਸਭ ਕੁਸ਼ ਐ, ਬਾਕੀ ਸਾਰੇ ਰਿਸ਼ਤੇ ਝੂਠੇ।"

"ਇਹ ਕਥਾ ਵਾਲੀ ਗੱਲ ਵੀ ਸੱਚ ਹੋ ਸਕਦੀ ਐ ਪਰ ਇਸ ਸਭ ਤੋਂ ਬੜਾ ਸੱਚ ਐ ਕਿ ਔਖੇ ਵੇਲੇ ਬੰਦਾ ਇਕੱਲਾ ਹੁੰਦੈ।"

"ਤੂੰ ਆਪਣੀ ਸਿਹਤ ਦਾ ਧਿਆਨ ਰੱਖ, ਇਹ ਗਲਤ-ਮਲਤ ਵਿਚਾਰ ਛੱਡ ਦੇਹ, ਅਸੀਂ ਸਾਰੇ ਤੇਰੇ ਨਾਲ਼ ਆਂ, ਦਿਲੋਂ ਨਾਲ ਆਂ।"

ਵਿਜੈ ਆਖਦਾ ਹੈ ਪਰ ਸੁਸ਼ਮਾ ਦੂਜੇ ਪਾਸੇ ਨੂੰ ਦੇਖਣ ਲਗਦੀ ਹੈ। ਉਹ ਵਿਜੈ ਨਾਲ ਸਹਿਮਤ ਨਹੀਂ ਹੈ। ਵਿਜੈ ਸੋਚਦਾ ਹੈ ਕਿ ਇਹ ਗੱਲ ਇਸ ਦੇ ਮਨ ਵਿਚੋਂ ਕੱਢਣ ਦੀ ਲੋੜ ਹੈ। ਉਹ ਨਰਸ ਨੂੰ ਜਾ ਕੇ ਕਹਿੰਦਾ ਹੈ,

"ਮੈਂ ਆਪਣੀ ਪਤਨੀ ਦੀ ਮਨੋਵਿਗਿਆਨੀ ਜਾਂ ਸ਼ੋਸ਼ਲ ਵਰਕਰ ਨੂੰ ਮਿਲਣਾ ਚਾਹੁਨਾਂ।"

"ਉਹ ਤਾਂ ਕਦੇ ਕਦਾਈ ਈ ਇਥੇ ਆਉਂਦੀਆਂ ਪਰ ਜਲਦੀ ਈ ਤੁਹਾਡੀ ਪਰਿਵਾਰਿਕ ਮੀਟਿੰਗ ਉਹਨਾਂ ਨਾਲ ਹੋਣ ਜਾ ਰਹੀ ਹੈ।"

ਅਗਲੇ ਹਫਤੇ ਪਰਿਵਾਰਿਕ ਮੀਟਿੰਗ ਹੁੰਦੀ ਹੈ। ਸੁਸ਼ਮਾ ਇਸ ਮੀਟਿੰਗ ਵਿਚ ਪਿਤਾ ਜੀ ਤੇ ਝਾਈ ਨੂੰ ਵੀ ਨਾਲ ਲਿਜਾਣਾ ਚਾਹੁੰਦੀ ਹੈ। ਉਹ ਕਹਿੰਦੀ ਹੈ,

"ਉਹ ਵੀ ਤਾਂ ਸਾਡੇ ਪਰਿਵਾਰ ਦਾ ਈ ਹਿੱਸਾ ਹੈਗੇ ਆ।"

"ਪਰਿਵਾਰ ਦਾ ਹਿੱਸਾ ਉਹ ਲੋਕ ਹੁੰਦੇ ਆ ਜਿਹੜੇ ਤੁਹਾਡੇ ਨਾਲ ਰਹਿੰਦੇ ਆ, ਫੇਰ ਤਾਂ ਤੂੰ ਰਮੇਸ਼ ਤੇ ਅੰਮਰਤੀ ਵੀ ਨਾਲ ਲੈ ਚਲ। ਇਹ ਕੋਈ ਖੁਸ਼ੀ ਦਾ ਮੌਕਾ ਨਹੀਂ ਕਿ ਭੀੜ ਇਕੱਠੀ ਕਰੀਏ।"

ਸੁਸ਼ਮਾ ਨੂੰ ਵਿਜੈ ਦੀ ਗੱਲ ਚੰਗੀ ਨਹੀਂ ਲਗਦੀ ਪਰ ਉਹ ਚੁੱਪ ਰਹਿੰਦੀ ਹੈ ਕਿਉਂ ਕਿ ਨਰਸ ਵੀ ਕੋਲ ਹੀ ਖੜੀ ਹੈ। ਮੀਟਿੰਗ ਵਿਚ ਉਹੋ ਜਿਹੀਆਂ ਗੱਲਾਂ ਹੀ ਹੁੰਦੀਆਂ ਹਨ ਜਿਹੋ ਜਿਹੀਆਂ ਪਹਿਲਾਂ ਹੋਈਆਂ ਸਨ। ਇਸ ਵਾਰ ਉਹ ਰੋਹਨ ਤੇ ਵਿਧੀ ਤੋਂ ਵੀ ਆਪਣੀ ਆਪਣੀ ਮੰਮੀ ਨੂੰ ਸੰਭਲਣ ਦਾ ਵਾਅਦਾ ਲੈਂਦੇ ਹਨ। ਕੁਝ ਹੋਰ ਫਾਰਮ ਭਰੇ ਜਾਂਦੇ ਹਨ। ਉਹਨਾਂ ਦੇ ਦਸਤਖਤ ਲਏ ਜਾਂਦੇ ਹਨ। ਫਿਰ ਇਕ ਅਧਿਕਾਰੀ ਪੁੱਛਦਾ ਹੈ,

"ਕੀ ਤੁਸੀਂ ਹਸਪਤਾਲ ਦੀ ਕਾਰ ਗੁਜ਼ਾਰੀ ਤੋਂ ਖੁਸ਼ ਓ?"

"ਪੂਰੀ ਤਰ੍ਹਾਂ ਨਹੀਂ।"

ਵਿਜੈ ਉਤਰ ਦਿੰਦਾ ਹੈ ਤੇ ਸਾਰਿਆਂ ਦੇ ਚਿਹਰੇ ਉਤਰ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਅਜਿਹੇ ਜਵਾਬ ਦੀ ਆਸ ਨਹੀਂ। ਉਹੋ ਅਧਿਕਾਰੀ ਫਿਰ ਪੁੱਛਦਾ ਹੈ,

"ਤੁਹਾਨੂੰ ਕੀ ਘਾਟ ਮਹਿਸੂਸ ਹੋ ਰਹੀ ਐ?"

"ਜਿਹੜੀ ਤੁਸੀਂ ਮੇਰੀ ਪਤਨੀ ਦੀ ਮਨੋਵਿਗਿਆਨਕ ਥੈਰੇਪੀ ਕੀਤੀ ਹੈ ਇਹ ਇਸ ਨੂੰ ਪਰਿਵਾਰ ਨਾਲੋਂ ਤੋੜ ਸਕਦਾ ਹੈ।"

ਉਹ ਸਾਰੇ ਇਕ ਦੂਜੇ ਵਲ ਦੇਖਣ ਲਗਦੇ ਹਨ। ਮਨੋਵਿਗਿਆਨਕ ਔਰਤ ਵੀ ਉਥੇ ਹੀ ਬੈਠੀ ਹੈ। ਉਹ ਪੁੱਛਦੀ ਹੈ,

"ਜ਼ਰਾ ਖੁਲ੍ਹ ਕੇ ਗੱਲ ਦਸੋ।"

"ਇਸਨੂੰ ਇਹ ਦਸਿਆ ਗਿਆ ਕਿ ਹੁਣ ਇਹ ਇਕੱਲੀ ਐ, ਇਸ ਨੂੰ ਇਹ ਲੜਾਈ ਇਕੱਲਿਆਂ ਹੀ ਲੜਨੀ ਪੈਣੀ ਹੈ, ਇਹ ਗੱਲ ਇਸ ਦਾ ਪਰਿਵਾਰ ਵਿਚੋਂ ਵਿਸ਼ਵਾਸ਼ ਗੁਆਉਂਦੀ ਹੈ।"

"ਇਵੇਂ ਤਾਂ ਇਸ ਨੂੰ ਕਿਸੇ ਨਹੀਂ ਕਿਹਾ, ਕਿਉਂ ਮਿਸਜ਼ ਸਰਮਾ?"

ਸੁਸ਼ਮਾ ਕੋਈ ਉਤਰ ਨਹੀਂ ਦਿੰਦੀ, ਉਹ ਸਭ ਵਲ ਦੇਖਣ ਲਗਦੀ ਹੈ ਤੇ ਬਿਨਾਂ ਅੱਖਾਂ ਝਮੱਕਣ ਤੋਂ ਦੇਖਦੀ ਜਾਂਦੀ ਹੈ। ਡਾਕਟਰ ਨੂੰ ਲਗਦਾ ਹੈ ਕਿ ਉਹ ਕਿਸੇ ਦੌਰੇ ਦੇ ਪਰਭਾਵ ਹੇਠ ਆ ਗਈ ਹੈ। ਉਹ ਨਰਸ ਨੂੰ ਇਸ਼ਾਰਾ ਕਰਦਾ ਹੈ ਕਿ ਉਸ ਨੂੰ ਬਿਸਤਰ ਵਿਚ ਪਾ ਦਿਤਾ ਜਾਵੇ ਤੇ ਦਵਾਈ ਦੇ ਦਿਤੀ ਜਾਵੇ। ਉਸ ਦੇ ਜਾਣ ਤੋਂ ਬਾਅਦ ਸਾਇਕੌਲੋਜਿਸਟ ਕਹਿਣ ਲਗਦੀ ਹੈ,

"ਦੇਖੋ, ਕਨੂੰਨੀ ਤੌਰ ਸਾਨੂੰ ਮਰੀਜ਼ ਨੂੰ ਸਚਾਈ ਦਸਣੀ ਪੈਂਦੀ ਹੈ। ਸਾਡੇ ਸਰਵੇ ਅਨੁਸਾਰ ਸਟਰੋਕ ਵਾਲੇ ਮਰੀਜ਼ਾਂ ਦੀ ਜ਼ਿੰਦਗੀ ਇਕੱਲਤਾ ਵਿਚ ਗੁਜ਼ਰਦੀ ਹੈ, ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਾਨੂੰ ਮਰੀਜ਼ ਨੂੰ ਕੁਝ ਗੱਲਾਂ ਦਸਣੀਆਂ ਪੈਂਦੀਆਂ ਹਨ। ਅਸੀਂ ਸੌਰੀ ਆਂ ਕਿ ਤੁਹਾਨੂੰ ਕੋਈ ਗੱਲ ਚੰਗੀ ਨਹੀਂ ਲਗੀ ਪਰ ਹਲਾਤ ਦਾ ਮਾੜਾ ਪੱਖ ਦਸਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਵਧੀਆ ਗੱਲ ਕਿ ਤੁਸੀਂ ਚੰਗੇ ਪੱਖ 'ਤੇ ਰਹੋ ਤੇ ਉਸ ਦਾ ਯਕੀਨ ਜਿੱਤੋ।"

"ਪਰ ਤੁਹਾਨੂੰ ਮਰੀਜ਼ ਦੀ ਮਾਨਸਿਕ ਅਵਸਥਾ ਦਾ ਧਿਆਨ ਰੱਖਣਾ ਚਾਹੀਦਾ, ਇਹ ਹਾਲੇ ਇਹ ਝੱਟਕਾ ਖਾਣ ਦੇ ਯੋਗ ਨਹੀਂ, ਇਵੇਂ ਤਾਂ ਇਹ ਸਾਨੂੰ ਆਪਣੇ ਦੁਸ਼ਮਣ ਸਮਝਣ ਲਗ ਪਵੇਗੀ, ਸਾਡੀ ਹਰ ਗੱਲ ਤੇ ਸ਼ੱਕ ਕਰਨ ਲਗ ਪਵੇਗੀ, ਕਿਰਪਾ ਕਰਕੇ ਉਸ ਨੂੰ ਸਾਡੇ ਨਾਲ ਜੋੜਨ ਦੀ ਕਸ਼ਿਸ਼ ਕਰੋ। ਉਸ ਨੂੰ ਇਹ ਦਸਣ ਦੀ ਲੋੜ ਹੈ ਕਿ ਉਹ ਪਰਿਵਾਰ ਦਾ ਇਕ ਹਿੱਸਾ ਹੈ।"

ਉਹ ਸਾਰੇ ਹੀ ਇਸ ਦਾ ਕੋਈ ਜਵਾਬ ਨਹੀਂ ਦਿੰਦੇ। ਬਾਕੀ ਦੀ ਗੱਲ ਅਗਲੀ ਮੀਟਿੰਗ ਤੇ ਛੱਡ ਕੇ ਇਹ ਮੀਟਿੰਗ ਖਤਮ ਕਰ ਦਿੰਦੇ ਹਨ। ਪਰ ਵਿਜੈ ਇਕ ਗੱਲ ਦੇਖਦਾ ਹੈ ਕਿ ਸੁਸ਼ਮਾ ਅਜਿਹੀਆ ਗੱਲਾਂ ਮੁੜ ਕੇ ਨਹੀਂ ਕਰਦੀ। ਦੋ ਕੁ ਹਫਤੇ ਬਾਅਦ ਸੋਸ਼ਲ ਵਰਕਰ ਉਹਨਾਂ ਦੇ ਘਰ ਆਉਂਦੀ ਹੈ। ਉਹ ਇਕ ਇਕ ਚੀਜ਼ ਨੂੰ ਧਿਆਨ ਨਾਲ ਦੇਖ ਰਹੀ ਹੈ। ਉਸ ਦੇ ਕੋਲ ਇੰਚੀ-ਟੇਪ ਹੈ। ਕਈ ਥਾਵਾਂ ਨੂੰ ਉਹ ਮਿਣ ਕੇ ਵੀ ਦੇਖਦੀ ਹੈ। ਸੁਸ਼ਮਾ ਦੇ ਸੌਣ ਵਾਲਾ ਕਮਰਾ, ਬੈਠਣ ਵਾਲਾ ਕਮਰਾ, ਗੁਸਲਖਾਨਾ, ਪੌੜੀਆਂ ਆਦਿ ਨੂੰ ਦੇਖ ਕੇ ਇਕ ਨਕਸ਼ਾ ਤਿਆਰ ਕਰ ਲੈਂਦੀ ਹੈ। ਫਿਰ ਆਖਦੀ ਹੈ,

"ਇਹ ਚੰਗੀ ਗੱਲ ਐ ਕਿ ਇਕ ਬਾਥਰੂਮ ਤੁਹਾਡੇ ਘਰ ਦੇ ਹੇਠਲੇ ਹਿੱਸੇ ਵਿਚ ਵੀ ਹੈ, ਨਹੀਂ ਤਾਂ ਹਰ ਵਾਰ ਉਸ ਨੂੰ ਉਪਰਾ ਜਾਣਾ ਪੈਂਦਾ, ਅਸੀਂ ਨਹਾਉਣ ਲਈ ਤੇ ਟੁਆਇਲਟ ਜਾਣ ਲਈ ਖਾਸ ਸਪ੍ਰੋਟਾਂ ਲਗਾ ਦੇਵਾਂਗੇ ਜੋ ਉਸ ਦੇ ਉਠਣ ਬੈਠਣ ਵਿਚ ਸਹਾਈ ਹੋਣਗੀਆਂ। ਪੌੜੀਆਂ ਵਿਚ ਇਕ ਰੇਲ ਲਗਾ ਦੇਵਾਂਗੇ ਜਿਸ ਨੂੰ ਫੜ ਕੇ ਪੌੜੀਆਂ ਚੜਨਾ ਉਤਰਨਾ ਸੌਖਾ ਹੋ ਜਾਵੇਗਾ। ਇਸ ਦੇ ਘਰ ਆਈ ਤੇ ਹੋਰ ਇਸ ਦੀ ਲੋੜ ਦੀਆਂ ਚੀਜ਼ਾਂ ਵੀ ਦੇਵਾਂਗੇ ਜਿਸ ਨਾਲ ਇਸ ਦੀ ਨਿਤਾ-ਪ੍ਰਤੀ ਜ਼ਿੰਦਗੀ ਸਹਿਜ ਹੋ ਸਕੇ।"

ਸ਼ੋਸ਼ਲ ਵਰਕਰ ਦੀਆਂ ਗੱਲਾਂ ਵਿਜੈ ਨੂੰ ਬਹੁਤ ਚੰਗੀਆਂ ਲਗ ਰਹੀਆਂ ਹਨ। ਉਹ ਖੁਸ਼ ਹੈ ਕਿ ਸੁਸ਼ਮਾ ਜਲਦੀ ਘਰ ਆ ਰਹੀ ਹੈ ਪਰ ਉਸ ਦੇ ਆਉਣ ਦੀ ਤਰੀਕ ਹਾਲੇ ਉਸ ਨੂੰ ਵੀ ਨਹੀਂ ਸੀ ਪਤਾ। ਆਪਣਾ ਕੰਮ ਮੁਕਾ ਕੇ ਸ਼ੋਸ਼ਲ ਵਰਕਰ ਚਲੇ ਜਾਂਦੀ ਹੈ। ਉਸ ਦੇ ਜਾਂਦਿਆਂ ਹੀ ਦਰਵਾਜ਼ੇ ਦੀ ਘੰਟੀ ਵਜਦੀ ਹੈ। ਰਮੇਸ਼ ਤੇ ਅੰਮਰਤੀ ਬਾਹਰ ਖੜੇ ਹਨ। ਨਾਲ ਪਿਤਾ ਜੀ ਤੇ ਝਾਈ ਵੀ

ਹਨ। ਇਕ ਵਾਰ ਤਾਂ ਵਿਜੈ ਨੂੰ ਲਗਦਾ ਹੈ ਕਿ ਰਮੇਸ਼ ਉਹਨਾਂ ਨੂੰ ਗਲ਼ੋਂ ਲਾਹੁਣ ਆਇਆ ਹੈ। ਇਥੇ ਛੱਡ ਕੇ ਚਲੇ ਜਾਵੇਗਾ। ਉਹ ਸਾਰੇ ਉਸ ਦੇ ਮਗਰ ਪਿਛਲੀ ਬੈਠਕ ਵਿਚ ਆ ਜਾਂਦੇ ਹਨ। ਝਾਈ ਆਖਦੀ ਹੈ,

"ਹੁਣ ਸੁਸ਼ਮਾ ਨੇ ਘਰ ਆ ਜਾਣਾਂ, ਮੈਂ ਕਿਹਾ ਕਿ ਘਰ ਵਿਚ ਜੇ ਕਿਧਰੇ ਹੱਥ ਫੇਰਨ ਵਾਲਾ ਹੋਵੇ ਤਾਂ ਫੇਰ ਦੇਵਾਂ ਫਿਰ ਕੁੜੀ ਨਾ ਇਹ ਨਾ ਕਹੇ ਕਿ ਘਰ ਵਿਚ ਆਹ ਗੰਦ ਐ, ਓਹ ਗੰਦ ਐ।"

"ਝਾਈ, ਇੰਨਾ ਫਿਕਰ ਨਾ ਕਰੋ, ਤੁਹਾਡੀ ਕੁੜੀ ਨੂੰ ਵੀ ਗੰਦ ਦਾ ਬਹੁਤਾ ਫਿਕਰ ਨਹੀਂ ਹੁੰਦਾ ਇਸੇ ਲਈ ਤਾਂ ਸਫਾਈ ਵਾਲ਼ੀ ਰੱਖੀ ਹੋਈ ਐ ਨਹੀਂ ਤਾਂ ਪੂਰਾ ਇੰਗਲੈਂਡ ਘੁੰਮ ਕੇ ਦੇਖ ਲਵੋ ਕਿਸੇ ਦੇ ਘਰ ਕੰਮ ਵਾਲ਼ੀ ਔਰਤ ਨਹੀਂ ਮਿਲ਼ੇਗੀ।"

ਵਿਜੈ ਕਹਿੰਦਾ ਹੈ ਫਿਰ ਝਾਈ ਦੇ ਉੱਤਰ ਨੂੰ ਉਡੀਕੇ ਬਿਨਾਂ ਹੀ ਪਿਤਾ ਜੀ ਨੂੰ ਸਿਹਤ ਦਾ ਹਾਲ ਚਾਲ ਪੁੱਛਣ ਲਗਦਾ ਹੈ। ਫਿਰ ਗੱਲਾਂ ਕਰਦਾ ਕਰਦਾ ਹੀ ਚਾਹ ਧਰ ਆਉਂਦਾ ਹੈ। ਝਾਈ ਬੱਚਿਆਂ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਹ ਹਾਂ-ਹੂੰ ਵਿਚ ਹੀ ਜਵਾਬ ਦੇ ਰਹੇ ਹਨ। ਉਹ ਉਪਰ ਚਲੇ ਜਾਂਦੇ ਹਨ। ਝਾਈ ਵੀ ਉਹਨਾਂ ਦੇ ਮਗਰ ਹੀ ਤੇ ਪਿਤਾ ਜੀ ਵੀ ਉਪਰ ਚਲੇ ਜਾਂਦੇ ਹਨ। ਰਮੇਸ਼ ਵਿਜੈ ਨੂੰ ਕਹਿਣ ਲਗਦਾ ਹੈ,

"ਹੁਣ ਇਹ ਚਾਹੁੰਦੇ ਆ ਕਿ ਇਹ ਇਥੇ ਪੱਕੇ ਹੋ ਜਾਣ।"

"ਦੇਖ ਲਓ ਜਿਦਾਂ ਤੁਹਾਡੀ ਮਰਜ਼ੀ, ਜਿੱਦਾਂ ਤੁਹਾਨੂੰ ਸੂਟ ਕਰਦੈ।"

"ਜੇ ਮੈਂ ਇਹਨਾਂ ਨੂੰ ਆਪਣੀ ਗਰੰਟੀ ਤੇ ਪੱਕੇ ਕਰਾਉਂਨਾ ਤਾਂ ਮੇਰੀ ਮੁਸੀਬਤ ਇਹ ਹੋਏਗੀ ਕਿ ਇਹਨਾਂ ਨੂੰ ਕੋਈ ਪੈਨਸ਼ਨ ਜਾਂ ਕੋਈ ਹੋਰ ਭੱਤਾ ਨਹੀਂ ਲਗ ਸਕੇਗਾ। ਜੇ ਇਹ ਇਵੇਂ ਕਰਨਗੇ ਤਾਂ ਗੋਰਮਿੰਟ ਮੇਰੇ ਤੋਂ ਕਲੇਮ ਕਰੇਗੀ ਕਿਉਂਕਿ ਮੈਂ ਹੀ ਤਾਂ ਇਹਨਾਂ ਦੀ ਗਰੰਟੀ ਦੇ ਰਿਹਾਂ।"

"ਪੈਸੇ ਇਹਨਾਂ ਨੇ ਕੀ ਕਰਨੇ ਆਂ, ਪੱਕੇ ਹੋ ਜਾਣ ਇੰਨਾ ਥੋੜਾ ਕਿ ਜਦੋਂ ਮਰਜ਼ੀ ਆਉਣ ਜਾਣ।"

"ਇਹ ਮੰਦਿਰ ਜਾਂਦੇ ਆ ਉਥੇ ਲੋਕਾਂ ਦੀਆਂ ਰੰਗ-ਬਰੰਗੀਆਂ ਕਹਾਣੀਆਂ ਸੁਣਦੇ ਰਹਿੰਦੇ ਆ ਤੇ ਉਹੀ ਸੋਚੀ ਜਾਂਦੇ ਆ, ਪੈਸੇ ਤਾਂ ਇਹ ਲਗਵਾਉਣਗੇ ਈ।"

"ਤੂੰ ਬਹੁਤ ਵੱਡਾ ਪੰਗਾ ਲੈ ਲਿਆ, ਇਹ ਤਾਂ ਇਹੀ ਪਰੋਬਲਮ ਮੇਰੇ ਲਈ ਵੀ ਹੋਵੇਗੀ, ਜੇ ਮੈਂ ਪੱਕੇ ਕਰਾਊਂ ਤਾਂ ਇਹਨਾਂ ਦੇ ਕਲੇਮ ਕੀਤੇ ਪੈਸੇ ਗੌਰਮਿੰਟ ਮੇਰੇ ਤੋਂ ਮੰਗੇਗੀ।"

"ਇਹਨਾਂ ਨੂੰ ਕਿਸੇ ਨੇ ਸਮਝਾਇਆ ਕਿ ਤੂੰ ਹੁਣ ਸੁਸ਼ਮਾ ਲਈ ਅਪਲਾਈ ਤਾਂ ਕਰੇਂਗਾ ਈ ਨਾਲ ਈ ਇਹਨਾਂ ਲਈ ਵੀ ਕਰ ਦੇਈਂ।"

ਰਮੇਸ਼ ਕਹਿੰਦਾ ਹੈ। ਕੋਲ ਬੈਠੀ ਅੰਮਰਤੀ ਵਿਜੈ ਵਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਦੇਖੀ ਜਾ ਰਹੀ ਹੈ। ਵਿਜੈ ਕਹਿੰਦਾ ਹੈ,

"ਮੇਰੇ ਮੋਢ੍ਹੇ ਤੇ ਰੱਖ ਕੇ ਚਲਾਉਣੀ ਹੁਣ ਤਾਂ ਛੱਡ ਦੇ ਯਾਰ! ਮੈਂ ਤੈਨੂੰ ਪੈਰ ਪੈਰ ਤੇ ਵਾਰਨਿੰਗ ਦਿਤੀ ਸੀ ਕਿ ਇਹ ਕੰਮ ਨਾ ਕਰ ਪਰ ਤੂੰ ਨਹੀਂ ਮੰਨਿਆਂ, ਮੈਨੂੰ ਪਤੈ ਕਿ ਤੂੰ ਬਹੁਤ ਔਖਾਂ ਪਰ ਇਹ ਤੇਰਾ ਫੈਸਲਾ, ਹੁਣ ਤੂੰ ਈ ਨਿਭ।"

## ਇਕਤਾਲੀ

ਸਵੇਰੇ ਦਸ ਕੁ ਵਜੇ ਐਂਬੂਲੈਂਸ ਘਰ ਦੇ ਬਾਹਰ ਆ ਕੇ ਰੁਕਦੀ ਹੈ। ਵਿਜੈ ਖਿੜਕੀ ਰਾਹੀਂ ਦੇਖ ਰਿਹਾ ਹੈ। ਐਂਬੂਲੈਂਸ ਵਿਚ ਦੋ ਔਰਤਾਂ ਨਿਕਲਦੀਆਂ ਹਨ। ਇਕ ਨਰਸ ਤੇ ਦੂਜੀ ਡਰਾਈਵਰ ਹੈ। ਵਿਜੈ ਇਹਨਾਂ ਨੂੰ ਹਸਪਤਾਲ ਗਿਆ ਮਿਲਦਾ ਰਹਿੰਦਾ ਹੈ। ਡਰਾਈਵਰ ਐਂਬੂਲੈਂਸ ਦਾ ਦਰਵਾਜ਼ਾ ਖੋਹਲਦੀ ਹੈ ਤੇ ਸਟੈੱਪ ਲਗਾ ਕੇ ਮਰੀਜ਼ ਤੇ ਉਤਰਨ ਲਈ ਪੌੜੀ ਬਣਾ ਦਿੰਦੀ ਹੈ। ਸੁਸ਼ਮਾ ਹੌਲੀ ਹੌਲੀ ਪੌੜੀਆਂ ਉਤਰਨ ਲਗਦੀ ਹੈ। ਨਰਸ ਨੇ ਉਸ ਨੂੰ ਆਸਰਾ ਦਿਤਾ ਹੋਇਆ ਹੈ। ਸੁਸ਼ਮਾ ਨੇ ਫੁੱਲਾਂ ਵਾਲਾ ਟੌਪ-ਟਰਾਊਜ਼ਰ ਪਾਏ ਹੋਏ ਹਨ। ਇਹ ਕਪੜੇ ਉਸ ਨੂੰ ਵਿਜੈ ਹੀ ਦੇ ਕੇ ਆਇਆ ਹੈ। ਹੁਣ ਉਸ ਨੂੰ ਨਾਲੇ ਵਾਲੇ ਕਪੜੇ ਨਹੀਂ ਚਾਹੀਦੇ, ਇਲਾਸਟਿਕ ਵਾਲੇ ਚਾਹੀਦੇ ਹਨ। ਹਸਪਤਾਲ ਤਾਂ ਖੁਲ੍ਹਾ ਜਿਹਾ ਗਾਊਨ ਜਾਂ ਨਾਈਟੀ ਹੀ ਪਾਈ ਰੱਖਦੀ। ਹੁਣ ਵਿਜੈ ਨੂੰ ਪਛਤਾਵਾ ਹੋ ਰਿਹਾ ਕਿ ਕਪੜਿਆਂ ਦਾ ਇਕ ਸਾਈਜ਼ ਛੋਟਾ ਲੈ ਹੋ ਗਿਆ। ਥੋੜੇ ਦਿਨਾਂ ਵਿਚ ਹੀ ਉਸ ਦਾ ਭਾਰ ਹੋਰ ਵਧ ਜਾਂਦਾ ਹੈ। ਵਿਜੈ ਘਰ ਦਾ ਦਰਵਾਜ਼ਾ ਖੋਹਲਦਾ ਹੈ। ਨਰਸ ਉਸ ਨੂੰ ਕਾਰੋਬਾਰੀ ਮੁਸਕਾਨ ਦਿੰਦੀ ਹੈ। ਵਿਜੈ ਉਸ ਕੋਲੋਂ ਸੁਸ਼ਮਾ ਦਾ ਬੈਗ ਫੜ ਲੈਂਦਾ ਹੈ। ਨਰਸ ਅੰਦਰ ਲਿਆ ਕੇ ਉਸ ਨੂੰ ਸੈਟੀ ਤੇ ਬਿਠਾ ਦਿੰਦੀ ਹੈ ਤੇ ਕਹਿੰਦੀ ਹੈ,

"ਹੁਣ ਇਹ ਤੇਰੇ ਹਵਾਲੇ।"

"ਸ਼ੁਕਰੀਆ।"

ਨਰਸ ਚਲੇ ਜਾਂਦੀ ਹੈ। ਸੁਸ਼ਮਾ ਹਰ ਚੀਜ਼ ਨੂੰ ਧਿਆਨ ਨਾਲ ਦੇਖ ਰਹੀ ਹੈ। ਵਿਜੈ ਪੁੱਛਦਾ ਹੈ,

"ਖੁਸ਼ ਐਂ?"
"ਬਹੁਤ! ਹੌਸਪੀਟਲ ਤਾਂ ਜੇਲ੍ਹ ਐ, ਮਸਾਂ ਛੁੱਟੀ ਆਂ ਇਸ ਜੇਲ੍ਹ ਤੋਂ!"
"ਚਲ ਫੇਰ ਆਪਣਾ ਘਰ ਸਾਂਭ, ਚਾਹ ਬਣਾ, ਮੈਂ ਸਾਰਾ ਸਮਾਨ ਕਢ ਕੇ ਰੱਖ ਦਿਤਾ।"

ਵਿਜੈ ਉਸ ਨੂੰ ਆਸਰਾ ਦੇ ਕੇ ਉਠਾਉਂਦਾ ਹੈ। ਉਹ ਰਸੋਈ ਵਿਚ ਆ ਜਾਂਦੀ ਹੈ। ਇਕ ਉੱਚੀ ਜਿਹੀ ਕੁਰਸੀ ਹੈਲਥ ਮਹਿਕਮੇ ਵਾਲਿਆਂ ਉਸ ਨੂੰ ਦਿਤੀ ਹੈ ਜਿਸ ਤੇ ਬੈਠ ਕੇ ਉਹ ਘਰ ਦੇ ਕੰਮ ਕਰ ਸਕਦੀ ਹੈ। ਉਹ ਕੁਰਸੀ ਤੇ ਬੈਠ ਜਾਂਦੀ ਹੈ। ਉਸ ਦਾ ਖੱਬਾ ਹੱਥ ਬਿਲਕੁਲ ਨਹੀਂ ਚੱਲ ਰਿਹਾ। ਬਾਂਹ ਥੋੜੀ-ਬਹੁਤ ਹਿਲਦੀ ਹੈ, ਜ਼ਿਆਦਾ ਸਮਾਂ ਉਹ ਬਾਂਹ ਆਪਣੇ ਪੇਟ ਨਾਲ ਲਗਾਈ ਰੱਖਦੀ ਹੈ। ਤੁਰਨ ਵਿਚ ਵੀ ਕਾਫੀ ਲੰਗ ਹੈ। ਵਿਜੈ ਚਾਹ ਬਣਾਉਣ ਵਿਚ ਉਸ ਦੀ ਸਹਾਇਤਾ ਕਰਦਾ ਹੈ। ਚਾਹ ਬਣਾ ਕੇ ਉਹ ਸੈਟੀ ਤੇ ਆ ਬੈਠਦੇ ਹਨ। ਸੁਸ਼ਮਾ ਹੌਲੀ ਹੌਲੀ ਚਾਹ ਦੇ ਘੁੱਟ ਭਰਨ ਲਗਦੀ ਹੈ। ਚਾਹ ਪੀਂਦੀ ਉਹ ਕਿਸੇ ਬੱਚੇ ਵਰਗੀ ਲਗ ਰਹੀ ਹੈ। ਵਿਜੈ ਮੁੱਛਾਂ ਨੂੰ ਵਟਾ ਦੇਣ ਵਾਂਗ ਇਸ਼ਾਰਾ ਕਰਦਾ ਪੁੱਛਦਾ ਹੈ,
"ਫੋਨ ਕਰਾਂ?"
"ਆ ਜਾਣਾਂ ਉਹਨਾਂ ਨੇ ਆਪੇ ਈ ਪਰ ਤੁਸੀਂ ਤਾਂ ਉਹਨਾਂ ਨੂੰ ਲਾਈਕ ਈ ਨਹੀਂ ਕਰਦੇ।"
"ਹਾਂ, ਲਾਈਕ ਤਾਂ ਮੈਂ ਨਹੀਂ ਕਰਦਾ।"
"ਕਿਉਂ?"
"ਉਹਨਾਂ ਵਿਚ ਹਲਕਾਪਨ ਐ, ਜਿਹੜਾ ਮਾਂਪਿਆਂ ਵਿਚ ਵਡੱਪਨ ਹੁੰਦੈ ਉਹ ਨਹੀਂ, ਐਵੇਂ ਲਾਲਚੀ ਬਣੀ ਜਾਂਦੇ ਆ।"
"ਤੁਹਾਡਾ ਵਹਿਮ ਐ, ਉਹ ਤਾਂ ਤੁਹਾਡੀਆਂ ਸਿਫਤਾਂ ਕਰਦੇ ਰਹਿੰਦੇ ਆ।"
"ਮੇਰੀ ਲੋੜ ਹੋਏਗੀ ਇਸ ਲਈ, ਛੱਡ ਇਹ ਗੱਲ, ਦਸ ਕਿਸੇ ਨੂੰ ਫੋਨ ਤਾਂ ਨਹੀਂ ਕਰਨਾ?"
"ਨਹੀਂ, ਮੈਨੂੰ ਅਰਾਮ ਕਰ ਦਿਓ, ਟੈਲੀ ਲਾ ਦਿਓ, ਹੁਣ ਤਾਂ ਸਾਰੇ ਪਰੋਗਰਾਮ ਭੁੱਲ ਗਏ।"
"ਬਲਜੀਤ ਨੂੰ ਫੋਨ ਤਾਂ ਨਹੀਂ ਕਰਨਾ?"

ਕਹਿ ਕੇ ਵਿਜੈ ਹੱਸਦਾ ਹੈ। ਸੁਸ਼ਮਾ ਖਿਝਦੀ ਹੋਈ ਬੋਲਦੀ ਹੈ,
"ਉਹਨੂੰ ਹੁਣ ਤੁਸੀਂ ਫੋਨ ਕਰੋ, ਮੈਂ ਸ਼ਰਾਬਣ ਤੋਂ ਕੀ ਲੈਣਾ!"

ਉਸ ਨੂੰ ਟੁਆਇਲਟ ਜਾਣ ਦੀ ਹਾਜਤ ਹੁੰਦੀ ਹੈ। ਉਸ ਤੋਂ ਚੰਗੀ ਤਰ੍ਹਾਂ ਕੰਬੋਡ ਤੇ ਬੈਠਿਆ ਨਹੀਂ ਜਾ ਰਿਹਾ, ਨਾ ਹੀ ਪੂਰੀ ਤਰ੍ਹਾਂ ਕਪੜੇ ਸੰਭਾਲੇ ਜਾ ਰਹੇ ਹਨ। ਵਿਜੈ ਉਸ ਦੀ ਮਦਦ ਕਰ ਰਿਹਾ ਹੈ। ਵਿਜੈ ਨੂੰ ਇਹ ਸਭ ਔਖਾ ਲਗ ਰਿਹਾ ਹੈ। ਬੂਹੇ ਦੀ ਘੰਟੀ ਵਜਦੀ ਹੈ। ਪਿਤਾ ਜੀ ਤੇ ਝਾਈ ਬੂਹੇ ਤੇ ਖੜੇ ਹਨ। ਝਾਈ ਪੁੱਛਦੀ ਹੈ,
"ਸੁਸ਼ਮਾ ਆ ਗਈ?"
"ਹਾਂ, ਬਾਥ ਰੂਮ ਵਿਚ ਐ, ਤੁਹਾਨੂੰ ਸੱਦ ਰਹੀ ਐ।"

ਵਿਜੈ ਨੂੰ ਲਗਦਾ ਹੈ ਜਿਵੇਂ ਕਾਫੀ ਸਾਰਾ ਭਾਰ ਉਤਰ ਗਿਆ ਹੋਵੇ। ਵਿਜੈ ਤੇ ਪਿਤਾ ਜੀ ਸਿਟਿੰਗ ਰੂਮ ਵਿਚ ਆ ਜਾਂਦੇ ਹਨ। ਕੁਝ ਦੇਰ ਬਾਅਦ ਝਾਈ ਤੇ ਸੁਸ਼ਮਾ ਵੀ ਆ ਜਾਂਦੇ ਹਨ। ਅਜ ਝਾਈ ਦੀ ਤੋਰ ਬਦਲੀ ਹੋਈ ਹੈ। ਅਜ ਉਹ ਢਾਕ ਤੇ ਹੱਥ ਰੱਖ ਕੇ ਗੱਲ ਕਰਦੀ ਹੈ ਜਿਵੇਂ ਘਰ ਦੀ ਮਾਲਕਣ ਕਰਿਆ ਕਰਦੀ ਹੈ। ਉਹ ਪਿਤਾ ਜੀ ਨੂੰ ਪੁੱਛਦੀ ਹੈ,
"ਚਾਹ ਪੀਓਗੇ?"
"ਬਣਾ ਲੈ, ਇਲਾਇਚੀ ਪਾ ਲਈਂ।"
"ਪਾ ਲਊਂ ਜੇ ਘਰ ਹੋਈ ਤਾਂ।"

ਕਹਿ ਕੇ ਉਹ ਵਿਜੈ ਵਲ ਦੇਖਦੀ ਹੈ ਤੇ ਰਸੋਈ ਵਿਚ ਜਾ ਵੜਦੀ ਹੈ। ਚਾਹ ਤੋਂ ਬਾਅਦ ਸੁਸ਼ਮਾ ਵਾਸਤੇ ਕੁਝ ਖਾਣ ਲਈ ਬਣਾਉਣ ਲਗਦੀ ਹੈ। ਵਿਜੈ ਨੇ ਘਰ ਦੀ ਸਾਰੀ ਸ਼ੌਪਿੰਗ ਕੀਤੀ ਹੋਈ ਹੈ। ਸੁਸ਼ਮਾ ਦੇ ਹਸਪਤਾਲ ਹੁੰਦਿਆਂ ਉਹ ਖਾਣਾ ਟੇਕ ਅਵੇਅ ਹੀ ਕਰਦੇ ਰਹੇ ਹਨ। ਸੁਸ਼ਮਾ ਨੂੰ ਦੋ ਘੰਟੇ ਘਰ ਆਈ ਨੂੰ ਹੋ ਜਾਂਦੇ ਹਨ। ਰੋਟੀ ਖਾ ਕੇ ਉਹ ਝਾਈ ਨਾਲ ਦੁਨੀਆਂ ਭਰ ਦੀਆਂ ਗੱਲਾਂ ਕਰ ਮਾਰਦੀ ਹੈ। ਵਿਜੈ ਉਸ ਨੂੰ ਪੁੱਛਦਾ ਹੈ,
"ਤੈਨੂੰ ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਦਿਸਦੀ?"
"ਨਹੀਂ, ਘਾਟ ਕਾਹਦੀ, ਆਹ ਝਾਈ ਦੀ ਸੀ ਇਹ ਆ ਗਈ।"
"ਇਸ ਘਾਟ ਤੋਂ ਬਿਨਾਂ ਤਾਂ ਸਰ ਸਕਦਾ ਪਰ ਓਸ ਘਾਟ ਬਿਨਾਂ ਗੁਜ਼ਾਰਾ ਨਹੀਂ।"

ਇਸ ਗੱਲ ਤੇ ਸੁਸ਼ਮਾ ਵੀ ਕੁਝ ਔਖੀ ਹੋ ਜਾਂਦੀ ਹੈ ਤੇ ਝਾਈ ਵੀ। ਝਾਈ ਵਿਅੰਗ ਜਿਹੇ ਨਾਲ ਪੁੱਛਦੀ ਹੈ,
"ਏਦਾਂ ਦੀ ਕਿਹੜੀ ਘਾਟ ਐ?"
"ਏਸ ਘਾਟ ਨਾਲ ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਣ ਵਾਲਾ ਪਰ ਅਸੀਂ ਇਸ ਬਿਨਾਂ ਕੁਸ਼ ਨਹੀਂ।"
"ਸ਼ਰਮਾ ਜੀ, ਸਵਾਲ ਨਾ ਪਾਓ, ਦਸੋ।"

"ਬੱਚਿਆਂ ਬਾਰੇ ਤੂੰ ਇਕ ਵਾਰ ਵੀ ਨਹੀਂ ਪੁੱਛਿਆ।"

ਵਿਜੈ ਦੀ ਗੱਲ ਸੁਣ ਸੁਸ਼ਮਾ ਇਕ ਦਮ ਹੋਰਵੇਂ ਹੋ ਜਾਂਦੀ ਹੈ। ਝਾਈ ਇਕ ਦਮ ਗੱਲ ਚੁੱਕਦੀ ਕਹਿੰਦੀ ਹੈ,

"ਸਾਨੂੰ ਪਤਾ ਈ ਐ ਉਹ ਸਕੂਲ ਗਏ ਆ।"

ਵਿਜੈ ਕੁਝ ਨਹੀਂ ਆਖਦਾ। ਉਸ ਨੂੰ ਪਤਾ ਹੈ ਕਿ ਬਿਮਾਰੀ ਨੇ ਤੇ ਦਵਾਈਆਂ ਨੇ ਸੁਸ਼ਮਾ ਨੂੰ ਬਹੁਤ ਬਦਲ ਦਿਤਾ ਹੈ। ਹਸਪਤਾਲ ਰਹਿ ਕੇ ਬੱਚਿਆਂ ਦੀ ਉਸ ਨੂੰ ਆਦਤ ਨਹੀਂ ਰਹੀ ਹੋਵੇਗੀ। ਉਹ ਆਪਣੇ ਨਵੇਂ ਬਣੇ ਕਮਰੇ ਬਾਰੇ ਵੀ ਕੁਝ ਨਹੀਂ ਪੁੱਛਦੀ ਨਹੀਂ ਤਾਂ ਉਹ ਇਸ ਕਮਰੇ ਬਾਰੇ ਉਤਸ਼ਾਹ ਨਾਲ ਭਰੀ ਰਹਿੰਦੀ ਸੀ। ਜਿਸ ਕਮਰੇ ਵਿਚੋਂ ਸੁਸ਼ਮਾ ਕੰਮ ਕਰਿਆ ਕਰਦੀ ਰਹੀ ਹੈ ਹੁਣ ਵਿਜੈ ਨੇ ਉਸ ਨੂੰ ਕੰਪਿਊਟਰ ਰੂਮ ਬਣਾ ਲਿਆ ਹੈ। ਸੁਸ਼ਮਾ ਦਾ ਸਮਾਨ ਇਕੱਠਾ ਕਰਕੇ ਇਕ ਪਾਸੇ ਰੱਖ ਦਿਤਾ ਹੈ। ਉਹ ਸੋਚਦਾ ਹੈ ਜਦ ਵੀ ਉਹ ਠੀਕ ਹੋਵੇਗੀ ਇਸ ਨਵੇਂ ਕਮਰੇ ਵਿਚੋਂ ਕੰਮ ਸ਼ੁਰੂ ਕਰ ਲਵੇਗੀ। ਵੈਸੇ ਸੁਸ਼ਮਾ ਡਾਕਟਰ ਨੂੰ ਪੁੱਛ ਚੁੱਕੀ ਹੈ ਕਿ ਕੀ ਉਹ ਆਪਣਾ ਕੰਮ ਕਰਨ ਲਗ ਪਵੇ। ਡਾਕਟਰ ਕਹਿੰਦਾ ਹੈ ਕਿ ਬਿਮਾਰੀ ਨੇ ਉਸ ਦੀ ਯਾਦਾਸ਼ਤ ਤੇ ਅਸਰ ਪਾਇਆ ਹੈ ਇਸ ਲਈ ਹਾਲੇ ਜ਼ਿੰਮੇਵਾਰੀ ਵਾਲਾ ਕੰਮ ਨਾ ਕਰੇ। ਉਸ ਦਾ ਡਰਾਈਵਿੰਗ ਲਾਇਸੰਸ ਵੀ ਕੈਂਸਲ ਹੋ ਚੁੱਕਾ ਹੈ। ਦੁਬਾਰਾ ਡਾਕਟਰੀ ਕਰ ਕੇ ਮਿਲੇਗਾ।

ਪਿਤਾ ਜੀ ਉਠਦੇ ਹੋਏ ਕਹਿੰਦੇ ਹਨ,

"ਆ ਤਾਂ ਬਈ ਤੇਰਾ ਕਮਰਾ ਦੇਖੀਏ ਜਿਹੜਾ ਬਣਾਇਆ ਸੀ ਸੁਸ਼ਮਾ ਲਈ।"

ਵਿਜੈ ਉਹਨਾਂ ਨੂੰ ਬਰਾਬਰ ਬਣਾਈ ਲੌਂਜ ਵਿਚ ਲੈ ਜਾਂਦਾ ਹੈ। ਇਸ ਕਮਰੇ ਨੂੰ ਉਹ ਪਹਿਲਾਂ ਵੀ ਚੰਗੀ ਤਰ੍ਹਾਂ ਦੇਖ ਚੁੱਕੇ ਹਨ। ਉਹ ਕਮਰੇ ਦਾ ਮੁਆਇਨਾ ਕਰਦੇ ਆਖਦੇ ਹਨ,

"ਬੁਰਾ ਨਹੀਂ, ਇਹਦੇ ਵਿਚ ਡਿਵਾਈਡਰ ਪਾ ਕੇ ਵਧੀਆ ਕਲਿਨਿਕ ਬਣ ਜਾਣੈ।"

"ਚਲੋ, ਹੁਣ ਤਾਂ ਇਹ ਜਦ ਤਕ ਠੀਕ ਨਹੀਂ ਹੁੰਦੀ ਤਦ ਤਕ ਕੁਸ਼ ਨਹੀਂ ਕਰ ਹੋਣਾਂ।"

"ਨਹੀਂ, ਆਪਾਂ ਕਲ ਨੂੰ ਈ ਮੁੜ ਸ਼ੁਰੂ ਕਰ ਦਿੰਨੇ ਆਂ।"

"ਨਹੀਂ, ਹਾਲੇ ਨਹੀਂ।"

ਵਿਜੈ ਫੈਸਲਾ ਸੁਣਾਉਣ ਵਾਂਗ ਆਖਦਾ ਹੈ। ਪਿਤਾ ਜੀ ਨੂੰ ਇਹ ਅੰਦਾਜ਼ ਚੰਗਾ ਨਹੀਂ ਲਗਦਾ। ਉਹ ਪੁੱਛਦੇ ਹਨ,

"ਕਿਉਂ ਬਈ, ਜਗਾਹ ਹੈਗੀ ਐ, ਲੋਕਾਂ ਵਿਚ ਨਾਂ ਹੈਗਾ, ਹੋਰ ਕੀ ਚਾਹੀਦੈ!"

"ਇਹ ਹਾਲੇ ਠੀਕ ਨਹੀਂ, ਜਦ ਤਕ ਇਹ ਠੀਕ ਨਹੀਂ ਹੁੰਦੀ ਇਹ ਲੀਗਲੀ ਕੰਮ ਨਹੀਂ ਕਰ ਸਕਦੀ।"

"ਇਹ ਲੀਗਲ ਕੀ ਹੁੰਦਾ?"

"ਇਸ ਮੁਲਕ ਵਿਚ ਸਭ ਕੁਸ਼ ਲੀਗਲ ਈ ਹੁੰਦਾ, ਇਥੇ ਕੁਸ਼ ਵੀ ਇਲਲੀਗਲ ਨਹੀਂ ਹੁੰਦਾ।"

ਵਿਜੈ ਦਾ ਸਖਤ ਉੱਤਰ ਸੁਣ ਪਿਤਾ ਜੀ ਦਾ ਚਿਹਰਾ ਉਤਰ ਜਾਂਦਾ ਹੈ। ਉਹ ਇਕ ਦਮ ਚੁੱਪ ਕਰ ਜਾਂਦੇ ਹਨ। ਵਿਜੈ ਚਾਹੁੰਦਾ ਹੈ ਕਿ ਉਸ ਦਾ ਹਰ ਇਨਕਾਰ ਇਹਨਾਂ ਦੇ ਮਨਾਂ ਵਿਚ ਖੁਣ ਹੋ ਜਾਵੇ ਨਹੀਂ ਤਾਂ ਇਹ ਸੁਸ਼ਮਾ ਰਾਹੀਂ ਕਿਸੇ ਗੱਲ ਨੂੰ ਮਨਵਾਉਣ ਦੀ ਕੋਸ਼ਿਸ਼ ਕਰਨਗੇ ਤਾਂ ਉਸ ਲਈ ਸੁਸ਼ਮਾ ਨੂੰ ਕਾਬੂ ਕਰਨਾ ਮੁਸ਼ਕਲ ਹੋ ਜਾਵੇਗਾ। ਉਹਨਾਂ ਦੇ ਇਰਾਦੇ ਤਾਂ ਹੁਣ ਸ਼ਪੱਸ਼ਟ ਹਨ। ਉਹ ਇਥੇ ਰਹਿ ਕੇ ਪੈਸੇ ਲਗਵਾਉਣੇ ਚਾਹੁੰਦੇ ਹਨ ਤੇ ਫਿਰ ਰਹਿਣਾ ਵੀ ਉਸ ਦੇ ਘਰ ਹੀ ਚਾਹੁੰਦੇ ਹਨ। ਉਹ ਤਰੀਕੇ ਤਰੀਕੇ ਨਾਲ ਉਹਨਾਂ ਲਈ ਇਹ ਸਭ ਮੁਸ਼ਕਲ ਬਣਾ ਦੇਣਾ ਚਾਹੁੰਦਾ ਹੈ। ਉਹ ਵੀ ਆਪਣੇ ਇਰਾਦਿਆਂ ਦੀ ਪੂਰਤੀ ਲਈ ਵਖਰੇ ਵਖਰੇ ਤਰੀਕੇ ਨਾਲ ਰਸਤਾ ਲਭ ਰਹੇ ਹਨ। ਵਿਜੈ ਨੂੰ ਚੰਗਾ ਲਗਦਾ ਹੈ ਕਿ ਬੱਚੇ ਵੀ ਉਹਨਾਂ ਦੇ ਲਾਗੇ ਨਹੀਂ ਲਗ ਰਹੇ ਨਹੀਂ ਤਾਂ ਬੱਚਿਆਂ ਨੂੰ ਮੋਹ ਵਿਚ ਫਸਾ ਕੇ ਹੀ ਘਰ ਆ ਵੜਦੇ।

ਕੁਝ ਗਵਾਂਢਣਾਂ ਸੁਸ਼ਮਾ ਦੀ ਖਬਰ ਨੂੰ ਆ ਜਾਂਦੀਆਂ ਹਨ। ਵਿਜੈ ਉਹਨਾਂ ਨੂੰ ਨਹੀਂ ਜਾਣਦਾ ਪਰ ਸੁਸ਼ਮਾ ਕੋਲ ਉਹ ਦਵਾਈ ਲੈਣ ਆਉਂਦੀਆਂ ਰਹੀਆਂ ਹਨ। ਵਿਜੈ ਨੂੰ ਤਾਂ ਪਤਾ ਹੀ ਨਹੀਂ ਕਿ ਉਸ ਦੇ ਗਵਾਂਢ ਵਿਚ ਕੌਣ ਰਹਿ ਰਿਹਾ ਹੈ। ਇਕ ਦਿਨ ਜੌਰਜ ਉਸ ਨਾਲ ਪੱਬ ਵਿਚ ਬੈਠਾ ਕਿੰਨੀ ਦੇਰ ਗੱਲਾਂ ਕਰਦਾ ਰਹਿੰਦਾ ਹੈ ਤੇ ਉਸ ਨੂੰ ਇਹ ਨਹੀਂ ਪਤਾ ਕਿ ਉਹਨਾਂ ਦੇ ਗਾਰਡਨ ਦੀ ਫੈਂਸ ਵੀ ਸਾਂਝੀ ਹੈ। ਕੁਝ ਫੋਨ ਵੀ ਆਉਂਦੇ ਹਨ। ਸੁਨੈਨਾ ਤੇ ਹੁਸ਼ਿਆਰ ਆ ਕੇ ਕੁਝ ਦੇਰ ਬੈਠ ਜਾਂਦੇ ਹਨ।

ਵਿਜੈ ਬੱਚਿਆਂ ਨੂੰ ਲੈਣ ਸਕੂਲ ਚਲੇ ਜਾਂਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਸੁਸ਼ਮਾ ਦੇ ਘਰ ਆਉਣ ਦਾ ਉਹਨਾਂ ਨੂੰ ਸਰਪਰਾਈਜ਼ ਦੇਵੇ ਕਿਉਂਕਿ ਬੱਚਿਆਂ ਨੂੰ ਨਿਕੇ ਨਿਕੇ ਸਰਪਰਾਈਜ਼ ਚੰਗੇ ਲਗਦੇ ਹਨ ਪਰ ਹੁਣ ਉਹ ਡਰਦਾ ਹੈ ਕਿ ਬੱਚੇ ਪਿਆਰ ਨਾਲ ਭਰੇ ਉਸ ਵਲ ਜਾਣਗੇ ਤੇ ਜੇਕਰ ਸੁਸ਼ਮਾ ਨੇ ਓਨਾ ਉਤਸ਼ਾਹ ਨਾ ਦਿਖਾਇਆ ਤਾਂ ਬੱਚਿਆਂ ਦਾ ਦਿਲ ਟੁੱਟ ਸਕਦਾ ਹੈ। ਉਹ ਉਹਨਾਂ ਨੂੰ ਉਸ ਦੇ ਘਰ ਆਉਣ ਬਾਰੇ ਦਸ ਦਿੰਦਾ ਹੈ ਤੇ ਨਾਲੇ ਇਹ ਵੀ ਕਹਿ ਦਿੰਦਾ ਹੈ ਕਿ ਉਹ ਬਹੁਤ ਥੱਕੀ ਹੋਈ ਹੈ। ਘਰ ਆ ਕੇ ਬੱਚੇ ਸੁਸ਼ਮਾ ਵਲ ਭੱਜਦੇ ਹਨ। ਸੁਸ਼ਮਾ ਵੀ ਉਹਨਾਂ ਵਲ ਨੂੰ ਅਹੁਲਦੀ ਹੈ ਪਰ ਉਸ ਲਈ ਸੌਖਾ ਨਹੀਂ ਹੈ। ਬੱਚੇ ਇਕ ਵਾਰ ਉਸ ਵਲ ਨੂੰ ਜਾਂਦੇ ਹਨ ਪਰ ਫਿਰ ਪਿਛੇ ਹਟ ਜਾਂਦੇ ਹਨ। ਉਹਨਾਂ ਨੂੰ ਵੀ ਹੁਣ ਸੁਸ਼ਮਾ ਦੀ ਆਦਤ ਨਹੀਂ ਹੈ। ਉਹ ਦੋਵੇਂ ਵਿਜੈ ਦੇ

ਖੱਬੇ ਸੱਜੇ ਬੈਠ ਜਾਂਦੇ ਹਨ। ਵਿਜੈ ਉਹਨਾਂ ਨੂੰ ਕਪੜੇ ਬਦਲਣ ਲਈ ਆਖਦਾ ਹੈ। ਉਹ ਦੋਵੇਂ ਉਪਰ ਆਪਣੇ ਕਮਰਿਆਂ ਵਿਚ ਨੂੰ ਦੌੜਦੇ ਪੌੜੀਆਂ ਚੜ ਜਾਂਦੇ ਹਨ। ਪਿਤਾ ਜੀ ਤੇ ਝਾਈ ਵਲ ਉਹ ਦੇਖਦੇ ਵੀ ਨਹੀਂ। ਝਾਈ ਕਹਿੰਦੀ ਹੈ,

"ਦੇਖ ਲਓ ਇਥੇ ਦੇ ਨਿਆਣੇ, ਜਿੱਦਾਂ ਸਾਨੂੰ ਜਾਣਦੇ ਈ ਨਾ ਹੋਣ!"

ਸੁਸ਼ਮਾ ਇਕ ਪਲ ਖਾਮੋਸ਼ ਰਹਿੰਦੀ ਹੈ ਤੇ ਫਿਰ ਬੋਲਦੀ ਹੈ,

"ਕਪੜੇ ਬਦਲਣ ਗਏ ਆ, ਰੋਹਨ ਕਹਿੰਦਾ ਸੀ ਮੌਮ, ਤੂੰ ਘਰ ਆ ਜਾ ਮੈਂ ਤੇਰੀ ਸਾਰੀ ਹੈਪਲ ਕਰੂੰ, ਅਸੀਂ ਵੀ ਨਿਕੇ ਹੁੰਦੇ ਇੱਦਾਂ ਈ ਕਰਦੇ ਹੁੰਦੇ ਸੀ, ਆਏ ਗਏ ਤੇ ਦੂਜੇ ਕਮਰਿਆਂ ਵਿਚ ਜਾ ਵੜਿਆ ਕਰਦੇ ਸੀ।"

"ਤੁਹਾਡੀ ਗੱਲ ਹੋਰ ਸੀ, ਮੈਂ ਤੁਹਾਨੂੰ ਬਥੇਰਾ ਚੰਡ ਕੇ ਰੱਖਿਆ ਹੋਇਆ ਸੀ।"

"ਨਹੀਂ ਝਾਈ, ਅਸੀਂ ਤਾਂ ਤੇਰੇ ਹੱਥ ਈ ਨਹੀਂ ਸੀ ਆਉਂਦੇ, ਝਕਾਨੀ ਦੇ ਕੇ ਬਾਹਰ ਨਿਕਲ ਜਾਈਦਾ ਸੀ, ਤੂੰ ਸਾਨੂੰ ਤਾਂ ਦਬਕੇ ਮਾਰੀ ਜਾਂਦੀ ਸੀ ਪਰ ਭਰਾਤਾ ਜੀ ਨੂੰ ਕੁਸ਼ ਨਹੀਂ ਸੀ ਕਹਿੰਦੀ।"

"ਤੇਰੇ ਨਾਲ ਵੀ ਬਥੇਰੇ ਲਾਡ ਕੀਤੇ ਆ, ਇਹ ਅੰਮਰਤੀ ਈ ਅੱਥਰੀ ਸੀ।"

"ਉਹ ਮੈਨੂੰ ਵੀ ਬਹੁਤ ਮਾਰਦੀ ਹੁੰਦੀ ਸੀ, ਹੁਣ ਕਿਸੇ ਦਿਨ ਪੁੱਛੂੰ ਕਿ ਮੈਨੂੰ ਇੰਨਾ ਕਿਉਂ ਮਾਰਦੀ ਸੀ।"

ਵਿਜੈ ਨੂੰ ਲਗਦਾ ਹੈ ਕਿ ਉਹ ਮੁੜ ਅਤੀਤ ਵਿਚ ਗਵਾਚਣ ਲਗੀ ਹੈ। ਉਹ ਗੱਲ ਬਦਲਣ ਲਈ ਪੁੱਛਦਾ ਹੈ,

"ਰਾਤ ਨੂੰ ਬਣਾਉਣ ਲਈ ਕੁਸ਼ ਚਾਹੀਦਾ ਤਾਂ ਲਿਆਵਾਂ?"

"ਮੈਂ ਫਰਿੱਜ ਚੈਕ ਕਰਦੀ ਆਂ।"

ਕਹਿ ਕੇ ਸੁਸ਼ਮਾ ਉਠਣ ਲਗਦੀ ਹੈ। ਵਿਜੈ ਉਸ ਨੂੰ ਸਹਾਰਾ ਦਿੰਦਾ ਹੈ। ਉਹ ਹੌਲੀ ਹੌਲੀ ਤੁਰਦੀ ਫਰਿਜ ਤਕ ਪੁੱਜਦੀ ਹੈ। ਵਿਜੈ ਵੀ ਉਸ ਦੇ ਮਗਰ ਹੈ। ਉਹ ਆਹਿਸਤਾ ਜਿਹੇ ਕਹਿੰਦੀ ਹੈ,

"ਸ਼ਰਮਾ ਜੀ, ਝਾਈ ਨੂੰ ਕਹੋ ਕਿ ਇਕ ਦਿਨ ਇਥੇ ਰੁਕ ਜਾਵੇ, ਕੱਲ ਤੋਂ ਤਾਂ ਨਰਸ ਨੇ ਮੇਰੀ ਹੈਲਪ ਲਈ ਆਉਣ ਲਗ ਪੈਣਾਂ।"

"ਸਿਰਫ ਇਕ ਦਿਨ, ਓਕੇ?"

ਕਹਿ ਕੇ ਵਿਜੈ ਹਲਕਾ ਜਿਹਾ ਹਸਦਾ ਹੈ ਤੇ ਫਿਰ ਕਹਿੰਦਾ ਹੈ,

"ਤੂੰ ਆਪੇ ਕਹਿ ਦੇ, ਉਹਨਾਂ ਨੂੰ ਕੀ ਐ ਉਹ ਤਾਂ ਸਦਾ ਲਈ ਇਥੇ ਰੁਕਣ ਆਏ ਆ, ਪਰ ਇਕ ਰਾਤ!"

ਵਿਜੈ ਇਕ ਉਂਗਲ ਦਿਖਾਉਂਦਾ ਬੋਲਦਾ ਹੈ। ਸੁਸ਼ਮਾ ਉਸ ਦੀ ਉਂਗਲ ਮਰੋੜਨ ਲਗਦੀ ਹੈ। ਫਿਰ ਕਹਿੰਦੀ ਹੈ,

"ਦੀਦੀ ਨੂੰ ਦਸਣਾ ਪੈਣਾਂ ਕਿ ਅੱਜ ਇਹ ਇਥੇ ਰਹਿਣਗੇ।"

"ਉਹ ਤਾਂ ਪਹਿਲਾਂ ਹੀ ਇਹਨਾਂ ਤੋਂ ਫੈੱਡ ਅੱਪ ਹੋਏ ਪਏ ਆ, ਤੇਰੀ ਮਾਂ ਬਹੁਤ ਵਾਧੂ ਚੀਜ਼ ਐ।"

"ਸ਼ਰਮਾ ਜੀ, ਤੁਸੀਂ ਮੇਰੀ ਮਾਂ ਦੇ ਖਿਲਾਫ ਇੱਦਾਂ ਨਹੀਂ ਕਹਿ ਸਕਦੇ।"

"ਮੈਂ ਕੁਸ਼ ਨਹੀਂ ਕਹਿੰਦਾ, ਰਮੇਸ਼ ਕਹਾਣੀਆਂ ਸੁਣਾ ਕੇ ਜਾਂਦਾ ਮੈਨੂੰ।"

"ਤੁਸੀਂ ਈ ਬੁਰੇ ਓ, ਰਮੇਸ਼ ਜੀਜਾ ਜੀ ਇਹਨਾਂ ਨੂੰ ਕੁਸ਼ ਨਹੀਂ ਕਹਿੰਦੇ।"

"ਉਹ ਇਹਨਾਂ ਤੋਂ ਸਤਿਆ ਪਿਐ, ਕਈ ਵਾਰ ਮੇਰੇ ਕੋਲ ਢਿਡ ਫਰੋਲ਼ ਚੁਕੈ।"

"ਕੁਸ਼ ਵੀ ਕਹੋ, ਉਹ ਇਹਨਾਂ ਨੂੰ ਸੰਭਾਲਦੇ ਤਾਂ ਹੈਗੇ ਆ।"

"ਜੋ ਮਰਜ਼ੀ ਹੁੰਦਾ ਪਿਆ ਹੋਵੇ, ਤੂੰ ਆਪਣੀ ਸਿਹਤ ਦਾ ਧਿਆਨ ਰੱਖ, ਸਾਰੀ ਦੁਨੀਆਂ ਇਕ ਪਾਸੇ ਤੇਰੀ ਸਿਹਤ ਇਕ ਪਾਸੇ।"

ਝਾਈ ਬੱਚਿਆਂ ਨੂੰ ਉਹਨਾਂ ਦੇ ਕਮਰਿਆਂ ਵਿਚੋਂ ਕੱਢ ਲਿਆਉਂਦੀ ਹੈ। ਬੱਚੇ ਅਣਮੰਨੇ ਮਨ ਨਾਲ ਆ ਜਾਂਦੇ ਹਨ। ਰੋਹਨ ਰਿਮੋਟ ਚੁੱਕ ਟੈਲੀ ਦਾ ਸਟੇਸ਼ਨ ਬਦਲ ਦਿੰਦਾ ਹੈ। ਪਿਤਾ ਜੀ ਹਿੰਦੀ ਦੀਆਂ ਖਬਰਾਂ ਦੇਖ ਰਹੇ ਸਨ ਭੜਕਦੇ ਹੋਏ ਬੋਲਦੇ ਹਨ,

"ਇਹ ਕੀ?"

ਪਿਤਾ ਜੀ ਇੰਨੀ ਜ਼ੋਰ ਦੀ ਬੋਲਦੇ ਹਨ ਕਿ ਰੋਹਨ ਡਰ ਜਾਂਦਾ ਹੈ ਪਰ ਫਿਰ ਵਿਜੈ ਦੇ ਕੋਲ ਜਾ ਕੇ ਕਹਿੰਦਾ ਹੈ,

"ਹੂ ਦਾ ਫੱਕ ਹੀ'ਜ਼?"

ਰੋਹਨ ਦੀ ਅਵਾਜ਼ ਵਿਚ ਉਸ ਦਾ ਰੋਹ ਹੈ। ਝਾਈ ਪਿਤਾ ਜੀ ਨੂੰ ਕਹਿਣ ਲਗਦੀ ਹੈ,

"ਇਕ ਵਾਰੀ ਖਬਰਾਂ ਦੇਖ ਕੇ ਘਰ ਪੂਰਾ ਨਹੀਂ ਹੋਇਆ! ...ਉਹੀ ਗੱਲਾਂ ਮੁੜ ਮੁੜ ਕਰੀ ਜਾਂਦੇ ਆ।"

ਪਿਤਾ ਜੀ ਹਾਲੇ ਵੀ ਗੁੱਸੇ ਵਿਚ ਹਨ। ਵਿਜੈ ਰੋਹਨ ਨੂੰ ਜੱਫੀ ਵਿਚ ਲੈ ਲੈਂਦਾ ਹੈ ਤੇ ਕਹਿੰਦਾ ਹੈ,

"ਮੈਂ ਤੈਨੂੰ ਹੋਰ ਟੈਲੀ ਲੈ ਦੇਊਂ।"

ਰੋਹਨ ਕਹਿੰਦਾ ਹੈ,

"ਜੇ ਇਹ ਪੀਪਲ ਇਥੇ ਆਉਣਾ ਮੰਗਦੇ ਆ ਤਾਂ ਮੈਂ ਜਾਣਾ ਮੰਗਦਾਂ।"

## ਬਤਾਲੀ

ਸੁਸ਼ਮਾ ਨੂੰ ਦੇਖਣ ਸਾਰੇ ਵਾਕਫ ਹੀ ਆਉਂਦੇ ਹਨ। ਤਾਇਆ ਤੇ ਤਾਈ ਨੂੰ ਵਿਜੈ ਕਾਰ ਵਿਚ ਲੈ ਆਉਂਦਾ ਹੈ। ਤਾਈ ਦੀ ਸਿਹਤ ਦਿਨੋ ਦਿਨ ਡਿਗ ਰਹੀ ਹੈ। ਸਿਹਤ ਤਾਏ ਦੀ ਵੀ ਬਹੁਤੀ ਠੀਕ ਨਹੀਂ ਹੈ ਪਰ ਫਿਰ ਵੀ ਉਹ ਤੁਰਿਆ ਫਿਰਦਾ ਹੈ। ਤਾਈ ਹੁਣ ਸੁਸ਼ਮਾ ਦਾ ਬਹੁਤਾ ਹੀ ਮੋਹ ਕਰਨ ਲਗੀ ਹੈ। ਸੁਸ਼ਮਾ ਵੀ ਉਸ ਦਾ ਬਹੁਤ ਕਰਦੀ ਹੈ। ਉਹ ਆਖਦੀ ਹੈ,

"ਮੰਮੀ ਜੀ, ਜੇ ਮੈਂ ਠੀਕ ਹੁੰਦੀ ਤਾਂ ਤੁਹਾਨੂੰ ਦਵਾਈ ਦਿੰਦੀ।"

"ਧੀਏ, ਤੂੰ ਜਲਦੀ ਰਾਜ਼ੀ ਹੋ ਕੇ ਆਪਣਾ ਘਰ ਸੰਭਾਲ, ਇਹੋ ਮੇਰੇ ਲਈ ਦਵਾਈ ਆ।"

ਤਾਈ ਤੋਂ ਬਹੁਤੀ ਦੇਰ ਨਹੀਂ ਬੈਠਿਆ ਜਾਂਦਾ ਪਰ ਫਿਰ ਵੀ ਉਹ ਦੋ ਘੰਟੇ ਤਕ ਬੈਠੀ ਰਹਿੰਦੀ ਹੈ। ਸੁਸ਼ਮਾ ਉਸ ਨੂੰ ਦਵਾਈ ਦੇਣ ਵਾਲੀ ਗੱਲ ਕਈ ਵਾਰ ਦੁਹਰਾ ਚੁੱਕੀ ਹੈ। ਉਸ ਦੀ ਆਪਣੀ ਗੱਲ ਨੂੰ ਦੁਹਰਾਉਣ ਦੀ ਹੁਣ ਆਦਤ ਜਿਹੀ ਬਣ ਚੁੱਕੀ ਹੈ। ਵਿਜੈ ਉਸ ਨੂੰ ਟੋਕਦਾ ਹੋਇਆ ਕਹਿੰਦਾ ਹੈ ਕਿ ਇਹ ਗੱਲ ਪਹਿਲਾਂ ਉਹ ਕਹਿ ਚੁੱਕੀ ਹੈ ਪਰ ਤਾਈ ਕਹਿਣ ਲਗਦੀ ਹੈ,

"ਚਲ, ਕੋਈ ਗੱਲ ਨਹੀਂ ਪੁੱਤ, ਇਹ ਜਿੰਨੀ ਵਾਰ ਮਰਜ਼ੀ ਕਹੀ ਜਾਵੇ ਮੈਂ ਜਵਾਬ ਦੇਈ ਜਾਊਂ।"

ਪਿਤਾ ਜੀ ਤੇ ਝਾਈ ਤਾਏ-ਤਾਈ ਨਾਲ ਬਹੁਤ ਪਿਆਰ ਨਾਲ ਮਿਲਦੇ ਹਨ। ਉਹ ਆਪਸ ਵਿਚ ਪੰਜਾਬ ਦੀਆਂ ਗੱਲਾਂ ਕਰਨ ਲਗਦੇ ਹਨ। ਪਿਤਾ ਜੀ ਦਸਦੇ ਹਨ ਕਿ ਖਾਲਿਸਤਾਨ ਦੀ ਲਹਿਰ ਵੇਲੇ ਉਹ ਲੋਕ ਉਹਨਾਂ ਨੂੰ ਕਿਵੇਂ ਤੰਗ ਕਰਦੇ ਰਹੇ ਹਨ। ਵਾਰ ਵਾਰ ਪੈਸਿਆਂ ਦੀ ਮੰਗ ਕਰਦੇ, ਦੋ ਵਾਰੀ ਇਕ ਇਕ ਲੱਖ ਲੈ ਵੀ ਗਏ। ਉਹ ਕਈ ਵਾਰ ਪੰਜਾਬ ਛੱਡ ਹਰਿਆਣੇ ਜਾ ਵਸਣ ਦੀਆਂ ਤਿਆਰੀਆਂ ਕਰਦੇ ਰਹੇ ਹਨ ਪਰ ਆਪਣਾ ਘਰ ਛੱਡਦਾ ਸੌਖਾ ਨਹੀਂ ਹੁੰਦਾ। ਜਦੋਂ ਉਹ ਆਪਸ ਵਿਚ ਗੱਲਾਂ ਕਰ ਰਹੇ ਹਨ ਤਾਂ ਸੁਸ਼ਮਾ ਕੰਪਿਊਟਰ ਰੂਮ ਵਿਚ ਚਲੇ ਜਾਂਦੀ ਹੈ। ਆਪਣੀ ਉਸ ਕੁਰਸੀ ਤੇ ਬੈਠ ਜਾਂਦੀ ਹੈ ਜਿਸ ਤੇ ਬੈਠ ਕੇ ਕਦੇ ਉਹ ਮਰੀਜ਼ਾਂ ਨੂੰ ਦੇਖਦੀ ਰਹੀ ਹੈ। ਉਸ ਤੋਂ ਬਹੁਤੀ ਦੇਰ ਸੈਟੀ ਤੇ ਬੈਠ ਨਹੀਂ ਹੋ ਰਿਹਾ। ਉਹ ਕੁਰਸੀ ਤੇ ਹੀ ਸੌਂ ਜਾਂਦੀ ਹੈ। ਵਿਜੈ ਤਾਏ-ਤਾਈ ਨੂੰ ਘਰ ਛੱਡਣ ਚਲੇ ਜਾਂਦਾ ਹੈ। ਜਦ ਵਿਜੈ ਵਾਪਸ ਆਉਂਦਾ ਹੈ ਤਾਂ ਸੁਸ਼ਮਾ ਕਿਸੇ ਮਸੂਮ ਬੱਚੀ ਦੀ ਤਰ੍ਹਾਂ ਬੈਠੀ ਚਾਹ ਪੀ ਰਹੀ ਹੈ ਤੇ ਆਪਣੀਆਂ ਸਕੂਲ ਦੀਆਂ ਸਹੇਲੀਆਂ ਦੀਆਂ ਗੱਲਾਂ ਸੁਣ ਰਹੀ ਹੈ। ਬਿਮਾਰ ਹੋਣ ਤੋਂ ਬਾਅਦ ਇਹ ਗੱਲਾਂ ਉਹ ਪਹਿਲਾਂ ਵੀ ਕਈ ਵਾਰ ਕਰ ਚੁੱਕੀ ਹੈ।

ਝਾਈ ਸੁਸ਼ਮਾ ਲਈ ਕਾਫੀ ਮਦਦਗਾਰ ਸਿੱਧ ਹੋ ਰਹੀ ਹੈ ਪਰ ਕਿਸੇ ਦੇ ਬੈਠੇ-ਖੜੇ ਤੇ ਉਹ ਸੁਸ਼ਮਾ ਦੇ ਬਹੁਤੇ ਹੀ ਚਾਅ ਮਲ੍ਹਾਰ ਜਿਹੇ ਕਰਨ ਲਗਦੀ ਹੈ। ਉਸ ਰਾਤ ਝਾਈ ਹੋਰੀਂ ਉਹਨਾਂ ਦੇ ਘਰ ਹੀ ਸੌਂਦੇ ਹਨ ਪਰ ਅਗਲੀ ਸਵੇਰ ਵਿਜੈ ਉਹਨਾਂ ਨੂੰ ਰਮੇਸ਼ ਵਲ ਛੱਡ ਆਉਂਦਾ ਹੈ। ਉਹਨਾਂ ਨੇ ਤਿਆਰ ਵੀ ਹੋਣਾ ਹੈ। ਦੁਪਿਹਰ ਨੂੰ ਦੋ ਨਰਸਾਂ ਆ ਜਾਂਦੀਆਂ ਹਨ। ਉਹ ਕੁਝ ਫਾਰਮ ਭਰਦੀਆਂ ਹਨ। ਸੁਸ਼ਮਾ ਨੂੰ ਘਰ ਵਿਚ ਤੋਰ ਕੇ ਦੇਖਦੀਆਂ ਹਨ। ਉਹ ਸਲਾਹ ਦੇ ਰਹੀਆਂ ਹਨ ਕਿ ਸੁਸ਼ਮਾ ਤੁਰਨ ਲਈ ਸੋਟੀ ਦੀ ਮਦਦ ਲੈ ਲਵੇ ਪਰ ਸੁਸ਼ਮਾ ਨਾਂਹ ਕਰ ਦਿੰਦੀ ਹੈ। ਹਸਪਤਾਲ ਵਿਚ ਵੀ ਤੁਰਨ ਲਈ ਉਹ ਸੋਟੀ ਨਹੀਂ ਫੜਦੀ। ਵਿਜੈ ਉਸ ਨੂੰ ਕਹਿੰਦਾ ਹੈ ਕਿ ਤੂੰ ਸੋਟੀ ਹਰਾ ਦਿਤੀ ਹੈ। ਘਰ ਲੈ ਜਾਣ ਲਈ ਹਸਪਤਾਲ ਵਾਲੇ ਉਸ ਨੂੰ ਇਕ ਵੀਅਲ ਚੇਅਰ ਦੇਣੀ ਚਾਹੁੰਦੇ ਹਨ ਪਰ ਉਹ ਵੀਅਲ ਚੇਅਰ ਵਰਤਣ ਤੋਂ ਵੀ ਇਨਕਾਰੀ ਹੋ ਜਾਂਦੀ ਹੈ। ਨਰਸਾਂ ਵਿਜੈ ਨੂੰ ਸੁਸ਼ਮਾ ਨੂੰ ਸੰਭਾਲਣ ਦੇ ਕੁਝ ਤਰੀਕੇ ਦਸਦੀਆਂ ਹਨ। ਸੁਸ਼ਮਾ ਨੂੰ ਪੌੜੀਆਂ ਚੜਨ ਵਿਚ ਵੀ ਸਹਾਇਤਾ ਦੀ ਲੋੜ ਪਵੇਗੀ। ਉਸ ਨੂੰ ਟੁਆਇਲਟ ਦੀ ਕੁੰਡੀ ਵੀ ਅੰਦਰੋਂ ਬੰਦ ਨਹੀਂ ਕਰਨੀ ਚਾਹੀਦੀ। ਕੰਬੋਡ ਤੇ ਉਠਣ ਬੈਠਣ ਲਈ ਇਕ ਸਟੈਂਡ ਤਾਂ ਦਿਤਾ ਹੀ ਹੈ ਤੇ ਨਾਲ ਹੀ ਕੰਧ ਵਿਚ ਵੀ ਫੜਨ ਵਾਲੇ ਹੈਂਡਲ ਲਗਾ ਦਿਤੇ ਹਨ। ਸ਼ੌਵਰ ਹੇਠ ਬੈਠਣ ਲਈ ਕੁਰਸੀ ਹੈ ਤੇ ਟੱਬ ਉਪਰ ਬੈਠ ਕੇ ਨਹਾਉਣ ਲਈ ਇਕ ਫੱਟਾ ਲਗਾ ਦਿਤਾ ਗਿਆ ਹੈ।

ਇਕ ਨਰਸ ਸਵੇਰੇ ਹੀ ਆ ਜਾਂਦੀ ਹੈ ਤੇ ਸੁਸ਼ਮਾ ਨੂੰ ਨਹਾਉਣ ਵਿਚ ਮਦਦ ਕਰ ਕੇ ਉਸ ਦੇ ਕਪੜੇ ਬਦਲ ਜਾਂਦੀ ਹੈ। ਉਹ ਬੈਠਕ ਵਿਚ ਆ ਕੇ ਟੈਲੀ ਦੇਖਣ ਲਗਦੀ ਹੈ। ਫਿਰ ਉਥੇ ਬੈਠਿਆਂ ਹੀ ਵਕਤ ਗੁਜ਼ਾਰਨ ਲਗਦੀ ਹੈ। ਉਥੇ ਹੀ ਖਾਣਾ ਖਾਂਦੀ ਹੈ ਤੇ ਹੋਰ ਚਾਹ ਪਾਣੀ ਵੀ। ਵਿਜੈ ਸੋਚਦਾ ਹੈ ਕਿ ਜੇ ਇਹ ਕੋਈ ਵਰਜਿਸ਼ ਨਹੀਂ ਕਰੇਗੀ ਤਾਂ ਇਸ ਦਾ ਭਾਰ ਹੋਰ ਵਧ ਜਾਵੇਗਾ। ਉਹ ਸੁਸ਼ਮਾ ਨੂੰ ਨੇੜੇ ਦੇ ਪਾਰਕ ਵਿਚ ਤੁਰਨ ਲਈ ਲੈ ਜਾਂਦਾ ਹੈ। ਕਦੇ ਉਹ ਝਾਈ ਨਾਲ ਵੀ ਪਾਰਕ ਨੂੰ ਚਲੇ ਜਾਂਦੀ ਹੈ ਜਾਂ ਫਿਰ ਨੇੜੇ ਦੀਆਂ ਦੁਕਾਨਾਂ ਨੂੰ ਤੁਰ ਕੇ ਚਲੇ ਜਾਂਦੀਆਂ ਹਨ। ਵਿਜੈ ਉਸ ਲਈ ਵਰਜਿਸ਼ ਕਰਨ ਵਾਲਾ ਸਾਈਕਲ ਵੀ ਲੈ ਆਉਂਦਾ ਹੈ ਪਰ ਉਹ ਵਰਤਦੀ ਨਹੀਂ। ਘਰ ਦੇ ਕੰਮ ਲਈ ਚੰਨੀ ਹੈ ਹੀ। ਸੁਸ਼ਮਾ ਤਾਂ ਹੁਣ ਕਿਸੇ ਕੰਮ ਬਿਲਕੁਲ ਹੀ ਹੱਥ ਨਹੀਂ ਲਾਉਂਦੀ। ਉਸ ਤੋਂ ਹੁੰਦਾ ਵੀ ਨਹੀਂ ਪਰ ਉਹ ਕੋਸ਼ਿਸ਼ ਵੀ ਨਹੀਂ ਕਰਦੀ।

ਵਿਜੈ ਦਾ ਹੁਣ ਨਵਾਂ ਰੁਟੀਨ ਬਣ ਜਾਂਦਾ ਹੈ। ਹੁਣ ਉਸ ਨੂੰ ਹਸਪਤਾਲ ਜਾਣ ਦਾ ਫਿਕਰ ਨਹੀਂ ਹੈ। ਸਵੇਰੇ ਬੱਚਿਆਂ ਨੂੰ ਤਿਆਰ ਕਰ ਸਕੂਲ ਛੱਡ ਉਹ ਆਪਣੇ ਕੰਮ ਲਈ ਵਿਹਲਾ ਹੋ ਜਾਂਦਾ ਹੈ। ਸ਼ਾਮ ਨੂੰ ਫਿਰ ਉਹਨਾਂ ਦੇ ਸਕੂਲ ਬੰਦ ਹੋਣ ਤਕ ਆਪਣੇ ਕੰਮ ਕਰਦਾ ਰਹਿੰਦਾ ਹੈ। ਹੁਣ ਉਹ ਸ਼ਾਮ ਨੂੰ ਆਪਣੇ ਕੰਮਾਂ ਲਈ ਨਿਕਲ ਜਾਂਦਾ ਹੈ। ਬੱਚਿਆਂ ਦੇ ਖਾਣੇ ਤਕ ਮੁੜ ਆਉਂਦਾ ਹੈ। ਹੁਣ ਉਸ ਦੇ ਕੰਮ ਵਿਚ ਇਕ ਬਹੁਤ ਜ਼ਰੂਰੀ ਕੰਮ ਸ਼ਾਮਲ ਹੋ ਗਿਆ ਹੈ ਕਿ ਉਸ ਨੇ ਇਸ ਗੱਲ ਦਾ ਧਿਆਨ ਰੱਖਣਾ ਹੁੰਦਾ ਹੈ ਕਿ

ਸੁਸ਼ਮਾ ਨੇ ਆਪਣੀਆਂ ਸਾਰੀਆਂ ਦਵਾਈਆਂ ਖਾ ਵੀ ਲਈਆਂ ਹਨ। ਹਰ ਦਵਾਈ ਦਾ ਵੱਖਰਾ ਵਕਤ ਹੈ ਤੇ ਵਕਤ ਸਿਰ ਖਾਣੀ ਜ਼ਰੂਰੀ ਹੈ। ਇਸ ਗੱਲ ਦਾ ਧਿਆਨ ਰੱਖਣਾ ਪੈਂਦਾ ਹੈ ਕਿ ਕੋਈ ਗੋਲੀ ਰਹਿ ਨਾ ਜਾਵੇ ਤੇ ਕੋਈ ਵਧ ਘਟ ਵੀ ਨਾ ਖਾ ਹੋ ਜਾਵੇ। ਡਾਕਟਰ ਨੇ ਵਿਜੈ ਨੂੰ ਸਾਰੀਆਂ ਦਵਾਈਆਂ ਦੀ ਮਹੱਤਤਾ ਦੱਸੀ ਹੋਈ ਹੈ ਕਿ ਕਿਹੜੀ ਗੋਲੀ ਬਲੱਡ ਪਰੈਸ਼ਰ ਦੀ ਹੈ ਤੇ ਕਿਹੜੀ ਕਲੈਸਟਰੋਲ ਦੀ। ਕਿਹੜੀ ਮਿਰਗੀ ਦੀ ਤੇ ਕਿਹੜੀ ਨਰਵ ਕੰਟਰੋਲ ਦੀ ਤੇ ਕਿਹੜੀ ਡਿਪਰੈਸ਼ਨ ਦੀ। ਇਹਨਾਂ ਦਵਾਈਆਂ ਦੇ ਜਿਥੇ ਫਾਇਦੇ ਹਨ ਉਥੇ ਨੁਕਸਾਨ ਵੀ ਹਨ। ਨੀਂਦ ਬਹੁਤ ਆਉਂਦੀ ਹੈ। ਕਈ ਵਾਰ ਤਾਂ ਉਹ ਦਵਾਈ ਖਾਂਦੀ ਖਾਂਦੀ ਹੀ ਸੌਂ ਜਾਂਦੀ ਹੈ। ਇੰਨੀਆਂ ਗੋਲੀਆਂ ਨਾਲ ਕਬਜ਼ੀ ਵੀ ਰਹਿਣ ਲਗੀ ਹੈ।

ਵਿਜੈ ਪਿਤਾ ਜੀ ਜਾਂ ਝਾਈ ਤੋਂ ਖਿਝਿਆ ਰਹਿੰਦਾ ਹੈ ਪਰ ਜਾਣਦਾ ਹੈ ਕਿ ਉਹਨਾਂ ਦੇ ਫਾਇਦੇ ਵੀ ਬਹੁਤ ਹਨ। ਉਹ ਬਾਹਰ ਜਾਵੇ ਤਾਂ ਵਾਪਸ ਮੁੜਨ ਦੀ ਕਾਹਲੀ ਵੀ ਨਹੀਂ ਹੁੰਦੀ। ਝਾਈ ਉਸ ਦੀ ਮਾਲਿਸ਼ ਕਰਨ ਲਗਦੀ ਹੈ। ਤਰ੍ਹਾਂ ਤਰ੍ਹਾਂ ਦੇ ਖਾਣੇ ਬਣਾ ਦਿੰਦੀ ਹੈ। ਉਸ ਦੀ ਮਾਨਸਿਕ ਸਹਾਇਤਾ ਬਹੁਤ ਹੈ ਪਰ ਉਹ ਇਹ ਗੱਲ ਕਹਿੰਦਾ ਨਹੀਂ। ਕਈ ਵਾਰ ਸੁਸ਼ਮਾ ਕਹਿਣ ਲਗਦੀ ਹੈ,

"ਦੇਖੋ ਸ਼ਰਮਾ ਜੀ, ਮੈਨੂੰ ਝਾਈ ਦਾ ਕਿੰਨਾ ਆਸਰਾ ਐ।"

"ਠੀਕ ਐ ਪਰ ਉਹ ਕਿਹੜਾ ਕਿਸੇ ਹੋਰ ਦਾ ਕਰਦੀ ਐ, ਆਪਣੀ ਕੁੜੀ ਦਾ ਈ ਕਰਦੀ ਐ।"

ਵਿਜੈ ਫੋਨ ਕਰਕੇ ਸ਼ੋਸ਼ਲ ਸਕਿਉਰਟੀ ਦੇ ਫਾਰਮ ਮੰਗਵਾ ਲੈਂਦਾ ਹੈ ਤਾਂ ਜੋ ਜਿਹੜੇ ਭੱਤਿਆਂ ਤੇ ਸੁਸ਼ਮਾ ਦਾ ਹੱਕ ਬਣਦਾ ਹੈ ਉਹਨਾਂ ਲਈ ਅਪਲਾਈ ਕਰ ਸਕੇ। ਕੁਝ ਫਾਰਮ ਡਾਕਟਰ ਤੋਂ ਐਟਸਟ ਕਰਵਾਉਣੇ ਹਨ। ਕੁਝ ਜਾਣਕਾਰੀ ਸੋਸ਼ਲ ਵਰਕਰ ਦੇ ਜਾਂਦੀ ਹੈ ਤੇ ਕੁਝ ਕੁ ਉਹ ਇੰਟਰਨੈੱਟ ਤੋਂ ਇਕੱਠੀ ਕਰ ਲੈਂਦਾ ਹੈ। ਪਿਤਾ ਜੀ ਪੁੱਛਦੇ ਹਨ,

"ਕਿੰਨੇ ਕੁ ਪੈਸੇ ਲਗ ਜਾਣਗੇ ਸੁਸ਼ਮਾ ਨੂੰ।"

"ਕੁਝ ਕਹਿ ਨਹੀਂ ਸਕਦੇ, ਉਹ ਸਾਰੀ ਹਾਲਤ ਨੂੰ ਦੇਖ ਕੇ ਈ ਫੈਸਲਾ ਕਰਦੇ ਆ।"

"ਫੇਰ ਵੀ ਕੁਸ਼ ਅੰਦਾਜ਼ਾ ਤਾਂ ਹੋਏਗਾ।"

"ਸ਼ਾਇਦ ਡੇਢ ਸੌ ਜਾਂ ਕੁਸ਼ ਘੱਟ।"

"ਏਨੇ! ਇਹ ਤਾਂ ਪੂਰੀ ਤਨਖਾਹ ਹੋ ਗਈ!"

"ਇਹ ਤਾਂ ਸਾਡਾ ਹੱਕ ਬਣਦਾ, ਅਸੀਂ ਟੈਕਸ ਦੇ ਰਹੇ ਆਂ।"

ਵਿਜੈ ਉਹਨਾਂ ਦੀ ਹੈਰਾਨੀ ਤੋਂ ਖਿਝ ਕੇ ਆਖਦਾ ਹੈ। ਝਾਈ ਇਹਨਾਂ ਦੇ ਰੁਪੱਈਏ ਬਣਾ ਕੇ ਦੇਖਣ ਲਗਦੀ ਹੈ।

ਵੈਸੇ ਝਾਈ ਦੀ ਆਦਤ ਹੈ ਕਿ ਹਰ ਗੱਲ ਨੂੰ ਬਹੁਤ ਧਿਆਨ ਨਾਲ ਦੇਖਦੀ ਹੈ। ਹਰ ਗੱਲ ਨੂੰ ਤਾੜਦੀ ਰਹਿੰਦੀ ਹੈ। ਉਸ ਨੂੰ ਬਹੁਤ ਛੇਤੀ ਪਤਾ ਚਲ ਜਾਂਦਾ ਹੈ ਕਿ ਉਹਨਾਂ ਦੇ ਘਰ ਦੀ ਕਿਹੜੀ ਚੀਜ਼ ਕਿਥੇ ਪਈ ਹੈ। ਉਸ ਨੂੰ ਪਤਾ ਹੈ ਕਿ ਘਰ ਦੇ ਬਿੱਲ ਕਿਹੜੇ ਡਰਾਅ ਵਿਚ ਪਏ ਹਨ। ਘਰ ਦੇ ਖਰਚ ਲਈ ਪੈਸੇ ਕਿਥੇ ਹਨ, ਔਖੇ ਵੇਲੇ ਲਈ ਖਰਚਣ ਵਾਸਤੇ ਪੈਸੇ ਕਿਥੇ ਤੇ ਬੈਂਕ ਬੁੱਕਾਂ ਕਿਥੇ ਹਨ। ਨੇਲ ਕਟਰ ਤੇ ਵਾਧੂ ਕੰਘੀਆਂ, ਚਾਬੀਆਂ ਕਿਸ ਜਗਾਹ। ਵਿਜੈ ਸੁਸ਼ਮਾ ਨੂੰ ਹੱਸਦਾ ਕਹਿਣ ਲਗਦਾ ਹੈ,

"ਝਾਈ ਦੀ ਗਰਦਣ ਸੱਪਣੀ ਵਾਂਗੂੰ ਘੁੰਮਦੀ ਐ।"

"ਮੇਰੇ ਵਰਗੀ ਬੁਧੂ ਨਹੀਂ।"

"ਤੇਰੇ ਜਿੰਨੀ ਓਹਦੇ ਵਿਚ ਈਗੋ ਵੀ ਨਹੀਂ।"

"ਕੀ ਮਤਲਬ?"

"ਤੂੰ ਤਾਂ ਡਾਕਟਰ ਬਣ ਕੇ ਬਹੁਤੀ ਈ ਫੂੰ ਫਾਂ ਕਰੀ ਜਾਨੀਂ ਆਂ ਉਹਨੇ ਕਏ ਨਹੀਂ ਚਿਤਾਰਿਆ ਕਿ ਉਹ ਵੀ ਡਾਕਟਰਨੀ ਆਂ।"

ਪਹਿਲਾਂ ਤਾਂ ਸੁਸ਼ਮਾ ਨੂੰ ਸਮਝ ਨਹੀਂ ਪੈਂਦੀ ਫਿਰ ਜ਼ਰਾ ਕੁ ਹੱਸਦੀ ਹੈ ਤੇ ਫਿਰ ਡੂੰਘਾ ਸਾਹ ਲੈ ਕੇ ਬੋਲਦੀ ਹੈ,

"ਰੱਬ ਨੇ ਮੈਨੂੰ ਡਾਕਟਰ ਰਹਿਣ ਈ ਨਹੀਂ ਦਿਤਾ, ਮੇਰਾ ਡਾਕਟਰ ਕਹਿੰਦਾ ਸੀ ਕਿ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਤੋਂ ਲੈਟਰ ਲੈਣਾ ਪਵੇਗਾ, ਇਹਨਾਂ ਨੇ ਜਿੱਦਾਂ ਮੇਰਾ ਡਰਾਈਵਿੰਗ ਲਾਈਸੰਸ ਕੈਂਸਲ ਕਰਵਾਇਆ ਮੇਰੀ ਰਜਿਸਟਰੇਸ਼ ਤੇ ਵੀ ਰੋਕ ਲਵਾ ਦਿਤੀ ਹੋਏਗੀ।"

"ਇਹ ਕਿਹੜੀ ਗੱਲ ਐ, ਆਪਾਂ ਦਸਾਂ ਪੌਂਡਾਂ ਵਿਚ ਕਿਸੇ ਹੋਰ ਨਾਂ ਦਾ ਡਾਕਟਰ ਬਣਨ ਦਾ ਸਰਟੀਫਿਕੇਟ ਖਰੀਦ ਲੈਂਨੇ ਆਂ।"

ਉਹ ਵਿਜੈ ਦੀ ਟਿੱਚਰ ਦਾ ਗੁੱਸਾ ਕਰ ਜਾਂਦੀ ਹੈ ਕਿ ਉਹ ਉਸ ਦੇ ਸਰਟੀਫਿਕੇਟ ਨੂੰ ਐਵੇਂ ਸਮਝ ਰਿਹਾ ਹੈ। ਉਹ ਅੱਖਾਂ ਭਰ ਲੈਂਦੀ ਹੈ। ਵਿਜੈ ਉਸ ਦੀ ਬਾਂਹ ਦੀ ਮਾਲਸ਼ ਕਰਨ ਲਗਦਾ ਹੈ। ਉਹ ਉਠ ਕੇ ਉਸ ਕੁਰਸੀ ਤੇ ਜਾ ਬੈਠਦੀ ਹੈ ਜਿਥੋਂ ਉਹ ਮਰੀਜ਼ ਦੇਖਿਆ ਕਰਦੀ ਸੀ। ਉਸ ਦਾ ਰੋਣਾ ਵਧ ਜਾਂਦਾ ਹੈ। ਵਿਜੈ ਉਸ ਦੇ ਮੋਢੇ ਘੁੱਟਦਾ ਆਖਦਾ ਹੈ,

"ਡਾਕਟਰ ਸਾਹਿਬਾ, ਝੋਰਾ ਨਾ ਕਰ, ਸਭ ਮੁੜ ਕੇ ਠੀਕ ਹੋ ਜਾਣਾਂ।"

"ਨਹੀਂ ਸ਼ਰਮਾ ਜੀ, ਪਹਿਲਾਂ ਵਗਰਾ ਕੁਸ਼ ਨਹੀਂ ਹੋਣਾ, ਤੁਸੀਂ ਵੀ ਜਾਣਦੇ ਓ, ਅੰਦਰੋਂ ਭਾਵੇਂ ਤੁਸੀਂ ਖੁਸ਼ ਈ ਹੋਵੋਂਗੇ।"

"ਮੈਂ ਖੁਸ਼ ਕਿਉਂ ਹੋਵਾਂਗਾ?"

"ਕਿਉਂਕਿ ਭਗਵਾਨ ਜਿਉਂ ਤੁਹਾਡੇ ਵਲ ਦਾ ਐ।"

"ਕਿਉਂ, ਮੈਂ ਭਗਵਾਨ ਨੂੰ ਟੀ-ਪਾਰਟੀ ਕੀਤੀ ਹੋਈ ਐ!"
"ਪਤਾ ਨਹੀਂ, ਕੁਸ਼ ਨਾ ਕੁਸ਼ ਤਾਂ ਹੈ ਜੋ ਮੇਰੇ ਨਾਲ ਹਾਦਸੇ ਤੇ ਹਾਦਸਾ ਹੋ ਰਿਹੈ, ਤੁਸੀਂ ਮਨ ਹੀ ਮਨ ਖੁਸ਼ ਹੁੰਦੇ ਹੋਵੋਂਗੇ।"
"ਮੈਨੂੰ ਤੇਰੀ ਇਸ ਬਿਮਾਰੀ ਵਿਚੋਂ ਕੀ ਫਾਇਦਾ ਹੋਏਗਾ?"
"ਹੋਰ ਵਿਆਹ ਕਰਾ ਸਕੋਂਗੇ, ਮੈਨੂੰ ਪਤਾ ਤੁਸੀਂ ਕਦੇ ਮੈਨੂੰ ਪਸੰਦ ਨਹੀਂ ਕੀਤਾ।"
"ਇਹ ਗੱਲ ਤਾਂ ਮੈਂ ਕਦੇ ਸੋਚੀ ਨਹੀਂ ਤੂੰ ਕਿਉਂ ਮੇਰੇ ਮਨ ਵਿਚ ਪਾ ਰਹੀ ਐਂ ਪਰ ਇਹਨਾਂ ਦੋ ਬੱਚਿਆਂ ਦਾ ਕੀ ਕਰਾਂ!"
"ਇਹ ਵੀ ਤੁਹਾਡੇ ਵਲ ਦੇ ਆ, ਦੇਖਿਆ ਨਹੀਂ, ਮੇਰੇ ਨਾਲ ਤਾਂ ਸਿਧੇ ਮੂੰਹ ਬੋਲਦੇ ਈ ਨਹੀਂ।"
"ਇਹਦੇ ਵਿਚ ਈ ਤੇਰਾ ਈ ਕਸੂਰ ਐ, ਤੂੰ ਇਹਨਾਂ ਨਾਲ ਘੁਲ-ਮਿਲ ਕੇ ਗੱਲਾਂ ਕਰਨ ਦੀ ਥਾਂ ਝਾਈ ਨਾਲ ਗੱਲਾਂ ਕਰਨ ਨੂੰ ਪਹਿਲ ਦਿੰਨੀ ਐਂ। ਸੋਚਿਆ ਕਦੇ? ਫੇਰ ਤੂੰ ਇੰਨਾ ਚਿਰ ਹਸਪਤਾਲ ਰਹੀ ਐਂ ਹੌਲੀ ਹੌਲੀ ਠੀਕ ਹੋ ਜਾਣਗੇ, ਉਹਨਾਂ ਵਲ ਜ਼ਰਾ ਧਿਆਨ ਦੇ।"

ਸੁਸ਼ਮਾ ਉਸ ਦੀ ਗੱਲ ਅਣਸੁਣੀ ਕਰ ਕੇ ਇਕ ਪਾਸੇ ਨੂੰ ਦੇਖਣ ਲਗਦੀ ਹੈ। ਇਵੇਂ ਕਈ ਵਾਰ ਉਹਨਾਂ ਵਿਚ ਠਣ ਜਾਇਆ ਕਰਦੀ ਹੈ। ਵਿਜੈ ਗੱਲ ਨੂੰ ਮੁਕਾਉਣ ਦੀ ਕੋਸ਼ਿਸ਼ ਕਰਨ ਲਗਦਾ ਹੈ। ਕਈ ਵਾਰ ਸੁਸ਼ਮਾ ਗਲਤ ਵੀ ਹੋਵੇ ਤਾਂ ਵਿਜੈ ਢਿੱਲਾ ਪੈ ਕੇ ਸੁਲਾਹ ਕਰ ਲੈਂਦਾ ਹੈ। ਕਈ ਵਾਰ ਵਿਜੈ ਉਸ ਨੂੰ ਕਾਰ ਵਿਚ ਬਹਾ ਕੇ ਬਾਹਰ ਦਾ ਗੇੜਾ ਕਢਵਾਉਣ ਚਲੇ ਜਾਂਦਾ ਹੈ ਪਰ ਰਾਹ ਵਿਚ ਕੋਈ ਅਜਿਹੀ ਗੱਲ ਹੋ ਜਾਂਦੀ ਹੈ ਕਿ ਦੋਵੇਂ ਲੜ ਪੈਂਦੇ ਹਨ ਤੇ ਵਿਜੈ ਸੋਚਣ ਲਗਦਾ ਹੈ ਕਿ ਉਸ ਨੂੰ ਮੁੜ ਕੇ ਕਦੇ ਵੀ ਬਾਹਰ ਨਹੀਂ ਲੈ ਕੇ ਜਾਵੇਗਾ ਪਰ ਉਹ ਫਿਰ ਲੈ ਜਾਂਦਾ ਹੈ। ਉਹ ਪਹਿਲਾਂ ਅਜਿਹੀ ਨਹੀਂ ਸੀ। ਬਿਮਾਰੀ ਨੇ ਉਸ ਦਾ ਸੁਭਾਅ ਬਦਲ ਦਿਤਾ ਹੈ। ਉਸ ਨੂੰ ਗਰਮੀ ਵੀ ਬਹੁਤ ਲਗਦੀ ਹੈ ਤੇ ਠੰਡ ਵੀ। ਜਿਸ ਕੰਮ ਨੂੰ ਵੀ ਦਿਲ ਕਰੇ ਤਾਂ ਇਕ ਦਮ ਕਾਹਲੀ ਪੈ ਜਾਂਦੀ ਹੈ। ਆਈਸ ਕਰੀਮ ਖਾਣ ਨੂੰ ਦਿਲ ਕਰੇ ਤਾਂ ਕਹੇਗੀ ਕਿ ਹੁਣੇ ਹੀ ਉਸ ਨੂੰ ਲੈ ਕੇ ਬਰਾਈਟਨ ਚਲੇ ਕਿਉਂਕਿ ਉਥੇ ਰੌਬਿਨ ਬਾਸਕਿਨ ਵਾਲਿਆਂ ਦੀ ਦੁਕਾਨ ਹੈ ਜਿਹਨਾਂ ਦੀ ਆਈਸ ਕਰੀਮ ਉਸ ਨੂੰ ਬਹੁਤ ਪਸੰਦ ਹੈ। ਕਦੇ ਗੋਲ ਗੱਪੇ ਖਾਣ ਲਈ ਕਾਹਲੀ ਪੈਣ ਲਗੇਗੀ। ਬਹੁਤੀ ਵਾਰ ਵਿਜੈ ਉਸ ਦੀ ਫਰਮਾਇਸ਼ ਪੂਰੀ ਕਰ ਦਿੰਦਾ ਹੈ ਪਰ ਕਈ ਵਾਰ ਉਸ ਨੂੰ ਖਫਾ ਹੋ ਲੈਣ ਦਿੰਦਾ ਹੈ। ਇਸ ਤੋਂ ਵੀ ਅਜੀਬ ਗੱਲ ਉਦੋਂ ਹੁੰਦੀ ਹੈ ਜਦ ਉਸ ਦੇ ਨਾਲ ਹੀ ਝਾਈ ਤੇ ਪਿਤਾ ਜੀ ਵੀ ਰੁੱਸ ਜਾਂਦੇ ਹਨ। ਇਵੇਂ ਹੀ ਇਕ ਦਿਨ ਉਹ ਵਿਧੀ ਨੂੰ ਰਸੋਈ ਦਾ ਕੋਈ ਕੰਮ ਸਿਖਾਉਂਦੀ ਹੋਈ ਦਬਕਣ ਲਗਦੀ ਹੈ। ਵਿਜੈ ਤੋਂ ਇਹ ਦੇਖਿਆ ਨਹੀਂ ਜਾਂਦਾ ਤੇ ਉਹ ਆ ਕੇ ਸੁਸ਼ਮਾ ਨੂੰ ਰੋਕਦਾ ਹੈ। ਇਸ ਗੱਲ ਤੇ ਸੁਸ਼ਮਾ ਰੁੱਸਦੀ ਹੈ ਤੇ ਮਗਰੇ ਹੀ ਝਾਈ ਤੇ ਪਿਤਾ ਜੀ ਵੀ। ਵਿਜੈ ਮਨ ਹੀ ਮਨ ਹੱਸਣ ਲਗਦਾ ਹੈ।

ਉਸ ਦੇ ਕਾਹਲਪਨ ਤੋਂ ਬੱਚੇ ਵੀ ਖਿਝ ਜਾਂਦੇ ਹਨ ਪਰ ਸੁਸ਼ਮਾ ਨੂੰ ਇਸ ਗੱਲ ਦੀ ਪਰਵਾਹ ਨਹੀਂ ਹੁੰਦੀ। ਉਹ ਬੱਚਿਆਂ ਨੂੰ ਦਬਕ ਵੀ ਦਿੰਦੀ ਹੈ, ਪਹਿਲਾਂ ਉਸ ਨੇ ਕਦੇ ਵੀ ਉਹਨਾਂ ਨੂੰ ਓਏ ਤਕ ਨਹੀਂ ਆਖੀ। ਟੈਲੀ ਦੇਖਣ ਬਾਰੇ ਵੀ ਉਹਨਾਂ ਨਾਲ ਬੱਚੀ ਬਣ ਕੇ ਹੀ ਲੜਨ ਲਗਦੀ ਹੈ। ਇਕ ਦਿਨ ਉਹ ਵਿਜੈ ਨਾਲ ਬੱਚਿਆਂ ਨੂੰ ਲੈਣ ਸਕੂਲ ਚਲੇ ਜਾਂਦੀ ਹੈ। ਬਹੁਤ ਸਾਰੇ ਬੱਚੇ ਸਕੂਲੋਂ ਨਿਕਲ ਰਹੇ ਹਨ। ਸੁਸ਼ਮਾ ਦਾ ਮਨ ਕਾਹਲਾ ਪੈਣ ਲਗਦਾ ਕਿ ਰੋਹਨ ਤੇ ਵਿਧੀ ਆ ਕਿਉਂ ਨਹੀ ਰਹੇ। ਹੁਣ ਵਿਧੀ ਵੀ ਰੋਹਨ ਵਾਲੇ ਹਾਈ ਸਕੂਲ ਵਿਚ ਹੀ ਹੈ। ਉਹ ਕਾਰ ਤੋਂ ਬਾਹਰ ਨਿਕਲ ਕੇ ਖੜ ਜਾਂਦੀ ਹੈ। ਰੋਹਨ ਤੇ ਵਿਧੀ ਆਉਂਦੇ ਦਿਸਦੇ ਹਨ ਤਾਂ ਉਹ ਲੰਗ ਉਹਨਾਂ ਵਲ ਨੂੰ ਤੁਰ ਪੈਂਦੀ ਹੈ। ਰੋਹਨ ਆਲਾ ਦੁਆਲਾ ਦੇਖਦਾ ਕਾਰ ਵਲ ਭਜਦਾ ਹੈ ਤੇ ਨਾਲ ਹੀ ਵਿਧੀ ਵੀ। ਘਰ ਆ ਕੇ ਰੋਹਨ ਵਿਜੈ ਨੂੰ ਕਹਿਣ ਲਗਦਾ ਹੈ,
"ਡੈਡ, ਮੌਮ ਸ਼ੁੱਡ ਨੌਟ ਕੰਮ ਟੂ ਮਾਈ ਸਕੂਲ ਐਨੀ ਮੋਰ।"
"ਵਾਏ?"
"ਮਾਈ ਫਰਿੰਡਜ਼ ਵਿਲ ਮੇਕ ਮਾਈ ਫੱਨ!"

## ਤਰਤਾਲੀ

ਇਕ ਦਿਨ ਤਾਇਆ ਪੁੱਛਣ ਲਗਦਾ ਹੈ,
"ਵਿਜੇ, ਪੈਸਿਆਂ ਦਾ ਕਿੱਦਾਂ, ਸਰੀ ਜਾਂਦਾ?"
"ਹਾਂ ਤਾਇਆ, ਸਰੀ ਜਾਂਦਾ।"
"ਮੈਨੂੰ ਪਤਾ, ਤੇਰੀ ਮੌਰਟਗੇਜ ਵੱਡੀ ਆ, ਦੁਬਾਰਾ ਜ਼ਿੰਦਗੀ ਸ਼ੁਰੂ ਕਰਨੀ ਸੌਖੀ ਨਹੀਂ ਹੁੰਦੀ, ਹੁਣ ਤਾਂ ਸੁਸ਼ਮਾ ਵੀ ਕੰਮ ਨਹੀਂ ਕਰਦੀ, ਜੇ ਲੋੜ ਹੋਈ ਤਾਂ ਦਸ ਦੇਈਂ।"
"ਸਭ ਠੀਕ ਤਾਇਆ।"

ਕਹਿਣ ਨੂੰ ਉਹ ਕਹਿ ਜਾਂਦਾ ਹੈ ਪਰ ਕੁਝ ਵੀ ਠੀਕ ਨਹੀਂ ਹੈ ਬਲਕਿ ਬਹਤ ਖਰਾਬ ਹੈ। ਘਰ ਦੀ ਕਿਸ਼ਤ ਗਿਆਰਾਂ ਸੌ ਪੌਂਡ ਹੈ ਤੇ ਹੋਰ ਬਿੱਲ ਪਾ ਕੇ ਕੇ ਸੱਤ ਸੌ ਪੌਂਡ ਮਹੀਨੇ ਦੇ ਉਸ ਨੂੰ ਹੋਰ ਚਾਹੀਦੇ ਹਨ। ਸੁਸ਼ਮਾ ਦੇ ਕੰਮ ਕਰਨ ਵੇਲੇ ਇੰਨਾ ਖਰਚ ਔਖਾ ਨਹੀਂ ਸੀ ਲਗਦਾ ਪਰ ਇਹ ਬਹੁਤ ਔਖਾ ਹੈ। ਉਪਰੋਂ ਉਸ ਦਾ ਕੰਮ ਘਟ ਗਿਆ ਹੈ। ਜਮ੍ਹਾਂ ਪੂੰਜੀ ਖਰਚੀ ਜਾ ਚੁੱਕੀ ਹੈ ਹੁਣ ਵਿਜੈ ਨੇ ਕਾਰਡਾਂ ਨੂੰ ਵਰਤਣਾ ਸ਼ੁਰੂ ਕੀਤਾ ਹੋਇਆ ਹੈ। ਉਹ ਸੁਸ਼ਮਾ ਦੇ ਭੱਤਿਆਂ ਨੂੰ ਉਡੀਕ ਰਿਹਾ ਹੈ ਕਿ ਇਹ ਸ਼ੁਰੂ ਹੋ ਜਾਣ ਤਾਂ ਉਸ ਨੂੰ ਕੁਝ ਰਾਹਤ ਮਿਲੇ। ਘਰ ਦੇ ਬਿੱਲ ਕਿਸ਼ਤਾਂ ਕਿੰਨੇ ਹਨ ਇਸ ਦਾ ਸੁਸ਼ਮਾ ਨੂੰ ਪਤਾ ਹੀ ਨਹੀਂ। ਜੇ ਉਹ ਕਦੇ ਦਸਣ ਦੀ ਕੋਸ਼ਿਸ਼ ਕਰੇ ਤਾਂ ਗੱਲ ਸੁਣਦੀ ਹੀ ਨਹੀਂ। ਉਹ ਕਹਿ ਦਿੰਦੀ ਹੈ ਕਿ ਉਸ ਦਾ ਸਿਰ ਦੁਖ ਰਿਹਾ ਹੈ। ਵਿਜੈ ਕਹਿੰਦਾ ਹੈ,

"ਘਰ ਕਿੱਦਾਂ ਚਲਾਈਦਾ ਇਹ ਵੀ ਸਿਖ ਲੈ।"

"ਸ਼ਰਮਾ ਜੀ, ਇਹ ਜ਼ਰੂਰੀ ਐ ਕਿ ਘਰ ਦੇ ਸਾਰੇ ਜੀਅ ਪੇਨ ਲੈਣ? ...ਆਪਾਂ ਦੋਨੋਂ ਜੀਅ ਕਿਉਂ ਨੀਂਦ ਖਰਾਬ ਕਰੀਏ?"

"ਤੈਨੂੰ ਪਤਾ ਨਾ ਕਿ ਮੇਰਾ ਦੋਸਤ ਹਰਮਿੰਦਰ ਪੂਰਾ ਹੋ ਗਿਆ ਸੀ ਤਾਂ ਉਹਦੀ ਵਾਈਫ ਲਈ ਕਿੰਨੀ ਮੁਸ਼ਕਲ ਆਈ ਸੀ!"

"ਉਹ ਓਹਦਾ ਬਿਜਨਸ ਸੀ, ਇਥੇ ਤਾਂ ਮੈਂ ਜਾਣ ਦੀ ਤਿਆਰੀ ਵਿਚ ਬੈਠੀ ਆਂ, ਤੁਸੀਂ ਘੋੜੇ ਵਰਗੇ ਓ, ਤੁਹਾਨੂੰ ਕੁਸ਼ ਨਹੀਂ ਹੁੰਦਾ, ਇਹ ਤਾਂ ਮੈਨੂੰ ਈ ਰਾਮ ਜੀ ਹਾਕਾਂ ਮਾਰਦੇ ਫਿਰਦੇ ਆ।"

"ਦੇਖ, ਘਰ ਦੇ ਖਰਚ ਵਲੋਂ ਆਪਾਂ ਡੁੱਬਣ ਦੇ ਕੰਢੇ ਤੇ ਖੜੇ ਆਂ। ਤੈਨੂੰ ਪਤਾ ਕਿ ਘਰ ਦਾ ਕਿੰਨਾ ਖਰਚ ਐ ਤੇ ਆਮਦਨ ਕਿੰਨੀ ਆਂ, ਨਿਤ ਦਿਨ ਸਿਰ ਤੇ ਕਰਜ਼ਾ ਚੜ ਰਿਹੈ!"

"ਸ਼ਰਮਾ ਜੀ, ਤੁਸੀਂ ਮੈਨੂੰ ਹੋਰ ਅਟੈਕ ਦੇਣਾਂ!"

ਸੁਸ਼ਮਾ ਸਿਰ ਨੂੰ ਫੜਦੀ ਆਖਦੀ ਹੈ। ਵਿਜੈ ਚੁੱਪ ਕਰ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਹੁਣ ਉਸ ਤੋਂ ਹੋਰ ਦਿਮਾਗੀ ਬੋਝ ਨਹੀਂ ਲਿਆ ਜਾਣਾ। ਇਕ ਦਿਨ ਸੁਸ਼ਮਾ ਉਸ ਨੂੰ ਆਖਦੀ ਹੈ,

"ਸ਼ਰਮਾ ਜੀ, ਮੈਨੂੰ ਸੌ ਪੌਂਡ ਦਿਓ।"

"ਕੀ ਕਰਨੇ ਆਂ?"

"ਕੁਸ਼ ਕਰਨੇ ਹੋਏ, ਮੇਰੇ ਕੋਲ ਤਾਂ ਬਾਹਰ ਗਈ ਕੋਲ ਕੋਈ ਪੈਨੀ ਵੀ ਨਹੀਂ ਹੁੰਦੀ।"

ਵਿਜੈ ਉਸ ਨੂੰ ਸੌ ਪੌਂਡ ਦੇ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਸੁਸ਼ਮਾ ਨੂੰ ਹਰ ਵੇਲੇ ਕੁਝ ਪੈਸੇ ਕੋਲ ਰੱਖਣ ਦੀ ਆਦਤ ਹੈ। ਜਦੋਂ ਕੰਮ ਕਰਦੀ ਸੀ ਤਾਂ ਉਸ ਦਾ ਹੱਥ ਵੀ ਜ਼ਰਾ ਖੁਲ੍ਹਾ ਸੀ। ਵਿਜੈ ਸੋਚਦਾ ਹੈ ਕਿ ਬਿਨਾਂ ਪੈਸਿਆਂ ਦੇ ਉਸ ਨੂੰ ਹੋਰਵੇਂ ਲਗਦਾ ਹੋਵੇਗਾ। ਸੌ ਪੌਂਡ ਦਿੰਦਾ ਵਿਜੇ ਕਹਿੰਦਾ ਹੈ,

"ਇਹਨਾਂ ਨੂੰ ਐਮਰਜੈਂਸੀ ਲਈ ਆਪਣੇ ਕੋਲ ਰੱਖ ਲੈ, ਜੇ ਕੋਈ ਚੀਜ਼ ਚਾਹੀਦੀ ਐ ਤਾਂ ਮੈਨੂੰ ਦਸ।"

"ਓ ਕੇ ਫਿਨਾਂਸ ਮਨਿਸਟਰ ਜੀ।"

ਉਹ ਮਜ਼ਾਕ ਕਰਦੀ ਸੌ ਪੌਂਡ ਫੜ ਲੈਂਦੀ ਹੈ। ਹਾਲੇ ਕੁਝ ਦਿਨ ਹੀ ਲੰਘਦੇ ਹਨ ਕਿ ਉਸ ਸੌ ਪੌਂਡ ਹੋਰ ਮੰਗ ਲੈਂਦੀ ਹੈ। ਵਿਜੈ ਪੁੱਛਦਾ ਹੈ,

"ਖਰਚ ਵੀ ਲਏ!"

"ਹਾਂ।"

"ਪਰ ਤੂੰ ਬਾਹਰ ਤਾਂ ਕਿਤੇ ਗਈ ਨਹੀਂ?"

"ਹੁਣ ਹਿਸਾਬ ਦੇਣਾ ਪਊ?"

ਸੁਸ਼ਮਾ ਗੁੱਸੇ ਵਿਚ ਕਹਿੰਦੀ ਹੈ। ਵਿਜੈ ਵੀ ਗੁੱਸੇ ਵਿਚ ਹੈ ਕਿਉਂਕਿ ਉਹ ਉਸ ਨੂੰ ਦੱਸ ਚੁੱਕਾ ਹੈ ਕਿ ਉਹਨਾਂ ਦਾ ਹੱਥ ਕਿੰਨਾ ਤੰਗ ਹੈ ਫਿਰ ਵੀ ਉਹ ਸੌ ਪੌਂਡ ਨੂੰ ਉੜਦੂ ਲਗਾ ਰਹੀ ਹੈ। ਉਸ ਦੇ ਬਿੱਲ ਅੜੇ ਖੜੇ ਹਨ। ਅਗਲੇ ਹਫਤੇ ਉਹ ਸੌ ਪੌਂਡ ਫਿਰ ਮੰਗਣ ਲਗਦੀ ਹੈ। ਵਿਜੈ ਆਪਣੇ ਸਾਰੇ ਬਿੱਲ ਉਸ ਦੇ ਮੂਹਰੇ ਰੱਖਦਾ ਕਹਿੰਦਾ ਹੈ,

"ਇਹਨਾਂ ਨੂੰ ਪਿਨਸ਼ਨ ਦੇਣ ਤੋਂ ਪਹਿਲਾਂ ਆ ਬਿੱਲ ਅਦਾ ਕਰਦੇ ਜੇ ਕਰ ਸਕਦੀ ਆਂ।"

"ਅਗਲੇ ਤੁਹਾਡੇ ਨਾਲੋਂ ਆਪਣੇ ਘਰ ਬਹੁਤ ਸੌਖੇ ਆ, ਕੋਈ ਤੁਹਾਡੇ ਪੌਂਡਾਂ ਦਾ ਭੁੱਖਾ ਨਹੀਂ।"

"ਇਹ ਮੈਨੂੰ ਚੰਗੀ ਤਰ੍ਹਾਂ ਪਤਾ।"

"ਜਿਹੜੇ ਪੈਸੇ ਮੈਨੂੰ ਮਿਲਣ ਲਗੇ ਆ ਇਹ ਤਾਂ ਮੇਰੇ ਆ, ਇਹ ਮੈਂ ਜਿਹਨੂੰ ਚਾਹਾਂ ਦੇਵਾਂ।"

"ਘਰ ਦਾ ਖਰਚ ਕੌਣ ਚਲਾਊ, ਆਹ?"

ਕਹਿ ਕੇ ਉਹ ਮੁੱਛਾਂ ਨੂੰ ਵਟਾ ਦੇਣ ਦਾ ਅਭਿਨਯ ਕਰਦਾ ਹੈ। ਸੁਸ਼ਮਾ ਰੁਸਦੀ ਹੋਈ ਦੂਜੇ ਪਾਸੇ ਨੂੰ ਮੂੰਹ ਕਰ ਲੈਂਦੀ ਹੈ। ਝਾਈ ਤੇ ਪਿਤਾ ਜੀ ਵੀ ਨਾਲ ਹੀ ਰੁੱਸ ਜਾਂਦੇ ਹਨ। ਵਿਜੈ ਉਸ ਨੂੰ ਆਖਣ ਲਗਦਾ ਹੈ,

"ਇਹ ਤਾਂ ਸੁਣਿਆਂ ਸੀ ਕਿ ਬਾਈ ਵਨ ਗੈੱਟ ਵਨ ਫਰੀ ਪਰ ਇਹ ਨਹੀਂ ਸੀ ਸੁਣਿਆਂ ਕਿ ਬਾਈ ਵਨ ਗੈੱਟ ਟੂ ਫਰੀ!"

ਸੁਸ਼ਮਾ ਕੋਈ ਉਤਰ ਨਹੀਂ ਦਿੰਦੀ ਬਸ ਰੁੱਸੀ ਰਹਿੰਦੀ ਹੈ। ਕੁਝ ਦਿਨਾਂ ਬਾਅਦ ਮੰਨ ਜਾਂਦੀ ਹੈ, ਸਾਰੇ ਹੀ ਖੁਸ਼ ਜਿਹੇ ਫਿਰਨ ਲਗਦੇ ਹਨ। ਆਮ ਤੌਰ ਤੇ ਵਿਜੈ ਸੁਸ਼ਮਾ ਨੂੰ ਬਹੁਤ ਪਤਿਆ ਕੇ ਰੱਖਦਾ ਹੈ ਪਰ ਕਈ ਵਾਰ ਉਸ ਤੋਂ ਇਵੇਂ ਨਹੀਂ ਕਰ ਹੁੰਦਾ। ਵਿਜੈ ਨੂੰ ਪਤਾ ਹੈ ਕਿ ਦਵਾਈਆਂ ਸੁਸ਼ਮਾ ਦੇ ਮਨ ਉਪਰ ਕਈ ਕਿਸਮ ਦੇ ਨਾਂਹ-ਵਾਚਕ ਅਸਰ ਕਰ ਰਹੀਆਂ ਹਨ ਇਸ ਲਈ ਵੀ ਉਸ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਪਿਤਾ ਜੀ ਵੀ ਐਲੋਪੈਥੀ ਦੇ ਇਲਾਜ ਵਿਰੁਧ ਬੋਲਦੇ ਰਹਿੰਦੇ ਹਨ ਕਿ ਇਸ ਦੇ ਆਫਟਰ-ਅਫੈਕਟਸ ਕਿੰਨੇ ਬੁਰੇ ਹਨ। ਇਵੇਂ ਹੀ ਉਹ ਇਕ ਵਾਰ ਤਾਏ ਨੂੰ ਵੀ ਐਲੋਪੈਥੀ ਦੇ ਮਾੜੇ ਅਸਰਾਂ ਬਾਰੇ ਕਿੰਨਾ ਚਿਰ ਲੈਕਚਰ ਦੇਣ ਲਗਦੇ ਹਨ। ਜਵਾਬ ਵਿਚ ਤਾਇਆ ਕਹਿੰਦਾ ਹੈ,

"ਦੇਖੋ ਜੀ, ਗੱਲ ਤਾਂ ਤੁਹਾਡੀ ਠੀਕ ਆ ਪਰ ਜਿਸ ਦਵਾ ਨੇ ਸਾਡੀ ਕੁੜੀ ਨੂੰ ਠੀਕ ਕਰ ਦਿਤਾ ਸਾਡੇ ਲਈ ਤਾਂ ਉਹੋ ਵਧੀਆ, ਹਰ ਇਲਾਜ ਦੀ ਇਕ ਸੀਮਾ ਹੁੰਦੀ ਆ, ਆਯੂਰਵੈਦਿਕ ਦੀ ਵੀ ਤੇ ਐਲੋਪੈਥੀ ਦੀ ਵੀ।।"

ਪਿਤਾ ਜੀ ਨੂੰ ਤਾਏ ਦੀ ਗੱਲ ਬਹੁਤ ਬੁਰੀ ਲਗਦੀ ਹੈ ਪਰ ਬੋਲਦੇ ਨਹੀਂ।

ਹੁਣ ਉਹ ਇਥੇ ਪੱਕੇ ਰਹਿਣ ਦੀ ਤਿਆਰੀ ਕਰਨ ਲਗੇ ਹਨ। ਸੁਸ਼ਮਾ ਨੂੰ ਪੈਸੇ ਇਸੇ ਲਈ ਚਾਹੀਦੇ ਹਨ। ਸੁਸ਼ਮਾ ਦਾ ਭਰਾ ਹੁਣ ਅਮਰੀਕਾ ਤੋਂ ਵਾਪਸ ਜਾਵੇਗਾ ਨਹੀਂ ਪਰ ਉਹ ਅਮਰੀਕਾ ਵਿਚ ਪੱਕਾ ਨਹੀਂ ਹੋ ਪਾ ਰਿਹਾ। ਉਸ ਦੀ ਪਤਨੀ ਤੇ ਦੋਵੇਂ ਬੱਚੇ ਉਥੇ ਨਾਲ ਹੀ ਹਨ। ਪਿਤਾ ਜੀ ਸੋਚਦੇ ਹਨ ਕਿ ਵਾਪਸ ਇੰਡੀਆ ਜਾ ਕੇ ਕੀ ਕਰਨਗੇ। ਕੋਠੀ ਦਾ ਇਕ ਹਿੱਸਾ ਤਾਂ ਕਿਰਾਏ ਤੇ ਦਿਤਾ ਹੀ ਹੋਇਆ ਹੈ ਜਿਸ ਨਾਲ ਪੂਰੀ ਕੋਠੀ ਦੀ ਹੀ ਸੰਭਾਲ ਹੋ ਰਹੀ ਹੈ। ਇਥੇ ਉਹਨਾਂ ਨੂੰ ਪੈਨਸ਼ਨ ਵੀ ਲਗਣ ਦੇ ਮੌਕੇ ਹਨ। ਮੰਦਿਰ ਵਿਚੋਂ ਤਰ੍ਹਾਂ ਤਰ੍ਹਾਂ ਦੀਆਂ ਸਲਾਹਾਂ ਮਿਲ ਰਹੀਆਂ ਹਨ। ਉਹਨਾਂ ਵਰਗੇ ਕਈ ਹੋਰ ਮਾਪੇ ਇਵੇਂ ਆ ਕੇ ਪੱਕੇ ਹੋਏ ਹਨ ਤੇ ਗੌਰਮਿੰਟ ਕੋਲ ਝੂਠ ਸੱਚ ਬੋਲ ਕੇ ਹੁਣ ਮਜ਼ੇ ਨਾਲ ਪੈਨਸ਼ਨ ਲੈ ਰਹੇ ਹਨ। ਵਿਜੈ ਤਾਂ ਮੰਦਿਰ ਇਕ ਦਿਨ ਹੀ ਜਾਂਦਾ ਹੈ ਉਹ ਕਿਸੇ ਨੂੰ ਲਿਖਾ ਪੜੀ ਵਿਚ ਸਹਾਇਤਾ ਚਾਹੀਦੀ ਹੋਵੇ ਤਾਂ ਕਰ ਕੇ ਮੁੜ ਆਉਂਦਾ ਹੈ ਪਰ ਝਾਈ ਤੇ ਪਿਤਾ ਜੀ ਹਰ ਰੋਜ਼ ਉਥੇ ਜਾਂਦੇ ਹਨ। ਕਈ ਵਾਰ ਉਹਨਾਂ ਨੂੰ ਪਿਛਿਓਂ ਆਪਣੇ ਇਲਾਕੇ ਦੇ ਜਾਣੂ ਵੀ ਮਿਲ ਜਾਂਦੇ ਹਨ।

ਉਹਨਾਂ ਦੀ ਜ਼ਿੰਦਗੀ ਭਾਰੀ ਹਿਲਜੁਲ ਬਾਅਦ ਫਿਰ ਆਪਣੀ ਰਫਤਾਰੇ ਤੁਰ ਪੈਂਦੀ ਹੈ। ਰਾਹ ਬਦਲੇ ਦਰਿਆ ਵਾਂਗ ਨਵੀਂ ਰਵਾਨਗੀ ਫੜ ਲੈਂਦੀ ਹੈ। ਉਹ ਬੱਚਿਆਂ ਨੂੰ ਸਕੂਲ ਛੱਡ ਸੁਸ਼ਮਾ ਨੂੰ ਦਵਾਈ ਖਵਾ ਕੇ ਆਪਣੇ ਕੰਮ ਨਿਕਲ ਜਾਂਦਾ ਹੈ। ਨਰਸ ਸੁਸ਼ਮਾ ਨੂੰ ਤਿਆਰ ਕਰ ਜਾਂਦੀ ਹੈ। ਚੰਨੀ ਘਰ ਦੀ ਸਫਾਈ ਕਰ ਜਾਂਦੀ ਹੈ। ਦੁਪਿਹਰ ਦੀ ਰੋਟੀ ਝਾਈ ਵੀ ਆ ਕੇ ਬਣਾ ਦਿੰਦੀ ਹੈ। ਵਿਜੈ ਕੋਲ ਆਰਡਰ ਲੈਣ, ਡਿਲਿਵਰ ਕਰਨ ਜਾਂ ਬਿਲਟੀ ਛਡਵਾਉਣ ਜਾਣ ਲਈ ਕਾਫੀ ਵਕਤ ਹੁੰਦਾ ਹੈ। ਹੁਣ ਉਸ ਨੂੰ ਹੁਸ਼ਿਆਰ ਦੀ ਬਹੁਤੀ ਲੋੜ ਨਹੀਂ ਪੈਂਦੀ। ਸ਼ਾਮ ਨੂੰ ਇਕ ਚੱਕਰ ਉਹ ਤਾਏ ਵਲ ਜ਼ਰੂਰ ਮਾਰਦਾ ਹੈ। ਕਈ ਵਾਰ ਸੁਸ਼ਮਾ ਜਾਂ ਬੱਚਿਆਂ ਨੂੰ ਵੀ ਲੈ ਜਾਂਦਾ ਤੇ ਕਦੇ ਆਪ ਹੀ ਚਲੇ ਜਾਂਦਾ ਹੈ। ਹੁਣ ਸੁਸ਼ਮਾ ਨੂੰ ਦੇਖਣ ਆਉਣ ਵਾਲੇ ਮਹਿਕਮੇ ਦੇ ਲੋਕ ਘਟਣ ਲਗੇ ਹਨ। ਥੈਰੇਪਿਸਟ ਕਹਿੰਦੀ ਹੈ ਕਿ ਉਸ ਨੇ ਜੋ ਕਰਨਾ ਹੈ ਕਰ ਦਿਤਾ ਹੈ ਹੁਣ ਉਸ ਨੂੰ ਆਪਣੀ ਆਪ ਮਦਦ ਕਰਨੀ ਚਾਹੀਦੀ ਹੈ। ਸ਼ੋਸ਼ਲ ਵਰਕਰ ਆਪਣਾ ਨੰਬਰ ਦੇ ਜਾਂਦੀ ਹੈ ਕਿ ਜੇ ਉਸ ਦੀ ਲੋੜ ਹੋਈ ਤਾਂ ਉਸ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ ਨਹੀਂ ਤਾਂ ਓਸ ਦਾ ਕੰਮ ਮੁੱਕ ਚੁੱਕਾ ਹੈ। ਇਵੇਂ ਹੀ ਮਨੋਵਿਗਿਆਨਕ ਵੀ ਆਪਣੀ ਰਿਪੋਰਟ ਦੇ ਦਿੰਦੀ ਹੈ ਕਿ ਉਸ ਨੂੰ ਕਿਸੇ ਕਿਸਮ ਦੇ ਵਿਸ਼ੇਸ਼ ਇਲਾਜ ਦੀ ਲੋੜ ਨਹੀਂ ਹੈ। ਇਕ ਦਿਨ ਦੋ ਡਾਕਟਰ ਉਹਨਾਂ ਦੇ ਘਰ ਆਉਂਦੇ ਹਨ। ਇਹ ਅਜਿਹੀਆਂ ਬਿਮਾਰੀਆਂ ਦੇ ਮਾਹਰ ਹਨ। ਉਹ ਕੁਝ ਫਾਰਮ ਭਰਦੇ ਹਨ, ਕਾਗਜ਼ੀ ਕਾਰਵਾਈ ਕਰਦੇ ਹਨ। ਉਹਨਾਂ ਵਿਚੋਂ ਚੀਨੀ ਮੂਲ ਦਾ ਡਾਕਟਰ ਕਹਿਣ ਲਗਦਾ ਹੈ,

"ਮਿਸਜ਼ ਸ਼ਰਮਾ, ਇਸ ਤੋਂ ਜ਼ਿਆਦਾ ਅਸੀਂ ਕੋਈ ਇਲਾਜ ਨਹੀਂ ਕਰ ਸਕਦੇ।"

"ਪਰ ਇਹਦੀ ਬਾਂਹ ਤਾਂ ਹਾਲੇ ਚੱਲੀ ਈ ਨਹੀਂ!"

"ਇਹ ਚਲਣੀ ਹੁੰਦੀ ਤਾਂ ਹੁਣ ਤਕ ਚਲ ਪੈਣੀ ਸੀ, ਅਜਿਹੇ ਕੇਸਾਂ ਵਿਚ ਇਵੇਂ ਹੀ ਹੁੰਦਾ ਹੈ, ਲੱਤ ਤਾਂ ਸਭ ਦੀ ਚੱਲ ਪੈਂਦੀ ਹੈ ਪਰ ਬਾਂਹ ਤੀਹ ਕੁ ਪਰਸੈਂਟ ਲੋਕਾਂ ਦੀ ਹੀ ਚਲਦੀ ਹੈ। ਸੱਤਰ ਪਰਸੈਂਟ ਉਹ ਲੋਕ ਹਨ ਜਿਹਨਾਂ ਦੀ ਬਾਂਹ ਮੁੜ ਕੇ ਕੰਮ ਨਹੀਂ ਕਰਦੀ।"

"ਪਰ ਡੌਕ, ਜਦ ਦਿਮਾਗ ਦਾ ਦੂਸਰਾ ਭਾਗ ਲੱਤ ਦੀ ਕਮਾਨ ਸੰਭਾਲ ਸਕਦਾ ਤਾਂ ਬਾਂਹ ਦੀ ਕਿਉਂ ਨਹੀਂ?"

ਵਿਜੈ ਆਪਣੀ ਜਾਣਕਾਰੀ ਦੇ ਅਧਾਰ ਤੇ ਸਵਾਲ ਪੁੱਛ ਰਿਹਾ ਹੈ। ਡਾਕਟਰ ਕਹਿੰਦਾ ਹੈ,

"ਲੱਤਾਂ ਤੇ ਬਾਹਾਂ ਦੀਆਂ ਜੁੜਦੀਆਂ ਤਾਰਾਂ ਵਿਚ ਫਰਕ ਹੁੰਦਾ, ਇਸ ਲਈ ਪਰ ਸ਼ਾਇਦ ਹੌਲੀ ਹੌਲੀ ਠੀਕ ਹੋ ਜਾਵੇ।"

ਸੁਸ਼ਮਾ ਦੀ ਪਕੜ ਵਿਚ ਉਹਨਾਂ ਦੀਆਂ ਸਾਰੀਆਂ ਗੱਲਾਂ ਨਹੀਂ ਆਉਂਦੀਆਂ। ਉਹ ਪੁੱਛਦੀ ਹੈ ਕਿ ਡਾਕਟਰ ਕੀ ਕਹਿ ਰਿਹਾ ਹੈ। ਵਿਜੈ ਤੋਂ ਪਹਿਲਾਂ ਡਾਕਟਰ ਬੋਲਦਾ ਹੈ,

"ਮਿਸਟਰ ਸ਼ਰਮਾ, ਤੂੰ ਇਹ ਸਾਰੀ ਗੱਲ ਆਪਣੀ ਪਤਨੀ ਨੂੰ ਆਪਣੀ ਜ਼ੁਬਾਨ ਵਿਚ ਦਸ ਦੇਹ ਫਿਰ ਅਸੀਂ ਇਹਨਾਂ ਫਾਰਮਾਂ ਤੇ ਇਸ ਦੇ ਦਸਤਖਤ ਵੀ ਕਰਾਉਣੇ ਆਂ।"

ਵਿਜੈ ਸਾਰੀ ਗੱਲ ਦਸਦਾ ਹੈ ਤਾਂ ਸੁਸ਼ਮਾ ਅੱਖਾਂ ਭਰ ਲੈਂਦੀ ਹੈ। ਕੋਲ ਬੈਠੀ ਝਾਈ ਉਠ ਖੜਦੀ ਹੈ ਤੇ ਉਚੀ ਅਵਾਜ਼ ਵਿਚ ਕਹਿਣ ਲਗਦੀ ਹੈ,

"ਕਿਉਂ ਨਹੀਂ ਠੀਕ ਹੋਣਾ ਮੇਰੀ ਧੀ ਨੇ! ਇਹ ਚੀਨਾ ਝੂਠ ਬੋਲਦਾ, ਮੈਂ ਇਹਨੂੰ ਠੀਕ ਕਰ ਕੇ ਦਿਖਾਊਂ, ਇਹਨੂੰ ਇੰਡੀਆ ਲੈ ਜਾਊਂ, ਮਾਲਸ਼ਾਂ ਵਾਲੀ ਰੱਖ ਕੇ ਮਾਲਸਾਂ ਕਰਾਊਂ, ਜੰਮਿਆਂ ਲਹੂ ਚਲਾ ਕੇ ਦਿਖਾਊਂ, ਇਹ ਸਮਝਦਾ ਕੀ ਆ ਆਪਣੇ ਆਪ ਨੂੰ!"

ਉਹ ਨੂੰ ਇਵੇਂ ਬੋਲਦੀ ਦੇਖ ਕੇ ਡਾਕਟਰ ਘਬਰਾ ਜਾਂਦਾ ਹੈ। ਵਿਜੈ ਡਾਕਟਰ ਨੂੰ ਤਸੱਲੀ ਜਿਹੀ ਦਿੰਦਾ ਦਸਦਾ ਹੈ ਕਿ ਆਪਣੀ ਧੀ ਦੇ ਠੀਕ ਨਾ ਹੋ ਸਕਣ ਦੀ ਖਬਰ ਸੁਣ ਕੇ ਪਰੇਸ਼ਾਨ ਹੋ ਗਈ ਹੈ ਹੋ ਕੁਝ ਨਹੀਂ। ਡਾਕਟਰ ਸਮਝਦਾ ਹੋਇਆ ਬੋਲਦਾ ਹੈ,

"ਮੈਂ ਇਹ ਨਹੀਂ ਕਹਿੰਦਾ ਕਿ ਇਸ ਨੇ ਠੀਕ ਨਹੀਂ ਹੋਣਾ ਮੇਰਾ ਭਾਵ ਐ ਕਿ ਬਹੁਤ ਵਕਤ ਲਗੇਗਾ।"

ਪਿਤਾ ਜੀ ਜੋ ਹੁਣ ਤਕ ਚੁੱਪ ਸਨ ਕਹਿਣ ਲਗਦੇ ਹਨ,

"ਹਾਲੇ ਇਲਾਜ ਮੁੱਕੇ ਨਹੀਂ, ਐਲੋਪੈਥੀ ਫਿਹਲ ਹੋਈ ਐ ਹਾਲੇ ਅਯੂਰਵੈਦਿਕ ਕਾਇਮ ਐ, ਮੈਂ ਆਪ ਕਰਾਂਗਾ ਇਲਾਜ।"

ਡਾਕਟਰ ਚਲੇ ਜਾਂਦੇ ਹਨ। ਘਰ ਵਿਚ ਖਾਮੋਸ਼ੀ ਜਿਹੀ ਛਾ ਜਾਂਦੀ ਹੈ। ਝਾਈ ਬੋਲਦੀ ਹੈ,

"ਬੜੇ ਪਿੰਡ ਇਕ ਮਾਤਾ ਹੈਗੀ ਆ, ਜਿਹੜਾ ਵੀ ਖੂੰਡੀ ਫੜ ਕੇ ਉਹਦੇ ਕੋਲ ਜਾਂਦਾ ਆਪਣੀਆਂ ਲੱਤਾਂ ਤੇ ਤੁਰ ਕੇ ਆਉਂਦਾ, ਕਹਿੰਦੇ ਆ ਕਿ ਖੂੰਡੀਆਂ ਦਾ ਉਸ ਕੋਲ ਢੇਰ ਲਗਿਆ ਹੋਇਆ। ਮੈਂ ਇਹਨੂੰ ਬੜੇ ਪਿੰਡ ਲੈ ਜਾਊਂ।"

ਉਹ ਇਕ ਦੂਜੇ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਵਿਚ ਹਨ, ਨਹੀਂ ਤਾਂ ਪਤਾ ਸਭ ਨੂੰ ਹੀ ਹੈ। ਸੁਸ਼ਮਾ ਬਹੁਤ ਹੀ ਚੁੱਪ ਕਰ ਜਾਂਦੀ ਹੈ। ਵਿਜੈ ਉਠ ਕੇ ਉਸ ਨੂੰ ਪੀਲੇ ਰੰਗ ਦੀ ਗੋਲੀ ਦਿੰਦਾ ਹੈ। ਡਾਕਟਰ ਨੇ ਕਹਿ ਰੱਖਿਆ ਹੈ ਕਿ ਇਹ ਗੋਲੀ ਅਜਿਹੇ ਮੌਕੇ ਲਈ ਹੀ ਹੈ।

ਇਕ ਦਿਨ ਵਿਜੈ ਘਰ ਆਉਂਦਾ ਹੈ ਤਾਂ ਦੇਖਦਾ ਹੈ ਕਿ ਝਾਈ ਤੇ ਸੁਸ਼ਮਾ ਮੁਹਰਲੇ ਕਮਰੇ ਦੀ ਝਾੜ ਪੂੰਝ ਕਰ ਰਹੀਆਂ ਹਨ। ਵਿਜੈ ਕਾਰਨ ਪੁੱਛਦਾ ਹੈ ਤਾਂ ਸੁਸ਼ਮਾ ਕਹਿੰਦੀ ਹੈ,

"ਤੁਸੀਂ ਆਪਣਾ ਕੰਪਿਊਟਰ ਉਪਰ ਬੌਕਸ ਰੂਮ ਵਿਚ ਲੈ ਜਾਓ, ਮੈਂ ਆਪਣਾ ਕੰਮ ਸ਼ੁਰੂ ਕਰ ਰਹੀ ਆਂ।"

"ਤੇਰਾ ਦਿਮਾਗ ਤਾਂ ਠੀਕ ਐ!"

ਵਿਜੈ ਗੁੱਸੇ ਵਿਚ ਆਇਆ ਬੋਲਦਾ ਹੈ। ਝਾਈ ਉਸ ਦਾ ਮਿਜਾਜ਼ ਦੇਖ ਕੇ ਬਾਹਰ ਨੂੰ ਚਲੇ ਜਾਂਦੀ ਹੈ। ਵਿਜੈ ਠੰਡਾ ਹੁੰਦਾ ਕਹਿੰਦਾ ਹੈ,

"ਮੈਂ ਵੀ ਚਾਹੁੰਨਾ ਕਿ ਤੂੰ ਕੰਮ ਕਰੇਂ, ਮੇਰੇ ਇਕੱਲੇ ਤੋਂ ਘਰ ਦਾ ਖਰਚ ਨਹੀਂ ਚਲਦਾ ਪਰ ਠੀਕ ਤਾਂ ਹੋ ਲੈ।"

"ਠੀਕ ਤਾਂ ਮੈਂ ਹੋਣਾਂ ਨਹੀਂ।"

"ਹੋਣਾਂ ਕਿਉਂ ਨਹੀਂ, ਮੈਂ ਹਰ ਰੋਜ਼ ਇਕ ਘੰਟਾ ਇੰਟਰਨੈੱਟ ਤੇ ਇਹੋ ਮਗਜ਼ਮਾਰੀ ਕਰਦਾਂ, ਨਿਤ ਨਵੀਆਂ ਦਵਾਈਆਂ ਨਿਕਲ ਰਹੀਆਂ, ਨਵੀਆਂ ਨਵੀਆਂ ਖੋਜਾਂ ਹੋ ਰਹੀਆਂ, ਕੀ ਪਤਾ ਕਿਹੜੇ ਵੇਲੇ ਇਸ ਦਾ ਇਲਾਜ ਮਿਲ ਜਾਵੇ।"

"ਪਰ ਸ਼ਰਮਾ ਜੀ, ਮੇਰੀ ਹਾਲਤ ਤਾਂ ਦੇਖੋ, ਮੈਂ ਕਿਦਾਂ ਠੀਕ ਹੋ ਜਾਊਂ!"

"ਹੋਵੇਂਗੀ, ਬਿਲਕੁਲ ਹੋਵੇਂਗੀ, ਦੇਖ ਤੂੰ ਬਹੁਤ ਸਟਰੋਂਗ ਵੌਮੇਨ ਆਂ, ਤੂੰ ਪਹਿਲਾਂ ਸੋਟੀ ਹਰਾ ਦਿਤੀ ਫਿਰ ਤੂੰ ਵੀਅਲ ਚੇਅਰ ਹਰਾਈ ਏਦਾਂ ਈ ਇਕ ਦਿਨ ਤੂੰ ਇਹ ਬਿਮਾਰੀ ਵੀ ਹਰਾ ਦੇਵੇਂਗੀ, ਮੈਂ ਤੇਰੇ ਨਾਲ ਆਂ, ਤੇਰੇ ਬੱਚੇ ਤੇਰੀ ਮਦਦ ਕਰਨਗੇ, ਪਰ ਜੇ ਤੂੰ ਕਿਸੇ ਨੂੰ ਗਲਤ ਦਵਾਈ ਦੇ ਬੈਠੀ ਤਾਂ ਲੈਣੇ ਦੇ ਦੇਣੇ ਵੀ ਪੈ ਸਕਦੇ ਆ।"

## ਚੁਤਾਲੀ

ਵਿਜੈ ਬੱਚਿਆਂ ਨੂੰ ਸਕੂਲ ਛੱਡ ਸੁਸ਼ਮਾ ਨੂੰ ਦਵਾਈ ਖਵਾ ਕੇ ਕੰਪਿਊਟਰ ਰੂਮ ਵਿਚ ਜਾ ਬੈਠਦਾ ਹੈ। ਨਰਸ ਸੁਸ਼ਮਾ ਨੂੰ ਤਿਆਰ ਕਰਕੇ ਚਲੇ ਜਾਂਦੀ ਹੈ ਤੇ ਉਹ ਉਸ ਕੋਲ ਫਰੰਟ ਰੂਮ ਵਿਚ ਆ ਜਾਂਦੀ ਹੈ। ਉਸ ਨੇ ਬੂਟੀਆਂ ਵਾਲੀ ਸਕੱਰਟ ਪਾਈ ਹੋਈ ਹੈ। ਵਿਜੈ ਹੀ ਇਸ ਨੂੰ ਖਰੀਦ ਕੇ ਲਿਆਇਆ ਹੈ। ਸੁਸ਼ਮਾ ਲਈ ਹੁਣ ਖੁਲ੍ਹੇ ਕਪੜੇ ਹੀ ਠੀਕ ਰਹਿੰਦੇ ਹਨ। ਉਹ ਆਪਣੀ ਸਕੱਰਟ ਹਿਲਉਂਦੀ ਬੋਲਦੀ ਹੈ,

"ਸਾੜੀ ਲਾਈ ਨੂੰ ਤਾਂ ਕਈ ਸਾਲ ਹੋ ਗਏ, ਸਾੜੀ ਹੁਣ ਸੁਫਨਾ ਈ ਹੋ ਗਈ, ਹੁਣ ਤਾਂ ਆਹ ਪਜਾਮੇ ਸਕੱਰਟਾਂ ਈ ਅੜਾ ਹੋ ਜਾਣ ਇਹੋ ਬਹੁਤ ਐ।"

"ਪਹਿਲਾਂ ਭਾਰ ਘਟਾ, ਸਾੜੀ ਤਾਂ ਤੂੰ ਕਿਸੇ ਦੀ ਮਦਦ ਨਾਲ ਵੀ ਲਾ ਸਕਦੀ ਐਂ, ਜਿਧਰੋਂ ਦੀ ਤੂੰ ਲੰਘਦੀ ਐਂ ਹਵਾ ਰੁਕ ਜਾਂਦੀ ਐ ਸਾੜੀ ਵਿਚਾਰੀ ਕੀ ਕਰੇਗੀ।"

ਵਿਜੈ ਦੀ ਗੱਲ ਤੇ ਸੁਸ਼ਮਾ ਹੱਸਦੀ ਹੈ। ਹਾਲੇ ਵੀ ਉਸ ਦੇ ਮੂੰਹ ਦੇ ਖੱਬੇ ਪਾਸੇ ਦੇ ਮਸਲ ਸੁਸਤ ਹਨ। ਸੱਜੇ ਪਾਸੇ ਜਿੰਨਾ ਨਹੀਂ ਹਰਕਤ ਕਰਦੇ। ਜਦ ਤਕ ਫੋਨ ਵਜਣ ਲਗਦਾ ਹੈ। ਵਿਜੈ ਫੋਨ ਚੁੱਕ ਕੇ ਉਸ ਨੂੰ ਫੜਾ ਦਿੰਦਾ ਹੈ। ਘਰ ਦੇ ਫੋਨ ਤੇ ਸੁਸ਼ਮਾ ਦੇ ਹੀ ਜ਼ਿਆਦਾ ਫੋਨ ਆਉਂਦੇ ਹਨ। ਵਿਜੈ ਦੇ ਅਧਿੱਕਤਰ ਫੋਨ ਉਸ ਦੇ ਮੁਬਾਈਲ ਤੇ ਪੁੱਜਦੇ ਹਨ। ਫੋਨ ਝਾਈ ਦਾ ਹੈ। ਫੋਨ ਸੁਣ ਕੇ

ਸੁਸ਼ਮਾ ਦਾ ਚਿਹਰਾ ਖਿੜ ਜਾਂਦਾ ਹੈ। ਵਿਜੈ ਉਸ ਵਲ ਦੇਖਦਾ ਹੈ ਕਿ ਦੱਸੇਗੀ ਕਿ ਕੀ ਖਬਰ ਹੈ। ਉਹ ਫੋਨ ਵਾਪਸ ਰਖਦੀ ਕਹਿੰਦੀ ਹੈ,

"ਬਹੁਤ ਖੁਸ਼ੀ ਦੀ ਖਬਰ ਐ ਪਰ ਤੁਸੀਂ ਇਸ ਨਾਲ ਸੜ ਭੁੱਜ ਜਾਣਾਂ।"

"ਅਜਿਹੀ ਕਿਹੜੀ ਗੱਲ ਹੋਈ!"

"ਝਾਈ ਹੋਰੀਂ ਪੱਕੇ ਹੋ ਗਏ।"

"ਦੈਟ'ਸ ਗੁੱਡ ਨਿਊਜ਼ ਪਰ ਇੰਨੀ ਛੇਤੀ!"

"ਵਕੀਲ ਕੀਤਾ ਸੀ ਕੋਈ ਵਧੀਆ ਜਿਹਾ।"

"ਇਹ ਖਬਰ ਮੇਰੇ ਲਈ ਇੰਨੀ ਬੁਰੀ ਨਹੀਂ ਰਮੇਸ਼ ਲਈ ਜ਼ਿਆਦਾ ਜ਼ਿਆਦਾ ਖਰਾਬ ਐ।"

"ਕੀ ਮਤਲਬ?"

"ਮਤਲਬ ਇਹ ਕਿ ਉਹ ਤਾਂ ਪਹਿਲਾਂ ਈ ਇਹਨਾਂ ਤੋਂ ਅੱਕਿਆ ਪਿਆ, ਵਿਚਾਰਾ ਕਰ ਕੁਸ਼ ਸਕਦਾ ਨਹੀਂ, ਦਾਜ ਵਿਚ ਕਾਰ ਜਿਉਂ ਲਈ ਹੋਈ ਐ, ਹੁਣ ਉਹਦਾ ਕੀ ਬਣੂੰ ਜਦ ਸਦਾ ਲਈ ਉਹਦੇ ਨਾਲ ਰਹੇ? ਝਾਈ ਵਰਗੀ ਬੁੜੀ ਨਾਲ ਤਾਂ ਰਹਿਣਾ ਓਦਾਂ ਈ ਔਖਾ, ਹਰ ਵੇਲੇ ਘਰ ਵਿਚ ਦਖ਼ਲ ਦਿੰਦੀ ਰਹਿੰਦੀ ਐ।"

"ਮੈਂ ਆਪਣੇ ਨਾਲ ਰਖੂੰ, ਮੇਰਾ ਫਰਜ਼ ਵੀ ਤਾਂ ਬਣਦਾ ਕਿ ਉਹਨਾਂ ਦੀ ਸੇਵਾ ਕਰਾਂ।"

"ਤੇਰੀ ਸੇਵਾ ਤਾਂ ਮੈਂ ਕਰਦਾਂ, ਪਹਿਲਾਂ ਤੂੰ ਸੇਵਾ ਕਰਨ ਜੋਗੀ ਤਾਂ ਹੋ ਜਾਹ ਫਿਰ ਜੋ ਚਾਹੇ ਕਰੀਂ।"

ਸੁਸ਼ਮਾ ਉਸ ਵਲ ਅਜੀਬ ਨਜ਼ਰਾਂ ਨਾਲ ਦੇਖਣ ਲਗਦੀ ਹੈ। ਉਹ ਕਹਿੰਦਾ ਹੈ,

"ਦੇਖ, ਮੈਂ ਤੇਰੇ ਨਾਲ ਹਰ ਤਰ੍ਹਾਂ ਐਡਜਸਟ ਕਰ ਸਕਦਾਂ, ਤੂੰ ਜੋ ਕਹੇਂਗੀ ਮੰਨ ਸਕਦਾਂ ਪਰ ਆਪਣੇ ਘਰ ਨੂੰ ਅੱਗ ਲਗਦੀ ਨਹੀਂ ਦੇਖ ਸਕਦਾ।"

"ਸ਼ਰਮਾ ਜੀ, ਤੁਹਾਨੂੰ ਨਹੀਂ ਲਗਦਾ ਕਿ ਉਹ ਤੁਹਾਡੇ ਵੀ ਕੁਸ਼ ਲਗਦੇ ਆ?"

"ਮੈਨੂੰ ਪਤਾ ਲਗਦੇ ਆ ਪਰ ਹੈਗੇ ਉਹ ਪੂਰੀ ਤਰ੍ਹਾਂ ਅੱਗ ਦਾ ਸਮਾਨ!"

ਕਹਿੰਦਾ ਹੋਇਆ ਉਹ ਆਪਣੇ ਕਿਸੇ ਕਲਾਇੰਟ ਨੂੰ ਫੋਨ ਕਰਨ ਲਗਦਾ ਹੈ। ਉਸ ਨੇ ਅਜ ਇਕ ਨਵਾਂ ਆਰਡਰ ਲੈਣ ਜਾਣਾ ਹੈ ਤੇ ਇਸ ਲਈ ਉਸ ਨੂੰ ਕਲਾਇੰਟ ਕੋਲ ਘੰਟਾ ਭਰ ਬੈਠਣਾ ਪੈਣਾ ਹੈ। ਇਸ ਕਲਾਇੰਟ ਨੂੰ ਗੱਲਾਂ ਕਰਨ ਦਾ ਬਹੁਤ ਭੁਸ ਹੈ ਤੇ ਗੱਲਾਂ ਕਰਨ ਤੋਂ ਬਾਅਦ ਹੀ ਅਰਡਰ ਮਿਲਣਾ ਹੈ। ਉਸ ਨੂੰ ਪਤਾ ਹੈ ਕਿ ਆਪਣੇ ਗਾਹਕਾਂ ਨਾਲ ਕਿਹੋ ਜਿਹੀਆਂ ਗੱਲਾਂ ਕਰਨੀਆਂ ਹਨ। ਚੜੀ ਉਮਰ ਦੇ ਬੰਦੇ ਔਰਤਾਂ ਦੀਆਂ ਗੱਲਾਂ ਕਰਕੇ ਖੁਸ਼ ਰਹਿੰਦੇ ਹਨ। ਨੌਜਵਾਨ ਕਾਰਾਂ ਬਾਰੇ ਗੱਲਾਂ ਕਰਦੇ ਹਨ। ਹਾਲੇ ਅੱਧਾ ਘੰਟਾ ਹੀ ਲੰਘਦਾ ਹੈ ਕਿ ਝਾਈ ਤੇ ਪਿਤਾ ਜੀ ਆ ਜਾਂਦੇ ਹਨ। ਪਿਤਾ ਜੀ ਦਰਵਾਜ਼ੇ ਵਿਚ ਹੀ ਆਖਣ ਲਗਦੇ ਹਨ,

"ਬਣ ਗਈ ਬਈ ਗੱਲ।"

"ਵਧਾਈਆਂ ਹੋਣ ਤੁਹਾਨੂੰ।"

ਪਿਤਾ ਜੀ ਉਸ ਵਧਾਈਆਂ ਦਾ ਜਵਾਬ ਨਹੀਂ ਦਿੰਦੇ। ਉਹਨਾਂ ਦੇ ਚਿਹਰੇ ਤੇ ਜੇਤੂ ਸਿਪਾਹੀ ਵਰਗਾ ਜਲੌਅ ਹੈ। ਝਾਈ ਦੀ ਚਾਲ ਵਿਚ ਵੀ ਆਕੜ ਹੈ। ਇਕ ਅਜੀਬ ਕਿਸਮ ਦਾ ਆਤਮ ਵਿਸਵਾਸ਼। ਉਹ ਦੋਵੇਂ ਮੂਹਰਲੇ ਕਮਰੇ ਵਿਚ ਹੀ ਲੰਘ ਆਉਂਦੇ ਹਨ। ਪਿਤਾ ਜੀ ਕਹਿੰਦੇ ਹਨ,

"ਤੁਸੀਂ ਤਾਂ ਬਈ ਇਸ ਕਮਰੇ ਦਾ ਨਕਸ਼ਾ ਈ ਬਦਲ ਕੇ ਰਖ ਦਿਤਾ, ਆਹ ਡੱਬੇ ਜਿਹੇ ਲਿਆ ਰੱਖੇ, ਇਹ ਕਲਿਨਿਕ ਤਾਂ ਲਗਦਾ ਈ ਨਹੀਂ। ਕੋਈ ਗੱਲ ਨਹੀਂ, ਮੁੜ ਕੇ ਸੈੱਟ ਕਰਦੇ ਆਂ ਸਭ ਕੁਸ਼।"

"ਪਿਤਾ ਜੀ, ਜਦ ਸੁਸ਼ਮਾ ਠੀਕ ਹੋ ਗਈ ਤਾਂ ਦੂਜੇ ਕਮਰੇ ਨੂੰ ਠੀਕ ਕਰਾਂਗੇ, ਵਧੀਆ ਕਲਿਨਿਕ ਬਣਾਵਾਂਗੇ, ਇਕ ਵਾਰ ਠੀਕ ਹੋਣ ਦਿਓ।"

"ਹੁਣ ਮੈਂ ਜਿਓਂ ਹੈਗਾਂ, ਮੈਂ ਚਲਾਊਂ ਕੰਮ, ਦੇਖੀਂ ਲੋਕਾਂ ਦੀਆਂ ਲਾਈਨਾਂ ਲਗਦੀਆਂ!"

"ਨਹੀਂ ਹਾਲੇ ਨਹੀਂ।"

"ਕਿਉਂ, ਹੁਣ ਤਾਂ ਸਾਨੂੰ ਸਟੇਅ ਮਿਲ ਗਈ, ਪੱਕੇ ਹੋ ਗਏ ਆਂ, ਕੰਮ ਵੀ ਕਰ ਸਕਦੇ ਆਂ, ਫਿਰ ਕਿਉਂ ਨਹੀਂ?"

"ਇਥੋਂ ਨਹੀਂ, ਬਾਹਰ ਦੁਕਾਨ ਲੈ ਲਓ, ਰਮੇਸ਼ ਦਿਓਂ ਕੰਮ ਸ਼ੁਰੂ ਕਰ ਲਓ,... ਇਥੋਂ ਨਹੀਂ।"

ਵਿਜੈ ਆਪਣੀ ਅਵਾਜ਼ ਤੇ ਭਾਰ ਪਾ ਕੇ ਆਖਦਾ ਹੈ। ਪਿਤਾ ਜੀ ਉਸੇ ਅੰਦਾਜ਼ ਵਿਚ ਪੁੱਛਦੇ ਹਨ,

"ਇਥੋਂ ਕਿਉਂ ਬਈ ਨਹੀਂ?"

"ਇਥੋਂ ਸੁਸ਼ਮਾ ਇਨਕੈਪਸਿਟੀ ਬੈਨੇਫਿਟ ਲੈ ਰਹੀ ਐ, ਸਾਡਾ ਕੌਂਸਲ ਟੈਕਸ ਮੁਆਫ ਐ, ਕੋਈ ਗਲਤ ਕੰਮ ਹੋਏਗਾ ਤਾਂ ਟਰੱਬਲ ਆਏਗੀ, ਟਰੱਬਲ ਤੋਂ ਮੈਂ ਬਚਦਾਂ।"

"ਲਓ ਜੀ, ਕਾਹਦੀ ਟਰੱਬਲ! ਲੋਕ ਪੈਸੇ ਵੀ ਲਈ ਜਾਂਦੇ ਆ ਤੇ ਕੰਮ ਵੀ ਕਰੀ ਜਾਂਦੇ ਆ।"

"ਪਿਤਾ ਜੀ, ਮੈਂ ਇਹ ਕੰਮ ਨਹੀਂ ਕਰ ਸਕਦਾ, ਮੈਂ ਗਲਤ ਕੰਮ ਨਹੀਂ ਕਰ ਸਕਦਾ, ਇਸ ਸ਼ਹਿਰ ਵਿਚ ਮੇਰਾ ਇਕ ਸਾਫ-ਸ਼ਫਾਫ ਅਕਸ ਐ, ਰਹਿਣ ਦਿਓ।"

ਵਿਜੈ ਦਾ ਰੁੱਖ ਬਹੁਤ ਰੁੱਖਾ ਹੈ। ਪਿਤਾ ਜੀ ਔਖੇ ਹੁੰਦੇ ਬਾਹਰ ਨਿਕਲ ਜਾਂਦੇ ਹਨ। ਉਹਨਾਂ ਦਾ ਚਿਹਰਾ ਕੱਸਿਆ ਜਾਂਦਾ ਹੈ। ਮੁੱਠੀਆਂ ਮੀਚ ਹੋ ਰਹੀਆਂ ਹਨ। ਉਹਨਾਂ ਦੀ ਚਾਲ-ਢਾਲ ਵਿਚ ਬਹੁਤ ਤੇਜ਼ੀ ਹੈ। ਵਿਜੈ ਨੇ ਉਹਨਾਂ ਦਾ ਇਹ ਰੂਪ ਪਹਿਲਾਂ ਨਹੀਂ ਦੇਖਿਆ, ਸ਼ਾਇਦ ਇਸ ਕਰਕੇ ਕਿ ਉਹ ਨਾਂਹ ਸੁਣਨ ਦੇ ਆਦੀ ਨਹੀਂ ਹਨ। ਸੁਸ਼ਮਾ ਤੇ ਝਾਈ ਤਾਂ ਪਹਿਲਾਂ ਹੀ ਦੂਜੀ ਬੈਠਕ ਵਿਚ ਹਨ। ਉਹ ਤਿੰਨੋਂ ਉੱਚੀ ਉੱਚੀ ਗੱਲਾਂ ਕਰਨ ਲਗਦੇ ਹਨ। ਵਿਜੈ ਗੁੱਸੇ ਵਿਚ ਹੈ ਪਰ ਉਹ ਕੰਪਿਊਟਰ ਤੇ ਆਪਣੇ ਕੰਮ ਵਲ ਧਿਆਨ ਦੇਣ ਦੀ ਕੋਸ਼ਿਸ਼ ਕਰਦਾ ਹੈ। ਕੁਝ ਦੇਰ ਬਾਅਦ ਸੁਸ਼ਮਾ ਉਸ ਕੋਲ ਆਉਂਦੀ ਹੈ ਤੇ ਕਹਿੰਦੀ ਹੈ,

"ਹੁਣ ਤਾਂ ਆਪਣੇ ਕੋਲ ਮੌਕਾ ਐ ਕੁਸ਼ ਕਰਨ ਦਾ।"

"ਆਪਣੇ ਕੋਲ ਨਹੀਂ, ਪਿਤਾ ਜੀ ਕੋਲ, ਇਹ ਲੋਕ ਮੇਰੇ ਘਰ ਤੇ ਕਬਜ਼ਾ ਚੱਕਰ ਵਿਚ ਕਿਉਂ ਪਏ ਹੋਏ ਆ?"

"ਸ਼ਰਮਾ ਜੀ, ਤੁਸੀਂ ਗਲਤ ਸੋਚ ਰਹੇ ਓ।"

"ਦੈਨ ਵਾਏ ਨੌਟ ਦੇ ਲੀਵ ਮੀ ਅਲੋਨ!"

"ਪਰ ਸ਼ਰਮਾ ਜੀ, ਜੇ ਪਿਤਾ ਜੀ ਇਥੋਂ ਕੰਮ ਕਰਨਗੇ ਤਾਂ ਆਪਾਂ ਨੂੰ ਈ ਫਾਇਦਾ ਹੋਣਾਂ।"

"ਸਾਨੂੰ ਕਿਵੇਂ ਫਾਇਦਾ ਹੋਣਾਂ, ਕਾਨੂੰਨੀ ਤੌਰ ਤੇ ਤੂੰ ਕੰਮ ਨਹੀਂ ਕਰ ਸਕਦੀ, ਕੌਂਸਲ ਤੋਂ ਲਾਇਸੰਸ ਲੈਣਾ ਪਏਗਾ, ਆਪਣਾ ਪਹਿਲਾ ਲਾਇਸੰਸ ਖਤਮ ਹੋ ਚੁੱਕੈ, ਜੇ ਸਾਡੇ ਘਰੋਂ ਕੋਈ ਕੰਮ ਕਰੇਗਾ ਤਾਂ ਤੈਨੂੰ ਮਿਲਦੇ ਪੈਸੇ ਬੰਦ ਹੋਣਗੇ, ਜਿਸ ਦਾ ਮਤਲਬ ਘਰ ਦੇ ਖਰਚ ਚਲਾਉਣੇ ਔਖੇ ਹੋ ਜਾਣਗੇ, ਘਰ ਵੀ ਹੱਥੋਂ ਖੁਸ ਸਕਦਾ, ਇਹਨਾਂ ਦਾ ਕੀ ਐ ਇਹਨਾਂ ਕੋਲ ਤਾਂ ਇੰਡੀਆ ਵਿਚ ਸਭ ਕੁਸ਼ ਹੈਗਾ। ਆਪਾਂ ਨਿਆਣੇ ਲੈ ਕੇ ਕਿਥੇ ਜਾਵਾਂਗੇ?"

ਸੁਸ਼ਮਾ ਵਿਜੈ ਦੀ ਗੱਲ ਸੁਣ ਖੱਬੀ ਲੱਤ ਤੇ ਹਲਕਾ ਜਿਹਾ ਭਾਰ ਪਾਉਂਦੀ ਦੂਜੇ ਕਮਰੇ ਵਲ ਤੁਰ ਜਾਂਦੀ ਹੈ। ਝਾਈ ਤੇ ਪਿਤਾ ਜੀ ਨਾਲ ਕੁਝ ਘੁਸਰ ਫੁਸਰ ਕਰਨ ਲਗਦੀ ਹੈ। ਵਿਜੈ ਉਠ ਕੇ ਆਪਣੇ ਕੰਮ ਤੇ ਚਲੇ ਜਾਂਦਾ ਹੈ। ਉਹ ਵਾਪਸ ਮੁੜਦਾ ਬੱਚਿਆਂ ਨੂੰ ਵੀ ਚੁੱਕ ਲਿਆਉਂਦਾ ਹੈ। ਘਰ ਪੁੱਜਦਾ ਹੈ ਤਾਂ ਉਹ ਤਿੰਨੋਂ ਸੈਟੀ ਤੇ ਬੈਠੇ ਉਸ ਵਲ ਇਵੇਂ ਦੇਖਦੇ ਹਨ ਜਿਵੇਂ ਕੋਈ ਜੱਜ ਦੋਸ਼ੀ ਵਲ ਦੇਖਦਾ ਹੈ ਪਰ ਉਸ ਕੋਲ ਸਜ਼ਾ ਸੁਣਾਉਣ ਦਾ ਹੱਕ ਨਹੀਂ ਹੈ। ਰੋਹਨ ਇਕ ਦਮ ਟੈਲੀ ਦਾ ਚੈਨਲ ਬਦਲ ਦਿੰਦਾ ਹੈ। ਪਿਤਾ ਜੀ ਗੁੱਸੇ ਵਿਚ ਆਏ ਉਠ ਖੜਦੇ ਹਨ ਤੇ ਬਾਹਰ ਗਾਰਡਨ ਵਿਚ ਚਲੇ ਜਾਂਦੇ ਹਨ। ਝਾਈ ਕਹਿੰਦੀ ਹੈ,

"ਅਸੀਂ ਤਾਂ ਤੇਰੇ ਭਲੇ ਲਈ ਸੋਚਦੇ ਸੀ, ਤੁਹਾਡੀ ਈ ਮਦਦ ਹੋਣੀ ਸੀ, ਤੇਰੇ ਪਿਤਾ ਜੀ ਨੂੰ ਸਾਰੀ ਦੁਨੀਆਂ ਜਾਣਦੀ ਆ, ਸਭ ਨੇ ਭੱਜੇ ਆਉਣਾ ਸੀ, ਸਾਨੂੰ ਕੀ ਤੇਰੀ ਮਰਜ਼ੀ!"

"ਤੁਸੀਂ ਰਮੇਸ਼ ਦੀ ਗੈਰਜ ਵਿਚੋਂ ਇਹ ਕੰਮ ਸ਼ੁਰੂ ਕਰ ਲਓ, ਉਹਨੂੰ ਸ਼ਾਇਦ ਤੁਹਾਡੀ ਮਦਦ ਦੀ ਜ਼ਿਆਦਾ ਲੋੜ ਹੋਵੇ।"

ਝਾਈ ਕੁਝ ਨਹੀਂ ਬੋਲਦੀ। ਵਿਜੈ ਮੁੜ ਆਪਣੇ ਕੰਪਿਊਟਰ ਤੇ ਜਾ ਬੈਠਦਾ ਹੈ। ਸੁਸ਼ਮਾ ਉਹਦੇ ਮਗਰ ਆਉਂਦੀ ਹੈ। ਹੌਲੇ ਜਿਹੇ ਬੋਲਦੀ ਹੈ,

"ਸ਼ਰਮਾ ਜੀ, ਇਹ ਹੁਣ ਦੀਦੀ ਵਲ ਨਹੀਂ ਜਾਣਾ ਚਾਹੁੰਦੇ।"

"ਫੇਰ ਕਿਥੇ ਜਾਣਗੇ? ਮੰਦਿਰ, ਗੁਰਦਵਾਰੇ?"

"ਇਥੇ ਆਪਣੇ ਵਲ।"

"ਕੀ ਗੱਲ, ਇਥੇ ਨਾਨਕੇ ਆ?"

"ਨਹੀਂ, ਇਹ ਇਹਨਾਂ ਦੀ ਧੀ ਦਾ ਘਰ ਐ।"

"ਮੈਨੂੰ ਤੇਰੀ ਸਿਹਤ ਦਾ ਬਹੁਤ ਫਿਕਰ ਐ ਨਹੀਂ ਤਾਂ ਤੈਨੂੰ ਸ਼ਾਇਦ ਮੇਰੇ ਸੁਭਾਅ ਦਾ ਪਤਾ ਨਹੀਂ, ਜਦ ਮੇਰਾ ਸਿਰ ਘੁੰਮ ਜਾਂਦਾ ਤੇ ਮੈਨੂੰ ਨਹੀਂ ਪਤਾ ਲਗਦਾ ਕਿ ਮੈਂ ਕੀ ਕਰ ਰਿਹਾਂ। ਇਹਨਾਂ ਨੂੰ ਕਹਿ ਕਿ ਮੇਰਾ ਅੰਤ ਨਾ ਦੇਖਣ।"

ਸੁਸ਼ਮਾ ਕਾਹਲੀ ਨਾਲ ਕਮਰੇ ਵਿਚੋਂ ਨਿਕਲ ਜਾਂਦੀ ਹੈ। ਵਿਜੈ ਨੂੰ ਉਸ ਦਾ ਫਿਕਰ ਲਗ ਜਾਂਦਾ ਹੈ। ਉਹ ਵੀ ਉਸ ਦੇ ਮਗਰ ਜਾਂਦਾ ਹੈ। ਸੁਸ਼ਮਾ ਸੈਟੀ ਤੇ ਡਿਗ ਪੈਂਦੀ ਹੈ। ਵਿਜੈ ਉਸ ਦੀ ਹਾਲਤ ਦੇਖਦਾ ਉਸ ਨੂੰ ਪੀਲੇ ਰੰਗ ਦੀ ਗੋਲੀ ਦਿੰਦਾ ਹੈ। ਝਾਈ ਸੁਸ਼ਮਾ ਦੇ ਮੱਥਾ ਦਾ ਪਸੀਨਾ ਪੂੰਝਣ ਲਗਦੀ ਹੈ। ਸੁਸ਼ਮਾ ਚੁਪ ਚਾਪ ਵਿਜੈ ਵਲ ਦੇਖਦੀ ਜਾ ਰਹੀ ਹੈ। ਵਿਜੈ ਡਰ ਜਾਂਦਾ ਹੈ ਕਿ ਉਸ ਨੂੰ ਕੁਝ ਹੋ ਹੀ ਨਾ ਜਾਵੇ। ਉਹ ਪੁੱਛਦਾ ਹੈ,

"ਤੂੰ ਠੀਕ ਐਂ, ਡਾਕਟਰ ਬੁਲਾਵਾਂ?"

ਸੁਸ਼ਮਾ ਇਸ਼ਾਰੇ ਨਾਲ ਹੀ ਦਸਦੀ ਹੈ ਕਿ ਉਹ ਠੀਕ ਹੈ। ਵਿਜੈ ਗੁਸਲ ਜਾਂਦਾ ਹੈ। ਗੁਸਲਖਾਨੇ ਵਿਚ ਲਗੇ ਵਡੇ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖਦਾ ਹੈ। ਇਹ ਲਾਲ ਹੋਇਆ ਪਿਆ ਹੈ। ਡਾਕਟਰ ਕਹਿੰਦਾ ਹੈ ਕਿ ਇਹ ਵਧੇ ਹੋਏ ਬਲੱਡ ਪਰੈੱਸ਼ਰ ਦੀ ਨਿਸ਼ਾਨੀ ਹੈ। ਅਜਿਹੇ ਮੌਕੇ ਕੁਰਸੀ ਤੇ ਬੈਠ ਕੇ ਅਰਾਮ ਕਰਨਾ ਚਾਹੀਦਾ ਹੈ। ਵਿਜੈ ਮੁੜ ਕੰਪਿਊਟਰ ਵਿਚ ਕੁਰਸੀ ਜਾ ਬਹਿੰਦਾ ਹੈ

ਤੇ ਢਾਸਣਾ ਲਗਾ ਕੇ ਅੱਖਾਂ ਮੀਟ ਲੈਂਦਾ ਹੈ ਪਰ ਉਸ ਦਾ ਧਿਆਨ ਸੁਸ਼ਮਾ ਵਲ ਹੀ ਹੈ। ਕੁਝ ਦੇਰ ਬਾਅਦ ਸੁਸ਼ਮਾ ਉਸ ਕੋਲ ਆਉਂਦੀ ਹੈ। ਰੋਣ ਲਗਦੀ ਹੈ, ਕਹਿੰਦੀ ਹੈ,

"ਪਤਾ ਨਹੀਂ ਇਹਨਾਂ ਨੇ ਕਿਹੜੇ ਮਾੜੇ ਕਰਮ ਕੀਤੇ ਹੋਏ ਆ ਜਿਹੜੇ ਜਿਹੜੇ ਦਰ ਦਰ ਰੁਲ਼ਦੇ ਫਿਰਦੇ ਆ! ਓਧਰ ਰਮੇਸ਼ ਜੀਜਾ ਜੀ ਇਹਨਾਂ ਨੂੰ ਬੁਲਾਉਂਦੇ ਨਹੀਂ ਤੇ ਇਧਰ ਤੁਸੀਂ ਇਹਨਾਂ ਨੂੰ ਘਰੋਂ ਕੱਢਦੇ ਪਏ ਆਂ, ਇਹਨਾਂ ਦੀ ਕਿਸਮਤ ਵਿਚ ਆਹ ਰੁਲ਼ਣਾ ਈ ਰਹਿ ਗਿਆ!"

"ਇਹ ਕਿਤੇ ਨਹੀਂ ਰੁਲ਼ਦੇ ਫਿਰਦੇ, ਇਹਨਾਂ ਦਾ ਆਪਣਾ ਘਰਬਾਰ ਐ, ਐਡੀ ਬੜੀ ਕੋਠੀ ਐ, ਸਿਹਤਾਂ ਠੀਕ ਐ, ਇਹਨਾਂ ਨੂੰ ਚਾਹੀਦਾ ਕਿ ਇੰਡੀਆ ਰਹਿਣ, ਇਥੇ ਤਾਂ ਬੁੜ੍ਹਿਆਂ ਦੀ ਜ਼ਿੰਦਗੀ ਓਦਾਂ ਈ ਬਹੁਤ ਬੁਰੀ ਆ, ਇਹਨਾਂ ਇਥੇ ਕੀ ਕਰਨਾਂ!"

"ਇਹਨਾਂ ਵਿਚਾਰਿਆਂ ਨੂੰ ਕੌਣ ਸਾਂਭੇਗਾ!"

"ਤੂੰ ਫਿਕਰ ਕਿਉਂ ਕਰਦੀ ਆਂ, ਮੈਂ ਹੈਗਾਂ, ਜਦ ਇਹਨਾਂ 'ਚੋਂ ਕਿਸੇ ਦੀ ਸਿਹਤ ਖਰਾਬ ਹੋਈ ਤਾਂ ਮੈਂ ਆਪੇ ਲੁਕ ਆਫਟਰ ਕਰੂੰ ਪਰ ਹਾਲੇ ਤਾਂ ਇਹ ਫਿਟ ਪਏ ਆ, ਹਾਲੇ ਇਹਨਾਂ ਨੂੰ ਇੰਡੀਆ ਚਲੇ ਜਾਣਾ ਚਾਹੀਦੈ, ਹੁਣ ਇਹਨਾਂ ਦੇ ਪੱਕਾ ਵੀਜ਼ਾ ਲਗ ਗਿਆ ਜਦ ਇਹਨਾਂ ਦਾ ਦਿਲ ਕਰਨ ਆਉਣ ਜਾਣ, ਥੋੜ੍ਹਾ ਚਿਰ ਰਹਿਣ ਤੇ ਚਲੇ ਜਾਣ ਪਰ ਜਦ ਕੋਈ ਪਰੋਬਲਮ ਪਈ ਤਾਂ ਮੈਂ ਹਾਜ਼ਰ ਆਂ।"

ਇੰਨਾ ਕਹਿਣ ਤੇ ਸੁਸ਼ਮਾ ਹੌਸਲੇ ਵਿਚ ਆ ਜਾਂਦੀ ਹੈ। ਉਹ ਦੂਜੇ ਕਮਰੇ ਵਿਚ ਜਾ ਕੇ ਝਾਈ ਨਾਲ ਕੋਈ ਗੱਲ ਕਰਦੀ ਹੈ ਤੇ ਫਿਰ ਉਹ ਦੋਵੇਂ ਰਸੋਈ ਵਿਚ ਕੰਮ ਕਰਨ ਲਗਦੀਆਂ ਹਨ। ਰਾਤ ਦੀ ਰੋਟੀ ਖਾਣ ਤੋਂ ਬਾਅਦ ਉਹ ਚਲੇ ਜਾਂਦੇ ਹਨ। ਸੁਸ਼ਮਾ ਵਿਜੈ ਨੂੰ ਫਿਰ ਕਹਿਣ ਲਗਦੀ ਹੈ ਕਿ ਉਹਨਾਂ ਦਾ ਬੁਢਾਪਾ ਰੁਲ਼ ਰਿਹਾ ਹੈ। ਵਿਜੈ ਮੁੜ ਆਪਣੀ ਗੱਲ ਦੁਹਰਾਉਂਦਾ ਹੈ ਕਿ ਕਿਸੇ ਵੀ ਬਿਮਾਰੀ ਸਮੇਂ ਉਹ ਉਹਨਾਂ ਦਾ ਸਾਥ ਦੇਵੇਗਾ। ਆਪਣੀ ਆਦਤ ਮੁਜਬ ਸੁਸ਼ਮਾ ਇਹੋ ਕਈ ਵਾਰ ਕਰ ਜਾਂਦੀ ਹੈ। ਸਵੇਰੇ ਉਠ ਫਿਰ ਇਹੋ ਗੱਲ ਕਰਨ ਲਗਦੀ ਹੈ।

ਅਗਲੀ ਦੁਪਿਹਰ ਉਹ ਫਿਰ ਆ ਜਾਂਦੇ ਹਨ। ਝਾਈ ਕਹਿਣ ਲਗਦੀ ਹੈ,

"ਵਿਜੈ, ਚਲ ਹੋਰ ਨਾ ਸਹੀ ਸਾਨੂੰ ਪੈਸੇ ਈ ਲਵਾ ਦੇ, ਫੇਰ ਸਾਨੂੰ ਰਹਿਣ ਲਈ ਫਲੈਟ ਵੀ ਮਿਲ ਜਾਣਾਂ।"

"ਮੈਨੂੰ ਨਈਂ ਲਗਦਾ ਕਿ ਤੁਹਾਨੂੰ ਇੰਨੀ ਜਲਦੀ ਪੈਸੇ ਲਗ ਸਕਣਗੇ।"

"ਕਿੱਦਾਂ ਨਹੀਂ ਲਗਣਗੇ, ਅਸੀਂ ਅਜ ਮੰਦਿਰ ਗਏ ਸੀ, ਗਿਆਨ ਚੰਦ ਨੂੰ ਤੂੰ ਲੁਆ ਕੇ ਦਿਤੇ ਆ, ਮੇਹਲੀ ਵਾਲੇ ਬੂਟਾ ਰਾਮ ਦਸਦਾ ਸੀ ਕਿ ਉਹਨੂੰ ਵੀ ਵਿਜੇ ਨੇ ਈ ਲੁਆ ਕੇ ਦਿਤੇ ਆ ਤੇ ਨਾਲ ਰਹਿਣ ਲਈ ਘਰ ਵੀ।"

ਪਿਤਾ ਜੀ ਇਵੇਂ ਕਹਿ ਰਹੇ ਹਨ ਜਿਵੇਂ ਕਿ ਵਿਜੈ ਨੇ ਹੀ ਪੈਸੇ ਲਾਉਣੇ ਹੋਣ। ਉਹ ਆਖਦਾ ਹੈ,

"ਪਿਤਾ ਜੀ, ਤੁਹਾਨੂੰ ਪਤੈ ਨਾ ਕਿ ਜਦ ਪੱਕੇ ਹੋਣ ਲਈ ਤੁਸੀਂ ਅਪਲਾਈ ਕੀਤਾ ਸੀ ਤਾਂ ਰਮੇਸ਼ ਨੇ ਤੁਹਾਡੀ ਗਰੰਟੀ ਦਿਤੀ ਸੀ ਕਿ ਉਹ ਤੁਹਾਡਾ ਹਰ ਤਰਾਂ ਨਾਲ ਜ਼ਿੰਮੇਵਾਰ ਐ। ਤੁਹਾਨੂੰ ਉਹਨੇ ਪੱਕੇ ਕਰਾਇਆ।"

"ਸਾਨੂੰ ਰਮੇਸ਼ ਨੇ ਸਾਨੂੰ ਕੀ ਪੱਕੇ ਕਰਾਉਣਾ ਸੀ, ਉਹ ਤਾਂ ਸਾਨੂੰ ਦੇਖ ਕੇ ਨਹੀਂ ਖੁਸ਼, ਇਹ ਤਾਂ ਭਲਾ ਹੋਵੇ ਰਾਮ ਸਰੂਪ ਦਾ ਜਿਹੜਾ ਸਾਨੂੰ ਵਕੀਲ ਦੇ ਲੈ ਕੇ ਗਿਆ।"

"ਕੁਸ਼ ਵੀ ਹੋਵੇ ਤੁਹਾਡੀ ਗਰੰਟੀ ਤਾਂ ਰਮੇਸ਼ ਨੇ ਦਿਤੀ ਹੋਈ ਐ।"

"ਗਰੰਟੀ ਨਾਲ ਕੀ ਫਰਕ ਪੈਂਦਾ?"

"ਇਹ ਫਰਕ ਪੈਂਦਾ ਕਿ ਤੁਸੀਂ ਜਿਹੜਾ ਵੀ ਗੌਰਮਿੰਟ ਤੋਂ ਕਲੇਮ ਕਰੋਂਗੇ ਉਹ ਰਮੇਸ਼ ਨੂੰ ਵਾਪਸ ਦੇਣਾ ਪਏਗਾ ਕਿਉਂਕਿ ਤੁਹਾਡੀ ਸਾਰੀ ਜ਼ਿਮੇਵਾਰੀ ਉਸ ਨੇ ਲਈ ਹੋਈ ਐ।"

ਵਿਜੈ ਦੇ ਦੱਸਣ ਤੇ ਉਹ ਚੁੱਪ ਕਰ ਜਾਂਦੇ ਹਨ। ਬਾਅਦ ਵਿਚ ਵਿਜੈ ਸੁਸ਼ਮਾ ਨੂੰ ਕਹਿੰਦਾ ਹੈ,

"ਇਹ ਤਾਂ ਬਈ ਬਹੁਤ ਈ ਲਾਲਚੀ ਹੋਈ ਜਾਂਦੇ ਆ।"

"ਕਾਹਦੇ ਲਾਲਚੀ ਆ ਵਿਚਾਰੇ, ਜੇਹਦਾ ਕੋਈ ਝਾਲੂ ਨਹੀਂ ਇਹ ਗੌਰਮਿੰਟ ਤਾਂ ਹੈਗੀ ਆ ਨਾ, ਬਸ ਇਹੋ ਟਰਾਈ ਕਰਦੇ ਆ।"

"ਹਾਲੇ ਇਹਨਾਂ ਦੀ ਗੌਰਮਿੰਟ ਵੀ ਝਾਲੂ ਨਹੀਂ, ਟਾਈਮ ਲਗਦੈ ਇਹਨਾਂ ਕਲੇਮਾਂ ਨੂੰ ਨਹੀਂ ਤਾਂ ਰਮੇਸ਼ ਟਰੱਬਲ ਵਿਚ ਆਏਗਾ।"

"ਇਹਨਾਂ ਨੂੰ ਸਭ ਪਤਾ, ਸਭ ਪਤਾ ਕਰ ਚੁੱਕੇ ਆ, ਇਹੋ ਗੱਲ ਇਹਨਾਂ ਨੂੰ ਰੋਕੀ ਖੜੀ ਐ ਨਹੀਂ ਤਾਂ ਤੁਹਾਡੇ ਵਰਗਾ ਈ ਕੋਈ ਹੋਰ ਬੰਦਾ ਮੰਦਿਰ ਵਿਚ ਇਹਨਾਂ ਨੂੰ ਮਿਲਿਆ, ਕਹਿੰਦਾ ਪੈਸੇ ਲਵਾ ਦੇਊਂ।"

"ਚਲ ਛੱਡ ਸਾਰੀ ਗੱਲ, ਤੂੰ ਆਪਣੀ ਸਿਹਤ ਦਾ ਧਿਆਨ ਰੱਖ, ਮੈਨੂੰ ਵੀ ਪਰੈੱਸ਼ਰ ਨਾ ਦੇਹ, ਪਹਿਲਾਂ ਈ ਡਾਕਟਰ ਨੇ ਮੇਰੀ ਬੀ. ਪੀ. ਦੀ ਗੋਲੀ ਹੋਰ ਵੱਡੀ ਕਰ ਦਿਤੀ ਐ।"

ਕਦੇ ਕਦੇ ਵਿਜੈ ਦਬਾਅ ਹੇਠ ਮਹਿਸੂਸ ਕਰਨ ਲਗਦਾ ਹੈ। ਆਮ ਤੌਰ ਤੇ ਉਹ ਸਮਝਦਾ ਹੈ ਕਿ ਉਸ ਨੂੰ ਦਬਾਅ ਤੰਗ ਨਹੀਂ ਕਰਦੇ। ਡਾਕਟਰ ਨੇ ਤੀਜੀ ਵਾਰ ਉਸ ਦੀ ਗੋਲੀ ਦੀ ਮਿਕਦਾਰ ਵਧਾਈ ਹੈ। ਹੁਸ਼ਿਆਰ ਕਹਿੰਦਾ ਹੈ,

"ਸ਼ਰਮਿਆਂ, ਜੇ ਉਹ ਮੋਟੇ ਬੁਲ੍ਹਾਂ ਵਾਲੀ ਕੁੜੀ ਨਹੀਂ ਵੀ ਕਾਬੂ ਆਉਂਦੀ ਨਾ ਸਹੀ, ਕੋਈ ਹੋਰ ਹੀ ਦੇਖ ਲੈ, ਨਹੀਂ ਤਾਂ ਤਕਾਲ਼ਾਂ ਨੂੰ ਟਾਈਮ ਕੱਢ ਕੇ ਪੱਬ ਆਇਆ ਕਰ।"

ਮਿਹਰ ਹਾਲੇ ਵੀ ਪਰੈੱਸ਼ਰ ਦਾ ਹੱਲ ਔਰਤ ਹੀ ਸਮਝਦਾ ਹੈ। ਉਹ ਕਹਿੰਦਾ ਹੈ,
"ਭਾਈ ਸਾਹਿਬ, ਇਸ ਵਾਰ ਦਿੱਲੀ ਗਏ ਤਾਂ ਮੇਰੇ ਦੋਸਤ ਗੁਪਤੇ ਨੂੰ ਜ਼ਰੂਰ ਮਿਲਣਾ, ਤੁਹਾਡੇ ਲਈ ਐਸੀ ਦਵਾਈ ਦਾ ਇੰਤਜ਼ਾਮ ਕਰੇਗਾ ਕਿ ਯਾਦ ਰਖੋਂਗੇ।"

ਇਹਨਾਂ ਦਿਨਾਂ ਵਿਚ ਵਿਧੀ ਦਾ ਜਨਮ ਦਿਨ ਆ ਜਾਂਦਾ ਹੈ। ਝਾਈ ਘਰ ਵਿਚ ਕਿਸੇ ਜਸ਼ਨ ਦਾ ਬਹਾਨਾ ਲੱਭ ਰਹੀ ਹੈ। ਵਿਜੈ ਨੂੰ ਪਤਾ ਹੈ ਕਿ ਉਸ ਦੀ ਜੇਬ੍ਹ ਇਜਾਜ਼ਤ ਨਹੀਂ ਦੇ ਰਹੀ। ਉਹ ਸੁਸ਼ਮਾ ਨੂੰ ਸਮਝਾ ਕੇ ਜਨਮ ਦਿਨ ਨੂੰ ਪਰਿਵਾਰ ਤਕ ਸੀਮਤ ਹੀ ਰੱਖਣਾ ਚਾਹੁੰਦਾ ਹੈ। ਜਨਮ ਦਿਨ ਵਾਲੇ ਦਿਨ ਉਹ ਸ਼ਾਮ ਦਾ ਖਾਣਾ ਬਾਹਰ ਖਾਣ ਜਾਇਆ ਕਰਦੇ ਹਨ। ਰੋਹਨ ਪਰਦੇ ਜਿਹੇ ਨਾਲ ਕਹਿੰਦਾ ਹੈ,
"ਅਸੀਂ ਡਿਨਰ ਤੇ ਬਾਹਰ ਜਾਣਾ ਨਹੀਂ ਮੰਗਦੇ।"
"ਕਿਉਂ?"
"ਮੌਮ ਲੁਕ ਫੱਨੀ, ਪੀਪਲ ਮਾਈਟ ਲਾਫ!"

ਕਿਧਰੇ ਬਾਹਰ ਜਾਣ ਦੀ ਬਜਾਏ ਉਹ ਕੇਕ ਘਰ ਹੀ ਕੱਟ ਲੈਂਦੇ ਹਨ। ਝਾਈ ਤੇ ਪਿਤਾ ਜੀ ਆਏ ਹੋਏ ਹਨ। ਪਿਤਾ ਜੀ ਸੁਸ਼ਮਾ ਨੂੰ ਆਹਿਸਤਾ ਜਿਹੇ ਆਖਦੇ ਹਨ,
"ਹੁਣ ਤਾਂ ਬਈ ਇਹਨੂੰ ਦੇਖਣਾ ਈ ਪੈਣਾਂ, ਇਹ ਕੀ ਜਾਣੂ ਕਿ ਕਿਹਦੇ ਨਾਲ ਵਾਹ ਪਿਐ!"

ਬਾਅਦ ਵਿਚ ਵਿਜੈ ਪੁੱਛਦਾ ਹੈ,
"ਕਿਹਦੀਆਂ ਗੱਲਾਂ ਕਰਦੇ ਸੀ?"
"ਜੀਜਾ ਜੀ ਦੀਆਂ।"
"ਇਹ ਬੰਦੇ ਤਾਂ ਬਈ ਖਤਰਨਾਕ ਐ, ਜਿਸ ਥਾਲ਼ੀ ਵਿਚ ਖਾਂਦੇ ਆ ਉਸੇ ਵਿਚ ਛੇਕ ਕਰਨ ਦੀ ਗੱਲ ਕਰਦੇ ਆ।"
"ਜੀਜਾ ਜੀ ਇਹਨਾਂ ਨੂੰ ਬਹੁਤ ਗਲਤ ਬੋਲਦਾ।"
"ਇਹ ਸਭ ਪਰੈੱਸ਼ਰ ਵਿਚੋਂ ਨਿਕਲੀਆਂ ਗੱਲਾਂ ਹੈਗੀਆਂ, ਲੋਕ ਕਿਸੇ ਨਾਲ ਵਰਤਦੇ ਸਮੇਂ ਇਹ ਨਹੀਂ ਸੋਚਦੇ ਕਿ ਇਹ ਬੰਦਾ ਕਿੰਨਾ ਕੁ ਦਬਾਅ ਝੱਲ ਸਕਦੈ, ਰਮੇਸ਼ ਦੀ ਵੀ ਇਕ ਹੱਦ ਐ, ਮੇਰੇ ਨਾਲ਼ੋਂ ਫਿਰ ਵੀ ਉਹ ਲਚਕੀਲਾ ਐ। ਚੱਲ ਛੱਡ ਸਭ, ਤੂੰ ਅੱਜ ਦੁਪਿਹਰ ਵਾਲੀ ਦਵਾਈ ਖਾਧੀ ਕਿ ਨਹੀਂ?"

## ਪੰਜਤਾਲੀ

ਤੜਕਸਾਰ ਹੀ ਤਾਏ ਦਾ ਫੋਨ ਆਉਂਦਾ ਹੈ,
"ਵਿਜੇ, ਭਾਣਾ ਵਾਪਰ ਗਿਆ, ਜਲਦੀ ਆ ਜਾ।"
"ਕੀ ਹੋਇਆ ਤਾਇਆ?"
"ਤਾਈ ਤੇਰੀ ਸਾਥ ਛੱਡ ਗਈ।"
"ਕਦੋਂ?"
"ਹੁਣੇ ਈ, ਐਂਬੂਲੈਂਸ ਨੂੰ ਫੋਨ ਕਰ ਕੇ ਹਟਿਆਂ, ਜਲਦੀ ਆ ਜਾ।"

ਵਿਜੈ ਉਸੇ ਵੇਲੇ ਤਾਏ ਦੇ ਘਰ ਨੂੰ ਤੁਰ ਪੈਂਦਾ ਹੈ। ਤਾਏ ਦੇ ਘਰ ਮੁਹਰੇ ਦੋ ਐਂਬੂਲੈਂਸਾਂ ਖੜੀਆਂ ਹਨ। ਵਿਜੈ ਨੂੰ ਆਪਣੀ ਕਾਰ ਥੋੜੀ ਦੂਰ ਖੜੀ ਕਰਨੀ ਪੈਂਦੀ ਹੈ। ਤਾਇਆ ਧਾਹਾਂ ਮਾਰਦਾ ਵਿਜੈ ਨਾਲ ਚੁੰਬੜ ਜਾਂਦਾ ਹੈ। ਤਾਈ ਬੁੱਤ ਵਾਂਗ ਅਹਿਲ ਬਿਸਤਰ ਤੇ ਪਈ ਹੈ। ਉਸ ਵਲ ਦੇਖ ਕੇ ਵਿਜੈ ਦਾ ਰੋਣਾ ਵੀ ਨਿਕਲ ਜਾਂਦਾ ਹੈ ਪਰ ਤਾਏ ਦੀ ਹਾਲਤ ਉਸ ਤੋਂ ਬਦਤਰ ਹੈ। ਵਿਜੈ ਸੰਭਲਦਾ ਹੈ। ਉਹ ਤਾਏ ਨੂੰ ਸਾਂਭਣ ਲਗਦਾ ਹੈ। ਉਸ ਨੂੰ ਡਰ ਹੈ ਕਿ ਤਾਇਆ ਬਹੁਤਾ ਹੀ ਨਾ ਬਿਖਰ ਜਾਵੇ। ਇਸ ਉਮਰ ਵਿਚ ਜੀਵਨ ਸਾਥੀ ਦਾ ਵਿਚੋੜਾ ਸਹਿਣਾ ਸੌਖਾ ਨਹੀਂ ਹੁੰਦਾ। ਉਹ ਤਾਏ ਨੂੰ ਇਕ ਪਾਸੇ ਕਰ ਸਭ ਕੁਝ ਆਪਣੇ ਹੱਥ ਵਿਚ ਲੈ ਲੈਂਦਾ ਹੈ। ਡਾਕਟਰ ਆ ਕੇ ਤਾਈ ਨੂੰ ਮਰੀ ਹੋਈ ਕਰਾਰ ਜਾਂਦਾ ਹੈ। ਅੰਡਰਟੇਕਰ ਦੀ ਐਂਬੂਲੈਂਸ ਆ ਕੇ ਤਾਈ ਦੀ ਦੇਹ ਨੂੰ ਲੈ ਜਾਂਦੀ ਹੈ। ਵਾਕਫ ਲੋਕ ਆਉਣੇ ਸ਼ੁਰੂ ਹੋ ਜਾਂਦੇ ਹਨ। ਰਮੇਸ਼ ਪਿਤਾ ਜੀ ਤੇ ਝਾਈ ਨੂੰ ਲੈ ਆਉਂਦਾ ਹੈ। ਹੁਸ਼ਿਆਰ ਤੇ ਸੁਨੈਨਾ ਵੀ ਪੁੱਜ ਜਾਂਦੇ ਹਨ। ਹੋਰ ਵੀ ਸ਼ਹਿਰ ਦੇ ਜਾਣੂ ਲੋਕ ਆ ਰਹੇ ਹਨ ਤੇ ਜਾ ਰਹੇ ਹਨ। ਵਿਜੈ ਦੀਪਕ ਨੂੰ ਫੋਨ ਕਰ ਕੇ ਦਸ ਦਿੰਦਾ ਹੈ। ਦੀਪਕ ਰੋ ਰਿਹਾ ਹੈ ਪਰ ਆਉਣ ਦਾ ਵਾਅਦਾ ਨਹੀਂ ਕਰਦਾ ਫਿਰ ਵਿਜੈ ਨੂੰ ਵਾਪਸ ਫੋਨ ਕਰ ਕੇ ਪੁੱਛਦਾ ਹੈ ਕਿ ਉਸ ਦੀ ਮੌਮ ਉਸ ਲਈ ਕੁਝ ਛੱਡ ਕੇ ਗਈ ਹੈ ਜਾਂ ਨਹੀਂ। ਵਿਜੈ ਸਾਰਾ ਦਿਨ ਤਾਏ ਕੋਲ ਹੀ ਰਹਿੰਦਾ ਹੈ। ਰਾਤ ਨੂੰ ਵੀ ਉਥੇ ਹੀ ਸੌਂਦਾ ਹੈ। ਅਗਲੇ ਦਿਨ ਤਾਈ ਦੀ ਕੋਈ ਸਹੇਲੀ ਔਰਤ ਦੁਪਿਹਰ ਦਾ ਖਾਣਾ ਆਪਣੇ ਘਰੋਂ ਬਣਾ ਕੇ ਲੈ ਆਉਂਦੀ ਹੈ। ਰਾਤ ਦਾ ਖਾਣਾ ਰਮੇਸ਼ ਦੇ ਘਰੋਂ ਆ ਜਾਂਦਾ ਹੈ। ਪਿਤਾ

ਜੀ ਤੇ ਝਾਈ ਵੀ ਤਾਏ ਤੇ ਵਿਜੈ ਨਾਲ ਪਰਿਵਾਰ ਦੇ ਖਾਸ ਜੀਆਂ ਵਾਂਗ ਬੈਠੇ ਹਨ। ਵਿਜੈ ਸੋਚ ਰਿਹਾ ਹੈ ਕਿ ਉਹ ਆਪਣੇ ਨੰਬਰ ਬਣਾਉਣ ਦੇ ਚਕਰ ਵਿਚ ਹਨ। ਦੀਪਕ ਨੂੰ ਵਿਜੈ ਇਕ ਵਾਰ ਫਿਰ ਫੋਨ ਕਰਦਾ ਹੈ। ਦੀਪਕ ਕਹਿੰਦਾ ਹੈ ਕਿ ਉਹ ਫਿਊਨਰਲ ਤੇ ਹੀ ਆਵੇਗਾ। ਫਿਊਨਰਲ ਦੀ ਤਰੀਕ ਤਾਂ ਹਾਲੇ ਤਹਿ ਹੋਵੇਗੀ।

ਵਿਜੈ ਇੰਡੀਆ ਨੂੰ ਵੀ ਫੋਨ ਕਰ ਦਿੰਦਾ ਹੈ। ਅਸ਼ੋਕ ਤਾਈ ਦੇ ਦਾਗਾਂ ਤੇ ਆਉਣਾ ਚਾਹੁੰਦਾ ਹੈ ਪਰ ਵਿਜੈ ਉਸ ਨੂੰ 'ਹਾਂ' ਨਹੀਂ ਕਰਦਾ। ਉਹ ਸੋਚਦਾ ਹੈ ਕਿ ਪਹਿਲਾਂ ਹੀ ਉਸ ਦੀ ਜ਼ਿੰਦਗੀ ਉਪਰ-ਥੱਲੇ ਹੋਈ ਪਈ ਹੈ ਤੇ ਅਸ਼ੋਕ ਨੂੰ ਕਿਵੇਂ ਸੰਭਾਲੇਗਾ। ਤਾਈ ਦਾ ਇਕ ਭਰਾ ਵੀ ਇਸ ਮੌਕੇ ਦਾ ਬਹਾਨਾ ਕਰਕੇ ਇੰਗਲੈਂਡ ਆਉਣਾ ਚਾਹੁੰਦਾ ਹੈ ਪਰ ਤਾਇਆ ਹਾਮੀ ਨਹੀਂ ਭਰਦਾ। ਵਿਜੈ ਦਾ ਬਹੁਤਾ ਵਕਤ ਤਾਏ ਦੇ ਘਰ ਹੀ ਨਿਕਲਦਾ ਹੈ। ਕੋਈ ਨਾ ਕੋਈ ਅਫਸੋਸ ਕਰਨ ਵਾਲਾ ਆਇਆ ਹੀ ਰਹਿੰਦਾ ਹੈ। ਵਰਦਿੰਗ ਵਿਚ ਸਾਰੇ ਹੀ ਇਕ ਦੂਜੇ ਦੇ ਵਾਕਫ ਹਨ। ਉਸ ਦੇ ਕੁਝ ਇਕ ਕੰਮ ਹੁਸ਼ਿਆਰ ਕਰ ਰਿਹਾ ਹੈ। ਦਾਗਾਂ ਦੀ ਤਰੀਕ ਰੱਖ ਦਿਤੀ ਜਾਂਦੀ ਹੈ। ਤਾਇਆ ਚਾਹੁੰਦਾ ਹੈ ਦਾਗ ਐਤਵਾਰ ਜਾਂ ਸ਼ਨਿਚਾਰ ਵਾਰ ਨੂੰ ਹੋਣ ਪਰ ਹਫਤਾਂਤ ਤੇ ਫਿਊਨਰਲ ਬਹੁਤ ਮਹਿੰਗਾ ਪੈ ਰਿਹਾ ਹੈ। ਹਫਤੇ ਦੇ ਚਲਦੇ ਦਿਨਾਂ ਵਿਚ ਪੰਦਰਾਂ ਸੌ ਪੌਂਡ ਤੇ ਸ਼ਨਿਚਰਵਾਰ ਵਾਲੇ ਦਿਨ ਬਾਈ ਸੌ ਤੇ ਐਤਵਾਰ ਪੱਚੀ ਸੌ ਪੌਂਡ। ਵਿਜੈ ਸਾਰੀ ਤਫਸੀਲ ਇਕੱਠੀ ਕਰਕੇ ਤਾਏ ਮੂਹਰੇ ਰੱਖਦਾ ਹੈ। ਤਾਇਆ ਮੁਸਕਰਾਉਂਦਾ ਹੋਇਆ ਆਖਦਾ ਹੈ,

"ਵਿਜੇ, ਇਹ ਵੀਕਐਂਡ ਵਾਲੀ ਅਯਾਸ਼ੀ ਸਾਨੂੰ ਨਹੀਂ ਪੁੱਗਦੀ, ਕੋਈ ਵੀ ਦਿਨ ਕਰੀਮੇਸ਼ਨ ਦਾ ਰੱਖ ਲੈ ਆਪਣੀ ਹੈਸੀਅਤ ਮੁਤਾਬਕ, ਸਾਰੇ ਦਿਨ ਭਗਵਾਨ ਦੇ ਬਣਾਏ ਹੋਏ ਆ, ਇਕੋ ਜਿਹੇ।"

ਤਾਈ ਦੀ ਦੇਹ ਵਰਦਿੰਗ ਫਿਊਨਰਲ ਵਾਲਿਆਂ ਦੀ ਮੌਰਚਰੀ ਵਿਚ ਪਈ ਹੈ। ਵਿਜੈ ਤੇ ਤਾਇਆ ਹਰ ਰੋਜ਼ ਤਾਈ ਨੂੰ ਦੇਖਣ ਜਾਂਦੇ ਹਨ। ਹੋਰ ਰਿਸ਼ਤੇਦਾਰ, ਵਾਕਫ ਵੀ ਚਲੇ ਜਾਂਦੇ ਹਨ। ਤਾਇਆ ਤਾਈ ਦੇਖ ਦੇਖ ਰੋਣ ਲਗਦਾ ਹੈ। ਵਿਜੈ ਆਖਦਾ ਹੈ,

"ਤਾਇਆ, ਤੂੰ ਤਾਂ ਹੌਸਲੇ ਵਾਲਾਂ, ਮੈਂ ਤਾਂ ਆਪ ਤੇਰੇ ਤੋਂ ਬਹੁਤ ਕੁਸ਼ ਸਿਖਦਾਂ, ਤੂੰ ਡੋਲ ਗਿਆ ਤਾਂ ਮੇਰਾ ਕੀ ਬਣੂੰ?"

ਵਿਜੈ ਦੀ ਗੱਲ ਸੁਣ ਤਾਇਆ ਕੁਝ ਸੰਭਲਦਾ ਹੈ ਪਰ ਫਿਊਨਰਲ ਵਾਲੇ ਦਿਨ ਫਿਰ ਫਿਸ ਪੈਂਦਾ ਹੈ। ਵਰਦਿੰਗ ਫਿਊਨਰਲ ਵਾਲਿਆਂ ਦੀਆਂ ਇਕ ਕਾਰ ਤੇ ਇਕ ਵੈਗਨ ਸਵੇਰੇ ਗਿਆਰਾਂ ਵਜੇ ਘਰ ਦੇ ਮੂਹਰੇ ਪੁੱਜ ਜਾਂਦੀਆਂ ਹਨ। ਇਕ ਵੈਗਨ ਵਿਚ ਤਾਈ ਦੀ ਦੇਹ ਹੈ ਤੇ ਦੂਜੀ ਕਾਰ ਮਿਰਤਕ ਦੇ ਖਾਸ ਰਿਸ਼ਤੇਦਾਰਾਂ ਨੂੰ ਸਸਕਾਰ ਵਾਲੀ ਜਗਾਹ ਨੂੰ ਲੈ ਕੇ ਜਾਵੇਗੀ। ਤਾਈ ਵਾਲੀ ਵੈਗਨ ਫੁੱਲਾਂ ਨਾਲ ਸਜਾਈ ਹੋਈ ਹੈ। ਵਿਜੈ ਵਲੋਂ ਅਲੱਗ ਫੁੱਲ ਹਨ। ਫੁੱਲਾਂ ਨੂੰ ਅੱਖਰਾਂ ਵਿਚ ਮੜ੍ਹਿਆ ਹੋਇਆ ਹੈ। ਲਿਖਿਆ ਹੋਇਆ ਹੈ- ਪਿਆਰੀ ਤਾਈ। ਤਾਏ ਵਲੋਂ ਅਲੱਗ ਹਨ, ਲਿਖਿਆ ਹੈ-ਲਵਲੀ ਵਾਈਫ। ਰੋਹਨ ਤੇ ਵਿਧੀ ਵਲੋਂ ਵੀ ਇਕ ਗੁਲਦਸਤਾ ਹੈ ਜਿਸ ਤੇ ਲਿਖਿਆ ਹੈ- ਪਿਆਰੀ ਬੇਬੇ ਜੀ। ਦੀਪਕ ਵੀ 'ਮਾਈ ਮੌਮ' ਲਿਖੇ ਫੁੱਲ ਲੈ ਕੇ ਆਉਂਦਾ ਹੈ। ਉਸ ਦੇ ਨਾਲ ਉਸ ਦੀ ਗਰਲ ਫਰਿੰਡ ਵੀ ਹੈ ਪਰ ਗਰਲ ਫਰਿੰਡ ਨੂੰ ਘਰ ਦੇ ਅੰਦਰ ਨਹੀਂ ਲਿਆਉਂਦਾ। ਦੀਪਕ ਆਉਂਦਾ ਹੈ ਪਰ ਤਾਏ ਤੋਂ ਦੂਰ ਹੀ ਰਹਿੰਦਾ ਹੈ। ਇਕ ਵਾਰ ਤਾਇਆ ਉਸ ਵਲ ਨੂੰ ਅਹੁਲਦਾ ਵੀ ਹੈ ਕਿ ਸ਼ਾਇਦ ਦੀਪਕ ਉਸ ਕੋਲ ਆਵੇਗਾ ਪਰ ਦੀਪਕ ਆਪਣੇ ਥਾਂ ਤੋਂ ਨਹੀਂ ਹਿਲਦਾ। ਤਾਈ ਦਾ ਜਨਾਜ਼ੇ ਦੀਆਂ ਕਾਰਾਂ ਨੇੜੇ ਪੈਂਦੇ ਰੱਸਟਿੰਗ ਕਰੈਮੋਟੋਰੀਮ ਵਲ ਚਲ ਪੈਂਦੀਆਂ ਹਨ। ਕਰੈਮੋਟੋਰੀਅਮ ਦੇ ਹਾਲ ਵਿਚ ਤਾਈ ਦੀ ਦੇਹ ਵਾਲਾ ਬਕਸਾ ਰੱਖ ਦਿਤਾ ਜਾਂਦਾ ਹੈ। ਪੰਡਤ ਸ਼ਲੋਕ ਪੜ੍ਹਨ ਲਗਦਾ ਹੈ। ਸ਼ਲੋਕ ਖਤਮ ਕਰਕੇ ਪੰਡਤ ਘਰ ਵਾਲਿਆਂ ਨੂੰ ਇਸ਼ਾਰਾ ਕਰਦਾ ਹੈ ਕਿ ਮਰਨ ਵਾਲੀ ਦਾ ਬਾਲੀਵਾਰਸ ਆਵੇ ਤਾਂ ਜੋ ਬਿਜਲਈ ਚੁੱਲ੍ਹੇ ਦਾ ਬਟਨ ਦਬਾਇਆ ਜਾਵੇ ਤਾਂ ਜੋ ਦੇਹ ਵਾਲਾ ਬਕਸਾ ਚੁੱਲ੍ਹੇ ਵਲ ਜਾ ਸਕੇ। ਦੀਪਕ ਨਹੀਂ ਓਠਦਾ। ਅਸਲ ਵਿਚ ਉਸ ਨੂੰ ਅਜਿਹੀ ਕਿਸੇ ਰਸਮ ਦਾ ਪਤਾ ਹੀ ਨਹੀਂ ਹੈ। ਵਿਜੈ ਉਸ ਨੂੰ ਉਠਾ ਕੇ ਲੈ ਕੇ ਜਾਂਦਾ ਹੈ। ਸਾਰੇ ਲੋਕ ਹਾਲ ਤੋਂ ਬਾਹਰ ਆ ਜਾਂਦੇ ਹਨ। ਕਰੈਮੋਟੋਰੀਅਮ ਦੀ ਚਿਮਨੀ ਵਿਚੋਂ ਗਾੜ੍ਹਾ ਜਿਹਾ ਧੂੰਆਂ ਨਿਕਲਦਾ ਹੈ ਜਿਸ ਦਾ ਅਰਥ ਹੈ ਕਿ ਦੇਹ ਅਗਨ ਭੇਟ ਹੋ ਚੁੱਕੀ ਹੈ। ਕਰੈਮੋਟੋਰੀਅਮ ਤੋਂ ਬਾਅਦ ਮੰਦਿਰ ਵਿਚ ਕੁਝ ਦੇਰ ਕਥਾ ਹੁੰਦੀ ਹੈ ਤੇ ਫਿਰ ਸਾਰੇ ਆਪੋ ਆਪਣੇ ਰਾਹ ਪੈ ਜਾਂਦੇ ਹਨ। ਦੀਪਕ ਵੀ ਚਲੇ ਜਾਂਦਾ ਹੈ। ਪਿੱਛੇ ਰਹਿ ਜਾਂਦਾ ਹੈ ਇਕੱਲਾ ਤਾਇਆ ਤੇ ਕਿਸੇ ਹੱਦ ਤਕ ਉਸ ਨਾਲ ਵਿਜੈ। ਉਸ ਸ਼ਾਮ ਵਿਜੈ, ਸੁਸ਼ਮਾ ਤੇ ਬੱਚੇ ਤਾਏ ਵਲ ਹੀ ਠਹਿਰਦੇ ਹਨ। ਰੋਟੀ ਵੀ ਉਥੇ ਹੀ ਬਣਾਉਂਦੇ ਖਾਂਦੇ ਹਨ। ਭਾਗੀ ਵੀ ਦੇਰ ਸ਼ਾਮ ਤਕ ਰਹਿੰਦੀ ਹੈ। ਵਿਜੈ ਨੂੰ ਡਰ ਹੈ ਕਿ ਹੁਣ ਤਾਇਆ ਬਹੁਤ ਉਦਾਸ ਰਹਿਣ ਲਗੇਗਾ। ਇਹੋ ਤਾਂ ਉਮਰ ਹੈ ਜਦ ਸਾਥ ਦੀ ਲੋੜ ਹੁੰਦੀ ਹੈ। ਉਹ ਹਰ ਰੋਜ਼ ਤਾਏ ਵਲ ਚੱਕਰ ਮਾਰਦਾ ਹੈ। ਦੁਪਿਹਰ ਦੀ ਰੋਟੀ ਵੇਲੇ ਤਾਏ ਨੂੰ ਆਪਣੇ ਘਰ ਲੈ ਆਉਂਦਾ ਹੈ। ਰਾਤ ਨੂੰ ਤਾਂ ਤਾਇਆ ਦੁੱਧ ਦਾ ਵੱਡਾ ਗਲਾਸ ਹੀ ਪੀਂਦਾ ਹੈ। ਰੋਟੀ ਨਹੀਂ ਖਾਇਆ ਕਰਦਾ। ਤਾਇਆ ਘਰ ਦੇ ਬਹੁਤੇ ਕੰਮ ਆਪ ਕਰ ਲੈਂਦਾ ਹੈ। ਕਾਫੀ ਅਰਸੇ ਤੋਂ ਤਾਈ ਬਿਮਾਰ ਰਹੀ ਹੈ ਤਾਂ ਉਹ ਸਾਰੇ ਕੰਮ ਆਪ ਹੀ ਕਰਦਾ ਰਿਹਾ ਹੈ। ਇਕ ਦਿਨ ਉਹ ਕਾਫੀ ਸਾਰੇ ਫਰੋਜ਼ਨ ਖਾਣੇ ਖਰੀਦ ਲਿਆਉਂਦਾ ਹੈ। ਗਰਮ ਕਰੇਗਾ ਤੇ ਖਾਈ ਜਾਵੇਗਾ। ਅਜਕਲ ਸਭ ਕੁਝ ਫਰੋਜ਼ਨ ਮਿਲ ਜਾਂਦਾ ਹੈ, ਰੋਟੀਆਂ, ਤਿਆਰ ਦਾਲ, ਸ਼ਬਜੀਆਂ ਤੇ ਹੋਰ ਵੀ ਸਭ ਕੁਝ। ਫਰੀਜ਼ਰ ਵਿਚੋਂ ਕੱਢੋ ਤੇ ਮਾਈਕਰੋਵੇਵ ਵਿਚ ਗਰਮ ਕਰ ਕੇ ਖਾ ਲਵੋ। ਤਾਇਆ ਇਵੇਂ ਆਪਣੀ ਤੇ ਵਿਜੈ ਦੀ ਜ਼ਿੰਦਗੀ ਕੁਝ ਸੌਖੀ ਬਣਾ ਲੈਂਦਾ ਹੈ ਪਰ ਵਿਜੈ ਨੂੰ ਤਸੱਲੀ ਨਹੀਂ ਹੁੰਦੀ। ਉਸ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਤਾਇਆ ਗਰਮ ਗਰਮ ਪਕਦੀ ਪਕਦੀ ਰੋਟੀ ਖਾਵੇ।

ਕਈ ਵਾਰ ਵਿਜੈ ਆਪਣੀ ਕਲਪਣਾ ਵਿਚ ਤਾਏ ਨੂੰ ਇਕੱਲੇ ਘਰ ਬੈਠੇ ਦੇਖਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਉਡ ਕੇ ਤਾਏ ਕੋਲ ਪੁੱਜ ਜਾਵੇ। ਕਈ ਵਾਰ ਤਾਂ ਤਾਏ ਨੂੰ ਮਿਲਣ ਲਈ ਉਸ ਦਾ ਮਨ ਇੰਨਾ ਕਾਹਲਾ ਪੈਂਦਾ ਹੈ ਕਿ ਆਪਣੇ ਕਈ ਕੰਮ ਛੱਡ

ਕੇ ਉਸ ਨੂੰ ਮਿਲਣ ਚਲੇ ਜਾਂਦਾ ਹੈ। ਕਈ ਵਾਰ ਭਾਗੀ ਨੂੰ ਨਾਲ ਲੈ ਕੇ ਤਾਏ ਦੇ ਘਰ ਦੀ ਸਫਾਈ ਵੀ ਕਰਨ ਲਗਦਾ ਹੈ। ਤਾਏ ਨੂੰ ਇਹ ਸਭ ਚੰਗਾ ਤਾਂ ਲਗਦਾ ਹੈ ਪਰ ਉਹ ਨਹੀਂ ਚਾਹੁੰਦਾ ਕਿ ਉਸ ਕਾਰਨ ਵਿਜੈ ਦਾ ਮਾਨਸਿਕ ਦਬਾਅ ਵਧੇ ਇਸ ਲਈ ਵਿਜੈ ਨੂੰ ਰੋਕਣ ਲਗਦਾ ਹੈ। ਤਾਇਆ ਤਾਈ ਦੇ ਫੁੱਲ ਲੈ ਕੇ ਇੰਡੀਆ ਜਾਂਦਾ ਹੈ ਤੇ ਇਕ ਮਹੀਨੇ ਲਾ ਕੇ ਮੁੜਦਾ ਹੈ। ਆਪਣੇ ਪਿੰਡ ਮੁਕੰਦ ਪੁਰ ਵੀ ਜਾਂਦਾ ਹੈ। ਦੋ ਹਫਤੇ ਅਸ਼ੋਕ ਕੋਲ ਵੀ ਰਹਿੰਦਾ ਹੈ।

ਇੰਡੀਆ ਤੋਂ ਵਾਪਸ ਮੁੜ ਤਾਇਆ ਤਾਈ ਦੀ ਮੌਤ ਦੇ ਸੋਗ ਵਿਚੋਂ ਬਾਹਰ ਨਿਕਲ ਆਉਂਦਾ ਹੈ। ਜਿਵੇਂ ਵਿਜੈ ਡਰਦਾ ਹੈ ਉਸ ਦੇ ਉਲਟ ਹੁਣ ਤਾਇਆ ਬਿਲਕੁਲ ਸਧਾਰਣ ਜੀਵਨ ਬਤੀਤ ਕਰਨ ਲਗਦਾ ਹੈ। ਹੁਣ ਤਾਇਆ ਸੀ-ਫਰੰਟ ਦੀ ਸੈਰ ਰੋਜ਼ਾਨਾ ਕਰਨ ਜਾਂਦਾ ਹੈ। ਫਿਰ ਮੰਦਿਰ ਵਿਚ ਬਿਜ਼ੁਰਗਾਂ ਦੇ ਬੈਠਣ ਲਈ ਬਣੇ ਹਾਲ ਵਿਚ ਜਾ ਬੈਠਦਾ ਹੈ। ਉਥੇ ਰੰਗ ਬਰੰਗੀ ਦੁਨੀਆਂ ਮਿਲਦੀ ਰਹਿੰਦੀ ਹੈ। ਉਸ ਦਾ ਦਿਲ ਲਗਿਆ ਰਹਿੰਦਾ ਹੈ।

ਇਕ ਇਨ ਤਾਇਆ ਵਿਜੈ ਦੇ ਘਰ ਆਉਂਦਾ ਹੈ ਤਾਂ ਪਿਤਾ ਜੀ ਤੇ ਝਾਈ ਵੀ ਉਥੇ ਬੈਠੇ ਮਿਲਦੇ ਹਨ। ਰਸਮੀਂ ਗੱਲਾਂ ਤੋਂ ਬਾਅਦ ਪਿਤਾ ਜੀ ਕਹਿਣ ਲਗਦੇ ਹਨ,

"ਤੁਹਾਨੂੰ ਘਰ ਵਿਚ ਹਵਨ ਕਰਵਾਉਣਾ ਚਾਹੀਦਾ।"

"ਡਾਕਟਰ ਸਾਹਿਬ, ਮੈਂ ਇਕੱਲੀ ਜਾਨ ਆਂ, ਇੰਨਾ ਤਰੱਦਦ ਕਿਥੋਂ ਹੁੰਦਾ ਮੇਰੇ ਕੋਲੋਂ, ਨਾਲੇ ਜਿਹੜੀ ਰਸਮ ਕਰਨੀ ਸੀ ਮੈਂ ਹਰਦਵਾਰ ਜਾ ਕੇ ਕਰ ਆਇਆਂ।"

"ਨਹੀਂ ਜੀ, ਚਾਹੀਦਾ ਕੁਸ਼ ਨਾ ਕੁਸ਼।"

"ਕੰਮ ਬਹੁਤ ਵਧ ਜਾਂਦਾ, ਆਏ ਗਏ ਨੂੰ ਸੰਭਾਲਣ ਦਾ ਕੰਮ, ਘਰ ਦੀ ਸਾਫ ਸਫਾਈ ਦਾ ਕੰਮ, ਇਹ ਸਭ ਮੇਰੇ ਬਸ ਦੀ ਗੱਲ ਨਹੀਂ।"

"ਦੇਖੋ ਜੀ, ਤੁਸੀਂ ਤਾਂ ਆਪ ਪੰਡਤ ਓ, ਤੁਹਾਨੂੰ ਤਾਂ ਸਾਡੇ ਨਾਲੋਂ ਵੱਧ ਪਤਾ, ਹਵਨ ਬਿਨਾਂ ਮਰਨ ਵਾਲੀ ਦੀ ਰੂਹ ਘਰ ਵਿਚੋਂ ਕਿੱਦਾਂ ਜਾਏਗੀ!"

"ਡਾਕਟਰ ਸਾਹਿਬ, ਆਪਾਂ ਰੂਹ ਨੂੰ ਘਰ ਵਿਚੋਂ ਭੇਜਣਾ ਈ ਕਿਉਂ ਆ, ਰਹੀ ਜਾਵੇ, ਏਡਾ ਵੱਡਾ ਘਰ ਆ, ਮੈਂ ਇਕੱਲੇ ਨੇ ਓਥੇ ਕੀ ਕਰਨੈ!"

ਕਹਿ ਕੇ ਤਾਇਆ ਹੱਸਣ ਲਗਦਾ ਹੈ ਤੇ ਪਿਤਾ ਜੀ ਆਪਣਾ ਮੂੰਹ ਲੈ ਕੇ ਰਹਿ ਜਾਂਦੇ ਹਨ। ਪਿਤਾ ਜੀ ਨੂੰ ਹਵਨਾਂ ਦਾ ਜਾਂ ਕਥਾਵਾਂ ਦਾ ਬਹੁਤ ਸ਼ੌਂਕ ਹੈ। ਰਮੇਸ਼ ਦੇ ਘਰ ਦੋ ਵਾਰ ਅਜਿਹੇ ਇਕੱਠ ਕਰ ਚੁਕੇ ਹਨ। ਵਿਜੈ ਨੂੰ ਵੀ ਕਈ ਵਾਰ ਕਹਿ ਚੁੱਕੇ ਹਨ ਪਰ ਵਿਜੈ ਉਹਨਾਂ ਦੇ ਕਾਬੂ ਨਹੀਂ ਆ ਰਿਹਾ। ਉਹ ਸੁਸ਼ਮਾ ਰਾਹੀਂ ਵਿਜੈ ਨੂੰ ਮਜਬੂਰ ਕਰਨ ਤਕ ਜਾਂਦੇ ਹਨ ਪਰ ਸੁਸ਼ਮਾ ਨੂੰ ਪਤਾ ਹੈ ਵਿਜੈ ਨੇ ਉਸ ਦੇ ਕਹੇ ਵੀ ਅਜਿਹੀ ਕੋਈ ਗੱਲ ਨਹੀਂ ਕਰਨੀ। ਤਾਈ ਦੇ ਮਰਨ ਦਾ ਸੁਸ਼ਮਾ ਨੂੰ ਵੀ ਬਹੁਤ ਦੁੱਖ ਹੈ। ਉਹ ਘਰ ਆਉਂਦੀ ਤਾਂ ਉਸ ਦੀ ਬਾਂਹ ਮਲਣ ਲਗਦੀ, ਕਦੇ ਉਸ ਦਾ ਸਿਰ ਘੁੱਟਣ ਲਗਦੀ। ਕਈ ਵਾਰ ਉਸ ਨੂੰ ਤਾਈ ਦਾ ਬਹੁਤ ਚੇਤਾ ਆਉਣ ਲਗਦਾ ਹੈ। ਕਈ ਵਾਰ ਤਾਂ ਉਹ ਰੋਣ ਵੀ ਲਗਦੀ ਹੈ। ਜੇ ਝਾਈ ਕੋਲ ਹੋਵੇ ਤਾਂ ਕਹਿਣ ਲਗਦੀ ਹੈ,

"ਕਿਉਂ ਬਗਾਨਿਆਂ ਖਾਤਰ ਰੋਈ ਜਾਨੀ ਆਂ!"

ਸੁਸ਼ਮਾ ਕੁਝ ਕਹੇ ਬਿਨਾਂ ਚੁੱਪ ਕਰ ਜਾਂਦੀ ਹੈ। ਆਪਣੇ ਉਲਾਰ ਸੁਭਾਅ ਕਾਰਨ ਵੀ ਸੁਸ਼ਮਾ ਅਜਿਹਾ ਕਰਨ ਲਗਦੀ ਹੈ। ਸਿਹਤ ਉਸ ਦੀ ਹਾਲੇ ਪੂਰੀ ਤਰ੍ਹਾਂ ਠੀਕ ਨਹੀਂ ਹੈ। ਦੋ ਵਾਰ ਉਹ ਫਿਰ ਹਸਪਤਾਲ ਰਹਿ ਆਈ ਹੈ। ਇਕ ਵਾਰ ਤਾਂ ਉਸ ਦਾ ਸਿਰ ਹੀ ਇੰਨਾ ਦੁਖਣ ਲਗਦਾ ਹੈ ਕਿ ਐਂਬੂਲੈਂਸ ਸੱਦਣੀ ਪੈਂਦੀ ਹੈ ਇਕ ਵਾਰ ਤਾਂ ਉਹ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਸਭ ਡਰ ਜਾਂਦੇ ਹਨ ਕਿ ਉਸ ਨੂੰ ਦੁਬਾਰਾ ਕੋਈ ਅਟੈਕ ਹੋ ਗਿਆ ਹੈ ਪਰ ਇਹ ਵਖਰੀ ਕਿਸਮ ਦੇ ਮਿਰਗੀ ਦੇ ਦੌਰੇ ਹਨ। ਝਾਈ ਰਾਮ ਰਾਮ ਕਰਦੀ ਕਹਿੰਦੀ ਹੈ,

"ਮੈਂ ਕਿੰਨੀ ਵਾਰ ਕਿਹਾ ਕਿ ਕਥਾ ਕਰਾ ਲਓ ਪਰ ਮੇਰੀ ਕੋਈ ਸੁਣੇ ਵੀ।"

"ਝਾਈ, ਇਹ ਕਥਾ ਨਾ ਕਰਾਉਣ ਕਰਕੇ ਨਹੀਂ ਕਥਾ ਕਰਨ ਕਰਕੇ ਹੋਇਆ, ਕਥਾ ਜਿਹੜੀ ਤੁਸੀਂ ਇਹਨੂੰ ਸਵੇਰੇ ਸ਼ਾਮ ਸੁਣਾਉਂਦੇ ਰਹਿੰਦੇ ਓ।"

"ਅਸੀਂ ਕਿਹੜੀ ਕਥਾ ਸੁਣਾਉਂਨੇ ਆਂ?"

"ਤੁਹਾਨੂੰ ਪਤਾ ਕਿ ਇਹ ਤਾਂ ਪਹਿਲਾਂ ਈ ਇੰਨੇ ਪਰੈੱਸ਼ਰ ਵਿਚ ਐ ਤੇ ਤੁਸੀਂ ਆਪਣੇ ਹੋਰ ਈ ਮਸਲੇ ਲੈ ਕੇ ਬਹਿ ਜਾਂਦੇ ਓ।"

ਨਾ ਚਾਹੁੰਦਾ ਹੋਇਆ ਵਿਜੈ ਵੀ ਕਹਿ ਜਾਂਦਾ ਹੈ। ਝਾਈ ਉਸ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦੀ, ਗੁੱਸੇ ਵਿਚ ਮੂੰਹ ਸੁਜਾ ਕੇ ਦੂਜੇ ਪਾਸੇ ਦੇਖਣ ਲਗਦੀ ਹੈ।

ਇਕ ਦਿਨ ਤਾਇਆ ਤਾਈ ਦੇ ਗਹਿਣਿਆਂ ਵਾਲਾ ਬਕਸਾ ਲਿਆ ਕੇ ਸੁਸ਼ਮਾ ਨੂੰ ਦੇ ਦਿੰਦਾ ਕਹਿੰਦਾ ਹੈ,

"ਇਹ ਹੁਣ ਮੇਰੇ ਕਿਸੇ ਕੰਮ ਨਹੀਂ, ਇਹ ਹੁਣ ਤੂੰ ਰੱਖ, ਵਿਧੀ ਦੇ ਕੰਮ ਆਉਣਗੇ।"

ਝਾਈ ਗਹਿਣਿਆਂ ਵਿਚ ਹੱਥ ਫੇਰਦੀ ਹੌਲੇ ਜਿਹੀ ਕਹਿੰਦੀ ਹੈ,

"ਦੋ ਕਿਲੋ ਸੋਨਾ ਹੋਏਗਾ!"

ਸੁਸ਼ਮਾ ਸਾਰੇ ਗਹਿਣਿਆਂ ਨੂੰ ਪਾ ਪਾ ਕੇ ਦੇਖਦੀ ਹੈ ਫਿਰ ਉਦਾਸ ਹੁੰਦੀ ਵਿਜੈ ਨੂੰ ਕਹਿੰਦੀ ਹੈ,

"ਸ਼ਰਮਾ ਜੀ, ਹੁਣ ਇਹ ਪਤਾ ਨਹੀਂ ਕਦੋਂ ਪਾਏ ਜਾਣੇ ਆਂ, ਪਾਏ ਵੀ ਜਾਣੇ ਆਂ ਕਿ ਨਹੀਂ, ਚਲ ਵਿਧੀ ਪਾਏਗੀ, ਰੋਹਨ ਦੀ ਵਾਈਫ ਵਰਤੇਗੀ!"

"ਤੂੰ ਵੀ ਪਾ, ਤੈਨੂੰ ਪਾਉਣ ਨੂੰ ਕੀ ਆ, ਬਸ ਤੂੰ ਥੋੜੀ ਕੁ ਮੋਟੀ ਈ ਐ, ਬਾਕੀ ਸਭ ਠੀਕ ਐ।"

"ਸੱਚ!"

ਉਹ ਖੁਸ਼ ਹੋ ਜਾਂਦੀ ਹੈ ਤੇ ਆਪਣਾ ਬੈਗ ਖੋਹਲ ਕੇ ਮੇਕ ਅੱਪ ਕਰਨ ਲਗਦੀ ਹੈ, ਫਿਰ ਕੁਝ ਕੁ ਗਹਿਣੇ ਪਾਉਂਦੀ ਰੋਹਨ ਨੂੰ ਕਹਿੰਦੀ ਹੈ,

"ਲਿਆ ਤੇਰਾ ਫੋਨ ਕਿਥੇ ਆ, ਮੇਰੀ ਫੋਟੋ ਖਿਚ ਤੇ ਆਪਣੇ ਫੋਨ ਵਿਚ ਪਾ ਲੈ।"

"ਇਹਨੇ ਤੇਰੀ ਫੋਟੋ ਕੀ ਕਰਨੀ ਆਂ, ਇਹ ਆਪਣੀ ਕਿਸੇ ਗਰਲ ਫਰਿੰਡ ਦੀ ਫੋਟੋ ਆਪਣੇ ਫੋਨ ਵਿਚ ਪਾਏਗਾ।"

"ਚੰਗਾ ਫਿਰ ਸ਼ਰਮਾ ਜੀ, ਤੁਸੀਂ ਲਿਆਓ, ਤੁਹਾਡਾ ਫੋਨ ਕਿਥੇ ਆ, ਤੁਸੀਂ ਮੇਰੀ ਫੋਟੋ ਆਪਣੇ ਫੋਨ ਵਿਚ ਪਾ ਲਓ।"

ਵਿਜੈ ਉਸ ਦੀ ਫੋਟੋ ਖਿਚ ਕੇ ਆਪਣੇ ਫੋਨ ਵਿਚ ਜਮ੍ਹਾਂ ਕਰਕੇ ਉਸ ਨੂੰ ਦਿਖਾਉਂਦਾ ਹੈ। ਉਹ ਖੁਸ਼ ਹੋ ਜਾਂਦੀ ਹੈ। ਵਿਜੈ ਉਠ ਕੇ ਬਾਹਰ ਜਾਂਦਾ ਹੈ ਤਾਂ ਝਾਈ ਗਹਿਣੇ ਟੋਹ ਟੋਹ ਕੇ ਦੇਖਣ ਲਗਦੀ ਹੈ। ਭਾਰੀਆਂ ਜਿਹੀਆਂ ਦੋ ਵੰਗਾਂ ਆਪਣੀਆਂ ਬਾਹਾਂ ਵਿਚ ਚਾੜ ਲੈਂਦੀ ਹੈ ਤੇ ਦੋ ਹੋਰ ਚੁੱਕਦੀ ਹੋਈ ਆਖਦੀ ਹੈ,

"ਅੰਮਰਤੀ ਦੀਆਂ ਬਾਹਾਂ ਵੀ ਨੰਗੀਆਂ ਈ ਫਿਰਦੀਆਂ।"

## ਛਿਆਲੀ

ਇਕ ਐਤਵਾਰ ਨੂੰ ਬੱਚਿਆਂ ਦੀ ਛੁੱਟੀ ਦਾ ਫਾਇਦਾ ਉਠਾਉਂਦਾ ਹੋਇਆ ਵਿਜੈ ਲੰਡਨ ਨੂੰ ਚਲੇ ਜਾਂਦਾ ਹੈ। ਉਸ ਸੋਚ ਰਿਹਾ ਹੈ ਕੇ ਉਥੇ ਆਪਣੇ ਵਿਜ਼ਟਿੰਗ-ਕਾਰਡ ਛੱਡ ਕੇ ਆਵੇਗਾ। ਅਜ ਬੱਚਿਆਂ ਨੂੰ ਸਕੂਲੇ ਛੱਡਣ ਦਾ ਵੀ ਫਿਕਰ ਨਹੀਂ ਹੈ ਤੇ ਨਾ ਹੀ ਲੈ ਕੇ ਆਉਣ ਦਾ। ਉਹ ਉਹਨਾਂ ਨੂੰ ਸੁੱਤੇ ਛੱਡ ਜਲਦੀ ਨਿਕਲ ਜਾਂਦਾ ਹੈ। ਦੁਪਿਹਰ ਜਿਹੇ ਨੂੰ ਉਸ ਦਾ ਮੁਬਾਈਲ ਵਜਦਾ ਹੈ। ਉਹ ਦੇਖਦਾ ਹੈ ਕਿ ਰੋਹਨ ਦਾ ਨੰਬਰ ਹੈ। ਉਹ ਸੋਚ ਰਿਹਾ ਹੈ ਕਿ ਉਠ ਕੇ ਬੱਚੇ ਉਸ ਨੂੰ ਲੱਭ ਰਹੇ ਹੋਣਗੇ ਇਸੇ ਲਈ ਹੈਲੋ ਕਰਨ ਖਾਤਿਰ ਫੋਨ ਕੀਤਾ ਹੋਵੇਗਾ। ਉਹ ਫੋਨ ਔਨ ਕਰਦਾ ਹੈ ਤਾਂ ਦੂਜੇ ਪਾਸੇ ਵਿਧੀ ਦੀ ਅਵਾਜ਼ ਹੈ। ਉਹ ਕਾਹਲੀ ਵਿਚ ਪੁੱਛਦੀ ਹੈ,

"ਡੈਡ, ਵਿਅ'ਆਰ ਯੂ?"

"ਮੈਂ ਤਾਂ ਦੂਰ ਆਂ ਲੰਡਨ ਵਿਚ, ਐਵਰੀ ਥਿੰਗ ਔਲਰਾਈਟ?"

"ਨੋ, ਝਾਈ ਇਨ ਟਰੱਬਲ, ਸ਼ੀ ਇਜ਼ ਸ਼ਾਊਟਿੰਗ ਐਟ ਅਸ ਵੈਰੀ ਬੈਡਲੀ।"

"ਵਾਏ?"

"ਕਹਿੰਦੀ ਮੇਰੀ ਮਨੀ ਸਟੀਲ ਹੋ ਗਈ ਐਂਡ ਸੀ ਸੇਅਜ਼ ਵੀ ਡਿਡ ਇਟ।"

"ਹਾਓ ਮੱਚ ਮਨੀ?"

"ਫਿਫਟੀਨ ਹੰਡਰਡ ਕੁਇਡ।"

"ਗਿਵ ਫੋਨ ਟੂ ਯੋਅਰ ਮੌਮ।"

ਸੁਸ਼ਮਾ ਫੋਨ ਤੇ ਨਹੀਂ ਆਉਂਦੀ। ਵਿਜੈ ਨੂੰ ਲਗਦਾ ਹੈ ਕਿ ਕੋਈ ਖਾਸ ਗੱਲ ਹੋ ਗਈ ਹੈ। ਝਾਈ ਦੇ ਪੈਸੇ ਗੁੰਮ ਹੋਏ ਹਨ ਤਾਂ ਉਸ ਦੇ ਬੱਚਿਆਂ ਤੇ ਇਲਜ਼ਾਮ ਕਿਉਂ ਲਗਾਇਆ ਜਾ ਰਿਹਾ ਹੈ। ਉਸ ਨੇ ਇੰਡੀਆ ਵਿਚ ਦੇਖਿਆ ਹੋਇਆ ਹੈ ਕਿ ਕਈ ਔਰਤਾਂ ਨੂੰ ਗੁੱਸਾ ਕਿਸੇ ਹੋਰ ਗੱਲ ਦਾ ਹੁੰਦਾ ਹੈ ਪਰ ਘਰ ਦੇ ਨੌਕਰਾਂ ਚਾਕਰਾਂ ਤੇ ਚੋਰੀ ਦਾ ਇਲਜ਼ਾਮ ਲਾਉਣ ਲਗਦੀਆਂ ਹਨ। ਕਿਤੇ ਝਾਈ ਵੀ ਇਵੇਂ ਹੀ ਨਾ ਕਰ ਰਹੀ ਹੋਵੇ ਜਾਂ ਫਿਰ ਵਿਧੀ ਨੂੰ ਕੋਈ ਭੁਲੇਖਾ ਵੀ ਲਗ ਸਕਦਾ ਹੈ। ਝਾਈ ਇਵੇਂ ਨਹੀਂ ਕਰ ਸਕਦੀ। ਉਹ ਆਪਣੀ ਵੈਨ ਵਰਦਿੰਗ ਵਲ ਨੂੰ ਮੋੜ ਕੇ ਘਰ ਨੂੰ ਫੋਨ ਕਰਦਾ ਹੈ। ਰੋਹਨ ਚੁਕਦਾ ਹੈ। ਉਹ ਦਸਦਾ ਹੈ,

"ਡੈਡ, ਝਾਈ ਲੌਸਟ ਹਰ ਮਨੀ ਸਮਵੇਅਰ ਐਂਡ ਬਲੇਮਿੰਗ ਅਸ, ਸ਼ੀ'ਜ਼ ਕੌਲਿੰਗ ਅਸ ਥੀਫ।"

"ਟੈਲ ਹਰ ਟੂ ਗੈਟ ਲੌਸਟ ਫਰੌਮ ਦਾ ਹਾਊਸ!"

ਵਿਜੈ ਗੁੱਸੇ ਵਿਚ ਕਹਿੰਦਾ ਹੈ ਤੇ ਵੈਨ ਨੂੰ ਪੂਰੀ ਸਪੀਡ ਤੇ ਭਜਾ ਲੈਂਦਾ ਹੈ। ਉਹ ਬਹੁਤ ਗੁੱਸੇ ਵਿਚ ਹੈ। ਉਹ ਸੋਚ ਰਿਹਾ ਹੈ ਕਿ ਇਹ ਕੈਸੀ ਅਜੀਬ ਚਾਲ ਹੋਈ। ਉਹਨਾਂ ਦੇ ਇਸ ਘਰ ਵਿਚ ਪੈਰ ਨਹੀਂ ਲਗ ਰਹੇ ਤਾਂ ਇਹੋ ਜਿਹੇ ਘਿਨਾਉਣੇ ਇਲਜ਼ਾਮ ਲਾਉਣ ਲਗ ਪਏ ਹਨ। ਪਹਿਲੀ ਗੱਲ ਤਾਂ ਉਹਨਾਂ ਕੋਲ ਪੰਦਰਾਂ ਸੌ ਪੌਂਡ ਆਏ ਕਿਥੋਂ ਤੇ ਫਿਰ ਵਿਜੈ ਦੇ ਘਰ ਹੀ ਕਿਉਂ ਗੁੰਮੇ। ਇਹ

ਕਿਹੜੀ ਸ਼ਾਜਿਸ਼ ਰਚੀ ਜਾ ਰਹੀ ਹੈ ਜਿਸ ਵਿਚ ਬੱਚਿਆਂ ਨੂੰ ਵੀ ਮੋਹਰਾ ਬਣਾਇਆ ਜਾ ਰਿਹਾ ਹੈ। ਸੋਚ ਸੋਚ ਕੇ ਵਿਜੈ ਗੁੱਸੇ ਵਿਚ ਪਾਗਲ ਹੁੰਦਾ ਜਾ ਰਿਹਾ ਹੈ। ਉਹ ਘੰਟੇ ਵਿਚ ਵਰਦਿੰਗ ਜਾ ਪੁੱਜਦਾ ਹੈ। ਇਕ ਕਮਰੇ ਵਿਚ ਝਾਈ ਆਪਣਾ ਅਟੈਚੀ ਖੋਹਲੀ ਬੈਠੀ ਹੈ। ਬੱਚੇ ਦੋਸ਼ੀਆਂ ਵਾਂਗ ਦੁੱਬਕੇ ਹੋਏ ਕੋਲ ਖੜੇ ਹਨ। ਵਿਜੈ ਨੂੰ ਦੇਖਦੇ ਸਾਰ ਹੀ ਉਹ ਉੱਚੀ ਉੱਚੀ ਰੋਂਦੇ ਉਸ ਨੂੰ ਆ ਚੁੰਬੜਦੇ ਹਨ। ਝਾਈ ਬੈਠੀ ਸਿਸਕ ਰਹੀ ਹੈ। ਉਸ ਦੇ ਵਾਲ ਖੁਲ੍ਹੇ ਹੋਏ ਹਨ। ਉਸ ਦੀ ਅਜੀਬ ਜਿਹੀ ਹਾਲਤ ਬਣੀ ਪਈ ਹੈ। ਬਾਹਰੋਂ ਤਾਂ ਵਿਜੈ ਬਹੁਤ ਗੁੱਸੇ ਵਿਚ ਆਉਂਦਾ ਹੈ ਪਰ ਉਸ ਵਲ ਦੇਖ ਕੇ ਉਹ ਢੈਲ੍ਹਾ ਪੈ ਜਾਂਦਾ ਹੈ। ਉਸੇ ਵਕਤ ਸੁਸ਼ਮਾ ਖੱਬੀ ਬਾਂਹ ਪੇਟ ਨਾਲ ਲਾਈ ਲੰਗ ਮਾਰਦੀ ਹੋਈ ਆ ਜਾਂਦੀ ਹੈ। ਉਸ ਦੀ ਹਾਲਤ ਦੇਖ ਕੇ ਵਿਜੈ ਦਾ ਰਹਿੰਦਾ ਹਿਰਖ ਵੀ ਛਾਈਂ ਮਾਈਂ ਹੋ ਜਾਂਦਾ ਹੈ। ਸੁਸ਼ਮਾ ਦੱਸਣ ਲਗਦੀ ਹੈ,

“ਝਾਈ ਦੇ ਅਟੈਚੀ ਵਿਚੋਂ ਪੰਦਰਾਂ ਸੌ ਪੌਂਡ ਗੁੰਮ ਹੋ ਗਏ!”

“ਕਿਹੜਾ ਅਟੈਚੀ? ਕਿਹਦਾ ਅਟੈਚੀ? ਕਿਥੋਂ ਆ ਗਿਆ?”

“ਝਾਈ ਨੇ ਇਥੇ ਰੱਖਿਆ ਹੋਇਆ ਸੀ।”

“ਗੁੰਮ ਹੋ ਗਏ ਤਾਂ ਬੱਚਿਆਂ ਨੂੰ ਕਿਉਂ ਦਬਕਿਆ ਜਾ ਰਿਹਾ? ਇਹਨਾਂ ਨੇ ਚੋਰੀ ਕੀਤੇ ਆ?”

“ਇਹ ਥੋੜੋਂ ਕੋਈ ਕਹਿੰਦਾ।”

“ਨੋਅ ਡੈਡ, ਦੈਟ'ਸ ਵੱਟ ਸੀ ਇਜ਼ ਸੇਇੰਗ!”

“ਇਹਨਾਂ ਕੋਲ ਪੈਸੇ ਕਿਥੋਂ ਆ ਗਏ?”

“ਇਹ ਇੰਡੀਆ ਤੋਂ ਲਿਆਏ ਸੀ।”

“ਇਹ ਤਾਂ ਬਈ ਬਹੁਤ ਵੱਡੀ ਖ਼ਬਰ ਐ, ਇਹ ਪੈਸੇ ਇੰਡੀਆ ਤੋਂ ਲਿਆਏ ਆ, ਮੈਨੂੰ ਦੱਸੇ ਬਿਨਾਂ ਮੇਰੇ ਘਰ ਵਿਚ ਰੱਖੇ ਆ ਤੇ ਮੇਰੇ ਬੱਚਿਆਂ ਤੇ ਈ ਚੋਰੀ ਦਾ ਇਲਜ਼ਾਮ ਲਈ ਜਾ ਰਹੇ ਆ!”

ਗੱਲ ਕਰਦਾ ਉਹ ਪਿਛਲੀ ਬੈਠਕ ਵਿਚ ਆ ਜਾਂਦਾ ਹੈ। ਪਿਤਾ ਜੀ ਉਥੇ ਬੈਠੇ ਹਨ। ਉਹ ਕਹਿਣ ਲਗਦੇ ਹਨ,

“ਮੈਂ ਤਾਂ ਤੁਹਾਡੀ ਝਾਈ ਨੂੰ ਕਿਹਾ ਸੀ ਕਿ ਚਲ ਕੋਈ ਗੱਲ ਨਹੀਂ ਪਰ ਇਹ ਸਮਝਦੀ ਨਹੀਂ।”

ਵਿਜੈ ਦੇ ਕੁਝ ਕਹਿਣ ਤੋਂ ਪਹਿਲਾਂ ਸੁਸ਼ਮਾ ਆ ਜਾਂਦੀ ਹੈ। ਬਾਹਰ ਡੋਰ ਬੈਲ ਹੁੰਦੀ ਹੈ। ਵਿਜੈ ਦਰਵਾਜ਼ਾ ਖੋਹਲਦਾ ਹੈ। ਬਾਹਰ ਟੈਕਸੀ ਵਾਲਾ ਖੜਾ ਹੈ। ਵਿਜੈ ਪੁੱਛਦਾ ਹੈ,

“ਟੈਕਸੀ ਕਿਹਨੇ ਮੰਗਵਾਈ?”

“ਝਾਈ ਹੋਰੀਂ, ਦੀਦੀ ਦੇ ਚਲੇ ਆ, ਅਟੈਚੀ ਕੋਲ ਹੋਣ ਕਰਕੇ ਟੈਕਸੀ ਸੱਦ ਲਈ।”

“ਕਦੋਂ ਆਏ ਤੇ ਕਦੋਂ ਚਲੇ!”

ਪਿਤਾ ਜੀ ਉਠ ਕੇ ਚਲੇ ਜਾਂਦੇ ਹਨ। ਝਾਈ ਵੀ ਨਾਲ ਹੀ ਆਪਣਾ ਅਟੈਚੀ ਚੁੱਕ ਕੇ ਤੁਰਦੀ ਬਣਦੀ ਹੈ। ਵਿਜੈ ਬੱਚਿਆਂ ਨੂੰ ਗੋਦੀ ਵਿਚ ਲੈ ਕੇ ਹੌਸਲਾ ਦਿੰਦਾ ਹੈ ਤੇ ਫਿਰ ਸੁਸ਼ਮਾ ਦੀ ਬਾਂਹ ਮਲ਼ਦਾ ਕਹਿੰਦਾ ਹੈ,

“ਇਹਨਾਂ ਨੂੰ ਮੇਰੇ ਬੱਚਿਆਂ ਤੇ ਏਡਾ ਵੱਡਾ ਇਲਜ਼ਾਮ ਲਾਉਣ ਦੀ ਕੀ ਲੋੜ ਪੈ ਗਈ? ਕਿਸੇ ਨੇ ਕੁਸ਼ ਕਿਹਾ ਸੀ?”

“ਅਗਲਿਆਂ ਦੇ ਗਵਾਚੇ ਹੋਣਗੇ ਤਾਂ ਹੀ ਕਹਿੰਦੇ ਆ।”

“ਇਹਨਾਂ ਬੱਚਿਆਂ ਤੇ ਈ ਇਲਜ਼ਾਮ ਲਾਉਣਾ ਸੀ! ਮੇਰੇ ਤੇ ਲਾ ਦਿੰਦੇ, ਕਿਸੇ ਹੋਰ ਦਾ ਨਾਂ ਲੈ ਦਿੰਦੇ। ਤੂੰ ਇਹਨਾਂ ਦੀ ਮਾਂ ਸੀ, ਤੂੰ ਵੀ ਇਹਨਾਂ ਦੇ ਬਚਾਅ ਤੇ ਨਹੀਂ ਆਈ?”

ਇੰਨਾ ਕਹਿਣ ਤੇ ਸੁਸ਼ਮਾ ਰੋਣ ਲਗਦੀ ਹੈ। ਵਿਜੈ ਨੂੰ ਉਸ ਦਾ ਫਿਕਰ ਪੈ ਜਾਂਦਾ ਹੈ ਕਿ ਕਿਤੇ ਲੈਣੇ ਦੇ ਦੇਣੇ ਈ ਨਾ ਪੈ ਜਾਣ। ਉਹ ਉਸ ਨੂੰ ਚੁੱਪ ਕਰਾਉਣ ਲਗਦਾ ਹੈ। ਉਸ ਨੂੰ ਸ਼ਾਂਤ ਕਰਕੇ ਕਹਾਣੀ ਪੁੱਛਣ ਦੀ ਕੋਸ਼ਿਸ਼ ਕਰਦਾ ਹੈ। ਝਾਈ ਰਮੇਸ਼ ਨਾਲ ਲੜ ਕੇ ਆਪਣਾ ਅਟੈਚੀ ਚੁੱਕ ਲਿਆਂਉਂਦੀ ਹੈ ਤੇ ਲਿਆ ਕੇ ਵਿਧੀ ਦੇ ਕਮਰੇ ਵਿਚ ਰੱਖ ਦਿੰਦੀ ਹੈ। ਉਹਨਾਂ ਦੇ ਘਰ ਦੇ ਪੰਜ ਸੌਣ ਕਮਰੇ ਹਨ। ਇਕ ਵਿਚ ਵਿਜੈ ਸੌਂਦਾ ਹੈ, ਦੂਜੇ ਵਿਚ ਸੁਸ਼ਮਾ, ਤੀਜੇ ਵਿਚ ਰੋਹਨ, ਚੌਥੇ ਵਿਚ ਵਿਧੀ ਤੇ ਪੰਜਵੇਂ ਵਿਚ ਵਿਜੈ ਦਾ ਸਮਾਨ ਪਿਆ ਹੈ। ਸੁਸ਼ਮਾ ਦੇ ਕਮਰੇ ਵਿਚ ਅਟੈਚੀ ਇਸ ਲਈ ਨਹੀਂ ਰਖਦੀ ਕਿ ਇਥੇ ਤਾਂ ਵਿਜੈ ਆਉਂਦਾ ਜਾਂਦਾ ਹੀ ਰਹਿੰਦਾ ਹੈ। ਵਿਧੀ ਨੂੰ ਆਪਣੇ ਕਮਰੇ ਵਿਚ ਝਾਈ ਦਾ ਅਟੈਚੀ ਚੰਗਾ ਨਹੀਂ ਲਗਦਾ ਤੇ ਉਹ ਇਸ ਅਟੈਚੀ ਨੂੰ ਬਾਹਰ ਕੱਢ ਕੇ ਰੱਖ ਦਿੰਦੀ ਹੈ। ਫਿਰ ਝਾਈ ਰੋਹਨ ਦੇ ਕਮਰੇ ਵਿਚ ਆਪਣਾ ਇਹ ਅਟੈਚੀ ਧਰਦੀ ਹੈ। ਰੋਹਨ ਵੀ ਖੁਸ਼ ਨਹੀਂ ਹੈ ਉਹ ਅਟੈਚੀ ਨੂੰ ਆਪਣੇ ਕਮਰੇ ਵਿਚੋਂ ਬਾਹਰ ਕਰ ਦਿੰਦਾ ਹੈ। ਇਸੇ ਗੱਲ ਤੇ ਝਾਈ ਚਿੜ ਜਾਂਦੀ ਹੈ ਕਿ ਉਸ ਦੇ ਅਟੈਚੀ ਲਈ ਵੀ ਇਸ ਘਰ ਵਿਚ ਜਗਾਹ ਨਹੀਂ ਹੈ। ਝਾਈ ਬੱਚਿਆਂ ਤੇ ਇਹ ਇਲਜ਼ਾਮ ਵੀ ਲਾ ਰਹੀ ਹੈ ਕਿ ਉਹਨਾਂ ਨੇ ਉਸ ਦਾ ਅਟੈਚੀ ਉਪਰੋਂ ਪੌੜੀਆਂ ਵਿਚ ਰੋੜ ਦਿਤਾ ਹੈ। ਵਿਜੈ ਸਾਰੀ ਗੱਲ ਨੂੰ ਹਾਸੇ ਵਿਚ ਪਾਉਂਦਾ ਕਹਿੰਦਾ ਹੈ,

“ਇਹ ਸਾਰੀ ਬੱਚਿਆਂ-ਬੁੱਢਿਆਂ ਦੀ ਖੇਡ ਐ, ਆਪਾਂ ਐਵੇਂ ਪਰੇਸ਼ਾਨ ਹੋਈ ਜਾ ਰਹੇ ਆਂ।”

ਵਿਜੈ ਇਸ ਘਟਨਾ ਤੋਂ ਬਹੁਤ ਦੁਖੀ ਹੈ ਪਰ ਇਸ ਨੂੰ ਅੰਦਰੋ ਅੰਦਰ ਪੀ ਜਾਂਦਾ ਹੈ। ਤਾਏ ਤਕ ਵੀ ਜ਼ਿਕਰ ਨਹੀਂ ਕਰਦਾ। ਇਕ ਦਿਨ ਰਮੇਸ਼ ਦਾ ਉਸ ਨੂੰ ਫੋਨ ਆਉਂਦਾ ਹੈ। ਉਹ ਕਹਿੰਦਾ ਹੈ,

"ਯਾਰ ਕਿਤੇ ਮਿਲ਼, ਬਹੁਤ ਸਾਰੀਆਂ ਗੱਲਾਂ ਕਰਨੀਆਂ।"

"ਮੈਂ ਥੋੜਾ ਜਿਹਾ ਬੀਜ਼ੀ ਆਂ ਤੂੰ ਦਸ ਫੋਨ ਤੇ ਈ ਕਰ ਲੈ ਜਿਹੜੀ ਗੱਲ ਕਰਨੀ ਆਂ।"

"ਇਹ ਲੋਕ ਤਾਂ ਵਾਕਿਆ ਈ ਇਥੇ ਸੈਟਲ ਹੋਣ ਦਾ ਤੇ ਪੈਸੇ ਲਵਾਣ ਦਾ ਮਨਸੂਬਾ ਬਣਾ ਕੇ ਆਏ ਸੀ।"

"ਸੈਟਲ ਤਾਂ ਹੋ ਗਏ, ਪੱਕੀ ਸਟੇਅ ਮਿਲ਼ ਗਈ, ਹੋਰ ਕੀ ਚਾਹੀਦੈ?"

"ਹੁਣ ਪੈਸੇ ਨਹੀਂ ਲਗ ਰਹੇ ਏਸ ਕਰਕੇ ਤੜਫੇ ਪਏ ਆ।"

"ਰਮੇਸ਼, ਤੜਫੇ ਨਹੀਂ ਪਏ, ਬੌਖਲਾਏ ਪਏ ਆ, ਦੇਖ ਨਾ ਨਿਆਣਿਆਂ ਤੇ ਈ ਚੋਰੀ ਦਾ ਇਲਜ਼ਾਮ ਲਾਈ ਜਾਂਦੇ ਆ।"

"ਏਧਰ ਵੀ ਏਦਾਂ ਈ ਕਰੀ ਜਾਂਦੇ ਆ, ਸੱਚੀ ਗੱਲ ਤਾਂ ਵਿਜੇ ਇਹ ਆ ਕਿ ਇਹ ਅੰਮਰਤੀ ਨੂੰ ਮੇਰੇ ਖਿਲਾਫ ਚੁੱਕੀ ਜਾਂਦੇ ਆ ਕਿ ਤੂੰ ਏਹਦਾ ਕਹਿਣਾ ਕਿਉਂ ਮੰਨਦੀ ਆਂ, ਏਦਾਂ ਈ ਸੁਸ਼ਮਾ ਨੂੰ ਵੀ ਤੇਰੇ ਖਿਲਾਫ ਚੁੱਕਦੇ ਆ, ਇਹ ਤਾਂ ਆਪਾਂ ਨੂੰ ਘਰਾਂ ਤੋਂ ਕਢਵਾ ਕੇ ਕਬਜ਼ਾ ਕਰਨੇ ਦੇ ਚੱਕਰ ਵਿਚ ਐ।"

"ਤੂੰ ਮੇਰਾ ਨਾ ਫਿਕਰ ਕਰ, ਮੈਨੂੰ ਆਪਣਾ ਬਚਾ ਕਰਨਾ ਆਉਂਦੈ।"

"ਵਿਜੇ, ਹੁਣ ਬਚਾਅ ਕੀ ਕਰਨਾ, ਤੇਰੇ ਤਾਂ ਇਹ ਬਹੁਤ ਵੱਡਾ ਟੀਕਾ ਲਾਈ ਬੈਠੇ ਆ।"

"ਅੱਛਾ! ਕੀ ਕਰ ਗਏ?"

"ਸੁਸ਼ਮਾ ਨੂੰ ਪਤਿਆ ਕੇ ਇਹਨਾਂ ਤੇਰੇ ਬਹੁਤ ਪੈਸੇ ਖਾਧੇ ਆ। ਸੁਸ਼ਮਾ ਨੇ ਬਹੁਤ ਸਾਰੇ ਪੈਸੇ ਇੰਡੀਆ ਇਹਨਾਂ ਨੂੰ ਭੇਜੇ ਆ ਤੇ ਫਿਰ ਵੀ ਰੱਜ ਨਹੀਂ ਆਇਆ ਤੇ ਇਥੇ ਨੂੰ ਆ ਗਏ।"

"ਕਿੰਨੇ ਕੁ ਚਿਰ ਤੋਂ ਇਹ ਕੰਮ ਚਲ ਰਿਹੈ?"

"ਜਦੋਂ ਤੋਂ ਤੇਰੇ ਕੋਲ ਰੈਸਟੋਰੈਂਟ ਹੁੰਦਾ ਸੀ।"

"ਤੈਨੂੰ ਉਦੋਂ ਦਾ ਈ ਪਤਾ ਸੀ?"

"ਹਾਂ, ਪਰ ਮੈਂ ਸੋਚਿਆ ਕਿ ਕਾਹਨੂੰ ਵਿਚ ਬੋਲਣਾ।"

"ਤੇ ਹੁਣ ਬੋਲਣ ਦੀ ਕੀ ਲੋੜ ਪੈ ਗਈ?"

ਵਿਜੈ ਦੇ ਸਵਾਲ ਦਾ ਰਮੇਸ਼ ਕੋਲ ਕੋਈ ਜਵਾਬ ਨਹੀਂ ਹੈ। ਵਿਜੈ ਕਹਿੰਦਾ ਹੈ,

"ਅਸਲ ਵਿਚ ਰਮੇਸ਼ ਦੁੱਗਲ ਤੂੰ ਵੀ ਇਸੇ ਗੈਂਗ ਦਾ ਮੈਂਬਰ ਐਂ, ਇਹਨਾਂ ਦੀ ਖਾਤਰ ਪਹਿਲਾਂ ਤੂੰ ਮੈਨੂੰ ਦੇਖ ਕਿੱਦਾਂ ਫਾਹਿਆ! ...ਬਹੁਤੀਆਂ ਗੱਲਾਂ ਕੀ ਕਹਿਣੀਆਂ ਪਰ ਤੇਰੇ ਅੱਗੇ ਦੇਖ ਤੇਰੀਆਂ ਕੀਤੀਆਂ ਕਿਸ ਤਰ੍ਹਾਂ ਆ ਰਹੀਆਂ। ਸੋਚ ਕੇ ਦੇਖ ਇਹਨਾਂ ਕਰਕੇ ਤੇਰੀ ਲਾਈਫ ਕਿਦਾਂ ਹੈੱਲ ਬਣੀ ਪਈ ਐ। ਜੇ ਤੂੰ ਓਦੋਂ ਮੈਨੂੰ ਦਸਦਾ ਜਦੋਂ ਇਹ ਪੈਸੇ ਇੰਡੀਆ ਭੇਜਣ ਲਗੀ ਸੀ ਤਾਂ ਮੈਂ ਕੁਸ਼ ਕਰ ਸਕਦਾ ਤੇ ਹੁਣ ਕਿਸੇ ਨਾ ਕਿਸੇ ਤਰ੍ਹਾਂ ਤੇਰਾ ਸਾਥ ਦਿੰਦਾ।"

"ਸੌਰੀ ਵਿਜੈ, ਮੈਨੂੰ ਉਸੇ ਵਕਤ ਤੈਨੂੰ ਦਸਣਾ ਚਾਹੀਦਾ ਸੀ ਪਰ ਹੁਣ ਤਾਂ ਮੇਰਾ ਸਾਥ ਦੇਹ।"

"ਜੇ ਤੂੰ ਇਹ ਕਹੇਂ ਕਿ ਤੂੰ ਇਸ ਕਰੋਪੀ ਤੋਂ ਬਚ ਗਿਆਂ ਤਾਂ ਤੇਰੀ ਗਲਤੀ ਐ, ਤੇਰੀ ਦੁਕਾਨ ਵੀ ਦੀਦੀ ਨੇ ਇਹਨਾਂ ਨੂੰ ਪੈਸੇ ਭੇਜ ਭੇਜ ਕੇ ਫੇਹਲ ਕਰਾਈ ਐ ਪਰ ਮੈਨੂੰ ਬਹੁਤ ਬਾਅਦ ਵਿਚ ਪਤਾ ਚਲਿਆ ਨਹੀਂ ਤਾਂ ਤੈਨੂੰ ਅਗਾਹ ਕਰ ਦਿੰਦਾ।"

"ਹੋ ਗਿਆ ਜੋ ਹੋਣਾ ਸੀ ਪਰ ਹੁਣ ਇਸ ਸਮੱਸਿਆ ਦਾ ਹੱਲ ਤਾਂ ਲੱਭ।"

"ਹੁਣ ਇਹਦਾ ਇਕੋ ਹੱਲ ਐ ਕਿ ਤੂੰ ਇਹਨਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਕਿ ਉਹ ਵਾਪਸ ਜਾਣ, ਅਗਲੇ ਸਾਲ ਚਾਰ ਹਫਤਿਆਂ ਲਈ ਫਿਰ ਫੇਰਾ ਮਾਰ ਜਾਣ। ਇਹਨਾਂ ਨੂੰ ਇਹ ਵੀ ਯਕੀਨ ਦਵਾ ਕਿ ਜਦ ਇਹ ਜ਼ਿਆਦਾ ਢਿੱਲੇ ਹੋਏ ਤਾਂ ਅਸੀਂ ਇਹਨਾਂ ਦੀ ਹਰ ਤਰ੍ਹਾਂ ਸੰਭਾਲ ਕਰਾਂਗੇ।"

ਵਿਜੈ ਆਖਦਾ ਹੈ। ਉਹ ਇਹ ਗੱਲ ਦਿਲੋਂ ਸੋਚ ਰਿਹਾ ਹੈ ਕਿ ਜੇਕਰ ਉਹਨਾਂ ਨੂੰ ਪਿਤਾ ਜੀ ਤੇ ਝਾਈ ਨੂੰ ਸੰਭਾਲਣਾ ਪਵੇ ਤਾਂ ਜ਼ਰੂਰ ਸੰਭਾਲੇਗਾ ਪਰ ਇਸ ਵਕਤ ਉਹਨਾਂ ਦੀ ਹਾਜ਼ਰੀ ਘਰ ਦੀ ਸ਼ਾਂਤੀ ਲਈ ਬਹੁਤ ਖਤਰਨਾਕ ਹੈ।

ਇਕ ਦਿਨ ਇਹ ਸਾਰੀ ਗੱਲ ਉਹ ਤਾਏ ਨਾਲ ਸਾਂਝੀ ਕਰਦਾ ਹੈ। ਇਸ ਤੋਂ ਪਹਿਲਾਂ ਉਸ ਨੇ ਤਾਏ ਕੋਲ ਪਿਤਾ ਜੀ ਤੇ ਝਾਈ ਦੀ ਕੋਈ ਸ਼ਿਕਾਇਤ ਨਹੀਂ ਸੀ ਲਾਈ। ਤਾਇਆ ਕਹਿਣ ਲਗਦਾ ਹੈ,

"ਮੈਂ ਦੇਖ ਰਿਹਾਂ, ਤੂੰ ਮੈਨੂੰ ਨਾ ਵੀ ਦੱਸੇਂ ਮੈਨੂੰ ਪਤਾ ਸਭ। ਮੰਦਿਰ ਵਿਚ ਪੰਡਤ ਭਗੀਰਥ ਰਾਮ ਨੇ ਮੈਨੂੰ ਇਹਨਾਂ ਬਾਰੇ ਬਹੁਤ ਗੱਲਾਂ ਦੱਸੀਆਂ ਪਰ ਮੈਂ ਚੁੱਪ ਆਂ। ਮੈਂ ਤਾਂ ਕਈ ਵਾਰ ਸੋਚਦਾਂ ਕਿ ਉਹਨਾਂ ਨੂੰ ਕਹਾਂ ਕਿ ਮੁੰਡਾ ਪਹਿਲਾਂ ਈ ਸੁਸ਼ਮਾ ਦੀ ਬਿਮਾਰੀ ਕਾਰਨ ਪਰੈੱਸ਼ਰ ਵਿਚ ਐ ਪਰ ਮੈਂ ਹਾਲੇ ਚੁੱਪ ਆਂ।"

ਪਿਤਾ ਜੀ ਪੰਡਤ ਭਗੀਰਥ ਰਾਮ ਨਾਲ ਸਾਰੀ ਗੱਲ ਕਰ ਲੈਂਦਾ ਹੈ ਤੇ ਉਹ ਅਗੇ ਤਾਏ ਨਾਲ। ਉਹੀ ਦਸਦਾ ਰਹਿੰਦਾ ਹੈ ਕਿ ਇਥੇ ਟਿਕਣ ਲਈ ਉਹ ਵਿਜੈ ਨੂੰ ਵਰਤਣ ਦੀਆਂ ਕਿਹੜੀਆਂ ਕਿਹੜੀਆਂ ਸਕੀਮਾਂ ਬਣਾਉਂਦੇ ਰਹਿੰਦੇ ਹਨ। ਉਹ ਤਾਂ ਕਈ ਵਾਰ

ਇਹ ਵੀ ਵਿਉਂਤ ਬਣਾਉਣ ਲਗਦੇ ਹਨ ਕਿ ਕਿਸੇ ਤਰ੍ਹਾਂ ਸੁਸ਼ਮਾ ਤੋਂ ਵਿਜੈ ਦੇ ਖਿਲਾਫ ਕੋਈ ਸ਼ਿਕਾਇਤ ਕਰਵਾ ਕੇ ਉਸ ਨੂੰ ਘਰੋਂ ਕੱਢ ਦਿਤਾ ਜਾਵੇ ਤੇ ਸੁਸ਼ਮਾ ਨੂੰ ਸੰਭਾਲਣ ਦੇ ਬਹਾਨੇ ਆਪ ਜਾ ਬੈਠਣ। ਤਾਇਆ ਇਹ ਗੱਲ ਵਿਜੈ ਨੂੰ ਨਹੀਂ ਦਸਦਾ ਪਰ ਹਾਲਾਤ ਉਪਰ ਅੱਖ ਰੱਖ ਰਿਹਾ ਹੈ। ਤਾਇਆ ਵਿਜੈ ਨੂੰ ਹੌਂਸਲਾ ਦੇਣ ਲਈ ਆਖਦਾ ਹੈ,

"ਵਿਜੇ, ਬਹੁਤਾ ਫਿਕਰ ਨਾ ਕਰ, ...ਮੈਨੂੰ ਲਗਦਾ ਕਿ ਤੂੰ ਕੁਝ ਜ਼ਿਆਦਾ ਹੀ ਰਿਐਕਟ ਕਰ ਗਿਐਂ, ਜਦ ਬੰਦਾ ਸਿਆਣਾ ਹੋ ਜਾਂਦੈ ਤਾਂ ਉਹ ਆਪਣੇ ਆਪ ਨੂੰ ਅਣਸੁਰੱਖਿਅਤ ਸਮਝਣ ਲਗਦਾ, ਇਵੇਂ ਹੁਣ ਉਹ ਕਿਧਰ ਜਾਣ! ...ਤੇਰੇ ਤੇ ਦੁੱਗਲ ਤੋਂ ਬਿਨਾਂ ਉਹਨਾਂ ਦਾ ਹੋਰ ਹੈ ਵੀ ਕੌਣ? ...ਮੁੰਡਾ ਤਾਂ ਹੁਣ ਅਮਰੀਕਾ ਵਿਚ ਫਸਿਆ ਬੈਠਾ।"

"ਤਾਇਆ, ਗੱਲ ਤੇਰੀ ਠੀਕ ਐ ਪਰ ਉਹ ਘਰ ਦੇ ਮਾਲਕ ਬਣਨਾ ਚਾਹੁੰਦੇ ਆ।"

"ਇਹਦਾ ਕਾਰਨ ਐ ਕਿ ਜਿਹੜਾ ਬੰਦਾ ਸਾਰੀ ਉਮਰ ਡਰਾਈਵਿੰਗ ਸੀਟ 'ਤੇ ਬੈਠਿਆ ਹੋਇਆ ਹੋਵੇ ਉਸ ਨੂੰ ਪੈਸੰਜਰ ਸੀਟ 'ਤੇ ਬੈਠਣਾ ਮੁਸ਼ਕਲ ਹੋ ਜਾਂਦਾ। ...ਇਹਨਾਂ ਨੇ ਸਾਰੀ ਉਮਰ ਆਪਣੇ ਘਰ ਵਿਚ ਹਕੂਮਤ ਚਲਾਈ ਹੋਈ ਐ ਤੇ ਹੁਣ ਵੀ ਉਹੋ ਗੱਲ ਚਾਹੁੰਦੇ ਆ ਪਰ ਕੋਈ ਗੱਲ ਨਹੀਂ ਤੂੰ ਤਰੀਕੇ ਨਾਲ ਚੱਲ, ਆਪਣੇ ਆਪ 'ਤੇ ਬਹੁਤਾ ਪਰੈੱਸ਼ਰ ਨਾ ਲੈ, ਸਿਹਤ ਤੇਰੀ ਪਹਿਲਾਂ ਈ ਠੀਕ ਨਹੀਂ।"

ਅਸਲ ਵਿਚ ਤਾਏ ਨੂੰ ਵੀ ਆਪਣਾ ਆਉਣ ਵਾਲਾ ਸਮਾਂ ਵੀ ਦਿਸ ਰਿਹਾ ਹੈ। ਉਸ ਕੋਲ ਵੀ ਵਿਜੈ ਤੋਂ ਬਿਨਾਂ ਕੋਈ ਹੋਰ ਨਹੀਂ ਹੈ। ਵਿਜੈ 'ਤੇ ਉਸ ਨੂੰ ਪੂਰਾ ਭਰੋਸਾ ਹੈ ਕਿ ਉਸ ਦਾ ਬੁਢਾਪਾ ਰੁਲਣ ਨਹੀਂ ਦੇਵੇਗਾ।...

ਵਿਜੈ ਦੇ ਕਹਿਣ ਦਾ ਰਮੇਸ਼ ਤੇ ਅਸਰ ਹੁੰਦਾ ਹੈ ਤੇ ਪਿਤਾ ਜੀ ਤੇ ਝਾਈ ਵਾਪਸ ਮੁੜ ਜਾਂਦੇ ਹਨ। ਉਹ ਵੀ ਸਮਝ ਜਾਂਦੇ ਹਨ ਕਿ ਇਥੇ ਹਾਲੇ ਦਾਲ਼ ਨਹੀਂ ਗਲ਼ ਰਹੀ। ਉਹਨਾਂ ਦੇ ਜਾਣ 'ਤੇ ਵਿਜੈ ਨੂੰ ਬਹੁਤ ਵੱਡੀ ਰਾਹਤ ਮਿਲਦੀ ਹੈ। ਉਹ ਬਹੁਤ ਖੁਸ਼ ਹੈ। ਉਸ ਨੂੰ ਲਗਦਾ ਹੈ ਕਿ ਉਸ ਦੀ ਜਿੰਦਗੀ ਦੀ ਬਹਾਰ ਮੁੜ ਆਈ ਹੈ। ਸੁਸ਼ਮਾ ਦੀ ਬਿਮਾਰੀ ਉਸ ਨੂੰ ਇੰਨੀ ਤੰਗ ਨਹੀਂ ਕਰਦੀ ਜਿੰਨੀ ਤੰਗੀ ਉਸ ਨੂੰ ਪਿਤਾ ਜੀ ਤੇ ਝਾਈ ਦੀ ਹੋਂਦ ਤੋਂ ਮਿਲਦੀ ਹੈ। ਉਸ ਦੀ ਜ਼ਿੰਦਗੀ ਦੀ ਰਫਤਾਰ ਮੁੜ ਇਕ ਜਗਾਹ ਸੈੱਟ ਹੋ ਜਾਦੀ ਹੈ। ਜੀਵਨ ਦਾ ਨਿਤ-ਨੇਮ ਦੁਬਾਰਾ ਤੈਅ ਹੋ ਜਾਂਦਾ ਹੈ। ਉਹੋ ਬੱਚੇ, ਸੁਸ਼ਮਾ, ਤਾਇਆ ਤੇ ਉਸ ਦਾ ਕੰਮ। ਤਾਇਆ ਕਈ ਵਾਰ ਉਸ ਨੂੰ ਘਰ ਨਹੀਂ ਮਿਲਦਾ। ਤਾਏ ਦੇ ਘਰ ਦੀ ਚਾਬੀ ਉਸ ਕੋਲ ਹੈ, ਜਦ ਦਿਲ ਕਰੇ ਜਾ ਆਇਆ ਕਰਦਾ ਹੈ।

ਸੁਸ਼ਮਾ ਨੇ ਹੁਣ ਇਕ ਹੋਰ ਮਸਲਾ ਖੜਾ ਕੀਤਾ ਹੋਇਆ ਹੈ। ਉਹ ਹੈ ਟੈਲੀਫੋਨ ਦਾ ਬਿੱਲ। ਉਹ ਇੰਡੀਆ ਨੂੰ ਇੰਨਾ ਫੋਨ ਕਰਦੀ ਹੈ ਕਿ ਵਿਜੈ ਦਾ ਫੋਨ ਬਿੱਲ ਕਈ ਸੌ ਨੂੰ ਜਾ ਪੁੱਜਦਾ ਹੈ। ਵਿਜੈ ਉਸ ਨੂੰ ਬਹੁਤ ਰੋਕਦਾ ਟੋਕਦਾ ਹੈ ਪਰ ਸੁਸ਼ਮਾ ਨੂੰ ਪਤਾ ਨਹੀਂ ਚਲਦਾ ਕਿ ਉਸ ਨੇ ਇੰਨਾ ਫੋਨ ਕੀਤਾ ਹੈ। ਉਹ ਗੁੱਸੇ ਵਿਚ ਆਇਆ ਕਹਿੰਦਾ ਹੈ,

"ਇਹਦੇ ਨਾਲੋਂ ਤਾਂ ਤੂੰ ਇੰਡੀਆ ਈ ਜਾ ਆਵੇਂ।"

"ਸ਼ਰਮਾ ਜੀ, ਪਲੀਜ਼ ਮੈਨੂੰ ਇਕ ਵਾਰ ਇੰਡੀਆ ਭੇਜ ਦਿਓ, ਮੈਂ ਤੁਹਾਡਾ ਦੇਣਾ ਸਾਰੀ ਉਮਰ ਦੇਵਾਂਗੀ।"

"ਮੈਂ ਤਾਂ ਮਜ਼ਕ ਕਰ ਰਿਹਾਂ।"

"ਪਰ ਮੈਂ ਮਜ਼ਾਕ ਨਹੀਂ ਕਰ ਰਹੀ, ਪਲੀਜ਼ ਮੈਨੂੰ ਇੰਡੀਆ ਭੇਜ ਦਿਓ ਭਾਵੇਂ ਦੋ ਹਫਤੇ ਲਈ ਈ।"

"ਮੂਰਖ ਔਰਤ, ਆਪਣੀ ਸਿਹਤ ਤਾਂ ਦੇਖ, ਆਹ ਦੁਕਾਨਾਂ ਤਕ ਤਾਂ ਤੂੰ ਜਾ ਨਹੀਂ ਸਕਦੀ, ਇੰਡੀਆ ਕੀ ਜਾਵੇਂਗੀ?"

"ਝਾਈ ਕਹਿੰਦੀ ਖੰਨੇ ਵਲਾਂ ਕੋਈ ਬੀਬੀ ਐ ਜੋ ਇਸ ਬਿਮਾਰੀ ਦਾ ਇਲਾਜ ਕਰਦੀ ਐ, ਮੈਨੂੰ ਯਕੀਨ ਆਂ ਕਿ ਮੈਂ ਠੀਕ ਹੋ ਜਾਣਾਂ।"

"ਜੇ ਬੀਬੀਆਂ ਤੇ ਸਿਆਣੇ ਠੀਕ ਕਰਨ ਲਗ ਪੈਣ ਤਾਂ ਹਸਪਤਾਲ ਬੰਦ ਨਾ ਹੋ ਜਾਣ।"

"ਇਹ ਸਿਆਣੇ ਬੀਬੀਆਂ ਐਵੇਂ ਨਹੀਂ ਬੈਠੇ, ਇਹਨਾਂ ਕੋਲ ਕੁਸ਼ ਨਾ ਕੁਸ਼ ਹੈ, ਪਿਤਾ ਜੀ ਵੀ ਕਹਿੰਦੇ ਕਿ ਟਾਰਾਈ ਕਰਨ ਵਿਚ ਕੀ ਹਰਜ਼ ਐ।"

"ਇਹ ਲੋਕ ਤਾਂ ਬਈ ਇੰਡੀਆ ਬੈਠੇ ਵੀ ਨਹੀਂ ਮੈਨੂੰ ਟਿਕਣ ਦਿੰਦੇ! ਤੈਨੂੰ ਹੁਣ ਉਹ ਚੁੱਕੀ ਜਾਂਦੇ ਆ ਕਿ ਇੰਡੀਆ ਆ ਜਾਹ, ਉਹਨਾਂ ਨਹੀਂ ਪਤਾ ਤੇਰੀ ਸਿਹਤ ਦਾ, ਜੇ ਰਾਹ ਵਿਚ ਕੁਸ਼ ਹੋ ਗਿਆ ਤਾਂ!"

"ਚੰਗਾ ਸਗੋਂ, ਤੁਹਾਡਾ ਰਾਹ ਪਧਰਾ ਹੋ ਜਾਊ, ਹੋਰ ਵਿਆਹ ਕਰਾ ਲਿਉ।"

"ਬੇਵਕੂਫ ਨਾ ਬਣ।"

ਆਪਣੀ ਆਦਤ ਮੁਤਾਬਕ ਸੁਸ਼ਮਾ ਹੁਣ ਹਰ ਰੋਜ਼ ਇੰਡੀਆ ਜਾਣ ਦੀ ਮੁਹਾਰਨੀ ਪੜਦੀ ਰਹਿੰਦੀ ਹੈ ਤੇ ਸੁਸ਼ਮਾ ਵੀ ਖੰਨੇ ਵਾਲੀ ਬੀਬੀ ਦੇ ਇਲਾਜ ਦੀਆਂ ਵੀ ਰੋਜ਼ ਗੱਲਾਂ ਕਰਦੀ ਰਹਿੰਦੀ ਹੈ। ਉਹ ਇੰਡੀਆ ਜਾਣ ਦੀ ਬਹੁਤ ਜ਼ਿਆਦਾ ਜ਼ਿੱਦ ਕਰਨ ਲਗਦੀ ਹੈ ਤੇ ਹਰ ਵੇਲੇ ਘਰ ਵਿਚ ਲੜ੍ਹਾਈ ਪਾਈ ਰੱਖਦੀ ਹੈ। ਕਦੇ ਮਿੰਨਤ ਕਰਨ ਵਾਂਗ ਆਖਣ ਲਗਦੀ ਹੈ,

"ਸ਼ਰਮਾ ਜੀ, ਪਲੀਜ਼ ਭਗਵਾਨ ਦੇ ਵਾਸਤੇ ਮੈਨੂੰ ਇੰਡੀਆ ਭੇਜ ਦਿਓ ਤੇ ਆਪ ਵੀ ਚਾਰ ਦਿਨ ਸੁਖ ਦੇ ਦੇਖ ਲਓ।"

"ਤੂੰ ਮੇਰੇ ਨੱਕ ਵਿਚ ਦੱਮ ਕਿਉਂ ਲਿਆਂਦਾ ਹੋਇਆ?"

"ਪਲੀਜ਼, ਮੈਂ ਮੁੜ ਕੇ ਤੁਹਾਡੇ ਤੋਂ ਕੁਝ ਨਹੀਂ ਮੰਗਦੀ।"

ਵਿਜੈ ਉਸ ਦੇ ਹੱਠ ਮੂਹਰੇ ਹਾਰਨ ਲਗਦਾ ਹੈ। ਉਹ ਮਨ ਹੀ ਮਨ ਆਖਦਾ ਹੈ ਕਿ ਮਰਨਾ ਹੈ ਤਾਂ ਮਰ। ਇਕ ਦਿਨ ਆਖਦਾ ਹੈ,

"ਚੱਲ, ਡਾਕਟਰ ਨਾਲ ਗੱਲ ਕਰਦੇ ਆਂ, ਜੇ ਉਹ ਕਹਿ ਦੇਵੇ ਕਿ ਤੂੰ ਸਫਰ ਕਰਨ ਦੇ ਕਾਬਲ ਐਂ ਤਾਂ ਚਲੇ ਜਾਵੀਂ।"

## ਸੰਤਾਲੀ

ਸੁਸ਼ਮਾ ਦੇ ਇੰਡੀਆ ਜਾਣ ਤੇ ਵਿਜੈ ਨੂੰ ਸਚ-ਮੁਚ ਹੀ ਬਹੁਤ ਰਾਹਤ ਮਿਲਦੀ ਹੈ। ਇਕ ਜ਼ਿੰਮੇਵਾਰੀ ਸਿਰੋਂ ਲੱਥ ਜਾਂਦੀ ਹੈ। ਹੁਣ ਬੱਚਿਆਂ ਨੂੰ ਸਕੂਲ ਛੱਡ ਤੇ ਤਾਏ ਨੂੰ ਫੋਨ ਕਰ ਕੇ ਜਿਵੇਂ ਉਹ ਦੁਨੀਆਂ ਦਾ ਸਭ ਤੋਂ ਸੁਰਖ਼ਰੂ ਬੰਦਾ ਹੋਵੇ। ਹੁਣ ਉਹ ਆਪਣੇ ਕੰਮ ਖੁਲ੍ਹ ਕੇ ਕਰ ਸਕਦਾ ਹੈ। ਬੱਚੇ ਹੁਣ ਪਹਿਲਾਂ ਵਾਂਗ ਬਹੁਤੇ ਛੋਟੇ ਨਹੀਂ ਹਨ ਇਸ ਲਈ ਉਹ ਇਕੱਲੇ ਵੀ ਘਰ ਰਹਿ ਸਕਦੇ ਹਨ। ਸ਼ਾਮ ਨੂੰ ਪੱਬ ਵੀ ਜਾ ਸਕਦਾ ਹੈ। ਇਸ ਵਾਰ ਉਸ ਨੇ ਆਪਣੀ ਐਡਜ਼ ਲੰਡਨ ਤੋਂ ਨਿਕਲਦੇ ਪੰਜਾਬੀ ਸਪਤਾਹਿਕ ਅਖਬਾਰ ਵਿਚ ਵੀ ਦਿੰਦਾ ਹੈ। ਜਵਾਬ ਵਿਚ ਕੋਈ ਫੋਨ ਤਾਂ ਨਹੀਂ ਆਉਂਦਾ ਪਰ ਉਸ ਨੂੰ ਤਸੱਲੀ ਹੈ ਕਿ ਉਹ ਕੋਸ਼ਿਸ਼ ਕਰ ਰਿਹਾ ਹੈ। ਇਕ ਦਿਨ ਲੰਡਨ ਦੇ ਆਲਡਗੇਟ ਦੇ ਇਲਾਕੇ ਦਾ ਚਕਰ ਮਾਰ ਕੇ ਆਪਣੇ ਕਾਰਡ ਛੱਡ ਕੇ ਆਉਂਦਾ ਹੈ। ਉਸ ਨੂੰ ਪਤਾ ਹੈ ਕਿ ਇਹ ਏਰੀਆ ਬੰਗਾਲੀ ਲੋਕਾਂ ਦਾ ਗੜ੍ਹ ਹੈ ਤੇ ਕੋਈ ਨਾ ਕੋਈ ਪਰਿੰਟਿੰਗ ਦੇ ਕੰਮ ਵਿਚ ਹੋਵੇਗਾ ਹੀ ਪਰ ਉਹ ਸਾਰੇ ਰੈਸਟੋਰੈਂਟਾਂ, ਦੁਕਾਨਾਂ ਤੇ ਫੈਕਟਰੀਆਂ ਤਕ ਪਹੁੰਚ ਕਰਦਾ ਹੈ।...

ਸੁਸ਼ਮਾ ਇੰਡੀਆ ਪੁੱਜ ਕੇ ਆਪਣੇ ਪਹੁੰਚਣ ਦੀ ਖਬਰ ਦੇ ਦਿੰਦੀ ਹੈ ਕਿ ਉਹ ਮਸਾਂ ਮਸਾਂ ਧੁਰ ਪੁੱਜੀ ਹੈ ਤੇ ਉਸ ਤੋਂ ਬਾਅਦ ਕੋਈ ਫੋਨ ਨਹੀਂ ਕਰਦੀ। ਵਿਜੈ ਵੀ ਉਸ ਨੂੰ ਫੋਨ ਨਹੀਂ ਕਰ ਸਕਦਾ, ਉਹ ਉਡੀਕਦਾ ਵੀ ਨਹੀਂ। ਉਸ ਦੇ ਮਨ ਦੇ ਕਿਸੇ ਕੋਨੇ ਵਿਚ ਇਕ ਵਿਚਾਰ ਅੰਗੜਾਈ ਲੈਂਦਾ ਰਹਿੰਦਾ ਹੈ ਕਿ ਸੁਸ਼ਮਾ ਬਿਨਾਂ ਉਸ ਦੀ ਜ਼ਿੰਦਗੀ ਕਿੰਨੀ ਸੌਖੀ ਹੈ। ਫੋਨ ਨਾ ਕਰਨ ਦਾ ਉਹ ਬਹਾਨਾ ਘੜ ਲੈਂਦਾ ਹੈ ਕਿ ਪਤਾ ਨਹੀਂ ਉਹ ਘਰ ਵੀ ਹੋਵੇਗੀ। ਉਸ ਨੂੰ ਉਸ ਦੀ ਸਿਹਤ ਦਾ ਫਿਕਰ ਤਾਂ ਹੈ ਕਿ ਰਾਹ ਵਿਚ ਉਸ ਨੂੰ ਕੁਝ ਵੀ ਹੋ ਸਕਦਾ ਹੈ ਪਰ ਜਿਸ ਹਿਸਾਬ ਨਾਲ ਉਹ ਜ਼ਿੱਦ ਪੁਗਾ ਕੇ ਗਈ ਹੈ ਉਸ ਨਾਲ ਉਸ ਦੇ ਮਨ ਵਿਚ ਗੁੱਸਾ ਵੀ ਹੈ। ਉਸ ਨੂੰ ਉਸ ਉਪਰ ਤਰਸ ਵੀ ਆ ਰਿਹਾ ਹੈ।...

ਇਕ ਦਿਨ ਉਸ ਦਾ ਮਨ ਹੁਸ਼ਿਆਰ ਨੂੰ ਮਿਲਣ ਨੂੰ ਕਰਦਾ ਹੈ। ਉਹ ਫੋਨ ਕਰਕੇ ਦੇਖਦਾ ਹੈ ਹੁਸ਼ਿਆਰ ਕੰਮ ਤੇ ਹੈ। ਉਹ ਭਾਗੀ ਨੂੰ ਫੋਨ ਕਰਦਾ ਹੈ। ਭਾਗੀ ਵਲ ਜਾਣਾ ਚਾਹੁੰਦਾ ਹੈ ਪਰ ਉਸ ਨੂੰ ਬੱਚੇ ਛੱਡ ਕੇ ਜਾਣਾ ਠੀਕ ਨਹੀਂ ਲਗਦਾ। ਰੋਹਨ ਹੁਣ ਆਪਣੇ ਆਪ ਨੂੰ ਵੱਡਾ ਵੱਡਾ ਮਹਿਸੂਸ ਕਰਦਾ ਹੈ ਤੇ ਕਿਸੇ ਦੇ ਘਰ ਜਾ ਕੇ ਖੁਸ਼ ਨਹੀਂ ਹੈ। ਕਿਸੇ ਦੇ ਘਰ ਜਾ ਕੇ ਉਸ ਨੂੰ ਆਪਣੇ ਘਰ ਵਰਗੀ ਖੁਲ੍ਹ ਜਿਉਂ ਨਹੀਂ ਹੈ। ਸੁਸ਼ਮਾ ਹੁੰਦੀ ਤੇ ਉਹ ਸਹਿਜੇ ਹੀ ਭਾਗੀ ਦੇ ਘਰ ਦਾ ਚਕਰ ਮਾਰ ਲੈਂਦਾ ਹੈ। ਉਸ ਨੂੰ ਆਪਣਾ ਆਪ ਇਕੱਲਾ ਜਿਹਾ ਲਗਣ ਲਗਦਾ ਹੈ। ਉਸ ਨੂੰ ਸੁਸ਼ਮਾ ਦੀ ਯਾਦ ਆਉਣ ਲਗਦੀ ਹੈ।

ਕਈ ਦਿਨ ਬਾਅਦ ਸੁਸ਼ਮਾ ਫੋਨ ਕਰਦੀ ਹੈ, ਦਸਣ ਲਗਦੀ ਹੈ,

"ਸ਼ਰਮਾ ਜੀ, ਬਸ ਹੁਣ ਮੈਂ ਠੀਕ ਹੋ ਜਾਣਾਂ, ਖੰਨੇ ਵਾਲੀ ਬੀਬੀ ਨੇ ਵਾਅਦਾ ਕਰ ਲਿਆ, ਤੁਸੀਂ ਫਿਕਰ ਨਾ ਕਰੋ, ਮੈਂ ਹੁਣ ਨੌਂ ਬਰ ਨੌਂ ਹੋ ਜਾਣਾ ਤੇ ਆਉਂਦੇ ਸਾਰ ਹੀ ਮੈਂ ਆਪਣਾ ਕੰਮ ਸ਼ੁਰੂ ਕਰ ਦੇਣਾਂ, ਆਪਣੇ ਕਲਿਨਿਕ ਲਈ ਦਵਾਈਆਂ ਮੈਂ ਲੈਂਦੀ ਆਵਾਂਗੀ।"

"ਕਮਲ਼ੀ ਔਰਤ, ਤੂੰ ਬੀਬੀ ਪਿੱਛੇ ਲਗੀ ਫਿਰਦੀ ਐਂ ਤੈਨੂੰ ਪਤੈ ਤੇਰੀ ਦਵਾਈ ਮੁਕਣ ਵਾਲੀ ਐ ਤੇ ਡਾਕਟਰ ਨੇ ਕਿਹਾ ਹੋਇਆ ਕਿ ਦਵਾਈ ਖਾਣੀ ਛੱਡਣੀ ਨਹੀਂ, ਚੇਤੇ ਐ?"

"ਤੁਸੀਂ ਫਿਕਰ ਨਾ ਕਰੋ, ਭਗਵਾਨ ਤੇ ਭਰੋਸਾ ਕਰੋ।"

"ਭਗਵਾਨ ਤੇ ਭਰੋਸਾ ਤਾਂ ਹੈ ਪਰ ਤੇਰੇ ਤੇ ਹੈ ਨਹੀਂ, ਤੈਨੂੰ ਆਪਣੀ ਸੁਧ-ਬੁਧ ਨਹੀਂ, ਮੈਨੂੰ ਡਰ ਐ ਤੈਨੂੰ ਕੁਸ਼ ਹੋ ਨਾ ਜਾਵੇ, ਤੂੰ ਆਪਣੀ ਸੀਟ ਕਨਫਰਮ ਕਰਾ ਤੇ ਵਾਪਸ ਆ ਜਾਹ।"

ਸੁਸ਼ਮਾ ਕੁਝ ਕਹਿਣ ਤੋਂ ਬਿਨਾਂ ਹੀ ਫੋਨ ਰੱਖ ਦਿੰਦੀ ਹੈ। ਇਹ ਵੀ ਉਸ ਦੀ ਬਿਮਾਰ ਹੋਣ ਤੋਂ ਬਾਅਦ ਦੀ ਨਵੀਂ ਆਦਤ ਹੈ। ਅਗਲੇ ਨੂੰ ਅਲਵਿਦਾ ਵੀ ਨਹੀਂ ਕਹੇਗੀ। ਨਾ ਹੀ ਫੋਨ ਤੇ ਅਤੇ ਨਾ ਹੀ ਵਿਛੜਨ ਵੇਲੇ। ਵਿਜੈ ਸੋਚਣ ਲਗਦਾ ਹੈ ਕਿ ਉਸ ਦਾ ਕੀ ਕਰੇ ਪਰ ਕੁਝ ਸੋਚ ਨਹੀਂ ਪਾਉਂਦਾ। ਭਾਗੀ ਨਾਲ ਗੱਲ ਕਰਦਾ ਹੈ ਤਾਂ ਉਹ ਕਹਿੰਦੀ ਹੈ ਕਿ ਪੈਣ ਦੇ ਢੱਠੇ ਖੂਹ ਵਿਚ। ਤਾਏ ਨਾਲ ਸਲਾਹ ਕਰਦਾ ਹੈ ਤਾਂ ਉਹ ਆਖਦਾ ਹੈ ਕਿ ਤੂੰ ਨਾ ਕੋਈ ਰੋਗ ਲਵਾ ਲਵੀਂ ਉਹਨੇ ਤਾਂ ਜੋ ਕਰਨਾ ਹੈ ਕਰਨਾ ਹੀ ਹੈ।...

ਇਕ ਦਿਨ ਵਿਜੈ ਤਾਏ ਦੇ ਘਰ ਜਾਂਦਾ ਹੈ ਤਾਂ ਤਾਇਆ ਹਾਲੇ ਬਿਸਤਰ ਵਿਚ ਹੀ। ਇਹ ਤਾਏ ਦੇ ਸੁਭਾਅ ਦੇ ਬਿਲਕੁਲ ਉਲਟ ਹੈ। ਉਹ ਤਾਂ ਬਹੁਤੀ ਦੇਰ ਬੈੱਡ ਵਿਚ ਪੈ ਹੀ ਨਹੀਂ ਸਕਦਾ। ਵਿਜੈ ਪੁੱਛਦਾ ਹੈ,

"ਤਾਇਆ, ਸੁੱਖ ਤਾਂ ਹੈ?"

"ਐਵੇਂ ਭਖ ਜਿਹੀ ਆ।"

"ਬਲੱਡ ਪਰੈੱਸ਼ਰ ਚੈੱਕ ਕੀਤਾ ਸੀ?"
"ਕੀਤਾ ਸੀ, ਠੀਕ ਆ।"
"ਕੋਈ ਗੋਲ਼ੀ ਲਈ?"
"ਲਈ ਨਹੀਂ, ਮੈਂ ਕਿਹਾ ਆਪੇ ਠੀਕ ਹੋ ਜਾਊ ਪਰ ਲੈਂਨਾ ਹੁਣ।"

ਕੁਝ ਦੇਰ ਤਾਏ ਕੋਲ ਬੈਠ ਉਹ ਆਪਣੇ ਕੰਮ ਚਲੇ ਜਾਂਦਾ ਹੈ। ਸ਼ਾਮ ਨੂੰ ਤਾਏ ਨੂੰ ਫੋਨ ਕਰਦਾ ਹੈ ਤਾਂ ਉਸ ਨੂੰ ਤਾਏ ਦੀ ਅਵਾਜ਼ ਡੁੱਬਦੀ ਜਿਹੀ ਲਗਦੀ ਹੈ। ਵਿਜੈ ਭੱਜਿਆ ਜਿਹਾ ਉਸ ਦੇ ਘਰ ਨੂੰ ਜਾਂਦਾ ਹੈ। ਤਾਇਆ ਸੈਟੀ ਤੇ ਹੀ ਪਿਆ ਹੈ। ਵਿਜੈ ਉਸ ਦੇ ਮੱਥੇ ਤੇ ਹੱਥ ਰੱਖ ਕੇ ਦੇਖਦਾ ਹੈ। ਤਪ ਰਿਹਾ ਹੈ। ਕਾਫੀ ਤੇਜ਼ ਬੁਖਾਰ ਹੈ। ਵਿਜੈ ਉਸ ਨੂੰ ਚਾਹ ਬਣਾ ਕੇ ਦਿੰਦਾ ਹੈ ਤੇ ਨਾਲ ਦੋ ਟੋਸਟ ਵੀ। ਉਸ ਨੂੰ ਪਤਾ ਹੈ ਕਿ ਤਾਏ ਨੇ ਕੁਝ ਖਾਧਾ ਨਹੀਂ ਹੋਵੇਗਾ। ਤਾਇਆ ਚਾਹ ਵਿਚ ਡੋਬ ਕੇ ਇਕ ਟੋਸਟ ਖਾ ਲੈਂਦਾ ਹੈ ਪਰ ਦੂਜਾ ਉਸ ਤੋਂ ਖਾਧਾ ਨਹੀਂ ਜਾਂਦਾ। ਉਹ ਉਸ ਨੂੰ ਦੋ ਪੈਰਾਸੀਟਾਮੋਲ ਦੀਆਂ ਗੋਲੀਆਂ ਦੇ ਕੇ ਆਪਣੇ ਘਰ ਬੱਚਿਆਂ ਕੋਲ ਜਾਂਦਾ ਹੈ ਤੇ ਉਹਨਾਂ ਨੂੰ ਨਾਲ ਲੈ ਕੇ ਫਿਰ ਤਾਏ ਦੇ ਘਰ ਆ ਜਾਂਦਾ ਹੈ। ਤਾਏ ਦੀ ਹਾਲਤ ਪਹਿਲਾਂ ਨਾਲੋਂ ਵੀ ਖਰਾਬ ਹੈ। ਵਿਜੈ ਡਾਕਟਰ ਨੂੰ ਫੋਨ ਕਰਦਾ ਹੈ ਤੇ ਸਾਰੀਆ ਅਲਾਮਤਾਂ ਦਸਦਾ ਹੈ। ਡਾਕਟਰ ਆਖਦਾ ਹੈ ਕਿ ਉਸ ਨੂੰ ਇਕ ਦਮ ਹਸਪਤਾਲ ਲੈ ਜਾਓ। ਵਿਜੈ ਤਾਏ ਨੂੰ ਹਸਪਤਾਲ ਲੈ ਜਾਂਦਾ ਹੈ। ਐਮਰਜੈਂਸੀ ਵਾਰਡ ਵਿਚ ਦੋ ਘੰਟੇ ਦੀ ਉਡੀਕ ਬਾਅਦ ਵਾਰੀ ਆਉਂਦੀ ਹੈ। ਉਸ ਦੇ ਪਹਿਲੇ ਟੈਸਟਾਂ ਵਿਚ ਹੀ ਡਾਕਟਰਾਂ ਨੂੰ ਭੱਜ ਦੌੜ ਪੈ ਜਾਂਦੀ ਹੈ। ਵਿਜੈ ਕੁਝ ਪੁੱਛਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਕਹਿੰਦੇ ਹਨ ਕਿ ਹਾਲੇ ਟੈਸਟ ਚਲ ਰਹੇ ਹਨ। ਇਕ ਨਰਸ ਆ ਕੇ ਦਸਦੀ ਹੈ,

"ਅਸੀਂ ਮਿਸਟਰ ਸ਼ਰਮਾ ਨੂੰ ਇਥੇ ਹੀ ਵਾਰਡ ਵਿਚ ਰੱਖ ਰਹੇ ਆਂ, ਇਹਨਾਂ ਤੇ ਨਜ਼ਰ ਰੱਖੀ ਜਾਵੇਗੀ।"
"ਕਦ ਤਕ ਵਾਰਡ ਵਿਚ ਰੱਖਿਆ ਜਾਵੇਗਾ, ਸਵੇਰ ਤਕ?"
"ਕੁਝ ਕਹਿ ਨਹੀਂ ਸਕਦੇ, ਹੋ ਸਕਦਾ ਹੈ ਕਿ ਕੁਝ ਦਿਨਾਂ ਤਕ ਇਹਨੂੰ ਇਥੇ ਰਹਿਣਾ ਪਵੇ।"
"ਕੀ ਬਿਮਾਰੀ ਹੈ ਇਹਨੂੰ?"
"ਡਾਕਟਰ ਨੂੰ ਪੁੱਛੋ, ਸ਼ਾਇਦ ਨਮੂਨੀਆ ਹੋਵੇ।"

ਵਿਜੈ ਡਾਕਟਰ ਨੂੰ ਪੁੱਛਦਾ ਹੈ ਤਾਂ ਉਹ ਵੀ ਨਮੂਨੀਏ ਦਾ ਸ਼ੱਕ ਹੀ ਜ਼ਾਹਰ ਕਰਦਾ ਹੈ। ਵਿਜੈ ਹੈਰਾਨ ਹੋਇਆ ਕਹਿੰਦਾ ਹੈ,

"ਪਰ ਡਾਕਟਰ, ਨਮੂਨੀਆ ਕਿਵੇਂ ਹੋ ਸਕਦਾ ਐ?"
"ਹੋ ਜਾਂਦਾ, ਇਸ ਉਮਰ ਵਿਚ ਜੇ ਥੋੜੇ ਜਿਹੇ ਵੀ ਅਲਗਰਜ਼ ਹੋ ਜਾਈਏ ਤਾਂ ਹੋ ਸਕਦਾ।"

ਤਾਇਆ ਦਸ ਦਿਨ ਉਥੇ ਰਹਿੰਦਾ ਹੈ। ਦਸਾਂ ਦਿਨਾਂ ਵਿਚ ਉਹ ਬਹੁਤ ਕਮਜ਼ੋਰ ਹੋ ਜਾਂਦਾ ਹੈ। ਲੱਤਾਂ ਵੀ ਚੰਗੀ ਤਰ੍ਹਾਂ ਭਾਰ ਨਹੀਂ ਚੁੱਕ ਰਹੀਆਂ। ਤੁਰਨ ਲਈ ਸੋਟੀ ਦੇ ਦਿੰਦੇ ਹਨ। ਪਹਿਲੀ ਵਾਰ ਹਸਪਤਾਲ ਵਿਚ ਰਿਹਾ ਹੋਣ ਕਰਕੇ ਮਾਨਸਿਕ ਤੌਰ ਤੇ ਵੀ ਉਹ ਕਮਜ਼ੋਰ ਹੋ ਗਿਆ ਹੈ। ਅਣਸੁਰੱਖਿਅਤ ਜਿਹਾ ਵੀ ਮਹਿਸੂਸ ਕਰ ਰਿਹਾ ਹੈ। ਡਾਕਟਰ ਵਿਜੈ ਨੂੰ ਆਖਦਾ ਹੈ,

"ਹੁਣ ਇਸ ਨੂੰ ਇਕੱਲੇ ਨਹੀਂ ਛੱਡਣਾ ਚਾਹੀਦਾ।"

ਵਿਜੈ ਤਾਏ ਨੂੰ ਕਹਿੰਦਾ ਹੈ,

"ਤਾਇਆ, ਜਾਂ ਤਾਂ ਤੂੰ ਮੇਰੇ ਵਲ ਆ ਜਾ ਨਹੀਂ ਤਾਂ ਮੈਂ ਬੱਚੇ ਲੈ ਕੇ ਤੇਰੇ ਘਰ ਆ ਜਾਨਾਂ।"

ਤਾਇਆ ਵਿਜੈ ਦੇ ਘਰ ਰਹਿਣ ਲਈ ਮੰਨ ਨਹੀਂ ਰਿਹਾ। ਵਿਜੈ ਨੂੰ ਪਤਾ ਹੈ ਕਿ ਤਾਏ ਦੀ ਸਿਹਤ ਜਲਦੀ ਨਾਲ ਠੀਕ ਨਹੀਂ ਹੋਣ ਵਾਲੀ। ਉਹ ਆਖਦਾ ਹੈ,

"ਤਾਇਆ, ਥੋੜੇ ਦਿਨਾਂ ਗੱਲ ਐ, ਜਦੋਂ ਪੂਰੀ ਤਰ੍ਹਾਂ ਅਰਾਮ ਆ ਗਿਆ ਤਾਂ ਆ ਜਾਵੀਂ।"

ਉਹ ਤਾਏ ਦਾ ਬੈੱਡ ਬੌਕਸ ਰੂਮ ਵਿਚ ਲਗਾ ਦਿੰਦਾ ਹੈ ਜਿਥੇ ਵਿਜੈ ਦਾ ਵਾਧੂ ਜਿਹਾ ਸਮਾਨ ਪਿਆ ਹੈ। ਇਕ ਟੈਲੀ ਤੇ ਵੀਡਿਓ ਵੀ ਰੱਖ ਦਿੰਦਾ ਹੈ। ਫਿਲਮ ਦੇਖਣੀ ਚਾਹੇ ਤਾਂ ਫਿਲਮ ਦੇਖੇ ਜਾਂ ਟੈਲੀ ਦੇਖੀ ਜਾਵੇ। ਗਾਣੇ ਸੁਣਨ ਲਈ ਟੇਪ ਵੀ ਲਿਆ ਦਿੰਦਾ ਹੈ। ਹੁਣ ਉਸ ਦੀ ਇਕ ਵਾਰ ਫਿਰ ਨਵੀਂ ਨਿਤ-ਨੇਮ ਬਣ ਜਾਂਦੀ ਹੈ। ਉਹ ਸਵੇਰੇ ਉਠ ਤਾਏ ਲਈ ਤੇ ਆਪਣੇ ਲਈ ਚਾਹ ਬਣਾਉਂਦਾ ਹੈ। ਤਾਏ ਨੂੰ ਦਵਾਈ ਦਿੰਦਾ ਹੈ। ਬੱਚੇ ਸਕੂਲ ਛੱਡ ਆਪਣੇ ਕੰਮ ਲਗ ਜਾਂਦਾ ਹੈ। ਤਾਇਆ ਹੌਲੀ ਹੌਲੀ ਹੇਠਾਂ ਉਤਰ ਕੇ ਟੈਲੀ ਮੂਹਰੇ ਆ ਬੈਠਦਾ ਹੈ। ਚੰਨੀ ਹਾਲੇ ਵੀ ਵਿਜੈ ਦੇ ਘਰ ਕੰਮ ਕਰਨ ਆਉਂਦੀ ਹੈ। ਉਹ ਰੋਟੀ ਬਣਾ ਦਿੰਦੀ ਹੈ, ਨਹੀਂ ਤਾਂ ਵਿਜੈ ਫਰੋਜ਼ਨ ਦਾਲ ਨੂੰ ਤੁੜਕਾ ਲਾ ਲੈਂਦਾ ਹੈ ਤੇ ਫਰੋਜ਼ਨ ਰੋਟੀਆਂ ਤਵੇ ਤੇ ਜਾਂ ਗਰਿਲ ਵਿਚ ਬਣਾ ਲੈਂਦਾ ਹੈ ਤੇ ਉਹ ਦੋਵੇਂ ਰਲ਼ ਕੇ ਖਾਂਦੇ ਹਨ। ਕਈ ਵਾਰ ਉਹ ਮੀਟ ਵੀ ਬਣਾ ਲੈਂਦਾ ਹੈ। ਤਾਏ ਨੇ ਕਾਫੀ ਦੇਰ ਦਾ ਮੀਟ ਛੱਡਿਆ ਹੋਇਆ ਹੈ ਪਰ ਤਰੀ ਨਾਲ ਰੋਟੀ ਖਾ ਲੈਂਦਾ ਹੈ। ਤਾਇਆ ਮਿੱਠੀ ਚੀਜ਼ ਖਾਣ ਦਾ ਆਦੀ ਹੋਣ ਕਰਕੇ ਉਹ ਖੀਰ ਜਾਂ ਹਲਵਾ ਬਣਿਆ ਬਣਾਇਆ ਲੈ ਆਉਂਦਾ ਹੈ। ਜਦ ਬੱਚੇ ਘਰ ਆਉਂਦੇ ਹਨ ਤਾਂ ਉਹ ਵੀ ਬਾਬਾ ਜੀ, ਬਾਬਾ ਜੀ ਕਰਦੇ ਤਾਏ ਦੇ ਅਗੇ ਪਿੱਛੇ ਤੁਰੇ ਫਿਰਦੇ ਹਨ। ਤਾਇਆ ਸੋਚਣ ਲਗਦਾ ਹੈ ਕਿ ਬੱਚਿਆ ਨਾਲ ਘਰ ਕਿਵੇਂ ਭਰਿਆ ਭਰਿਆ ਲਗਦਾ ਹੈ। ਕਦੇ ਕਦੇ ਉਸ ਨੂੰ ਇਕ ਪਲ ਲਈ ਦੀਪਕ ਦੀ ਯਾਦ ਆਉਂਦੀ ਹੈ ਤੇ ਫਿਰ ਛਾਈਂ ਮਾਈਂ ਹੋ ਜਾਂਦੀ ਹੈ।...

ਸੁਸ਼ਮਾ ਇਕ ਵਾਰ ਫਿਰ ਆਪਣੇ ਆਉਣ ਦੀ ਤਰੀਕ ਵਧਾ ਲੈਂਦੀ ਹੈ। ਉਹ ਫੋਨ ਕਰਕੇ ਵਿਜੈ ਨੂੰ ਦਸਦੀ ਹੈ। ਉਹ ਗੁੱਸੇ ਵਿਚ ਆਇਆ ਆਖਦਾ ਹੈ,

"ਜੇ ਇਧਰ ਪੈਸੇ ਬੰਦ ਹੋ ਗਏ ਤਾਂ?"

"ਜੇ ਮੈਂ ਠੀਕ ਹੋ ਗਈ ਤਾਂ ਪੈਸਿਆਂ ਦਾ ਢੇਰ ਲਾ ਦੇਵਾਂਗੀ।"

ਘਰ ਦੀ ਐਕਸਟੈਂਸ਼ਨ ਕਰਾਈ ਹੋਣ ਕਰਕੇ ਕਿਸ਼ਤ ਬਹੁਤ ਵੱਡੀ ਹੈ। ਸੁਸ਼ਮਾ ਨੂੰ ਮਿਲ ਰਹੇ ਪੈਸੇ ਇਸ ਨੂੰ ਅਦਾ ਕਰਨ ਵਿਚ ਬਹੁਤ ਸਹਾਈ ਹੋ ਰਹੇ ਹਨ ਪਰ ਇੰਨਾ ਚਿਰ ਮੁਲਕ ਤੋਂ ਬਾਹਰ ਰਹਿਣ ਕਾਰਨ ਇਹ ਬੰਦ ਹੋ ਸਕਦੇ ਹਨ ਪਰ ਸੁਸ਼ਮਾ ਨੂੰ ਇਸ ਦੀ ਪਰਵਾਹ ਨਹੀਂ ਹੈ। ਵਿਜੈ ਦੇ ਕਰੈਡਿਟ ਕਾਰਡਾਂ ਦੀ ਕਿਸ਼ਤ ਵੀ ਜਾਂਦੀ ਹੈ। ਹੋਰ ਬਿੱਲ ਵੀ ਹਨ। ਉਹ ਚਾਹੁੰਦਾ ਹੈ ਕਿ ਸੁਸ਼ਮਾ ਜਲਦੀ ਵਾਪਸ ਆ ਜਾਵੇ। ਉਹ ਰੋਹਨ ਨੂੰ ਕਹਿੰਦਾ ਹੈ,

"ਤੂੰ ਆਪਣੀ ਮੌਮ ਨੂੰ ਫੋਨ ਕਰ ਤੇ ਕਹਿ ਕਿ ਮੈਂ ਤੈਨੂੰ ਬਹੁਤ ਮਿਸ ਕਰਦਾਂ ਤੇ ਜਲਦੀ ਆ।"

"ਡੈਡ, ਆਏ ਡੌਂਟ ਮਿਸ ਹਰ ਵਾਏ ਸ਼ੁੱਡ ਆਏ ਸੇਅ?"

ਕਹਿ ਕੇ ਰੋਹਨ ਵਿਧੀ ਵਲ ਦੇਖਦਾ ਹੈ। ਉਹ ਵੀ ਉਸ ਦੀ ਗੱਲ ਦੀ ਹਾਮੀ ਭਰਦੀ ਹੈ। ਵਿਜੈ ਫਿਰ ਆਖਦਾ ਹੈ,

"ਓਕੇਅ, ਤੁਸੀਂ ਮਿਸ ਨਹੀਂ ਕਰਦੇ ਪਰ ਉਹਦਾ ਇਲਾਜ ਤਾਂ ਇਥੇ ਈ ਹੋਣਾਂ, ਉਹਦੀ ਦਵਾਈ ਮੁੱਕੀ ਹੋਈ ਐ, ਸ਼ੀ ਕੇਨ ਬੀ ਇਨ ਸੀਰੀਅਸ ਡੇਂਜਰ! ਉਸ ਨੂੰ ਵਾਪਸ ਸੱਦਣ ਲਈ ਕੋਈ ਐਕਸਕਿਊਜ਼ ਤਾਂ ਬਣਾਉਣਾ ਹੀ ਪਏਗਾ।"

ਵਿਧੀ ਫੋਨ ਕਰਦੀ ਹੈ ਪਰ ਇਹ ਨਹੀਂ ਕਹਿ ਸਕਦੀ ਕਿ ਉਹ ਉਸ ਨੂੰ ਮਿਸ ਕਰ ਰਹੀ ਹੈ। ਸੁਸ਼ਮਾ ਦੇ ਪੁੱਛਣ ਤੇ ਦਸ ਵੀ ਦਿੰਦੀ ਹੈ ਕਿ ਉਸ ਨੂੰ ਉਸ ਦੀ ਯਾਦ ਨਹੀਂ ਆ ਰਹੀ। ਵਿਜੈ ਮਨ ਹੀ ਮਨ ਹੱਸਦਾ ਹੈ ਕਿ ਇਹ ਬੱਚੇ ਇੰਨਾ ਕੁ ਝੂਠ ਵੀ ਨਹੀਂ ਬੋਲ ਸਕਦੇ।

ਵਿਜੈ ਇਸ ਕਰਕੇ ਜ਼ਿਆਦਾ ਪਰੇਸ਼ਾਨ ਹੈ ਕਿ ਡਾਕਟਰ ਦੀ ਸਖਤ ਹਿਦਾਇਤ ਹੈ ਕਿ ਦਵਾਈ ਦਾ ਨਾਗਾ ਨਹੀਂ ਪੈਣਾ ਚਾਹੀਦਾ ਪਰ ਉਸ ਦੀ ਦਵਾਈ ਖਤਮ ਹੋਈ ਨੂੰ ਤਾਂ ਹੁਣ ਇਕ ਮਹੀਨੇ ਤੋਂ ਉਪਰ ਹੋ ਚੁੱਕਾ ਹੈ। ਵਿਜੈ ਆਪ ਉਸ ਨੂੰ ਵਾਪਸ ਆ ਜਾਣ ਲਈ ਕਹਿੰਦਾ ਹੈ ਪਰ ਸੁਸ਼ਮਾ ਉਸ ਦੀ ਗੱਲ ਨਹੀਂ ਸੁਣਦੀ। ਤਾਇਆ ਵਿਜੈ ਦੀ ਪਰੇਸ਼ਾਨੀ ਦੇਖਦਾ ਕਹਿੰਦਾ ਹੈ,

"ਤੂੰ ਵੱਰੀ ਨਾ ਕਰ, ਉਹਦਾ ਪਿਓ ਨਾ ਸਹੀ ਪਰ ਉਥੇ ਇਕ ਤੋਂ ਇਕ ਵਧੀਆ ਡਾਕਟਰ ਹੈਗੇ ਆ।"

ਵਿਜੈ ਦੀ ਇਸ ਗੱਲ ਨਾਲ ਤਸੱਲੀ ਨਹੀਂ ਹੁੰਦੀ। ਉਹ ਘਰ ਦੇ ਖਰਚੇ ਬਾਰੇ ਤਾਏ ਨਾਲ ਕੋਈ ਗੱਲ ਸਾਂਝੀ ਨਹੀਂ ਕਰਦਾ। ਹਾਲੇ ਬਿੱਲਾਂ ਕਿਸ਼ਤਾਂ ਦਾ ਫਿਕਰ ਉਤਰਿਆ ਨਹੀਂ ਕਿ ਇਕ ਹੋਰ ਬਿੱਜ ਆ ਪੈਂਦੀ ਹੈ। ਟੈਲੀਫੋਨ ਦਾ ਬਿੱਲ ਆ ਜਾਂਦਾ ਹੈ। ਬਾਰਾਂ ਸੌ ਪੌਂਡ ਫੋਨ ਬਿੱਲ ਹੈ। ਇਹ ਸੁਸ਼ਮਾ ਦਾ ਕੰਮ ਹੈ। ਫੋਨ ਬਿੱਲ ਤਾਂ ਪਹਿਲਾਂ ਵੀ ਉਸ ਨੇ ਵਧਾਇਆ ਹੋਇਆ ਹੈ ਇਸ ਵਾਰ ਤਾਂ ਇਹ ਕਮਾਲ ਹੈ। ਸੁਸ਼ਮਾ ਇੰਡੀਆ ਨੂੰ ਫੋਨ ਕਰਦੀ ਰਹੀ ਹੈ। ਜਦ ਵੀ ਵਿਜੈ ਘਰ ਆਉਂਦਾ ਤਾਂ ਉਹ ਫੋਨ ਫੜੀ ਬੈਠੀ ਹੁੰਦੀ। ਉਹ ਟੋਕਦਾ ਹੈ ਤਾਂ ਕਹਿ ਦਿੰਦੀ ਹੈ ਕਿ ਭਾਈ ਦਾ ਆਇਆ ਹੈ ਪਰ ਕੀਤਾ ਉਸ ਆਪ ਹੁੰਦਾ। ਵਿਜੈ ਗੁੱਸੇ ਵਿਚ ਕਮਲਾ ਹੋਇਆ ਫਿਰਦਾ ਹੈ। ਸੁਸ਼ਮਾ ਉਸ ਦੇ ਸਾਹਮਣੇ ਹੁੰਦੀ ਤਾਂ ਉਹ ਕੁਝ ਕਰ ਬਹਿੰਦਾ। ਉਸ ਦਾ ਦਿਲ ਕਰਦਾ ਹੈ ਕਿ ਸੁਸ਼ਮਾ ਨੂੰ ਫੋਨ ਕਰ ਕੇ ਪੁੱਛੇ, ਫਿਰ ਸੋਚਦਾ ਹੈ ਕਿ ਆਈ ਨਾਲ ਹੀ ਦੋ ਹੱਥ ਕਰੇਗਾ। ਉਸ ਮਨ ਬਣਾ ਲੈਂਦਾ ਹੈ ਨਹੀਂ ਆਉਂਦੀ ਤਾਂ ਨਾ ਆਵੇ, ਜੇ ਮਰਦੀ ਹੈ ਤਾਂ ਮਰੇ, ਉਹ ਕਰ ਵੀ ਕੀ ਸਕਦਾ ਹੈ। ਉਸ ਨੂੰ ਤਾਂ ਆਪਣੇ ਸਿਰ ਕਰਜ਼ਿਆਂ ਦਾ ਫਿਕਰ ਹੀ ਕਾਫੀ ਹੈ। ਇਹ ਫੋਨ ਬਿੱਲ ਉਸ ਦੇ ਕਰਜ਼ੇ ਦੀ ਉਪਰ ਵਲ ਨੂੰ ਵੱਡੀ ਛਾਲ ਲਵਾ ਦਿੰਦਾ ਹੈ। ਉਸ ਸੋਚ ਰਿਹਾ ਹੈ ਕਿ ਜੇ ਉਸ ਦੀ ਆਮਦਨ ਨਾ ਵਧੀ ਤਾਂ ਗੜਬੜ ਹੋ ਜਾਵੇਗੀ। ਘਰ ਦੀ ਕਿਸ਼ਤ ਵੀ ਰੁਕ ਸਕਦੀ ਹੈ। ਕਿਸ਼ਤ ਨਾ ਗਈ ਤਾਂ ਘਰ ਵੇਚਣ ਤਕ ਦੀ ਸਥਿਤੀ ਬਣ ਸਕਦੀ ਹੈ। ਕਿੰਨੇ ਹੀ ਲੋਕਾਂ ਨਾਲ ਅਜਿਹਾ ਹੋ ਚੁੱਕਾ ਹੈ। ਰੈਸਟੋਰੈਂਟ ਤੋਂ ਬਾਅਦ ਤਾਂ ਉਹ ਹੁਸ਼ਿਆਰ ਦੇ ਘਰ ਚਲੇ ਗਏ ਪਰ ਹੁਣ ਕਿਥੇ ਜਾਣਗੇ? ਇਹ ਸੋਚ ਕੇ ਕੁਝ ਰਾਹਤ ਵੀ ਮਿਲਦੀ ਹੈ ਕਿ ਤਾਏ ਦਾ ਘਰ ਹੈ। ਉਹ ਫਿਰ ਸੋਚਦਾ ਹੈ ਘਰ ਜਾਵੇ ਹੀ ਕਿਉਂ। ਇਹ ਕੋਈ ਇੱਜ਼ਤ ਵਾਲੀ ਗੱਲ ਨਹੀਂ ਹੈ। ਇੰਨੇ ਸਾਲ ਹੋ ਗਏ ਹਨ ਉਸ ਨੂੰ ਵਰਦਿੰਗ ਵਿਚ ਰਹਿੰਦਿਆਂ। ਕਿੰਨੇ ਹੀ ਲੋਕ ਉਸ ਦੇ ਵਾਕਫ ਹਨ। ਉਹ ਹਾਲੇ ਵੀ ਹਰ ਸ਼ਨਿਚਰਵਾਰ ਮੰਦਿਰ ਵਿਚ ਜਾ ਕੇ ਲੋਕਾਂ ਦੇ ਫਾਰਮ ਆਦਿ ਭਰਨ ਵਿਚ ਸਹਾਇਤਾ ਕਰਦਾ ਹੈ। ਜਦ ਉਹਨਾਂ ਨੂੰ ਪਤਾ ਚਲੇਗਾ ਕਿ ਵਿਜੈ ਬੇਘਰਾ ਹੋ ਰਿਹਾ ਹੈ ਤਾਂ ਉਹ ਉਹਦੇ ਬਾਰੇ ਕੀ ਸੋਚਣਗੇ?

ਇਕ ਦਿਨ ਤਾਇਆ ਉਸ ਨੂੰ ਆਖਦਾ ਹੈ,

"ਜਾਹ, ਓਧਰ ਘਰ ਜਾ ਤੇ ਮੇਰੀ ਪੈਨਸ਼ਨ ਵਾਲੀ ਬੁੱਕ ਚੁੱਕ ਲਿਆ ਤੇ ਚੈੱਕ ਬੁੱਕ ਵੀ।"

ਵਿਜੈ ਜਾਂਦਾ ਹੈ ਤੇ ਉਸ ਦੀਆਂ ਬੁੱਕਾਂ ਚੁੱਕ ਲਿਆਉਂਦਾ ਹੈ। ਤਾਇਆ ਇਕ ਚੈੱਕ ਤੇ ਦਸਤਖਤ ਕਰਕੇ ਉਸ ਨੂੰ ਦਿੰਦਾ ਕਹਿੰਦਾ ਹੈ,

"ਲੈ ਆਹ ਪੰਜ ਹਜ਼ਾਰ ਆਪਣੇ ਮੋਟੇ ਮੋਟੇ ਬਿੱਲ ਦੇ ਲੈ, ਮੈਂ ਤੇਰਾ ਫੋਨ ਬਿੱਲ ਦੇਖ ਲਿਆ ਤੇ ਹੋਰ ਬਿੱਲ ਵੀ, ਪਰੇਸ਼ਾਨ ਨਾ ਹੋ, ਜਿੰਨੇ ਦਿਨ ਮੈਂ ਤੇਰੇ ਨਾਲ ਰਹਿਣਾ, ਮੇਰੀ ਪੈਨਸ਼ਨ ਤੂੰ ਕਢਾ ਲਿਆ ਕਰ।"

ਅੱਠਤਾਲੀ

ਸੁਸ਼ਮਾ ਆ ਰਹੀ ਹੈ। ਬ੍ਰਿਟਿਸ਼ ਏਅਰਵੇਅਜ਼ ਦੀ ਫਲਾਈਟ ਹੈ। ਗਈ ਤਾਂ ਉਹ ਤੁਰਕਮੇਨੀਆ ਦੀ ਫਲਾਈਟ ਵਿਚ ਹੈ ਪਰ ਮੁੜ ਰਹੀ ਹੈ ਬ੍ਰਿਟਿਸ਼ ਏਅਰਵੇਅਜ਼ ਵਿਚ। ਉਸ ਦੇ ਉਸ ਟਿਕਟ ਦੀ ਮੁਨਿਆਦ ਇਕ ਮਹੀਨੇ ਦੀ ਸੀ ਸੋ ਟਿਕਟ ਤਾਂ ਨਵਾਂ ਲੈਣਾ ਹੀ ਪਿਆ ਹੋਵੇਗਾ। ਇਹ ਫਲਾਈਟ ਦਿੱਲੀ ਤੋਂ ਹੈ ਪਰ ਹੈ ਨੌਨ ਸਟੌਪ। ਬਿਨਾਂ ਕਿਤੇ ਰੁਕੇ ਲੰਡਨ ਪੁੱਜਦੀ ਹੈ। ਵਿਜੈ ਇਸ ਬਾਰੇ ਬਹੁਤਾ ਨਹੀਂ ਸੋਚਦਾ ਕਿ ਉਸ ਨੇ ਫਲਾਈਟ ਕਿਉਂ ਬਦਲੀ। ਉਸ ਨੂੰ ਇਸ ਦੀ ਵੀ ਚਿੰਤਾ ਨਹੀਂ ਕਿ ਦਿੱਲੀ ਉਹ ਉਸ ਦੀ ਮਾਂ ਤੇ ਅਸ਼ੋਕ ਨੂੰ ਮਿਲਣ ਵੀ ਗਈ ਕਿ ਨਹੀਂ। ਉਸ ਨੂੰ ਤਾਂ ਇੰਨਾ ਹੈ ਕਿ ਠੀਕ ਠਾਕ ਘਰ ਪੁੱਜ ਜਾਵੇ। ਉਸ ਦੀ ਫਲਾਈਟ ਪੰਜ ਵਜੇ ਟਰਮੀਨਲ ਫੋਰ ‘ਤੇ ਲਗਣੀ ਹੈ। ਪਿਛਲੇ ਹਫਤੇ ਸੁਸ਼ਮਾ ਨੇ ਫੋਨ ਕਰਕੇ ਆਪਣੇ ਆਉਣ ਬਾਰੇ ਦਸਿਆ ਹੈ। ਉਸ ਤੋਂ ਬਾਅਦ ਨਾ ਉਸ ਦਾ ਹੀ ਫੋਨ ਆਇਆ ਹੈ ਤੇ ਨਾ ਹੀ ਵਿਜੈ ਨੇ ਕਰਦਾ ਹੈ। ਬੱਚੇ ਏਅਰਪੋਰਟ ਤੇ ਜਾਣ ਦੇ ਚਾਅ ਵਿਚ ਭਰੇ ਫਿਰਦੇ ਹਨ। ਇਹ ਚਾਅ ਏਰਪੋਰਟ ਜਾਣ ਦਾ ਹੈ ਜਿਥੋਂ ਉਹ ਕੋਈ ਨਾ ਕੋਈ ਚੀਜ਼ ਖਰੀਦਣਗੇ। ਮਾਂ ਦੇ ਆਉਣ ਦਾ ਉਹਨਾਂ ਨੂੰ ਬਹੁਤਾ ਨਹੀਂ ਹੈ ਪਰ ਕੋਈ ਕੋਈ ਸਵਾਲ ਉਹ ਸੁਸ਼ਮਾ ਬਾਰੇ ਵਿਜੈ ਨੂੰ ਪੁੱਛਣ ਵੀ ਲਗਦੇ ਹਨ। ਵਿਜੈ ਸੋਚ ਰਿਹਾ ਕਿ ਮਿਲਦੇ ਸਾਰ ਹੀ ਉਸ ਨਾਲ ਫੋਨ ਬਿੱਲ ਬਾਰੇ ਦੋ ਹੱਥ ਕਰੇਗਾ। ਪਹਿਲਾਂ ਤਾਂ ਉਹ ਬੁਲਾਵੇਗਾ ਹੀ ਨਹੀਂ ਫਿਰ ਖੂਬ ਝਗੜਾ ਕਰੇਗਾ। ਵੈਸੇ ਉਹ ਉਸ ਦੀ ਸਾਰੀ ਦਵਾਈ ਘਰ ਲਿਆ ਕੇ ਰੱਖ ਦਿੰਦਾ ਹੈ ਤਾਂ ਜੋ ਆਉਂਦੀ ਹੀ ਲੈ ਸਕੇ।

ਉਹ ਵਕਤ ਸਿਰ ਏਅਰਪੋਰਟ ਤੇ ਪੁੱਜ ਜਾਂਦੇ ਹਨ। ਮੌਨੀਟਰ ਤੇ ਬੈਗੇਜ ਇਨ ਹਾਲ ਲਿਖਿਆ ਆ ਰਿਹਾ ਹੈ। ਰੋਹਨ ਤੇ ਵਿਧੀ ਦਸ ਦਸ ਪੌਂਡ ਲੈ ਕੇ ਦੁਕਾਨਾਂ ਵਿਚ ਵੜੇ ਹੋਏ ਹਨ। ਫਿਰ ਮੁਸਾਫਿਰ ਬਾਹਰ ਨਿਕਲਣ ਲਗਦੇ ਹਨ। ਭਾਰਤੀ ਚਿਹਰਿਆਂ ਤੋਂ ਵਿਜੈ ਅੰਦਾਜ਼ਾ ਲਗਾਉਂਦਾ ਹੈ ਕਿ ਇਹ ਦਿੱਲੀ ਤੋਂ ਹੀ ਆਏ ਹੋਣਗੇ। ਵਿਜੈ ਮੁਸਾਫਿਰਾਂ ਦੇ ਨਿਕਲਣ-ਰਾਹ ਨਾਲ ਲਗੀ ਰੇਲ ਕੋਲ ਖੜਦਾ ਹੈ। ਦੋਨੋਂ ਬੱਚੇ ਵੀ ਆ ਜਾਂਦੇ ਹਨ। ਵਿਧੀ ਪੁੱਛਦੀ ਹੈ,

“ਡੈਡ, ਕੀ ਹੁਣ ਮੌਮ ਲਿਮ ਨਹੀਂ ਕਰੇਗੀ, ਉਹ ਠੀਕ ਹੋ ਗਈ ਹੋਵੇਗੀ?”

“ਮੈਨੂੰ ਤਾਂ ਨਹੀਂ ਲਗਦਾ ਬਟ ਯੂ ਨੈਵਰ ਨੋਅ!”

ਆਖ ਵਿਜੈ ਆਉਂਦੀਆਂ ਸਵਾਰੀਆਂ ਵਲ ਦੇਖਣ ਲਗਦਾ ਹੈ। ਰੋਹਨ ਉਸ ਦੇ ਖੱਬੇ ਖੜਾ ਹੈ ਤੇ ਵਿਧੀ ਸੱਜੇ। ਰੋਹਨ ਹੌਲੇ ਜਿਹੇ ਆਖਦਾ ਹੈ,

“ਆਏ ਵਿਸ਼ ਮੌਮ ਸੁਡ ਬੀ ਔਲ ਰਾਈਟ ਨਾਓ!”

“ਮੀ ਟੂ!”

ਵਿਧੀ ਵੀ ਬੋਲਦੀ ਹੈ। ਵਿਜੈ ਉਹਨਾਂ ਦੋਨਾਂ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ। ਲੋਕਾਂ ਨੂੰ ਕਾਹਲੀ ਕਾਹਲੀ ਤੁਰਦਿਆਂ ਦੇਖ ਕੇ ਉਹਨਾਂ ਨੂੰ ਆਪਣੀ ਮਾਂ ਦਾ ਲੰਗੜਾਉਣਾ ਯਾਦ ਆ ਰਿਹਾ ਹੈ। ਵਿਜੈ ਵੀ ਚਾਹੁੰਦਾ ਹੈ ਕਿ ਸੁਸ਼ਮਾ ਸਾਹਮਣਿਉਂ ਚੰਗੀ ਭਲੀ ਤੁਰਦੀ ਹੋਈ ਆ ਜਾਵੇ। ਉਹ ਚਾਹੁੰਦਾ ਹੈ ਕਿ ਉਹ ਠੀਕ ਹੋ ਜਾਵੇ ਭਾਵੇਂ ਕਿਵੇਂ ਵੀ ਹੋਵੇ। ਕਈ ਵਾਰ ਸੁਸ਼ਮਾ ਆਖਣ ਲਗਦੀ ਹੈ,

“ਸ਼ਰਮਾ ਜੀ, ਪਰਾਈਵੇਟ ਇਲਾਜ ਦਾ ਕਿੰਨਾ ਕੁ ਖਰਚਾ ਹਏਗਾ?”

“ਕਿੰਨਾ ਵੀ ਹੋਵੇ, ਮੈਂ ਤਾਂ ਘਰ ਵੇਚ ਕੇ ਵੀ ਤੇਰਾ ਇਲਾਜ ਕਰਾ ਦੇਵਾਂ ਪਰ ਮੈਨੂੰ ਯਕੀਨ ਹੋਵੇ ਕਿ ਤੂੰ ਠੀਕ ਹੋ ਜਾਵੇਂਗੀ।”

ਉਹ ਹਰ ਵਕਤ ਇੰਟਰਨੈੱਟ ਤੋਂ ਉਸ ਦੀ ਬਿਮਾਰੀ ਬਾਰੇ ਜਾਣਕਾਰੀ ਇਕੱਤਰ ਕਰਦਾ ਰਹਿੰਦਾ ਹੈ। ਪੂਰੀ ਤਰ੍ਹਾਂ ਅਰਾਮ ਆਉਣ ਦੇ ਮੌਕੇ ਘਟ ਹਨ। ਜੇਕਰ ਪਰਾਈਵੇਟ ਇਲਾਜ ਵਿਚ ਕਿਧਰੇ ਕੁਝ ਨਵਾਂ ਹੈ ਤਾਂ ਉਹ ਪਹਿਲਾਂ ਹੀ ਸਰਕਾਰੀ ਹਸਪਤਾਲਾਂ ਵਿਚ ਵੀ ਹੈ।

ਛੇ ਵੱਜ ਜਾਂਦੇ ਹਨ ਤੇ ਫਿਰ ਸੱਤ ਵੱਜ ਜਾਂਦੇ ਹਨ। ਸੁਸ਼ਮਾ ਦਾ ਕਿਧਰੇ ਨਾਂ ਨਿਸ਼ਾਨ ਵੀ ਨਹੀਂ ਹੈ। ਉਹ ਤਿੰਨੇ ਹੀ ਇੰਤਜ਼ਾਰ ਕਰ ਕੇ ਥੱਕ ਚੁੱਕੇ ਹਨ। ਫਲਾਈਟਾਂ ਦੀ ਜਾਣਕਾਰੀ ਦੇਣ ਵਾਲੇ ਮੌਨੀਟਰ ਤੋਂ ਉਸ ਦੀ ਫਲਾਈਟ ਦਾ ਨਾਂ ਲੱਥ ਚੁੱਕਾ ਹੈ। ਉਹ ਇਨਕੁਆਰੀ ਡੈਸਕ ਤੋਂ ਸੁਸ਼ਮਾ ਦੇ ਇਸ ਫਲਾਈਟ ਵਿਚ ਬਾਰੇ ਪੁੱਛਦਾ ਹੈ ਤਾਂ ਉਹ ਕੁਝ ਨਹੀਂ ਦਸ ਰਹੇ। ਉਸ ਨੂੰ ਲਗਦਾ ਹੈ ਕਿ ਸ਼ਾਇਦ ਉਹ ਆਈ ਹੀ ਨਾ ਹੋਵੇ। ਰੋਹਨ ਕਹਿਣ ਲਗਦਾ ਹੈ,

“ਡੈਡ, ਆਏ ਥਿੰਕ ਸ਼ੀ’ਜ਼ ਨੌਟ ਹੇਅਰ, ਲੈਟ’ਸ ਗੋ।”

“ਓ ਕੇ, ਜਸਟ ਫਾਈਵ ਮਿਨਟਸ ਮੋਰ।”

ਵਿਜੈ ਨੂੰ ਵੀ ਲਗਦਾ ਹੈ ਕਿ ਹੁਣ ਉਹ ਨਹੀਂ ਆਵੇਗੀ। ਉਸ ਨੂੰ ਪਛਤਾਵਾ ਵੀ ਹੋਣ ਲਗਦਾ ਹੈ ਕਿ ਇੰਡੀਆ ਨੂੰ ਫੋਨ ਕਰਕੇ ਉਸ ਦੇ ਆਉਣ ਬਾਰੇ ਪੱਕ ਕਿਉਂ ਨਹੀਂ ਕੀਤਾ। ਉਹ ਘਰ ਤਾਏ ਨੂੰ ਫੋਨ ਕਰਕੇ ਪੁੱਛਦਾ ਹੈ ਕਿ ਕੋਈ ਫੋਨ ਤਾਂ ਨਹੀਂ ਆਇਆ। ਤਾਇਆ ਵੀ ਫਿਕਰ ਕਰਨ ਲਗਦਾ ਹੈ ਕਹਿੰਦਾ ਹੈ,

“ਮੁਬਾਈਲ ਤੇਰੀ ਜੇਬ੍ਹ ਵਿਚ ਆ, ਤੂੰ ਆਪ ਇੰਡੀਆ ਨੂੰ ਕਰਕੇ ਪਤਾ ਕਰਲਾ ਕਿ ਚੜ੍ਹੀ ਵੀ ਆ ਕਿ ਨਹੀਂ?”

ਵਿਜੈ ਰੋਹਨ ਨੂੰ ਆਪਣਾ ਮੁਬਾਈਲ ਦਿੰਦਾ ਆਖਦਾ ਹੈ,

"ਲੈ ਇੰਡੀਆ ਨੂੰ ਫੋਨ ਕਰਕੇ ਦੇਖ ਤੇਰੀ ਮਾਂ ਨੇ ਅਜ ਆਉਣਾ ਵੀ ਐ ਕਿ ਅਸੀਂ ਐਵੇਂ ਈ ਮੂਰਖ ਬਣੇ ਖੜੇ ਆਂ।"

ਰੋਹਨ ਫੋਨ ਫੜ ਨੰਬਰ ਲਭਣ ਲਗਦਾ ਹੈ। ਅਚਾਨਕ ਵਿਧੀ ਵਿਜੈ ਦੀ ਬਾਂਹ ਖਿਚਦੀ ਬੋਲਦੀ ਹੈ,

"ਡੈਡ, ਦੈਟ ਪਰਸਨ ਲੁਕਸ ਲਾਈਕ ਮੌਮ।"

ਵੀਅਲ ਚੇਅਰ ਤੇ ਪਏ ਇਕ ਸਿਰ ਜਿਹੇ ਵਲ ਉਹ ਇਸ਼ਾਰਾ ਕਰ ਰਹੀ ਹੈ ਜਿਸ ਨੂੰ ਇਕ ਪੋਰਟਰ ਫੜੀ ਖੜਾ ਇਧਰ ਉਧਰ ਕਿਸੇ ਨੂੰ ਲੱਭ ਰਿਹਾ ਹੈ। ਇਹ ਸੁਸ਼ਮਾ ਹੀ ਹੈ। ਖਾਕੀ ਰੰਗ ਦੇ ਕੋਟ ਵਿਚ ਸੁਸ਼ਮਾ ਦਾ ਸਰੀਰ ਬਿਲਕੁਲ ਬੋਰੀ ਵਰਗਾ ਲਗ ਰਿਹਾ ਹੈ, ਜਿਵੇਂ ਬੋਰੀ ਉਪਰ ਸਿਰ ਪਿਆ ਹੋਵੇ। ਉਹ ਤਿੰਨੋਂ ਉਸ ਵਲ ਜਾਂਦੇ ਹਨ। ਸੁਸ਼ਮਾ ਉਹਨਾਂ ਨੂੰ ਦੇਖ ਰਹੀ ਹੈ। ਉਸ ਦੀਆਂ ਅੱਖਾਂ ਸਥਿਰ ਹਨ। ਚਿਹਰੇ 'ਤੇ ਕੋਈ ਹਾਵ ਭਾਵ ਨਹੀਂ ਹੈ। ਬੱਚੇ ਉਸ ਨੂੰ ਬੁਲਾਉਂਦੇ ਹਨ ਪਰ ਉਸ ਤੋਂ ਕੋਈ ਪ੍ਰਤੀਕਰਮ ਨਹੀਂ ਦਿਖਾ ਹੋ ਰਿਹਾ। ਵਿਜੈ ਸਮਝਦਾ ਹੈ ਕਿ ਇਹ ਮਿਰਗੀ ਦਾ ਦੌਰਾ ਹੈ। ਪੋਰਟਰ ਜਾਣ ਜਾਂਦਾ ਹੈ ਕਿ ਉਹ ਇਸ ਦੇ ਵਾਲੀਵਾਰਸ ਹਨ। ਉਹ ਦੱਸਣ ਲਗਦਾ ਹੈ,

"ਜ਼ਹਾਜ਼ ਵਿਚ ਇਸ ਦੀ ਸਿਹਤ ਬਹੁਤ ਖਰਾਬ ਰਹੀ ਹੈ, ਜਹਾਜ਼ ਦੀਆਂ ਸਵਾਰੀਆਂ ਨੂੰ ਇਹਦੇ ਕਾਰਨ ਬਹੁਤ ਤਕਲੀਫ ਹੋਈ।"

ਫਿਰ ਉਹ ਇਕ ਲਿਸਟ ਵਿਜੈ ਨੂੰ ਦਿੰਦਾ ਆਖਦਾ ਹੈ,

"ਇਹ ਦਵਾਈਆਂ ਇਸ ਨੂੰ ਦੇ ਕੇ ਦੇਖੀਆਂ ਗਈਆਂ ਹਨ, ਨੌਨ ਸਟੌਪ ਫਲਾਈਟ ਹੋਣ ਕਰਕੇ ਕਿਸੇ ਖਾਸ ਡਾਕਟਰ ਜਾਂ ਦਵਾਈ ਦਾ ਇੰਤਜ਼ਾਮ ਨਹੀਂ ਹੋ ਸਕਿਆ, ਹੁਣ ਜਲਦੀ ਜਾ ਕੇ ਆਪਣੇ ਡਾਕਟਰ ਨੂੰ ਫੋਨ ਕਰੋ ਜਾਂ ਇਹਨੂੰ ਹਸਪਤਾਲ ਲੈ ਜਾਓ।"

ਵਿਜੈ ਪੋਰਟਰ ਤੋਂ ਵੀਅਲ ਚੇਅਰ ਫੜਨੀ ਚਾਹੁੰਦਾ ਹੈ ਪਰ ਉਹ ਆਖਦਾ ਹੈ,

"ਮੇਰੀ ਡਿਊਟੀ ਇਸ ਨੂੰ ਤੁਹਾਡੀ ਕਾਰ ਤਕ ਜਾਂ ਟੈਕਸੀ ਤਕ ਛੱਡਣ ਦੀ ਲਗੀ ਹੈ।"

ਵਿਜੈ ਅਟੈਚੀਕੇਸ ਵਾਲੀ ਟਰੌਲੀ ਫੜ ਲੈਂਦਾ ਹੈ। ਉਸ ਤੋਂ ਰੋਹਨ ਲੈ ਲੈਂਦਾ ਹੈ। ਪੋਰਟਰ ਵੀਅਲ ਚੇਅਰ ਧੱਕਦਾ ਗੱਲਾਂ ਕਰਦਾ ਜਾ ਰਿਹਾ ਹੈ। ਉਹ ਵਿਜੈ ਨੂੰ ਪੁੱਛਦਾ ਹੈ,

"ਇਹ ਤੇਰੀ ਪਤਨੀ ਹੈ?"

"ਹਾਂ।"

"ਤੈਨੂੰ ਚਾਹੀਦਾ ਕਿ ਇਹਦਾ ਧਿਆਨ ਰੱਖੇਂ, ਇਹਨੂੰ ਇਕੱਲੀ ਨੂੰ ਸਫਰ ਨਾ ਕਰਨ ਦੇਵੇਂ। ਇਹਦੇ ਕਾਰਨ ਫਲਾਈਟ ਦੇ ਸਾਰੇ ਕਰਮਚਾਰੀ ਤੇ ਮੁਸਾਫਿਰ ਤੰਗ ਰਹੇ। ਇਹ ਤਾਂ ਇਹਦੀ ਜਾਂ ਤੇਰੀ ਖੁਸ਼ਕਿਸਮਤੀ ਹੈ ਕਿ ਫਲਾਈਟ ਨੌਨ ਸਟੌਪ ਸੀ ਤੇ ਰਾਹ ਵਿਚ ਕਿਤੇ ਰੁਕੀ ਨਹੀਂ, ਜੇ ਕਿਤੇ ਫਲਾਈਟ ਰੁਕ ਜਾਂਦੀ ਤਾਂ ਇਹਨੂੰ ਉਥੇ ਈ ਉਤਾਰ ਦਿਤਾ ਜਾਣਾ ਸੀ, ਕਿਸੇ ਹਸਪਤਾਲ ਵਿਚ ਭਰਤੀ ਕਰਾ ਦਿਤਾ ਜਾਣਾ ਸੀ, ਅਣਜਾਣੇ ਸ਼ਹਿਰ, ਅਣਜਾਣੇ ਲੋਕਾਂ ਵਿਚ। ਫਿਰ ਘਰ ਕਦ ਪੁਜਦੀ ਜਾਂ ਨਾ ਵੀ ਪੁਜਦੀ, ਇਹ ਰੱਬ ਈ ਦਸ ਸਕਦਾ ਹੈ।"

ਪੋਰਟਰ ਉਸ ਨੂੰ ਹਲਾਤ ਦੀ ਗੰਭੀਰਤਾ ਬਾਰੇ ਦੱਸ ਰਿਹਾ ਹੈ। ਵਿਜੈ ਦਾ ਅੰਦਰ ਡਰ ਵੀ ਰਿਹਾ ਹੈ ਕਿ ਸੱਚ ਹੀ ਇਵੇਂ ਹੋ ਜਾਂਦਾ ਤਾਂ ਕੀ ਹੁੰਦਾ। ਉਹ ਗੁੱਸੇ ਨਾਲ ਸੁਸ਼ਮਾ ਵਲ ਦੇਖਦਾ ਹੈ। ਉਹ ਤਾਂ ਜਿਵੇਂ ਲਾਸ਼ ਹੋਵੇ। ਉਸ ਨੂੰ ਤਰਸ ਆਉਣ ਲਗਦਾ ਹੈ। ਉਹ ਵੀਅਲ ਚੇਅਰ ਦੇ ਬਰਾਬਰ ਤੁਰਦਾ ਜਾਂਦਾ ਹੈ। ਬੱਚੇ ਚੁੱਪ ਹਨ। ਵਿਧੀ ਕਦੇ ਕਦੇ ਸੁਸ਼ਮਾ ਵਲ ਦੇਖਦੀ ਹੈ ਪਰ ਉਹ ਕਿਸੇ ਹੋਰ ਦੁਨੀਆਂ ਵਿਚ ਹੈ। ਟਰਮੀਨਲ ਫੋਰ ਦਾ ਕਾਰ ਪਾਰਕ ਉਸੇ ਲੈਵਲ 'ਤੇ ਹੈ। ਉਹ ਛੇਤੀ ਹੀ ਕਾਰ ਪਾਰਕ ਤਕ ਪੁੱਜ ਜਾਂਦੇ ਹਨ। ਵਿਜੈ ਕਾਰ ਦਾ ਦਰਵਾਜ਼ਾ ਖੋਹਲਦਾ ਹੈ। ਪੋਰਟਰ ਤੇ ਵਿਜੈ ਸੁਸ਼ਮਾ ਨੂੰ ਪੰਡ ਵਾਂਗ ਚੁੱਕ ਕੇ ਕਾਰ ਵਿਚ ਰੱਖਦੇ ਹਨ। ਵਿਜੈ ਪੋਰਟਰ ਨੂੰ ਪੰਜ ਪੌਂਡ ਸ਼ੁਕਰਾਨੇ ਵਜੋਂ ਦਿੰਦਾ ਹੈ। ਉਹ ਸੁਸ਼ਮਾ ਨੂੰ ਪੁੱਛਦਾ ਹੈ,

"ਕਿੱਦਾਂ ਹੁਣ ਤੂੰ?"

"ਹੁਣ ਠੀਕ ਆਂ ਪਰ ਬਹੁਤ ਤੰਗ ਰਹੀ ਆਂ।"

ਉਹ ਬਹੁਤ ਮੁਸ਼ਕਲ ਨਾਲ ਕਹਿ ਪਾਉਂਦੀ ਹੈ। ਵਿਧੀ ਪੁੱਛਣ ਲਗਦੀ ਹੈ,

"ਮੌਮ, ਤੇਰੀ ਬਾਂਹ ਠੀਕ ਹੋ ਗਈ?"

ਉਹ ਕੋਈ ਉਤਰ ਨਹੀਂ ਦਿੰਦੀ। ਰੋਹਨ ਕਹਿੰਦਾ ਹੈ,

"ਲੁਕਸ ਲਾਈਕ ਸ਼ੀ ਹੈਜ਼ ਲੌਸਟ ਅਦਰ ਵਨ ਐਜ ਵਿਲ!"

ਸੁਸ਼ਮਾ ਹਾਲੇ ਵੀ ਕੋਈ ਪ੍ਰਤੀ ਕਰਮ ਨਹੀਂ ਦਿਖਾ ਰਹੀ। ਵਿਜੈ ਕਾਰ ਤੋਰ ਲੈਂਦਾ ਹੈ। ਸੁਸ਼ਮਾ ਇਕ ਦੋ ਵਾਰ ਗੱਲ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਦੀ ਜੀਭ ਮੋਟੀ ਹੋਣ ਲਗਦੀ ਹੈ, ਉਸ ਤੋਂ ਬੋਲਿਆ ਨਹੀਂ ਜਾ ਰਿਹਾ। ਉਹ ਘਰ ਪੁੱਜ ਜਾਂਦੇ ਹਨ। ਵਿਜੈ ਕਾਰ ਨੂੰ ਦਰਵਾਜ਼ੇ ਸਾਹਮਣੇ ਇਵੇਂ ਰੋਕਦਾ ਹੈ ਕਿ ਸੁਸ਼ਮਾ ਨੂੰ ਘੱਟ ਤੋਂ ਘੱਟ ਤੁਰਨਾ ਪਵੇ। ਉਸ ਨੂੰ ਡਰ ਹੈ ਕਿ ਸ਼ਾਇਦ ਤੁਰੇ ਹੀ ਨਾ ਤੇ ਚੁੱਕ ਕੇ ਅੰਦਰ ਲੈਜਾਣੀ ਪਵੇ। ਤਾਇਆ ਕਾਰ ਦੀ ਬਿੜਕ ਸੁਣ ਕੇ ਦਰਵਾਜ਼ਾ ਖੋਹਲ ਦਿੰਦਾ ਹੈ। ਉਹ ਤਿੰਨੇ ਸੁਸ਼ਮਾ ਨੂੰ ਸਹਾਰਾ ਦਿੰਦੇ ਹੋਏ ਕਾਰ ਵਿਚੋਂ ਕਢਦੇ ਹਨ ਤੇ ਬੜੀ ਮੁਸ਼ਕਲ ਨਾਲ ਅੰਦਰ ਲਿਆਉਂਦੇ ਹਨ। ਤਾਇਆ ਭਾਵੁਕ ਹੁੰਦਾ ਆਖਦਾ ਹੈ,

"ਦੇਖ ਤਾਂ, ਕੁੜੀ ਦੀ ਕੀ ਹਾਲਤ ਹੋ ਗਈ ਸਫਰ ਨਾਲ! ਏਦਾਂ ਦੀ ਸਿਹਤ ਵਿਚ ਕੀ ਕਹਿ ਸਫਰ ਉਹ ਵੀ ਹਵਾਈ ਜਹਾਜ਼ ਦਾ!"

ਸੁਸ਼ਮਾ ਨੂੰ ਹੌਲੇ ਜਿਹੇ ਸੈਟੀ ਤੇ ਬਿਹਾਉਂਦੇ ਹਨ। ਵਿਜੈ ਉਸ ਨੂੰ ਉਸ ਦੀਆਂ ਗੋਲੀਆਂ ਖਵਾਉਂਦਾ ਹੈ। ਵਿਧੀ ਚਾਹ ਬਣਾਉਂਦੀ ਹੈ। ਵਿਜੈ ਨੇ ਉਸ ਨੂੰ ਦੇਸੀ ਚਾਹ ਬਣਾਉਣੀ ਸਿਖਾਈ ਹੋਈ ਹੈ। ਸੁਸ਼ਮਾ ਦੀ ਹਾਲਤ ਕੁਝ ਕੁ ਸੁਧਰਦੀ ਹੈ ਪਰ ਉਹ ਹਾਲੇ ਵੀ ਬੋਲ ਨਹੀਂ ਪਾ ਰਹੀ ਤੇ ਬੈਠੀ ਬੈਠੀ ਹੀ ਸੌਂ ਜਾਂਦੀ ਹੈ। ਤਾਇਆ ਵੀ ਉਠ ਕੇ ਸੌਣ ਚਲੇ ਜਾਂਦਾ ਹੈ। ਹੁਣ ਨੂੰ ਉਹ ਸੌਂ ਚੁੱਕਾ ਹੁੰਦਾ ਹੈ ਇਹ ਤਾਂ ਸੁਸ਼ਮਾ ਦੀ ਉਡੀਕ ਵਿਚ ਜਾਗ ਰਿਹਾ ਹੈ। ਵਿਜੈ ਜਾਂ ਵਿਧੀ ਉਸ ਨੂੰ ਵੱਡਾ ਗਲਾਸ ਦੁੱਧ ਦਾ ਗਰਮ ਕਰਕੇ ਉਸ ਦੇ ਕਮਰੇ ਵਿਚ ਮੇਜ਼ ਉਪਰ ਰੱਖ ਆਇਆ ਕਰਦੇ ਹਨ।

ਵਿਜੈ ਸੁੱਤੀ ਪਈ ਸੁਸ਼ਮਾ ਵਲ ਦੇਖਦਾ ਹੈ। ਉਹ ਬਹੁਤ ਹੀ ਕਮਜ਼ੋਰ, ਨਿਆਸਰਾ, ਬੇਹੱਥੀ ਦਿਸ ਰਹੀ ਹੈ। ਵਿਜੈ ਨੂੰ ਵੱਡੇ ਫੋਨ ਬਿੱਲ ਦਾ ਗੁੱਸਾ ਭੁੱਲ ਜਾਂਦਾ ਹੈ। ਵਿਜੈ ਚਾਹੁੰਦਾ ਹੈ ਕਿ ਇਹ ਮੁੜ ਤੁਰਨ ਜੋਗੀ ਹੋ ਜਾਵੇ। ਇਹ ਜਿਹੋ ਜਿਹੀ ਵੀ ਹੈ ਬੱਚਿਆਂ ਵਿਚ ਬੈਠੀ ਚੰਗੀ ਲਗਦੀ ਹੈ। ਇਸ ਬਿਨਾਂ ਉਹ ਵੀ ਕੁਝ ਨਹੀਂ। ਉਸ ਨੂੰ ਉਸ ਦੀ ਬਿਮਾਰੀ ਨਾਲੋਂ ਉਸ ਦੀ ਹੋਂਦ ਦੀ ਜ਼ਿਆਦਾ ਪਰਵਾਹ ਹੈ। ਬਿਮਾਰੀ ਹੁਣ ਠੀਕ ਹੁੰਦੀ ਹੈ ਜਾਂ ਨਹੀਂ ਪਰ ਉਹ ਉਹਨਾਂ ਵਿਚ ਤਾਂ ਰਹੇ। ਸੁਸ਼ਮਾ ਘੰਟਾ ਕੁ ਸੌਂ ਕੇ ਠੀਕ ਹੋ ਜਾਂਦੀ ਹੈ। ਵਿਜੈ ਪੁੱਛਦਾ ਹੈ,

“ਕੁਸ਼ ਖਾਵੇਂਗੀ?”

“ਨਹੀਂ, ਉਲਟੀ ਆ ਜਾਏਗੀ।”

ਉਹ ਬਾਥਰੂਮ ਜਾਣਾ ਚਾਹੁੰਦੀ ਹੈ। ਵਿਜੈ ਆਸਰਾ ਦੇ ਕੇ ਉਸ ਨੂੰ ਖੜੀ ਕਰਦਾ ਹੈ। ਉਸ ਦੀ ਬਾਂਹ ਪੇਟ ਨੂੰ ਲਗੀ ਦੇਖ ਕੇ ਵਿਧੀ ਪੁੱਛਦੀ ਹੈ,

“ਮੌਮ, ਤੂੰ ਤੇ ਕਹਿੰਦੀ ਸੀ ਸਮ ਲੇਡੀ ਨੇ ਤੇਰੀ ਆਰਮ ਰਾਈਟ ਕਰ ਦੇਣੀ ਆਂ।”

“ਕਰ ਦੇਣੀ ਸੀ, ਮੈਨੂੰ ਵਾਪਸ ਜਿਉਂ ਆਉਣਾ ਪਿਆ, ਦਵਾਈ ਮੁੱਕ ਗਈ ਸੀ, ਅਗਲੇ ਮਹੀਨੇ ਫਿਰ ਜਾਊਂ ਤੇ ਠੀਕ ਹੋ ਕੇ ਆਊਂ।”

ਵਿਜੈ ਗੱਸੇ ਵਿਚ ਆਉਂਦਾ ਕਹਿੰਦਾ ਹੈ,

“ਕਿਉਂ ਬੱਚਿਆਂ ਨੂੰ ਪੁੱਠੀ ਸਿੱਧੀ ਮੱਤ ਦੇਈ ਜਾਨੀਂ ਆਂ, ਇਹਨਾਂ ਦਾ ਗਲਤ ਯਕੀਨ ਬਣੌਂਨੀ ਆਂ!”

“ਨਹੀਂ ਸ਼ਰਮਾ ਜੀ, ਮੈਂ ਅਗਲੇ ਮਹੀਨੇ ਜਾਣਾਂ, ਪਲੀਜ਼ ਮੈਨੂੰ ਟਿਕਟ ਲੈ ਦਿਓ!”

“ਇਹ ਤਾਂ ਸ਼ੁਕਰ ਕਰ ਕਿ ਬ੍ਰਿਟਿਸ਼ ਏਅਰ ਵੇਅਜ਼ ਵਾਲੇ ਤੈਨੂੰ ਧੁਰ ਲੈ ਆਏ ਜੇ ਕੋਈ ਹੋਰ ਫਲਾਈਟ ਹੁੰਦੀ ਤਾਂ ਤੈਨੂੰ ਅਗਲਿਆਂ ਉਥੇ ਲਾਹੁਣਾ ਸੀ ਕਿ ਤੇਰੀਆਂ ਹੱਡੀਆਂ ਵੀ ਧੁਰ ਨਾ ਪੁੱਜਦੀਆਂ।”

“ਚਲੋ, ਤੁਹਾਡਾ ਛੁਟਕਾਰਾ ਹੋ ਜਾਂਦਾ!”

## ਉਣੰਜਾ

ਵਿਜੈ ਕੁਝ ਸੋਚ ਕੇ ਹੱਸ ਪੈਂਦਾ ਹੈ। ਉਸ ਦੇ ਮਨ ਵਿਚ ਹੈ ਕਿ ਉਸ ਦੀ ਰੁਟੀਨ ਕਿੰਨੀ ਜਲਦੀ ਬਦਲ ਜਾਂਦੀ ਹੈ ਤੇ ਉਹ ਉਹਦੇ ਵਿਚ ਕਿਵੇਂ ਸਹਿਜੇ ਫਿੱਟ ਵੀ ਹੀ ਹੋ ਜਾਂਦਾ ਹੈ। ਉਹ ਸਵੇਰੇ ਉਠ ਕੇ ਤਾਏ ਲਈ ਡੱਕਾ ਗੜਵੀਂ ਚਾਹ ਬਣਾਉਂਦਾ ਹੈ। ਕਈ ਵਾਰ ਸੁਸ਼ਮਾ ਵੀ ਉਹੋ ਚਾਹ ਪੀ ਲੈਂਦੀ ਹੈ ਕਦੀ ਸ਼ਿਕਾਇਤ ਕਰਨ ਲਗਦੀ ਹੈ ਕਿ ਇਸ ਵਿਚ ਮਿੱਠਾ ਬਹੁਤ ਹੈ। ਫਿਰ ਕੁਝ ਦੇਰ ਲਈ ਆਪਣਾ ਕੰਮ ਦੇਖਦਾ ਹੈ। ਸਾਢੇ ਸੱਤ ਵਜੇ ਉਹ ਬੱਚਿਆਂ ਨੂੰ ਜਗਾਉਂਦਾ ਹੈ ਤੇ ਤਿਆਰ ਹੋਣ ਵਿਚ ਉਹਨਾਂ ਦੀ ਸਹਾਇਤਾ ਕਰਦਾ ਹੈ। ਉਹਨਾਂ ਦੇ ਕਪੜੇ ਪਰੈੱਸ ਕਰਦਾ ਹੈ। ਉਹਨਾਂ ਨੂੰ ਸਕੂਲ ਛੱਡ, ਸੁਸ਼ਮਾ ਨੂੰ ਦਵਾਈ ਦੇ ਕੇ ਆਪਣੇ ਕੰਮ ਵਿਚ ਰੁਝ ਜਾਂਦਾ ਹੈ। ਜੇ ਕਿਤੇ ਬਾਹਰ ਜਾਣਾ ਹੋਵੇ ਤਾਂ ਉਸ ਦੀ ਕੋਸ਼ਿਸ਼ ਹੁੰਦਾ ਹੈ ਕਿ ਦੁਪਿਹਰ ਦਾ ਗੇੜਾ ਲਾ ਦੇਵੇ। ਚੰਨੀ ਦੇ ਕੰਮ ਦੇ ਘੰਟੇ ਉਸ ਨੇ ਇਵੇਂ ਕਰ ਦਿਤੇ ਹਨ ਕਿ ਦੁਪਿਹਰ ਦੀ ਤਾਏ ਦੀ ਰੋਟੀ ਬਣਾ ਸਕੇ। ਤਾਏ ਨੂੰ ਦੇਸੀ ਘਿਓ ਵਾਲੀ ਦਾਲ ਚਾਹੀਦੀ ਹੈ ਤੇ ਰੋਟੀ ਬਾਅਦ ਸ਼ੱਕਰ ਘਿਓ। ਸੁਸ਼ਮਾ ਨੂੰ ਸੁੱਕੀ ਰੋਟੀ। ਜੇ ਕਿਤੇ ਦੂਰ ਨਿਕਲ ਗਿਆ ਹੋਵੇ ਤਾਂ ਫੋਨ ਕਰ ਕੇ ਪੁੱਛੇਗਾ ਕਿ ਘਰ ਵਿਚ ਸਭ ਠੀਕ ਤਾਂ ਹੈ। ਤਾਏ ਨੇ ਰੋਟੀ ਖਾਧੀ ਕਿ ਨਹੀਂ। ਸੁਸ਼ਮਾ ਨੇ ਕੁਝ ਖਾਧਾ-ਪੀਤਾ ਕਿ ਨਹੀਂ। ਬੱਚਿਆਂ ਦੇ ਸਕੂਲ ਦੇ ਵਕਤ ਨਾਲ ਮੁੜ ਆਉਂਦਾ ਹੈ। ਭਾਵੇਂ ਹੁਣ ਦੋਵੇਂ ਬੱਚੇ ਹਾਈ ਸਕੂਲ ਜਾਣ ਲਗੇ ਹਨ ਤੇ ਆਪਣੇ ਆਪ ਘਰ ਆ ਸਕਦੇ ਹਨ ਪਰ ਵਿਜੈ ਉਹਨਾਂ ਨੂੰ ਆਪ ਲਿਆ ਕੇ ਖੁਸ਼ ਹੈ। ਉਸ ਨੂੰ ਇਸੇ ਵਿਚ ਸੁਰੱਖਿਆ ਦਿਸਦੀ ਹੈ।

ਬੱਚਿਆਂ ਨੂੰ ਕੁਝ ਨਾ ਕੁਝ ਖਾਣ ਲਈ ਦਿੰਦਾ ਹੈ। ਉਹ ਕਪੜੇ ਬਦਲ ਟੈਲੀ ਮੂਹਰੇ ਆ ਬੈਠਦੇ ਹਨ। ਸ਼ਾਮ ਨੂੰ ਉਹ ਫਿਰ ਚਾਹ ਬਣਾਉਂਦਾ ਹੈ। ਕਈ ਵਾਰ ਸਭ ਲਈ ਇਕੋ ਜਿਹੀ ਤੇ ਕਈ ਵਾਰ ਅਲੱਗ ਅਲੱਗ। ਇਹ ਸੁਸ਼ਮਾ ਦੇ ਮੂਡ ਤੇ ਨਿਰਭਰ ਕਰਦਾ ਹੈ। ਸੁਸ਼ਮਾ ਲਈ ਨਰਸ ਆਉਂਦੀ ਹੈ ਪਰ ਜੇ ਕਦੇ ਉਸ ਨੂੰ ਆਪ ਕਪੜੇ ਬਦਲਣੇ ਪੈ ਜਾਣ ਤਾਂ ਵਿੰਗੇ ਟੇਡੇ ਜਿਹੇ ਹੀ ਫਸਾਈ ਫਿਰਦੀ ਹੈ। ਉਸ ਤੋਂ ਆਪਣੇ ਕਪੜੇ ਠੀਕ ਵੀ ਨਹੀਂ ਕਰ ਹੁੰਦੇ। ਜੇ ਸਲਵਾਰ ਦਾ ਪਹੁੰਚਾ ਉਚਾ ਨੀਵਾਂ ਹੈ ਤਾਂ ਉਵੇਂ ਹੀ ਲਈ

ਫਿਰੇਗੀ। ਅਜਿਹੇ ਮੌਕੇ ਵਿਧੀ ਬਹੁਤ ਖਿਝਦੀ ਹੈ। ਸੁਸ਼ਮਾ ਨੂੰ ਸ਼ਾਮ ਦੀ ਦਵਾਈ ਦਿੰਦਾ ਹੈ। ਤਾਇਆ ਆਪਣੀ ਦਵਾਈ ਦਾ ਆਪ ਧਿਆਨ ਰੱਖਦਾ ਹੈ। ਉਸ ਦੀ ਸਿਹਤ ਠੀਕ ਨਹੀਂ ਹੋਈ। ਬੱਲਡ ਪਰੈੱਸ਼ਰ ਤਾਂ ਹੈ ਹੀ, ਨਾਲ ਕੁਝ ਕੁ ਸਾਹ ਦੀ ਕਸਰ ਵੀ ਰਹਿਣ ਲਗਦੀ ਹੈ। ਉਸ ਲਈ ਸਾਹ ਲਈ ਪੰਪ ਤੇ ਕੁਝ ਹੋਰ ਗੋਲੀਆਂ ਵਧ ਜਾਂਦੀਆ ਹਨ। ਉਹ ਸੁਸ਼ਮਾ ਤੇ ਤਾਏ ਦੀ ਦਵਾਈ ਮਹੀਨੇ ਬਾਅਦ ਲਿਖਵਾ ਲਿਆਉਂਦਾ ਹੈ ਤੇ ਦੋ ਮਹੀਨੇ ਬਾਅਦ ਚੈਕ ਕਰਵਾਉਣਾ ਪੈਂਦਾ ਹੈ ਤਾਂ ਜੋ ਉਹਨਾਂ ਦੀ ਸਿਹਤ ਦਾ ਪੂਰੀ ਤਰ੍ਹਾਂ ਲੇਖਾ ਜੋਖਾ ਹੋ ਸਕੇ।

ਸੁਸ਼ਮਾ ਨੂੰ ਭਾਰਤੀ ਸੀਰੀਅਲ ਦੇਖਣ ਦਾ ਬਹੁਤ ਸ਼ੌਂਕ ਹੈ। ਇਹ ਸੀਰੀਅਲ ਉਸ ਦੇ ਮੂਡ ਨੂੰ ਵਿਗਾੜਦੇ-ਬਣਾਉਂਦੇ ਰਹਿੰਦੇ ਹਨ। ਟੈਲੀ ਦੇਖਣ ਬਦਲੇ ਉਸ ਦੀ ਬੱਚਿਆਂ ਨਾਲ ਲੜਾਈ ਹੁੰਦੀ ਰਹਿੰਦੀ ਹੈ। ਵਿਜੈ ਸਮਝੌਤਾ ਕਰਾ ਕੇ ਵਕਤ ਵੰਡ ਦਿੰਦਾ ਹੈ। ਇਕ ਬਚਪਨਾ ਜਿਹਾ ਉਸ ਦੇ ਸੁਭਾਅ ਤੇ ਹਰ ਵੇਲੇ ਤਾਰੀ ਰਹਿੰਦਾ ਹੈ। ਬੱਚਿਆਂ ਨਾਲ ਵੀ ਜ਼ਿਦ ਕਰਨ ਲਗਦੀ ਹੈ ਵਿਜੈ ਨਾਲ ਤਾਂ ਕਰਨੀ ਹੀ ਹੋਈ। ਇਕ ਦਿਨ ਵਿਜੈ ਉਸ ਨੂੰ ਆਖਦਾ ਹੈ,

"ਦੇਖ, ਤੇਰਾ ਭਾਰ ਦਿਨੋ ਦਿਨ ਵਧੀ ਜਾ ਰਿਹੈ, ਕੁਝ ਘਰ ਦਾ ਕੰਮ ਈ ਕਰਿਆ ਕਰ, ਇਵੇਂ ਤੇਰੀ ਸਿਹਤ ਵੀ ਠੀਕ ਹੋਏਗੀ, ਨਾਲ਼ੇ ਹੁਣ ਅਫੋਰਡ ਨਹੀਂ ਕਰ ਸਕਦੇ, ਚੰਨੀ ਨੂੰ ਹਟਾ ਦਿੰਨੇ ਆਂ।"

"ਸ਼ਰਮਾ ਜੀ, ਤੁਸੀਂ ਮੈਨੂੰ ਕੰਮ ਕਰਾ ਕੇ ਖੁਸ਼ ਓ, ਦੇਖਦੇ ਨਹੀਂ ਮੇਰੀ ਹਾਲਤ! ਤੁਸੀਂ ਮੇਰੀ ਬਾਂਹੇ ਦੀ ਮਾਲਸ਼ ਤਾਂ ਕੀ ਕਰਨੀ ਆਂ ਉਲਟ ਮਿਹਣੇ ਮਾਰਨ ਲਗਦੇ ਓ!"

ਵਿਜੈ ਆਪਣੇ ਮੱਥੇ ਤੇ ਹੱਥ ਮਾਰਦਾ ਚੁੱਪ ਕਰ ਜਾਂਦਾ ਹੈ। ਜੇ ਕਦੇ ਵਿਜੈ ਨੂੰ ਗੁੱਸਾ ਆ ਜਾਵੇ ਤਾਂ ਤਾਇਆ ਸੁਸ਼ਮਾ ਦੀ ਮਦਦ ਲਈ ਆਉਂਦਾ ਆਖਦਾ ਹੈ,

"ਵਿਜੈ, ਜਿਹੜੇ ਲੋਕ ਬਚਪਨ ਤੋਂ ਅਪਾਹਜ ਹੋ ਜਾਂਦੇ ਆ ਉਹਨਾਂ ਦੀ ਗੱਲ ਵੱਖਰੀ ਹੁੰਦੀ ਆ, ਇਸ ਵਿਚਾਰੀ ਨੂੰ ਇਸ ਉਮਰ ਵਿਚ ਇਸ ਹਲਾਤ ਦਾ ਸਾਹਮਣਾ ਕਰਨਾ ਪੈ ਰਿਹਾ, ...ਇਹਦੇ ਲਈ ਬਹੁਤ ਔਖਾ ਨਾਲ਼ੇ ਤੈਨੂੰ ਪਤਾ ਕਿ ਦਵਾਈਆਂ ਦੇ ਕਿੰਨੇ ਬੁਰੇ ਅਸਰ ਹੁੰਦੇ ਆ।"

ਵਿਜੈ ਨੂੰ ਸਭ ਪਤਾ ਹੈ ਪਰ ਕਈ ਵਾਰ ਉਹ ਭੁੱਲ ਜਾਂਦਾ ਹੈ। ਉਹ ਉਸ ਨੂੰ ਟੈਲੀ ਉਪਰ ਚਲਦੇ ਪਰੋਗਰਾਮ ਦੇਖਣ ਲਈ ਵੀ ਪਰੇਰਤ ਕਰਦਾ ਰਹਿੰਦਾ ਹੈ ਜਿਹਨਾਂ ਵਿਚ ਦਸਿਆ ਜਾਂਦਾ ਹੈ ਕਿ ਅਜਿਹੀ ਬਿਮਾਰੀ ਲਗਣ ਤੋਂ ਬਾਅਦ ਲੋਕ ਕਿਵੇਂ ਆਮ ਜਿਹੀ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰਦੇ ਹਨ ਪਰ ਸੁਸ਼ਮਾ ਅਜਿਹੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਲੈਂਦੀ। ਉਸ ਨੂੰ ਆਪਣੇ ਸੀਰੀਅਲ ਜਿਹੜੇ ਦੇਸੀ ਚੈਨਲਾਂ ਤੇ ਚਲਦੇ ਹਨ ਉਹੀ ਪਸੰਦ ਹਨ। ਟੈਲੀ ਦੇਖਣ ਖਾਤਰ ਤਾਂ ਉਹ ਤਾਏ ਬਾਰੇ ਵੀ ਨਹੀਂ ਸੋਚਦੀ। ਤਾਏ ਨੇ ਖਬਰਾਂ ਦੇਖਣੀਆਂ ਹੁੰਦੀਆਂ ਹਨ, ਉਹਦਾ ਪਰੋਗਰਾਮ ਚਲ ਰਿਹਾ ਹੋਵੇ ਤਾਂ ਉਸ ਨੂੰ ਇਸ ਗੱਲ ਦੀ ਵੀ ਪਰਵਾਹ ਨਹੀਂ ਹੁੰਦੀ। ਕਦੇ ਵਿਜੈ ਇਕੱਲਾ ਉਦਾਸ ਬੈਠਾ ਹੋਵੇ ਤਾਂ ਤਾਇਆ ਕਹਿਣ ਲਗਦਾ ਹੈ,

"ਤੂੰ ਵੀ ਤਾਂ ਬਹੁਤ ਤੱਦੀਆਂ ਕੀਤੀਆਂ, ਰਮੇਸ਼ ਮਗਰ ਲਗ ਗਿਆ, ਸਾਡੀ ਇਕ ਨਹੀਂ ਸੁਣੀ, ਇਕ ਤਾਂ ਆਪਣੇ ਤੋਂ ਛੋਟੀ ਜ਼ਾਤ ਵਿਚ ਵਿਆਹ ਕਰਾਇਆ ਤੇ ਦੂਜੇ ਆਹ ਸਭ ਕੁਸ਼, ...ਭਾਰਦਵਾਜ ਵਾਲਾ ਰਿਸ਼ਤਾ ਬਹੁਤ ਸਹੀ ਸੀ, ਦੇਖ ਕੁੜੀ ਅਜ ਮਿਲੀਅਨਏਅਰ ਆ, ਘਰ ਵਿਚ ਆਉਣ ਵਾਲੇ ਜੀਅ ਦੀ ਕਿਸਮਤ ਵੀ ਹੁੰਦੀ ਆ।"

ਉਹ ਕੁਝ ਨਹੀਂ ਬੋਲਦਾ। ਉਸ ਨੂੰ ਪਤਾ ਹੈ ਕਿ ਭਾਰਦਵਾਜ ਦੀ ਭਤੀਜੀ ਅਜ ਕਲ ਲੰਡਨ ਵਿਚ ਰਹਿੰਦੀ ਹੈ ਤੇ ਉਸ ਦਾ ਬਹੁਤ ਵੱਡਾ ਵੇਅਰ ਹਾਊਸ ਹੈ। ਉਹ ਇਸ ਬਾਰੇ ਕੁਝ ਸੋਚਦਾ ਹੀ ਨਹੀਂ, ਨਹੀਂ ਤਾਂ ਉਸ ਦਾ ਮਨ ਭਟਕਣ ਲਗਦਾ ਹੈ। ਕਈ ਵਾਰ ਅਸ਼ੋਕ ਉਸ ਨੂੰ ਕਹਿਣ ਲਗਦਾ ਹੈ,

"ਤੂੰ ਇਥੇ ਆ ਜਾ ਤੇ ਆ ਕੇ ਵਿਆਹ ਕਰਾ ਲੈ, ਤੇਰੀ ਘਰਵਾਲੀ ਸਾਡੇ ਕੋਲ਼ ਰਹੀ ਜਾਏਗੀ।"

"ਇਹਨਾਂ ਬੱਚਿਆਂ ਦਾ ਕੀ ਬਣੇਗਾ?"

"ਕੁਸ਼ ਨਹੀਂ ਹੁੰਦਾ, ਬਥੇਰੀ ਦੁਨੀਆਂ ਦੋ ਦੋ ਵਿਆਹ ਕਰਾਈ ਫਿਰਦੀ ਐ, ਇਕ ਤੂੰ ਵੀ ਕਰਾ ਲਿਆ ਤਾਂ ਕੋਈ ਪਹਾੜ ਨਹੀਂ ਡਿਗਣ ਲਗਾ।"

ਹੁਸ਼ਿਆਰ ਵੀ ਕਈ ਵਾਰ ਕਹਿ ਦਿੰਦਾ ਹੈ,

"ਸ਼ਰਮਿਆਂ, ਮੈਂ ਇਸ ਕੁੜੀ ਨੂੰ ਆਪਣੇ ਹੱਥੀਂ ਤੇਰੇ ਨਾਲ ਵਿਆਇਆ ਹੋਇਆ ਤੇ ਫਿਰ ਇਹਨੇ ਸਾਡੀ ਸੁੰਨੀ ਜ਼ਿੰਦਗੀ ਵੀ ਵਸਾਈ ਆ, ਨਹੀਂ ਤਾਂ ਮੈਂ ਜ਼ੋਰ ਪਾ ਕੇ ਤੇਰਾ ਵਿਆਹ ਹੋਰ ਕਰ ਦੇਣਾ ਸੀ।"

ਮਿਹਰ ਆਵੇ ਤਾਂ ਉਹ ਵੀ ਘੁਮਾ ਕੇ ਗੱਲ ਇਸੇ ਥਾਂ ਹੀ ਲਿਆਵੇਗਾ,

"ਭਾਈ ਸਾਹਿਬ, ਇਵੇਂ ਕਿੰਨੇ ਦਿਨ ਚਲੇਗਾ? ਕਰੋ ਕੁਸ਼, ਅਧੂਰੇ ਕਿਉਂ ਤੁਰੇ ਫਿਰਦੇ ਓ!"

ਉਹ ਸਭ ਦੀਆਂ ਗੱਲਾਂ ਇਕ ਕੰਨ ਵਿਚ ਪਾ ਕੇ ਦੂਜੇ ਕੰਨ ਰਾਹੀਂ ਕੱਢ ਛੱਡਦਾ ਹੈ। ਪਰ ਕਈ ਵਾਰ ਉਸ ਦਾ ਮਨ ਔਰਤ ਦੇ ਸਾਥ ਲਈ ਭਟਕਣ ਲਗਦਾ ਹੈ। ਉਹ ਆਪਣੇ ਆਪ ਨੂੰ ਕੋਸਣ ਵੀ ਲਗਦਾ ਹੈ ਕਿ ਭਾਗੀ ਉਸ ਦੇ ਇੰਨੀ ਨਜ਼ਦੀਕ ਹੈ ਉਸ ਨਾਲ ਰਿਸ਼ਤਾ ਕਿਉਂ ਨਹੀਂ ਬਣਾ ਲੈਂਦਾ। ਉਸ ਵਿਚ ਆਪਣੇ ਦਿਲ ਦੀ ਕਰਨ ਦੀ ਹਿੰਮਤ ਕਿਉਂ ਨਹੀਂ ਹੈ। ਉਸ ਨੂੰ ਪਤਾ ਹੈ ਕਿ

ਭਾਗੀ ਔਰਤ ਹੈ ਤੇ ਭਾਰਤੀ ਔਰਤ ਪਹਿਲ ਨਹੀਂ ਕਰਦੀ। ਜਦ ਭਾਗੀ ਦਾ ਨਾਂ ਉਸ ਦੇ ਮਨ ਵਿਚ ਆਉਂਦਾ ਹੈ ਤਾਂ ਉਸ ਨੂੰ ਅਜੀਬ ਜਿਹਾ ਅਨੰਦ ਆਉਣ ਲਗਦਾ ਹੈ ਪਰ ਜਲਦੀ ਹੀ ਇਹ ਖਿੜਕੀ ਬੰਦ ਕਰ ਲੈਂਦਾ ਹੈ। ਇਕ ਦਿਨ ਸੁਸ਼ਮਾ ਦੀ ਸ਼ੀਲਾ ਨਾਂ ਦੀ ਨਰਸ ਉਸ ਨੂੰ ਪੁੱਛਦੀ ਹੈ,

"ਮਿਸਟਰ ਸ਼ਰਮਾ, ਮੈਂ ਜਦ ਵੀ ਆਵਾਂ ਤੁਸੀਂ ਕੰਪਿਊਟਰ ਤੇ ਬੈਠੇ ਹੁੰਦੇ ਓ, ਕੀ ਕੋਈ ਗਰਲ ਫਰਿੰਡ ਲਭ ਰਹੇ ਓ?"

"ਹੁਣ ਮੇਰਾ ਗਰਲ ਫਰਿੰਡ ਲਭਣ ਦਾ ਵਕਤ ਨਹੀਂ ਰਿਹਾ।"

ਵਿਜੈ ਹੱਸਦਾ ਹੋਇਆ ਆਖਦਾ ਹੈ। ਸ਼ੀਲਾ ਆਲਾ ਦੁਆਲਾ ਦੇਖਦੀ ਹੈ। ਸੁਸ਼ਮਾ ਦੂਜੇ ਕਿਸੇ ਕਮਰੇ ਵਿਚ ਹੈ। ਉਹ ਹੌਲੇ ਜਿਹੇ ਬੋਲਦੀ ਹੈ,

"ਤੇਰੇ ਜਿਹੀ ਹਾਲਤ ਵਿਚ ਤਾਂ ਗਰਲ ਫਰਿੰਡ ਹੋਰ ਵੀ ਜ਼ਰੂਰੀ ਹੋ ਜਾਂਦੀ ਐ।"

ਵਿਜੈ ਉਸ ਵਲ ਦੇਖਦਾ ਲੰਮਾ ਸਾਹ ਲੈਂਦਾ ਹੈ ਪਰ ਮੂੰਹੋਂ ਕੁਝ ਨਹੀਂ ਬੋਲਦਾ। ਇਕ ਵਾਰ ਤਾਂ ਉਸ ਨੂੰ ਲਗਦਾ ਹੈ ਕਿ ਸਾਰੇ ਹੀ ਠੀਕ ਹਨ ਉਹ ਇਕੱਲਾ ਹੀ ਗਲਤ ਹੈ।

ਇਕ ਦਿਨ ਭਾਗੀ ਉਸ ਨੂੰ ਆਖਦੀ ਹੈ,

"ਵਿਜੈ, ਕੀ ਹੋਈ ਜਾਂਦਾ ਤੈਨੂੰ? ਦੇਖ ਤੇਰੀਆਂ ਅੱਖਾਂ ਥੱਲੇ ਦੇ ਬੈਗ ਕਿੰਨੇ ਭਾਰੇ ਹੋ ਗਏ ਆ, ਤੇਰੇ ਚਿਹਰੇ ਤੇ ਵੀ ਕਾਲੋਂ ਜਿਹੀ ਫਿਰੀ ਜਾਂਦੀ ਆ। ...ਮੈਂ ਸਮਝਦੀ ਆਂ ਤੇਰੀ ਤਕਲੀਫ ਨੂੰ ਪਰ ਤੂੰ ਤਾਂ ਹੌਂਸਲੇ ਵਾਲਾ ਮਰਦ ਐਂ, ...ਆਪਣਾ ਧਿਆਨ ਕਿਉਂ ਨਹੀਂ ਰੱਖਦਾ?"

"ਕੁਸ਼ ਨਹੀਂ ਹੋਇਆ ਮੈਨੂੰ, ਤੈਨੂੰ ਐਵੇਂ ਲਗੀ ਜਾਂਦਾ।"

"ਮੈਂ ਦੇਖਿਆ ਕਿ ਤੂੰ ਗੱਲ ਤਾਂ ਮੇਰੇ ਨਾਲ ਕਰ ਰਿਹਾ ਹੁੰਨਾ ਪਰ ਹੁੰਨਾ ਕਿਤੇ ਹੋਰ ਐਂ, ਕੋਈ ਗਰਲ ਫਰਿੰਡ ਤਾਂ ਨਹੀਂ ਮਿਲ ਗਈ?"

ਕਹਿ ਕੇ ਭਾਗੀ ਹੱਸਦੀ ਹੈ। ਵਿਜੈ ਕੁਝ ਗੁਣਗਣਾਉਣ ਲਗਦਾ ਹੈ। ਭਾਗੀ ਕਹਿੰਦੀ ਹੈ,

"ਖੁਲ੍ਹ ਕੇ ਗਾ, ਮੈਂ ਵੀ ਤਾਂ ਸੁਣਾਂ ਤੇਰਾ ਗੀਤ!"

ਵਿਜੈ ਹੱਸਦਾ ਹੈ ਤੇ ਆਪਣੀ ਬੀਅਰ ਪੀਣ ਲਗਦਾ ਹੈ। ਉਹ ਭਾਗੀ ਕੋਲ ਹਫਤੇ ਵਿਚ ਇਕ ਗੇੜਾ ਤਾਂ ਮਾਰ ਹੀ ਲੈਂਦਾ ਹੈ। ਕਿਸੇ ਪਾਸਿਓਂ ਮੁੜਦਾ ਜਾਂਦਾ ਭਾਗੀ ਨੂੰ ਫੋਨ ਕਰ ਲਿਆ ਕਰਦਾ ਹੈ। ਭਾਗੀ ਕੋਲ ਬੈਠਣਾ, ਬੀਅਰ ਪੀਣਾ ਉਸ ਨੂੰ ਚੰਗਾ ਲਗਦਾ ਹੈ।

ਚੰਗਾ ਤਾਂ ਭਾਗੀ ਨੂੰ ਵੀ ਲਗਦਾ ਹੈ ਪਰ ਉਹ ਇਸ ਗੱਲ ਤੋਂ ਬਹੁਤੀ ਖੁਸ਼ ਨਹੀਂ ਹੈ ਕਿ ਉਹਨਾਂ ਦੇ ਸਬੰਧ ਉਥੇ ਦੇ ਉਥੇ ਹੀ ਖੜੇ ਹਨ। ਕਈ ਵਾਰ ਤਾਂ ਭਾਗੀ ਦਾ ਦਿਲ ਵੀ ਕਰਦਾ ਹੈ ਕਿ ਪੂਰੀ ਦੀ ਪੂਰੀ ਖੁਲ੍ਹ ਜਾਵੇ ਉਸ ਸਾਹਮਣੇ ਪਰ ਫਿਰ ਉਹ ਸੋਚਦੀ ਹੈ ਕਿ ਹੁਣ ਉਸ ਦੀਆਂ ਕੁੜੀਆਂ ਵੱਡੀਆਂ ਹੋ ਗਈਆਂ ਹਨ, ਇਹ ਰਿਸ਼ਤਾ ਇਵੇਂ ਹੀ ਚਲੀ ਜਾਵੇ ਤਾਂ ਠੀਕ ਹੈ। ਵੈਸੇ ਭਾਗੀ ਦਾ ਦਿਲ ਕਰਦਾ ਰਹਿੰਦਾ ਹੈ ਕਿ ਉਸ ਦੇ ਕਿਸੇ ਕੰਮ ਆਵੇ। ਸੁਸ਼ਮਾ ਨੂੰ ਉਹ ਬਹੁਤਾ ਪਸੰਦ ਨਹੀਂ ਕਰਦੀ, ਇਸ ਕਰਕੇ ਉਹਨਾਂ ਦੇ ਘਰ ਤਾਂ ਉਹ ਘੱਟ ਹੀ ਜਾਇਆ ਕਰਦੀ ਹੈ ਪਰ ਵਿਜੈ ਨਾਲ ਜਾ ਕੇ ਤਾਏ ਦਾ ਘਰ ਜ਼ਰੂਰ ਸਾਫ ਕਰ ਆਇਆ ਕਰਦੀ ਹੈ। ਵਿਜੈ ਹਫਤੇ ਵਿਚ ਇਕ ਵਾਰ ਤਾਏ ਦੇ ਘਰ ਦੀ ਸਫਾਈ ਕਰਨ ਜਾਂਦਾ ਹੈ। ਵੈਸੇ ਹਰ ਸਵੇਰੇ ਸ਼ਾਮ ਇਕ ਚਕਰ ਉਧਰ ਦਾ ਲਗਾ ਦਿੰਦਾ ਹੈ। ਇਕ ਦਿਨ ਤਾਇਆ ਉਸ ਨੂੰ ਆਖਦਾ ਹੈ,

"ਵਿਜੈ, ਮੇਰੇ ਵਕੀਲ ਨਾਲ ਮੇਰੀ ਐਪੁਆਇੰਟਮਿੰਟ ਬਣਾ ਦੇ, ਜ਼ਰਾ ਕੰਮ ਆ।"

"ਤਾਇਆ, ਵਕੀਲ ਦੀ ਕੀ ਲੋੜ ਪੈ ਗਈ?"

"ਮੈ ਵਿਲ ਨਹੀਂ ਬਣਾਈ ਹੋਈ। ਮੈਨੂੰ ਲਗਦਾ ਕਿ ਇਹ ਕੰਮ ਜ਼ਰੂਰੀ ਆ।"

ਵਿਜੈ ਸੋਚਦਾ ਹੈ ਕਿ ਇਸ ਦੀ ਜ਼ਰੂਰਤ ਤਾਂ ਹੈ ਨਹੀਂ ਕਿਉਂਕਿ ਦੀਪਕ ਇਕੱਲਾ ਹੀ ਹੈ। ਕੋਈ ਉਜ਼ਰ ਕਰਨ ਵਾਲਾ ਹੈ ਨਹੀਂ ਪਰ ਉਹ ਵਕੀਲ ਨਾਲ ਮਿਲਣ ਦਾ ਵਕਤ ਤਹਿ ਕਰ ਲੈਂਦਾ ਹੈ। ਤਾਏ ਦੀ ਸਿਹਤ ਹੁਣ ਬਹੁਤ ਕਮਜ਼ੋਰ ਹੈ। ਉਹ ਬੜੀ ਮੁਸ਼ਕਲ ਨਾਲ ਵਕੀਲ ਦੇ ਪੁੱਜਦਾ ਹੈ। ਉਹ ਆਪਣੇ ਨਾਲ ਆਪਣੇ ਪੁਰਾਣੇ ਮਿੱਤਰ ਮਨੋਹਰ ਲਾਲ ਨੂੰ ਲੈ ਜਾਂਦਾ ਹੈ। ਵਿਜੈ ਨੂੰ ਬਾਹਰ ਬੈਠੇ ਰਹਿਣ ਲਈ ਕਹਿ ਦਿੰਦਾ ਹੈ। ਕੁਝ ਦੇਰ ਬਾਅਦ ਉਹ ਘਰ ਪਰਤ ਆਉਂਦੇ ਹਨ। ਤਾਇਆ ਆਪਣੀ ਵਸੀਅਤ ਨੂੰ ਆਪਣੇ ਸਰਾਹਣੇ ਪਈ ਅਲਮਾਰੀ ਵਿਚ ਰੱਖ ਲੈਂਦਾ ਹੈ।

ਸ਼ਨਿਚਰਵਾਰ ਵਾਲੇ ਦਿਨ ਵਿਜੈ ਮੰਦਿਰ ਜਾਂਦਾ ਹੈ। ਉਸ ਨੂੰ ਮਨੋਹਰ ਲਾਲ ਮਿਲ ਪੈਂਦਾ ਹੈ। ਮਨੋਹਰ ਲਾਲ ਤਾਏ ਦੀ ਖਬਰ ਲੈਣ ਅਕਸਰ ਉਸ ਦੇ ਘਰ ਆਉਂਦਾ ਰਹਿੰਦਾ ਹੈ। ਉਹ ਵਿਜੈ ਨੂੰ ਕਹਿਣ ਲਗਦਾ ਹੈ,

"ਕਾਕਾ, ਬਈ ਤੂੰ ਕਮਾਲ ਕਰ 'ਤੀ, ਜਿੰਨੀ ਤੂੰ ਆਪਣੇ ਤਾਏ ਦੀ ਸੇਵਾ ਕਰਦਾਂ ਇੰਨੀ ਤਾਂ ਸਕਾ ਪੁੱਤ ਵੀ ਨਹੀਂ ਕਰਦਾ।"

"ਅੰਕਲ ਜੀ, ਕਿਉਂ ਸ਼ਰਮਿੰਦਾ ਕਰਦੇ ਓ, ਮੈਂ ਕੁਸ਼ ਨਹੀਂ ਕਰਦਾ, ਥੋੜਾ ਜਿਹਾ ਮੇਰਾ ਫਰਜ਼ ਐ ਬਸ ਇੰਨਾ ਕੁ ਈ ਕਰ ਸਕਦਾਂ।"

"ਨਹੀਂ, ਮੇਰੇ ਨਾਲ ਤਾਂ ਤੇਰਾ ਤਾਇਆ ਸਾਰੀ ਗੱਲ ਕਰ ਲੈਂਦਾ, ਪਰ ਉਹਨੇ ਵੀ ਆਪਣੀ ਪੁੱਗਾ ਕੇ ਦਿਖਾ ਦਿਤੀ, ਸਭ ਕਾਸੇ ਦੀ ਵਸੀਅਤ ਤੇਰੇ ਨਾਂ ਕਰਾ'ਤੀ।"

ਵਿਜੈ ਉਸ ਦੀ ਗੱਲ ਸੁਣ ਕੇ ਹੈਰਾਨ ਰਹਿ ਜਾਂਦਾ ਹੈ। ਉਹ ਘਰ ਆ ਕੇ ਤਾਏ ਨੂੰ ਪੁੱਛਦਾ ਹੈ,
"ਤਾਇਆ, ਮੈਨੂੰ ਪਤਾ ਚਲਿਆ ਕਿ ਤੂੰ ਵਸੀਅਤ ਮੇਰੇ ਨਾਂ ਕਰਾ ਦਿਤੀ।"
"ਤੈਨੂੰ ਕੌਣ ਕਹਿੰਦਾ?"
"ਮੈਨੂੰ ਮਨੋਹਰ ਲਾਲ ਅੰਕਲ ਨੇ ਦਸਿਆ, ਤਾਇਆ ਮੈਨੂੰ ਕੁਸ਼ ਨਹੀਂ ਚਾਹੀਦਾ, ਇਹ ਸਭ ਕੁਸ਼ ਦੀਪਕ ਦਾ ਐ।"
"ਨਹੀਂ, ਦੀਪਕ ਆਪਣਾ ਹਿੱਸਾ ਲੈ ਗਿਆ, ਇਹ ਹਿੱਸਾ ਤੇਰਾ।"

## ਪੰਜਾਹ

ਅਸ਼ੋਕ ਨਾਲ ਵਿਜੈ ਦੀ ਫੋਨ ਤੇ ਗੱਲਬਾਤ ਹੁੰਦੀ ਰਹਿੰਦੀ ਹੈ। ਬਹੁਤੀਆਂ ਗੱਲਾਂ ਕਾਰੋਬਾਰੀ ਹੀ ਹੁੰਦੀਆਂ ਹਨ ਪਰ ਕਈ ਵਾਰ ਅਸ਼ੋਕ ਉਸ ਸਾਹਮਣੇ ਕੋਈ ਮੰਗ ਵੀ ਰੱਖ ਦਿੰਦਾ ਹੈ। ਕਦੇ ਨਵੇਂ ਫੋਨ ਦੀ, ਕਦੇ ਕਪੜਿਆਂ ਦੀ, ਕਦੇ ਨਵੇਂ ਲੈਪਟੌਪ ਦੀ। ਵਿਜੈ ਆਪਣੇ ਖਰਚੇ ਗਿਣਵਾਉਣ ਲਗਦਾ ਹੈ। ਇਕ ਦਿਨ ਅਸ਼ੋਕ ਆਖਦਾ ਹੈ,
"ਵਿਜੈ ਤੂੰ ਹਰ ਵੇਲੇ ਰੋਂਦਾ ਰਹਿੰਨਾਂ, ਇੰਨੀ ਆਮਦਨ ਆ ਤੈਨੂੰ ਉਪਰੋਂ ਤੂੰ ਤਾਏ ਦੀ ਪੈਨਸ਼ਨ ਵੀ ਖਾਈ ਜਾਨਾਂ, ਪੰਦਰਾਂ ਹਜ਼ਾਰ ਰੁਪੱਈਏ ਹਫਤੇ ਦੇ, ਸੱਠ ਹਜ਼ਾਰ ਮਹੀਨੇ ਦੇ, ਤੇਰਾ ਫਿਰ ਵੀ ਨਹੀਂ ਸਰਦਾ?"

ਵਿਜੈ ਨੂੰ ਉਸ ਦੀ ਗੱਲ ਤੇ ਗੁੱਸਾ ਆਉਂਦਾ ਹੈ ਪਰ ਉਹ ਸ਼ਾਂਤ ਰਹਿੰਦਾ ਕਹਿੰਦਾ ਹੈ,
"ਤੂੰ ਰੁਪੱਈਆਂ ਵਿਚ ਨਾ ਦੇਖ, ਪੌਂਡਾਂ ਵਿਚ ਦੇਖ, ਇਥੇ ਇਕ ਪੌਂਡ ਇਕ ਰੁਪੱਈਏ ਵਾਂਗ ਚਲਦਾ, ਦੋ ਸੌ ਪੌਂਡ ਬੜੇ ਟੱਬਰ ਵਿਚ ਕੋਈ ਮਹਿਨੇ ਨਹੀਂ ਰਖਵਾਉਂਦਾ।"

ਅਸ਼ੋਕ ਉਸ ਦੀ ਗੱਲ ਨਾਲ ਸਹਿਮਤ ਨਹੀਂ ਹੁੰਦਾ। ਵਿਜੈ ਉਸ ਨੂੰ ਸਹਿਮਤ ਕਰਵਾਉਣਾ ਵੀ ਨਹੀਂ ਚਾਹੁੰਦਾ। ਉਹ ਸੋਚਦਾ ਕਿ ਜਿਸ ਦੀ ਮਰਜ਼ੀ ਹੈ ਜਿਵੇਂ ਵੀ ਸੋਚੀ ਜਾਵੇ। ਇਹਨਾਂ ਦਿਨਾਂ ਵਿਚ ਹੀ ਅਸ਼ੋਕ ਛਪਾਈ ਦੀਆਂ ਆਪਣੀਆਂ ਕੀਮਤਾਂ ਵਧਾ ਦਿੰਦਾ ਹੈ। ਉਹ ਦਸਦਾ ਹੈ ਕਿ ਪੇਪਰ ਮਹਿੰਗਾ ਹੋ ਗਿਆ ਹੈ ਤੇ ਸ਼ਿਆਹੀ ਵੀ। ਨਵੀਂਆਂ ਮਸ਼ੀਨਾਂ ਦੇ ਖਰਚੇ ਵੀ ਵਧੇਰੇ ਹਨ। ਵਿਜੈ ਨੂੰ ਬਰਾਈਟਨ ਦੇ ਇਕ ਬਿਊਟੀ ਪਾਰਲਰ ਦਾ ਵੀਹ ਹਜ਼ਾਰ ਲੀਫ ਲੈਟਸ ਦਾ ਆਰਡਰ ਆਉਂਦਾ ਹੈ। ਉਹ ਫੋਨ ਕਰਕੇ ਅਸ਼ੋਕ ਤੋਂ ਕੁਟੇਸ਼ਨ ਮੰਗਦਾ ਹੈ ਕਿਉਂਕਿ ਵਧੀ ਹੋਈ ਕੀਮਤ ਮੁਤਾਬਕ ਹੀ ਗਾਹਕ ਨੂੰ ਆਰਡਰ ਦੀ ਕੀਮਤ ਦਸਣੀ ਚਾਹੁੰਦਾ ਹੈ। ਅਸ਼ੋਕ ਤੀਹ ਹਜ਼ਾਰ ਰੁਪਏ ਦਸਦਾ ਹੈ ਭਾਵ ਕਿ ਚਾਰ ਸੌ ਪੌਂਡ ਦੇ ਕਰੀਬ। ਵਿਜੈ ਇਥੇ ਹੀ ਵੈਂਬਲੀ ਦੀ ਇਕ ਪਰੈਸ ਵਿਚੋਂ ਪਤਾ ਕਰਦਾ ਹੈ ਤਾਂ ਇਹ ਕੰਮ ਤਿੰਨ ਸੌ ਪੌਂਡ ਵਿਚ ਹੋ ਰਿਹਾ ਹੈ। ਇਵੇਂ ਸੌ ਪੌਂਡ ਉਸ ਨੂੰ ਇਥੋਂ ਛਪਵਾ ਕੇ ਹੀ ਬਚਦੇ ਹਨ ਤਾਂ ਇੰਡੀਆ ਤੋਂ ਛਪਵਾਉਣ ਦਾ ਕੀ ਫਾਇਦਾ ਹੈ। ਉਹ ਆਪਣਾ ਕੰਮ ਵੈਂਬਲੀ ਤੋਂ ਕਰਵਾ ਲੈਂਦਾ ਹੈ। ਵਿਜੈ ਦੇ ਅੰਦਰ ਬਹੁਤ ਉਥਲ ਪੁਥਲ ਹੋਣ ਲਗਦੀ ਹੈ ਕਿ ਭਰਾ ਹੀ ਹੇਰਾ-ਫੇਰੀ 'ਤੇ ਆ ਗਿਆ ਹੈ ਪਰ ਉਹ ਚੁੱਪ ਰਹਿੰਦਾ ਹੈ। ਉਹ ਹੁਸ਼ਿਆਰ ਨਾਲ ਗੱਲ ਸਾਂਝੀ ਕਰਦਾ ਹੈ। ਹੁਸ਼ਿਆਰ ਕਹਿੰਦਾ ਹੈ,
"ਤੈਨੂੰ ਹੁਣ ਦਿੱਲੀ ਵਿਚ ਹੀ ਕੋਈ ਹੋਰ ਪਰੈੱਸ ਲਭਣੀ ਪਊ।"
"ਇਹ ਨਹੀਂ ਕਰ ਹੋਣਾ ਮੇਰੇ ਤੋਂ।"
"ਫਿਰ ਘਾਟਾ ਖਾਈ ਚੱਲ ਜਾਂ ਇਥੋਂ ਈ ਕਿਤਿਓਂ ਕਰਾਈ ਚੱਲ।"
"ਭਾਅ, ਕੁਸ਼ ਸਮਝ ਨਹੀਂ ਆਉਂਦੀ ਕਿ ਕੀ ਕੀਤਾ ਜਾਏ, ਇਥੋਂ ਕੰਮ ਕਰਾ ਕੇ ਬਹੁਤਾ ਕੁਸ਼ ਨਹੀਂ ਬਚਦਾ ਤੇ ਕਈ ਵਾਰ ਇਥੇ ਵਾਲੇ ਲੋਕ ਆਪ ਹੀ ਗਾਹਕ ਨਾਲ ਸਿੱਧੀ ਗੱਲ ਕਰ ਲੈਂਦੇ ਆ ਤੇ ਤੁਸੀਂ ਗਾਹਕ ਵੀ ਗਵਾ ਬੈਠਦੇ ਆਂ।"
"ਜਾਂ ਤਾਂ ਅਸ਼ੋਕ ਨਾਲ ਸਿੱਧੀ ਗੱਲ ਕਰ ਨਹੀਂ ਜਾਂ ਕੋਈ ਹੋਰ ਦਵਾਰਾ ਲੱਭ।"
"ਅਸ਼ੋਕ ਨਾਲ ਮੈਂ ਗੱਲ ਕੀਤੀ ਸੀ ਪਰ ਉਹ ਕਹਿੰਦਾ ਕਿ ਹੁਣ ਇੰਨੇ ਵਿਚ ਈ ਪੈਣਾਂ ਜੇ ਕੋਈ ਹੋਰ ਦਵਾਰਾ ਲੱਭਣਾ ਹੋਇਆ ਤਾਂ ਫਿਰ ਆਪ ਦਿੱਲੀ ਜਾਣਾ ਪਏਗਾ। ਇਹਨਾਂ ਹਲਾਤ ਵਿਚ ਮੇਰੇ ਲਈ ਇੰਡੀਆ ਜਾਣਾ ਇੰਪੌਸੀਬਲ ਐ।"
"ਉਹ ਜਿਹੜਾ ਤੇਰਾ ਦੋਸਤ ਐ ਦਿੱਲੀ ਵਾਲ਼ਾ, ਜਿਹੜਾ ਗੱਲਾਂ ਬਹੁਤ ਕਰਦਾ, ਉਹਨੂੰ ਪੁੱਛ ਕੇ ਦੇਖ।"

ਉਹ ਮਿਹਰ ਨੂੰ ਫੋਨ ਕਰਦਾ ਹੈ। ਮਿਹਰ ਆਪ ਵੀ ਤਾਂ ਅਸ਼ੋਕ ਤੋਂ ਹੀ ਕੰਮ ਕਰਵਾਉਂਦਾ ਹੈ। ਕਹਿੰਦਾ ਹੈ,
"ਬਾਬੂ ਜੀ, ਕਿਸੇ ਦਿਨ ਆਓ, ਤੁਹਾਡੇ ਨਾਲ ਜ਼ਰੂਰੀ ਗੱਲ ਕਰਨੀ ਆਂ।"
"ਭਾਈ ਸਾਬ, ਹੁਕਮ ਕਰੋ, ਦੱਸੋ ਕਿਹੜੀ ਗੱਲ ਕਰਨੀ ਆਂ?"
"ਇਕ ਪਰਾਈਵੇਟ ਕੰਮ ਆਂ ਮਿਲ ਕੇ ਈ ਦਸ ਸਕਦਾਂ।"

ਤੀਜੇ ਦਿਨ ਹੀ ਮਿਹਰ ਉਸ ਕੋਲ ਆ ਜਾਂਦਾ ਹੈ। ਵਿਜੈ ਪੁੱਛਦਾ ਹੈ,
"ਕਿਸ ਤੋਂ ਕੰਮ ਕਰਵਾਉਂਦੇ ਓ ਅਜ ਕੱਲ?"

"ਬਹੁਤਾ ਅਸ਼ੋਕ ਤੋਂ, ...ਕੁਝ ਹੋਰ ਪਾਸਿਓਂ ਵੀ। ਕਿਉਂ?"
"ਏ ਫੋਰ ਸਾਈਜ਼ ਦੇ ਵੀਹ ਹਜ਼ਾਰ ਲੀਫਲੈੱਟਸ ਦੀ ਕੁਟੇਸ਼ਨ ਅਸ਼ੋਕ ਨੇ ਮੈਨੂੰ ਚਾਰ ਸੌ ਪੌਂਡ ਦਿਤੀ ਜਦ ਕਿ ਇਥੋਂ ਮੈਂ ਤਿੰਨ ਸੌ ਪੌਂਡ ਵਿਚ ਛਪਵਾ ਲਏ।"
"ਇਹ ਤਾਂ ਨਹੀਂ ਹੋ ਸਕਦਾ, ਮੈਂ ਅਸ਼ੋਕ ਤੋਂ ਦੋ ਸੌ ਪੰਜਾਹ ਵਿਚ ਬਣਾਏ ਆ।"
"ਹੈ ਨਾ ਅਜੀਬ ਗੱਲ! ਭਰਾ ਨੂੰ ਭਰਾ ਹੀ ਚਰੂੰਡਣ ਡਿਹਾ!"
"ਉਥੇ ਸਾਰੇ ਈ ਇਹੋ ਜਿਹੇ ਨੇ, ਇਹ ਸੋਚਦੇ ਨੇ ਕਿ ਅਸੀਂ ਰੁੱਖਾਂ ਨਾਲੋਂ ਪੈਸੇ ਤੋੜੀ ਜਾਂਨੇ ਆਂ।"
"ਚੱਲ ਮੈਨੂੰ ਕੋਈ ਹੋਰ ਪਰਿੰਟਰ ਲਭ ਕੇ ਦੇਹ।"
"ਅਸ਼ੋਕ ਭਰਾਤਾ ਜੀ ਨਾ ਮਾਈਂਡ ਕਰਨ।"
"ਅਵੱਲ ਤਾਂ ਆਪਾਂ ਉਹਨੂੰ ਪਤਾ ਨਾ ਲਗਣ ਦੇਈਏ ਪਰ ਜੇ ਪਤਾ ਲਗ ਵੀ ਜਾਵੇ ਤਾਂ ਬਿਜ਼ਨਸ ਇਜ਼ ਬਿਜ਼ਨਸ।"

ਵਿਜੈ ਆਤਮ ਵਿਸ਼ਵਾਸ ਨਾਲ ਆਖਦਾ ਹੈ। ਬਹੁਤ ਦੇਰ ਸੋਚਣ ਤਕ ਉਹ ਇਸ ਨਤੀਜੇ 'ਤੇ ਪੁੱਜ ਜਾਂਦਾ ਹੈ ਕਿ ਜੇ ਭਰਾ ਉਸ ਨਾਲ ਵਿਓਪਾਰ ਕਰਨ 'ਤੇ ਉਤਰ ਆਇਆ ਹੈ ਤਾਂ ਉਸ ਨੂੰ ਵੀ ਵਿਓਪਾਰੀ ਬਣ ਕੇ ਹੀ ਮਿਲਣਾ ਚਾਹੀਦਾ ਹੈ। ਮਿਹਰ ਕਹਿੰਦਾ ਹੈ,

"ਇਹ ਵੀ ਠੀਕ ਏ, ਮੈਂ ਕਿਤੇ ਹੋਰ ਟਰਾਈ ਕਰ ਕੇ ਦੇਖਦਾਂ।"
"ਆਹ ਲੈ ਇਕ ਆਰਡਰ ਐ, ਤਾਜ ਰੈਸਟੋਰੈਂਟ ਦਾ। ਇਹਦੀ ਕੁਟੇਸ਼ਨ ਲੈ ਦੇ।"

ਵਿਜੈ ਨਵੇਂ ਮਿਲੇ ਆਰਡਰ ਬਾਰੇ ਦਸਦਾ ਹੈ। ਮਿਹਰ ਉਥੇ ਬੈਠਾ ਹੀ ਦਿੱਲੀ ਕਿਸੇ ਨਾਲ ਗੱਲ ਕਰਦਾ ਹੈ ਤੇ ਵਿਜੈ ਦਾ ਕੰਮ ਸਸਤੇ ਵਿਚ ਕਰਵਾ ਦਿੰਦਾ ਹੈ। ਵਿਜੈ ਅਸ਼ੋਕ ਬਾਰੇ ਹਾਲੇ ਵੀ ਹੈਰਾਨ ਹੋਇਆ ਬੈਠਾ ਹੈ। ਉਹ ਸਾਰੀ ਗੱਲ ਤਾਏ ਨੂੰ ਦਸਦਾ ਹੈ। ਤਾਇਆ ਕਹਿੰਦਾ ਹੈ,

"ਵਿਜੇ, ਇਹ ਲੋਕ ਤੇਰੀ ਪਰੌਬਲਮ ਨੂੰ ਨਹੀਂ ਸਮਝ ਸਕਦੇ। ...ਹੁਣ ਵਕਤ ਆ ਗਿਆ ਕਿਸੇ ਦੀ ਮਦਦ ਕਰਨੀ ਛੱਡ ਕੇ ਆਪਣੇ ਬਾਰੇ ਸੋਚ।"

ਬਹੁਤ ਦਿਨ ਤਕ ਅਸ਼ੋਕ ਦਾ ਕੋਈ ਫੋਨ ਨਹੀਂ ਆਉਂਦਾ। ਪਾਈਪ ਲਾਈਨ ਵਿਚ ਪਿਆ ਹੋਇਆ ਕੰਮ ਉਹ ਭੇਜਦਾ ਰਹਿੰਦਾ ਹੈ। ਨਵੇਂ ਆਰਡਰ ਵਿਜੈ ਹੋਰ ਹੋਰ ਪਾਸੇ ਦੇਣ ਲਗਿਆ ਹੈ। ਵਿਜੈ ਉਸ ਨੂੰ ਫੋਨ ਵੀ ਨਹੀਂ ਕਰਦਾ। ਇਕ ਚੁੱਪ ਜਿਹੀ ਤਣ ਜਾਂਦੀ ਹੈ। ਵਿਜੈ ਹੁਸ਼ਿਆਰ ਨੂੰ ਕਹਿੰਦਾ ਹੈ,

"ਭਾਅ, ਦਿਲ ਕਰਦਾ ਹੈ ਕਿ ਇਹ ਕੰਮ ਈ ਛੱਡ ਦੇਵਾਂ।"
"ਸ਼ਰਮਿਆਂ, ਹੋਰ ਕਰੇਂਗਾ ਵੀ ਕੀ, ਇਸ ਸਿਚੂਏਸ਼ਨ ਵਿਚ ਇਹੋ ਕੰਮ ਤੈਨੂੰ ਸੂਟ ਕਰਨਾ। ਘਰ ਤੇਰਾ ਹਸਪਤਾਲ ਬਣਿਆਂ ਪਿਆ।"

ਹੁਸ਼ਿਆਰ ਦੀ ਗੱਲ ਠੀਕ ਹੈ। ਹੁਣ ਹੋਰ ਕੰਮ ਉਸ ਤੋਂ ਹੋਣਾ ਵੀ ਨਹੀਂ। ਉਹ ਇਕ ਨਵੇਂ ਉਤਸ਼ਾਹ ਨਾਲ ਆਪਣੇ ਕੰਮ ਨੂੰ ਨਵੇਂ ਸਿਰਿਓਂ ਡਟ ਜਾਂਦਾ ਹੈ। ਨਵੀਂ ਤੋਂ ਨਵੀਂ ਜਗਾਹ ਤੇ ਆਪਣੇ ਕਾਰਡ ਛੱਡਣ ਜਾਂਦਾ ਹੈ। ਇਕ ਦਿਨ ਉਸ ਨੂੰ ਪਟਿਆਲਾ ਸਵੀਟ ਸ਼ੌਪ ਤੋਂ ਫਾਰੁਖ ਦਾ ਫੋਨ ਆਉਂਦਾ ਹੈ। ਉਹ ਕਦੇ ਕਦੇ ਉਸ ਤੋਂ ਕੰਮ ਕਰਵਾਉਂਦਾ ਹੈ। ਪਿਛਲੇ ਦਿਨੀਂ ਉਹ ਫਾਰੁਖ ਨੂੰ ਕਿਸੇ ਨਵੇਂ ਕੰਮ ਲਈ ਪੁੱਛਦਾ ਵੀ ਰਿਹਾ ਹੈ। ਮੂਹਰੇ ਈਦ ਤੇ ਦਿਵਾਲੀ ਇਕੱਠੀਆਂ ਆ ਰਹੀਆਂ ਹਨ। ਉਹ ਵਾਹਵਾ ਵਿਅਸਤ ਹੋ ਜਾਵੇਗਾ। ਵਿਜੈ ਨੂੰ ਫਾਰੁਖ ਵਲ ਝਾਕ ਵੀ ਹੈ ਕਿ ਕੰਮ ਮਿਲੇਗਾ। ਉਹ ਫਾਰੁਖ ਨੂੰ ਮਿਲਣ ਜਾਂਦਾ ਹੈ। ਕਹਿੰਦਾ ਹੈ,

"ਹਾਂ, ਫਾਰੁਖ ਭਾਈ, ਕਿਆ ਹੁਕਮ ਹੈ?"
"ਸ਼ਰਮਾ ਜੀ, ਪੰਦਰਾਂ ਹਜ਼ਾਰ ਮਠਿਆਈ ਵਾਲੇ ਡੱਬੇ ਔਰ ਪੰਦਰਾਂ ਹਜ਼ਾਰ ਕੈਰੀਅਰ ਬੈਗ ਪਲਾਸਟਿਕ ਕੇ ਔਰ ਪਾਂਚ ਹਜ਼ਾਰ ਪੇਪਰ ਬੈਗ। ਕੁਟੇਸ਼ਨ ਦੋ। ਅਗਰ ਕੁਟੇਸ਼ਨ ਠੀਕ ਹੂਈ ਤੋ ਇਤਨਾ ਹੀ ਔਰ ਮਾਲ ਚਾਹੀਏ।"

ਖੁਸ਼ ਹੁੰਦਾ ਵਿਜੈ ਪੇਪਰ ਪੈਨ ਕੱਢ ਕੇ ਕੁਸ਼ ਲਿਖਣ ਲਗਦਾ ਹੈ। ਫਿਰ ਪੁੱਛਦਾ ਹੈ,

"ਡੱਬੇ ਕਿਸ ਸਾਈਜ਼ ਮੇਂ?"
"ਡੱਬੇ ਇਕ ਪੌਂਡ ਮਠਿਆਈ ਵਾਲੇ ਪਾਂਚ ਹਜ਼ਾਰ, ਔਰ ਦਸ ਹਜ਼ਾਰ ਦੋ ਪਾਊਂਡ ਮਠਿਆਈ ਵਾਲੇ ਔਰ ਪਾਂਚ ਪੌਂਡ ਮਠਿਆਈ ਵਾਲੇ ਵੇਟ ਮੇਂ, ਬੈਗ ਸਟੈਂਡਰਡ ਸਾਈਜ਼ ਜੈਸੇ ਪਹਿਲੇ ਦੀਏ ਥੇ ਮਗਰ ਮਜ਼ਬੂਤ ਹੋਨੇ ਚਾਹੀਏ, ਪੇਪਰ ਬੈਗ ਵੀ ਪਹਿਲੇ ਜੈਸੇ। ਗੋਲਡਨ ਕਲਰ ਕੀ ਰਾਈਟਿੰਗ ਹੋਨੀ ਚਾਹੀਏ, ਆਗੇ ਸੀਜ਼ਨ ਆ ਰਹਾ ਨਾ।"
"ਠੀਕ ਹੈ ਫਾਰੁਖ ਭਾਈ, ਇਕ ਦੋ ਦਿਨ ਮੇਂ ਫੋਨ ਕਰਤਾ ਹੂੰ।"

ਕਹਿੰਦਾ ਵਿਜੈ ਉਥੋਂ ਉਠ ਆਉਂਦਾ ਹੈ। ਉਹ ਸੋਚ ਰਿਹਾ ਹੈ ਕਿ ਛੇ ਕੁ ਹਜ਼ਾਰ ਦੀ ਕੁਟੇਸ਼ਨ ਬਣੇਗੀ। ਉਸ ਨੂੰ ਹਜ਼ਾਰ ਪੌਂਡ ਬਚਣ ਨੂੰ ਹੋਵੇਗਾ। ਪਹਿਲਾਂ ਉਹ ਇਥੋਂ ਦੇ ਦੋ ਪਰਿੰਟਰਾਂ ਤੋਂ ਫੋਨ ਤੇ ਕੁਟੇਸ਼ਨ ਲੈ ਲਵੇਗਾ ਤੇ ਉਸ ਤੋਂ ਘੱਟ ਕੀਮਤ ਫਾਰੁਖ ਨੂੰ

ਦਸੇਗਾ। ਵਿਜੈ ਨੂੰ ਪਤਾ ਹੈ ਕਿ ਫਾਰੁਖ ਤੇਜ਼ ਆਦਮੀ ਹੈ, ਕਈ ਪਾਸੇ ਪੁੱਛ ਪੜਤਾਲ ਕਰੇਗਾ। ਉਹ ਮਿਹਰ ਦੇ ਮੁਬਾਈਲ ਤੇ ਫੋਨ ਕਰਦਾ ਹੈ। ਸਾਰੀ ਗੱਲ ਦਸਦਾ ਹੈ। ਮਿਹਰ ਕਹਿਣ ਲਗਦਾ ਹੈ,

"ਭਾਈ ਸਾਹਿਬ, ਤਿੰਨ ਸੌ ਪੌਂਡ ਦਾ ਟਿਕਟ ਏ, ਲੈ ਦਿਓ। ਐਸੀ ਕੁਟੇਸ਼ਨ ਲਿਆ ਕੇ ਦੇਵਾਂਗਾ ਕਿ ਯਾਦ ਰਖੋਂਗੇ, ਮਾਲ ਵੀ ਕੋਲ ਖੜਾ ਹੋ ਕੇ ਤਿਆਰ ਕਰਵਾਵਾਂਗਾ।"

"ਪਹਿਲਾਂ ਕਸਟਮਰ ਨੂੰ ਪਰਾਈਸ ਤਾਂ ਦਸੀਏ। ਕਿਸੇ ਨੂੰ ਫੋਨ ਕਰਕੇ ਪਰਾਈਸ ਦਾ ਪਤਾ ਕਰ, ਠੀਕ ਠੀਕ, ਤਾਂ ਜੋ ਕੰਮ ਮਿਲ ਜਾਵੇ।"

ਵਿਜੈ ਨੂੰ ਫਾਰੁਖ ਵਾਲਾ ਆਰਡਰ ਮਿਲ ਜਾਂਦਾ ਹੈ। ਹਾਲੇ ਹਫਤਾ ਵੀ ਨਹੀਂ ਲੰਘਿਆ ਕਿ ਅਸ਼ੋਕ ਦਾ ਫੋਨ ਆ ਜਾਂਦਾ ਹੈ। ਉਹ ਗੁੱਸੇ ਦਾ ਭਰਿਆ ਬੋਲਦਾ ਹੈ,

"ਇਹ ਕੀ ਹੋ ਰਿਹਾ ਬਈ?"

"ਕੀ ਹੋ ਗਿਆ?"

"ਤੂੰ ਕੰਮ ਬਾਹਰੋਂ ਕਰਵਾਉਣ ਲਗ ਪਿਆਂ?"

"ਤੇਰੀ ਪਰਾਈਸ ਮੇਰੇ ਤੋਂ ਅਫੋਰਡ ਨਹੀਂ ਹੁੰਦੀ, ਮੈਨੂੰ ਕੁਸ਼ ਬਚਦਾ ਈ ਨਹੀਂ।"

"ਵਿਜੈ, ਤੂੰ ਪੈਸੇ ਪੌਂਡਾਂ ਵਿਚ ਲੈਨਾਂ ਤੇ ਮੈਨੂੰ ਰੁਪੱਈਆਂ ਵਿਚ ਦਿੰਨਾਂ।"

"ਇਹੋ ਗੱਲ ਤੈਨੂੰ ਲਈ ਬੈਠੀ ਐ, ਮੈਂ ਕਿੰਨੀ ਵਾਰੀ ਦਸ ਚੁੱਕਾਂ ਕਿ ਇਥੇ ਇਕ ਪੌਂਡ ਇਕ ਰੁਪਏ ਵਾਂਗ ਚਲਦਾ, ਤੂੰ ਮੇਰੇ ਤੋਂ ਕਈ ਗੁਣਾਂ ਕਮਾ ਰਿਹਾਂ।"

"ਜੋ ਵੀ ਐ, ਇਹ ਪੰਜ ਲੱਖ ਦਾ ਆਰਡਰ ਬਾਹਰ ਨਹੀਂ ਜਾਣਾ ਚਾਹੀਦਾ, ਮੈਂ ਕਰੂੰ ਇਹ ਕੰਮ।"

"ਮੈਨੂੰ ਕੀਮਤ ਦੱਸ ਤੇ ਆਰਡਰ ਲੈ ਲੈ।"

"ਮੈਂ ਤੇਰਾ ਭਰਾ ਵਾਂ।"

"ਮੈਂ ਵੀ ਇਹੋ ਸੋਚਦਾ ਸੀ ਪਰ ਤੂੰ ਦਸ ਦਿਤਾ ਕਿ ਬਿਜ਼ਨਸ ਇਜ਼ ਬਿਜ਼ਨਸ।"

## ਇਕਵੰਜਾ

ਇਕ ਦਿਨ ਹੁਸ਼ਿਆਰ ਵਿਜੈ ਦੇ ਘਰ ਆਉਂਦਾ ਹੈ ਤੇ ਕੰਪਿਊਟਰ ਵਲ ਹੱਥ ਕਰਦਾ ਆਖਣ ਲਗਦਾ ਹੈ,

"ਸ਼ਰਮਿਆਂ, ਆਹ ਡੱਬਾ ਖੋਹਲ ਤੇ ਦਸ ਕੁਸ਼।"

"ਕੀ ਚਾਹੀਦਾ ਭਾਅ?"

"ਮੇਰੇ ਇਕ ਫਰਿੰਡ ਨੂੰ ਝੋਲਾ ਹੋ ਗਿਆ, ਕੀ ਕਹਿੰਦੇ ਆ, ਹਾਂ, ਪਾਰਕਿਨਸਨ ਡਿਜ਼ੀਜ਼ ਹੋ ਗਈ, ਉਹਨੇ ਅਖਬਾਰ ਵਿਚ ਪੜਿਆ ਕਿ ਕੋਈ ਨਵੀਂ ਦਵਾਈ ਨਿਕਲੀ ਇਸਦੀ, ਲੱਭ ਤਾਂ ਆਪਣੇ ਡੱਬੇ ਤੋਂ।"

"ਇਧਰ ਆ ਭਾਅ, ਕਿੰਨਾ ਕੁ ਕੰਮ ਆ ਕਿਤੇ, ਸਿਖ ਲੈ ਇਹਨੂੰ।"

ਵਿਜੈ ਹੁਸ਼ਿਆਰ ਨੂੰ ਆਪਣੇ ਨਾਲ ਦੀ ਕੁਰਸੀ ਤੇ ਆ ਬੈਠਣ ਲਈ ਆਖਦਾ ਹੈ। ਹੁਸ਼ਿਆਰ ਕਹਿੰਦਾ ਹੈ,

"ਸ਼ਰਮਿਆਂ, ਬਹੁਤਾ ਚਲਾਕ ਨਾ ਬਣ, ਤੂੰ ਵੀ ਇਹਨੂੰ ਚਲਾਉਣਾ ਨਿਆਣਿਆਂ ਤੋਂ ਸਿਖ ਗਿਆਂ ਨਹੀਂ ਤਾਂ ਤੈਨੂੰ ਕਿਥੋਂ ਆਉਣਾ ਸੀ, ਮੈਂ ਵੀ ਸਿਖ ਲਊਂ, ਪਹਿਲਾਂ ਤਾਂ ਓਦਾਂ ਈ ਉਜਾੜ ਰਹੀ, ਫੇਰ ਆਈ ਵੀ ਤਾਂ ਆਹ ਚੁਟਕੀ ਜਿਹੀ, ਜਦ ਬੜੀ ਹੋਈ ਤਾਂ ਮੈਂ ਵੀ ਸਿਖ ਲਊਂ, ਹਾਲੇ ਤੂੰ ਮੇਰਾ ਕੰਮ ਕਰ।"

ਕਹਿੰਦਾ ਹੁਸ਼ਿਆਰ ਹੱਸਣ ਲਗਦਾ ਹੈ ਪਰ ਸ਼ਰਮੇ ਦੇ ਬਰਾਬਰ ਵੀ ਜਾ ਬਹਿੰਦਾ ਹੈ। ਵਿਜੈ ਸੁਸ਼ਮਾ ਦੀ ਬਿਮਾਰੀ ਲਈ ਵੀ ਹਰ ਵੇਲੇ ਕੁਝ ਨਾ ਕੁਝ ਲਭਦਾ ਰਹਿੰਦਾ ਹੈ ਕਿ ਸ਼ਾਇਦ ਕੋਈ ਨਵੀਂ ਦਵਾਈ ਨਿਕਲੀ ਹੋਵੇ। ਕੋਈ ਨਵਾਂ ਇਲਾਜ ਮਿਲ ਜਾਵੇ, ਸੁਸ਼ਮਾ ਠੀਕ ਹੋ ਜਾਵੇ। ਕੁਝ ਲਭਦਾ ਹੋਇਆ ਵਿਜੈ ਕਹਿੰਦਾ ਹੈ,

"ਭਾਅ, ਆਹ ਦੇਖ, ਆਹ ਐ ਸਿਰ ਵਿਚ ਗਲ਼ੀ ਕੱਢ ਕੇ ਦਵਾਈ ਭਰਦੇ ਆ ਤੇ ਹਰ ਵੇਲੇ ਭਰੀ ਰਹਿਣ ਦਿੰਦੇ ਆ।"

"ਇਹਦਾ ਤਾਂ ਉਹਨੂੰ ਪਤਾ, ਕੋਈ ਹੋਰ ਦੇਖ।"

"ਕਈ ਵਾਰ ਏਦਾਂ ਹੁੰਦੀ ਐ ਕਿ ਹਾਲੇ ਤਜਰਬਾ ਹੋ ਹੀ ਰਿਹਾ ਹੁੰਦਾ ਕਿ ਅਖਬਾਰ ਵਿਚ ਖਬਰ ਆ ਜਾਂਦੀ ਐ ਪਰ ਦਵਾਈ ਤਾਂ ਮਾਰਕੀਟ ਵਿਚ ਬਹੁਤ ਠਹਿਰ ਕੇ ਆਉਣੀ ਹੁੰਦੀ ਆ, ਮੈਂ ਤਾਂ ਰੋਜ਼ ਦੋ ਘੰਟੇ ਇਸੇ ਕੰਮ ਤੇ ਖਰਚਦਾਂ।"

ਵਿਜੈ ਇਕ ਖਾਸ ਮੈਗਜ਼ੀਨ ਵੀ ਮੰਗਵਾਇਆ ਕਰਦਾ ਹੈ ਜਿਸ ਦਾ ਨਾਂ ਹੈ 'ਡਿਫਰੈਂਟ ਸਟਰੋਕ'। ਇਸ ਵਿਚ ਵੀ ਨਵੀਂਆਂ ਖੋਜਾਂ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ। ਕਈ ਜਗਾਹ ਤੇ ਇਸ ਦੀ ਖੋਜ ਹੋ ਵੀ ਰਹੀ ਹੈ। ਇਕ ਦਿਨ ਵਿਜੈ ਇਸੇ ਮੈਗਜ਼ੀਨ

ਵਿਚ ਇਕ ਐਡ ਦੇਖਦਾ ਹੈ। ਸਾਊਥੈਂਪਟਨ ਦੀ ਇਕ ਯੂਨੀਵਰਸਟੀ ਇਸ ਬਿਮਾਰੀ ਉਪਰ ਖੋਜ ਕਰ ਰਹੀ ਹੈ। ਇਸ ਬਾਰੇ ਐਡ ਦੇ ਨਾਲ ਇਕ ਲੇਖ ਵੀ ਹੈ। ਸਟਰੋਕ ਨਾਲ ਦਿਮਾਗ ਵਿਚਲੇ ਮਰੇ ਹੋਏ ਸੈਲ ਤਾਂ ਮੁੜ ਜੀਵਤ ਨਹੀਂ ਹੋ ਸਕਦੇ ਪਰ ਜੀਵਤ ਸੈਲਾਂ ਨੂੰ ਇਹ ਤਾਂ ਸਿਖਾਇਆ ਜਾ ਸਕਦਾ ਹੈ ਕਿ ਬਾਂਹ ਨੂੰ ਕੰਮ ਕਰਨ ਲਈ ਕਿਵੇਂ ਹੁਕਮ ਭੇਜਿਆ ਜਾਵੇ। ਸਾਊਥੈਂਪਟਨ ਯੂਨੀਵਰਸਟੀ ਤਜਰਬਾ ਕਰਨ ਜਾ ਰਹੀ ਹੈ ਕਿ ਮੋਢੇ ਵਿਚ ਇਕ ਡਿਵਾਈਸ ਫਿਟ ਕੀਤੀ ਜਾਵੇਗੀ ਜਿਸ ਨਾਲ ਬਾਂਹ ਦੇ ਹਿਲਣ ਵਿਚ ਮਦਦ ਮਿਲੇਗੀ ਤੇ ਦਿਮਾਗ ਲਈ ਵੀ ਬਾਂਹ ਨੂੰ ਹੁਕਮ ਦੇ ਸਕਣਾ ਅਸਾਨ ਹੋਵੇਗਾ। ਯੂਨੀਵਰਸਟੀ ਦੇ ਖੋਜ ਵਿਭਾਗ ਨੇ ਖੋਜ ਵਿਚ ਹਿੱਸਾ ਲੈਣ ਦੇ ਚਾਹਵਾਨਾਂ ਦੇ ਨਾਂ ਮੰਗੇ ਹਨ। ਇਹਨਾਂ ਉਮੀਦਵਾਰਾਂ ਦੀਆਂ ਕੁਝ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ਜਿਵੇਂ ਕਿ ਬਾਂਹ ਇਕ ਦਮ ਨਾ ਮਰੀ ਹੋਵੇ, ਜ਼ੁਬਾਨ ਠੀਕ ਚਲ ਰਹੀ ਹੋਵੇ। ਉਮੀਦਵਾਰ ਹਫਤੇ ਵਿਚ ਦੋ ਵਾਰ ਸਾਊਥੈਂਪਟਨ ਪੁੱਜ ਸਕਦਾ ਹੋਵੇ। ਉਹ ਖੋਜ ਕੇਂਦਰ ਤੋਂ ਸੌ ਮੀਲ ਅੰਦਰ ਅੰਦਰ ਰਹਿੰਦਾ ਹੋਵੇ। ਸੁਸ਼ਮਾ ਸਾਰੀਆਂ ਸ਼ਰਤਾਂ ਪੂਰੀਆਂ ਕਰ ਰਹੀ ਹੈ। ਇਸ ਖੋਜ ਲਈ ਸਾਲ ਭਰ ਉਥੇ ਜਾਣਾ ਹੋਵੇਗਾ। ਆਉਣ ਜਾਣ ਲਈ ਵਰਤੇ ਜਾਂਦੇ ਪੈਟਰੋਲ ਦਾ ਖਰਚਾ ਉਹਨਾਂ ਨੇ ਦੇਣਾ ਹੈ ਪਰ ਉਹਨਾਂ ਨੂੰ ਸਿਰਫ ਛੇ ਉਮੀਦਵਾਰ ਚਾਹੀਦੇ ਹਨ। ਜਿੰਨੀਆਂ ਵੀ ਅਰਜ਼ੀਆਂ ਆਈਆਂ ਉਹਨਾਂ ਵਿਚੋਂ ਸਿਰਫ ਛੇ ਮਰੀਜ਼ਾਂ ਨੂੰ ਮੌਕਾ ਦਿਤਾ ਜਾਵੇਗਾ। ਵਿਜੈ ਕਾਹਲੀ ਨਾਲ ਸੁਸ਼ਮਾ ਦਾ ਨਾਂ ਭਰ ਦਿੰਦਾ ਹੈ। ਈ-ਮੇਲ ਰਾਹੀਂ ਹੀ ਸਾਰਾ ਕੰਮ ਹੋ ਜਾਂਦਾ ਹੈ। ਸੁਸ਼ਮਾ ਬਹੁਤ ਉਤਸ਼ਾਹ ਵਿਚ ਹੈ। ਉਹ ਆਪਣੀ ਬਾਂਹ ਵਲ ਦੇਖਦੀ ਕਹਿੰਦੀ ਹੈ,

"ਸ਼ਰਮਾ ਜੀ, ਬਸ ਹੁਣ ਮੈਂ ਜਲਦੀ ਠੀਕ ਹੋ ਜਾਣਾ, ਮੁੜ ਕੇ ਆਪਣਾ ਕੰਮ ਸ਼ੁਰੂ ਕਰ ਦੇਣਾਂ।"

ਤਾਇਆ ਆਖਣ ਲਗਦਾ ਹੈ,

"ਤੁਸੀਂ ਆਪਣਾ ਪੂਰਾ ਹਿਸਾਬ ਲਾ ਲਿਓ, ਇਹ ਇੰਨਾ ਸੌਖਾ ਨਹੀਂ, ਸਾਲ ਭਰ ਹਫਤੇ ਵਿਚ ਦੋ ਦਿਨ ਜਾਣਾ ਪੈਣਾਂ, ਪੂਰਾ ਦਿਨ ਲਗ ਜਾਇਆ ਕਰੇਗਾ।"

"ਗੱਲ ਤਾਂ ਠੀਕ ਐ ਤਾਇਆ, ਮੇਰੀਆਂ ਹੋਰ ਵੀ ਇੰਨੀਆਂ ਕੁਮਿਟਮਿੰਟ ਹੈਗੀਆਂ ਪਰ ਇਹ ਵੀ ਜ਼ਰੂਰੀ ਐ।"

"ਸ਼ਰਮਾ ਜੀ, ਤੁਸੀਂ ਮੈਨੂੰ ਟਰੇਨ ਦਾ ਰਾਹ ਦਿਖਾ ਦਿਓ ਮੈਂ ਆਪੇ ਚਲੇ ਜਾਇਆ ਕਰਾਂਗੀ, ਤੁਸੀਂ ਆਪਣੇ ਕੰਮ ਕਰੀ ਜਾਇਓ।"

ਸੁਸ਼ਮਾ ਉਤਸ਼ਾਹ ਨਾਲ ਆਖਦੀ ਹੈ ਪਰ ਉਸ ਦਾ ਸਾਰਾ ਉਤਸ਼ਾਹ ਇਕ ਦਮ ਮੱਠਾ ਪੈ ਜਾਂਦਾ ਹੈ ਜਦ ਪਤਾ ਚਲਦਾ ਹੈ ਕਿ ਛੇ ਉਮੀਦਵਾਰਾਂ ਵਿਚ ਉਸ ਦਾ ਨਾਂ ਨਹੀਂ ਹੈ। ਇਹਨਾਂ ਦਿਨਾਂ ਵਿਚ ਹੀ ਗਿਲਫੋਰਡ ਯੂਨੀਵਰਸਟੀ ਦਾ ਘੋਸ਼ਣਾ ਪਤਰ ਪੜਨ ਨੂੰ ਮਿਲ ਜਾਂਦਾ ਹੈ। ਉਥੇ ਵੀ ਸਟਰੋਕ ਤੇ ਖੋਜ ਚਲ ਰਹੀ ਹੈ। ਉਹਨਾਂ ਨੂੰ ਵੀ ਉਮੀਦਵਾਰ ਚਾਹੀਦੇ ਹਨ। ਇਹ ਇਲਾਜ ਹੈ ਵੀ ਸਿਰਫ ਤਿੰਨ ਹਫਤੇ ਦਾ ਪਰ ਹੈ ਪੰਜੇ ਦਿਨ ਹੀ। ਗਿਲਫੋਰਡ ਕਾਰ ਵਿਚ ਘੰਟੇ ਕੁ ਦਾ ਰਸਤਾ ਹੈ, ਕੋਈ ਟਰੇਨ ਸਿੱਧੀ ਨਹੀਂ ਜਾਂਦੀ। ਵਿਜੈ ਸੁਸ਼ਮਾ ਦਾ ਨਾਂ ਭਰ ਕੇ ਈ-ਮੇਲ ਕਰ ਦਿੰਦਾ ਹੈ। ਅਗਲੇ ਦਿਨ ਹੀ ਡਾਕਟਰ ਐਮੀ ਬਰਿਜਟ ਦਾ ਫੋਨ ਆ ਜਾਂਦਾ ਹੈ। ਉਹ ਸੁਸ਼ਮਾ ਦੀ ਸਿਹਤ ਬਾਰੇ ਕਈ ਸਵਾਲ ਪੁੱਛਦੀ ਹੈ। ਉਹਨਾਂ ਦੀ ਪਰਿਵਾਰਿਕ ਸਥਿਤੀ ਬਾਰੇ ਵੀ। ਉਹ ਇਕ ਵਕਤ ਇਕ ਮਰੀਜ਼ ਉਤੇ ਹੀ ਤਜਰਬਾ ਕਰ ਰਹੇ ਹਨ। ਦੋ ਕੁ ਦਿਨ ਬਾਅਦ ਐਮੀ ਬਰਿਜਟ ਦਾ ਫੋਨ ਆ ਜਾਂਦਾ ਹੈ। ਸੁਸ਼ਮਾ ਨੂੰ ਚੁਣ ਲਿਆ ਜਾਂਦਾ ਹੈ। ਅਗਲੇ ਹਫਤੇ ਸੱਦਿਆ ਗਿਆ ਹੈ। ਉਹ ਸਾਰਾ ਇੰਤਜ਼ਾਮ ਕਰਦੇ ਹਨ। ਬੱਚੇ ਹੁਣ ਆਪ ਹੀ ਸਕੂਲ ਆ-ਜਾ ਸਕਦੇ ਹਨ ਵਿਜੈ ਤਾਂ ਰਾਹ ਵਿਚ ਲੜਾਈ ਝਗੜੇ ਤੋਂ ਡਰਦਾ ਹੀ ਉਹਨਾਂ ਨੂੰ ਲੈਣ ਜਾਇਆ ਕਰਦਾ ਹੈ। ਤਾਏ ਨੂੰ ਦੁਪਿਹਰ ਦੀ ਰੋਟੀ ਚੰਨੀ ਖਵਾ ਦੇਵੇਗੀ, ਸ਼ਾਮ ਤਕ ਤਾਂ ਉਹ ਮੁੜ ਹੀ ਆਉਣਗੇ।

ਪਹਿਲੋਂ ਏ-ਟੁਇੰਟੀ ਫੋਰ ਲਵੋ ਤੇ ਫਿਰ ਐਮ-ਥਰੀ ਜਿਸ ਉਪਰ ਇਹ ਗਿਲਫੋਰਡ ਸ਼ਹਿਰ ਸਥਿਤ ਹੈ। ਗਿਲਫੋਰਡ ਪੁੱਜ ਕੇ ਉਹ ਯੂਨੀਵਰਸਟੀ ਲਭਦੇ ਹਨ। ਯੂਨੀਵਰਸਟੀ ਮਿਲ ਜਾਂਦੀ ਹੈ ਤਾਂ ਕੈਕਸਟਨ ਬਿਲਡਿੰਗ ਭਾਲਣ ਲਗਦੇ ਹਨ। ਕੈਕਸਟਨ ਬਿਲਡਿੰਗ ਵਿਚ ਜਾ ਕੇ ਐਮੀ ਬਰਿਜਟ ਦਾ ਪਤਾ ਕਰਦੇ ਹਨ। ਕਾਰ ਖੜੀ ਕਰਨ ਲਈ ਜਗਾਹ ਢੂੰਡ ਕੇ ਉਹ ਕੈਕਟਸਟਨ ਬਿਲਡਿੰਗ ਦੀ ਤੀਜੀ ਮੰਜ਼ਲ ਤੇ ਜਾ ਪੁੱਜਦੇ ਹਨ ਜਿਥੇ ਐਮੀ ਬਰਿਜਟ ਦਾ ਦਫਤਰ ਹੈ। ਰਿਸੈਪਸ਼ਨਸਟ ਉਹਨਾਂ ਨੂੰ ਇੰਤਜ਼ਾਰ ਕਰਨ ਲਈ ਕਹਿੰਦੀ ਪਈਆਂ ਦੋ ਕੁਰਸੀਆਂ ਵਲ ਇਸ਼ਾਰਾ ਕਰਦੀ ਹੈ। ਉਹ ਬੈਠ ਜਾਂਦੇ ਹਨ। ਕੁਝ ਦੇਰ ਬਾਅਦ ਇਕ ਪਤਲੀ, ਲੰਮੀ, ਘੁੰਘਰਾਲੇ ਵਾਲਾਂ ਵਾਲੀ ਗੋਰੀ ਔਰਤ ਉਹਨਾਂ ਵਲ ਆਉਂਦੀ ਹੈ ਤੇ ਪੁੱਛਦੀ ਹੈ,

"ਮਿਸਟਰ ਐਂਡ ਮਿਸਜ਼ ਸ਼ਰਮਾ?"

ਵਿਜੈ ਉਠ ਕੇ ਖੜਾ ਹੋ ਜਾਂਦਾ ਹੈ। ਉਹ ਔਰਤ ਫਿਰ ਬੋਲਦੀ ਹੈ,

"ਵੈਲਕੰਮ, ਮੈਂ ਡਾਕਟਰ ਐਮੀ ਬਰਿਜਟ ਆਂ।"

ਉਹ ਉਹਨਾਂ ਦੋਨਾਂ ਨਾਲ ਵਾਰ ਵਾਰ ਹੱਥ ਮਿਲਾਉਂਦੀ ਹੈ। ਸੁਸ਼ਮਾ ਦੀ ਬਾਂਹ ਤੇ ਪੋਲਾ ਜਿਹਾ ਹੱਥ ਫੇਰਦੀ ਹੈ ਤੇ ਉਹਨਾਂ ਨੂੰ ਆਪਣੇ ਦਫਤਰ ਵਿਚ ਲੈ ਆਉਂਦੀ ਹੈ। ਕੁਝ ਫਾਰਮ ਭਰਨ ਲਗਦੀ ਹੈ। ਸੁਸ਼ਮਾ ਦੀ ਬਿਮਾਰੀ ਦੇ ਇਤਹਾਸ ਬਾਰੇ ਸਵਾਲ ਕਰਦੀ ਹੈ। ਫਿਰ ਭਰੇ ਹੋਏ ਫਾਰਮਾਂ ਤੇ ਉਹਨਾਂ ਦੇ ਦਸਤਖਤ ਕਰਵਾਉਂਦੀ ਹੋਈ ਕਹਿੰਦੀ ਹੈ,

"ਸਾਡੀ ਪੂਰੀ ਟੀਮ ਤੁਹਾਡੀ ਉਡੀਕ ਕਰ ਰਹੀ ਹੈ, ਅਸੀਂ ਨਮੂਨੇ ਦੇ ਤੌਰ ਤੇ ਇਕ ਘੰਟਾ ਮਿਸਜ਼ ਸ਼ਰਮਾ ਤੋਂ ਕੁਝ ਕਰਵਾ ਕੇ ਦੇਖਾਂਗੇ, ਜੇ ਤੁਹਾਡੀ ਤਸੱਲੀ ਹੋਈ ਤਾਂ ਅਗਲੇ ਸੋਮਵਾਰ ਤੋਂ ਤਿੰਨ ਹਫਤੇ ਲਈ ਸਾਡਾ ਕੰਮ ਲਗਤਾਰ ਸ਼ੁਰੂ ਹੋ ਜਾਵੇਗਾ। ਇਹ ਸ਼ੁਰੂ

ਕੀਤੇ ਕੰਮ ਨੂੰ ਜਾਰੀ ਰੱਖਣਾ ਬਹੁਤ ਜ਼ਰੂਰੀ ਹੋਵੇਗਾ ਨਹੀਂ ਤਾਂ ਇਸ ਉਪਰ ਕੀਤਾ ਸਾਡਾ ਖਰਚਾ ਐਵੇਂ ਜਾਵੇਗਾ, ਜੇਕਰ ਤੁਸੀਂ ਲਗਾਤਾਰ ਤਿੰਨ ਹਫਤੇ ਆ ਸਕਦੇ ਓ ਤਾਂ ਮਨਜ਼ੂਰੀ ਦਿਓ ਨਹੀਂ ਤਾਂ ਤੁਸੀਂ ਸਾਨੂੰ ਹੁਣੇ ਹੀ ਦਸ ਦੇਵੋ।"

"ਡਾਕਟਰ, ਅਸੀਂ ਆ ਸਕਦੇ ਆਂ, ਮੈਂ ਹਰ ਹਾਲਤ ਵਿਚ ਠੀਕ ਹੋਣਾ ਚਾਹੁੰਨੀ ਆਂ।"

ਸੁਸ਼ਮਾ ਉਸ ਦੀ ਗੱਲ ਸਮਝਦੀ ਹੋਈ ਆਖਦੀ ਹੈ। ਐਮੀ ਬਰਿਜਟ ਫਿਰ ਆਖਦੀ ਹੈ,

"ਦੇਖੋ, ਪਤਾ ਨਹੀਂ ਸਾਡਾ ਤਜਰਬਾ ਕਾਮਯਾਬ ਹੋਵੇਗਾ ਜਾਂ ਨਹੀਂ, ਇਹ ਇਕ ਕੋਸ਼ਿਸ਼ ਹੈ, ਜੇ ਅਸੀਂ ਕੁਝ ਕਰ ਸਕੇ ਤਾਂ ਇਸ ਨਾਲ ਹੋਰ ਵੀ ਅਨੇਕ ਲੋਕਾਂ ਦਾ ਫਾਇਦਾ ਹੋਵੇਗਾ। ਹੋਰਨਾਂ ਦਾ ਇਹ ਭਲਾ ਕਰਨ ਵਿਚ ਤੁਸੀਂ ਬਰਾਬਰ ਦੇ ਹਿੱਸੇਦਾਰ ਹੋਵੋਗੇ।"

"ਡੌਕਟਰ, ਇਸ ਤਜਰਬੇ ਵਿਚ ਦਵਾਈ ਕਿੰਨੀ ਕੁ ਸ਼ਾਮਲ ਐ?"

ਵਿਜੈ ਪੁੱਛਦਾ ਹੈ। ਉਸ ਨੂੰ ਡਰ ਹੈ ਕਿ ਜੇਕਰ ਬਹੁਤੀਆਂ ਦਵਾਈਆਂ ਦੇ ਕੇ ਤਜਰਬਾ ਕੀਤਾ ਗਿਆ ਤਾਂ ਇਸ ਦਾ ਉਲਟ ਅਸਰ ਵੀ ਹੋ ਸਕਦਾ ਹੈ। ਦਵਾਈਆਂ ਨੇ ਤਾਂ ਪਹਿਲਾਂ ਹੀ ਸੁਸ਼ਮਾ ਦਾ ਬੁਰਾ ਹਾਲ ਕੀਤਾ ਪਿਆ ਹੈ। ਐਮੀ ਤੋਂ ਪਹਿਲਾਂ ਹੀ ਸੁਸ਼ਮਾ ਬੋਲਦੀ ਹੈ,

"ਮੈਨੂੰ ਕੋਈ ਮਾਈਂਡ ਨਹੀਂ, ਜਿੰਨੀਆਂ ਮਰਜ਼ੀ ਦਵਾਈਆਂ ਦਿਓ ਪਰ ਠੀਕ ਕਰ ਦਿਓ, ਮੈਂ ਬਹੁਤ ਦੁਖੀ ਆਂ।"

"ਮਿਸਜ਼ ਸ਼ਰਮਾ, ਫਿਕਰ ਨਾ ਕਰ, ਤੂੰ ਕਾਹਲੀ ਨਾ ਪੈ ਤੇ ਕੋਈ ਉਮੀਦ ਵੀ ਨਾ ਰੱਖ, ਇਹ ਤਾਂ ਇਕ ਕੋਸ਼ਿਸ਼ ਐ।"

ਫਿਰ ਉਹ ਜਾਣਕਾਰੀ ਵਾਲੇ ਕੁਝ ਕੁ ਪੇਪਰ ਉਹਨਾਂ ਮੂਹਰੇ ਰੱਖਦੀ ਹੈ ਤੇ ਕਹਿੰਦੀ ਹੈ,

"ਸਾਇੰਸ ਦਸਦੀ ਹੈ ਕਿ ਦਿਮਾਗ ਬਹੁਤ ਜ਼ਰਖੇਜ਼ ਚੀਜ਼ ਹੈ, ਇਹ ਸ਼ਰੀਰ ਦਾ ਬਹੁਤ ਹੀ ਸ਼ਕਤੀਸ਼ਾਲੀ ਅੰਗ ਹੈ, ਇੰਨਾ ਸ਼ਕਤੀਸ਼ਾਲੀ ਹੋ ਕੇ ਬਾਂਹ ਨੂੰ ਹੁਕਮ ਕਿਉਂ ਨਹੀਂ ਭੇਜ ਸਕਦਾ ਜਦ ਕਿ ਸਟਰੋਕ ਵਿਚ ਬਹੁਤ ਘੱਟ ਗਿਣਤੀ ਦੇ ਸੈਲ ਮਰਦੇ ਹਨ। ਸਟਰੋਕ ਤੋਂ ਬਾਅਦ ਜੇ ਲੱਤ ਠੀਕ ਹੋ ਸਕਦੀ ਹੈ ਤਾਂ ਬਾਂਹ ਕਿਉਂ ਨਹੀਂ, ਅਸੀਂ ਇਹ ਮੰਨਦੇ ਹਾਂ ਕਿ ਬਾਂਹ ਦੀਆਂ ਤਾਰਾਂ ਕੁਝ ਵੱਖਰੀਆਂ ਹਨ ਪਰ ਫਿਰ ਵੀ ਇਹ ਗੱਲ ਸਮਝ ਨਹੀਂ ਆ ਰਹੀ, ਅਸੀਂ ਇਹ ਸਭ ਕੁਝ ਬਿਨਾਂ ਕਿਸੇ ਦਵਾਈ ਦੇ ਕਰਨ ਦੀ ਕੋਸ਼ਿਸ਼ ਕਰਾਂਗੇ।"

"ਦਵਾਈ ਬਿਨਾਂ ਤੁਸੀਂ ਕਿਵੇਂ ਠੀਕ ਕਰ ਸਕੋਂਗੇ?"

"ਮਿਸਟਰ ਸ਼ਰਮਾ, ਅਸੀਂ ਇਸ ਦੇ ਸੱਜੇ ਹੱਥ ਨੂੰ ਇਕ ਕਿਸਮ ਨਾਲ ਬੰਨ ਦੇਵਾਂਗੇ ਤੇ ਸਭ ਕੁਝ ਖੱਬੇ ਹੱਥ ਨਾਲ ਕਰਵਾਵਾਂਗੇ, ਇਸ ਤਰ੍ਹਾਂ ਦਿਮਾਗ ਦੇ ਦੂਜੇ ਸੈਲ ਹੁਕਮ ਦੇਣ ਵਾਲੇ ਕੰਮ ਦੀ ਜ਼ਿੰਮੇਵਾਰੀ ਚੁੱਕ ਸਕਦੇ ਹਨ।"

ਐਮੀ ਹੌਲੀ ਹੌਲੀ ਗੱਲ ਕਰ ਰਹੀ ਹੈ। ਸੁਸ਼ਮਾ ਵੀ ਸਭ ਕੁਝ ਸਮਝ ਰਹੀ ਹੈ। ਉਸ ਦੀਆਂ ਅੱਖਾਂ ਵਿਚ ਬੱਚਿਆਂ ਵਰਗਾ ਚਾਅ ਹੈ। ਐਮੀ ਆਪਣੀ ਗੱਲ ਕਰ ਕੇ ਉਠ ਖੜਦੀ ਹੈ ਤੇ ਚਲੇ ਜਾਂਦੀ ਹੈ। ਕੁਝ ਮਿੰਟਾਂ ਬਾਅਦ ਇਕ ਹੋਰ ਔਰਤ ਆਉਂਦੀ ਹੈ। ਉਸ ਨੇ ਸਫੈਦ ਗਾਊਨ ਪਾਇਆ ਹੋਇਆ ਹੈ। ਫੀਜ਼ੀਓਥੈਰੇਪਿਸਟ ਲਗਦੀ ਹੈ। ਉਹ ਉਹਨਾਂ ਨੂੰ ਇਕ ਵੱਡੇ ਹਾਲ ਵਿਚ ਲੈ ਜਾਂਦੀ ਹੈ। ਇਹ ਹਾਲ ਹਿਲਵੇਅ ਹਸਪਤਾਲ ਦੇ ਫੀਜ਼ੀਓ ਰੂਮ ਵਰਗਾ ਹੈ। ਉਹ ਔਰਤ ਸੁਸ਼ਮਾ ਨੂੰ ਇਕ ਫਰੇਮ ਵਿਚ ਵਾੜ ਲੈਂਦੀ ਹੈ। ਜਲਦੀ ਹੀ ਤਿੰਨ ਚਾਰ ਹੋਰ ਔਰਤਾਂ ਤੇ ਮਰਦ ਆ ਜਾਂਦੇ ਹਨ। ਉਹਨਾਂ ਨੂੰ ਹੈਲੋ ਕਹਿੰਦੇ ਹੋਏ ਉਹ ਸੁਸ਼ਮਾ ਦੁਆਲੇ ਇਕੱਠੇ ਹੋ ਜਾਂਦੇ ਹਨ। ਉਸ ਦੇ ਸੱਜੇ ਹੱਥ ਨੂੰ ਟੇਪ ਲਗਾ ਦਿਤੀ ਜਾਂਦੀ ਹੈ ਤੇ ਖੱਬੇ ਹੱਥ ਤੋਂ ਕੁਝ ਕਰਵਾਉਣ ਦੀ ਕੋਸ਼ਿਸ਼ ਕਰਨ ਲਗਦੇ ਹਨ। ਉਹ ਜਿਸ ਫਰੇਮ ਵਿਚ ਖੜੀ ਹੈ ਉਸ ਦੇ ਨਾਲ ਹੀ ਇਕ ਮੇਜ਼ ਬਣਿਆ ਹੋਇਆ ਹੈ ਜਿਸ ਤੇ ਬੱਚਿਆਂ ਦੇ ਖੇਡਣ ਵਾਲੀਆਂ ਕਿਊਬਾਂ ਜਿਹੀਆਂ ਪਈਆਂ ਹਨ। ਹਿਲਵੇਅ ਹਸਪਤਾਲ ਵਰਗੀਆਂ ਹੀ। ਉਹ ਸੁਸ਼ਮਾ ਤੋਂ ਇਹ ਕਿਊਬਾਂ ਨੂੰ ਇਕ ਦੂਜੇ ਦੇ ਉਪਰ ਰਖਵਾ ਕੇ ਦੇਖ ਰਹੇ ਹਨ। ਨਾਲ ਦੀ ਨਾਲ ਉਹ ਕੁਝ ਲਿਖਦੇ ਜਾ ਰਹੇ ਹਨ। ਇਹ ਕਰਮ ਘੰਟਾ ਭਰ ਚਲਦਾ ਹੈ। ਵਿਜੈ ਘੜੀ ਦੇਖਦਾ ਹੈ। ਇਹ ਤਾਏ ਦੀ ਰੋਟੀ ਦਾ ਵਕਤ ਹੈ। ਉਹ ਸੋਚਦਾ ਹੈ ਕਿ ਪਤਾ ਨਹੀਂ ਤਾਏ ਨੇ ਰੋਟੀ ਖਾਧੀ ਵੀ ਹੋਵੇਗੀ ਕਿ ਨਹੀਂ। ਸੁਸ਼ਮਾ ਥੱਕਣ ਲਗਦੀ ਹੈ। ਇਕ ਡਾਕਟਰ ਉਸ ਨੂੰ ਕੁਰਸੀ ਤੇ ਬਿਠਾ ਦਿੰਦਾ ਹੈ। ਐਮੀ ਵਿਜੈ ਕੋਲ ਆ ਕੇ ਬੋਲਦੀ ਹੈ,

"ਤਿੰਨ ਹਫਤੇ ਅਜਿਹਾ ਕੁਝ ਹੀ ਚਲੇਗਾ। ਤੁਸੀਂ ਮੇਰੇ ਦਫਤਰ ਵਿਚ ਆ ਜਾਓ, ਆਪਾਂ ਗੱਲਾਂ ਕਰਾਂਗੇ।"

ਉਹਨਾਂ ਦਾ ਗਿਲਫੋਰਡ ਜਾਣਾ ਤਹਿ ਹੋ ਜਾਂਦਾ ਹੈ। ਉਹ ਸਵੇਰੇ ਦਸ ਵਜੇ ਪੁੱਜ ਜਾਂਦੇ ਹਨ ਤੇ ਇਹ ਕਰਮ ਚਾਰ ਵਜੇ ਸ਼ਾਮ ਤਕ ਚਲਦਾ ਰਹਿੰਦਾ ਹੈ। ਵਿਜੈ ਕਦੇ ਸੁਸ਼ਮਾ ਦੇ ਕੋਲ ਹੀ ਬੈਠਾ ਰਹਿੰਦਾ ਹੈ, ਕਦੇ ਕਾਰ ਵਿਚ ਜਾ ਬੈਠਦਾ ਹੈ ਜਾਂ ਯੂਨੀਵਰਸਟੀ ਦੇ ਮੁੰਡੇ ਕੁੜੀਆਂ ਨੂੰ ਦੇਖਦਾ ਰਹਿੰਦਾ ਹੈ। ਐਮੀ ਨੇ ਆਪਣਾ ਦਫਤਰ ਵੀ ਉਸ ਨੂੰ ਬੈਠਣ ਲਈ ਦਿਤਾ ਹੋਇਆ ਹੈ ਜਿਥੇ ਕੰਪਿਊਟਰ ਪਿਆ ਹੈ। ਉਹ ਇੰਟਰਨੈਟ ਖੋਹਲ ਕੇ ਕੁਝ ਨਾ ਕੁਝ ਕਰਦਾ ਰਹਿੰਦਾ ਹੈ। ਇਹਨਾਂ ਦਿਨਾਂ ਵਿਚ ਉਸ ਦਾ ਡਲਿਵਰੀ ਦਾ ਕੰਮ ਹੁਸ਼ਿਆਰ ਕਰ ਦਿੰਦਾ ਹੈ। ਉਹ ਵਿਜੈ ਦੀ ਲੋੜ ਮੁਤਾਬਕ ਆਪਣੇ ਕੰਮ ਦਾ ਟਾਈਮ ਟੇਬਲ ਬਦਲ ਲੈਂਦਾ ਹੈ।

ਤਿੰਨ ਹਫਤੇ ਸੁਸ਼ਮਾ ਉਪਰ ਤਜਰਬਾ ਚਲਦਾ ਰਹਿੰਦਾ ਹੈ। ਪਹਿਲਾਂ ਤਾਂ ਉਹ ਛੇਤੀ ਹੀ ਥੱਕ ਜਾਦੀਂ ਹੈ ਪਰ ਫਿਰ ਆਦੀ ਜਿਹੀ ਹੋਣ ਲਗਦੀ ਹੈ। ਤਿੰਨ ਹਫਤੇ ਲੰਘ ਜਾਂਦੇ ਹਨ ਪਰ ਸੁਸ਼ਮਾ ਦੀ ਬਾਂਹ ਠੀਕ ਨਹੀਂ ਹੁੰਦੀ।

<u>ਬਵੰਜਾ</u>

ਤਾਏ ਦਾ ਕਮਰਾ ਉਪਰ ਹੈ। ਵਿਜੈ ਉਸ ਨੂੰ ਸਵੇਰ ਦੀ ਚਾਹ ਉਪਰ ਹੀ ਦੇ ਦਿਆ ਕਰਦਾ ਹੈ। ਦਸ ਕੁ ਵਜੇ ਤਾਇਆ ਹੇਠਾਂ ਆ ਜਾਂਦਾ ਹੈ ਤੇ ਟੈਲੀ ਦੇਖਦਾ ਰਹਿੰਦਾ ਹੈ। ਦੁਪਿਹਰ ਦਾ ਖਾਣਾ ਖਾਂਦਾ ਹੈ। ਸ਼ਾਮ ਦੀ ਚਾਹ ਪੀ ਕੇ ਉਹ ਫਿਰ ਆਪਣੇ ਕਮਰੇ ਵਿਚ ਚਲੇ ਜਾਇਆ ਕਰਦਾ ਹੈ। ਉਸ ਦੇ ਕਮਰੇ ਵਿਚ ਵੀ ਟੈਲੀਵੀਯਨ ਹੈ ਤੇ ਡੀ. ਵੀ. ਡੀ. ਵੀ ਹੈ। ਸੀ. ਡੀ. ਪਲੇਅਰ ਵੀ ਹੈ। ਮੁਹੰਮਦੀ ਰਫੀ ਦੇ ਸਾਰੇ ਗਾਣੇ ਓਸ ਕੋਲ ਹਨ। ਉਹ ਹਲਕੀ ਜਿਹੀ ਅਵਾਜ਼ ਵਿਚ ਸੁਣਦਾ ਰਹਿੰਦਾ ਹੈ। ਨਹੀਂ ਤਾਂ ਰੇਡੀਓ ਵੀ ਚਲਾ ਲੈਂਦਾ ਹੈ। ਲੰਡਨ ਤੋਂ ਚਲਦਾ ਏਸ਼ੀਅਨ ਰੇਡੀਓ ਇਥੇ ਸਾਫ ਸੁਣਦਾ ਹੈ। ਉਹ ਐਸਾ ਬਿਮਾਰ ਹੁੰਦਾ ਹੈ ਕਿ ਸਿਹਤ ਮੁੜ ਕੇ ਪਹਿਲੇ ਜਿਹੇ ਨਹੀਂ ਹੁੰਦੀ। ਹਾਲੇ ਵੀ ਕਮਜ਼ੋਰੀ ਬਹੁਤ ਹੈ। ਪੌੜੀਆਂ ਉਸ ਤੋਂ ਬਹੁਤ ਹੌਲੀ ਹੌਲੀ ਚੜ ਹੁੰਦਾ ਹੈ। ਵੈਸੇ ਤਾਂ ਦੋਨੋਂ ਪਾਸੀਂ ਰੇਲ ਲਗੀ ਹੋਈ ਹੈ ਜਿਸ ਨੂੰ ਫੜ ਕੇ ਚੜਨਾ ਸੌਖਾ ਹੁੰਦਾ ਹੈ ਪਰ ਫਿਰ ਵੀ ਉਸ ਲਈ ਮੁਸ਼ਕਲ ਪੇਸ਼ ਆ ਰਹੀ ਹੈ। ਕਈ ਵਾਰ ਤਾਂ ਵਿਜੈ ਸਹਾਰਾ ਦੇ ਕੇ ਪੌੜੀਆਂ ਚੜਾਉਂਦਾ ਹੈ। ਸੁਸ਼ਮਾ ਕਿੰਨੀ ਵਾਰ ਕਹਿ ਚੁੱਕੀ ਹੈ ਕਿ ਡੈਡ ਜੀ ਦਾ ਬੈੱਡ ਹੇਠਾਂ ਹੀ ਲਾ ਦਿਓ ਤਾਂ ਜੋ ਚੜਨ-ਉਤਰਨ ਦੀ ਤਕਲੀਫ ਨਾ ਹੋਵੇ ਪਰ ਵਿਜੈ ਸੋਚਦਾ ਹੈ ਕਿ ਇਵੇਂ ਪੌੜੀਆਂ ਵਰਤਣ ਨਾਲ ਤਾਏ ਦੀ ਕੁਝ ਨਾ ਕੁਝ ਵਰਜਿਸ਼ ਹੁੰਦੀ ਹੈ। ਉਸ ਨੂੰ ਲਗਦਾ ਹੈ ਕਿ ਤਾਏ ਵਿਚ ਕਮਜ਼ੋਰੀ ਦਾ ਇਕ ਕਾਰਨ ਵਰਜਿਸ਼ ਦੀ ਘਾਟ ਵੀ ਹੈ। ਉਹ ਕਈ ਵਾਰ ਕੋਸ਼ਿਸ਼ ਕਰ ਚੁੱਕਾ ਹੈ ਕਿ ਉਸ ਨੂੰ ਸੀ-ਫਰੰਟ ਤੇ ਲੈ ਜਾਵੇ ਤੇ ਕੁਝ ਦੂਰ ਤਕ ਤੋਰ ਕੇ ਲਿਆਵੇ ਪਰ ਤਾਇਆ ਮੰਨਦਾ ਨਹੀਂ। ਉਹ ਤਾਏ ਨੂੰ ਹਰ ਸ਼ਨਿਚਰਵਾਰ ਆਪਣੇ ਨਾਲ ਮੰਦਿਰ ਲੈ ਜਾਂਦਾ ਹੈ। ਮੰਦਿਰ ਜਾ ਕੇ ਤਾਏ ਮਨ ਪਰਸੰਨ ਹੋ ਜਾਂਦਾ ਹੈ। ਉਥੇ ਬਹੁਤ ਸਾਰੇ ਲੋਕ ਮਿਲਦੇ ਹਨ। ਉਹਨਾਂ ਨਾਲ ਗੱਲਾਂ ਕਰਕੇ ਮਨ ਵੀ ਹੋਰ ਪਾਸੇ ਪੈਂਦਾ ਹੈ।

ਤਾਇਆ ਮੰਦਿਰ ਚਲੇ ਤਾਂ ਜਾਂਦਾ ਹੈ ਪਰ ਲੱਤਾਂ ਦੀ ਕਮਜ਼ੋਰੀ ਕਾਰਨ ਉਸ ਤੋਂ ਤੁਰਿਆ ਨਹੀਂ ਜਾਂਦਾ। ਉਸ ਨੂੰ ਲਗਦਾ ਕਿ ਹੁਣ ਵੀ ਡਿਗਿਆ, ਹੁਣ ਵੀ ਡਿਗਿਆ। ਵਿਜੈ ਕਹਿੰਦਾ ਹੈ,

"ਤਾਇਆ, ਬੈਟਰੀ ਵਾਲੀ ਗੱਡੀ ਡਾਕਟਰ ਤੋਂ ਲਿਖਾ ਲੈਨੇ ਆਂ, ਆਪੇ ਜਦ ਦਿਲ ਕੀਤਾ ਬੈਠ ਕੇ ਬਾਹਰ ਦਾ ਗੇੜਾ ਮਾਰ ਆਇਆ ਕਰੀਂ। ਅੰਦਰ ਬੈਠਣ ਨਾਲੋਂ ਤਾਂ ਚੰਗਾ ਰਹੇਂਗਾ।"

"ਨਾ ਬਈ, ਸੜਕਾਂ ਤੇ ਮੁੰਢੀਰ ਜਿਹੀ ਤੁਰੀ ਫਿਰਦੀ ਰਹਿੰਦੀ ਆ, ...ਨਾਲ਼ੇ ਇਹ ਗੱਡੀਆਂ ਖਤਰਨਾਕ ਵੀ ਹੁੰਦੀਆਂ, ਰਾਹ ਵਿਚ ਕਿਤੇ ਉਲਟ ਗਈ ਜਾਂ ਕੁਝ ਹੋਰ ਤਾਂ ਜਾਹ ਜਾਂਦੀ ਹੋ ਜਾਊ।"

ਇਕ ਦਿਨ ਪੌੜੀਆਂ ਚੜਨ ਲਗਿਆਂ ਉਸ ਦਾ ਪੈਰ ਉਖੜ ਜਾਂਦਾ ਹੈ। ਉਸ ਨੇ ਰੇਲ ਫੜੀ ਹੋਣ ਕਰਕੇ ਡਿਗਣੋਂ ਤਾਂ ਬਚ ਜਾਂਦਾ ਹੈ ਪਰ ਹੋਰ ਪੌੜੀਆਂ ਚੜਨ ਦਾ ਹੌਸਲਾ ਗਵਾ ਬੈਠਦਾ ਹੈ। ਰੋਹਨ ਉਸ ਨੂੰ ਹੌਲੀ ਹੌਲੀ ਵਾਪਸ ਹੇਠਾਂ ਲੈ ਆਉਂਦਾ ਹੈ। ਵਿਜੈ ਘਰ ਆਉਂਦਾ ਹੈ ਤਾਂ ਦੇਖਦਾ ਹੈ ਤਾਇਆ ਬਹੁਤ ਘਬਰਾਇਆ ਹੋਇਆ ਹੈ। ਵਿਜੈ ਉਸ ਦਾ ਬਿਸਤਰ ਹੇਠਾਂ ਹੀ ਲਾ ਦਿੰਦਾ ਹੈ। ਉਸੇ ਕਮਰੇ ਵਿਚ ਜਿਥੇ ਕਦੇ ਸੁਸ਼ਮਾ ਨੇ ਆਪਣੀ ਕਲੀਨਿਕ ਖੋਹਲਣ ਦਾ ਸੁਫਨਾ ਲਿਆ ਹੈ। ਉਹ ਸੋਚਦਾ ਹੈ ਜਦ ਸੁਸ਼ਮਾ ਠੀਕ ਹੋ ਕੇ ਕੰਮ ਸ਼ੁਰੂ ਕਰਨ ਦੇ ਕਾਬਲ ਹੋਵੇਗੀ ਤਦ ਦੇਖਿਆ ਜਾਵੇਗਾ। ਉਹ ਤਾਏ ਦਾ ਟੈਲੀ ਤੇ ਹੋਰ ਸਮਾਨ ਵੀ ਉਸ ਦੇ ਇਸ ਕਮਰੇ ਵਿਚ ਹੀ ਲਿਆ ਕੇ ਸੈਟ ਕਰ ਦਿੰਦਾ ਹੈ। ਹੁਣ ਤਾਏ ਨੂੰ ਪੌੜੀਆਂ ਨਹੀਂ ਚੜਨੀਆਂ ਪੈਂਦੀਆਂ। ਉਹ ਸਵੇਰੇ ਉਠ ਕੇ ਸਿਟਿੰਗ ਰੂਮ ਵਿਚ ਆ ਜਾਂਦਾ ਹੈ। ਕਦੇ ਦਿਲ ਕਰੇ ਜਾਂ ਨੀਂਦ ਆਉਂਦੀ ਹੋਵੇ ਤਾਂ ਘੰਟਾ ਭਰ ਆਪਣੇ ਬੈੱਡ ਤੇ ਪੈ ਵੀ ਲੈਂਦਾ ਹੈ।

ਹੇਠਾਂ ਬੈੱਡ ਲੈ ਆਉਣ ਨਾਲ ਤਾਏ ਦੇ ਚਿਹਰੇ ਦੀ ਟਹਿਕ ਵਧ ਜਾਂਦੀ ਹੈ। ਉਪਰ ਉਸ ਨੂੰ ਬਹੁਤਾ ਸਮਾਂ ਇਕੱਲਿਆਂ ਬਿਤਾਉਣਾ ਪੈਂਦਾ ਪਰ ਹੁਣ ਕੋਈ ਨਾ ਕੋਈ ਉਸ ਕੋਲ ਬੈਠਾ ਹੀ ਰਹਿੰਦਾ ਹੈ। ਕਦੇ ਰੋਹਨ ਤੇ ਕਦੇ ਵਿਧੀ ਤਾਏ ਕੋਲ ਬੈਠ ਕੇ ਹੀ ਆਪਣਾ ਹੋਮ-ਵਰਕ ਕਰਨ ਲਗਦੇ ਹਨ। ਵਿਜੈ ਵੀ ਆਪਣਾ ਵਾਧੂ ਸਮਾਂ ਤਾਏ ਕੋਲ ਆ ਬਹਿੰਦਾ ਹੈ। ਤਾਏ ਨਾਲ ਪੁਰਾਣੀਆਂ ਪਿੰਡ ਦੀਆਂ ਗੱਲਾਂ ਕਰਨ ਲਗਦਾ ਹੈ। ਉਹਨਾਂ ਦੇ ਪਿੰਡ ਦੀ ਕਿਸੇ ਨੇ ਅਲੱਗ ਵੈਬ ਬਣਾਈ ਹੋਈ ਹੈ। ਪਿੰਡ ਦੀਆਂ ਫੋਟੋ ਤੇ ਵੀਡਿਓ ਚਾੜੇ ਹੋਏ ਹਨ। ਪਿੰਡ ਦੇ ਵਿਚ ਲਗਦੇ ਮੇਲੇ-ਮੁਸਾਬਿਆਂ ਦੇ ਵੀਡਿਆ ਆਏ ਦਿਨ ਚਾੜ ਦਿਤੇ ਜਾਂਦੇ ਹਨ। ਵਿਜੈ ਤਾਏ ਨੂੰ ਲੈਪਟੌਪ ਤੇ ਇਹ ਸਭ ਦਿਖਾਉਣ ਲਗਦਾ ਹੈ। ਉਹ ਦੋਵੇਂ ਯਾਦਾਂ ਦੀਆਂ ਗਲ਼ੀਆਂ ਵਿਚ ਦੌੜਨ ਲਗਦੇ ਹਨ। ਤਾਏ ਨੂੰ ਇਹ ਸਭ ਚੰਗਾ ਲਗਦਾ ਹੈ।

ਤਾਏ ਦਾ ਬੈੱਡ ਹੇਠਾਂ ਆਉਣ ਕਾਰਨ ਇਕ ਮਾੜੀ ਗੱਲ ਇਹ ਹੁੰਦੀ ਹੈ ਕਿ ਉਹ ਬਹੁਤਾ ਸਮਾਂ ਬੈੱਡ ਤੇ ਹੀ ਰਹਿੰਦਾ ਹੈ। ਸਵੇਰੇ ਖਬਰਾਂ ਦੇਖ ਕੇ ਤੇ ਰੋਟੀ ਖਾ ਕੇ ਮੁੜ ਆ ਲੰਮਾ ਪੈ ਜਾਂਦਾ ਹੈ। ਜਿਹੜੀ ਪੌੜੀਆਂ ਚੜਨ ਨਾਲ ਥੋੜੀ ਬਹੁਤ ਵਰਜਿਸ਼ ਹੁੰਦੀ ਸੀ ਹੁਣ ਉਹ ਵੀ ਨਹੀਂ ਰਹੀ। ਵਿਜੈ ਇਸ ਦਾ ਫਿਕਰ ਕਰਦਾ ਇਕ ਵਾਰ ਉਸ ਨੂੰ ਫਿਰ ਬਾਹਰ ਘੁਮਾਉਣ ਲੈ ਜਾਣ ਦੀ ਕੋਸ਼ਿਸ਼ ਕਰਦਾ ਹੈ ਪਰ ਤਾਇਆ ਹੁਣ ਘਰ ਰਹਿ ਕੇ ਹੀ ਖੁਸ਼ ਹੈ।

ਇਕ ਦਿਨ ਰੋਹਨ ਆਖਦਾ ਹੈ,

"ਡੈਡ, ਅਵਰ ਸਕਾਈ'ਜ਼ ਵੈਰੀ ਓਲਡ, ਲੈਟ'ਸ ਹੈਵ ਸਕਾਈ ਪਲੱਸ।"

"ਸਾਕਾਈ ਅੱਪ-ਗਰੇਡ ਕਰਵਾਉਣਾ ਤਾਂ ਕਰਵਾ ਲੈ।"

ਰੋਹਨ ਸਕਾਈ ਅੱਪ-ਗਰੇਡ ਕਰਵਾਂਉਂਦਾ ਹੈ ਤਾਂ ਇਕ ਤਾਰ ਤਾਏ ਦੇ ਕਮਰੇ ਵਿਚ ਵੀ ਲਵਾ ਦਿੰਦਾ ਹੈ। ਹੁਣ ਉਹ ਹਿੰਦੀ ਦੀਆਂ ਖਬਰਾਂ ਜਾਂ ਹੋਰ ਪਰੋਗਰਾਮ ਆਪਣੇ ਕਮਰੇ ਵਿਚ ਹੀ ਦੇਖ ਸਕਦਾ ਹੈ। ਉਸ ਨੂੰ ਦੂਜੇ ਕਮਰੇ ਵਿਚ ਜਾਣ ਦੀ ਬਹੁਤੀ ਜ਼ਰੂਰਤ ਹੀ ਨਹੀਂ ਪੈਂਦੀ। ਰੋਟੀ ਵੀ ਉਹ ਆਪਣੇ ਕਮਰੇ ਵਿਚ ਮੰਗਵਾ ਲੈਂਦਾ ਹੈ। ਸਵੇਰੇ ਨਹਾ ਧੋ ਕੇ ਤਾਇਆ ਆਪਣੇ ਬਿਸਤਰ ਤੇ ਆ ਪੈਂਦਾ ਹੈ ਤੇ ਫਿਰ ਸਾਰਾ ਦਿਨ ਪਏ ਦਾ ਹੀ ਲੰਘ ਜਾਂਦਾ ਹੈ। ਉਸ ਦੇ ਪੁਰਾਣੇ ਵਾਕਫਕਾਰ ਉਸ ਨੂੰ ਆ ਕੇ ਮਿਲ ਜਾਇਆ ਕਰਦੇ ਹਨ। ਕੁਝ ਕੁ ਉਸ ਨੂੰ ਸ਼ਨਿਵਾਰ ਵਾਲੇ ਦਿਨ ਮੰਦਿਰ ਵਿਚ ਮਿਲ ਪੈਂਦੇ ਹਨ। ਇਸ ਤਰ੍ਹਾਂ ਸਭ ਦਾ ਹਾਲ ਪਤਾ ਚਲਦਾ ਰਹਿੰਦਾ ਹੈ।

ਤਾਏ ਦਾ ਬੈੱਡ ਸਿੰਗਲ-ਬੈੱਡ ਹੈ। ਇਕ ਦਿਨ ਚੰਨੀ ਉਸ ਦੀ ਰਜਾਈ ਧੋਣ ਲਗਦੀ ਹੈ ਤਾਂ ਉਸ ਨੂੰ ਵੱਡੀ ਰਜਾਈ ਦੇ ਦਿੰਦੀ ਹੈ ਜੋ ਕਿ ਸੰਭਾਲਣੀ ਜ਼ਰਾ ਔਖੀ ਹੈ। ਸ਼ਾਮ ਵੇਲੇ ਤਾਇਆ ਰਜਾਈ ਲੈਣ ਲਈ ਠੀਕ ਕਰਦਾ ਕਰਦਾ ਬੈੱਡ ਤੋਂ ਡਿਗ ਪੈਂਦਾ ਹੈ। ਬੈੱਡ ਤਾਂ ਨੀਵਾਂ ਹੈ ਤੇ ਡਿਗਣ ਵੇਲੇ ਰਜਾਈ ਵੀ ਨਾਲ ਹੀ ਹੈ ਇਸ ਲਈ ਸੱਟ ਤਾਂ ਨਹੀਂ ਲਗਦੀ ਪਰ ਤਾਏ ਦਾ ਕਮਜ਼ੋਰ ਸਰੀਰ ਆਪਣੇ ਆਪ ਉਠਣ ਦੇ ਕਾਬਲ ਨਹੀਂ ਹੈ। ਉਹ ਮਦਦ ਲਈ ਅਵਾਜ਼ਾਂ ਮਾਰਦਾ ਹੈ। ਰੋਹਨ ਤੇ ਵਿਧੀ ਆਪੋ ਆਪਣੇ ਕਮਰੇ ਵਿਚ ਹਨ। ਸੁਸ਼ਮਾ ਦਾ ਟੈਲੀ ਇੰਨੀ ਉੱਚੀ ਅਵਾਜ਼ ਵਿਚ ਚੱਲ ਰਿਹਾ ਹੈ ਕਿ ਉਸ ਨੂੰ ਕੁਝ ਸੁਣਾਈ ਹੀ ਨਹੀਂ ਦਿੰਦਾ। ਤਾਇਆ ਉਠਣ ਲਈ ਪੂਰੀ ਟਿੱਲ ਲਾ ਦਿੰਦਾ ਹੈ ਪਰ ਉਸ ਤੋਂ ਉਠ ਨਹੀਂ ਹੁੰਦਾ ਉਲਟਾ ਤਾਏ ਦਾ ਸਾਰਾ ਜ਼ੋਰ ਲਗ ਜਾਂਦਾ ਹੈ ਤੇ ਰਹਿੰਦੀ ਸੱਤਿਆ ਵੀ ਜਾਂਦੀ ਲਗਦੀ ਹੈ। ਦਸ ਕੁ ਮਿੰਟ ਬਾਅਦ ਰੋਹਨ ਹੇਠਾਂ ਆਉਂਦਾ ਹੈ ਤੇ ਤਾਏ ਨੂੰ ਡਿਗੇ ਨੂੰ ਦੇਖ ਕੇ ਮਦਦ ਲਈ ਭਜਦਾ ਹੈ ਤੇ ਹੌਲੀ ਹੌਲੀ ਉਸ ਨੂੰ ਮੁੜ ਬੈੱਡ ਤੇ ਪਾ ਦਿੰਦਾ ਹੈ। ਤਾਏ ਦੇ ਸਰੀਰ ਵਿਚ ਜਿਵੇਂ ਹੁਣ ਕੋਈ ਤਾਕਤ ਰਹਿ ਹੀ ਨਾ ਗਈ ਹੋਵੇ। ਰੋਹਨ ਵਿਜੈ ਨੂੰ ਫੋਨ ਕਰਦਾ ਹੈ ਤੇ ਸਭ ਦਸਦਾ ਹੈ ਵਿਜੈ ਭਜਿਆ ਹੋਇਆ ਆਂਉਂਦਾ ਹੈ। ਪੁੱਛਦਾ ਹੈ,

"ਤਾਇਆ ਕਿੱਦਾਂ ਹੁਣ?"

"ਠੀਕ ਆਂ, ਪਾਸਾ ਲੈਣ ਲਗਿਆ ਹੇਠਾਂ ਜਾ ਪਿਆਂ, ਉਠਣ ਦੀ ਕੋਸ਼ਿਸ਼ ਵਿਚ ਜ਼ੋਰ ਲਗ ਗਿਆ।"

ਤਾਇਆ ਹੌਲੀ ਜਿਹੀ ਅਵਾਜ਼ ਵਿਚ ਦੱਸ ਰਿਹਾ ਹੈ। ਵਿਜੈ ਉਸ ਦੇ ਸਰੀਰ ਨੂੰ ਟੋਹ ਕੇ ਦੇਖਦਾ ਹੈ ਕਿ ਕਿਧਰੇ ਸੱਟ ਤਾਂ ਨਹੀਂ ਲਗੀ। ਉਹ ਤਾਏ ਨੂੰ ਉਠਾ ਕੇ ਖੜਾ ਕਰਕੇ ਦੇਖਦਾ ਹੈ। ਤਾਇਆ ਆਹਿਸਤਾ ਆਹਿਸਤਾ ਉਠ ਖੜਦਾ ਹੈ। ਵਿਜੈ ਕਹਿੰਦਾ ਹੈ,

"ਹਸਪਤਾਲ ਚਲੀਏ, ਐਕਸਰੇ ਕਰਾ ਲਈਏ, ਕਿਤੇ ਕੁਸ਼ ਟੁੱਟ ਈ ਨਾ ਗਿਆ ਹੋਵੇ।"

"ਨਹੀਂ ਨਹੀਂ, ਕੁਸ਼ ਨਹੀਂ ਟੁੱਟਿਆ, ਮੈਂ ਠੀਕ ਆਂ, ਇਹ ਤਾਂ ਜ਼ੋਰ ਲਗ ਗਿਆ ਇਸ ਕਰਕੇ ਕਮਜ਼ੋਰੀ ਆ ਗਈ, ਤੂੰ ਫਿਕਰ ਨਾ ਕਰ, ਮੈਂ ਦੋ ਦਿਨ ਵਿਚ ਠੀਕ ਹੋ ਜਾਣਾਂ।"

ਤਾਇਆ ਪੂਰੇ ਹੌਂਸਲੇ ਨਾਲ ਕਹਿੰਦਾ ਹੈ। ਅਗਲੀ ਸਵੇਰ ਵਿਜੈ ਵੀ ਤਾਏ ਕੋਲ ਬੈਠ ਕੇ ਚਾਹ ਪੀਣ ਲਗਦਾ ਹੈ। ਉਹ ਤਾਏ ਨੂੰ ਆਸਰਾ ਦੇ ਕੇ ਬਹਾਲ ਦਿੰਦਾ ਹੈ। ਤਾਇਆ ਟੁਆਇਲਟ ਜਾਣ ਲਈ ਉਠਣਾ ਚਾਹੁੰਦਾ ਹੈ ਪਰ ਉਸ ਤੋਂ ਖੜ ਨਹੀਂ ਹੋ ਰਿਹਾ। ਵਿਜੈ ਉਸ ਨੂੰ ਆਸਰਾ ਦਿੰਦਾ ਹੈ ਪਰ ਫਿਰ ਵੀ ਉਸ ਦੀਆਂ ਲੱਤਾਂ ਭਾਰ ਨਹੀਂ ਝੱਲ ਰਹੀਆਂ। ਵਿਜੈ ਕੰਪਿਊਟਰ 'ਤੇ ਕੰਮ ਕਰਨ ਲਈ ਜਿਹੜੀ ਕੁਰਸੀ ਵਰਤਦਾ ਹੈ ਉਹ ਪਹੀਆਂ ਵਾਲੀ ਹੈ। ਵਿਜੈ ਤਾਏ ਨੂੰ ਆਸਰਾ ਦੇ ਕੇ ਉਸ ਕੁਰਸੀ ਤੇ ਬੈਠਾ ਕੇ ਟੁਆਇਲਟ ਲੈ ਜਾਂਦਾ ਹੈ ਤਾਇਆ ਨਹਾ ਵੀ ਲੈਂਦਾ ਹੈ ਪਰ ਉਸ ਦੀ ਤਸੱਲੀ ਜਿਹੀ ਨਹੀਂ ਹੈ। ਉਹ ਤਾਏ ਨੂੰ ਕਹਿੰਦਾ ਹੈ,

"ਮੈਂ ਐਂਬੂਲੈਂਸ ਸੱਦ ਲੈਂਨਾ ਤੇ ਹਸਪਤਾਲ ਚਲਦੇ ਆਂ, ਉਹ ਪੂਰੀ ਤਰ੍ਹਾਂ ਚੈੱਕ ਕਰ ਦੇਣਗੇ।"

"ਨਹੀਂ ਵਿਜੇ, ਮੈਨੂੰ ਕੁਸ਼ ਨਹੀਂ ਹੋਇਆ, ਇਹ ਕਮਜ਼ੋਰੀ ਆ, ਤੂੰ ਫਿਕਰ ਨਾ ਕਰ, ਆਪਣੇ ਕੰਮ ਕਰ, ਮੈਂ ਥੋੜੇ ਦਿਨਾਂ ਵਿਚ ਆਪੇ ਠੀਕ ਹੋ ਜਾਣਾ। ਤੂੰ ਏਦਾਂ ਕਰ ਮੇਰੇ ਲਈ ਕੇਅਰਰ ਦਾ ਇੰਤਜ਼ਾਮ ਕਰਦੇ, ਆਪੇ ਕੋਈ ਨਾ ਕੋਈ ਆ ਕੇ ਮੇਰੀ ਮਦਦ ਕਰ ਜਾਇਆ ਕਰੂ।"

ਵਿਜੈ ਹੈਰਾਨ ਹੋ ਰਿਹਾ ਹੈ ਕਿ ਇਕ ਦਮ ਤਾਏ ਦੀ ਸਿਹਤ ਇੰਨੀ ਕਿਵੇਂ ਡਿਗ ਪਈ। ਕਲ ਤਕ ਉਹ ਚੰਗਾ ਭਲਾ ਸੀ ਅਜ ਉਹ ਆਪਣੇ ਆਪ ਟੁਆਇਲਟ ਵੀ ਨਹੀਂ ਜਾ ਸਕਦਾ। ਉਹ ਤਾਏ ਬਾਰੇ ਬਹੁਤ ਫਿਕਰਵੰਦ ਰਹਿਣ ਲਗਦਾ ਹੈ।

ਸੁਸ਼ਮਾ ਲਈ ਹੋਮ-ਕੇਅਰਰ ਆਉਂਦੀ ਹੀ ਹੈ। ਸਵੇਰੇ ਆ ਕੇ ਉਸ ਨੂੰ ਨਹਾ ਜਾਂਦੀ ਹੈ ਤੇ ਕਪੜੇ ਬਦਲ ਜਾਂਦੀ ਹੈ ਇਵੇਂ ਹੀ ਤਾਏ ਲਈ ਵੀ ਆ ਸਕਦੀ ਹੈ। ਵਿਜੈ ਕੇਅਰਰ ਸਰਵਿਸ ਨੂੰ ਫੋਨ ਕਰਦਾ ਹੈ। ਉਹ ਦਸਦੇ ਹਨ ਕਿ ਤਾਏ ਨੂੰ ਕੇਅਰਰ ਦੀ ਮਦਦ ਤਾਂ ਮਿਲ ਸਕਦੀ ਹੈ ਪਰ ਲਈ ਛੇ ਤੋਂ ਅੱਠ ਹਫਤੇ ਲਗ ਸਕਦੇ ਹਨ। ਇਸ ਦਾ ਮਤਲਵ ਕਿ ਇੰਨਾ ਓਨਾ ਚਿਰ ਵਿਜੈ ਹੀ ਤਾਏ ਨੂੰ ਸੰਭਾਲੇਗਾ। ਵਿਜੈ ਕੋਈ ਔਖ ਮਹਿਸੂਸ ਨਹੀਂ ਕਰ ਰਿਹਾ। ਔਖ ਹੈ ਤਾਂ ਇੰਨੀ ਹੁਣ ਉਸ ਨੂੰ ਆਪਣਾ ਨਿਤ-ਨੇਮ ਇਕ ਵਾਰ ਫਿਰ ਬਦਲਣਾ ਪਵੇਗਾ। ਹੁਣ ਤਾਏ ਨੂੰ ਟੁਆਇਲਟ ਲੈ ਜਾਣਾ ਤੇ ਇਸ਼ਨਾਨ ਕਰਵਾਉਣਾ ਉਸ ਨੂੰ ਆਪਣੀ ਸ਼ੈਡਿਊਲ ਵਿਚ ਸ਼ਾਮਲ ਕਰਨਾ ਪਵੇਗਾ। ਬਾਕੀ ਦੇ ਕੰਮਾਂ ਨੂੰ ਅਗੇ ਪਿੱਛੇ ਕਰ ਕੇ ਇਹ ਕੰਮ ਵੀ ਵਿਚ-ਵਿਚਕਾਰ ਕਿਸੇ ਤਰ੍ਹਾਂ ਫਿਟ ਕਰ ਲਵੇਗਾ। ਅਗਲੇ ਦਿਨ ਵਿਜੈ ਤਾਏ ਨੂੰ ਪਹੀਆਂ ਵਾਲੀ ਕੁਰਸੀ ਤੇ ਬੈਠਾਲ ਕੇ ਟੁਆਇਲਟ ਲੈ ਜਾਂਦਾ ਹੈ। ਟੁਆਇਲਟ ਵਿਚ ਜਾ ਕੇ ਉਹ ਤਾਏ ਦੀ ਮੱਦਦ ਕਰਦਾ ਉਸ ਨੂੰ ਟੁਆਇਲਟ ਸੀਟ ਉਪਰ ਬੈਠਾ ਦਿੰਦਾ ਹੈ। ਕੁਝ ਦੇਰ ਬਾਅਦ ਤਾਇਆ ਉਸ ਨੂੰ ਆਵਾਜ਼ ਦਿੰਦਾ ਹੈ ਤੇ ਕਹਿੰਦਾ ਹੈ,

"ਇਕ ਮਾੜੀ ਗੱਲ ਆ ਕਿ ਟੁਆਇਲਟ ਨਹੀਂ ਆਈ ਹਾਲੇ।"
"ਚੱਲ ਕੋਈ ਗੱਲ ਨਹੀਂ ਤਾਇਆ, ਜਦ ਆਊ ਮੈਂ ਉਦੋਂ ਲੈ ਆਊਂ।"
"ਪਰ ਤੂੰ ਕੰਮ ਤੇ ਵੀ ਜਾਣਾ ਜੇ ਬਾਅਦ ਵਿਚ ਹੁੜਕ ਹੋ ਗਈ ਤਾਂ?"
"ਤੂੰ ਸੁਸ਼ਮਾ ਨੂੰ ਦਸ ਦੇਈਂ ਇਹ ਮੈਨੂੰ ਫੋਨ ਕਰ ਦੇਏਗੀ।"

ਵਿਜੈ ਆਖਦਾ ਹੈ ਪਰ ਉਹ ਸੋਚਣ ਲਗਦਾ ਹੈ ਕਿ ਕੀ ਇਹ ਸੰਭਵ ਹੋ ਸਕਦਾ ਹੈ, ਉਸ ਦਾ ਪਤਾ ਨਹੀਂ ਘਰ ਤੋਂ ਉਹ ਕਿੰਨੀ ਦੂਰ ਹੋਵੇਗਾ। ਇੰਨੀ ਜਲਦੀ ਕਿਵੇਂ ਪੁੱਜ ਸਕੇਗਾ। ਟਾਊਨ ਸੈਂਟਰ ਵਿਚ ਇਕ ਦੁਕਾਨ ਹੈ ਜਿਥੋਂ ਵੀਅਲ ਚੇਅਰ ਆਦਿ ਮਿਲਦੀਆਂ ਹਨ। ਜੇ ਤਾਏ ਲਈ ਅਜਿਹੀ ਕੁਰਸੀ ਮਿਲ ਜਾਵੇ ਕਿ ਜਿਸ ਨੂੰ ਉਹ ਆਪ ਹੀ ਰੋਹੜ ਕੇ ਟੁਆਇਲਟ ਤਕ ਲੈ ਜਾਵੇ ਤਾਂ ਸੌਖ ਰਹੇਗੀ ਪਰ ਉਹ ਫਿਰ ਸੋਚਦਾ ਹੈ ਕਿ ਤਾਏ ਦੀਆਂ ਬਾਹਾਂ ਵੀ ਤਾਂ ਕਮਜ਼ੋਰ ਹਨ ਸ਼ਾਇਦ ਕੁਰਸੀ ਨਾ ਧੱਕ ਸਕਣ। ਉਹ ਟਾਊਨ ਸੈਂਟਰ ਜਾਂਦਾ ਹੈ। ਦੁਕਾਨ ਦਾ ਨਾਂ ਹੈ, 'ਲਿਵ ਬੈਟਰ ਲਾਈਫ' ਭਾਵ ਵਧੀਆ ਜ਼ਿੰਦਗੀ ਜੀਓ। ਇਥੇ ਅਪਹਾਜ ਲੋਕਾਂ ਦੀ ਜ਼ਰੂਰਤ ਦੀਆਂ ਚੀਜ਼ਾਂ ਵਿਕਦੀਆਂ ਹਨ। ਉਸ ਨੂੰ ਇਕ ਵੀਅਲ ਚੇਅਰ ਮਿਲ ਜਾਂਦੀ ਹੈ ਜਿਸ ਨੂੰ ਕੰਬੋਡ ਵੀ ਲਗਿਆ ਹੋਇਆ ਹੈ। ਜਿਸ ਤੇ ਬੈਠ ਕੇ ਟੁਆਇਲਟ ਜਾਇਆ ਜਾ ਸਕਦਾ ਹੈ। ਜੇ ਉਹ ਘਰ ਨਾ ਹੋਵੇ ਤਾਂ ਤਾਇਆ ਘੱਟੋ ਘੱਟ ਤਕਲੀਫ ਵਿਚ ਤਾਂ ਨਹੀਂ ਰਹੇਗਾ। ਟੁਆਇਲਟ ਜਾ ਕੇ ਉਪਰ ਢੱਕਣ ਦੇ ਦਿਆ ਕਰੇਗਾ ਜੋ ਕਿ ਕੰਬੋਡ ਦੇ ਨਾਲ ਹੀ ਬਣਿਆ ਹੋਇਆ ਹੈ। ਜਦ ਉਹ ਘਰ ਆਵੇਗਾ ਤਾਂ ਸਾਫ ਕਰ ਦਿਆ ਕਰੇਗਾ। ਉਹ ਇਕ ਪਿਸ਼ਾਬ ਕਰਨ ਵਾਲੀ ਪਲਾਸਟਕ ਦੀ ਬੋਤਲ ਵੀ ਖਰੀਦ ਲੈਂਦਾ ਹੈ ਤਾਂ ਜੋ ਪਿਸ਼ਾਬ ਅਸਾਨੀ ਨਾਲ ਕਰ ਸਕੇ। ਇਸ ਵੇਲੇ ਤਾਇਆ ਪਿਸ਼ਾਬ ਇਕ ਕੱਪ ਵਿਚ ਕਰਿਆ ਕਰਦਾ ਹੈ ਜਿਸ ਨੂੰ ਵਿਜੈ ਆ ਕੇ ਡੋਹਲ ਦਿੰਦਾ ਹੈ।

ਆਪਣੀ ਹਾਲਤ ਤੇ ਤਾਇਆ ਬਹੁਤ ਖਿਝ ਰਿਹਾ ਹੈ ਪਰ ਉਹ ਕਰ ਕੁਝ ਨਹੀਂ ਸਕਦਾ। ਉਸ ਅੰਦਰ ਦੋਸ਼ ਭਾਵਨਾ ਪੈਦਾ ਹੋ ਰਹੀ ਹੈ ਕਿ ਵਿਜੈ ਦੀ ਇਸ ਮੁਸੀਬਤ ਸਮੇਂ ਮਦਦ ਤਾਂ ਕੀ ਕਰਨੀ ਹੈ ਸਗੋਂ ਉਸ ਉਪਰ ਬੋਝ ਬਣੀ ਬੈਠਾ ਹੈ। ਵਿਜੈ ਉਸ ਦੇ ਨਜ਼ਦੀਕ ਕੁਰਸੀ ਰੱਖਦਾ ਕਹਿੰਦਾ ਹੈ,

"ਲੈ ਤਾਇਆ, ਸਾਰੀ ਸਮੱਸਿਆ ਦਾ ਹੱਲ ਮਿਲ ਗਿਆ। ਔਖੇ ਵੇਲੇ ਤੂੰ ਇਹਨੂੰ ਵਰਤੀਂ, ਦੇਖੀਂ ਮੁਸ਼ਕ ਵੀ ਨਹੀਂ ਆਉਣਾ, ਇਹਦਾ ਢੱਕਣ ਬਹੁਤ ਫਿੱਟ ਐ, ਮੈਂ ਆਪੇ ਇਹਨੂੰ ਸਾਂਭ ਦਿਆ ਕਰਾਂਗਾ ਨਾਲ਼ੇ ਆਹ ਪਿਸ਼ਾਬ ਵਾਲ਼ੀ ਬੋਤਲ ਐ ਵਰਤ ਕੇ ਢੱਕਣ ਬੰਦ ਕਰ ਦਿਆ ਕਰ, ਲੈ, ਹੁਣ ਸਾਰੀਆਂ ਮੁਸੀਬਤਾਂ ਈ ਕਾਬੂ ਵਿਚ ਆ ਗਈਆਂ।"

ਤਾਇਆ ਵਿਜੈ ਵਲ ਨੂੰ ਦੇਖਣ ਲਗਦਾ ਹੈ ਤੇ ਦੇਖਦਾ ਜਾਂਦਾ ਹੈ। ਉਹ ਹੈਰਾਨ ਹੈ ਕਿ ਵਿਜੈ ਸਭ ਕੁਝ ਕਿੰਨਾ ਸਹਿਜ ਵਿਚ ਕਹਿ ਰਿਹਾ ਹੈ। ਤਾਇਆ ਆਖਦਾ ਹੈ,

"ਵਿਜੇ, ਮੈਨੂੰ ਲਗਦਾ ਭਗਵਾਨ ਤੇਰਾ ਅੰਤ ਦੇਖਣਾ ਚਾਹੁੰਦਾ, ਉਹ ਤੈਨੂੰ ਅਖੀਰ ਤਕ ਪਰਖਣਾ ਚਾਹੁੰਦਾ।"
"ਤਾਇਆ, ਉਹਨੂੰ ਆਪਣਾ ਕੰਮ ਕਰੀ ਜਾਣ ਦੇ ਤੇ ਮੈਂ ਆਪਣਾ ਕਰੀ ਜਾਣਾਂ।"

ਵਿਜੈ ਹੱਸਦਾ ਹੋਇਆ ਬੋਲਦਾ ਹੈ ਪਰ ਤਾਇਆ ਬਹੁਤ ਉਦਾਸ ਹੋ ਜਾਂਦਾ ਹੈ। ਉਸ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਵਿਜੈ ਦੇ ਘਰ ਹੁੰਦੇ ਹੁੰਦੇ ਇਹ ਕੰਮ ਮੁਕਾ ਲਵੇ ਪਰ ਜ਼ਿਆਦਾ ਦੇਰ ਲੰਮੇ ਪਏ ਰਹਿਣ ਕਾਰਨ ਇਸ ਦਾ ਵਕਤ ਵੀ ਸਥਿਰ ਨਹੀਂ ਰਹਿੰਦਾ। ਅਗਲੇ ਦਿਨ ਵਿਜੈ ਦੇ ਜਾਣ ਤਕ ਉਸ ਨੂੰ ਕੁਝ ਮਹਿਸੂਸ ਨਹੀਂ ਹੁੰਦਾ ਪਰ ਜਦੋਂ ਉਹ ਬਾਹਰ ਨਿਕਲ ਜਾਂਦਾ ਹੈ ਤਾਂ ਉਸ ਨੂੰ ਹਾਜ਼ਤ ਮਹਿਸੂਸ ਹੋਣ ਲਗਦੀ ਹੈ। ਉਹ ਦੇਖਦਾ ਹੈ ਕਿ ਦਰਵਾਜ਼ੇ ਬੰਦ ਹਨ ਸ਼ਾਇਦ ਵਿਜੈ ਉਸ ਦੀ ਸਹੂਲਤ ਲਈ ਬੰਦ ਕਰ ਗਿਆ ਹੈ। ਵਿਜੇ ਗਿੱਲੇ ਟੀਸੂ ਵੀ ਉਸ ਲਈ ਰੱਖ ਕੇ ਗਿਆ ਹੈ ਤੇ ਕਾਫੀ ਸਾਰਾ ਪਾਣੀ ਵੀ ਕਿ ਉਹ ਆਪਣੇ ਹੱਥ ਸੁੱਚੇ ਕਰ ਸਕੇ। ਉਹ ਹੌਲੀ ਹੌਲੀ ਉਠ ਕੇ ਕੁਰਸੀ ਤੇ ਬੈਠ ਜਾਂਦਾ ਹੈ। ਵਿਹਲਾ ਹੋ ਕੇ ਆਪਣੇ ਆਪ ਨੂੰ ਸਾਫ ਕਰਕੇ ਮੁੜ ਬਿਸਤਰ ਤੇ ਬੈਠਦਾ ਹੈ ਤਾਂ ਉਸ ਦਾ ਮਨ ਭਰ ਆਉਂਦਾ ਹੈ। ਇਹੋ ਜਿਹੀ ਜ਼ਿੰਦਗੀ ਲਈ ਉਹ ਤਿਆਰ ਨਹੀਂ ਹੈ। ਪਤਾ ਨਹੀਂ ਕਿਸ ਦਾ ਕੀ ਬੁਰਾ ਕੀਤਾ ਹੋਵੇਗਾ ਕਿ ਇਹ ਦਿਨ ਦੇਖਣੇ ਪੈ ਰਹੇ ਹਨ। ਫਿਰ ਉਸ ਦੇ ਮਨ ਵਿਚ ਆਉਂਦਾ ਹੈ ਕਿ ਇਹ ਵੀ ਉਸ ਦੀ ਖ਼ੁਸ਼ਕਿਸਮਤੀ ਹੈ ਕਿ ਵਿਜੈ ਜਿਹਾ ਕੋਈ ਆਪਣਾ ਉਸ ਕੋਲ ਹੈ ਨਹੀਂ ਤਾਂ ਕਿੰਨੇ ਬੁੜੇ ਲੋਕ ਆਪਣੇ ਘਰਾਂ ਵਿਚ ਪਏ ਪਏ ਹੀ ਮਰ ਜਾਂਦੇ ਹਨ। ਗਵਾਂਢੀਆਂ ਨੂੰ ਮੁਸ਼ਕ ਆਉਣ ਤੇ ਹੀ ਪਤਾ ਚਲਦਾ ਹੈ ਕਿ ਕੋਈ ਮਰ ਗਿਆ ਹੈ।

ਵਿਜੈ ਆਉਂਦਾ ਹੈ ਤਾਂ ਕੁਰਸੀ ਵਿਚੋਂ ਕੰਬੋਡ ਕੱਢ ਕੇ ਲੈ ਜਾਂਦਾ ਹੈ ਤੇ ਟੁਆਇਲਟ ਵਿਚ ਡੋਹਲ ਦਿੰਦਾ ਹੈ। ਕੰਬੋਡ ਨੂੰ ਬਲੀਚ ਨਾਲ ਚੰਗੀ ਤਰ੍ਹਾਂ ਸਾਫ ਕਰਕੇ ਵਾਪਸ ਕੁਰਸੀ ਵਿਚ ਰੱਖਦਾ ਹੈ ਤੇ ਕਮਰੇ ਵਿਚ ਏਅਰ ਫਰੈਸ਼ਨਰ ਛਿੜਕਣ ਲਗਦਾ ਹੈ। ਤਾਇਆ ਉਸ ਵਲ ਦੇਖਦਾ ਜਾ ਰਿਹਾ ਹੈ ਤੇ ਫਿਰ ਅਚਾਨਕ ਰੋਣ ਲਗਦਾ ਹੈ। ਉਸ ਦਾ ਰੋਣਾ ਧਾਹਾਂ ਵਿਚ ਬਦਲ ਜਾਂਦਾ ਹੈ। ਵਿਜੈ ਉਸ ਨੂੰ ਕਲ਼ਾਵੇ ਵਿਚ. ਲੈਂਦਾ ਹੈ ਤੇ ਉਸ ਦੀਆਂ ਅੱਖਾਂ ਪੂੰਝਦਾ ਕਹਿੰਦਾ ਹੈ,

"ਤਾਇਆ, ਹੇ ਤਾਇਆ, ਰੋਣਾ ਨਹੀਂ, ਤੂੰ ਕੋਈ ਬੇਬੀ ਆਂ!"
"ਮੈਨੂੰ ਲਗਦਾ ਮੈਂ ਤਾਂ ਬੇਬੀ ਤੋਂ ਵੀ ਗਿਆ ਗੁਜ਼ਰਿਆਂ! ...ਵਿਜੇ, ਮੈਨੂੰ ਨਰਸਿੰਗ ਹੋਮ ਭੇਜ ਦੇ, ਆਪੇ ਉਹ ਮੈਨੂੰ ਸਾਂਭਣਗੇ।"
"ਨਰਸਿੰਗ ਹੋਮ? ਨਹੀਂ ਤਾਇਆ, ਕਦੇ ਵੀ ਨਹੀਂ। ਮੈਂ ਕਾਹਦੇ ਲਈ ਆਂ?"

ਵਰਦਿੰਗ ਵਿਚ ਕਈ ਨਰਸਿੰਗ ਹੋਮ ਹਨ। ਤਾਈ ਵੀ ਕਾਫੀ ਸਮਾਂ ਇਕ ਨਰਸਿੰਗ ਹੋਮ ਵਿਚ ਕੰਮ ਕੀਤਾ ਹੈ। ਉਹ ਆ ਕੇ ਦਸਿਆ ਕਰਦੀ ਕਿ ਨਰਸਿੰਗ ਹੋਮਾਂ ਵਿਚ ਬੁੱਢਿਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਜਾਂਦਾ ਹੈ। ਤਾਈ ਤਾਂ ਇਥੇ ਤਕ ਕਿਹਾ ਕਰਦੀ ਕਿ ਰੱਬ ਮੌਤ ਦੇ ਦੇਵੇ ਪਰ ਨਰਸਿੰਗ ਹੋਮ ਨਾ ਲੈ ਕੇ ਜਾਵੇ। ਇਹਨਾਂ ਸੰਸਥਾਵਾਂ ਦੇ ਮਾੜੇ ਵਤੀਰੇ ਬਾਰੇ ਕਈ ਵਾਰ ਅਖਬਾਰਾਂ ਵਿਚ ਵੀ ਖਬਰਾਂ ਲਗਦੀਆਂ ਹਨ। ਸਰਕਾਰ ਕਈ ਤਰ੍ਹਾਂ ਦੀਆਂ ਇਨਕੁਆਰੀਆਂ ਕਰਵਾਂਉਂਦੀ ਹੈ ਪਰ ਬਹੁਤਾ ਸੁਧਾਰ ਨਹੀਂ ਕਰ ਸਕਦੀ। ਇਹ ਬੁੱਢੇ ਲੋਕ ਬਹੁਤੀ ਵਾਰ ਸ਼ਿਕਾਇਤ ਕਰਨ ਦੀ ਹਾਲਤ ਵਿਚ ਹੀ ਨਹੀਂ ਹੁੰਦੇ। ਵਰਦਿੰਗ ਵਸਦੇ ਭਾਰਤੀ ਲੋਕਾਂ ਵਿਚ ਆਮ ਰਾਏ ਹੈ ਕਿ ਨਰਸਿੰਗ ਹੋਮ ਨਿਰੇ ਨਰਕ ਹਨ। ਤਾਇਆ ਆਖਦਾ ਹੈ,

"ਵਿਜੇ, ਨਰਸਿੰਗ ਹੋਮ ਇੰਨੇ ਮਾੜੇ ਵੀ ਨਹੀਂ, ਹਜ਼ਾਰਾਂ ਲੋਕ ਰਹਿੰਦੇ ਆ, ਐਵੇਂ ਲੋਕਾਂ ਨੇ ਗੱਲਾਂ ਬਣਾਈਆਂ ਹੋਈਆਂ।"

"ਨਹੀਂ ਤਾਇਆ, ਕਦੇ ਵੀ ਨਹੀਂ, ਮੈਂ ਕਾਹਦੇ ਲਈ ਆਂ, ਮੈਂ ਤੇਰੀ ਪੂਰੀ ਸੇਵਾ ਕਰਾਂਗਾ, ਮੇਰੀ ਰਾਏ ਆ ਕਿ ਇਕ ਵਾਰੀ ਹਸਪਤਾਲ ਚੈੱਕ ਕਰਾ ਲਈਏ।"

"ਹਸਪਤਾਲ ਤਾਂ ਮੈਂ ਤਾਂ ਚੈੱਕ ਕਰਾਵਾਂ ਜੇ ਮੈਨੂੰ ਕੋਈ ਬਿਮਾਰੀ ਹੋਵੇ, ਇਹ ਤਾਂ ਬਸ ਕਮਜ਼ੋਰੀ ਆ, ਮੈਂ ਥੋੜੇ ਦਿਨਾਂ ਵਿਚ ਈ ਤੁਰਨ ਫਿਰਨ ਲਗ ਪੈਣਾਂ। ...ਹਸਪਤਾਲ ਤਾਂ ਜੇ ਨਾ ਵੀ ਕੋਈ ਬਿਮਾਰ ਹੋਵੇ ਤਾਂ ਵੀ ਉਹ ਕਰ ਲੈਂਦੇ ਆ।"

ਅਗਲੇ ਦਿਨ ਵਿਜੈ ਤਾਏ ਦਾ ਕੰਬੋਡ ਸਾਫ ਕਰਨ ਲਗਦਾ ਹੈ ਤਾਂ ਤਾਇਆ ਫਿਰ ਅੱਖਾਂ ਭਰ ਲੈਂਦਾ ਹੈ। ਵਿਜੈ ਹੱਸਦਾ ਹੋਇਆ ਕਹਿੰਦਾ ਹੈ,

"ਤਾਇਆ, ਤੂੰ ਐਵੇਂ ਦਿਲ ਤੇ ਲਾਈ ਜਾਨਾਂ, ਇਹ ਕੋਈ ਕੰਮ ਆ ਕਿਤੇ! ਆਹ ਦੇਖ, ਮਿੰਟ ਇਕ ਲਗਦਾ ਸਾਰਾ।"

"ਮੇਰੇ ਤੋਂ ਝੱਲ ਨਹੀਂ ਹੁੰਦਾ ਤੈਨੂੰ ਆਪਣਾ ਗੰਦ ਸਾਫ ਕਰਦਿਆਂ ਦੇਖਣਾ।"

"ਇਹ ਤਾਂ ਬਹੁਤ ਮਮੂਲੀ ਗੱਲ ਐ, ਇੰਡੀਆ ਹੁੰਦਾ ਤਾਂ ਹੋਰ ਗੱਲ ਹੁੰਦੀ, ਦੇਖ ਕਿੰਨਾ ਇੰਤਜ਼ਾਮ ਆ ਇਥੇ!"

"ਕੈਮਿਸਟ ਦਿਓਂ ਸਮਿੱਲ ਨਾ-ਆਉਣ ਵਾਲੀਆਂ ਗੋਲੀਆਂ ਲੈ ਆ।"

"ਤਾਇਆ, ਮੈਨੂੰ ਕੋਈ ਸਮਿੱਲ ਨਹੀਂ ਆਉਂਦੀ, ਤੂੰ ਮੇਰਾ ਫਿਕਰ ਨਾ ਕਰ। ਮੈਨੂੰ ਤਾਂ ਇਹ ਐ ਕਿ ਤੂੰ ਤਕਲੀਫ ਵਿਚ ਆਂ, ਨਹੀਂ ਤਾਂ ਕੋਈ ਐਸੀ ਗੱਲ ਨਹੀਂ, ਅਵੱਲ ਤਾਂ ਤੂੰ ਠੀਕ ਈ ਹੋ ਜਾਣਾਂ, ਨਹੀਂ ਤਾਂ ਹੋਰ ਹਫਤੇ ਨੂੰ ਕੇਅਰਰ ਨੇ ਆਉਣਾ ਸ਼ੁਰੂ ਕਰ ਦੇਣਾਂ, ਬਸ ਥੋੜੇ ਦਿਨਾਂ ਦੀ ਗੱਲ ਐ।"

ਹੁਣ ਵਿਜੈ ਨੂੰ ਆਪਣੀ ਸ਼ੈਡਿਊਲ ਨੂੰ ਥੋੜਾ ਕੁ ਹੋਰ ਬਦਲਦਾ ਹੈ। ਉਹ ਘਰ ਦਾ ਇਕ ਚੱਕਰ ਵਾਧੂ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਜੇ ਤਾਏ ਨੇ ਟੁਆਇਲਟ ਕਰਨੀ ਹੋਵੇ ਤਾਂ ਕਰਵਾ ਦਿੰਦਾ ਹੈ। ਪਿਸ਼ਾਬ ਵਾਲੀ ਬੋਤਲ ਤਾਂ ਉਹ ਲੰਘਦਾ ਵੜਦਾ ਹੀ ਡੋਲ੍ਹ ਦਿਆ ਕਰਦਾ ਹੈ। ਕਬਜ਼ ਰਹਿਣ ਕਰਕੇ ਉਸ ਨੂੰ ਟੁਆਇਲਟ ਘੱਟ ਆਉਂਦੀ ਹੈ। ਕਈ ਵਾਰ ਉਹ ਉਸ ਦੇ ਕਮਰੇ ਵਿਚ ਵੜਦਾ ਹੀ ਕਹੇਗਾ,

"ਕਿੱਦਾਂ ਤਾਇਆ, ਬਣੀ ਗੱਲ?"

"ਨਹੀਂ ਬਈ ਹਾਲੇ ਨਹੀਂ।"

ਜਾਂ ਫਿਰ ਤਾਇਆ ਕਹੇਗਾ,

"ਬਣ ਤਾਂ ਗਈ ਪਰ ਪੂਰੀ ਨਹੀਂ?"

ਤਾਏ ਨੂੰ ਇਕ ਸਕੀਮ ਸੁਝਦੀ ਹੈ ਕਿ ਜੇ ਉਹ ਥੋੜਾ ਖਾਣਾ ਖਾਵੇ ਤਾਂ ਹਾਜਤ ਵੀ ਘੱਟ ਹੋਵੇਗੀ ਪਰ ਉਸ ਦੀ ਇਹ ਹੇਰਾਫੇਰੀ ਜਲਦੀ ਹੀ ਫੜੀ ਜਾਂਦੀ ਹੈ। ਵਿਜੈ ਆਖਦਾ ਹੈ,

"ਤਾਇਆ, ਏਦਾਂ ਨਾ ਕਰ, ਤੂੰ ਆਪਣੀ ਸਿਹਤ ਦਾ ਧਿਆਨ ਰੱਖ, ਮੇਰੀ ਬਿਲਕੁਲ ਚਿੰਤਾ ਨਾ ਕਰ, ਮੈਨੂੰ ਕਿਸੇ ਕਿਸਮ ਦੀ ਸੂਂਕ ਨਹੀਂ। ...ਰੋਟੀ ਘੱਟ ਖਾਵੇਂਗਾ ਤਾਂ ਮੁੜ ਠੀਕ ਨਹੀਂ ਹੋਣ ਲਗਿਆ। ਤੂੰ ਜਲਦੀ ਤੰਦਰੁਸਤ ਹੋ ਫਿਰ ਆਪਾਂ ਇੰਡੀਆ ਜਾਣਾਂ ਤੇ ਆਪਣੇ ਪਿੰਡ ਜਾ ਕੇ ਆਉਣਾ।"

ਵਿਜੈ ਉਸ ਦੇ ਖਾਣੇ ਦਾ ਆਪ ਧਿਆਨ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਸੁਸ਼ਮਾ ਨੂੰ ਕਹਿ ਕੇ ਜਾਂਦਾ ਹੈ ਕਿ ਤਾਏ ਨੂੰ ਰੋਟੀ ਹਰ ਹਾਲਤ ਵਿਚ ਖਵਾ ਦੇਵੇ। ਰੋਹਨ ਤੇ ਵਿਧੀ ਵੀ ਉਸ ਦੇ ਕਮਰੇ ਦਾ ਗੇੜਾ ਕੱਢਦੇ ਰਹਿੰਦੇ ਹਨ। ਵੈਸੇ ਤਾਏ ਦਾ ਕੁਝ ਦੁਖਦਾ ਨਹੀਂ ਹੈ। ਉਹ ਖੁਸ਼ ਵੀ ਹੈ, ਸਿਰਫ ਉਸ ਨੂੰ ਵਿਜੈ ਦਾ ਟੁਆਇਲਟ ਚੁੱਕਣਾ ਚੰਗਾ ਨਹੀਂ ਲਗਦਾ। ਉਹ ਸੋਚਣ ਲਗਦਾ ਹੈ ਕਿ ਪਤਾ ਨਹੀਂ ਇਸ ਦਾ ਕਿਹੜੇ ਜਨਮ ਦਾ ਬਦਲਾ ਲੈਣਾ ਸੀ ਕਿ ਉਸ ਨੂੰ ਇੰਨੀ ਪੇਰਸ਼ਾਨੀ ਦੇ ਰਿਹਾ ਹੈ। ਇਕ ਦਿਨ ਉਸ ਨੂੰ ਦੀਪਕ ਦਾ ਚੇਤਾ ਆਉਂਦਾ ਹੈ ਉਸ ਦਾ ਮੂੰਹ ਕੁਸੈਲਾ ਜਿਹਾ ਹੋ ਜਾਂਦਾ ਹੈ। ਵਿਜੈ ਦੀ ਥਾਂ ਜੇ ਦੀਪਕ ਹੁੰਦਾ ਤਾਂ ਹੁਣ ਤਕ ਕਦੇ ਦਾ ਉਸ ਦਾ ਗਲ਼ਾ ਘੁੱਟ ਛੱਡਿਆ ਹੁੰਦਾ।

ਦੀਪਕ ਦਾ ਖਿਆਲ ਤਾਂ ਵਿਜੈ ਨੂੰ ਵੀ ਕਈ ਵਾਰ ਆਉਂਦਾ ਹੈ। ਉਹ ਸਮਝਦਾ ਹੈ ਕਿ ਤਾਏ ਦੀਆਂ ਲੱਤਾਂ-ਬਾਹਾਂ ਹੀ ਕਮਜ਼ੋਰ ਹਨ, ਹੋਰ ਕੋਈ ਵੱਡੀ ਬਿਮਾਰੀ ਨਹੀਂ ਹੈ, ਇਸ ਲਈ ਕੋਈ ਖਤਰੇ ਵਾਲੀ ਗੱਲ ਨਹੀਂ ਕਿ ਦੀਪਕ ਨੂੰ ਸੱਦਿਆ ਜਾਵੇ ਪਰ ਫਿਰ ਵੀ ਉਹ ਦੀਪਕ ਨੂੰ ਫੋਨ ਕਰ ਕੇ ਤਾਏ ਦੀ ਸਿਹਤ ਬਾਰੇ ਦਸ ਦਿੰਦਾ ਹੈ। ਦੀਪਕ ਅਗੋਂ ਕਹਿੰਦਾ ਹੈ,

"ਵਿਲ ਹੀ ਗਿਵ ਮੀ ਹਿਜ਼ ਹਾਊਸ ਐਂਡ ਆਲ ਔਫ ਹਿਜ ਮਨੀ?"
"ਤੈਨੂੰ ਘਰ ਦੀ ਮਨੀ ਦੀ ਪਈ ਹੋਈ ਐ, ਉਹ ਏਨਾ ਬਿਮਾਰ ਐ ਆ ਕੇ ਖਬਰ ਈ ਲੈ ਜਾ!"
"ਏਹਦੇ ਲਈ ਤੂੰ ਹੈਗਾਂ।"

ਦੀਪਕ ਨਹੀਂ ਆਉਂਦਾ। ਵਿਜੈ ਸੋਚਦਾ ਹੈ ਕਿ ਜਿਹੜੀ ਤਾਏ ਨੇ ਵਸੀਅਤ ਕੀਤੀ ਹੈ ਤਾਏ ਬਾਅਦ ਉਸ ਨੂੰ ਪਾੜ ਸੁਟੇਗਾ ਨਹੀਂ ਤਾਂ ਦੀਪਕ ਉਸ ਨੂੰ ਸਾਰੀ ਉਮਰ ਮਿਹਣੇ ਮਾਰਦਾ ਰਹੇਗਾ। ਉਸ ਨੂੰ ਤਾਏ ਦਾ ਕੁਝ ਵੀ ਨਹੀਂ ਚਾਹੀਦਾ। ਉਹ ਬਿਨਾਂ ਕਿਸੇ ਸੂੰਕ ਤੋਂ, ਬਿਨਾਂ ਕਿਸੇ ਉਕਤਾਹਟ ਤੋਂ ਤਾਏ ਦੀ ਸੇਵਾ ਕਰਦਾ ਰਹਿੰਦਾ ਹੈ। ਉਹ ਸੁਸ਼ਮਾ ਦੀ ਦਵਾਈ ਬਗੈਰਾ ਦਾ ਵੀ ਪੂਰਾ ਧਿਆਨ ਰੱਖ ਰਿਹਾ ਹੈ ਤੇ ਆਪਣੇ ਕੰਮ ਦਾ ਵੀ। ਉਸ ਨੂੰ ਭੱਜ-ਦੌੜ ਤਾਂ ਪਈ ਰਹਿੰਦੀ ਹੈ ਪਰ ਸਭ ਕੁਝ ਕਾਬੂ ਵਿਚ ਹੈ। ਸੁਸ਼ਮਾ ਉਸ ਵਲ ਦੇਖ ਦੇਖ ਹੈਰਾਨ ਵੀ ਹੁੰਦੀ ਹੈ। ਇਕ ਦਿਨ ਉਹ ਆਖਦੀ ਹੈ,
"ਸ਼ਰਮਾ ਜੀ, ਮੈਂ ਵੀ ਚਾਹੁੰਨੀ ਆਂ ਕਿ ਮੈਂ ਆਪਣੇ ਮਾਤਾ-ਪਿਤਾ ਦੀ ਸੇਵਾ ਵੀ ਇੱਦਾਂ ਈ ਕਰਾਂ।"
"ਕਰ ਲਵੀਂ ਪਹਿਲਾਂ ਤੂੰ ਆਪ ਠੀਕ ਹੋ ਤੇ ਫਿਰ ਮਾਤਾ-ਪਿਤਾ ਨੂੰ ਬਿਮਾਰ ਹੋ ਲੈਣ ਦੇ।"

ਆਖਦਾ ਹੋਇਆ ਵਿਜੈ ਹੱਸਣ ਲਗਦਾ ਹੈ।

ਸਿਹਤ ਮਹਿਕਮੇ ਤੋਂ ਪੂਰੇ ਛੇ ਹਫਤੇ ਬਾਅਦ ਸਹਾਇਤਾ ਮਿਲਦੀ ਹੈ। ਇਕ ਨਰਸ ਜਾਂ ਕੇਅਰਰ ਸਵੇਰੇ ਆ ਕੇ ਤਾਏ ਨੂੰ ਨਹਾ ਜਾਂਦੀ ਹੈ। ਉਸ ਦੇ ਕਪੜੇ ਬਦਲ ਜਾਂਦੀ ਹੈ ਤੇ ਬਿਸਤਰ ਬਣਾ ਜਾਂਦੀ ਹੈ। ਜੇ ਹਾਜਤ ਹੋਵੇ ਤਾਂ ਟੁਆਇਲਟ ਵੀ ਲੈ ਜਾਂਦੀ ਹੈ ਪਰ ਤਾਏ ਦੀ ਆਦਤ ਅਜਿਹੀ ਬਣ ਗਈ ਹੈ ਕਿ ਬਾਅਦ ਵਿਚ ਹੀ ਹਾਜਤ ਹੁੰਦੀ ਹੈ। ਕਈ ਵਾਰ ਰੋਹਨ ਵੀ ਘਰ ਹੁੰਦਾ ਹੈ, ਉਹ ਇੰਨਾ ਵੱਡਾ ਹੋ ਚੁੱਕਾ ਹੈ ਕਿ ਤਾਏ ਦੀ ਵੀਅਲ ਚੇਅਰ ਧੱਕਦਾ ਹੋਇਆ ਬਾਥਰੂਮ ਵਿਚ ਲੈ ਜਾਵੇ ਪਰ ਤਾਇਆ ਉਸ ਤੋਂ ਕੁਝ ਵੀ ਨਹੀਂ ਕਰਾਉਣਾ ਚਾਹੁੰਦਾ। ਉਸ ਨੂੰ ਲਗਦਾ ਹੈ ਕਿ ਰੋਹਨ ਹਾਲੇ ਬੱਚਾ ਹੈ ਤੇ ਹੋ ਸਕਦਾ ਹੈ ਕਿ ਉਹ ਉਸ ਨੂੰ ਨਫਰਤ ਕਰਨ ਲਗੇ। ਇਸ ਦੇ ਸੰਸਕਾਰ ਵੀ ਵਲਾਇਤੀ ਹਨ, ਆਪਣੇ ਬਿਜੁਰਗਾਂ ਦੀ ਸੇਵਾ ਵਲਾਇਤੀ ਰਿਵਾਇਤ ਵਿਚ ਨਹੀਂ ਆਉਂਦੀ। ਵਿਜੈ ਨੂੰ ਉਹ ਕਈ ਵਾਰ ਕਹਿਣ ਲਗਦਾ ਹੈ,
"ਪੁੱਤ, ਮੈਨੂੰ ਕੋਈ ਬਿਮਾਰੀ ਹੈ ਨਹੀਂ, ਮੈਂ ਥੋੜੇ ਕੀਤੇ ਮਰਨਾ ਨਹੀਂ ਤੇ ਹੁਣ ਕਈ ਸਾਲਾਂ ਲਈ ਤੇਰੇ ਗਲ਼ ਪੈ ਗਿਆਂ।"
"ਫਿਕਰ ਨਾ ਕਰ ਤਾਇਆ, ਮੈਂ ਤਿਆਰ ਆਂ ਪਰ ਮੈਂ ਹਾਲੇ ਵੀ ਕਹਿੰਨਾ ਕਿ ਹਸਪਤਾਲ ਚੱਲੀਏ ਕੋਈ ਦਵਾਈ ਦੇਣਗੇ, ਕਮਜ਼ੋਰੀ ਠੀਕ ਹੋ ਜਾਏਗੀ।"

ਤਾਇਆ ਨਹੀਂ ਮੰਨਦਾ। ਹੁਣ ਤਾਏ ਦੇ ਸਰੀਰ ਵਿਚ ਅਜੀਬ ਜਿਹਾ ਦਰਦ ਹੋਣ ਲਗਦਾ ਹੈ ਜਿਸ ਲਈ ਉਸ ਨੂੰ ਕਾਫੀ ਸਾਰੀ ਦਰਦ-ਮਾਰ ਦਵਾਈ ਖਾਣੀ ਪੈਂਦੀ ਹੈ। ਕਈ ਵਾਰ ਉਹ ਵਿਜੈ ਨੂੰ ਦਸਦਾ ਵੀ ਨਹੀਂ ਕਿ ਉਹ ਹਸਪਤਾਲ ਜਾਣ ਦੀ ਜ਼ਿਦ ਕਰਨ ਲਗੇਗਾ। ਵਿਜੈ ਥੋੜਾ ਕੁ ਹੈਰਾਨ ਵੀ ਹੈ ਕਿ ਤਾਏ ਦੀ ਕਮਜ਼ੋਰੀ ਦੂਰ ਕਿਉਂ ਨਹੀਂ ਹੋ ਰਹੀ।

## ਤਰਵੰਜਾ

ਕੁਝ ਚਿਰ ਤੋਂ ਸੁਸ਼ਮਾ ਦੇ ਅੰਦਰ ਘੁੰਮਣ ਦੀ ਲਲਕ ਜਿਹੀ ਜਾਗੀ ਹੋਈ ਹੈ। ਉਸ ਦੇ ਸੁਭਾਅ ਵਿਚ ਕਾਹਲਪਨ ਆ ਜਾਣ ਕਾਰਨ ਜੋ ਕੁਝ ਚਾਹੀਦਾ ਹੈ ਹੁਣੇ ਚਾਹੀਦਾ ਹੈ। ਬਜ਼ਾਰ ਗਈ ਨੂੰ ਫੁੱਲ ਚੰਗੇ ਲਗੇ ਤਾਂ ਘਰ ਆ ਕੇ ਗਾਰਡਨ ਵਿਚ ਫੁੱਲ ਲਗਾਉਣ ਦੀਆਂ ਸਕੀਮਾਂ ਬਣਾਉਣ ਲਗਦੀ ਹੈ। ਜੇ ਕੋਈ ਕਪੜਾ ਪਸੰਦ ਆ ਗਿਆ ਤਾਂ ਉਸ ਨੂੰ ਖਰੀਦਣ ਦੀ ਜ਼ਿਦ ਕਰਨ ਲਗਦੀ ਹੈ। ਜੇ ਅੰਮਰਤੀ ਵਲ ਜਾਣ ਦਾ ਮਨ ਹੋਵੇ ਤਾਂ ਇਕ ਦਮ ਕਹੇਗੀ ਕਿ ਹੁਣੇ ਜਾਣਾ ਹੈ ਨਹੀਂ ਤਾਂ ਕਈ ਕਈ ਮਹੀਨੇ ਨਿਕਲ ਜਾਣਗੇ ਅੰਮਰਤੀ ਦੀ ਗੱਲ ਕੀਤਿਆਂ ਵੀ। ਇਵੇਂ ਹੀ ਬੱਚਿਆਂ ਨਾਲ ਕਰੇਗੀ। ਕਈ ਵਾਰ ਤਾਂ ਉਹਨਾਂ ਦੇ ਲਾਡ ਕਰਨ ਲਗੇਗੀ ਕਈ ਵਾਰ ਕਈ ਕਈ ਘੰਟੇ ਵੀ ਨਹੀਂ ਬੁਲਾਏਗੀ। ਘੁੰਮਣ ਦਾ ਸ਼ੌਂਕ ਵੀ ਟੈਲੀ ਦਾ ਕੋਈ ਸੀਰੀਅਲ ਦੇਖ ਕੇ ਜਾਗਦਾ ਹੈ। ਵਿਜੈ ਕੋਲ ਉਸ ਨੂੰ ਕਿਤੇ ਲੈ ਕੇ ਜਾਣ ਦਾ ਵਕਤ ਨਹੀਂ ਹੁੰਦਾ ਪਰ ਔਖਾ ਹੋ ਕੇ ਵੀ ਲੈ ਜਾਂਦਾ ਹੈ। ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਸੁਸ਼ਮਾ ਨਾਲ ਕਿਸੇ ਗੱਲ ਦਾ ਟਕਰਾਅ ਨਾ ਹੋਵੇ ਇਸ ਲਈ ਉਸ ਦੀਆਂ ਬਹੁਤੀਆਂ ਗੱਲਾਂ ਮੰਨ ਲੈਂਦਾ ਹੈ ਪਰ ਕਈ ਵਾਰ ਉਹ ਭੁੱਲ ਜਾਂਦਾ ਹੈ ਤੇ ਲੜ ਵੀ ਪੈਂਦਾ ਹੈ। ਸੁਸ਼ਮਾ ਨੂੰ ਬਿਨਾਂ ਕਿਸੇ ਗੱਲੋਂ ਲੜਦਿਆਂ ਦੇਖ ਕੇ ਬੱਚੇ ਬਹੁਤ ਪਰੇਸ਼ਾਨ ਹੁੰਦੇ ਹਨ। ਉਹ ਸੁਸ਼ਮਾ ਨੂੰ ਟੋਕਣ ਲਗਦੇ ਹਨ ਕਿ ਡੈਡ ਨਾਲ ਕਿਉਂ ਲੜਦੀ ਹੈ। ਕਈ ਵਾਰ ਉਹ ਬੱਚਿਆਂ ਨਾਲ ਵੀ ਉਲਝਣ ਲਗਦੀ ਹੈ। ਬੱਚੇ ਵੀ ਪੂਰਾ ਆਹਡਾ ਲੈਂਦੇ ਹਨ। ਸੁਸ਼ਮਾ ਕਈ ਵਾਰ ਵਿਜੈ ਨੂੰ ਕਹਿਣ ਲਗਦੀ ਹੈ,
"ਸ਼ਰਮਾ ਜੀ, ਤੁਸੀਂ ਬੱਚੇ ਆਪਣੇ ਵਲ ਕਰ ਲਏ, ਮੈਨੂੰ ਲਾਈਕ ਨਹੀਂ ਕਰਦੇ।"
"ਤੈਨੂੰ ਈ ਬੱਚਿਆਂ ਨਾਲ ਪਹਿਲਾਂ ਵਗਰਾ ਪਿਆਰ ਨਹੀਂ ਰਿਹਾ, ਉਹਨਾਂ ਦੀ ਮਾਂ ਬਣ ਕੇ ਰਹਿ।"

"ਮੇਰੀ ਸੁਣਦੇ ਈ ਨਹੀਂ, ਨਾ ਮੇਰੇ ਕਹਿਣ ਤੇ ਯੂਨੀਫਾਰਮ ਬਦਲਦੇ ਆ ਨਾ ਈ ਪੜਨ ਬੈਠਦੇ ਆ ਬਸ ਆਹ ਕੰਪਿਊਟਰ ਨੂੰ ਈ ਚੁੰਬੜੇ ਰਹਿੰਦੇ ਆ।"

"ਮੇਰੇ ਨਾਲ ਬੇਸ਼ੱਕ ਨਾ ਸਹੀ ਪਰ ਉਹਨਾਂ ਨਾਲ ਜ਼ਰਾ ਪਿਆਰ ਨਾਲ ਪੇਸ਼ ਆਇਆ ਕਰ।"

"ਨਹੀਂ ਜੀ, ਮੇਰੀ ਉਹ ਕੋਈ ਗੱਲ ਨਹੀਂ ਸੁਣਦੇ, ਮੇਰਾ ਸਿਰ ਦੁਖਦਾ ਹੁੰਦਾ ਤਾਂ ਉਹ ਟੈਲੀ ਉੱਚੀ ਲਾਈ ਰੱਖਦੇ ਆ।"

"ਟੈਲੀ ਤਾਂ ਤੂੰ ਵੀ ਬਹੁਤ ਉੱਚੀ ਅਵਾਜ਼ ਵਿਚ ਸੁਣਦੀ ਐਂ।"

"ਹੁਣ ਤੁਹਾਨੂੰ ਮੇਰਾ ਟੈਲੀ ਦੇਖਣਾ ਵੀ ਚੁਭਣ ਲਗਿਆ!"

ਵਿਜੈ ਸਮਝ ਜਾਂਦਾ ਹੈ ਕਿ ਉਹ ਹੁਣ ਲੜਨ ਦੇ ਮੂਡ ਵਿਚ ਆ ਰਹੀ ਹੈ ਉਹ ਉਰੇ-ਪਰੇਹ ਹੋ ਜਾਂਦਾ ਹੈ।

ਇਕ ਦਿਨ ਵਿਜੈ ਆਪਣੇ ਲੈਪਟੌਪ ਤੇ ਆਪਣਾ ਕੰਮ ਕਰ ਰਿਹਾ ਹੈ। ਪੂਰੇ ਹਫਤੇ ਦਾ ਲੇਖਾ ਜੋਖਾ ਉਹ ਸ਼ਨਿਚਰਵਾਰ ਰਾਤ ਨੂੰ ਕਰਿਆ ਕਰਦਾ ਹੈ। ਰੋਹਨ ਤੇ ਵਿਧੀ ਉਸ ਪਾਸ ਆ ਜਾਂਦੇ ਹਨ। ਦੋਵੇਂ ਖੜੇ ਉਸ ਵਲ ਦੇਖਦੇ ਰਹਿੰਦੇ ਹਨ। ਅਜਿਹਾ ਉਸ ਉਦੋਂ ਕਰਦੇ ਹਨ ਜਦ ਕੋਈ ਚੀਜ਼ ਮੰਗਣੀ ਹੋਵੇ। ਕੋਈ ਖਾਸ ਫਰਮਾਇਸ਼ ਪਾਉਣੀ ਹੋਵੇ। ਕਈ ਵਾਰ ਇਵੇਂ ਕਿਸੇ ਸ਼ਰਾਰਤ ਦੇ ਮੂਡ ਵਿਚ ਵੀ ਹੁੰਦੇ ਹਨ ਪਰ ਅਜ ਅਜਿਹਾ ਨਹੀਂ ਹੈ। ਉਹਨਾਂ ਦੇ ਚਿਹਰੇ ਤੇ ਨਾ ਕੋਈ ਸ਼ਰਾਰਤ ਹੈ ਤੇ ਨਾ ਹੀ ਕੋਈ ਫਰਮਾਇਸ਼। ਵਿਜੈ ਪੁੱਛਦਾ ਹੈ,

"ਯੈਸ ਪੀਪਲ, ਵੱਟ'ਸ ਦਾ ਕੁਐਸਚਨ?"

ਉਹ ਦੋਵੇਂ ਇਕ ਦੂਜੇ ਵਲ ਦੇਖਦੇ ਹਨ ਤੇ ਫਿਰ ਵਿਧੀ ਹੌਲੇ ਜਿਹੇ ਬੋਲਦੀ ਹੈ,

"ਯੈਸ ਡੈਡ, ਦੇਅਰ ਇਜ਼ ਕੁਐਸਚਨ।"

ਵਿਜੈ ਉਹਨਾਂ ਨੂੰ ਆਪਣੇ ਨਜ਼ਦੀਕ ਬੈਠਨ ਦਾ ਇਸ਼ਾਰਾ ਕਰਦਾ ਪੁੱਛਦਾ ਹੈ,

"ਕੀ ਕੁਐਸਚਨ ਐ, ਦੱਸੋ?"

ਵਿਧੀ ਰੋਹਨ ਨੂੰ ਸੈਨਤ ਮਾਰਦੀ ਹੈ ਕਿ ਉਹ ਪੁੱਛੇ ਤੇ ਰੋਹਨ ਵਾਪਸ ਉਸ ਨੂੰ ਸਿਰ ਮਾਰਦਾ ਹੈ ਕਿ ਉਹ ਹੀ ਸਵਾਲ ਕਰੇ। ਕੁਝ ਝਿਜਕਦੀ ਹੋਈ ਵਿਧੀ ਪੁੱਛਦੀ ਹੈ,

"ਡੈਡ, ਯੂ ਲਾਈਕ ਮੌਮ?"

ਵਿਜੈ ਇਕ ਪਲ ਲਈ ਤਾਂ ਸਕਤਾ ਜਾਂਦਾ ਹੈ ਪਰ ਆਖਦਾ ਹੈ,

"ਹਾਂ, ਮੈਂ ਲਾਈਕ ਕਰਦਾਂ।"

ਰੋਹਨ ਤੇ ਵਿਧੀ ਫਿਰ ਇਕ ਦੂਜੇ ਵਲ ਦੇਖਣ ਲਗਦੇ ਹਨ। ਅੱਖਾਂ ਅੱਖਾਂ ਰਾਹੀਂ ਕੋਈ ਗੱਲ ਕਰਦੇ ਹਨ। ਰੋਹਨ ਪੁੱਛਦਾ ਹੈ,

"ਦੈਨ, ਵਾਏ ਡੌਂਟ ਯੂ ਸਲੀਪ ਇਨ ਹਰ ਰੂਮ?"

ਕਹਿ ਕੇ ਰੋਹਨ ਦੇ ਚਿਹਰੇ ਤੇ ਪਛਤਾਵੇ ਦੀਆਂ ਰੇਖਾਵਾਂ ਉਭਰਨ ਲਗਦੀਆਂ ਹਨ ਕਿ ਇਹ ਸਵਾਲ ਉਸ ਨੂੰ ਨਹੀਂ ਸੀ ਕਰਨਾ ਚਾਹੀਦਾ। ਵਿਜੈ ਲੈਪਟੌਪ ਇਕ ਪਾਸੇ ਰੱਖ ਦਿੰਦਾ ਹੈ। ਉਸ ਨੂੰ ਲਗਦਾ ਹੈ ਕਿ ਇਹਨਾਂ ਕੋਲ ਹਾਲੇ ਬਹੁਤ ਸਾਰੇ ਸਵਾਲ ਹੋਰ ਵੀ ਹਨ। ਜਿਸ ਕਮਸਨ ਉਮਰ ਵਿਚ ਦੀ ਉਹ ਲੰਘ ਰਹੇ ਹਨ ਇਹ ਸਵਾਲਾਂ ਭਰੀ ਉਮਰ ਹੁੰਦੀ ਹੈ। ਇਹ ਉਮਰ ਬਹੁਤ ਕੁਝ ਨਵਾਂ ਜਾਨਣ ਦੀ ਤਾਂਘ ਹੁੰਦੀ ਹੈ। ਉਹ ਆਪਣੀ ਬਾਂਹ ਰੋਹਨ ਦੇ ਉਪਰ ਦੀ ਵਗਲਦਾ ਹੈ ਤੇ ਕਹਿਣ ਲਗਦਾ ਹੈ,

"ਦੇਖੋ, ਕਈ ਵਾਰ ਮੈਂ ਤੁਹਾਡੀ ਮਾਂ ਨਾਲ ਸੌਂ ਜਾਨਾਂ ਤੇ ਕਈ ਵਾਰ ਦੂਜੇ ਕਮਰੇ ਵਿਚ, ਇਹਦਾ ਕਾਰਨ ਐ ਕਿ ਤੁਹਾਡੀ ਮਾਂ ਨੂੰ ਸੋਣ ਲਈ ਜ਼ਿਆਦਾ ਜਗਾਹ ਚਾਹੀਦੀ ਐ, ਫਿਰ ਉਹ ਦਵਾਈਆਂ ਇੰਨੀਆਂ ਖਾਂਦੀ ਐ ਕਿ ਉਹਨਾਂ ਦੇ ਨਸ਼ੇ ਵਿਚ ਘੁਰਾੜੇ ਮਾਰਨ ਲਗਦੀ ਐ ਤੇ ਮੈਨੂੰ ਨੀਂਦ ਨਹੀਂ ਆਉਂਦੀ, ਮੈਨੂੰ ਤੁਹਾਡੇ ਬਾਬਾ ਜੀ ਦਾ ਵੀ ਧਿਆਨ ਰੱਖਣਾ ਪੈਂਦਾ ਪਰ ਬਹੁਤੀ ਵਾਰ ਮੈਂ ਤੁਹਾਡੀ ਮਾਂ ਦੇ ਨਾਲ ਈ ਸੌਨਾਂ।"

"ਬੱਟ ਡੂ ਯੂ ਲਾਈਕ ਹਰ?"

ਵਿਧੀ ਆਪਣੇ ਸਵਾਲ ਤੇ ਜ਼ੋਰ ਪਾ ਰਹੀ ਹੈ ਕਿ ਅਹਿਮ ਸਵਾਲ ਤਾਂ ਇਹ ਹੈ। ਵਿਜੈ ਹਸਦੇ ਹੋਏ ਬੋਲਦਾ ਹੈ,

"ਤੁਸੀਂ ਤਾਂ ਬਈ ਵਕੀਲਾਂ ਵਾਲੇ ਸਵਾਲ ਕਰਦੇ ਓ।"

ਵਿਧੀ ਉਸ ਦੀ ਗੱਲ ਸੁਣੇ ਬਿਨਾਂ ਆਪਣਾ ਸਵਾਲ ਬਦਲ ਕੇ ਪੁੱਛਦੀ ਹੈ,

"ਡੈਡ, ਇਟ'ਜ਼ ਸਿੰਪਲ ਕੁਐਸਚਨ, ਡੂ ਯੂ ਲਵ ਹਰ?"

ਵਿਜੈ ਸੋਚਾਂ ਵਿਚ ਪੈ ਜਾਂਦਾ ਹੈ ਕਿ ਕੀ ਉਤਰ ਦੇਵੇ। ਗੱਲ ਗੋਲ ਮੋਲ ਕਰੇਗਾ ਤਾਂ ਇਹਨਾਂ ਦੇ ਮਨ ਵਿਚ ਇਹ ਸਵਾਲ ਉਵੇਂ ਦਾ ਉਵੇਂ ਬੈਠਾ ਰਹੇਗਾ। ਜੇ ਸਿੱਧਾ ਉਤਰ ਦੇਵੇਗਾ ਤਾਂ ਹੋ ਸਕਦਾ ਹੈ ਕਿ ਇਹਨਾਂ ਦੇ ਮਨ ਉਪਰ ਕੋਈ ਗਲਤ ਅਸਰ ਹੀ ਪੈ ਜਾਵੇ। ਕੁਝ ਦੇਰ ਸੋਚ ਕੇ ਉਹ ਕਹਿੰਦਾ ਹੈ,

"ਨਹੀਂ, ਨੋ, ...ਆਏ ਡੌਂਟ ਲਵ ਹਰ।"

ਰੋਹਨ ਤੇ ਵਿਧੀ ਦੇ ਚਿਹਰਿਆਂ ਤੇ ਅਜੀਬ ਜਿਹੀ ਤਸੱਲੀ ਝਲਕਣ ਲਗਦੀ ਹੈ। ਉਹ ਵਿਜੈ ਤੇ ਸੁਸ਼ਮਾ ਦੇ ਸਬੰਧਾਂ ਨੂੰ ਲੈ ਕੇ ਕਈ ਦਿਨ ਤੋਂ ਆਪਸ ਵਿਚ ਸੋਚ ਵਿਚਾਰ ਕਰਦੇ ਰਹੇ ਹਨ। ਉਹ ਇਸੇ ਫੈਸਲੇ ਤੇ ਪੁੱਜਦੇ ਰਹੇ ਹਨ ਕਿ ਡੈਡ ਮੰਮੀ ਨੂੰ ਪਿਆਰ ਨਹੀਂ ਕਰਦਾ। ਉਹ ਦੋਵੇਂ ਵਿਜੈ ਵਲ ਤਿਰਛੀ ਜਿਹੀ ਨਜ਼ਰ ਨਾਲ ਦੇਖਣ ਲਗਦੇ ਹਨ। ਵਿਜੈ ਪੁੱਛਦਾ ਹੈ,

"ਨਾਓ ਵੌਹ?"

"ਵੀ ਨੀਊ ਦਿਸ, ਵੀ ਨੀਊ ਦਿਸ!"

"ਵੱਟ ਡੂ ਯੂ ਨੀਊ? ...ਕੀ ਪਤਾ ਤੁਹਾਨੂੰ?"

"ਇਹੋ ਕਿ ਯੂ ਡੌਂਟ ਲਵ ਮੌਮ।"

"ਤੁਹਾਨੂੰ ਕਿਵੇਂ ਪਤਾ?"

"ਅਸੀਂ ਐਵਰੀ ਡੇ ਨੋਟਿਸ ਕਰਦੇ ਆਂ।"

ਵਿਜੈ ਸੋਚਣ ਲਗਦਾ ਹੈ ਕਿ ਇਹ ਗੱਲ ਤਾਂ ਬਹੁਤ ਧਿਆਨ ਨਾਲ ਹੈਂਡਲ ਕਰਨ ਵਾਲੀ ਹੈ। ਉਹ ਆਖਦਾ ਹੈ,

"ਦੇਖੋ, ਲਾਈਕ ਕਰਨਾ ਤੇ ਲਵ ਕਰਨਾ ਦੋ ਵਖਰੀਆਂ ਵਖਰੀਆਂ ਗੱਲਾਂ, ਮੈਂ ਉਹਨੂੰ ਲਾਈਕ ਕਰਦਾਂ ਇਹੋ ਕਾਫੀ ਐ।"

"ਨਹੀਂ ਡੈਡ, ਲਵ ਕਰਨਾ ਤੇ ਲਾਈਕ ਕਰਨਾ ਨੀਅਰਲੀ ਸੇਮ ਥਿੰਗ, ਜੇ ਤੁਸੀਂ ਕਿਸੇ ਨੂੰ ਲਾਈਕ ਨਹੀਂ ਕਰਦੇ ਤਾਂ ਲਵ ਨਹੀਂ ਕਰ ਸਕਦੇ, ਜੇ ਲਾਈਕ ਕਰੋਂਗੇ ਤਾਂ ਲਵ ਵੀ ਕਰੋਂਗੇ।"

ਰੋਹਨ ਸਿਆਣਾ ਬਣਦਾ ਕਹਿੰਦਾ ਹੈ। ਵਿਧੀ ਫਿਰ ਆਪਣਾ ਸਵਾਲ ਦਾਗਦੀ ਹੈ,

"ਡੈਡ, ਇਫ ਯੂ ਡੌਂਟ ਲਵ ਹਰ ਦੈਨ ਵਾਏ ਯੂ ਲਿਵ ਵਿਦ ਹਰ?"

ਵਿਜੈ ਦੋਹਾਂ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ। ਕੁਝ ਦੇਰ ਤਕ ਇਵੇਂ ਹੀ ਘੁੱਟੀ ਰੱਖਦਾ ਹੈ ਤੇ ਫਿਰ ਹੱਸਦਾ ਹੋਇਆ ਕਹਿੰਦਾ ਹੈ,

"ਤੁਸੀਂ ਤਾਂ ਬਈ ਮੇਰਾ ਘਰ ਪੱਟ ਕੇ ਰਹੋਂਗੇ!"

"ਨਹੀਂ ਡੈਡ, ਵੀ ਜਸਟ ਨੀਡ ਅਨਸਰ।"

"ਦੇਖੋ, ਹਰ ਕਿਸੇ ਨੂੰ ਜ਼ਿੰਦਗੀ ਵਿਚ ਸਭ ਕੁਸ਼ ਨਹੀਂ ਮਿਲਦਾ, ਲਵ ਕਰਨਾ ਇਕ ਗੱਲ ਐ ਪਰ ਪਰ ਲਾਈਫ ਨੂੰ ਜੀਊਣਾ ਦੂਜੀ ਗੱਲ, ਸੋ ਡੌਂਟ ਵਰੀ ਅਬਾਊਟ ਦਿਸ।"

"ਡੈਡ, ਇਫ ਯੂ ਡੌਂਟ ਲਵ ਹਰ ਹਾਓ ਯੂ ਕੈਨ ਲਿਵ ਵਿਦ ਹਰ?"

"ਸਿੰਪਲ, ਮੈਂ ਆਪਣਾ ਘਰ ਚਲਾਉਣ ਬਾਰੇ ਜ਼ਿਆਦਾ ਵੱਰੀ ਕਰਦਾਂ, ਮੈਂ ਹੋਰ ਗੱਲਾਂ ਬਾਰੇ ਬਹੁਤਾ ਸੋਚਦਾ ਈ ਨਹੀਂ ਤੇ ਤੁਹਾਡੀ ਮਾਂ ਨਾਲ ਤਾਂ ਮੈਂ ਰਹਿਣਾ ਈ ਹੋਇਆ, ਉਹ ਮੇਰੀ ਵਾਈਫ ਐ।"

"ਇਹ ਤਾਂ ਸਾਨੂੰ ਪਤਾ ਬੱਟ ਸ਼ੀ ਇਜ਼ ਪੇਨ ਇਨ ਦਾ ਨੈੱਕ! ਸ਼ੀ ਹੈਜ਼ ਮੇਡ ਯੌਅਰ ਲਾਈਫ ਹੈੱਲ!"

"ਜੋ ਕੁਸ਼ ਤੁਸੀਂ ਦੇਖਦੇ ਓ ਇਹ ਵੀ ਠੀਕ ਐ ਪਰ ਇਹ ਬਿਮਾਰੀ ਵਿਚ ਤਾਂ ਉਸ ਦਾ ਕੋਈ ਕਸੂਰ ਨਹੀਂ, ਉਹ ਆਪਣੀ ਫੈਮਲੀ ਦਾ ਇਕ ਪਾਰਟ ਐ, ਉਹਦੀ ਹੈਲਪ ਆਪਾਂ ਈ ਕਰਨੀ ਹੋਈ, ਉਹਨੂੰ ਆਪਾਂ ਲਾਈਕ ਕਰੀਏ ਜਾਂ ਨਾ ਪਰ ਰਹਿਣਾ ਤਾਂ ਉਹਨੇ ਤੁਹਾਡੀ ਮਾਂ ਈ ਐ ਤੇ ਮੇਰੀ ਵਾਈਫ, ਸੋ ਵਾਏ ਨੌਟ ਵੀ ਟਰਾਈ ਟੂ ਲਿਵ ਹੈਪੀਲੀ।"

"ਵੱਟ ਵੀ ਨੋਟਿਸ ਡੈਡ, ਇਨ ਯੌਅਰ ਲਾਈਫ ਸ਼ੀ ਗੇਵ ਯੂ ਨੱਥਿੰਗ ਐਂਡ ਯੂ ਆਰ ਗਿਵਿੰਗ ਹਰ ਐਵਰੀਥਿੰਗ।"

"ਨਹੀਂ, ਯੂ ਆਰ ਰੌਂਗ ਹੇਅਰ, ਉਹਨੇ ਮੈਨੂੰ ਦੋ ਫੁੱਲਾਂ ਵਰਗੇ ਬੱਚੇ ਦਿਤੇ ਆ, ਜੇ ਉਹ ਨਾ ਹੁੰਦੀ ਤਾਂ ਤੁਸੀਂ ਕਿਥੋਂ ਆਉਂਦੇ ਤੇ ਤੁਹਾਡੇ ਬਿਨਾਂ ਮੇਰੀ ਲਾਈਫ ਕਿੰਨੀ ਐਂਪਟੀ ਹੁੰਦੀ!"

ਗੱਲ ਕਰਦਾ ਕਰਦਾ ਵਿਜੈ ਭਾਵੁਕ ਹੋ ਜਾਂਦਾ ਹੈ ਤੇ ਅੱਖਾਂ ਭਰ ਲੈਂਦਾ ਹੈ। ਰੋਹਨ ਤੇ ਵਿਧੀ ਵੀ ਇਕ ਚੁੱਪੀ ਜਿਹੀ ਧਾਰ ਲੈਂਦੇ ਹਨ। ਫਿਰ ਵਿਜੈ ਉਹਨਾਂ ਨੂੰ ਕੰਟੱਕੀ ਖਵਾਉਣ ਲੈ ਤੁਰਦਾ ਹੈ।

ਉਸ ਦਿਨ ਤੋਂ ਬਾਅਦ ਵਿਜੈ ਦੇਖਦਾ ਹੈ ਕਿ ਉਹਨਾਂ ਦੋਨਾਂ ਦਾ ਸੁਸ਼ਮਾ ਪ੍ਰਤੀ ਰਵੱਈਆ ਬਦਲ ਜਾਂਦਾ ਹੈ। ਹੁਣ ਉਹ ਉਸ ਨਾਲ ਕਿਸੇ ਕਿਸਮ ਦੀ ਬਹਿਸ ਵਿਚ ਨਹੀਂ ਪੈਂਦੇ ਸਗੋਂ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਯਾਦਾਸ਼ਤ ਕਮਜ਼ੋਰ ਹੋਣ ਕਰਕੇ ਸੁਸ਼ਮਾ ਕਈ ਗਲਤੀਆਂ ਕਰ ਜਾਂਦੀ ਹੈ। ਕਦੇ ਪਾਣੀ ਚਲਦਾ ਰਹਿ ਗਿਆ, ਕਦੇ ਗੈਸ ਔਨ ਰਹਿ ਗਈ, ਕਦੇ ਫਰਿਜ ਦਾ ਦਰਵਾਜ਼ਾ ਖੁਲ੍ਹਾ ਪਿਆ ਹੁੰਦਾ ਹੈ। ਅਜਿਹੀਆਂ ਗੱਲਾਂ ਤੋਂ ਹੁਣ ਉਹ ਹਸਦੇ ਨਹੀਂ ਹਨ ਸਗੋਂ ਉਸ ਦੀ ਸਹਾਇਤਾ ਕਰਨ ਲਗਦੇ ਹਨ। ਪਰ ਸੁਸ਼ਮਾ ਦਾ ਸਭ ਕੁਝ ਪਹਿਲਾਂ ਵਰਗਾ ਹੀ ਹੈ।

ਚੁਰੰਜਾ

ਅਸ਼ੋਕ ਤਾਏ ਦੀ ਖਬਰ ਲੈਣ ਆਉਂਦਾ ਹੈ। ਵਿਜੈ ਤਾਂ ਨਹੀਂ ਚਾਹੁੰਦਾ ਕਿ ਉਹ ਆਵੇ ਪਰ ਉਹ ਤਾਏ ਨੂੰ ਇਕ ਵਾਰ ਦੇਖਣਾ ਚਾਹੁੰਦਾ ਹੈ। ਵਿਜੈ ਨਾਲ ਉਸ ਦੇ ਸਬੰਧ ਪਹਿਲਾਂ ਨਾਲੋਂ ਹੁਣ ਠੀਕ ਹਨ। ਉਹ ਹੁਣ ਮੁੜ ਉਸ ਤੋਂ ਕੰਮ ਕਰਵਾਉਣ ਲਗਿਆ ਹੈ ਪਰ ਪਹਿਲਾਂ ਉਹ ਹੋਰ ਪਾਸੇ ਫੋਨ ਤੇ ਕੁਟੇਸ਼ਨ ਲੈ ਲੈਂਦਾ ਹੈ ਤੇ ਬਾਅਦ ਵਿਚ ਹੀ ਅਸ਼ੋਕ ਨੂੰ ਕੰਮ ਦਿਆ ਕਰਦਾ ਹੈ। ਅਸ਼ੋਕ ਬਹੁਤਾ ਖੁਸ਼ ਨਹੀਂ ਹੈ। ਉਸ ਨੂੰ ਇਹ ਵੀ ਗੁੱਸਾ ਹੈ ਕਿ ਉਸ ਦੇ ਮਗਰ ਲਗ ਕੇ ਮਿਹਰ ਵੀ ਹੁਣ ਹੋਰ ਪਾਸੇ ਜਾਣ ਲਗ ਪਿਆ ਹੈ। ਅਸ਼ੋਕ ਆਉਂਦਾ ਹੈ। ਤਾਏ ਨੂੰ ਮਿਲਦਾ ਹੈ। ਵਿਜੈ ਨਾਲ ਦੁੱਖ਼ ਸੁੱਖ ਸਾਂਝਾ ਕਰਦਾ ਹੈ। ਵਿਜੈ ਉਡੀਕ ਕਰ ਰਿਹਾ ਹੈ ਕਿ ਉਹ ਉਸ ਦੀ ਤਰੀਫ ਕਰਦਾ ਕਹੇਗਾ ਕਿ ਉਹ ਤਾਏ ਦੀ ਬਹੁਤ ਸੇਵਾ ਕਰ ਰਿਹਾ ਹੈ ਪਰ ਅਸ਼ੋਕ ਇਕ ਵਾਰ ਇਹ ਗੱਲ ਨਹੀਂ ਕਹਿੰਦਾ। ਅਸ਼ੋਕ ਇੰਨਾ ਸਮਝ ਜਾਂਦਾ ਹੈ ਕਿ ਉਸ ਨੂੰ ਸੈਰ ਕਰਾਉਣ ਲਈ ਵਿਜੈ ਕੋਲ ਬਹੁਤਾ ਵਕਤ ਨਹੀਂ ਹੈ ਇਸ ਲਈ ਉਹ ਬਹੁਤਾ ਜ਼ੋਰ ਵੀ ਨਹੀਂ ਪਾਉਂਦਾ। ਉਸ ਲਈ ਸਮੁੰਦਰ ਨਵੀਂ ਚੀਜ਼ ਹੈ ਉਹ ਰੋਹਨ ਤੇ ਵਿਧੀ ਨੂੰ ਲੈ ਕੇ ਸਵੇਰੇ ਸ਼ਾਮ ਉਸ ਪਾਸੇ ਦਾ ਗੇੜਾ ਮਾਰ ਦਿਆ ਕਰਦਾ ਹੈ। ਕਈ ਵਾਰ ਹੁਸ਼ਿਆਰ ਵੀ ਉਸ ਨੂੰ ਬਾਹਰ ਲੈ ਜਾਂਦਾ ਹੈ। ਕੁਝ ਦਿਨ ਉਹ ਮਿਹਰ ਨਾਲ ਵੀ ਲਗਾ ਆਉਂਦਾ ਹੈ। ਸ਼ਾਮ ਨੂੰ ਇਕੱਠੇ ਬੈਠ ਕੇ ਰੋਟੀ ਖਾਂਦੇ ਹਨ। ਸਬਜ਼ੀ ਚੰਨੀ ਦਿਨੇ ਬਣਾ ਜਾਂਦੀ ਹੈ ਤੇ ਰੋਟੀਆਂ ਉਹ ਫਰੋਜ਼ਨ ਹੀ ਗਰਮ ਕਰ ਲੈਂਦੇ ਹਨ। ਵਿਧੀ ਰਸੋਈ ਵਿਚ ਮਦਦ ਤਾਂ ਕਰ ਦਿੰਦੀ ਹੈ ਪਰ ਉਸ ਨੂੰ ਰੋਟੀਆਂ ਬਣਾਉਣੀਆਂ ਨਹੀਂ ਆਉਂਦੀਆਂ। ਅਸ਼ੋਕ ਵਿਸਕੀ ਪੀਣ ਦਾ ਸ਼ੌਕੀਨ ਹੈ ਪਰ ਵਿਜੈ ਹਾਲੇ ਬੀਅਰ ਤੇ ਹੀ ਬੈਠਾ ਹੈ। ਕਈ ਵਾਰ ਅਸ਼ੋਕ ਸ਼ਰਾਬੀ ਹੋਇਆ ਹਿਰਖ ਜਿਹਾ ਵੀ ਕਰਨ ਲਗਦਾ ਹੈ ਕਿ ਉਹ ਹੁਣ ਉਸ ਦੀ ਪਹਿਲਾਂ ਜਿਹੀ ਸਹਾਇਤਾ ਨਹੀਂ ਕਰਦਾ। ਵਿਜੈ ਆਪਣੀ ਸਥਿਤੀ ਦਸਣ ਦੀ ਕੋਸ਼ਿਸ਼ ਕਰਦਾ ਹੈ ਪਰ ਅਸ਼ੋਕ ਸੁਣਦਾ ਹੀ ਨਹੀਂ। ਕਈ ਵਾਰ ਉਹ ਵਿਜੈ ਨਾਲ ਬਹੁਤਾ ਹੀ ਮੋਹ ਦਿਖਾਉਣ ਲਗਦਾ ਹੈ। ਅਸ਼ੋਕ ਸੁਸ਼ਮਾ ਨਾਲ ਵੀ ਬਹੁਤ ਪਿਆਰ ਦਿਖਾ ਰਿਹਾ ਹੈ ਖਾਸ ਤੌਰ ਤੇ ਦੋਨਾਂ ਬੱਚਿਆਂ ਨਾਲ। ਇਕ ਦਿਨ ਅਸ਼ੋਕ ਉਸ ਨੂੰ ਪੁੱਛਦਾ ਹੈ,

"ਤਾਏ ਦਾ ਘਰ ਕਿਥੇ ਕੁ ਐ?"

"ਨੇੜੇ ਈ ਐ, ਚੱਲਾਂਗੇ ਕਿਸੇ ਦਿਨ।"

ਉਹ ਇਕ ਦਿਨ ਅਸ਼ੋਕ ਨੂੰ ਤਾਏ ਦੇ ਘਰ ਲੈ ਜਾਂਦਾ ਹੈ। ਘਰ ਨੂੰ ਧਿਆਨ ਨਾਲ ਦੇਖਦਾ ਪੁੱਛਦਾ ਹੈ,

"ਕਿੰਨੇ ਦਾ ਹੋਏਗਾ ਬਈ ਇਹ ਘਰ?"

"ਹੋਏਗਾ ਲੱਖ ਪੌਂਡ ਦੇ ਕਰੀਬ।"

"ਇਹ ਵੇਚ ਕੇ ਦਿੱਲੀ ਬਹੁਤ ਵੱਡੀ ਕੋਠੀ ਆ ਸਕਦੀ ਐ।"

ਵਿਜੈ ਹੈਰਾਨ ਹੁੰਦਾ ਹੈ ਕਿ ਇਹ ਗੱਲ ਕਿਥੋਂ ਆਈ ਅਸ਼ੋਕ ਦੇ ਮਨ ਵਿਚ। ਉਹ ਸਮਝ ਨਹੀਂ ਪਾ ਰਿਹਾ। ਕਿਤੇ ਉਸ ਦੀ ਅੱਖ ਤਾਏ ਦੇ ਘਰ ਉਪਰ ਤਾਂ ਨਹੀਂ। ਵਿਜੈ ਸੋਚਦਾ ਹੈ ਕਿ ਅਸ਼ੋਕ ਹੁਣ ਪਹਿਲਾਂ ਵਾਲਾ ਨਹੀਂ ਰਿਹਾ। ਪਤਾ ਨਹੀਂ ਉਹ ਆਪਣੇ ਮਨ ਵਿਚ ਕੀ ਕੀ ਲਈ ਫਿਰਦਾ ਹੈ। ਵਿਜੈ ਉਸ ਨੂੰ ਆਪਣੇ ਗਾਹਕਾਂ ਵਲ ਵੀ ਨਹੀਂ ਲੈ ਕੇ ਜਾਂਦਾ ਕਿ ਕਿਤੇ ਆਪ ਸਿੱਧੀ ਹੀ ਉਹਨਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਨਾ ਕਰੇ। ਇਕ ਦਿਨ ਅਸ਼ੋਕ ਪੁੱਛਦਾ ਹੈ,

"ਆਪਣੇ ਪਿੰਡ ਵਾਲੀ ਭਾਗੀ ਕਿਥੇ ਰਹਿੰਦੀ ਐ?"

"ਇਥੇ ਈ ਐ, ਵਰਦਿੰਗ ਵਿਚ।"

"ਮਿਲਦੀ ਹੁੰਦੀ ਐ?"

"ਹਾਂ, ਕਦੇ ਕਦੇ, ਤਾਏ ਦੇ ਘਰ ਦੀ ਸਫਾਈ ਕਰਾ ਦਿੰਦੀ ਆ ਮੇਰੇ ਨਾਲ ਹਫਤੇ ਦਸ ਦਿਨ ਬਾਅਦ। ਚਲਾਂਗੇ ਕਿਸੇ ਦਿਨ ਮਿਲ ਆਵਾਂਗੇ।"

"ਵਿਆਹ ਨਹੀਂ ਕਰਾਇਆ ਉਹਨੇ ਮੁੜਕੇ?"

"ਵਿਆਹ ਕੀ ਕਰਾਉਣਾਂ, ਹੁਣ ਕੁੜੀਆਂ ਵੱਡੀਆਂ ਹੋ ਗਈਆਂ।"

ਵਿਜੈ ਉਸ ਨੂੰ ਲੈ ਕੇ ਭਾਗੀ ਦੇ ਘਰ ਜਾਂਦਾ ਹੈ। ਉਸ ਦੀ ਬੀਅਰ ਤਾਂ ਉਥੇ ਹੋਵੇਗੀ ਹੀ, ਅਸ਼ੋਕ ਲਈ ਵਿਸਕੀ ਦੀ ਬੋਤਲ ਲੈ ਜਾਂਦਾ ਹੈ ਕਿ ਕੁਝ ਦੇਰ ਉਥੇ ਬੈਠਣਗੇ। ਭਾਗੀ ਸਦਾ ਵਾਂਗ ਹੀ ਖੁਸ਼ੀ ਖੁਸ਼ੀ ਮਿਲਦੀ ਹੈ। ਬੈਠੇ ਗੱਲਾਂ ਕਰਦੇ ਹਨ। ਬੱਚਪਨ ਦੀਆਂ, ਪਿੰਡ ਦੀਆਂ ਤੇ ਦਿੱਲੀ ਦੀਆਂ। ਅਸ਼ੋਕ ਤਾਂ ਹੁਣ ਪਿੰਡ ਬਹੁਤ ਘੱਟ ਜਾਂਦਾ ਹੈ, ਭਾਗੀ ਆਏ ਸਾਲ ਜਾਂਦੀ ਰਹਿੰਦੀ ਹੈ। ਭਾਗੀ ਵਿਜੈ ਦੇ ਨਾਲ ਲਗ ਕੇ ਬੈਠੀ ਹੈ। ਉਹ ਘੰਟਾ ਭਰ ਉਥੇ ਬੈਠੇ ਰਹਿੰਦੇ ਹਨ। ਖੂਬ ਹੱਸਦੇ ਹਨ। ਢੇਰ ਸਾਰੀਆਂ ਗੱਲਾਂ ਕਰਦੇ ਹਨ। ਅਸ਼ੋਕ ਭਾਗੀ ਨੂੰ ਦਿੱਲੀ ਆਉਣ ਲਈ ਆਖਦਾ ਹੈ। ਉਸ ਦੀਆਂ ਕੁੜੀਆਂ ਨੂੰ ਅਸ਼ੋਕ ਦਸ ਦਸ ਪੌਂਡ ਪਿਆਰ ਵਜੋਂ ਦਿੰਦਾ ਹੈ। ਫਿਰ ਕਿਸੇ ਦਿਨ ਆਉਣ ਦਾ ਵਾਅਦਾ ਕਰਕੇ ਉਹ ਆ ਜਾਂਦੇ ਹਨ। ਘਰ ਆ ਕੇ ਅਸ਼ੋਕ ਦੋ ਪੈੱਗ ਹੋਰ ਪੀਂਦਾ ਹੈ। ਉਹ ਫਰੰਟ ਰੂਮ ਵਿਚ ਬੈਠਿਆ ਕਰਦੇ ਹਨ ਕਿਉਂਕਿ ਰੋਹਨ ਤੇ ਵਿਧੀ ਉਹਨਾਂ ਦੀਆਂ ਉੱਚੀ ਉੱਚੀ ਗੱਲਾਂ ਤੋਂ ਖਿਝਣ ਲਗਦੇ ਹਨ। ਉਹਨਾਂ ਨੇ ਆਪਣੇ ਪਰੋਗਰਾਮ ਦੇਖਣੇ ਹੁੰਦੇ ਹਨ। ਕਈ ਵਾਰ ਤਾਏ ਦੇ ਕਮਰੇ ਵਿਚ ਵੀ ਬੈਠ ਜਾਂਦੇ ਹਨ ਪਰ ਤਾਏ ਨੂੰ ਜਲਦੀ ਸੌਣ ਦੀ ਆਦਤ ਹੈ, ਇਸ ਲਈ ਉਸ ਨੂੰ ਵੀ ਤੰਗ ਨਹੀਂ ਕਰਨਾ ਚਾਹੁੰਦੇ। ਅਸ਼ੋਕ ਕਹਿੰਦਾ ਹੈ,

"ਤੂੰ ਤਾਂ ਬਈ ਬੜਾ ਕਲਾਕਾਰ ਬੰਦਾ ਨਿਕਲਿਆਂ!"

"ਉਹ ਕਿਦਾਂ?"
"ਇਕੋ ਤੀਰ ਨਾਲ ਕਈ ਕਈ ਨਿਸ਼ਾਨੇ ਕਰੀ ਜਾਨਾਂ।"
"ਕਿਹੜੇ ਨਿਸ਼ਾਨੇ?"

ਵਿਜੈ ਨੂੰ ਬਿਲਕੁਲ ਸਮਝ ਨਹੀਂ ਲਗਦੀ ਕਿ ਉਹ ਕੀ ਕਹਿਣਾ ਚਾਹੁੰਦਾ ਹੈ। ਇੰਨਾ ਜ਼ਰੂਰ ਸਮਝ ਜਾਂਦਾ ਹੈ ਕਿ ਕੁਝ ਗਲਤ ਕਹਿਣ ਜਾ ਰਿਹਾ ਹੈ, ਉਹ ਆਪਣੇ ਆਪ ਨੂੰ ਤਿਆਰ ਕਰਨ ਲਗਦਾ ਹੈ। ਅਸ਼ੋਕ ਫਿਰ ਆਖਦਾ ਹੈ,

"ਇਕ ਪਾਸੇ ਭਾਗੀ ਲਈ ਫਿਰਦਾਂ ਤੇ ਦੂਜੇ ਪਾਸੇ ਕੋਈ ਹੋਰ ਵੀ ਹੋਣੀ ਆਂ!"
"ਜਾਣ ਦੇ ਯਾਰ, ਕੋਈ ਅਕਲ ਨੂੰ ਹੱਥ ਮਾਰ, ਓਹਦੀਆਂ ਕੁੜੀਆਂ ਮੈਨੂੰ ਮਾਮਾ ਜੀ ਕਹਿੰਦੀਆਂ।"
"ਦੇਖ, ਮੇਰਾ ਤਾਂ ਬਹੁਤ ਤਜੁਰਬਾ ਐ, ਕੋਈ ਅੰਨਾ ਵੀ ਤੁਹਾਨੂੰ ਦੇਖ ਕੇ ਦਸ ਸਕਦਾ ਕਿ ਤੁਹਾਡੇ ਵਿਚ ਕੁਸ਼ ਹੈ।"
"ਛੋਟੇ ਭਾਈ, ਯਕੀਨ ਕਰ, ਕੁਸ਼ ਨਹੀਂ।"
"ਕਿਤੇ ਸੁਸ਼ਮਾ ਨੂੰ ਇਸੇ ਗੱਲ ਨੇ ਸਟਰੋਕ ਤਾਂ ਨਹੀਂ ਕਰਾ'ਤਾ?"
"ਕਿੱਦਾਂ ਦੀਆਂ ਗੱਲਾਂ ਕਰਨ ਲਗ ਪਿਆਂ ਤੂੰ?"
"ਐਸ਼ ਕਰ ਭਾਈ ਐਸ਼ ਕਰ, ਕਰਮਾਂ ਦੀਆਂ ਗੱਲਾਂ!"
"ਤੂੰ ਇਥੇ ਆ ਜਾਹ, ਜਿਹੜੀ ਮੈਂ ਐਸ਼ ਕਰਦਾਂ ਤੂੰ ਕਰਲੈ।"
"ਇਹ ਐਸ਼ ਐਸ਼ 'ਤੇ ਵੀ ਕਰਨੇ ਵਾਲੇ ਦਾ ਨਾਂ ਲਿਖਿਆ ਹੁੰਦੈ, ਤੇਰੇ ਹਿਸੇ ਦੀ ਜਿਹੜੀ ਐਸ਼ ਐ ਤੂੰ ਈ ਕਰ ਸਕਦਾਂ।"
"ਮੇਰੀ ਲਾਈਫ ਹੈੱਲ ਬਣੀ ਪਈ ਐ ਤੇ ਤੂੰ ਐਸ਼ ਦਸਦਾਂ! ਤੈਨੂੰ ਕੁਸ਼ ਨਈਂ ਦਿਸਦਾ ਕਿ ਮੇਰੀ ਲਾਈਫ ਕਿੰਨੀ ਔਖੀ ਐ?"
"ਮੈਨੂੰ ਸਭ ਦਿਸਦੇ ਵਿਜੇ। ਇਹ ਔਖਿਆਈ ਤਾਂ ਕੁਸ਼ ਵੀ ਨਹੀਂ! ...ਦੋ ਤੀਵੀਆਂ ਹੋਣ ਭੋਗਣ ਲਈ, ਅੰਨਾ ਪੈਸਾ ਸਾਹਮਣੇ ਦਿਸਦਾ ਹੋਵੇ ਤਾਂ ਇਹ ਕੁਸ਼ ਵੀ ਨਹੀਂ।"
"ਇਹ ਦੋ ਤੀਵੀਆਂ ਕਿਹੜੀਆਂ ਆ ਗਈਆਂ ਬਈ? ਫੇਰ ਇਹ ਅੰਨਾ ਪੈਸਾ ਕਿਥੋਂ ਦਿਸਦਾ?"
"ਆਹ ਭਾਗੀ ਤੇ ਹੋਰ ਵੀ ਹੋਏਗਾ ਕੁਸ਼ ਨਾ ਕੁਸ਼, ਤੇਰੇ ਵਰਗਾ ਕਲਾਕਾਰ ਖਾਲੀ ਤਾਂ ਨਹੀਂ ਹੋ ਸਕਦਾ! ਤਾਏ ਦਾ ਸਭ ਕੁਸ਼ ਤੇਰਾ ਈ ਤਾਂ ਹੈ, ਪੂਰੀ ਪੈਨਸ਼ਨ ਤੂੰ ਖਾਨਾਂ। ਤਾਏ ਨੇ ਮੈਨੂੰ ਸਭ ਦਸ ਦਿਤਾ, ਉਹਨੇ ਵਸੀਅਤ ਤੇਰੇ ਨਾਂ ਦੀ ਕਰ ਦਿਤੀ ਆ।"
"ਮੈਂ ਉਹ ਵਸੀਅਤ ਨਹੀਂ ਰੱਖਣੀ, ਇਹ ਸਭ ਦੀਪਕ ਦਾ ਐ।"
"ਦੀਪਕ ਨੂੰ ਤਾਂ ਤੂੰ ਮਖਣੀ ਦੇ ਵਾਲ਼ ਵਾਂਗੂੰ ਇਕ ਪਾਸੇ ਕੱਢ ਮਾਰਿਆ, ਇਹੋ ਤਾਂ ਕਲਾਕਾਰੀ ਐ!"
"ਅਸ਼ੋਕ, ਤੇਰਾ ਦਿਮਾਗ ਹਿੱਲ ਗਿਆ! ਮੈਂ ਤਾਂ ਸੋਚਿਆ ਭਰਾ ਆਏਗਾ, ਕੋਈ ਖੁਸ਼ੀ ਮਿਲ਼ੇਗੀ, ਦੁੱਖ-ਤਕਲੀਫ ਸਾਂਝੀ ਕਰੇਗਾ ਪਰ ਤੂੰ ਤਾਂ ਤਕਲੀਫ ਦੇਣ ਆਇਆਂ।"
"ਭਰਾ ਵਾਲ਼ੀ ਤੇਰੀ ਗੱਲ ਸਹੀ ਨਹੀਂ, ਸਾਰੇ ਕਹਿੰਦੇ ਤੂੰ ਤਾਏ ਦਾ ਪੁੱਤ ਐਂ, ਤਾਇਆ ਵੀ ਰਾਤੀਂ ਕਹਿੰਦਾ ਕਿ ਦੀਪਕ ਆਪਣਾ ਹਿੱਸਾ ਲੈ ਗਿਆ ਹੁਣ ਸਭ ਕੁਸ਼ ਵਿਜੈ ਦਾ ਐ।"

ਵਿਜੈ ਗਾਉਣ ਲਗਦਾ ਹੈ,

'ਆਪ ਸੇ ਪਿਆਰ ਹੂਆ, ਆਪ ਖਫਾ ਹੋ ਬੈਠੇ, ਮਿਲ ਕੇ ਬੈਠੇ ਵੀ ਨਾ ਥੇ ਔਰ ਜੁਦਾ ਹੋ ਬੈਠੇ,'...

"ਤੇਰੀ ਆਹ ਗਾਉਣ ਦੀ ਆਦਤ ਨਾ ਗਈ, ਜਾਂ ਤਾਂ ਖੁਲ੍ਹ ਕੇ ਗਾ।"
"ਛੋਟੇ ਭਾਈ, ਖੁਲ੍ਹ ਕੇ ਮੇਰੇ ਤੋਂ ਗਾ ਨਹੀਂ ਹੁੰਦਾ, ਇਸੇ ਗੱਲ ਦਾ ਤੂੰ ਫਾਇਦਾ ਲੈ ਰਿਹਾਂ!"

ਅਸ਼ੋਕ ਇਕ ਪੈਗ ਹੋਰ ਚੁੱਕਦਾ ਹੈ ਤੇ ਕਹਿੰਦਾ ਹੈ,

"ਫਾਇਦਾ ਤਾਂ ਤੂੰ ਲੈ ਰਿਹਾਂ, ਦੋਨੋਂ ਹੱਥੀਂ ਕਈ ਕਈ ਕਿਸਮ ਦੇ ਲੱਡੂ ਲਈ ਬੈਠਾਂ।"
"ਛੋਟੇ ਭਾਈ, ਤੂੰ ਤੇ ਬਹੁਤਾ ਈ ਹਲਕਾ ਨਿਕਲਿਆਂ। ...ਤੇ ਨਾਲ਼ੇ ਬਹੁਤ ਦੂਰ ਨਿਕਲ਼ ਗਿਆਂ, ਇਹ ਸਾਲ਼ੀ ਵਿਸਕੀ ਇੰਨੀ ਤੇਜ਼ ਐ ਕਿ ਇੰਨੀ ਜਲਦੀ ਤੈਨੂੰ ਇੰਨੀ ਦੂਰ ਲੈ ਗਈ, ਇੰਨੀ ਦੂਰ ਕਿ ਜਿਥੋਂ ਮੁੜਨਾ ਮੁਸ਼ਕਲ ਹੋ ਜਾਂਦੈ!"
"ਹਾਂ, ਇਹ ਜੁਰਅੱਤ ਦਿੰਦੀ ਐ, ਤੇਰੇ ਜਿਹੇ ਕਲਾਕਾਰ ਨਾਲ ਗੱਲ ਕਰਨ ਦੀ, ਆਪਣਾ ਹਿੱਸਾ ਮੰਗਣ ਦੀ।"
"ਲਿਆ ਮੈਨੂੰ ਵੀ ਦੇਹ ਇਕ ਪੈੱਗ, ਮੈਂ ਵੀ ਦੇਖਾਂ ਕਿ ਕਿੰਨੀ ਕੁ ਜੁਰਅੱਤ ਦਿੰਦੀ ਐ।"

ਵਿਜੈ ਇਕ ਵੱਡਾ ਸਾਰਾ ਪੈੱਗ ਪਾ ਲੈਂਦਾ ਹੈ ਤੇ ਔਖਾ ਹੁੰਦਾ ਇਕੋ ਸਾਹੇ ਪੀ ਜਾਂਦਾ ਹੈ। ਗਲਾਸ ਇਕ ਪਾਸੇ ਰੱਖ ਕੇ ਬੁੱਲ੍ਹ ਸਾਫ ਕਰਦਾ ਬੋਲਦਾ ਹੈ,

"ਜੇ ਤਾਂ ਮੈਂ ਤਾਏ ਦਾ ਪੁੱਤ ਆਂ ਤਾਂ ਇਹ ਕਮਜ਼ੋਰੀ ਤੇਰੀ ਮਾਂ ਦੀ ਐ ਜਾਂ ਤੇਰੇ ਪਿਓ ਦੀ, ਮੇਰਾ ਕੋਈ ਕਸੂਰ ਨਹੀਂ, ਜੇ ਤਾਇਆ ਮੇਰਾ ਪਿਓ ਐ ਤਾਂ ਉਸ ਦੀ ਹਰ ਚੀਜ਼ ਵਿਚ ਅੱਧ ਮੇਰਾ, ਤੂੰ ਮਾਮਾ ਲਗਦਾਂ ਹਿੱਸੇ ਦਾ? ਠੀਕ ਐ ਦੀਪਕ ਆਪਣਾ ਲੈ ਗਿਆ, ਤੇ ਹੁਣ ਸਭ ਮੇਰਾ, ਤੂੰ ਆਪਣੇ ਟੱਪਰੀਵਾਸ ਪਿਓ ਦੀ ਜਾਇਦਾਤ ਵਿਚੋਂ ਹਿੱਸਾ ਲੱਭ। ...ਜੋ ਕੁਸ਼ ਤੇਰੇ ਕੋਲ ਅਜ ਹੈਗਾ ਇਹਦੇ ਵਿਚ ਮੇਰੀ ਜਾਂ ਤਾਏ ਦੀ ਮਿਹਰਬਾਨੀ ਐ, ਤੈਨੂੰ ਅਸੀਂ ਕੱਖ ਤੋਂ ਲੱਖ ਬਣਾਇਆ, ਦੱਸ ਮੈਂ ਝੂਠ ਬੋਲਦਾਂ ਕਿ ਸੱਚ?"

"ਵਿਜੈ, ਤੂੰ ਤਾਂ ਬਈ ਇਕ ਪੈਗ ਨਾਲ ਸ਼ਰਾਬੀ ਹੋ ਜਾਨਾਂ।"
"ਹੁਣ ਗੱਲ ਨੂੰ ਟਾਲ਼ ਨਾ, ਜਵਾਬ ਦੇਹ, ਬਹੁਤ ਦਿਨ ਹੋ ਗਏ ਤੈਨੂੰ ਝੱਲਦੇ ਨੂੰ!"
"ਯਾਰ, ਤੂੰ ਤਾਂ ਜੱਬਲੀਆਂ ਮਾਰਨ ਲਗ ਪਿਐਂ।"
"ਹਾਂ ਪਰ ਤੂੰ ਸੁਣ ਤੇ ਜਵਾਬ ਦੇ, ਆਹ ਭਾਗੀ ਵਾਲ਼ੀ ਗੱਲ ਤੂੰ ਘੜ ਲਈ ਮੇਰਾ ਘਰ ਪੱਟਣ ਲਈ, ਤੈਨੂੰ ਲਗਦਾ ਕਿ ਮੇਰੇ ਕੋਲ਼ ਆਖਰੀ ਖੁਸ਼ੀ ਵੀ ਨਾ ਬਚੇ, ਕਿਹੋ ਜਿਹਾ ਘਟੀਆ ਭਰਾ ਐਂ ਤੂੰ?"

ਵਿਜੈ ਉਸ ਵਲ ਉਂਗਲ ਖੜੀ ਕਰ ਕੇ ਗੱਲ ਕਰ ਰਿਹਾ ਹੈ। ਅਸ਼ੋਕ ਝਿਜਕਣ ਲਗਦਾ ਹੈ ਤੇ ਆਖਦਾ ਹੈ,
"ਤੂੰ ਤਾਂ ਯਾਰ ਹੱਸਦਿਆਂ ਨਾਲ ਲੜਦਾਂ!"
"ਤੂੰ ਵੀ ਹਸਦਾਂ, ਮੈਨੂੰ ਵੀ ਜ਼ਰਾ ਹੱਸ ਲੈਣ ਦੇ, ਇਹ ਤਾਂ ਤੂੰ ਮੈਨੂੰ ਦਸ ਦਿਤਾ ਕਿ ਤੂੰ ਮੇਰਾ ਭਰਾ ਨਹੀ ਇਸ ਲਈ ਸਾਰੀ ਗੱਲ ਮੈਨੂੰ ਸਮਝ ਆ ਗਈ ਨਹੀਂ ਤਾਂ ਮੈਂ ਸੋਚੀ ਜਾਂਦਾ ਸੀ ਕਿ ਭਰਾ ਹੋ ਕੇ ਤੂੰ ਮੇਰੇ ਨਾਲ ਏਡੀ ਵੱਡੀ ਹੇਰਾ ਫੇਰੀ ਕਿਦਾਂ ਕਰ ਸਕਦਾਂ, ਮੈਨੂੰ ਕੋਈ ਹੋਰ ਪਰਾਈਸ ਤੇ ਲੋਕਾਂ ਨੂੰ ਹੋਰ, ਇਹ ਅੱਜ ਤੂੰ ਮੈਨੂੰ ਦਸ ਚਲਿਆਂ ਕਿ ਤੂੰ ਮੇਰਾ ਭਰਾ ਈ ਨਹੀਂ, ਹੁਣ ਮੈਨੂੰ ਤੇਰੀ ਵੱਧ ਪਰਾਈਸ ਕਰਕੇ ਕੋਈ ਹਿਰਖ ਨਹੀਂ।"

ਅਸ਼ੋਕ ਉਠ ਖੜਦਾ ਹੈ ਤੇ ਉੱਚੀ ਅਵਾਜ਼ ਵਿਚ ਆਖਦਾ ਹੈ,
"ਓ ਰੋਹਨ, ਤੇਰਾ ਡੈਡੀ ਸ਼ਰਾਬੀ ਹੋ ਗਿਆ ਓਏ! ਇਹਨੂੰ ਹੁਣ ਸੁਲਾ ਦੇ ਹੁਣ।"

ਵਿਜੈ ਚੁੱਪ ਹੋ ਜਾਂਦਾ ਹੈ ਪਰ ਉਸ ਨੂੰ ਖੁਸ਼ੀ ਹੈ ਕਿ ਅਸ਼ੋਕ ਦੀ ਬੋਲਤੀ ਬੰਦ ਕਰਾ ਦਿਤੀ ਹੈ। ਉਸ ਨੂੰ ਆਪਣੇ ਆਪ 'ਤੇ ਯਕੀਨ ਹੀ ਨਹੀਂ ਹੈ ਕਿ ਉਹ ਇੰਨੀਆਂ ਗੱਲਾਂ ਕਰ ਜਾਵੇਗਾ। ਅਸ਼ੋਕ ਆਪਣੇ ਕਮਰੇ ਵਿਚ ਜਾ ਕੇ ਸੌਂ ਜਾਂਦਾ ਹੈ। ਤਾਏ ਵਾਲਾ ਉਪਰਲਾ ਕਮਰਾ ਹੁਣ ਅਸ਼ੋਕ ਕੋਲ ਹੈ। ਵਿਜੈ ਬੈਠਾ ਇਸ ਗੱਲ ਬਾਤ ਬਾਰੇ ਸੋਚਦਾ ਰਹਿੰਦਾ ਹੈ। ਉਹ ਇਹ ਵੀ ਸੋਚਦਾ ਹੈ ਕਿ ਸ਼ੁਕਰ ਹੈ ਕਿ ਸੁਸ਼ਮਾ ਦਵਾਈ ਖਾ ਕੇ ਸੌਂ ਗਈ ਸੀ ਨਹੀਂ ਤਾਂ ਇਹ ਸਾਰੀ ਗੱਲਬਾਤ ਉਸ ਨੇ ਵੀ ਸੁਣ ਲੈਣੀ ਸੀ।

ਅਸ਼ੋਕ ਸਵੇਰ ਉਠਦਾ ਹੈ ਇਵੇਂ ਵਰਤਦਾ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਵਿਜੈ ਵੀ ਕੋਈ ਜ਼ਿਕਰ ਨਹੀਂ ਕਰਦਾ ਪਰ ਅੰਦਰੋਂ ਉਹ ਛਿਲਿਆ ਪਿਆ ਹੈ। ਅਸ਼ੋਕ ਹੱਸਦਾ ਖੇਡਦਾ ਫਿਰ ਰਿਹਾ ਹੈ। ਉਹ ਆਪਣੇ ਵਾਪਸ ਜਾਣ ਦੀਆਂ ਗੱਲਾਂ ਕਰ ਰਿਹਾ ਹੈ। ਉਸ ਦਾ ਪਿੱਛੇ ਕੰਮ ਖਰਾਬ ਹੋ ਰਿਹਾ ਹੈ। ਉਹ ਵਾਪਸ ਜਾਣ ਲਈ ਸੀਟ ਬੁੱਕ ਕਰਾ ਲੈਂਦਾ ਹੈ। ਇਕ ਦਿਨ ਜਦ ਵਿਜੈ ਤਾਏ ਦਾ ਕੰਬੋਡ ਖਾਲੀ ਕਰਨ ਲਗਦਾ ਹੈ ਤਾਂ ਉਹ ਅਸ਼ੋਕ ਨੂੰ ਅਵਾਜ਼ ਮਾਰ ਲੈਂਦਾ ਹੈ ਤੇ ਹੌਲੇ ਜਿਹੇ ਉਸ ਦੇ ਕੰਨ ਵਿਚ ਆਖਦਾ ਹੈ,
"ਆਹ ਦੇਖ, ਮੈਂ ਆਪਣੇ ਪਿਓ ਨੂੰ ਏਦਾਂ ਸਾਂਭਦਾਂ!"
"ਪਰ੍ਹੇ ਰੱਖ ਯਾਰ ਏਸ ਮੁਸ਼ਕ ਨੂੰ! ਤੂੰ ਤਾਂ ਸੱਚੀਂ ਲੜਨ ਨੂੰ ਫਿਰਦਾਂ!"

ਅਸ਼ੋਕ ਦੇ ਵਾਪਸ ਜਾਣ ਦੀ ਤਰੀਕ ਆ ਜਾਂਦੀ ਹੈ। ਵਿਜੈ ਉਸ ਨੂੰ ਛੱਡਣ ਏਅਰ ਪੋਰਟ ਤੇ ਜਾਂਦਾ ਹੈ। ਜਦ ਅਸ਼ੋਕ ਹੱਥ ਮਿਲਾ ਕੇ ਅੰਦਰ ਜਾਣ ਲਗਦਾ ਹੈ ਤਾਂ ਉਹ ਵਿਜੈ ਨੂੰ ਆਖਦਾ ਹੈ,
"ਦੇਖ ਬਈ, ਜੋ ਵੀ ਹੋਵੇ ਪਰ ਮੇਰਾ ਤਾਏ ਦੀ ਹਰ ਚੀਜ਼ ਵਿਚ ਅੱਧ ਐ।"

ਵਿਜੈ ਗੁਣਗੁਣਾਉਣ ਲਗਦਾ ਹੈ;

'ਨੀ ਕਦੇ ਆ ਬਨੇਰੇ ਤੇ, ਰੇਸ਼ਮੀ ਡੁਪੱਟੇ ਵਾਲੀਏ, ਦਿਲ ਡੁੱਲ੍ਹ ਗਿਆ ਤੇਰੇ ਤੇ'।...

## ਪੱਚਵੰਜਾ

ਵਿਜੈ ਦੀ ਉਹੀ ਬਹੁਤ ਹੀ ਰੁਝੀ ਹੋਈ ਰੁਟੀਨ ਹੈ; ਸਵੇਰੇ ਵੇਲੇ ਸਿਰ ਉਠ ਕੇ ਤਾਏ ਨੂੰ ਚਾਹ ਬਣਾ ਕੇ ਦੇਣੀ। ਉਸ ਦਾ ਪਿਸ਼ਾਬ ਡੋਹਲਣਾ। ਜੇ ਟੁਆਇਲਟ ਦੀ ਹਾਜ਼ਤ ਹੋਵੇ ਤਾਂ ਲੈ ਜਾਣਾ, ਬੱਚਿਆਂ ਨੂੰ ਜਗਾ ਕੇ ਸਕੂਲ ਜਾਣ ਲਈ ਤਿਆਰ ਹੋਣ ਵਿਚ ਮੱਦਦ ਕਰਨੀ। ਸੁਸ਼ਮਾ ਨੂੰ ਦਵਾਈ ਦੇਣੀ। ਜੇ ਵਕਤ ਹੋਵੇ ਤਾਂ ਕੰਮ ਲਈ ਨਿਕਲ ਜਾਣਾ। ਦੁਪਿਹਰ ਨੂੰ ਤਾਏ ਨੂੰ ਤੇ ਸੁਸ਼ਮਾ ਦੀ ਰੋਟੀ ਦਾ ਧਿਆਨ ਰੱਖਣਾ। ਮਾਲ ਦੇਣ ਲਈ ਚਲੇ ਜਾਣਾ। ਜਾਂ ਆਰਡਰ ਜਾਂ ਨਵੇਂ ਗਾਹਕ ਲੱਭਣ ਨਿਕਲ ਜਾਣਾ। ਵਾਪਸ ਘਰ ਆ ਕੇ ਬੱਚਿਆਂ ਨੂੰ ਹੋਮ ਵਰਕ ਵਿਚ ਮੱਦਦ ਕਰਨੀ। ਤਾਏ ਨੂੰ ਦੁੱਧ ਗਰਮ ਕਰ ਕੇ ਦੇਣਾ। ਸੁਸ਼ਮਾ ਦੀ ਦਵਾਈ ਦਾ ਧਿਆਨ ਰੱਖਣਾ। ਸੌਣ ਤੋਂ ਪਹਿਲਾਂ ਤਾਏ ਨਾਲ ਗੱਲਾਂ ਕਰਨੀਆਂ। ਇਸ ਸਭ ਵਿਚ ਕਈ ਵਾਰ ਉਹ ਆਪਣੀ ਦਵਾਈ ਖਾਣੀ ਭੁੱਲ ਜਾਂਦਾ। ਕਦੇ ਵਕਤ ਲਗੇ ਤਾਂ ਭਾਗੀ ਦੇ ਘਰ ਜਾ ਕੇ ਬੀਅਰ ਪੀ ਆਉਂਦਾ ਹੈ। ਉਸ ਨਾਲ ਦਿਲ ਦੀਆਂ ਕੁਝ ਗੱਲਾਂ ਕਰ ਆਇਆ ਕਰਦਾ ਹੈ। ਕਦੇ ਕਦਾਈਂ ਹੁਸ਼ਿਆਰ ਨਾਲ ਪੱਬ ਵਿਚ ਬੈਠ ਕੇ ਗਲਾਸ ਵੀ ਪੀ ਲੈਂਦਾ ਹੈ। ਕੁਝ ਵੀ ਹੋਵੇ ਹਰ ਸ਼ਨਿਚਰਵਾਰ ਉ ਚਾਰ ਘੰਟੇ ਮੰਦਿਰ ਜਾ ਲੋਕਾਂ ਦੀ ਮੱਦਦ ਕਰਨ ਵਿਚ ਨਾਗਾ ਨਹੀਂ ਪਾਉਂਦਾ।

ਇਕ ਨਵੀਂ ਸਿਰਦਰਦੀ ਹੋਰ ਉਸ ਦੇ ਸਾਹਮਣੇ ਆ ਖੜਦੀ ਹੈ। ਰੋਹਨ ਨੂੰ ਸਕੂਲ ਆਉਂਦੇ-ਜਾਂਦੇ ਕੁਝ ਨਸਲਵਾਦੀ ਗੋਰੇ ਮੁੰਡੇ ਬੁਲੀ ਕਰਨ ਲਗਦੇ ਹਨ। ਰੋਹਨ ਆਪਣੇ ਨਾਲ ਕੋਈ ਵੀ ਵਧੀਕੀ ਸਹਿ ਸਕਦਾ ਹੈ ਪਰ ਆਪਣੇ ਬੱਚਿਆਂ ਨਾਲ ਨਹੀਂ। ਉਹ ਹੈਡਮਾਸਟਰ ਨੂੰ ਮਿਲਦਾ ਹੈ ਪਰ ਹੈਡਮਾਸਟਰ ਬਹੁਤਾ ਕੁਝ ਨਹੀਂ ਕਰ ਸਕਦਾ ਕਿਉਂਕਿ ਇਹ ਘਟਨਾ ਸਕੂਲ ਤੋਂ ਬਾਹਰ ਦੀ ਹੈ। ਹੈਡਮਾਸਟਰ ਦੀ ਜ਼ਿੰਮੇਵਾਰੀ ਸਕੂਲ ਦੇ ਵਿਚ ਵਿਚ ਦੀ ਹੀ ਹੈ। ਵਿਜੈ ਪੁਲੀਸ ਨੂੰ ਮਿਲਦਾ ਹੈ ਪਰ ਪੁਲੀਸ ਵੀ ਘੱਟ ਉਮਰ ਦੇ ਮੁੰਡਿਆਂ ਦੇ ਖਿਲਾਫ ਕੁਝ ਨਹੀਂ ਕਰਦੀ। ਹੁਣ ਉਹ ਆਪ ਦੋਨਾਂ ਬੱਚਿਆਂ ਨੂੰ ਸਕੂਲ ਛੱਡਣ ਜਾਂਦਾ ਹੈ ਤੇ ਲੈਣ ਵੀ ਜਾਂਦਾ ਹੈ।

ਇਕ ਦਿਨ ਉਹ ਸੀ-ਫਰੰਟ ਮੂਹਰ ਦੀ ਨਿਕਲਦਾ ਹੈ ਤਾਂ ਦੇਖਦਾ ਹੈ ਕਿ ਭਾਗੀ ਦੇ ਨਾਲ ਇਕ ਬੰਦਾ ਹੈ। ਉਹ ਕਾਰ ਹੌਲੀ ਕਰਕੇ ਇਕ ਪਾਸੇ ਖੜੀ ਕਰ ਲੈਂਦਾ ਹੈ ਤੇ ਪੱਛਾਨਣ ਲਗਦਾ ਹੈ ਕਿ ਇਹ ਕੌਣ ਹੋਇਆ। ਇਸ ਨੂੰ ਪਹਿਲਾਂ ਉਸ ਨੇ ਕਦੇ ਨਹੀਂ ਦੇਖਿਆ। ਇਹ ਬੰਦਾ ਵਰਦਿੰਗ ਦਾ ਵੀ ਨਹੀਂ ਹੈ। ਵਰਦਿੰਗ ਦੇ ਲੋਕ ਤਾਂ ਇਕ ਦੂਜੇ ਨੂੰ ਪੱਛਾਣਦੇ ਹੀ ਹਨ। ਉਸ ਨੂੰ ਗੁੱਸਾ ਚੜਨ ਲਗਦਾ ਹੈ। ਭਾਗੀ ਇਹ ਕਿਵੇਂ ਕਰ ਸਕਦੀ ਹੈ। ਇਵੇਂ ਬੰਦੇ ਨਾਲ ਕਿਵੇਂ ਘੁੰਮ ਸਕਦੀ ਹੈ ਉਹ ਵੀ ਸ਼ਰੇਆਮ। ਉਸ ਨੂੰ ਆਪਣੀਆਂ ਜਵਾਨ ਕੁੜੀਆਂ ਦਾ ਖਿਆਲ ਨਹੀਂ ਹੈ। ਉਸ ਨੂੰ ਵਿਜੈ ਦਾ ਵੀ ਖਿਆਲ ਨਹੀਂ ਹੈ। ਫਿਰ ਉਸ ਦੇ ਮਨ ਵਿਚ ਆਉਂਦਾ ਹੈ ਕਿ ਉਹ ਉਸ ਦਾ ਖਿਆਲ ਕਿਉਂ ਕਰਨ ਲਗੀ। ਉਹਨਾਂ ਦਾ ਰਿਸ਼ਤਾ ਹੀ ਕੀ ਹੈ। ਠੀਕ ਹੈ ਉਹਨਾਂ ਵਿਚ ਨੇੜਤਾ ਹੈ ਪਰ ਕੋਈ ਰਿਸ਼ਤਾ ਤਾਂ ਨਹੀਂ ਹੈ ਨਾ। ਵੈਸੇ ਕੋਈ ਨਾ ਕੋਈ ਰਿਸ਼ਤਾ ਤਾਂ ਹੈ। ਅਸ਼ੋਕ ਐਵੇਂ ਤਾਂ ਨਹੀਂ ਐਡਾ ਵੱਡਾ ਮਿਹਣਾ ਮਾਰ ਗਿਆ, ਕੋਈ ਗੱਲ ਤਾਂ ਹੈ। ਇਹ ਈਰਖਾ ਵੀ ਇਸੇ ਗੱਲ ਵਿਚੋਂ ਨਿਕਲੀ ਹੈ। ਉਹ ਭਾਗੀ ਤੇ ਉਸ ਬੰਦੇ ਵਲ ਦੇਖਦਾ ਜਾਂਦਾ ਹੈ। ਉਹ ਤੁਰਦੇ ਹੋਏ ਪੀਅਰ ਵਲ ਜਾਂਦੇ ਹਨ ਤੇ ਅਲੋਪ ਹੋ ਜਾਂਦੇ ਹਨ। ਉਹ ਕਾਰ ਭਜਾ ਲੈਂਦਾ ਹੈ। ਉਸ ਨੂੰ ਗੁੱਸਾ ਚੜਦਾ ਜਾ ਰਿਹਾ ਹੈ।

ਉਹ ਸ਼ਾਮ ਨੂੰ ਭਾਗੀ ਨੂੰ ਫੋਨ ਕਰਦਾ ਹੈ, ਹਿਰਖ ਜਿਹੇ ਵਿਚ ਆਖਦਾ ਹੈ,

"ਕੰਗਰੇਚੂਲੇਸ਼ਨ! ਆਖਰ ਬੁਆਏ ਫਰਿੰਡ ਮਿਲ ਗਿਆ!"

"ਵਿਜੇ, ਕਿਹੜਾ ਬੁਆਏ ਫਰਿੰਡ ਮਿਲ ਗਿਆ?"

"ਅਜ ਜਿਹਦੇ ਨਾਲ ਸੀ-ਫਰੰਟ ਤੇ ਫਿਰਦੀ ਸੀ ਤੂੰ।"

"ਅੱਛਾ! ਤੂੰ ਜੈਲਸੀ ਕਰ ਗਿਆਂ?"

"ਮੈਂ ਜੈਲਸੀ ਕਾਹਨੂੰ ਕਰਨੀ ਆਂ।"

"ਅੱਗ ਤਾਂ ਲਗੀ ਆ ਕਿਤੇ ਨਾ ਕਿਤੇ, ਆਹ ਮੁਸ਼ਕ ਐਵੇਂ ਤਾਂ ਨਹੀਂ ਆ ਰਿਹਾ! ਆ ਜਾਹ, ਜੇ ਵਿਹਲਾਂ ਤਾਂ ਆਜਾ, ਐਵੇਂ ਗਰਮੀ ਖਾ ਕੇ ਮਰ ਨਾ ਜਾਵੀਂ ਉਹ ਲੰਡਨ ਤੋਂ ਮੇਰੀ ਮਾਸੀ ਦਾ ਮੁੰਡਾ ਸੀ, ਉਸੇ ਮਾਸੀ ਦਾ ਜਿਹਨੇ ਮੇਰਾ ਰਿਸ਼ਤਾ ਕਰਵਾਇਆ ਸੀ ਤੇ ਏਸ ਨਰਕ ਵਿਚ ਸੁੱਟਿਆ ਸੀ।"

ਵਿਜੈ ਸੁੱਖ ਦਾ ਸਾਹ ਲੈਂਦਾ ਹੈ ਤੇ ਉਸੇ ਵੇਲੇ ਭਾਗੀ ਦੇ ਘਰ ਨੂੰ ਚਲੇ ਜਾਂਦਾ ਹੈ। ਉਸ ਨੂੰ ਸ਼ੱਕ ਕਰਨ ਕਰਕੇ ਕੁਝ ਪਛਤਾਵਾ ਵੀ ਹੈ। ਭਾਗੀ ਕਹਿਣ ਲਗਦੀ ਹੈ,

"ਵਿਜੈ, ਤੇਰੀ ਪਰੋਬਲਮ ਆਂ ਕਿ ਤੂੰ ਮਨ ਦੀ ਗੱਲ ਖੁਲ੍ਹ ਕੇ ਨਹੀਂ ਆਖਦਾ। ਕਹਿ ਦੇਹ ਤੇਰੇ ਮਨ ਵਿਚ ਜੋ ਹੈ।"

"ਭਾਗੀ, ਮੇਰੇ ਮਨ ਵਿਚ ਕੁਸ਼ ਨਹੀਂ। ਮੈਨੂੰ ਤਾਂ ਅਗੇ ਅਸ਼ੋਕ ਮਿਹਣਾ ਮਾਰ ਗਿਆ ਕਿ ਤੇਰੇ ਤੇ ਭਾਗੀ ਵਿਚ ਕੁਸ਼ ਹੈ।"

"ਗਲਤ ਤਾਂ ਨਹੀਂ ਕਹਿੰਦਾ ਉਹ।"

ਕਹਿੰਦੀ ਹੋਈ ਭਾਗੀ ਉਸ ਦੇ ਨੇੜੇ ਨੂੰ ਢੁਕਦੀ ਹੈ ਤੇ ਉਸ ਦਾ ਹੱਥ ਫੜ ਲੈਂਦੀ ਹੈ। ਵਿਜੈ ਆਖਦਾ ਹੈ,

"ਛੱਡ ਭਾਗੀ, ਇੰਨਾ ਚਿਰ ਨਿਕਲ ਗਿਆ...।"

ਉਸੇ ਵਕਤ ਦਰਵਾਜ਼ਾ ਖੁਲ੍ਹਣ ਦੀ ਅਵਾਜ਼ ਆਉਂਦੀ ਹੈ। ਵੱਡੀ ਕੁੜੀ ਕੰਮ ਤੋਂ ਵਾਪਸ ਆਈ ਹੈ। ਭਾਗੀ ਹੌਲੇ ਜਿਹੇ ਬੋਲਦੀ ਹੈ,

"ਮਾੜੀ ਕਿਸਮਤ!"

ਕਹਿ ਕੇ ਉਹ ਹੱਸਣ ਲਗਦੀ ਹੈ। ਵਿਜੈ ਵੀ ਮੁਸਕ੍ਰਾਉਂਦਾ ਹੈ।...

ਭਾਗੀ ਦੀ ਹੁਣ ਸੁਸ਼ਮਾ ਨਾਲ ਕੁਝ ਕੁ ਬਣਨ ਲਗ ਪਈ ਹੈ। ਤਾਏ ਦੀ ਖਬਰ ਲੈਣ ਜਾਵੇ ਤਾਂ ਉਹ ਸੁਸ਼ਮਾ ਦੀ ਬਾਂਹ ਦੀ ਮਾਲਸ਼ ਕਰਨ ਲਗਦੀ ਹੈ ਕਦੇ ਸਿਰ ਨੂੰ ਤੇਲ ਲਾ ਕੇ ਝੱਸ ਵੀ ਦਿੰਦੀ ਹੈ। ਇਕ ਦਿਨ ਉਹ ਸੁਸ਼ਮਾ ਦੀ ਬਾਂਹ ਮਲ਼ ਰਹੀ ਹੈ। ਉਹ ਵਿਜੈ ਦੀ ਤਰੀਫ ਕਰਦੀ ਹੋਈ ਕਹਿਣ ਲਗਦੀ ਹੈ,

"ਜਿੰਨੀ ਸੇਵਾ ਵਿਜੈ ਕਰਦਾ ਆਪਣੇ ਤਾਏ ਦੀ ਇੰਨੀ ਕੋਈ ਨਹੀਂ ਕਰ ਸਕਦਾ।"

"ਮੈਂ ਵੀ ਚਾਹੁੰਨੀ ਆਂ ਕਿ ਆਪਣੇ ਪੇਰਿੰਟਸ ਦੀ ਏਦਾਂ ਈ ਸੇਵਾ ਕਰਾਂ।"

ਭਾਗੀ ਇਸ ਆਸ ਨਾਲ ਗੱਲ ਸ਼ੁਰੂ ਕਰਦੀ ਹੈ ਕਿ ਸੁਸ਼ਮਾ ਵੀ ਵਿਜੈ ਦੀ ਤਰੀਫ ਕਰੇਗੀ ਪਰ ਉਹ ਨਹੀਂ ਕਰਦੀ। ਭਾਗੀ ਫਿਰ ਘੁਮਾ ਕੇ ਗੱਲ ਕਰਦੀ ਹੈ,

"ਤਾਇਆ ਕਹਿੰਦਾ ਕਿ ਏਦਾਂ ਦਾ ਸਰਬਣ ਪੁੱਤਰ ਘਰ ਘਰ ਜੰਮੇ!"

"ਘਰ ਘਰ ਸਰਬਣ ਈ ਹੁੰਦੇ ਆ ਬਸ ਕਈ ਵਾਰ ਮੌਕਾ ਨਹੀਂ ਲਗਦਾ।"

ਭਾਗੀ ਨੂੰ ਗੁੱਸਾ ਆਉਣ ਲਗਦਾ ਹੈ। ਉਸ ਦੇ ਕੰਨ ਵਿਜੈ ਦੀ ਉਸਤੁਤ ਸੁਣਨਾ ਚਾਹੁੰਦੇ ਹਨ। ਭਾਗੀ ਫਿਰ ਆਖਦੀ ਹੈ,

"ਜਿਹੜਾ ਉਹ ਮੰਦਰ ਜਾਂਦਾ ਲੋਕਾਂ ਦੇ ਕੰਮ ਕਰਨ ਲਈ, ਇਹਦੇ ਕਰਕੇ ਵੀ ਉਹਦੀ ਬਹੁਤ ਸ਼ੋਭਾ ਹੁੰਦੀ ਆ।"

"ਲੋਕਾਂ ਨੂੰ ਕੀ ਐ, ਉਹਨਾਂ ਨੂੰ ਤਾਂ ਕੋਈ ਮੁਫਤ ਵਿਚ ਕੰਮ ਕਰਨ ਵਾਲਾ ਚਾਹੀਦਾ, ਇਹ ਹਰ ਸ਼ਨੀਵਾਰ ਆਪਣਾ ਸਭ ਕੁਝ ਛੱਡ ਕੇ ਮੰਦਿਰ ਚਲੇ ਜਾਂਦੇ ਆ।"

"ਤੁਹਾਨੂੰ ਨਹੀਂ ਚੰਗਾ ਲਗਦਾ ਜਦ ਕੋਈ ਤੁਹਾਡੇ ਪਤੀ ਦੀ ਵਡਿਆਈ ਕਰਦਾ?"

"ਨਹੀਂ, ਮੈਨੂੰ ਨਹੀਂ ਚੰਗਾ ਲਗਦਾ, ਪਤੀ ਮੇਰਾ ਤੇ ਕੋਈ ਹੋਰ ਵਡਿਆਈ ਕਿਉਂ ਕਰੇ।"

ਸੁਸ਼ਮਾ ਕਹਿੰਦੀ ਹੈ। ਭਾਗੀ ਉਸ ਦੀ ਬਾਂਹ ਇਵੇਂ ਪਰੇ ਸੁੱਟ ਦਿੰਦੀ ਹੈ ਜਿਵੇਂ ਇਹ ਕੋਈ ਚੀਜ਼ ਹੋਵੇ। ਸੁਸ਼ਮਾ ਉਸ ਵਲ ਕੈਹਰੀ ਅੱਖ ਨਾਲ ਦੇਖਦੀ ਹੈ। ਭਾਗੀ ਕੁਝ ਕਹੇ ਬਿਨਾਂ ਤਾਏ ਦੇ ਕਮਰੇ ਵਿਚ ਚਲੇ ਜਾਂਦੀ ਹੈ।...

ਤਾਏ ਦੀ ਸਿਹਤ ਹਾਲੇ ਵੀ ਉਵੇਂ ਦੀ ਉਵੇਂ ਹੈ। ਕੋਈ ਵੀ ਸੁਧਾਰ ਨਹੀਂ ਹੋ ਰਿਹਾ। ਵਿਜੈ ਉਸ ਨੂੰ ਜਬਰਦਸਤੀ ਹਸਪਤਾਲ ਲੈ ਜਾਂਦਾ ਹੈ ਪਰ ਉਹ ਤਿੰਨ ਕੁ ਹਫਤੇ ਰਹਿ ਕੇ ਮੁੜ ਆਉਂਦਾ ਹੈ। ਤਾਇਆ ਕਹਿੰਦਾ ਹੈ,

"ਨਰਸਾਂ ਬਹੁਤ ਗਲਤ ਟਰੀਟ ਕਰਦੀਆਂ, ਨਾਲ਼ੇ ਮੈਨੂੰ ਕੋਈ ਬਿਮਾਰੀ ਤਾਂ ਹੈ ਨਹੀਂ। ਮੈਂ ਘਰ ਈ ਠੀਕ ਆਂ।"

ਹੁਣ ਤਾਏ ਨੂੰ ਦੇਖਣ ਨਰਸਾਂ ਦੋ ਵੇਲੇ ਆਉਣ ਲਗੀਆਂ ਹਨ। ਇਕ ਸਵੇਰੇ ਤੇ ਇਕ ਸ਼ਾਮ। ਉਸ ਨੂੰ ਬਿਸਤਰ ਵੀ ਅਜਿਹਾ ਦੇ ਦਿਤਾ ਜਾਂਦਾ ਹੈ ਜਿਸ ਨੂੰ ਬਿਜਲੀ ਨਾਲ ਹੇਠ ਉਤੇ ਕੀਤਾ ਜਾ ਸਕਦਾ ਹੈ। ਇਕ ਕਰੇਨ ਜਿਹੀ ਵੀ ਹੈ ਜਿਸ ਨਾਲ ਤਾਏ ਨੂੰ ਉਠਾ ਕੇ ਵੀਅਲ ਚੇਅਰ ਤੇ ਬਿਠਾਇਆ ਜਾ ਸਕਦਾ ਹੈ। ਹੋਰ ਵੀ ਕੁਝ ਸਹੂਲਤਾਂ ਹਨ ਪਰ ਤਾਏ ਨੂੰ ਟੁਆਇਲਟ ਫਿਰ ਵੀ ਉਸੇ ਵਕਤ ਆਉਂਦੀ ਹੈ ਜਦੋਂ ਇਹ ਨਰਸਾਂ ਚਲੇ ਜਾਣ। ਇਸ ਦੀ ਸਫਾਈ ਵਿਜੈ ਨੂੰ ਹੀ ਕਰਨੀ ਪੈਂਦੀ ਹੈ।

ਇਕ ਦਿਨ ਤਾਇਆ ਵਿਜੈ ਨੂੰ ਕਹਿੰਦਾ ਹੈ,

"ਤੂੰ ਇਕ ਅਜਿਹਾ ਅਕਾਊਂਟ ਖੁਲਵਾ ਜਿਹੜਾ ਆਪਣਾ ਸਾਂਝਾ ਹੋਵੇ, ਮਗਰੋਂ ਔਖਾ ਹੁੰਦਾ ਫਿਰੇਂਗਾ।"

"ਨਹੀਂ ਤਾਇਆ, ਮੈਨੂੰ ਕੁਸ਼ ਨਹੀਂ ਚਾਹੀਦਾ, ਇਹ ਸਭ ਦੀਪਕ ਦਾ ਐ, ਅਸ਼ੋਕ ਪਹਿਲਾਂ ਈ ਮਹਿਣੇ ਮਾਰਦਾ ਗਿਆ।"

"ਦੀਪਕ ਦਾ ਤਾਂ ਹੁਣ ਪਤਾ ਨਹੀਂ, ਉਹਦੇ ਲਈ ਤਾਂ ਮੈਂ ਪਹਿਲਾਂ ਈ ਮਰਿਆ ਹੋਇਆਂ, ਅਸ਼ੋਕ ਤਾਂ ਮੇਰੇ ਕੋਲ ਦਸ ਮਿੰਟ ਨਹੀਂ ਸੀ ਬੈਠ ਸਕਦਾ, ਉਹ ਕੌਣ ਹੁੰਦਾ ਮਿਹਣੇ ਮਾਰਨ ਵਾਲਾ। ਮੇਰੇ ਕੋਲ਼ ਜੋ ਵੀ ਆ ਇਹਦੇ ਤੇ ਤੇਰਾ ਹੱਕ ਆ, ਸਿਰਫ ਤੇਰਾ।"

ਵਿਜੈ ਤਾਏ ਦਾ ਹੱਥ ਆਪਣੇ ਹੱਥ ਵਿਚ ਲੈਂਦਾ ਹੈ ਤੇ ਕਹਿੰਦਾ ਹੈ,

"ਤਾਇਆ, ਮੈਨੂੰ ਇਕ ਗੱਲ ਦਸ, ਸੱਚ ਬੋਲੀਂ।"

"ਵਿਜੇ, ਮੈਂ ਅਗੇ ਤੇਰੇ ਤੋਂ ਕੁਸ਼ ਲੁਕੋਇਆ?"

"ਤਾਇਆ, ਸਾਰੀ ਦੁਨੀਆਂ ਕਹਿ ਰਹੀ ਐ, ਅਸ਼ੋਕ ਵੀ ਕਹਿ ਗਿਆ ਹੁਣ ਤਾਂ ਕਿ ਮੈਂ ਤੇਰਾ ਪੁੱਤ ਆਂ, ਕੀ ਇਹ ਸੱਚ ਐ?"

ਤਾਇਆ ਇਕ ਵਾਰ ਅੱਖ ਭਰ ਕੇ ਉਸ ਵਲ ਦੇਖਦਾ ਹੈ ਤੇ ਫਿਰ ਦੂਜੇ ਪਾਸੇ ਮੂੰਹ ਕਰਦਾ ਤੇ ਵਿਜੈ ਦਾ ਹੱਥ ਘੁਟਦਾ ਆਖਦਾ ਹੈ,

"ਪੁੱਤਰਾ, ਇਹ ਦੁਨੀਆਂ ਬਹੁਤ ਖਰਾਬ ਹੁੰਦੀ ਐ, ਆਪਣੀਆਂ ਤਕਲੀਫਾਂ ਦਾ ਬਦਲਾ ਲੈਣ ਲਈ ਇਹ ਤੁਹਾਨੂੰ ਤਕਲੀਫ ਦਿੰਦੀ ਐ।"

"ਤਾਇਆ, ਕੁਸ਼ ਲਕੋਂਦਾ ਤਾਂ ਨਹੀਂ?"

"ਤੇਰੀ ਮਾਂ ਦੇਵੀ ਔਰਤ ਐ ਤੇ ਸ਼ਾਮ ਲਾਲ ਬਿਲਕੁਲ ਨਿਕੰਮਾ ਸੀ, ...ਲੋਕਾਂ ਨੂੰ ਤਾਂ ਗੱਲ ਕਰਨ ਦਾ...!"

ਗੱਲ ਕਰਦੇ ਤਾਏ ਦੀ ਆਵਾਜ਼ ਡੁੱਬਣ ਲਗਦੀ ਹੈ। ਵਿਜੈ ਨੂੰ ਫਿਕਰ ਪੈ ਜਾਂਦਾ ਹੈ। ਉਹ ਹਾਕਾਂ ਮਾਰਨ ਲਗਦਾ ਹੈ,

"ਤਾਇਆ, ਤਾਇਆ! ...ਤੂੰ ਠੀਕ ਤਾਂ ਹੈਂ?"

"ਹਾਂ, ਪੁੱਤ, ਪਾਣੀ ਦੇ ਜ਼ਰਾ।"

ਹੌਲੇ ਜਿਹੇ ਆਖਦਾ ਤਾਇਆ ਛਾਤੀ ਫੜ ਲੈਂਦਾ ਹੈ। ਵਿਜੈ ਉਸ ਨੂੰ ਪਾਣੀ ਪਿਲਾਉਂਦਾ ਹੈ ਤੇ ਡਾਕਟਰ ਨੂੰ ਫੋਨ ਕਰ ਦਿੰਦਾ ਹੈ। ਡਾਕਟਰ ਆ ਕੇ ਤਾਏ ਨੂੰ ਚੈੱਕ ਕਰ ਕੇ ਦਵਾਈ ਦੇ ਜਾਂਦਾ ਹੈ ਤੇ ਕਹਿ ਜਾਂਦਾ ਹੈ ਕਿ ਉਸ ਨੂੰ ਆਰਾਮ ਕਰਨ ਦਿਓ ਤੇ ਜੇ ਮੁੜ ਕੇ ਅਜਿਹੀ ਗੱਲ ਹੋਈ ਤਾਂ ਇਕ ਦਮ ਐਂਬੂਲੈਂਸ ਨੂੰ ਫੋਨ ਕਰ ਦਿਓ। ਵਿਜੈ ਮਨ ਹੀ ਮਨ ਕਹਿੰਦਾ ਹੈ, 'ਪਤਾ ਨਹੀਂ ਤਾਇਆ ਤੂੰ ਕੀ ਕਹਿਣਾ ਚਾਹ ਰਿਹਾਂ ਪਰ ਤੇਰੀ ਵਿਰਾਸਤ ਦਾ ਮੈਂ ਇਕੱਲਾ ਵਾਰਸ ਬਣਾਂਗਾ, ਕਿਸੇ ਨੂੰ ਹੱਥ ਤਕ ਨਹੀਂ ਲਾਉਣ ਦੇਵਾਂਗਾ।'...

ਇਕ ਦਿਨ ਉਹ ਕੰਮ ਤੋਂ ਵਾਪਸ ਆਉਂਦਾ ਹੈ ਤਾਂ ਦੇਖਦਾ ਹੈ ਕਿ ਸੁਸ਼ਮਾ ਬਹੁਤ ਖੁਸ਼ ਫਿਰ ਰਹੀ ਹੈ। ਉਹ ਹੈਰਾਨ ਹੁੰਦਾ ਪੁੱਛਦਾ ਹੈ,

"ਕੋਈ ਖਜ਼ਾਨਾ ਹੱਥ ਲਗ ਗਿਆ?"

"ਨਹੀਂ, ਇਕ ਖਬਰ ਐ, ਜਿਸ ਨੇ ਮੇਰੀ ਰੂਹ ਸ਼ਰਾਸ਼ਰ ਕਰ ਦਿਤੀ ਐ।"

"ਮੈਨੂੰ ਵੀ ਦੱਸ ਜ਼ਰਾ, ਮੇਰੀ ਵੀ ਰੂਹ ਖੁਸ਼ ਹੋ ਜਾਵੇ।"
"ਨਹੀਂ ਸ਼ਰਮਾ ਜੀ, ਤੁਹਾਡੀ ਰੂਹ ਖੁਸ਼ ਨਹੀਂ ਹੋਣ ਲਗੀ, ਤੁਹਾਡੇ ਬਾਰਾਂ ਵੱਜ ਜਾਣਗੇ!"
"ਅੱਛਾ! ਏਦਾਂ ਦੀ ਕਿਹੜੀ ਖਬਰ ਹੋਈ?"
"ਪਿਤਾ ਜੀ ਤੇ ਭਾਈ ਜੀ ਆ ਰਹੇ ਆ ਜਲਦੀ ਈ, ਪੱਕੇ ਤੌਰ ਤੇ, ਤੇ ਰਹਿਣਗੇ ਵੀ ਸਾਡੇ ਵਿਚ।"

## ਛਪੰਜਾ

ਸੁਸ਼ਮਾ ਦੀ ਅਵਾਜ਼ ਨਾਲ ਉਸ ਦੀ ਨੀਂਦ ਖੁਲ੍ਹ ਜਾਂਦੀ ਹੈ। ਉਹ ਉਸ ਦੇ ਕਮਰੇ ਵਲ ਭੱਜਦਾ ਹੈ। ਉਹ ਬਿਸਤਰ ਤੋਂ ਹੇਠਾਂ ਡਿਗੀ ਪਈ ਹੈ। ਪਹਿਲਾਂ ਵੀ ਕਈ ਵਾਰ ਇਵੇਂ ਹੋ ਜਾਂਦਾ ਹੈ। ਕਾਹਲੀ ਵਿਚ ਉਠਣ ਲਗਦੀ ਹੈ ਤਾਂ ਡਿਗਣ ਦਾ ਡਰ ਬਣਿਆਂ ਰਹਿੰਦਾ ਹੈ। ਹਾਲੇ ਵੀ ਖੱਬੇ ਪਾਸੇ ਦੀ ਮਹਿਸੂਸਣਾ ਬਹੁਤ ਘੱਟ ਹੈ। ਵੈਸੇ ਤਾਂ ਖੱਬੀ ਲੱਤ ਭਾਰ ਝੱਲ ਲੈਂਦੀ ਹੈ ਪਰ ਜੇ ਕਿਤੇ ਕਾਹਲੀ ਕਰ ਜਾਵੇ ਤਾਂ ਗੜਬੜ ਹੋ ਜਾਂਦੀ ਹੈ। ਹੁਣ ਵੀ ਉਹ ਉਠਣ ਦੀ ਕੋਸ਼ਿਸ਼ ਵਿਚ ਹੀ ਡਿਗ ਪੈਂਦੀ ਹੈ। ਵਿਜੈ ਉਸ ਨੂੰ ਚੁੱਕ ਕੇ ਬੈੱਡ ਤੇ ਬਿਠਾਉਂਦਾ ਹੈ। ਉਸ ਨੂੰ ਚੁੱਕਣ ਵਿਚ ਵਿਜੈ ਨੂੰ ਕਾਫੀ ਮੁਸ਼ਕਲ ਪੇਸ਼ ਆਉਂਦੀ ਹੈ ਕਿਉਂਕਿ ਸੁਸ਼ਮਾ ਦਾ ਭਾਰ ਹੁਣ ਬਹੁਤ ਹੈ। ਉਸ ਦੇ ਕਪੜੇ ਠੀਕ ਕਰਦਾ ਕਹਿੰਦਾ ਹੈ,
"ਤੈਨੂੰ ਕਿੰਨੀ ਵਾਰ ਕਿਹਾ ਕਿ ਮੈਨੂੰ ਹਾਕ ਮਾਰ ਦਿਆ ਕਰ।"
"ਮੈਂ ਕਿਹਾ ਕਿ ਕੀ ਜਗਾਉਣਾਂ, ਹੁਣ ਮੈਨੂੰ ਬਾਥਰੂਮ ਤਕ ਲੈ ਚਲੋ।"

ਵਿਜੈ ਉਸ ਦਾ ਹੱਥ ਫੜ ਕੇ ਬਾਥਰੂਮ ਵਿਚ ਛੱਡ ਆਉਂਦਾ ਹੈ ਤੇ ਆਖਦਾ ਹੈ,
"ਕਾਹਲੀ ਨਾ ਕਰੀਂ, ਮੈਨੂੰ ਹਾਕ ਮਾਰ ਦੇਵੀਂ।"

ਉਹ ਆਪਣੇ ਕਮਰੇ ਵਿਚ ਬੈਠ ਕੇ ਉਸ ਦੇ ਬਾਹਰ ਆਉਣ ਦਾ ਇੰਤਜ਼ਾਰ ਕਰਨ ਲਗਦਾ ਹੈ। ਉਹ ਬਾਹਰ ਆ ਕੇ ਕਹਿੰਦੀ ਹੈ,
"ਸ਼ਰਮਾ ਜੀ, ਦਰਦ ਨਾਲ ਸਿਰ ਫਟ ਰਿਹੈ, ਜ਼ਰਾ ਦਬਾ ਦਿਓ।"

ਉਹ ਪੰਜ ਕੁ ਮਿੰਟ ਲਈ ਉਸ ਦਾ ਸਿਰ ਦਬਾਉਂਦਾ ਹੈ। ਉਸ ਨੂੰ ਪਤਾ ਹੈ ਜਦ ਉਸ ਦਾ ਸਿਰ ਦੁਖਦਾ ਹੈ ਤਾਂ ਬਹੁਤ ਸਖਤ ਚਟਾਕਾ ਪੈਣ ਲਗਦਾ ਹੈ। ਓਧਰ ਤਾਇਆ ਹਾਕਾਂ ਮਾਰ ਰਿਹਾ ਹੈ। ਉਹ ਪੁੱਛਣਾ ਚਾਹੁੰਦਾ ਹੈ ਕਿ ਕੀ ਹੋਇਆ। ਕੁਝ ਦੇਰ ਬਾਅਦ ਉਹ ਸੁਸ਼ਮਾ ਨੂੰ ਚਾਹ ਦਾ ਕੱਪ ਬਣਾ ਕੇ ਲਿਆ ਦਿੰਦਾ ਹੈ। ਤੜਕੇ ਦੇ ਦੋ ਵੱਜ ਚੁੱਕੇ ਹਨ। ਉਹ ਮੁੜ ਹੇਠਾਂ ਆ ਜਾਂਦਾ ਹੈ। ਹੁਣ ਉਸ ਨੂੰ ਨੀਂਦ ਨਹੀਂ ਆਵੇਗੀ। ਉਹ ਕਿਸੇ ਕਿਸਮ ਦੀ ਤਕਲੀਫ ਨਹੀਂ ਮੰਨਦਾ, ਨਾ ਤਾਂ ਤਾਏ ਨੂੰ ਸੰਭਾਲਣ ਦੀ ਤੇ ਨਾ ਹੀ ਸੁਸ਼ਮਾ ਦੀ ਦੇਖਭਾਲ ਕਰਨ ਦੀ ਪਰ ਉਸ ਲਈ ਉਨੀਂਦਾ ਕੱਟਣਾ ਮੁਸ਼ਕਲ ਹੋ ਜਾਂਦਾ ਹੈ। ਜੇ ਉਸ ਦੀ ਨੀਂਦ ਪੂਰੀ ਨਾ ਹੋਵੇ ਤਾਂ ਉਸ ਦਾ ਬਲੱਡ ਪਰੈਸ਼ਰ ਵਧਣ ਲਗਦਾ ਹੈ। ਬਲੱਡ ਪਰੈਸ਼ਰ ਦੇ ਵਧਣ ਨਾਲ ਕਈ ਹੋਰ ਡਰ ਪੈਦਾ ਹੋਣ ਲਗਦੇ ਹਨ। ਉਹ ਸੈਟੀ ਤੇ ਬੈਠ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿਸੇ ਨੇ ਕੁਝ ਕਿਹਾ ਹੈ। ਉਹ ਆਲਾ ਦੁਆਲਾ ਦੇਖਦਾ ਹੈ ਤੇ ਫਿਰ ਹੱਸਣ ਲਗਦਾ ਹੈ। ਉਸ ਨੂੰ ਹੁਸ਼ਿਆਰ ਦੀ ਅਵਾਜ਼ ਦਾ ਭਾਉਲਾ ਪੈਂਦਾ ਹੈ। ਅਜ ਸ਼ਾਮੀਂ ਹੀ ਉਸ ਨਾਲ ਉਹ ਪੱਬ ਵਿਚ ਕਿੰਨੀਆਂ ਹੀ ਗੱਲਾਂ ਕਰ ਕੇ ਆਇਆ ਹੈ। ਹੁਣ ਉਹ ਅਕਸਰ ਹੁਸ਼ਿਆਰ ਨਾਲ ਪੱਬ ਚਲੇ ਜਾਇਆ ਕਰਦਾ ਹੈ। ਹੁਸ਼ਿਆਰ ਉਸ ਨੂੰ ਕਹਿਣ ਲਗਦਾ ਹੈ,
"ਸ਼ਰਮਿਆਂ, ਕਦੇ ਸ਼ੀਸ਼ਾ ਦੇਖਿਆ?"
"ਕਿਉਂ, ਕੀ ਗੱਲ ਹੋ ਗਈ?"
"ਜਦੋਂ ਸ਼ੀਸ਼ਾ ਦੇਖਦਾਂ ਤਾਂ ਤੈਨੂੰ ਲਗਦਾ ਨਹੀਂ ਕਿ ਇਹ ਉਹ ਵਿਜੇ ਨਹੀਂ ਜਿਹੜਾ ਹਰ ਵੇਲੇ ਚਹਿਕਦਾ ਫਿਰਦਾ ਹੁੰਦਾ ਸੀ। ਜਿਹਦੇ ਵਿਚ ਲੋਹੜੇ ਦੀ ਅਨਰਜੀ ਹੁੰਦੀ ਸੀ, ਕਦੇ ਨਹੀਂ ਸੀ ਥਕਦਾ ਤੇ ਹੁਣ ਤੂੰ ਤੁਰਦਾਂ ਬੁਢੇ ਬੌਲਦ ਵਾਂਗੂੰ!"
"ਭਾਅ, ਉਮਰ ਉਮਰ ਦੀ ਗੱਲ ਹੁੰਦੀ ਐ।"
"ਉਮਰ ਨੂੰ ਤੇਰੀ ਉਮਰ ਕਿੰਨੀ ਕੁ ਹੋ ਗਈ ਕਿਤੇ, ਮੇਰੇ ਤੋਂ ਤੂੰ ਬਹੁਤ ਛੋਟਾਂ, ਮੇਰੇ ਵਲ ਦੇਖ, ਮੈਂ ਘੋੜੇ ਵਰਗਾਂ।"
"ਭਾਅ, ਹੁਣ ਮੈਂ ਕੀ ਕਰਾਂ, ਆਪਣੇ ਫਰਜ਼ ਤਾਂ ਨਿਭਾਉਣੇ ਈ ਪੈਣੇ ਆਂ।"
"ਫਰਜ਼ ਵੀ ਨਿਭਾ ਪਰ ਬਿਮਾਰਾਂ ਨਾਲ ਬਿਮਾਰ ਨਾ ਹੋ ਜਾਵੀਂ, ਕੁਸ਼ ਟੈਮ ਆਪਣੇ ਆਪ ਨੂੰ ਵੀ ਦੇਹ, ਏਦਾਂ ਕਰ ਜਾਹ ਕਿਤੇ ਹਫਤੇ ਦੀਆਂ ਛੁੱਟੀਆਂ ਕੱਟ ਆ ਤਾਏ ਨੂੰ ਮੈਂ ਸੰਭਾਲ ਲਊਂ ਤੇ ਤੇਰਾ ਕੰਮ ਵੀ।"
"ਭਾਅ, ਇਹ ਏਨਾ ਸੌਖਾ ਨਹੀਂ।"

"ਮੈਨੂੰ ਪਤਾ ਕਿ ਇੰਨਾ ਸੌਖਾ ਨਹੀਂ ਪਰ ਮੈਂ ਇਹ ਸਭ ਕਰ ਲਊਂ, ਤੂੰ ਕੁਝ ਦਿਨ ਇਸ ਦਲਿੱਦਰ 'ਚੋਂ ਦੂਰ ਚਲੇ ਜਾਹ, ਇਹ ਤੈਨੂੰ ਲੈ ਡੁਬੂਗਾ। ਇਸ ਪਰੈੱਸ਼ਰ ਵਿਚੋਂ ਜ਼ਰਾ ਕੁ ਬਾਹਰ ਨਿਕਲ ਨਹੀਂ ਤਾਂ ਤੂੰ ਏਦਾਂ ਈ ਕਿਸੇ ਦਿਨ ਮੂੰਹ ਪਰਨੇ ਡਿਗ ਪੈਣਾਂ ਤੇ ਹੋ ਸਕਦਾ ਤੇਰਾ ਪਟਾਕਾ ਵੀ ਪੈ ਜਾਵੇ।"

ਹੁਸ਼ਿਆਰ ਪਹਿਲਾਂ ਵੀ ਕਈ ਵਾਰ ਅਜਿਹੀਆਂ ਗੱਲਾਂ ਕਰ ਚੁੱਕਾ ਹੈ ਉਸ ਦੀਆਂ ਗੱਲਾਂ ਤਾਂ ਬਹੁਤ ਚੰਗੀਆਂ ਹਨ ਪਰ ਉਹ ਸੋਚਦਾ ਹੈ ਕਿ ਕੀ ਇਹਨਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਵਿਜੈ ਨੂੰ ਲਗਦਾ ਹੈ ਕਿ ਇਹ ਗੱਲਾਂ ਕਹਿਣ ਨੂੰ ਹੀ ਚੰਗੀਆਂ ਲਗਦੀਆਂ ਹਨ। ਉਸ ਨੇ ਬਹਤ ਵਾਰ ਇਹਦੇ ਬਾਰੇ ਦੂਰ ਤਕ ਸੋਚ ਕੇ ਦੇਖਿਆ ਹੈ। ਉਹ ਉਠ ਕੇ ਟੈਲੀ ਲਾ ਲੈਂਦਾ ਹੈ ਪਰ ਉਸ ਦਾ ਧਿਆਨ ਟੈਲੀ ਵਿਚ ਨਹੀਂ ਹੈ। ਮਿਹਰ ਆਖ ਰਿਹਾ ਹੈ,

"ਭਾਈ ਸਾਹਿਬ, ਟੁੱਟ ਜਾਓਗੇ ਕੜੱਕ ਕਰਕੇ, ਕਈ ਬਲੌਂਡੀ ਲੱਭ ਲਓ ਨਹੀਂ ਤਾਂ ਮੈਨੂੰ ਦੱਸੋ, ਹੁਣ ਮੇਰੇ ਪੈਰ ਲਗ ਚੁੱਕੇ ਆ, ਬੜਾ ਕੁਝ ਏ ਮੇਰੇ ਕੋਲ।"

ਤਰ੍ਹਾਂ ਤਰ੍ਹਾਂ ਦੇ ਖਿਆਲ ਮਨ ਵਿਚ ਆ ਜਾ ਰਹੇ ਹਨ। ਇਵੇਂ ਹੀ ਸਵੇਰ ਹੋ ਜਾਂਦੀ ਹੈ। ਉਹ ਉਠ ਕੇ ਤਾਏ ਲਈ ਚਾਹ ਬਣਾਉਂਦਾ ਹੈ। ਇਕ ਕੱਪ ਸੁਸ਼ਮਾ ਲਈ ਵੀ ਲੈ ਜਾਂਦਾ ਹੈ। ਆਮ ਤੌਰ ਤੇ ਸੁਸ਼ਮਾ ਤਿਆਰ ਹੋ ਕੇ ਹੇਠਾਂ ਹੀ ਆ ਜਾਇਆ ਕਰਦੀ ਹੈ ਪਰ ਰਾਤ ਦੀ ਉਸ ਦੀ ਸਿਹਤ ਠੀਕ ਨਹੀਂ ਹੈ, ਇਸ ਲਈ ਉਹ ਉਸ ਨੂੰ ਬਿਸਤਰ ਵਿਚ ਹੀ ਚਾਹ ਦੇ ਆਉਂਦਾ ਹੈ। ਸੁਸ਼ਮਾ ਕਹਿੰਦੀ ਹੈ,

"ਸ਼ਰਮਾ ਜੀ, ਪਹਿਲਾਂ ਪਾਣੀ ਦੇ ਦਿਓ। ਹੇਠੋਂ ਲਿਆ ਕੇ ਦਿਓ, ਇਥੋਂ ਬਾਥਰੂਮ ਵਿਚੋਂ ਨਾ ਦੇ ਦਿਓ।"

"ਇਥੇ ਵੀ ਫਰੈਸ਼ ਵਾਟਰ ਆਉਂਦਾ, ਮੈਂ ਸਿੱਧਾ ਕਰਾਇਆ ਹੋਇਐ।"

"ਪਤਾ ਨਹੀਂ, ਮੈਨੂੰ ਇਹ ਸਵਾਦ ਨਹੀਂ ਲਗਦਾ।"

ਉਹ ਉਸ ਨੂੰ ਪਾਣੀ ਦੇ ਕੇ ਹਟਦਾ ਹੈ ਤਾਂ ਤਾਇਆ ਅਵਾਜ਼ ਮਾਰਦਾ ਹੈ। ਉਸ ਦਾ ਟੈਲੀ ਨਹੀਂ ਚੱਲ ਰਿਹਾ ਤੇ ਉਸ ਕੋਲ ਵੀ ਪਾਣੀ ਮੁਕਿਆ ਹੋਇਆ ਹੈ। ਉਹ ਰੋਹਨ ਤੇ ਵਿਧੀ ਦੇ ਕਪੜੇ ਪਰੈੱਸ ਕਰਨ ਲਗਦਾ ਹੈ। ਵੈਸੇ ਤਾਂ ਹੁਣ ਉਹ ਵੱਡੇ ਹੋ ਗਏ ਹਨ ਪਰ ਉਸ ਨੂੰ ਹਾਲੇ ਵੀ ਉਹਨਾਂ ਦੀ ਇਵੇਂ ਸਹਾਇਤਾ ਕਰਨੀ ਚੰਗੀ ਲਗਦੀ ਹੈ। ਅਜਕਲ ਉਸ ਨੇ ਡਾਈਨਿੰਗ ਟੇਬਲ ਨੂੰ ਹੀ ਆਇਰਨ ਟੇਬਲ ਬਣਾਇਆ ਹੋਇਆ ਹੈ। ਬੱਚਿਆਂ ਨੂੰ ਸਕੂਲ ਛੱਡ ਉਹ ਬਰਾਈਟਨ ਚਲੇ ਜਾਂਦਾ ਹੈ। ਇਕ ਕਲਾਇੰਟ ਨੂੰ ਵਕਤ ਦਿਤਾ ਹੋਇਆ ਹੈ। ਉਸ ਨੂੰ ਨਵੇਂ ਬਣੇ ਸਵਾਮੀ ਨਰਾਇਣ ਮੰਦਿਰ ਦੇ ਪਰਧਾਨ ਦਾ ਫੋਨ ਆਉਂਦਾ ਹੈ। ਉਹਨਾਂ ਨੇ ਕੋਈ ਕੰਮ ਕਰਵਾਉਣਾ ਹੈ। ਪਹਿਲਾਂ ਵੀ ਉਸ ਨੇ ਉਹਨਾਂ ਦੇ ਕਾਫੀ ਸਾਰੇ ਲੀਫਲੈਟਸ ਛਾਪੇ ਹਨ। ਬਰਾਈਟਨ ਤੋਂ ਸਿੱਧਾ ਉਹ ਸਵਾਮੀ ਨਰਾਇਣ ਮੰਦਿਰ ਜਾ ਪੁੱਜਦਾ ਹੈ। ਮੰਦਿਰ ਵਿਚ ਕਿੰਨੇ ਹੀ ਜੋੜੇ ਤੁਰੇ ਫਿਰਦੇ ਦਿਸਦੇ ਹਨ। ਉਸ ਨੂੰ ਆਪਣਾ ਆਪ ਬਹੁਤ ਇਕੱਲਾ ਜਾਪਣ ਲਗਦਾ ਹੈ। ਉਸ ਦਾ ਬਹੁਤ ਸਾਰੇ ਕਾਰੋਬਾਰਾਂ ਨਾਲ ਵਾਹ ਪੈਂਦਾ ਰਹਿੰਦਾ ਹੈ। ਉਹ ਦੇਖਦਾ ਕਿ ਕਿਵੇਂ ਪਤੀ ਪਤਨੀ ਮੋਢ੍ਹੇ ਨਾਲ ਮੋਢ੍ਹਾ ਜੋੜ ਕੇ ਕੰਮ ਨੂੰ ਜੁੱਟੇ ਹੋਏ ਹਨ, ਉਸ ਦੇ ਮਨ ਵਿਚ ਇਕ ਝੂਰ ਜਿਹੀ ਪੈਦਾ ਹੋਣ ਲਗਦੀ ਹੈ। ਉਹ ਮੰਦਿਰ ਦੇ ਪਰਧਾਨ ਨਾਲ ਹਾਲੇ ਗੱਲ ਕਰ ਹੀ ਰਿਹਾ ਹੈ ਕਿ ਘਰੋਂ ਚੰਨੀ ਦਾ ਫੋਨ ਆ ਜਾਂਦਾ ਹੈ, ਉਹ ਕਹਿ ਰਹੀ ਹੈ,

"ਭਾਜੀ, ਜਲਦੀ ਆਓ, ਦੇਖੋ ਭੈਣ ਜੀ ਨੂੰ ਕੁਸ਼ ਹੋ ਗਿਆ।"

"ਕੀ ਹੋਇਆ?"

"ਲਗਦਾ ਦੁਬਾਰਾ ਅਟੈਕ ਹੋ ਗਿਆ।"

ਉਹ ਘਰ ਵਲ ਕਾਰ ਦੌੜਾ ਲੈ ਲੈਂਦਾ ਹੈ। ਸੁਸ਼ਮਾ ਹੁਣ ਕੁਝ ਠੀਕ ਹੈ। ਤਾਇਆ ਅਵਾਜ਼ ਦਿੰਦਾ ਹੈ। ਉਹ ਜਾਂਦਾ ਹੈ ਤਾਂ ਤਾਇਆ ਆਖਦਾ ਹੈ,

"ਕੰਬੋਡ ਸਾਫ ਕਰਨ ਵਾਲਾ ਬਈ, ਤੂੰ ਸਵੇਰੇ ਪਿਸ਼ਾਬ ਡੋਲ੍ਹਣਾਂ ਵੀ ਭੁੱਲ ਗਿਆਂ, ਨਾਲੇ ਮੇਰਾ ਬੈੱਡ ਉੱਚਾ ਕਰਦੇ।"

ਉਹ ਕੰਬੋਡ ਸਾਫ ਕਰਕੇ ਤੇ ਤਾਏ ਦੇ ਬੈੱਡ ਦੀ ਢੋਅ ਉੱਚੀ ਕਰ ਦਿੰਦਾ ਹੈ ਤਾਂ ਉਹ ਬੈਠ ਸਕੇ। ਉਹ ਸੁਸ਼ਮਾ ਨੂੰ ਦੇਖਦਾ ਹੈ। ਉਸ ਦੀ ਸਿਹਤ ਠੀਕ ਨਹੀਂ ਲਗਦੀ। ਉਹ ਉਸ ਨੂੰ ਹਸਪਤਾਲ ਲੈ ਜਾਂਦਾ ਹੈ। ਡਾਕਟਰ ਉਸ ਨੂੰ ਚੈੱਕ ਕਰਦਾ ਹੈ ਤੇ ਇਕ ਦਵਾਈ ਬਦਲਦਾ ਹੋਇਆ ਆਖਦਾ ਹੈ,

"ਲਗਦੈ ਕਿ ਤੁਸੀਂ ਇਸ ਦਾ ਪੂਰਾ ਧਿਆਨ ਨਹੀਂ ਰੱਖਦੇ ਕਿਉਂਕਿ ਇਹਨੂੰ ਵਕਤ ਸਿਰ ਦਵਾਈ ਨਹੀਂ ਦਿਤੀ ਗਈ ਇਸ ਕਰਕੇ ਇਹਦੀ ਇਹ ਹਾਲਤ ਹੋ ਗਈ, ਅਸੀਂ ਇਸ ਦੀ ਡੋਜ਼ ਵਧਾ ਦਿਤੀ ਐ, ਤੁਹਾਡੇ ਡਾਕਟਰ ਨੂੰ ਵੀ ਲਿਖ ਦਿਤੈ, ਤੁਸੀਂ ਇਸ ਦੀ ਦਵਾਈ ਦਾ ਧਿਆਨ ਰੱਖਿਓ ਤੇ ਇਸ ਨੂੰ ਇਕੱਲੀ ਨਾ ਛੱਡਿਓ।"

ਉਹ ਸੁਸ਼ਮਾ ਨੂੰ ਘਰ ਲੈ ਆਉਂਦਾ ਹੈ। ਇਕ ਸੈਟੀ ਤੇ ਉਸ ਨੂੰ ਬੈਠਾ ਦਿੰਦਾ ਹੈ। ਤਾਇਆ ਉਸ ਨੂੰ ਅਵਾਜ਼ ਦਿੰਦਾ ਹੈ। ਉਸ ਨੂੰ ਦਰਦ ਦੀ ਗੋਲੀ ਚਾਹੀਦੀ ਹੈ। ਉਹ ਘੜੀ ਦੇਖਦਾ ਹੈ, ਬੱਚਿਆਂ ਨੂੰ ਸਕੂਲ ਤੋਂ ਲੈਣ ਜਾਣ ਦਾ ਸਮਾਂ ਵੀ ਹੋ ਰਿਹਾ ਹੈ। ਉਸ ਨੇ ਹਾਲੇ ਮਾਲ ਦੀ ਬਿਲਟੀ ਵੀ ਛਡਾਉਣੀ ਹੈ। ਸਿਕੰਦਰ ਰੈਸਟੋਰੈਂਟ ਦਾ ਆਰਡਰ ਈਮੇਲ ਵੀ ਕਰਨਾ ਹੈ, ਚਾਈਨੀਜ਼ ਵਾਲੇ ਦਾ

ਆਰਡਰ ਤਿਆਰ ਹੈ ਉਹ ਦੇਣ ਜਾਣਾ ਹੈ। ਭਾਗੀ ਦੀ ਕੁੜੀ ਬਿਮਾਰ ਹੈ, ਉਸ ਨੂੰ ਵੀ ਦੇਖਣ ਜਾਣਾ ਹੈ। ਤਾਏ ਨੂੰ ਅਜ ਹਾਲੇ ਹਾਜਤ ਵੀ ਨਹੀਂ ਹੋਈ।

ਉਹ ਤਾਏ ਨੂੰ ਗੋਲੀ ਦੇ ਕੇ ਇਕ ਵਾਰ ਸੁਸ਼ਮਾ ਨੂੰ ਦੇਖਦਾ ਹੈ ਤੇ ਕੰਪਿਊਟਰ ਰੂਮ ਵਿਚ ਕੁਰਸੀ 'ਤੇ ਬੈਠ ਜਾਂਦਾ ਹੈ। ਉਸ ਦੇ ਕੰਨ ਗਰਮ ਹੋ ਰਹੇ ਹਨ। ਉਸ ਦੀਆਂ ਅੱਖਾਂ ਵਿਚੋਂ ਸੇਕ ਨਿਕਲ ਰਿਹਾ ਹੈ। ਛਾਤੀ ਦੇ ਵਿਚਕਾਰ ਹਲਕਾ ਜਿਹਾ ਦਰਦ ਹੋ ਰਿਹਾ ਹੈ। ਖੱਬੀ ਵੱਖੀ ਵੀ ਗਰਮ ਹੋ ਰਹੀ ਹੈ, ਇਕ ਤਿਤਲੀ ਜਿਹੀ ਉਡਦੀ ਮਹਿਸੂਸ ਹੋਣ ਲਗਦੀ ਹੈ। ਇਵੇਂ ਕਈ ਵਾਰ ਹੋਣ ਲਗਦਾ ਹੈ। ਡਾਕਟਰ ਕਹਿੰਦਾ ਹੈ ਕਿ ਅਜਿਹਾ ਹੋਵੇ ਤਾਂ ਅੱਖਾਂ ਮੀਟ ਕੇ ਕੁਰਸੀ ਨੂੰ ਢੋਅ ਲਾ ਕੇ ਬੈਠ ਜਾਇਆ ਕਰ। ਉਹ ਕੁਰਸੀ ਦੀ ਢੋਅ 'ਤੇ ਲੰਮਾ ਜਿਹਾ ਪੈਂਦਾ ਗਾਉਣ ਲਗਦਾ ਹੈ;

'ਯੇ ਵਾਦੀਆਂ ਯੇ ਫਿਜ਼ਾਏਂ, ਬੁਲਾ ਰਹੀ ਹੈਂ ਹਮੇਂ',...

(ਸਮਾਪਤ)